# ਨਾਕਾਬਿਲੇ ਫ਼ਰਾਮੋਸ਼

ਦੀਵਾਨ ਸਿੰਘ ਮਫ਼ਤੂਨ

ਨਵਯੁਗ ਪਬਲਿਸ਼ਰਜ਼, ਦਿੱਲੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਨਾਕਾਬਿਲੇ ਫ਼ਰਾਮੋਸ਼

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਨਾਕਾਬਿਲੇ ਫ਼ਰਾਮੋਸ਼

[ਹਿੱਸਾ ਪਹਿਲਾ]

ਦੀਵਾਨ ਸਿੰਘ ਮਫ਼ਤੂਨ
ਐਡੀਟਰ 'ਰਿਆਸਤ'

ਨ ਵ ਯੁਗ ਪ ਬ ਲਿ ਸ਼ ਰ ਜ਼
ਚਾਂਦਨੀ ਚੌਕ, ਦਿੱਲੀ

Digitized by Panjab Digital Library | www.panjabdigilib.org

ਸਾਰੇ ਹਕ ਨਵਯੁਗ ਪਬਲਿਸ਼ਰਜ਼ ਦੇ ਰਾਖਵੇਂ ਹਨ

ਪ੍ਰਕਾਸ਼ਕ :
ਨਵਯੁਗ ਪਬਲਿਸ਼ਰਜ਼,
ਚਾਂਦਨੀ ਚੌਕ, ਦਿੱਲੀ

ਪ੍ਰਿੰਟਰ :
ਨਵਯੁਗ ਪ੍ਰੈਸ,
ਚਾਂਦਨੀ ਚੌਕ, ਦਿੱਲੀ

ਮੁਲ : ੬ ਰੁਪਏ

Digitized by Panjab Digital Library | www.panjabdigilib.org



ਦੀਵਾਨ ਸਿੰਘ ਮਫ਼ਤੂਨ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਲੇਖ ਸੂਚੀ


ਨਾਕਾਬਿਲੇ ਫ਼ਰਾਮੋਸ਼ ਦਾ ਪੰਜਾਬੀ (ਗੁਰਮੁਖੀ) ਐਡੀਸ਼ਨ ੧੧

ਭੂਮਿਕਾ ੧੪

ਉਰਦੂ ਝੋਲੀ ਵਿਚ ਨਾਕਾਬਿਲੇ ਫ਼ਰਾਮੋਸ਼ ਵਾਧਾ ੧੯
(ਇਨਕਲਾਬੀ ਕਵੀ ਸ੍ਰੀ ਮਾਨ ਜੋਸ਼ ਮਲੀਹਾਬਾਦੀ)

ਨਾਕਾਬਿਲੇ ਫ਼ਰਾਮੋਸ਼ ੨੦
(ਸੁਰਗਵਾਸੀ ਡਾ: ਐਮ. ਡੀ. ਤਾਸੀਰ ਐੱਮ. ਏ., ਪੀ. ਐਚ. ਡੀ.)

ਬਹੁਤ ਚੰਗਾ ਮਿੱਤਰ ਤੇ ਖ਼ਤਰਨਾਕ ਵੈਰੀ ੨੪
(ਹਜ਼ਰਤ ਇਲਾਮਾ ਨਿਆਜ਼ ਫ਼ਤਹਿਪੁਰੀ ਐਡੀਟਰ "ਨਿਗਾਰ" ਲਖਨਊ)

ਸਿਖਿਆਦਾਇਕ ਪੁਸਤਕ ੨੮
(ਡਾ: ਮੌਲਵੀ ਅਬਦੁਲ-ਹੱਕ ਸਾਹਿਬ-ਬਾਨੀ ਅੰਜਮਨ ਤਰੱਕੀ ਉਰਦੂ)

ਨਾਕਾਬਿਲੇ ਫ਼ਰਾਮੋਸ਼ ਵਿਚ ਦਲੇਰੀ ਤੇ ਸਪਸ਼ਟਤਾ ੩੧
(ਹਾਫ਼ਜ਼ ਮੁਹੰਮਦ ਯੂਸਫ਼, ਐਡੀਟਰ 'ਸ਼ਮ੍ਹਾ' ਦਿੱਲੀ)

ਅਤਿ ਚੰਗਾ ਮਿੱਤਰ ਤੇ ਅਤਿ ਭੈੜਾ ਵੈਰੀ ੩੮
(ਜਨਾਬ ਮੁੱਲਾਂ ਵਾਹਦੀ ਸਾਹਿਬ ਐਡੀਟਰ 'ਨਜ਼ਾਮ-ਉਲ-ਮਸ਼ਾਇਖ਼' ਕਰਾਚੀ)

ਅਮਰ ਪੁਸਤਕ ੩੯
(ਹਜ਼ਰਤ ਮੌਲਾਨਾ ਅਬਦੁਲ ਰਜ਼ਾਕ ਸਾਹਿਬ, ਮਲੀਹਾਬਾਦੀ)

ਇਕ ਉੱਤਮ ਸ੍ਵੈ-ਜੀਵਨੀ ੪੦
(ਡਾ: ਮੋਹਨ ਸਿੰਘ ਦੀਵਾਨਾ ਐਮ. ਏ., ਪੀ ਐਚ. ਡੀ., ਡੀ. ਲਿਟ. ਹੈੱਡ ਆਫ਼ ਪੰਜਾਬੀ ਡੀਪਾਰਟਮੈਂਟ ਪੰਜਾਬ ਯੂਨੀਵਰਸਿਟੀ)

ਅਮਲੀ ਜੀਵਨ ਦੇ ਝਲਕਾਰੇ ੪੪
(ਡਾ: ਮ: ਹਫ਼ੀਜ਼ ਸੱਯਦ ਐਮ. ਏ., ਪੀ ਐਚ. ਡੀ. ਮੈਂਬਰ ਬ੍ਰਿਟਿਸ਼ ਇਨਸਟੀਚਯੂਸ਼ਨ ਆਫ਼ ਫ਼ਿਲਾਸਫ਼ੀ ਲੰਦਨ)

ਜੀ ਆਇਆਂ ਨੂੰ ੪੭
(ਸ੍ਰੀ ਮਾਨ ਪੰਡਤ ਹਰੀ ਚੰਦ ਸਾਹਿਬ ਅਖ਼ਤਰ)

ਰੋਚਕ-ਲੁਭਾਉਣੀ ਤੇ ਲਾਭਦਾਇਕ ੫੧
(ਸ੍ਰੀ ਮਾਨ ਗੋਪਾਲ ਮਿਤਲ ਸੰਪਾਦਕ 'ਤਹਿਰੀਕ' ਦਿੱਲੀ)




Digitized by Panjab Digital Library | www.panjabdigilib.org

ਪੰਜਾਬ ਦੀ ਤੀਸਰੀ ਕਰਾਮਾਤ ੫੭
(ਪ੍ਰੋਫ਼ੈਸਰ ਗੁਲਾਮ ਅਹਿਮਦ ਸਾਹਿਬ ਫ਼ਰਕਤ ਕਾਕੋਰਵੀ ਐਮ. ਏ.)
ਸੱਚੀ ਕਹਾਣੀ ੬੨
(ਜਨਾਬ ਅਰਸ਼ ਮਲਸਿਆਨੀ ਐਡੀਟਰ "ਆਜ ਕਲ" ਦਿੱਲੀ)
ਕੰਮ ਨਾਲ ਪਿਆਰ ੬੫
ਵੇਸ਼ਵਾਆਂ ਨਾਲ ਘਿਰਨਾ ੬੬
ਸ੍ਵੈ-ਮਾਨ ਦਾ ਜੀਵਨ ੬੭
ਵਿਸ਼ਵਾਸਘਾਤ ਅਪਰਾਧ ਹੈ ੬੮
ਮਿਹਨਤ ਦੀ ਆਦਤ ੭੦
ਫ਼ਤਹਿਯਾਬੀ ਲਈ ਤਗੜੇ ਕਦਮ ਦੀ ਲੋੜ ੭੨
ਖ਼ਬਰਾਂ ਪ੍ਰਾਪਤ ਕਰਨ ਵਿਚ ਮੁਸ਼ਕਲਾਂ ੭੮
ਕੰਮ ਕਰੋ ਰੁਪਏ ਦੀ ਘਾਟ ਨਹੀਂ ੮੩
ਆਚਰਨ ਦਾ ਵੈਰੀਆਂ ਤੇ ਵੀ ਅਸਰ ਹੁੰਦਾ ਹੈ ੮੭
ਚੰਗੇ ਮਨੁਖ ਆਪਣੇ ਦੇਸ਼ ਵਾਸੀਆਂ ਲਈ ਮਾਨ ਦਾ ਕਾਰਨ ੯੩
ਅਸੀਸ ਅਤੇ ਬਦ ਅਸੀਸ ਦਾ ਅਸਰ ੯੪
ਮਾਂ ਦੀ ਮਮਤਾ ੯੬
ਮਿਹਨਤ ਅਤੇ ਸਫ਼ਲਤਾ ੧੦੨
ਰਿਆਸਤਾਂ ਦੇ ਰਾਜਿਆਂ ਦੀ ਬਦਲੇ ਦੀ ਭਾਵਨਾ ੧੦੭
ਅੰਗਰੇਜ਼ਾਂ ਦਾ ਆਚਰਨ ੧੧੭
ਮਹਾਰਾਜਾ ਨਾਭਾ ਦੀ ਨਜ਼ਰਬੰਦੀ ੧੨੪
ਰੁਪਏ ਨਾਲ ਪਿਆਰ ਨਾ ਕਰੋ ੧੨੬
ਰਾਜਨੀਤਕ ਜੁਰਮਾਂ ਦਾ ਦੰਡ-ਬੇ-ਅਰਥ ੧੨੭
ਉਪਕਾਰ ਕਰਨਾ ਅਤੇ ਉਪਕਾਰ ਜਤਾਉਣਾ ੧੩੩
ਖ਼ਬਰਾਂ ਪ੍ਰਾਪਤ ਕਰਨ ਵਿਚ ਔਖਿਆਈਆਂ ੧੩੫
ਇਕ ਪਾਗ਼ਲ ਦੀ 'ਰਿਆਸਤ' ਨੂੰ ਸਹਾਇਤਾ ੧੪੩
ਜਨਤਕ ਜੀਵਨ ਅਤੇ ਵਿਆਹ ੧੪੭
ਐਡੀਟਰ ਰਿਆਸਤ ਤੇ ਚੋਰੀ ਦਾ ਮੁਕੱਦਮਾ ੧੫੦
ਐਡੀਟਰ ਰਿਆਸਤ ਤੇ ਕੋਕੀਨ ਦਾ ਮੁਕੱਦਮਾ ੧੬੦
ਇਸਤ੍ਰੀ ਅਤੇ ਸ਼ਿੰਗਾਰ ੧੬੪
ਬੇ-ਦਿਲਾ ਨੌਕਰ ਸ਼ਤਰੂ ਤੋਂ ਵੀ ਅਤਿ ਭੈੜਾ ੧੬੭



Digitized by Panjab Digital Library | www.panjabdigilib.org

ਸਰ ਜਾਨ ਥਾਂਪਸਨ ਅਤੇ ਰਾਜੇ ੧੬੯
ਜਰਨਲਿਜ਼ਮ ਦੀ ਚਾਟ ਅਤੇ ਇਸ਼ਕ ੧੭੭
ਮਿੱਤਰਾਂ ਲਈ ਕੁਰਬਾਨੀ ਕਰੋ ੧੮੨
ਐਡੀਟਰ ਰਿਆਸਤ ਦੀ ਅਦਾਲਤੀ ਜੂਏਬਾਜ਼ੀ ੧੯੭
ਗੁਨਾਹਾਂ ਦੀ ਸਜ਼ਾ ੨੦੭
ਰਿਆਸਤਾਂ ਦੇ ਅਨਿਆਂ ਅਤੇ ਅੰਗਰੇਜ਼ ਹਾਕਮ ੨੨੮
ਅਗਰਵਾਲ ਜ਼ਹਿਨੀਅਤ ੨੩੨
ਘ੍ਰਿਣਾ ਅਤੇ ਪ੍ਰੇਮ ਦੇ ਕਾਰਨ ੨੪੨
ਜ਼ਾਤ ਅਤੇ ਸੰਗਤ ਦਾ ਪ੍ਰਭਾਵ ੨੫੪
ਪਰਦਾਦਾਰੀ ਅਤੇ ਸਫ਼ਲਤਾ ੨੬੨
ਰੂਹਾਨੀਅਤ ਦਾ ਤਜਰਬਾ ੨੬੭
ਨਿਰਇੱਛਤ ਅਪਰਾਧ ੨੭੨
'ਰਿਆਸਤ' ਅਤੇ ਅਫ਼ਗਾਨ ਸਰਕਾਰ ੨੭੮
ਜਨਤਕ ਆਵਾਜ਼ ਘਟਨਾਵਾਂ ਦੀਆਂ ਨੀਹਾਂ ਤੇ ੨੮੩
ਐਡੀਟਰ 'ਰਿਆਸਤ' ਦੀ ਨੇਕਚਲਨੀ ਅਤੇ ਬਦਚਲਨੀ ੨੮੭
ਪਤਰਕਾਰ ਪੀੜਤ ਲੋਕਾਂ ਲਈ ੨੯੫
ਗ਼ਲਤ ਪੜਤਾਲ ਅਤੇ ਗ਼ਲਤ ਇਲਾਜ ੩੦੦
ਰਿਆਸਤ ਨਾਭੇ ਦਾ ਅਦਭੁਤ ਬਕਸ ੩੦੫
ਮਾਰਸ਼ਲ-ਲਾਅ ਦਾ ਜ਼ਮਾਨਾ ੩੧੧
ਪੁਲੀਸ ਦੇ ਨਹਿਲੇ ਤੇ ਜਨਤਾ ਦਾ ਦਹਿਲਾ ੩੨੧
ਰਜਵਾੜਿਆਂ ਦੇ ਰਾਜਿਆਂ ਦਾ ਵਕਾਰ ੩੨੬
ਸੁਭਾਵ ਦਾ ਮਨ ਦੀ ਪਕਿਆਈ ਤੇ ਪ੍ਰਭਾਵ ੩੨੯
ਹਰਮਨ ਪਿਆਰਤਾ ਸੰਤੁਸ਼ਟਤਾ ਦਾ ਕਾਰਨ ੩੩੩
ਕਾਨੂੰਨ ਅਤੇ ਕਰਤਬ ਪਾਲਣਾ ੩੪੦
ਖ਼ਾਨਦਾਨੀ ਵਡੱਪਣ ਤੇ ਘੁਮੰਡ ਨਾ ਕਰੋ ੩੫੮

ਅਗੋ ਪੜ੍ਹੋ ਹਿੱਸਾ ਦੂਜਾ



Digitized by Panjab Digital Library | www.panjabdigilib.org

# ਭੇਟਾ

ਪਿਆਰ ਭਰੇ ਹੰਝੂਆਂ ਨਾਲ
ਉਨ੍ਹਾਂ ਦੇ ਚਰਨਾਂ ਵਿਚ !
ਜੋ ਇਸ ਜਹਾਨ ਵਿਚ ਹਨ ਜਾਂ ਦੂਸਰੀ ਦੁਨੀਆਂ
ਵਿਚ ਚਲੇ ਗਏ ਹਨ ਅਤੇ ਜਿਨ੍ਹਾਂ ਦੇ ਪਿਆਰ,
ਖੁਲਾਸੇ ਸੁਭਾ ਤੇ ਨਿੱਘੀ ਮਿਤ੍ਰਤਾ ਦੀ ਯਾਦ ਹੀ
ਮੈਨੂੰ ਹਾਰਦਿਕ ਪ੍ਰਸੰਨਤਾ, ਮੁਕਤੀ ਤੇ ਪਵਿਤ੍ਰਤਾ
ਪ੍ਰਦਾਨ ਕਰਨ ਦਾ ਕਾਰਨ ਸਿਧ ਹੋਈ ।

੧ ਨਵੰਬਰ, ੧੯੫੭ ਦੀਵਾਨ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਨਾਕਾਬਿਲੇ ਫ਼ਰਾਮੋਸ਼ ਦਾ ਪੰਜਾਬੀ ਐਡੀਸ਼ਨ

ਮੈਂ ਪੰਜਾਬ ਵਿਚ ਪੈਦਾ ਹੋਇਆ, ਪੰਜਾਬ ਦੇ ਇਕ ਸਿਖ ਘਰਾਣੇ ਵਿਚ ਮੇਰੀ ਪਰਵਰਿਸ਼ ਹੋਈ। ਬਚਪਨ ਤੇ ਜਵਾਨੀ ਦਾ ਕਾਫ਼ੀ ਸਮਾਂ ਪੰਜਾਬ ਵਿਚ ਬੀਤਿਆ। ਮੇਰੀ ਮਾਤ-ਭਾਸ਼ਾ ਪੰਜਾਬੀ ਹੈ ਤੇ ਸਾਰੇ ਸੰਬੰਧੀ ਤੇ ਨਿਕਟਵਰਤੀ ਪੰਜਾਬੀ ਹਨ। ਪੰਜਾਬੀ ਬੋਲੀ ਦੇ ਨਾਲ ਪੈਦਾਇਸ਼ੀ ਤੇ ਜੀਵਨ ਦੇ ਸੰਬੰਧ ਹੋਣ ਕਾਰਨ ਜਦ ਆਪਣੀ ਪੁਸਤਕ ਨਾਕਾਬਿਲੇ ਫ਼ਰਾਮੋਸ਼ ਦੇ ਪੰਜਾਬੀ (ਗੁਰਮੁਖੀ) ਬੋਲੀ ਵਿਚ ਛਪੇ ਹੋਏ ਇਸ ਪੁਸਤਕ ਦੇ ਫ਼ਰਮੇ ਵੇਖੇ ਤਾਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਨੂੰ ਦੇਖ ਕੇ ਮੈਨੂੰ ਕਿੰਨੀ ਪ੍ਰਸੰਨਤਾ ਤੇ ਹਾਰਦਿਕ ਅਨੰਦ ਪ੍ਰਾਪਤ ਹੋਇਆ ਹੋਵੇਗਾ।

ਉਰਦੂ ਬੋਲੀ ਵਿਚ ਪੁਸਤਕ ਨਾਕਾਬਿਲੇ ਫ਼ਰਾਮੋਸ਼ ੧੯੫੭ ਦੇ ਅਖ਼ੀਰਲੇ ਮਹੀਨਿਆਂ ਵਿਚ ਤਿਆਰ ਹੋਈ। ਇਸ ਪੁਸਤਕ ਦੇ ਛਪਣ ਤੋਂ ਪਹਿਲਾਂ ਮੈਨੂੰ ਇਹ ਤਾਂ ਖ਼ਿਆਲ ਸੀ ਕਿ ਲੋਕੀ ਇਸ ਪੁਸਤਕ ਦੀ ਕਦਰ ਕਰਨਗੇ, ਪਰ ਜੋ ਅਸਧਾਰਨ ਸਫਲਤਾ ਇਸ ਨੂੰ ਪ੍ਰਾਪਤ ਹੋਈ ਹੈ ਮੈਨੂੰ ਉਸ ਦੀ ਆਸ ਨਹੀਂ ਸੀ; ਤੇ ਸ਼ਾਇਦ ਬਹੁਤ ਜ਼ਿਆਦਾ ਪ੍ਰਸਿਧਤਾ ਪ੍ਰਾਪਤ ਕਰਨ ਵਾਲੀਆਂ ਪੁਸਤਕਾਂ ਦੇ ਲੇਖਕਾਂ ਵਿਚੋਂ ਕਿਸੇ ਨੂੰ ਵੀ ਅਜਿਹਾ ਅਨੁਭਵ ਪ੍ਰਾਪਤ ਨਹੀਂ ਹੋਇਆ ਹੋਵੇਗਾ ਕਿਉਂਕਿ ਵਡੇ ਤੋਂ ਵਡੇ ਲੇਖਕਾਂ ਦੀਆਂ ਪੁਸਤਕਾਂ ਦੀ ਛਪਣ ਤੋਂ ਕਾਫ਼ੀ ਦੇਰ ਬਾਦ ਹੀ ਕਦਰ ਕੀਤੀ ਗਈ। ਇਹ ਲੇਖਕ ਉਮਰਾ ਭਰ ਬੇਕਦਰੀ ਦਾ ਸ਼ਿਕਾਰ ਹੋਏ ਤੇ ਇਨ੍ਹਾਂ ਦੀ ਮੌਤ ਤੋਂ ਪਿਛੋਂ ਉਨ੍ਹਾਂ ਦੀਆਂ ਯਾਦਗਾਰਾਂ ਕਾਇਮ ਹੋਈਆਂ। ਇਸੇ ਲਈ ਇਨ੍ਹਾਂ ਲੇਖਕਾਂ ਦੇ ਮਰਨ ਪਿਛੋਂ ਉਨ੍ਹਾਂ ਦੀ ਸੰਸਾਰ-ਵਿਆਪੀ ਕਦਰ ਨੂੰ ਵੇਖ ਕੇ ਹੀ ਬੇਕਦਰ ਹੋਏ ਇਕ ਲੇਖਕ ਨੇ ਲਿਖਿਆ ਸੀ :

"ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ"

ਭਾਵ ਦਿਲ ਚਾਹੁੰਦਾ ਹੈ ਕਿ ਜ਼ਹਿਰ ਖਾ ਕੇ ਮਰ ਜਾਈਏ ਤਾਂ ਜੋ ਮਰਨ ਤੋਂ ਪਿਛੋਂ ਲੋਕ ਕਦਰਦਾਨੀ ਦਾ ਸਬੂਤ ਦੇਣ।

ਭਾਵੇਂ ਪੁਸਤਕ ਨਾਕਾਬਿਲੇ ਫ਼ਰਾਮੋਸ਼ ਦੇ ਛਪਣ ਤੋਂ ਪਹਿਲਾਂ ਮੈਨੂੰ ਆਸ ਨਹੀਂ ਸੀ ਕਿ ਜਨਤਾ ਇਸ ਦੀ ਇੰਨੀ ਕਦਰ ਕਰੇਗੀ, ਪਰ ਕਿਤਾਬ ਛਪਣ ਤੋਂ



Digitized by Panjab Digital Library | www.panjabdigilib.org

ਪਿਛੋਂ ਇਸ ਪੁਸਤਕ ਦੀ ਜੋ ਕਦਰ ਕੀਤੀ ਗਈ ਹੈ, ਇਸ ਦਾ ਅੰਦਾਜ਼ਾ ਹੇਠ ਲਿਖੀਆਂ ਗੱਲਾਂ ਤੋਂ ਲਗਾਇਆ ਜਾ ਸਕਦਾ ਹੈ :

੧. ਕਿਤਾਬ ਦੇ ਛਪਣ ਤੇ ਪੜ੍ਹਨ ਤੋਂ ਪਿਛੋਂ ਸੁਰਗਵਾਸੀ ਮੌਲਾਨਾ ਅਬੁਲ-ਕਲਾਮ ਅਜ਼ਾਦ — ਵਿਦਿਅਕ ਮੰਤਰੀ, ਭਾਰਤ ਸਰਕਾਰ — ਨੇ ਮੈਨੂੰ ਸੁਨੇਹਾ ਭੇਜ ਕੇ ਬੁਲਾਇਆ ਤੇ ਦੇਰ ਤਕ ਇਸ ਦੀ ਪਰਸੰਸਾ ਕਰਨ ਤੋਂ ਪਿਛੋਂ ਆਪ ਨੇ ਭਾਰਤ ਸਰਕਾਰ ਵਲੋਂ ਦੋ ਸੌ ਰੁਪਿਆ ਮੇਰੀ ਮਾਸਿਕ ਪੈਨਸ਼ਨ ਨੀਯਤ ਕੀਤੀ ਜੋ ਇਸ ਪੁਸਤਕ ਕਾਰਨ ਹੋਈ ।

੨. ਇਸ ਪੁਸਤਕ ਦੇ ਪਾਕਿਸਤਾਨ ਵਿਚ ਛਾਪਣ ਦੇ ਹੱਕ ਲਾਹੌਰ ਦੇ ਪ੍ਰਸਿਧ ਰੋਜ਼ਾਨਾ-ਪੱਤਰ "ਨਵਾਏ ਵਕਤ" ਨੇ ਪੰਜ ਹਜ਼ਾਰ ਰੁਪਏ ਦੇ ਕੇ ਖ਼ਰੀਦੇ ਤੇ ਉਰਦੂ ਬੋਲੀ ਵਿਚ ਸ਼ਾਇਦ ਇਹ ਪਹਿਲੀ ਮਿਸਾਲ ਹੈ ਕਿ ਇਕ ਸੀਮਿਤ ਇਲਾਕੇ ਲਈ ਇਕ ਪੁਸਤਕ ਦੀ ਰਾਇਲਟੀ ਪੰਜ ਹਜ਼ਾਰ ਰੁਪਏ ਵਿਚ ਵਿਕੀ ।

੩. ਪੁਸਤਕ 'ਨਾਕਾਬਿਲੇ ਫ਼ਰਾਮੋਸ਼' ਦੀਆਂ ਕਾਫ਼ੀ ਜਿਲਦਾਂ ਭਾਰਤ ਦੀ ਕੇਂਦਰੀ ਸਰਕਾਰ, ਪੰਜਾਬ ਸਰਕਾਰ ਤੇ ਯੂ. ਪੀ. ਸਰਕਾਰ ਨੇ ਆਪਣੀਆਂ ਲਾਇਬ੍ਰੇਰੀਆਂ ਲਈ ਖ਼ਰੀਦੀਆਂ ਤੇ ਕਈ ਲਾਇਬ੍ਰੇਰੀਆਂ ਨੇ ਦਸ ਦਸ ਜਿਲਦਾਂ ਖ਼ਰੀਦੀਆਂ ਕਿਉਂਕਿ ਪਾਠਕਾਂ ਦੀ ਮੰਗ ਜ਼ਿਆਦਾ ਸੀ ਅਤੇ ਇਕ ਦੋ ਜਿਲਦਾਂ ਨਾਲ ਸਭ ਦੀ ਇੱਛਾ ਪੂਰੀ ਨਹੀਂ ਕੀਤੀ ਜਾ ਸਕਦੀ ਸੀ ।

੪. 'ਨਾਕਾਬਿਲੇ ਫ਼ਰਾਮੋਸ਼' ਦੀ ਪਹਿਲੀ ਐਡੀਸ਼ਨ ੧੦ ਰੁਪਏ ਕੀਮਤ ਹੋਣ ਤੇ ਵੀ ਕੁਝ ਮਹੀਨਿਆਂ ਵਿਚ ਹੀ ਖ਼ਤਮ ਹੋ ਗਈ ਅਤੇ ਇਸ ਦੀ ਦੂਸਰੀ ਐਡੀਸ਼ਨ ਛਾਪਣੀ ਪਈ ਜੋ ਇਸ ਦੀ ਸਫਲਤਾ ਦੀ ਬਹੁਤ ਵਡੀ ਦਲੀਲ ਸੀ ।

੫. ਇਸ ਪੁਸਤਕ ਦੀ ਕਈ ਪ੍ਰਾਂਤਾਂ ਦੇ ਗਵਰਨਰਾਂ ਤੇ ਮੁਖ-ਮੰਤਰੀਆਂ ਨੇ ਪ੍ਰਸੰਸਾ ਕੀਤੀ ਤੇ ਆਪਣੀਆਂ ਸਰਕਾਰਾਂ ਨੂੰ ਇਸ ਦੇ ਖ਼ਰੀਦਣ ਦੀ ਪੁਰਜ਼ੋਰ ਸਫ਼ਾਰਸ਼ ਕੀਤੀ ।

੬. ਸ਼ਾਇਦ ਇਹੋ ਇਕ ਪੁਸਤਕ ਹੈ ਜਿਸ ਦੀ ਭੂਮਿਕਾ ਲਿਖਦੇ ਸਮੇਂ ਦੇਸ਼ ਦੇ ਬਹੁਤ ਚੰਗੇ ਤੇ ਚੋਟੀ ਦੇ ਇਕ ਦਰਜਨ ਤੋਂ ਵੀ ਜ਼ਿਆਦਾ ਲਿਖਾਰੀਆਂ ਤੇ ਕਵੀਆਂ ਨੇ ਬਹੁਤ ਪ੍ਰਸੰਸਾ ਕੀਤੀ ।

੭. ਇਸ ਪੁਸਤਕ ਦੇ ਅਨੁਵਾਦ ਰੂਸੀ ਭਾਸ਼ਾ ਦੇ ਰਸਾਲਿਆਂ ਤੇ ਸਮਾਚਾਰ ਪੱਤਰਾਂ ਵਿਚ ਛਾਪਣ ਦੀ ਆਗਿਆ ਮੇਰੇ ਕੋਲੋਂ ਪ੍ਰਾਪਤ ਕਰ ਲਈ ਗਈ ਹੈ ਤੇ ਖ਼ਿਆਲ ਹੈ ਕਿ ਛੇਤੀ ਹੀ ਇਸ ਪੁਸਤਕ ਦਾ ਰੂਸੀ ਰੂਪਾਂਤਰ ਰੂਸੀ ਭਾਸ਼ਾ ਵਿਚ ਪੂਰਨ ਤੌਰ ਤੇ ਛਪ ਜਾਵੇਗਾ ।

ਮੈਂ ਜਨਤਾ ਦੀ ਇਸ ਕਦਰਦਾਨੀ ਦੀ ਮੌਜੂਦਗੀ ਵਿਚ ਸ੍ਰ: ਪ੍ਰੀਤਮ-ਸਿੰਘ



Digitized by Panjab Digital Library | www.panjabdigilib.org

ਮਾਲਕ ਨਵਯੁਗ ਪ੍ਰੈਸ ਦਾ ਦਿਲੋਂ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਦੇ ਪੰਜਾਬੀ (ਗੁਰਮੁਖੀ) ਵਿਚ ਛਾਪਣ ਦੇ ਸਾਰੇ ਹੱਕ ਮੈਥੋਂ ਖ਼ਰੀਦੇ ਹਨ ਤੇ ਇਹ ਪੁਸਤਕ ਹੁਣ ਗੁਰਮੁਖੀ ਅੱਖਰਾਂ ਵਿਚ ਲੋਕਾਂ ਸਾਹਮਣੇ ਆ ਰਹੀ ਹੈ। ਇਸ ਪੁਸਤਕ ਦਾ ਹਿੰਦੀ ਵਿਚ ਵੀ ਅਨੁਵਾਦ ਹੋ ਰਿਹਾ ਹੈ ਤੇ ਮੇਰਾ ਖ਼ਿਆਲ ਹੈ ਕਿ ਕੁਝ ਮਹੀਨਿਆਂ ਵਿਚ ਹੀ ਇਸ ਦਾ ਹਿੰਦੀ ਐਡੀਸ਼ਨ ਵੀ ਛਪ ਜਾਵੇਗਾ ਤੇ ਇਸ ਤੋਂ ਪਿਛੋਂ ਇਹ ਪੁਸਤਕ ਅੰਗਰੇਜ਼ੀ, ਗੁਜਰਾਤੀ, ਬੰਗਾਲੀ, ਮਰਾਠੀ ਤੇ ਤਾਮਿਲ ਵਿਚ ਵੀ ਛਪੇਗੀ ਜਿਸ ਦਾ ਪ੍ਰਬੰਧ ਹੋ ਰਿਹਾ ਹੈ।

ਇਸ ਪੁਸਤਕ ਦੇ ਛਾਪਣ ਦਾ ਅਸਲ ਮੰਤਵ ਜਨਤਕ ਆਚਰਣ ਦੀ ਪੱਧਰ ਨੂੰ ਉੱਚਾ ਕਰਨਾ ਹੈ। ਮੈਂ ਇਸ ਨੂੰ ਆਪਣੇ ਵਡਭਾਗ ਸਮਝਾਂਗਾ ਜੇ ਇਸ ਦੇ ਪੰਜਾਬੀ ਐਡੀਸ਼ਨ ਨੂੰ ਜਨਤਾ ਵਲੋਂ ਗਰਮਜੋਸ਼ੀ ਨਾਲ 'ਜੀ ਆਇਆਂ' ਕਿਹਾ ਜਾਵੇ ਤੇ ਮੇਰੀ ਇਹ ਇੱਛਾ ਹੈ ਕਿ ਇਹ ਪੁਸਤਕ ਪੰਜਾਬ ਦੇ ਹਰ ਘਰ ਤੇ ਲਾਇਬ੍ਰੇਰੀ ਵਿਚ ਪੜ੍ਹੀ ਜਾਵੇ।

੨੭-੧੨-੫੮

# ਭੂਮਿਕਾ

ਦੂਜੇ ਲੋਕਾਂ ਲਈ ਜੇਲ ਸ਼ਾਇਦ ਮੁਸੀਬਤਾਂ ਤੇ ਔਕੜਾਂ ਦਾ ਕਾਰਨ ਹੋਵੇ, ਪਰ ਜੇਲ-ਜੀਵਨ ਮੇਰੇ ਲਈ ਤਾਂ ਸਦਾ ਹੀ ਇਕ ਨਿਆਮਤ ਸਾਬਤ ਹੋਇਆ। ਜੇਲ ਤੋਂ ਬਾਹਰ ਜਿਥੇ ਇਕ ਮਿੰਟ ਲਈ ਵੀ ਵਿਹਲ ਨਹੀਂ ਮਿਲਦੀ ਸੀ, ਮੈਂ ਆਪਣੇ ਭੂਤ, ਵਰਤਮਾਨ ਤੇ ਭਵਿਖ ਸੰਬੰਧੀ ਸੋਚ ਨਹੀਂ ਸਕਦਾ ਸਾਂ ਤੇ ਜਿਥੇ ਆਰਥਿਕ ਔਕੜਾਂ ਸਦਾ ਹੀ ਦਿਮਾਗ਼ ਨੂੰ ਜਕੜੀ ਰਖਦੀਆਂ ਤੇ ਚਿੰਤਾ ਦਾ ਕਾਰਨ ਬਣਦੀਆਂ ਉਥੇ ਜੇਲ ਵਿਚ ਕੋਈ ਕੰਮ ਨਾ ਹੋਣ ਕਾਰਨ ਮੈਨੂੰ ਆਪਣੀ ਅਵਸਥਾ ਤੇ ਵਿਚਾਰ ਕਰਨ ਲਈ ਬਹੁਤ ਸਾਰਾ ਸਮਾਂ ਮਿਲਿਆ ਅਤੇ ਕਿਉਂਕਿ ਉਥੇ ਆਰਥਿਕ ਚਿੰਤਾਆਂ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਏਸ ਲਈ ਮੈਂ ਉਥੇ ਸਦਾ ਹੀ ਇਸ ਯਤਨ ਵਿਚ ਰਿਹਾ ਕਿ ਆਪਣੀ ਅਵਸਥਾ ਤੇ ਗੰਭੀਰਤਾ ਨਾਲ ਵਿਚਾਰ ਕਰਾਂ ਤੇ ਉਥੋਂ ਦੀ ਵਿਹਲ ਦੇ ਸਮੇਂ ਨੂੰ 'ਰਿਆਸਤ' ਤੇ ਜਨਤਾ ਲਈ ਵਧ ਤੋਂ ਵਧ ਲਾਭਦਾਇਕ ਤੇ ਉਪਯੋਗੀ ਬਣਾ ਸਕਾਂ। ਨਵਾਬ ਭੂਪਾਲ ਵਾਲੇ ਮੁਕੱਦਮੇ ਵਿਚ ਜਦ ਮੈਂ ਤਿੰਨ ਮਹੀਨਿਆਂ ਲਈ ਨਾਗਪੁਰ ਜੇਲ ਵਿਚ ਰਿਹਾ ਤਾਂ ਮੈਂ 'ਰਿਆਸਤ' ਦੇ ਵਿਸ਼ੇਸ਼ ਪੰਨਿਆਂ ਲਈ "ਜਜ਼ਬਾਤਿ ਮਸ਼ਰਕ" ਲਈ ਹਿੰਦੀ ਦੇ ਸਰਬੋਤਮ ਕਵੀ ਦਾ ਇੰਨਾ ਅਨੁਵਾਦ ਕਰ ਲਿਆ ਜੋ ਆਉਣ ਵਾਲੇ ਕਈ ਮਹੀਨਿਆਂ ਲਈ ਕਾਫ਼ੀ ਸੀ ਅਤੇ ਰਿਹਾ ਹੁੰਦਿਆਂ ਹੀ ਦਿੱਲੀ ਪਹੁੰਚ ਕੇ ਮੈਂ ਇਸ ਨਵੇਂ ਤੇ ਸਦੀਵੀ ਕਾਲਮ ਨੂੰ ਸ਼ੁਰੂ ਕਰ ਦਿਤਾ। ਅੰਬਾਲਾ ਤੇ ਫ਼ੀਰੋਜ਼ਪੁਰ ਜੇਲ ਵਿਚ ਜਦ ਇਕ ਸਾਲ ਦੇ ਕਰੀਬ ਰਹਿਣ ਦਾ ਸਮਾਂ ਮਿਲਿਆ ਤਾਂ ਮੈਂ ਆਪਣੇ ਦਿਮਾਗ਼ ਤੇ ਜ਼ੋਰ ਦੇ ਕੇ ਆਪਣੇ ਪਿਛਲੇ ਜੀਵਨ ਦੀਆਂ ਘਟਨਾਵਾਂ ਸੰਬੰਧੀ ਨੋਟ ਲਏ ਤੇ ਦਿੱਲੀ ਪੁੱਜਦਿਆਂ ਹੀ ਸਦੀਵੀ ਕਾਲਮ 'ਨਾਕਾਬਿਲੇ ਫ਼ਰਾਮੋਸ਼' ਨੂੰ ਸ਼ੁਰੂ ਕਰ ਕੇ ਹਰ ਹਫ਼ਤੇ ਇਸ ਲਈ ਮਜ਼ਮੂਨ ਲਿਖਣਾ ਸ਼ੁਰੂ ਕਰ ਦਿਤਾ। ਸੋ ਜੇ ਮੈਂ ਜੇਲ ਨਾ ਜਾਂਦਾ ਤਾਂ ਇਹ ਕਾਲਮ ਸ਼ਾਇਦ ਕਦੀ ਵੀ ਸ਼ੁਰੂ ਨਾ ਹੋ ਸਕਦਾ, ਕਿਉਂਕਿ ਜੇਲ ਤੋਂ ਬਾਹਰ ਪਿਛਲੀਆਂ ਘਟਨਾਵਾਂ ਨੂੰ ਯਾਦ ਕਰ ਕੇ ਨੋਟ ਲੈਣ ਦੀ ਵਿਹਲ ਹੀ ਨਹੀਂ ਸੀ।



Digitized by Panjab Digital Library | www.panjabdigilib.org

'ਰਿਆਸਤ' ਵਿਚ ਜਦ ਹਰ ਹਫ਼ਤੇ 'ਨਾਕਾਬਿਲੇ ਫ਼ਰਾਮੋਸ਼' ਕਾਲਮ ਦੇ ਮਜ਼ਮੂਨ ਛਪਣੇ ਸ਼ੁਰੂ ਹੋਏ ਤਾਂ ਇਹ ਲੋਕਾਂ ਵਿਚ ਬਹੁਤ ਹਰਮਨ ਪਿਆਰੇ ਸਿਧ ਹੋਏ ਅਤੇ ਮੈਨੂੰ ਯਾਦ ਹੈ ਜਦ ਉਸ ਸਮੇਂ ਛੋਟੇ ਸਾਈਜ਼ ਤੇ ਕੁਝ ਮਜ਼ਮੂਨਾਂ ਦਾ ਸੰਗ੍ਰਹਿ ਛਪਿਆ ਤਾਂ ਇਕ ਬਹੁਤ ਵਡੇ ਸਾਹਿਤਕਾਰ — ਜੋ ਉਸ ਸਮੇਂ ਦਿੱਲੀ ਵਿਚ ਭਾਰਤ ਸਰਕਾਰ ਦੇ ਬਹੁਤ ਵਡੇ ਅਹੁਦੇ ਤੇ ਸਨ, ਅਜ ਕਲ ਪਾਕਿਸਤਾਨ ਵਿਚ ਇਕ ਮੰਤਰੀ ਦੀ ਹੈਸੀਅਤ ਵਿਚ ਹਨ ਜੋ ਆਪਣੇ ਅਧਿਅਨ ਲਈ ੫੦੦ ਰੁਪਏ ਦੀਆਂ ਕਿਤਾਬਾਂ ਹਰ ਮਹੀਨੇ ਯੂਰਪ ਤੇ ਅਮਰੀਕਾ ਤੋਂ ਪੱਕੇ ਤੌਰ ਤੇ ਖ਼ਰੀਦਿਆ ਕਰਦੇ ਹਨ — ਨੇ ਇਕ ਪੱਤਰ ਲਿਖਿਆ, ਜਿਸ ਵਿਚ ਆਪ ਦਾ ਕਹਿਣਾ ਸੀ ਕਿ ਆਪ ਨੇ ਆਪਣੇ ਜੀਵਨ ਵਿਚ ਇਸ ਪੁਸਤਕ ਤੋਂ ਜ਼ਿਆਦਾ ਰੋਚਕ ਪੁਸਤਕ ਕਿਸੇ ਬੋਲੀ ਵਿਚ ਨਹੀਂ ਦੇਖੀ ਤੇ ਉਨ੍ਹਾਂ ਦੀ ਇੱਛਾ ਹੈ ਕਿ ਇਸ ਕਿਤਾਬ ਦਾ ਅੰਗਰੇਜ਼ੀ ਬੋਲੀ ਵਿਚ ਅਨੁਵਾਦ ਛਪੇ। ਇਸ ਵਡੇ ਸਾਹਿਤਕਾਰ ਦਾ ਇਹ ਖਤ ਮੇਰਾ ਉਤਸ਼ਾਹ ਵਧਾਉਣ ਦਾ ਕਾਰਨ ਬਣਿਆ ਤੇ ਇਨ੍ਹਾਂ ਮਜ਼ਮੂਨਾਂ ਦਾ ਸਿਲਸਿਲਾ ਕਈ ਵਰ੍ਹੇ ਤਕ ਜਾਰੀ ਰਿਹਾ ਜੋ ਹੁਣ ਵਰਤਮਾਨ ਪੁਸਤਕ ਦੇ ਰੂਪ ਵਿਚ ਛਾਪਿਆ ਜਾ ਰਿਹਾ ਹੈ। ਇਸ ਕਿਤਾਬ ਵਿਚ ਬਹੁਤ ਸਾਰੇ ਅਜਿਹੇ ਮਜ਼ਮੂਨ ਵੀ ਸ਼ਾਮਲ ਕਰ ਦਿਤੇ ਗਏ ਹਨ ਜੋ ਸਿਰਫ਼ ਇਸ ਪੁਸਤਕ ਲਈ ਹੀ ਅਜ ਕਲ ਲਿਖੇ ਗਏ ਜਿਹੜੇ ਬਿਲਕੁਲ ਅਣਛਪੇ ਹਨ।

'ਰਿਆਸਤ' ੧੯੨੪ ਵਿਚ ਜਾਰੀ ਕੀਤਾ ਗਿਆ ਤੇ ਅਜ ਇਸ ਨੂੰ ਪੈਂਤੀ ਵਰ੍ਹੇ ਹੋਏ ਹਨ। ਭਾਵੇਂ 'ਰਿਆਸਤ' ਉਰਦੂ ਬੋਲੀ ਦਾ ਉੱਤਮ ਤੇ ਸਚਿਤ੍ਰ ਸਪਤਾਹਿਕ ਸੀ ਜੋ ਅੰਗਰੇਜ਼ੀ ਬੋਲੀ ਦੇ ਚੰਗੇ ਤੋਂ ਚੰਗੇ ਪੱਤਰਾਂ ਦਾ ਮੁਕਾਬਲਾ ਕਰ ਸਕਦਾ ਸੀ। ਪੈਂਤੀ ਵਰ੍ਹੇ ਹੀ ਮੈਂ ਕੋਸ਼ਿਸ਼ ਕਰਦਾ ਰਿਹਾ ਕਿ ਮੇਰੀ ਬੋਲੀ ਗ਼ਲਤੀਆਂ ਤੋਂ ਪਾਕ ਹੋਵੇ,ਪਰ ਮੈਂ ਈਮਾਨਦਾਰੀ ਨਾਲ ਇਸ ਗੱਲ ਦਾ ਇਕਰਾਰ ਕਰਦਾ ਹਾਂ ਕਿ "ਬਾਰਾਂ ਵਰ੍ਹੇ ਦਿੱਲੀ ਰਹੇ, ਭੱਠ ਹੀ ਝੋਕਦੇ ਰਹੇ" ਅਨੁਸਾਰ ਪੈਂਤੀ ਵਰ੍ਹਿਆਂ ਵਿਚ ਵੀ ਮੈਂ ਉਰਦੂ ਬੋਲੀ ਤੇ ਕਾਬੂ ਨਾ ਪਾ ਸਕਿਆ ਕਿਉਂਕਿ ਉਰਦੂ ਮੇਰੀ ਮਾਤ-ਭਾਸ਼ਾ ਨਹੀਂ ਅਤੇ ਇਹ ਮੇਰੇ ਲਈ ਸੰਭਵ ਵੀ ਨਹੀਂ ਕਿ ਬੋਲੀ ਦੇ ਲਿਹਾਜ਼ ਨਾਲ ਮੈਨੂੰ ਉਹ ਦਰਜਾ ਪ੍ਰਾਪਤ ਹੁੰਦਾ ਜੋ ਦਿੱਲੀ ਦੇ ਇਕ ਸਾਧਾਰਨ ਪੜ੍ਹੇ ਲਿਖੇ ਨੂੰ ਪ੍ਰਾਪਤ ਹੈ ਅਤੇ ਨਾ ਹੀ ਇਹ ਸੰਭਵ ਹੈ ਕਿ ਕੋਈ ਵੀ ਪੰਜਾਬੀ, ਜਿਸ ਨੂੰ ਮਾਂ ਦੇ ਦੁੱਧ ਨਾਲ ਪੰਜਾਬ ਦੀ ਸਿਰਫ਼ ਪੰਜਾਬੀ ਬੋਲੀ ਨਸੀਬ ਹੋਈ ਹੋਵੇ, ਉਹ ਇਕ ਦੂਸਰੇ ਇਲਾਕੇ ਵਿਚ ਬੋਲੀ ਜਾਣ ਵਾਲੀ ਉਰਦੂ ਬੋਲੀ ਤੇ ਕਾਬੂ ਪਾ ਸਕੇ। ਇਸ ਲਈ ਮੇਰਾ ਇਹ ਵੀ ਯਕੀਨ ਹੈ ਕਿ ਉਰਦੂ



Digitized by Panjab Digital Library | www.panjabdigilib.org

ਬੋਲੀ ਦਾ ਕੋਈ ਵੀ ਸਾਹਿਤਕਾਰ — ਸਮੇਤ ਮੌਲਾਨਾ ਜ਼ਫ਼ਰ ਅਲੀ ਖਾਂ, ਮੌਲਾਨਾ ਸਾਲਕ ਤੇ ਸੁਰਗਵਾਸੀ ਸਰ ਅਬਦੁੱਲ ਕਾਦਿਰ ਜੋ ਉਰਦੂ ਬੋਲੀ ਦੇ ਪ੍ਰਮਾਣੀਕ ਸਮਝੇ ਜਾਂਦੇ ਹਨ — ਅਜਿਹਾ ਨਹੀਂ ਜੋ ਪੰਜਾਬ ਵਿਚ ਪੈਦਾ ਹੋਇਆ ਹੋਵੇ ਤੇ ਇਹ ਕਹਿ ਸਕੇ ਕਿ ਮੈਨੂੰ ਉਰਦੂ ਬੋਲੀ ਤੇ ਕਾਬੂ ਹੈ, ਮੇਰੇ ਕਹਿਣ ਦਾ ਭਾਵ ਇਹ ਹੈ ਕਿ ਕੋਈ ਵੀ ਮਨੁਖ ਗ਼ੈਰ-ਬੋਲੀ ਤੇ ਕਾਬੂ ਪਾਣ ਦਾ ਦਾਅਵਾ ਨਹੀਂ ਕਰ ਸਕਦਾ ਤੇ ਜੇ ਉਹ ਦਾਅਵਾ ਕਰਦਾ ਹੈ ਤਾਂ ਨਿਸਚਿਤ ਹੀ ਉਹ ਗ਼ਲਤਫ਼ਹਿਮੀ ਦਾ ਸ਼ਿਕਾਰ ਹੈ ਜਿਸ ਦੇ ਸਬੂਤ ਲਈ ਸੁਰਗਵਾਸੀ ਪ੍ਰੋ: ਮੁਹੰਮਦ ਹੁਸੈਨ ਅਜ਼ਾਦ ਦੀ ਇਕ ਰੋਚਕ ਘਟਨਾ ਬਿਆਨ ਕਰਦਾ ਹਾਂ :

ਸੁਰਗਵਾਸੀ ਪ੍ਰੋ: ਮੁਹੰਮਦ ਹੁਸੈਨ ਆਜ਼ਾਦ ਭਾਵੇਂ ਦਿੱਲੀ ਵਿਚ ਪੈਦਾ ਹੋਏ,ਪਰ ਆਪ ਫ਼ਾਰਸੀ ਦੇ ਬਹੁਤ ਵਡੇ ਵਿਦਵਾਨ ਸਨ ਤੇ ਆਪਣੀ ਇਸ ਕਾਬਲੀਅਤ ਕਾਰਨ ਕਈ ਵਰ੍ਹੇ ਗੌਰਮਿੰਟ ਕਾਲਜ ਲਾਹੌਰ ਵਿਚ ਫ਼ਾਰਸੀ ਬੋਲੀ ਦੇ ਪ੍ਰੋਫ਼ੈਸਰ ਰਹੇ। ਆਪ ਨੂੰ ਵਹਿਮ ਸੀ ਕਿ ਆਪ ਫ਼ਾਰਸੀ ਬੋਲੀ ਦੇ ਆਸਰੇ ਈਰਾਨ ਦੇ ਭਾਸ਼ਾ-ਵਿਗਿਆਨੀ ਦਾ ਵੀ ਮੁਕਾਬਲਾ ਕਰ ਸਕਦੇ ਹਨ ਤੇ ਇਸ ਗ਼ਲਤਫ਼ਹਿਮੀ ਦਾ ਹੀ ਸ਼ਿਕਾਰ ਸਨ ਕਿ ਆਪ ਈਰਾਨ ਗਏ ਤਾਂ ਜੋ ਉਥੋਂ ਦੇ ਫ਼ਾਰਸੀ ਵਿਦਿਆ ਦੇ ਭਾਸ਼ਾ-ਵਿਗਿਆਨੀ ਉਤੇ ਆਪਣੀ ਫ਼ਾਰਸੀਦਾਨੀ ਦਾ ਸਿੱਕਾ ਬਿਠਾ ਸਕਣ। ਤਹਿਰਾਨ ਪਹੁੰਚਣ ਪਿਛੋਂ ਆਪ ਉਥੋਂ ਦੇ ਵਿਦਵਾਨ ਤੇ ਲਿਖਾਰੀ ਦੇ ਅਤਿੱਥੀ ਬਣੇ ਤੇ ਦੂਜੇ ਜਾਂ ਤੀਜੇ ਦਿਨ ਦੀ ਗੱਲ ਹੈ ਕਿ ਆਪ ਮਕਾਨ ਦੇ ਵਿਹੜੇ ਵਿਚ ਬੈਠੇ ਸਨ ਤੇ ਨੇੜੇ ਚੁਲ੍ਹੇ ਵਿਚ ਅੱਗ ਬਲ ਰਹੀ ਸੀ, ਇੰਨੇ ਨੂੰ ਦੇਗ਼ਚੀ ਜ਼ਿਆਦਾ ਗਰਮ ਹੋਣ ਸਦਕਾ ਉਬਲ ਪਈ ਤੇ ਦੇਗ਼ਚੀ ਦਾ ਢੱਕਣ ਇਕ ਪਾਸੇ ਹੋ ਗਿਆ। ਪ੍ਰੋਫ਼ੈਸਰ ਆਜ਼ਾਦ ਇਹ ਅਵਸਥਾ ਵੇਖ ਰਹੇ ਸਨ ਕਿ ਦੇਗ਼ਚੀ ਦੀ ਇਸ ਹਾਲਤ ਨੂੰ ਕੀ ਕਹਿਣਾ ਚਾਹੀਦਾ ਹੈ ਕਿ ਇੰਨੇ ਨੂੰ ਇਕ ਛੋਟੀ ਕੁੜੀ ਵਿਹੜੇ ਵਿਚ ਆਈ ਤੇ ਦੇਗ਼ਚੀ ਨੂੰ ਉਬਲਦਿਆਂ ਵੇਖ ਝਟ ਆਪਣੀ ਮਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਅੰਮਾ, ਅੰਮਾ, ਦੇਗ਼ਚੀ ਸਰਕਰਦਾ!" ਸੁਰਗਵਾਸੀ ਪ੍ਰੋ: ਆਜ਼ਾਦ ਨੇ ਜਦ ਸੁਣਿਆ ਤਾਂ ਉਨ੍ਹਾਂ ਨੂੰ ਅਨੁਭਵ ਹੋਇਆ ਕਿ ਉਹ ਗ਼ਲਤਫ਼ਹਿਮੀ ਦਾ ਸ਼ਿਕਾਰ ਹਨ ਅਤੇ ਕੋਈ ਵੀ ਮਨੁੱਖ ਕਿਸੇ ਬੋਲੀ ਵਿਚ ਕਿੰਨਾ ਵੀ ਪ੍ਰਮਾਣੀਕ ਕਿਉਂ ਨਾ ਮੰਨਿਆਂ ਜਾਂਦਾ ਹੋਵੇ ਉਹ ਕਿਸੇ ਗ਼ੈਰ-ਬੋਲੀ ਤੇ ਕਾਬੂ ਨਹੀਂ ਪਾ ਸਕਦਾ। ਸੋ ਸੁਰਗਵਾਸੀ ਪ੍ਰੋਫ਼ੈਸਰ ਸਾਹਿਬ ਈਰਾਨ ਵਿਚ ਬਗ਼ੈਰ ਆਪਣੀ ਫ਼ਾਰਸੀਦਾਨੀ ਦਾ ਸਿੱਕਾ ਬਿਠਾਏ ਵਾਪਸ ਭਾਰਤ ਆ ਗਏ।



Digitized by Panjab Digital Library | www.panjabdigilib.org

ਮੈਂ ਆਪਣੇ ਪਿਛਲੇ ਜੀਵਨ ਵਿਚ ਅਤਿਅੰਤ ਯਤਨ ਕੀਤਾ ਕਿ ਸ਼ੁੱਧ ਉਰਦੂ ਲਿਖ ਸਕਾਂ ਤੇ ਇਸੇ ਸੰਬੰਧ ਵਿਚ ਮੁੱਲਾਂ ਵਾਹਦੀ ਸਾਹਿਬ, ਮਿਸਿਜ਼ ਮੁਮਤਾਜ਼ ਮਿਰਜ਼ਾ, ਬਾਦਸ਼ਾਹ ਬਹਾਦਰ ਸ਼ਾਹ ਦੇ ਖ਼ਾਨਦਾਨ ਦੀ ਇਕ ਸੁਰਗਵਾਸੀ ਇਸਤ੍ਰੀ ਤੇ ਹੋਰ ਕਈ ਦੋਸਤਾਂ ਨੇ ਮੇਰੀ ਸਹਾਇਤਾ ਕੀਤੀ। ਇਹ ਸ਼ਖ਼ਸੀਅਤਾਂ 'ਰਿਆਸਤ' ਵਿਚ ਛਪੇ ਲੇਖਾਂ ਦੀਆਂ ਗ਼ਲਤੀਆਂ ਤੇ ਕਾਫ਼ੀ ਚਿਰ ਤਕ ਮੈਨੂੰ ਸੁਝਾਓ ਦੇਂਦੀਆਂ ਰਹੀਆਂ ਤੇ ਮੈਂ ਇਨ੍ਹਾਂ ਦਾ ਅਤਿ ਧੰਨਵਾਦੀ ਹਾਂ, ਪਰ ਫਿਰ ਵੀ ਮੈਨੂੰ ਪੂਰਨ ਤੌਰ ਤੇ ਸ਼ੁੱਧ ਉਰਦੂ ਲਿਖਣ ਵਿਚ ਸਫਲਤਾ ਪ੍ਰਾਪਤ ਨਾ ਹੋਈ ਤੇ ਨਾ ਹੀ ਹੋ ਸਕਦੀ ਹੈ ਕਿਉਂਕਿ ਉਰਦੂ ਮੇਰੀ ਮਾਤ-ਭਾਸ਼ਾ ਨਹੀਂ। ਸੋ ਇਸ ਕਿਤਾਬ ਦੇ ਪਾਠਕਾਂ ਨੂੰ ਬੇਨਤੀ ਹੈ ਕਿ ਬੋਲੀ ਦੀਆਂ ਘਾਟਾਂ ਨੂੰ ਅਣਡਿੱਠ ਕਰਦੇ ਹੋਏ ਮੇਰੇ ਉਦੇਸ਼ ਨੂੰ ਮੁਖ ਰਖਣ, ਜਿਸ ਉਦੇਸ਼ ਲਈ ਇਹ ਪੁਸਤਕ ਲਿਖੀ ਹੈ ਤੇ ਉਹ ਉਦੇਸ਼ ਇਹ ਹੈ ਕਿ ਮੈਂ ਪੁਸਤਕ ਰਾਹੀਂ ਲੋਕ-ਆਚਰਣ ਦੀ ਪੱਧਰ ਨੂੰ ਉੱਚਾ ਚੁੱਕਣ ਦੇ ਖ਼ਿਆਲ ਨਾਲ ਦੇਸ਼ ਦੀ ਕੁਝ ਸੇਵਾ ਕਰ ਸਕਾਂ ਤੇ ਆਪਣੀਆਂ ਭਾਵਨਾਵਾਂ ਦੀ ਪ੍ਰਤੀਨਿਧਤਾ ਕਰਦਿਆਂ ਹੋਇਆਂ ਮੌਲਾਨਾ ਰੋਮ ਦੀ ਇਕ ਘਟਨਾ ਯਾਦ ਕਰਾਉਂਦਾ ਹਾਂ। ਮੌਲਾਨਾ ਤੇ ਕਿਸੇ ਮਨੁੱਖ ਨੇ ਇਤਰਾਜ਼ ਕੀਤਾ ਕਿ ਤੁਹਾਡੇ ਸ਼ਿਅਰਾਂ ਵਿਚ ਗ਼ਲਤੀਆਂ ਹੁੰਦੀਆਂ ਹਨ ਤਾਂ ਮੌਲਾਨਾ ਨੇ ਇਸ ਇਤਰਾਜ਼ ਦਾ ਜੁਆਬ ਇਕ ਸ਼ਿਅਰ ਵਿਚ ਦਿਤਾ ਸੀ :

'ਮਨ ਨਾ ਦਾਨਮ ਫ਼ਾਅਲਾਤਨ ਫ਼ਾਅਲਾਤ,
ਸ਼ਿਅਰ ਨੀ ਗੋਇਮ ਬ ਅਜ਼ ਆਬਿਹਯਾਤ।'

(ਮੈਂ ਸ਼ਾਇਰੀ ਦੀ ਕਲਾ ਅਤੇ ਹੁਨਰ ਤੋਂ ਜਾਣੂ ਨਾ ਸਹੀ, ਪਰ ਸ਼ਿਅਰ ਤਾਂ ਅਜਿਹਾ ਲਿਖਦਾ ਹਾਂ ਕਿ ਜਿਸ ਨੂੰ ਤੁਸੀਂ 'ਆਬਿਹਯਾਤ' ਨਾਲ ਤੁਲਣਾ ਦੇ ਸਕਦੇ ਹੋ) ਭਾਵ ਇਹ ਨਾ ਵੇਖੋ ਕਿ ਕਿਸ ਨੇ ਲਿਖਿਆ ਹੈ, ਇਹ ਪੜ੍ਹੋ ਕਿ ਕੀ ਲਿਖਿਆ ਤੇ ਕੀ ਕਿਹਾ ਹੈ। ਮੇਰੀ ਇੱਛਾ ਹੈ ਕਿ ਇਸ ਪੁਸਤਕ ਨੂੰ ਪੜ੍ਹਨ ਵਾਲੇ 'ਇੱਜ਼ਤ ਦਾ ਬਲੀਦਾਨ'—ਜੋ ਸੁਰਗਵਾਸੀ ਦਯਾਰਾਮ ਗਦੂ ਮਲ ਦੇ ਸੰਬੰਧੀ ਹੈ—ਆਦਿਕ ਮਜ਼ਮੂਨਾਂ ਨੂੰ ਨਾ ਸਿਰਫ਼ ਪੜ੍ਹਨ ਸਗੋਂ ਅਜਿਹੀਆਂ ਸਨਮਾਨ ਯੋਗ ਹਸਤੀਆਂ ਦੇ ਉਚ-ਆਚਰਣ ਦੀਆਂ ਲੀਹਾਂ ਤੇ ਚਲਣ ਦੀ ਵੀ ਕੋਸ਼ਿਸ਼ ਕਰਨ।

ਇਸ ਪੁਸਤਕ ਨੂੰ ਛਾਪਣ ਲਈ ਮੈਂ ਕਈ ਵਰ੍ਹਿਆਂ ਤੋਂ ਯਤਨ ਕਰ



Digitized by Panjab Digital Library | www.panjabdigilib.org

ਰਿਹਾ ਸਾਂ, ਪਰ ਆਰਥਕ ਔਕੜਾਂ ਦੇ ਕਾਰਨ ਸਫ਼ਲਤਾ ਪ੍ਰਾਪਤ ਨਾ ਹੋਈ। ਮੈਂ ਉਨ੍ਹਾਂ ਦੋਸਤਾਂ ਦਾ ਦਿਲੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀ ਆਰਥਕ ਸਹਾਇਤਾ ਨਾਲ ਇਹ ਪੁਸਤਕ ਪ੍ਰਕਾਸ਼ਤ ਹੋ ਰਹੀ ਹੈ। ਕਿਉਂਕਿ ਇਹ ਦੋਸਤ ਨਹੀਂ ਚਾਹੁੰਦੇ ਕਿ ਉਨ੍ਹਾਂ ਦਾ ਨਾਮ ਪ੍ਰਕਾਸ਼ਤ ਹੋਵੇ, ਇਸ ਲਈ ਮਜਬੂਰ ਹਾਂ ਕਿ ਇਸ ਧੰਨਵਾਦ ਨਾਲ ਇਨ੍ਹਾਂ ਦਾ ਨਾਮ ਨਾ ਲਿਖਿਆ ਜਾਵੇ।

੧ ਨਵੰਬਰ, ੧੯੫੭
ਦਿੱਲੀ

ਤੁਹਾਡਾ ਸ਼ੁਭਚਿੰਤਕ,
ਦੀਵਾਨ ਸਿੰਘ



Digitized by Panjab Digital Library | www.panjabdigilib.org

# ਉਰਦੂ ਬੋਲੀ ਵਿਚ 'ਨਾਕਾਬਿਲੇ ਫ਼ਰਾਮੋਸ਼' ਵਾਧਾ

[ਇਨਕਲਾਬੀ ਕਵੀ ਸ੍ਰੀ ਮਾਨ ਜੋਸ਼ ਮਲੀਹਾਬਾਦੀ]

ਮੇਰੇ ਨਿਜੀ ਮਿੱਤਰ ਸ: ਦੀਵਾਨ ਸਿੰਘ ਮਫ਼ਤੂਨ, ਸਾਡੀ ਮੁੱਢਲੀ ਸਭਿਆਚਾਰਕ ਰਵਾਦਾਰੀ, ਸਾਡੀ ਮੁੱਢਲੀ ਨੇਕੀ, ਸਾਡੀ ਮੁੱਢਲੀ ਦਰਿਆ-ਦਿਲੀ ਤੇ ਸਦਾਚਾਰਕ ਦਲੇਰੀ ਦੀ ਇਕ ਸ਼ਾਨਦਾਰ ਯਾਦਗਾਰ ਹਨ ਤੇ ਜੇ ਸਾਡੀ ਕੌਮ ਅੰਨ੍ਹੀ ਨਾ ਹੋ ਚੁਕੀ ਹੁੰਦੀ ਤਾਂ ਉਨ੍ਹਾਂ ਨੂੰ ਉਸੇ ਧਿਆਨ ਨਾਲ ਰਖਿਆ ਜਾਂਦਾ, ਜਿਸ ਧਿਆਨ ਨਾਲ ਸਰਕਾਰਾਂ ਆਪਣੀਆਂ ਮੁੱਢਲੀਆਂ ਪਰੰਪਰਾਵਾਂ ਨੂੰ ਕਾਇਮ ਰਖਦੀਆਂ ਹਨ।

ਸਰਦਾਰ ਸਾਹਿਬ ਦੀ ਇਹ ਪੁਸਤਕ ਉਨ੍ਹਾਂ ਦੇ ਜੀਵਨ ਦਾ ਅਦੁੱਤੀ ਕਾਰਨਾਮਾ ਅਤੇ ਉਰਦੂ ਬੋਲੀ ਵਿਚ ਇਕ ਅਜਿਹਾ ਵਾਧਾ ਹੈ ਜਿਸ ਨੂੰ ਕਦੀ ਭੁਲਾਇਆ ਨਹੀਂ ਜਾ ਸਕੇਗਾ।

ਉਨ੍ਹਾਂ ਨੇ ਆਪਣੇ ਜੀਵਨ ਦੇ ਲੰਮੇ ਤੇ ਗੁੰਝਲਦਾਰ ਰਾਹਾਂ ਤੋਂ ਆਪਣੇ ਖਿੰਡਰੇ ਪੁੰਡਰੇ ਪੈਰ-ਚਿੰਨ੍ਹਾਂ ਨੂੰ ਬੜੀ ਬੇਦਰਦੀ ਨਾਲ ਚੁਣ ਚੁਣ ਕੇ ਅਜਿਹੀ ਸੁਚੱਜਤਾ ਨਾਲ ਸ਼ਬਦਾਂ ਦੇ ਸਾਂਚੇ ਵਿਚ ਢਾਲਿਆ ਹੈ ਕਿ ਜਿਹੜਾ ਵੀ ਇਸ ਪੁਸਤਕ ਨੂੰ ਧਿਆਨ ਨਾਲ ਪੜ੍ਹੇਗਾ, ਉਸ ਦੇ ਰਾਹਾਂ ਤੇ ਅਜਿਹੇ ਦੀਵੇ ਜਗਮਗਾ ਉਠਣਗੇ, ਜਿਨ੍ਹਾਂ ਦੇ ਭਵਿਖਤ-ਚਾਨਣ ਵਿਚ ਉਹ ਨਿਡਰ ਅਗੇ ਵਧੇਗਾ ਤੇ ਕਿਸੇ ਉਚਾਣ ਨਿਵਾਣ ਜਾਂ ਮੋੜ ਤੇ ਠੋਕਰ ਨਹੀਂ ਖਾ ਸਕੇਗਾ।

ਮੇਰੀ ਦਿੱਲੀ ਇੱਛਾ ਹੈ ਕਿ ਇਸ ਕਿਤਾਬ ਨੂੰ ਆਦਰ ਸਹਿਤ ਸਨਮਾਨ ਪ੍ਰਾਪਤ ਹੋਵੇ ਤੇ ਭਾਰਤ ਸਰਕਾਰ ਇਸ ਦੇ ਕੁਝ ਹਿੱਸਿਆਂ ਨੂੰ ਵਿਦਿਅਕ ਪੁਸਤਕਾਂ ਵਿਚ ਸ਼ਾਮਲ ਕਰ ਕੇ ਆਉਂਦੀਆਂ ਨਸਲਾਂ ਤਕ ਉਸ ਆਤਮਿਕ ਨੇਕੀ ਨੂੰ ਪਹੁੰਚਾ ਦੇਵੇ ਜੋ ਹੁਣ ਤਕਰੀਬਨ ਖੁਸ਼ਕ ਹੋ ਜਾਣ ਵਾਲੀ ਹੈ।

ਕਾਸ਼, ਅਜਿਹੀ ਪੁਸਤਕ ਕਿਸੇ ਜਾਗ੍ਰਿਤ ਕੌਮ ਵਿਚ ਪ੍ਰਕਾਸ਼ਤ ਹੁੰਦੀ!



Digitized by Panjab Digital Library | www.panjabdigilib.org

# ਇਕ ਯਾਦਗਾਰ ਪੁਸਤਕ

[ਸੂਰਗਵਾਸੀ ਡਾ: ਐਮ. ਡੀ. ਤਾਸੀਰ ਐਮ. ਏ., ਪੀ. ਐਚ. ਡੀ.]

ਦੀਵਾਨ ਸਿੰਘ ਮਫ਼ਤੂਨ ਐਡੀਟਰ 'ਰਿਆਸਤ' ਦਾ ਜਿਥੇ ਕਿਤੇ ਜ਼ਿਕਰ ਛਿੜ ਜਾਏ, ਬਹੁਤ ਹੀ ਹਿੰਦੁਸਤਾਨੀ ਕਿਸਮ ਦੇ ਵਾਦ-ਵਿਵਾਦ ਦਾ ਅਰੰਭ ਹੁੰਦਾ ਹੈ, ਗਰਮਾ ਗਰਮ ਵਾਦ-ਵਿਵਾਦ ਜਿਸ ਵਿਚ ਹਰ ਕੋਈ ਦੂਸਰੇ ਦੀ ਸੁਣੇ ਬਗੈਰ ਆਪਣੀ ਹੀ ਕਹੀ ਜਾਂਦਾ ਹੈ।

ਰਾਜੇ ਨਵਾਬ ਉਸ ਨੂੰ ਨਿੰਦਣਗੇ ਤਾਂ ਖੱਬੇ ਸਜੇ ਵੇਖ ਕੇ, ਪ੍ਰਸੰਸਾ ਕਰਨਗੇ ਤਾਂ ਚੌਕੰਨੇ ਹੋ ਕੇ, ਉਨ੍ਹਾਂ ਦੇ ਵਜ਼ੀਰ ਅਜਿਹੇ ਵਿਸਮਾਦਮਈ ਕਿੱਸੇ ਸੁਣਾਉਣਗੇ ਕਿ ਸੱਚ ਵੀ ਝੂਠ ਪ੍ਰਤੀਤ ਹੋਵੇ ਅਤੇ ਪਰਜਾ ਦੇ ਲੋਕ ਉਸ ਨੂੰ ਮਹਾਤਮਾ ਕਿਸਮ ਦਾ ਕਾਇਦੇਆਜ਼ਮ ਜਾਂ ਜਾਸੂਸੀ ਪਰਕਾਰ ਦਾ ਗੋਬਲਜ਼ ਦਸਣਗੇ। ਪਾਰਟੀਬਾਜ਼ ਰਾਜਨੀਤਕ ਲੋਕ ਉਸ ਨੂੰ ਇਕ ਜ਼ਬਾਨ ਨਾਲ ਗਾਲ੍ਹਾਂ ਕਢਣਗੇ ਤੇ ਦੂਜੀ ਜ਼ਬਾਨੇ ਪ੍ਰਸੰਸਾ ਦੇ ਪੁੱਲ ਬੰਨ੍ਹਣਗੇ। ਮਤਲਬ ਕਿ ਹਰ ਕੋਈ ਆਪਣੇ ਦ੍ਰਿਸ਼ਟੀਕੋਨ ਤੋਂ ਅੰਦਾਜ਼ਾ ਲਗਾਏਗਾ, ਭਾਵੇਂ ਇਸ ਵਿਚਾਰ ਨਾਲ ਸਭ ਸਹਿਮਤ ਹਨ ਕਿ ਦੀਵਾਨ ਸਿੰਘ ਬੜਾ ਯਾਰ ਆਦਮੀ ਹੈ।

ਦੀਵਾਨ ਸਿੰਘ ਦੇ ਮਿਤਰਾਂ ਦਾ ਘੇਰਾ ਅਮੀਰੀ ਦੇ ਦਿਨਾਂ ਤੋਂ ਲੈ ਕੇ ਹੁਣ ਤਕ ਵਿਸ਼ਾਲ ਰਿਹਾ ਹੈ। ਸਰਕਾਰੀ ਅਫ਼ਸਰ, ਭੱਜੇ ਹੋਏ ਕੈਦੀ, ਜ਼ਿੰਦਾ-ਦਿਲ ਸਾਹਿਤਕਾਰ, ਸਾਧੂ ਭਾਵਾਂ ਵਾਲੇ ਫ਼ਰੰਗੀ, ਹਰ ਪਰਕਾਰ ਦੇ ਹਿੰਦੂ, ਮੁਸਲਮਾਨ, ਸਿੱਖ, ਈਸਾਈ ਅਤੇ ਦਹਿਰੀਏ ਇਸ ਵਿਚ ਸ਼ਾਮਲ ਹਨ ਤੇ ਇਨ੍ਹਾਂ ਵਿਚੋਂ ਹਰ ਇਕ ਦਾ ਦੀਵਾਨ ਸਿੰਘ ਬਿਲਕੁਲ ਵਖਰਾ ਹੈ।

ਦੀਵਾਨ ਸਿੰਘ ਕੋਈ ਗੂੜ੍ਹ ਦਾਰਸ਼ਨਿਕ ਜਾਂ ਨੀਤੀਵਾਨ ਨਹੀਂ, ਉਹ ਜੋ ਕੁਝ ਵੀ ਕਹਿੰਦਾ ਜਾਂ ਕਰਦਾ ਹੈ ਸਭ ਕਿਸੇ ਨੂੰ ਸਮਝ ਆ ਸਕਦਾ ਹੈ, ਪਰ



Digitized by Panjab Digital Library | www.panjabdigilib.org

ਉਹ ਜੋ ਕਹਿੰਦਾ ਹੈ, ਓਹੀ ਕਰਦਾ ਹੈ ਅਤੇ ਜੋ ਕਰਦਾ ਹੈ ਉਸ ਨੂੰ ਬਿਨਾਂ ਬਨਾਵਟ ਦੇ ਬਿਆਨ ਕਰ ਦੇਂਦਾ ਹੈ।

'ਨਾਕਾਬਿਲੇ ਫ਼ਰਾਮੋਸ਼' ਦੇ ਅਨੁਵਾਨ ਹੇਠਾਂ ਮਜ਼ਮੂਨਾਂ ਦਾ ਜੋ ਸਿਲਸਿਲਾ, ੩ ਅਪ੍ਰੈਲ ੧੯੪੪ ਤੋਂ 'ਰਿਆਸਤ' ਵਿਚ ਸ਼ੁਰੂ ਹੋਇਆ ਉਹ ਅਜੇ ਤਕ ਜਾਰੀ ਹੈ। ਅਰੰਭ ਤੋਂ ਹੀ ਇਹ ਸਿਲਸਿਲਾ ਅਜਿਹਾ ਹਰਮਨ ਪਿਆਰਾ ਹੋਇਆ ਕਿ ਹੁਣ ਇਹ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਹੋ ਰਿਹਾ ਹੈ। ਇਹ ਕਿਤਾਬ ਦੀਵਾਨ ਸਿੰਘ ਦੀ ਸਾਫ-ਬਿਆਨੀ ਦੀ ਗਵਾਹੀ ਭਰਦੀ ਹੈ।

ਭਾਰਤ ਵਿਚ ਸਾਫ-ਬਿਆਨੀ ਦਾ ਰਿਵਾਜ ਆਮ ਨਹੀਂ ਤੇ ਉਰਦੂ ਵਾਰਤਕ ਵਿਚ ਅਜਿਹੀਆਂ ਕਿਤਾਬਾਂ ਬਹੁਤ ਘਟ ਹਨ ਜਿਨ੍ਹਾਂ ਵਿਚ ਜੀਵਨ-ਘਟਨਾਵਾਂ ਸਾਫ਼ ਸਾਫ਼ ਵਰਣਨ ਕੀਤੀਆਂ ਗਈਆਂ ਹੋਣ। ਜੇ ਹਨ ਵੀ ਤਾਂ ਜ਼ਰੂਰੀ ਨਹੀਂ ਕਿ ਲੇਖਕ ਦਾ ਜੀਵਨ ਅਜਿਹਾ ਹੋਵੇ ਕਿ ਹਰ ਮਨੁੱਖ ਇਸ ਵਿਚ ਦਿਲਚਸਪੀ ਰਖੇ ਅਤੇ ਫਿਰ ਇਹ ਵੀ ਹੁੰਦਾ ਹੈ ਕਿ ਕਈਆਂ ਦਾ ਜੀਵਨ ਰੋਚਕ ਵੀ ਹੁੰਦਾ ਹੈ, ਪਰ ਉਹ ਇੰਨੇ ਵਿਸਥਾਰ ਨਾਲ ਵਰਣਨ ਕਰਦੇ ਹਨ ਕਿ ਸੁਣਨ ਵਾਲਾ ਅੱਕ ਜਾਂਦਾ ਹੈ। ਜੇ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਰੋਚਕਤਾ ਲਈ ਘਟਨਾ ਨੂੰ ਅਜਿਹੇ ਸ਼ੋਖ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ ਕਿ ਘਟਨਾ ਕਿੱਸਾ ਤੇ ਕਿੱਸਾ ਕਥਾ ਬਣ ਜਾਂਦਾ ਹੈ।

'ਨਾਕਾਬਿਲੇ ਫ਼ਰਾਮੋਸ਼' ਇਨ੍ਹਾਂ ਔਗੁਣਾਂ ਤੋਂ ਰਹਿਤ ਹੈ। ਲੇਖਕ ਦਾ ਜੀਵਨ ਮਹੱਤਵ-ਪੂਰਨ ਇਤਿਹਾਸਕ ਘਟਨਾਵਾਂ ਵਿਚੋਂ ਲੰਘਿਆ ਹੈ ਸਗੋਂ ਕਈ ਵਾਰ ਇਸ ਨੇ ਆਤਮ ਕਥਾ ਲਿਖਦਿਆਂ ਇਤਿਹਾਸ ਵਿਚ ਹਥ ਵਟਾਇਆ ਹੈ। ਉਸ ਨੇ ਘਟਨਾਵਾਂ ਦੀ ਚੋਣ ਵਿਚ ਸਰਫੇ ਤੋਂ ਕੰਮ ਲਿਆ ਹੈ ਤੇ ਇਸ ਦੀ ਸ਼ਖ਼ਸੀਅਤ ਇਸ ਤਰ੍ਹਾਂ ਭਰਪੂਰ ਹੈ ਤੇ ਇਸ ਨੂੰ ਜੀਵਨ ਦੀ ਇੰਨੀ ਡੂੰਘੀ ਚੇਟਕ ਹੈ ਕਿ ਇਸ ਦੀ ਹਰ ਘਟਨਾ ਹਰ ਇਕ ਨੂੰ ਆਪਣੇ ਤੇ ਬੀਤੀ ਪ੍ਰਤੀਤ ਹੁੰਦੀ ਹੈ। ਜਿਨ੍ਹਾਂ ਘਟਨਾਵਾਂ ਦਾ ਵਰਣਨ ਕਰਦਾ ਹੈ ਉਹ ਅਜਿਹੀਆਂ ਜਾਨਦਾਰ ਹਨ ਕਿ ਇਨ੍ਹਾਂ ਨੂੰ ਵਧਾਉਣ ਸਜਾਉਣ ਦੀ ਲੋੜ ਨਹੀਂ ਤੇ ਇਸਦੀ ਯਾਦ-ਸ਼ਕਤੀ ਇੰਨੀ ਤੀਖਣ ਹੈ ਕਿ ਭੁੱਲ ਕੇ ਵੀ ਗ਼ਲਤ-ਬਿਆਨੀ ਨਹੀਂ ਕਰਦਾ।

ਬਹੁਤੀਆਂ ਘਟਨਾਵਾਂ ਪ੍ਰਗਟ ਤੌਰ ਤੇ ਦੂਜੇ ਲੋਕਾਂ ਨਾਲ ਸੰਬੰਧਿਤ ਹਨ, ਪਰ ਇਨ੍ਹਾਂ ਦਾ ਲੇਖਕ ਨਾਲ ਇੰਨਾ ਸੰਬੰਧ ਹੈ ਜਾਂ ਉਹ ਇਸ ਤਰ੍ਹਾਂ ਸੰਬੰਧਿਤ ਹਨ ਕਿ



Digitized by Panjab Digital Library | www.panjabdigilib.org

ਇਨ੍ਹਾਂ ਵਿਚੋਂ ਉਸ ਦਾ ਆਪਣਾ ਕਰਦਾਰ, ਉਸ ਦੀ ਸ਼ਖਸੀਅਤ, ਆਪਣਾ ਆਪਾ ਫੁਟ ਫੁਟ ਕੇ ਬਾਹਰ ਨਿਕਲ ਰਿਹਾ ਹੈ। ਗੱਲ ਭਾਵੇਂ ਮਹਾਰਾਜਾ ਨਾਭਾ ਦੀ ਹੋਵੇ ਜਾਂ ਕਿਸੇ ਖੁਫ਼ੀਆ ਪੁਲੀਸ ਵਾਲੇ ਦੀ, ਮਿੱਤਰ ਦੀ ਹੋਵੇ ਜਾਂ ਵੈਰੀ ਦੀ, ਇਸ ਵਿਚੋਂ ਗੱਲ ਕਰਨ ਵਾਲਾ ਝਲਕਾਂ ਮਾਰਦਾ ਹੋਇਆ ਨਜ਼ਰ ਆਉਂਦਾ ਹੈ। ਇਹ ਉਹੋ ਸਥਾਨ ਹੈ ਜਿਥੇ ਕਦੀ ਕਦੀ ਅਖ਼ਬਾਰੀ ਘਟਨਾ-ਨਵੀਸੀ ਹਾਦਸਾ-ਬਿਆਨੀ ਨਾਲ ਮਿਲ ਜਾਂਦੀ ਹੈ। ਇਸ ਲੇਖਨੀ ਦਾ ਪ੍ਰਗਟਾਵਾ ਕੁਝ ਅਜਿਹੀ ਕਚਿਆਈ ਨਾਲ ਹੁੰਦਾ ਹੈ ਕਿ ਅਜਿਹੀ ਘਟਨਾ ਨਾ ਲੱਭਣ ਵਾਲੇ ਨੂੰ ਸਪਸ਼ਟ ਦਿਖਾਈ ਦੇਂਦੀ ਹੈ ਤੇ ਲੱਭਣ ਵਾਲੇ ਤੋਂ ਉਹਲੇ ਰਹਿੰਦੀ ਹੈ। ਇਸ ਲਈ ਮਫ਼ਤੂਨ ਦਾ ਬਿਆਨ ਢੰਗ ਬਨਾਵਟ ਤੋਂ ਪਾਕ ਹੈ। ਉਹ ਫੁੱਲ ਦੀ ਕਲੀ ਕਹਿੰਦਾ ਹੈ "ਗਰੋ ਰੰਗ ਵ ਬੂ" ਨਹੀਂ ਕਹਿੰਦਾ। ਨਾ ਕਦਾਲ ਨੂੰ "ਆਲਾਇ ਜ਼ਮੀਂ ਕਨੀ" ਕਹਿੰਦਾ ਹੈ। ਜਦ ਗੁੱਸੇ ਦਾ ਪ੍ਰਗਟਾਵਾ ਕਰਦਾ ਹੈ ਤਾਂ ਸਿਰਫ਼ "ਆਪ ਕੇ ਕਿਬਲਾ ਵ ਕਾਬਾ ਕੀ ਸ਼ਾਨ ਮੇਂ ਗੁਸਤਾਖ਼ੀ ਕੇ ਇਰਾਦੇ" ਦਾ ਐਲਾਨ ਨਹੀਂ ਕਰਦਾ ਅਤੇ ਖੁਸ਼ ਹੁੰਦਾ ਹੈ ਤਾਂ "ਤਾਫਦਾ ਬਾਸ਼ਦ ਬਹਾਦਰ ਸ਼ਾਹ ਬਾਦ" ਕਿਸਮ ਦੇ ਕਸੀਦੇ ਨਹੀਂ ਲਿਖਦਾ। ਖਰੀ ਖਰੀ ਗੱਲ ਖਹੁਰੇ ਢੰਗ ਨਾਲ ਸਾਫ਼ ਸਾਫ਼ ਕਹਿੰਦਾ ਹੈ। ਨਿਡਰ ਹੋ ਕੇ ਤੇ ਸਪਸ਼ਟ ਕਹਿੰਦਾ ਹੈ।

ਉਹ ਪੂਰਨ ਤੌਰ ਤੇ ਪੱਤਰਕਾਰ ਅਤੇ ਦਿਆਨਤਦਾਰ ਹੈ। ਇਹ ਸੰਗ੍ਰਹਿ ਸਾਡੇ ਪਾਸ ਖ਼ਜ਼ਾਨਾ ਹੈ। ਇਹੀ ਕਾਰਨ ਹੈ ਜੋ ਮੈਂ 'ਨਾਕਾਬਿਲੇ ਫ਼ਰਾਮੋਸ਼' ਨੂੰ ਉਰਦੂ ਦੀਆਂ ਕੁਝ ਯਾਦਗਾਰ ਕਿਤਾਬਾਂ ਵਿਚੋਂ ਗਿਣਦਾ ਹਾਂ। ਉਰਦੂ ਕੀ, ਭਾਰਤ ਵਿਚ ਅੰਗਰੇਜ਼ੀ ਵਿਚ ਵੀ ਇਸ ਪਰਕਾਰ ਦੀਆਂ ਕਿਤਾਬਾਂ ਘਟ ਛਪਦੀਆਂ ਹਨ।

ਇਸ ਪੁਸਤਕ ਦੀ ਹਰ ਸਤਰ ਰੌਚਕ ਹੈ ਕਿਉਂਕਿ ਲਿਖਣ ਵਾਲਾ ਰੌਚਕ ਹੈ ਤੇ ਬਹੁਤ ਹੀ ਦਿਲਚਸਪ ਇਨਸਾਨ ਹੈ। ਪਰ ਹਰ ਘਟਨਾ ਪਿਛੋਂ ਜੋ ਸਦਾਚਾਰਕ ਸਿਖਿਆ ਦੇਂਦਾ ਹੈ ਉਹ ਮੈਨੂੰ ਬੋਝਲ ਪ੍ਰਤੀਤ ਹੁੰਦੀ ਹੈ, ਇਸ ਨੂੰ ਦੀਵਾਨ ਸਿੰਘ ਦੀ ਸ਼ਖ਼ਸੀਅਤ ਤੋਂ ਬਾਹਰੀ ਗਲ ਸਮਝਦਾ ਹਾਂ ਤਾਂ ਪ੍ਰਗਟ ਹੈ ਕਿ ਜਿਸ ਮਨੁਖ ਨੇ ਜਬਰ ਜ਼ੁਲਮ ਦਾ ਇਸ ਤਰ੍ਹਾਂ ਡਟ ਕੇ ਮੁਕਾਬਲਾ ਕੀਤਾ ਹੋਵੇ ਉਸ ਦੀਆਂ ਸਦਾਚਾਰਕ ਕੀਮਤਾਂ ਬਹੁਤ ਸੱਚੀਆਂ ਹੋਣਗੀਆਂ,ਪਰ ਇਸ ਦਾ ਮਤਲਬ ਇਹ ਨਹੀਂ ਕਿ ਇਖ਼ਲਾਕ ਦੇ ਨਾਲ ਸਗੋਂ "ਵਾਅਜ਼-ਗੋਈ" ਵੀ ਸ਼ਾਮਿਲ ਹੋਵੇ। ਇਹ ਲੀਡਰੀ, ਪੰਡਤਾਈ ਤੇ ਮਹਾਤਮਾਤਾਈ ਕਿਸਮ ਦੀ ਖ਼ਸਲਤ ਹੈ। ਮਫ਼ਤੂਨ ਇਸ ਤੋਂ ਅਜ ਤਕ ਦੂਰ ਰਿਹਾ ਹੈ ਤੇ ਭਵਿਖਤ ਵਿਚ ਵੀ ਬਚਿਆ ਰਹੇਗਾ। ਜਿਸ ਤਰ੍ਹਾਂ ਉਹ ਬੇ-ਅਖ਼ਤਿਆਰ ਤੇ ਖਿੜਖਿੜਾ ਕੇ

ਹਸਦਾ ਹੈ, ਆਪਣੇ ਤੇ ਦੂਜਿਆਂ ਤੇ ਵਿਅੰਗ ਕੱਸਦਾ ਹੈ, ਇਹ ਤੌਰ ਤਰੀਕੇ ਹੋਰ ਤਰ੍ਹਾਂ ਦੇ ਨੇ । ਸੋ ਤੁਸੀਂ ਵੇਖੋਗੇ ਕਿ ਇਸ ਪੁਸਤਕ ਵਿਚ ਲੀਗੀ, ਕਾਂਗਰਸੀ, ਅਕਾਲੀ, ਹਿੰਦੂ, ਮੁਸਲਿਮ, ਈਸਾਈ, ਗੋਰੇ, ਕਾਲੇ, ਰਾਜੇ, ਵਜ਼ੀਰ, ਸ਼ਰਾਬੀ ਤੇ ਨਿਮਾਜ਼ੀ ਸਭ ਇਕ ਹੀ ਰੱਸੀ ਨਾਲ ਬੰਨ੍ਹੇ ਹੋਏ ਹਨ, ਮਨੁਖਤਾ ਦੀ ਰੱਸੀ ਵਿਚ। ਮਫ਼ਤੂਨ ਦਾ ਪਖਪਾਤ, ਮਿਤਰਤਾ, ਵੈਰ ਸਭ ਮਨੁਖੀ ਹਨ। ਇਸ ਦੌਰ ਵਿਚ, ਇਸ ਫ਼ਰੇਬ ਦੇ ਦੌਰ ਵਿਚ, ਇਸ ਪਰਕਾਰ ਦੇ ਲੋਕਾਂ ਦਾ ਮਿਲਣਾ ਹੀ ਸਾਡੇ ਧੰਨ ਭਾਗ ਹਨ। ਤੁਸੀਂ ਇਨ੍ਹਾਂ ਨੂੰ ਇਸ ਕਿਤਾਬ ਵਿਚ ਮਿਲ ਕੇ ਬਹੁਤ ਖ਼ੁਸ਼ ਹੋਵੋਗੇ।

ਅਭੀ ਕੁਛ ਲੋਕ ਬਾਕੀ ਹੈਂ ਜਹਾਂ ਮੇਂ



Digitized by Panjab Digital Library | www.panjabdigilib.org

# ਬਹੁਤ ਚੰਗਾ ਮਿੱਤਰ

ਤੇ

# ਖ਼ਤਰਨਾਕ ਵੈਰੀ

[ਹਜ਼ਰਤ ਇਲਾਮਾ ਨਿਆਜ਼ ਫਤਹਪੁਰੀ ਐਡੀਟਰ "ਨਿਗਾਰ" ਲਖਨਊ]

ਅਜ ਤੋਂ ਸੈਂਤੀ ਸਾਲ ਪਹਿਲਾਂ ੧੯੨੦ ਦੀ ਗੱਲ ਹੈ। ਦਿੱਲੀ ਤੋਂ ਮੁੱਲਾਂ ਵਾਹਦੀ ਦੈਨਿਕ "ਰਈਅਤ" ਕੱਢਿਆ ਕਰਦੇ ਸਨ ਤੇ ਮੈਨੂੰ ਭੂਪਾਲ ਤੋਂ ਇਸ ਦੀ ਸੰਪਾਦਨਾ ਲਈ ਬੁਲਾਇਆ ਗਿਆ। ਮੈਂ ਆ ਗਿਆ ਤੇ ਮੁੱਲਾਂ ਵਾਹਦੀ ਦੇ ਮਕਾਨ ਤੇ 'ਰਈਅਤ'ਦੇ ਦਫ਼ਤਰ ਵਿਚ ਸਭ ਤੋਂ ਪਹਿਲਾਂ ਸ: ਦੀਵਾਨ ਸਿੰਘ ਨਾਲ ਮੇਰੀ ਵਾਕਫ਼ੀਅਤ ਹੋਈ। ਮੈਂ ਸਵੇਰੇ ਦੋ ਤਿੰਨਾਂ ਘੰਟਿਆਂ ਲਈ ਦਫ਼ਤਰ ਜਾਇਆ ਕਰਦਾ ਸਾਂ ਤੇ ਸੰਪਾਦਕੀ ਨੋਟ ਆਦਿ ਲਿਖ ਕੇ ਆਪਣੇ ਨਿਵਾਸ-ਸਥਾਨ ਤੇ ਵਾਪਸ ਆ ਜਾਇਆ ਕਰਦਾ ਸਾਂ। ਇਸ ਤੋਂ ਪਹਿਲਾਂ ਤੇ ਪਿਛੋਂ ਉਥੇ ਕੀ ਹੁੰਦਾ ਸੀ, ਅਖ਼ਬਾਰ ਕਿਥੇ ਛਪਦਾ ਸੀ? ਕਦੋਂ ਪ੍ਰਕਾਸ਼ਤ ਕੀਤਾ ਜਾਂਦਾ ਸੀ, ਇਸ ਦਾ ਮੈਨੂੰ ਕੋਈ ਗਿਆਨ ਨਹੀਂ ਸੀ। ਇਸ ਦੀ ਮਲਕੀਅਤ ਸੰਬੰਧੀ ਜ਼ਰੂਰ ਇਹ ਕਨਸੋਅ ਸੁਣੀ ਸੀ ਕਿ ਇਸ ਨੂੰ ਪਹਿਲਾਂ ਖ਼ਵਾਜਾ ਹਸਨ ਨਜ਼ਾਮੀ ਦੀ ਤਹਿਰੀਕ ਤੋਂ ਭਈਆ ਅਹਿਸਾਨ ਉਲਹਕ ਨੇ ਜਾਰੀ ਕੀਤਾ ਸੀ ਅਤੇ ਫਿਰ ਜਦ ਇਨ੍ਹਾਂ ਨੂੰ ਕੁਝ ਮੁਸ਼ਕਲਾਂ ਪੇਸ਼ ਆਈਆਂ ਤਾਂ ਮੁੱਲਾਂ ਵਾਹਦੀ ਨੇ ਇਸ ਨੂੰ ਖ਼ਰੀਦ ਲਿਆ।

ਜਨਤਾ ਦੀ ਆਵਾਜ਼ ਸਰਕਾਰ ਤਕ ਪਹੁੰਚਾਉਣਾ ਇਸ ਦੀ ਨੀਤੀ ਸੀ। ਸਰਕਾਰ ਇਸ ਨੂੰ ਚੰਗੀ ਨਜ਼ਰ ਨਾਲ ਨਹੀਂ ਦੇਖਦੀ ਸੀ ਤੇ ਸ਼ਾਇਦ ਇਸੇ ਕਾਰਨ ਭਈਆ ਅਹਿਸਾਨ ਇਸ ਤੋਂ ਵੱਖ ਹੋ ਗਏ ਸਨ। ਮੁੱਲਾਂ ਵਾਹਦੀ ਸਮਝਦੇ ਸਨ ਕਿ ਸਰਕਾਰ ਅਖ਼ਬਾਰ ਨੂੰ ਜ਼ਿਆਦਾ ਦੇਰ ਚਲਣ ਨਾ ਦੇਵੇਗੀ ਤੇ ਜ਼ਮਾਨਤ ਮੰਗ ਕੇ ਇਸ ਨੂੰ ਖ਼ਤਮ ਕਰ ਦੇਵੇਗੀ। ਇਸ ਲਈ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਜਦ ਅਵਸਥਾ ਅਜਿਹੀ ਹੈ ਤਾਂ ਕਿਉਂ ਨਾ ਸਖ਼ਤ ਰਵੱਈਆ ਧਾਰਨ ਕੀਤਾ ਜਾਵੇ ਤਾਂ ਜੋ ਬੰਦ ਹੋਣ ਤੇ ਆਪਣਾ ਪ੍ਰਭਾਵ ਜਨਤਾ ਦੇ ਦਿਲਾਂ ਤੇ ਛਡ ਜਾਏ। ਮੈਨੂੰ ਬੁਲਾਉਣ ਦਾ ਇਹੋ ਕਾਰਨ ਸੀ ਕਿਉਂਕਿ ਉਸ ਵਕਤ ਮੇਰੀਆਂ ਰਾਜਨੀਤਕ ਕਵਿਤਾਵਾਂ ਤੇ ਲੇਖ "ਅਲਹਾਲ" ਅਤੇ "ਜ਼ਿਮੀਂਦਾਰ" ਆਦਿ ਵਿਚ ਛਪਦੇ



Digitized by Panjab Digital Library | www.panjabdigilib.org

ਹੁੰਦੇ ਸਨ। ਉਨ੍ਹਾਂ ਦਾ ਅਸਰ ਬਹੁਤ ਪੁਰਜੋਸ਼ ਹੁੰਦਾ ਸੀ ਤੇ ਸਰਕਾਰ ਉਤੇ ਮੇਰੀ ਪੜਚੋਲ ਪਸੰਦ ਕੀਤੀ ਜਾਂਦੀ ਸੀ। ਅੰਤ ਨੂੰ ਜਦ ਕੁਝ ਦਿਨਾਂ ਪਿਛੋਂ ਪਤਾ ਲਗ ਗਿਆ ਕਿ ਸਰਕਾਰ ਨੇ "ਰਈਅਤ" ਨੂੰ ਖ਼ਤਮ ਕਰਨ ਦਾ ਫ਼ੈਸਲਾ ਕਰ ਲਿਆ ਹੈ ਤਾਂ ਵਾਹਦੀ ਸਾਹਿਬ ਨੇ ਮੈਨੂੰ ਕਿਹਾ ਕਿ ਜਦ ਅਵਸਥਾ ਇਹ ਹੈ ਤਾਂ ਕਿਉਂ ਨਾ ਸੰਭਾਲਾ ਕੀਤਾ ਜਾਵੇ।

ਅੰਤ ਨੂੰ ਮੈਂ ਮਿਸਰ ਦੀ ਸਮੱਸਿਆ ਤੇ ਦੋ ਨੋਟ ਬਹੁਤ ਸਖ਼ਤ ਲਿਖ ਦਿਤੇ ਤੇ ਸਰਕਾਰ ਨੂੰ 'ਰਈਅਤ' ਬੰਦ ਕਰ ਦੇਣ ਦਾ ਇਕ ਹੋਰ ਬਹਾਨਾ ਹੱਥ ਆ ਗਿਆ ਅਤੇ ਇਹ ਖੇਡ ਉਲਟ ਦਿਤੀ ਗਈ।

ਇਹ ਜ਼ਿਕਰ ਮੈਂ ਇਸ ਲਈ ਕੀਤਾ ਹੈ ਕਿ ਮੇਰੇ ਤੇ ਦੀਵਾਨ ਸਿੰਘ ਦੀ ਪਹਿਲੀ ਵਾਕਫ਼ੀਅਤ ਦਾ ਦ੍ਰਿਸ਼ ਸਾਹਮਣੇ ਆ ਜਾਏ। ਸਰਦਾਰ ਸਾਹਿਬ ਨਾਲ ਰੋਜ਼ ਦਫ਼ਤਰ ਵਿਚ ਮੁਲਾਕਾਤ ਹੁੰਦੀ ਸੀ, ਪਰ ਬਹੁਤ ਸਰਸਰੀ ਜਿਹੀ। ਉਹ ਮੈਨੂੰ ਵੇਖ ਕੇ ਕੀ ਸਮਝਦੇ ਹੋਣਗੇ, ਮੈਨੂੰ ਨਹੀਂ ਪਤਾ, ਪਰ ਮੈਂ ਉਨ੍ਹਾਂ ਦੀ ਸਦੀਵੀ ਬੇਚੈਨੀ, ਗਲ ਬਾਤ ਦਾ ਢੰਗ, ਉੱਚਾ ਬੋਲ ਚਾਲ ਅਤੇ ਮਿਲਣਸਾਰੀ ਨੂੰ ਦੇਖ ਕੇ ਜ਼ਰੂਰ ਉਨ੍ਹਾਂ ਨੂੰ ਸਮਝਣ ਦਾ ਯਤਨ ਕੀਤਾ ਤੇ ਅੰਤ ਨੂੰ ਇਕ ਦਿਨ ਵਾਹਦੀ ਸਾਹਿਬ ਦੇ ਪੁਛਣ ਤੇ ਮੈਂ ਉਨ੍ਹਾਂ ਨੂੰ ਕਹਿ ਵੀ ਦਿਤਾ ਕਿ "ਰਈਅਤ" ਚੱਲੇ ਨਾ ਚੱਲੇ, ਪਰ ਦੀਵਾਨ ਸਿੰਘ ਵਰਗਾ ਸਹਾਇਕ ਤੁਹਾਨੂੰ ਮੁਸ਼ਕਲ ਨਾਲ ਮਿਲੇਗਾ।

ਮੈਨੂੰ ਨਹੀਂ ਪਤਾ ਕਿ ਮੇਰੇ ਦਿੱਲੀ ਤੋਂ ਭੂਪਾਲ ਵਾਪਸ ਆਉਣ ਤੋਂ ਪਿਛੋਂ ਦੀਵਾਨ ਸਿੰਘ ਵਾਹਦੀ ਸਾਹਿਬ ਨਾਲ ਸੰਬੰਧਿਤ ਰਹੇ ਜਾਂ ਨਾ ਤੇ ਉਨ੍ਹਾਂ ਨੇ ਉਸ ਤੋਂ ਪਿਛੋਂ ਕੀ ਕੀਤਾ ਕਿਉਂਕਿ ਉਨ੍ਹਾਂ ਨੇ ਆਪਣੇ ਜੋ ਹਾਲਾਤ ਲਿਖੇ ਹਨ ਉਨ੍ਹਾਂ ਵਿਚ ਕੋਈ ਇਤਿਹਾਸਕ ਲਗਾਤਾਰਤਾ ਨਹੀਂ, ਪਰ ਇਨ੍ਹਾਂ ਦੇ ਅਧਿਅਨ ਤੋਂ ਜ਼ਰੂਰ ਪ੍ਰਤੀਤ ਹੁੰਦਾ ਹੈ ਕਿ ਇਸ ਤੋਂ ਪਿਛੋਂ ਹੀ ਉਨ੍ਹਾਂ ਨੇ 'ਰਿਆਸਤ' ਜਾਰੀ ਕਰਨ ਦਾ ਫ਼ੈਸਲਾ ਕੀਤਾ ਅਤੇ ਫਿਰ ਇਸ ਸਿਲਸਿਲੇ ਵਿਚ ਜੋ ਮਜ਼ਲਾਂ ਉਨ੍ਹਾਂ ਤਹਿ ਕੀਤੀਆਂ ਉਨ੍ਹਾਂ ਦਾ ਗਿਆਨ ਵਿਸਥਾਰ ਸਹਿਤ ਇਸ ਪੁਸਤਕ ਤੋਂ ਹੋ ਸਕਦਾ ਹੈ। ਮੇਰੇ ਭੂਪਾਲ ਵਾਪਸ ਜਾਣ ਤੋਂ ਪਿਛੋਂ ਦੀਵਾਨ ਸਿੰਘ ਅਤੇ ਮੈਂ ਕਾਫ਼ੀ ਚਿਰ ਇਕ ਦੂਜੇ ਤੋਂ ਦੂਰ ਰਹੇ, ਪਰ ਇਹ ਦੂਰੀ ਅਜਿਹੀ ਨਹੀਂ ਸੀ ਕਿ ਮੈਂ ਉਨ੍ਹਾਂ ਨੂੰ ਭੁਲ ਜਾਂਦਾ। ਇਸ ਲਈ 'ਰਿਆਸਤ' ਦੇ ਅਰੰਭ ਹੋਣ ਪਿਛੋਂ ਜਦ ਕਦੀ ਦਿੱਲੀ ਜਾਂਦਾ ਤਾਂ ਉਨ੍ਹਾਂ ਦੇ ਪਾਸ ਹੀ ਟਿਕਾਣਾ ਕਰਦਾ ਅਤੇ ਸਿਰਫ਼ ਇਸ ਲਈ ਕਿ ਉਨ੍ਹਾਂ ਦੀ ਸਾਦਗੀ ਤੇ ਬੇਤਕੱਲਫ਼ੀ ਬਹੁਤ ਪਸੰਦ ਸਨ ਤੇ ਉਥੇ ਠਹਿਰਣ ਤੋਂ ਪਿਛੋਂ ਮੈਂ ਆਪਣੇ ਆਪ ਨੂੰ ਬਿਲਕੁਲ ਆਜ਼ਾਦ ਮਹਿਸੂਸ ਕਰਦਾ ਸਾਂ।



Digitized by Panjab Digital Library | www.panjabdigilib.org

ਸ: ਦੀਵਾਨ ਸਿੰਘ ਜੀ ਦੇ ਘਰੇਲੂ ਜੀਵਨ ਵਲ ਮੈਂ ਕਦੀ ਧਿਆਨ ਨਹੀਂ ਕੀਤਾ ਸੀ ਤੇ ਨਾ ਹੀ ਇਸ ਦੀ ਲੋੜ ਸੀ। ਮੈਂ ਸਦਾ ਉਨ੍ਹਾਂ ਨੂੰ ਸਾਧੂਆਂ ਵਰਗਾ ਇਕਾਂਤ ਜੀਵਨ ਬਤੀਤ ਕਰਦੇ ਵੇਖਿਆ ਹੈ, ਪਰ ਇਸ ਦਾ ਭਾਵ ਇਹ ਨਹੀਂ ਕਿ ਉਹ ਦੁਨੀਆਂ ਦੇ ਸੁਖ ਅਰਾਮ ਦੇ ਸਾਧਨਾਂ ਤੋਂ ਨਿਰਲੇਪ ਸਨ। ਸੁਖਦਾਇਕ ਮਕਾਨ, ਚੰਗਾ ਫ਼ਰਨੀਚਰ, ਨੌਕਰ ਚਾਕਰ, ਸੁਆਰੀ ਲਈ ਮੋਟਰ, ਸਭ ਕੁਝ ਇਨ੍ਹਾਂ ਦੇ ਪਾਸ ਸੀ ਤੇ ਆਪਣੇ ਪ੍ਰਾਹੁਣਿਆਂ ਦੀ ਖ਼ਾਤਰਦਾਰੀ ਬੜੀ ਦਰਿਆਦਿਲੀ ਨਾਲ ਕਰਦੇ ਸਨ, ਪਰ ਖ਼ੁਦ ਇਨ੍ਹਾਂ ਦਾ ਜੀਵਨ ਸੂਫ਼ੀਆਨਾ ਸੀ ਜੋ ਉਨ੍ਹਾਂ ਨੇ ਹੁਣ ਤਕ ਤਰਕ ਨਹੀਂ ਕੀਤਾ ਤੇ ਹੁਣ ਤਕ ਇਸ ਤੇ ਕਾਇਮ ਹਨ।

ਸ: ਦੀਵਾਨ ਸਿੰਘ ਦੀ ਸੁਭਾਵਕ ਵਿਸ਼ੇਸ਼ਤਾ, ਜੋ ਹੁਣ ਤਕ ਵੀ ਉਨ੍ਹਾਂ ਵਿਚ ਹੈ, ਉਹ ਹੈ ਉਨ੍ਹਾਂ ਦੀ ਮਰਦਾਵੀਂ ਹਿੰਮਤ। ਮੁਸੀਬਤਾਂ ਤੇ ਪਰੇਸ਼ਾਨੀਆਂ ਵਿਚ ਘਬਰਾ ਜਾਣਾ ਮਨੁਖੀ ਸੁਭਾ ਹੈ, ਪਰ ਕੁਦਰਤ ਨੇ ਇਹ ਫਿਤਰਤ ਉਸ ਵਿਚ ਪੈਦਾ ਹੀ ਨਹੀਂ ਕੀਤੀ। ਮੁਸੀਬਤਾਂ ਦਾ ਮੁਕਾਬਲਾ ਉਹ ਅਜਿਹੀ ਹਿੰਮਤ, ਖਿੜੇ ਮੱਥੇ ਤੇ ਸਬਰ ਨਾਲ ਕਰਦੇ ਸਨ ਕਿ ਵੇਖ ਕੇ ਹੈਰਾਨੀ ਹੁੰਦੀ ਸੀ।

ਉਹ ਬਹੁਤ ਬੋਲਣ ਵਾਲੇ ਹਸਮੁਖ ਮਨੁਖ ਹਨ ਜੋ ਚਿੰਤਾ ਨੂੰ ਕਦੀ ਨੇੜੇ ਆਉਣ ਨਹੀਂ ਦੇਂਦੇ। ਉਹ ਸੁਭਾਵਕ ਬੜੇ ਨਿਝੱਕ, ਆਜ਼ਾਦ ਤੇ ਸਾਫ਼ਗੋ ਮਨੁੱਖ ਹਨ। ਦਿਲ ਤੇ ਜ਼ਬਾਨ ਦੀ ਅਜਿਹੀ ਇਕਸੁਰਤਾ ਮੈਂ ਬਹੁਤ ਘਟ ਲੋਕਾਂ ਵਿਚ ਵੇਖੀ ਹੈ। ਉਹ ਬੜੇ ਚੰਗੇ ਤੇ ਸੱਚੇ ਮਿੱਤਰ ਹਨ, ਪਰ ਉਸੇ ਹਦ ਤਕ ਖ਼ਤਰਨਾਕ ਦੁਸ਼ਮਨ ਵੀ। ਉਹ ਬੜੇ ਦ੍ਰਿੜ੍ਹ ਚਾਲਚਲਣ ਦੇ ਇਨਸਾਨ ਹਨ ਤੇ ਇਕ ਵਾਰ ਜੋ ਸੰਬੰਧ ਕਿਸੇ ਨਾਲ ਕਾਇਮ ਹੋ ਗਏ, ਉਹ ਸਦਾ ਬਣੇ ਰਹਿੰਦੇ ਹਨ। ਉਹ ਬੁੱਕਲ ਦੇ ਸੱਪ ਨੂੰ ਕਦੀ ਮਾਫ਼ ਨਹੀਂ ਕਰਦੇ, ਜਦ ਤਕ ਉਸ ਦਾ ਸਿਰ ਨਾ ਕੁਚਲ ਲੈਣ, ਪਿੱਛਾ ਨਹੀਂ ਛਡਦੇ!

ਸ: ਦੀਵਾਨ ਸਿੰਘ ਦਾ ਸਾਰਾ ਜੀਵਨ ਪਤ੍ਰਕਾਰੀ ਦੇ ਸ਼ੁਗਲ ਵਿਚ ਹੀ ਬੀਤਿਆ ਹੈ ਤੇ ਇਹ ਇਨਕਾਰ ਸੰਭਵ ਨਹੀਂ ਕਿ ਅਖ਼ਬਾਰ 'ਰਿਆਸਤ' ਉਨ੍ਹਾਂ ਦੇ ਸਾਹਿਤਕ ਜੀਵਨ ਦਾ ਇੰਨਾ ਵੱਡਾ ਕਾਰਨਾਮਾ ਹੈ ਕਿ ਅਸੀਂ ਇਸ ਤੋਂ ਹਟ ਕੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਵੀ ਨਹੀਂ ਸਕਦੇ। ਕਿਸੇ ਕੰਮ ਦਾ ਇਰਾਦਾ ਕਰ ਲੈਣਾ ਇਨ੍ਹਾਂ ਵਾਸਤੇ ਇਕ ਅਜਿਹਾ ਆਤਮਿਕ ਪ੍ਰਣ ਹੈ ਜਿਸ ਨੂੰ ਨਿਭਾਉਣ ਵਿਚ ਉਹ ਆਪਣੀ ਸਾਰੀ ਦਿਮਾਗ਼ੀ ਤੇ ਸਰੀਰਕ ਸ਼ਕਤੀ ਲਗਾ ਦੇਂਦੇ ਹਨ। ਉਹ ਹਰ ਕੰਮ ਦੇ ਨਤੀਜੇ ਪਹਿਲਾਂ ਸੋਚ ਲੈਂਦੇ ਹਨ ਤੇ ਫਿਰ ਇਸ ਤੋਂ ਪਿਛੇ ਨਹੀਂ ਹਟਦੇ ਤੇ ਮਿਹਨਤ ਦਾ ਇਹ ਹਾਲ ਹੈ ਕਿ ਥਕਾਵਟ ਨਾਂ ਤੋਂ ਹੀ ਜਾਣੂ ਨਹੀਂ ਹਨ ਤੇ ਇਕ ਮਸ਼ੀਨ ਵਾਂਗ ਹਰ ਵਕਤ ਕੰਮ ਕਰਦੇ ਰਹਿੰਦੇ ਹਨ।



Digitized by Panjab Digital Library | www.panjabdigilib.org

ਇਨ੍ਹਾਂ ਦੇ ਸਫਲ ਪੱਤਰਕਾਰੀ ਜੀਵਨ ਦਾ ਸਭ ਤੋਂ ਵੱਡਾ ਭੇਦ ਇਨ੍ਹਾਂ ਦਾ ਇਹੋ ਜੋਸ਼ ਭਰਿਆ ਅਮਲ ਹੈ ਤੇ ਇਸ ਦੇ ਨਾਲ ਜ਼ਮੀਰ ਦਾ ਉਚੇਚਾ ਖ਼ਿਆਲ ਕਿ :

"ਮੌਜ ਖੂੰ ਸਰ ਸੇ ਗੁਜ਼ਰ ਹੀ ਕਿਉਂ ਨਾ ਜਾਏ।"

ਪਰ ਉਹ ਆਪਣੀ ਜ਼ਮੀਰ ਦੇ ਖ਼ਿਲਾਫ਼ ਕਦੀ ਕੁਝ ਨਹੀਂ ਲਿਖਣਗੇ।

ਸ: ਦੀਵਾਨ ਸਿੰਘ ਬੜੇ ਰਿਸ਼ਟ ਪੁਸ਼ਟ ਪੁਰਸ਼ ਹਨ ਤੇ ਇਕ ਲੰਮੇ ਸਮੇਂ ਤੋਂ ਯੌਰਕ ਏਸਡ ਦੇ ਰੋਗੀ ਹਨ, ਪਰ ਮੈਂ ਕਦੀ ਨਹੀਂ ਵੇਖਿਆ ਕਿ ਇਸ ਕਾਰਨ ਉਨ੍ਹਾਂ ਦੇ ਕੰਮ ਵਿਚ ਕੋਈ ਫ਼ਰਕ ਆਇਆ ਹੋਵੇ।

ਸਵੇਰੇ ਉਠਣਾ ਤੇ ਕੰਮ ਵਿਚ ਰੁਝ ਜਾਣਾ ਇਹ ਉਨ੍ਹਾਂ ਦੇ ਜੀਵਨ ਦੀਆਂ ਅਜਿਹੀਆਂ ਸਚਾਈਆਂ ਹਨ ਜਿਨ੍ਹਾਂ ਤੋਂ ਇਨਕਾਰ ਕਰਨਾ ਸੰਭਵ ਨਹੀਂ। ਉਹ ਆਪਣਾ ਇਕ ਉਪਨਾਮ ਵੀ ਰਖਦੇ ਹਨ 'ਮਫ਼ਤੂਨ' ਪਰ ਮੈਂ ਉਨ੍ਹਾਂ ਤੋਂ ਕੋਈ ਸ਼ਿਅਰ ਨਹੀਂ ਸੁਣਿਆ, ਭਾਵੇਂ ਜਾਦੂ ਬਿਆਨ ਸਾਹਿਤਕਾਰ ਦੀ ਹੈਸੀਅਤ ਨਾਲ ਉਨ੍ਹਾਂ ਦੇ ਬਹੁਤ ਸਾਰੇ ਕਾਰਨਾਮੇ ਸਾਡੇ ਪਾਸ ਹਨ।

ਉਹ ਪੱਤਰਕਾਰ ਸਾਹਿਤਕਾਰ ਹਨ ਤੇ ਇਸ ਕਲਾ ਦੇ ਨਿਪੁੰਨ। ਉਹ ਜਾਣਦੇ ਹਨ ਕਿ ਇਕ ਪੱਤਰਕਾਰ ਨੂੰ ਕਿਹੜੇ ਢੰਗ ਨਾਲ ਲਿਖਣਾ ਚਾਹੀਦਾ ਹੈ, ਪਰ ਕਦੀ ਕਦੀ ਜ਼ਿਆਦਾ ਜੋਸ਼ ਵਿਚ ਇਨ੍ਹਾਂ ਦੀ ਕਲਮ ਲੋੜੀਂਦੀ ਹੱਦ ਤੋਂ ਬਾਹਰ ਹੋ ਜਾਂਦੀ ਹੈ।

ਬੇਗਰਜ਼ ਸ: ਦੀਵਾਨ ਸਿੰਘ ਬੜਾ ਸੱਚਾ ਦੋਸਤ, ਬੜਾ ਖ਼ਤਰਨਾਕ ਦੁਸ਼ਮਣ, ਬਹੁਤ ਨਿਝੱਕ ਪੱਤਰਕਾਰ, ਬੇਖ਼ੌਫ਼ ਤੇ ਨਿਡਰ ਮਨੁਖ ਹੈ। ਮੈਂ ਬਹੁਤ ਘਟ ਅਜਿਹੇ ਮਨੁੱਖ ਵੇਖੇ ਹਨ ਜੋ ਦੀਵਾਨ ਸਿੰਘ ਵਰਗੇ ਸਾਬਰ ਤੇ ਔਕੜਾਂ ਦਾ ਟਾਕਰਾ ਕਰਨ ਲਈ ਸ਼ੇਰ ਵਰਗਾ ਦਿਲ ਰਖਦੇ ਹੋਣ।

ਇਹ ਕਿਤਾਬ ਇਸੇ ਨਾਕਾਬਿਲੇ-ਫਰਾਮੋਸ਼ ਸ਼ਖ਼ਸੀਅਤ ਦੀਆਂ ਹੱਡ-ਬੀਤੀਆਂ ਦਾ ਨਿਚੋੜ ਹੈ ਤੇ ਇੰਨੀ ਰੋਚਕ ਹੈ ਕਿ ਘਟ ਤੋਂ ਘਟ ਇਸ ਦੇ ਅਧਿਅਨ ਵਿਚ ਮੈਨੂੰ ਉੱਨਾ ਹੀ ਸੁਆਦ ਆਉਂਦਾ ਹੈ ਜਿੰਨਾ ਗ਼ੌਸ ਅਲੀ ਸ਼ਾਹ ਦੇ "ਮਜ਼ਕਰਾ ਗ਼ੌਸੀਆ" ਦੇ ਅਧਿਅਨ ਵਿਚ।



Digitized by Panjab Digital Library | www.panjabdigilib.org

# ਸਿਖਿਆਦਾਇਕ ਪੁਸਤਕ

[ਡਾ: ਮੌਲਵੀ ਅਬਦੁਲ-ਹੱਕ ਸਾਹਿਬ-ਬਾਨੀ ਅੰਜਮਨ ਤਰੱਕੀ ਉਰਦੂ]

ਸੰਸਾਰ ਵਿਚ ਹਜ਼ਾਰਾਂ ਹੀ ਸਿਖਿਆਦਾਇਕ ਪੁਸਤਕਾਂ ਹਨ, ਇਕ ਤੋਂ ਇਕ ਚੰਗੀ ਅਤੇ ਹਰ ਬੋਲੀ ਵਿਚ ਹਨ। ਰੂਹਾਨੀ ਤੇ ਅਕਾਸ਼ੀ ਗ੍ਰੰਥ ਹਨ। ਆਚਰਣ ਤੇ ਸੁਭਾ ਉਤੇ ਵਿਖਿਆਨ ਤੇ ਵਾਅਜ਼ ਵੀ ਹੁੰਦੇ ਹਨ। ਮਾਤਾ ਪਿਤਾ ਆਪਣੀ ਸੰਤਾਨ ਨੂੰ ਸਮੇਂ ਸਮੇਂ ਨਸੀਹਤਾਂ ਕਰਦੇ ਰਹਿੰਦੇ ਹਨ। ਵਡੇ ਛੋਟਿਆਂ ਨੂੰ ਸਮਝਾਉਂਦੇ ਤੇ ਹਦਾਇਤਾਂ ਕਰਦੇ ਹਨ, ਪਰ ਇਹ ਤਦਬੀਰਾਂ ਕੁਝ ਜ਼ਿਆਦਾ ਗੁਣ-ਕਾਰੀ ਤੇ ਪ੍ਰਭਾਵਸ਼ਾਲੀ ਨਹੀਂ ਹੁੰਦੀਆਂ। ਇਕ ਵਿਚ ਹੁਕਮ ਤੇ ਦੂਜੀ ਵਿਚ ਫਿੱਕੀ ਤੇ ਬੇਸੁਆਦ ਸਿਖਿਆ ਹੈ ਜਿਸ ਵਿਚ ਕੋਈ ਦਿਲਚਸਪੀ ਨਹੀਂ। ਵਿਦਿਆ ਲਈ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਦਰਵਾਜ਼ੇ ਖੁਲ੍ਹੇ ਪਏ ਹਨ। ਇਹ ਦਿਮਾਗੀ ਕਾਬਲੀਅਤ ਤੇ ਪ੍ਰੀਖਿਆਵਾਂ ਪਾਸ ਕਰਨ ਲਈ ਚੰਗੀਆਂ ਪਾਠਸ਼ਾਲਾਂ ਹਨ, ਪਰ ਆਚਰਣ ਤੇ ਸੁਭਾ ਦੀ ਉੱਚਤਾ ਭੂਗੋਲ ਤੇ ਗਣਿਤ ਵਾਂਗ ਪੜ੍ਹਨ ਤੇ ਰਟਨ ਨਾਲ ਪ੍ਰਾਪਤ ਨਹੀਂ ਹੁੰਦੀ ਤੇ ਨਾ ਹੀ ਪ੍ਰੋਫ਼ੈਸਰਾਂ ਦੇ ਲੈਕਚਰਾਂ ਨਾਲ। ਇਹ ਅਮੁੱਲ ਸ਼ੈ ਚੰਗੀ ਸੰਗਤ ਤੇ ਸਭਿਅਕ ਵਾਤਾਵਰਣ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਬਿਨਾਂ ਸ਼ੱਕ ਇਹੀ ਗੁਣਕਾਰੀ ਤੇ ਪ੍ਰਭਾਵਸ਼ਾਲੀ ਨੀਤੀ ਹੈ, ਪਰ ਹਰ ਜਗ੍ਹਾ ਉਚ-ਆਚਰਣ ਤੇ ਪਵਿਤਰ ਸੀਰਤ ਤੇ ਨਮੂਨੇ ਨਹੀਂ ਮਿਲ ਸਕਦੇ। ਖ਼ਾਸ ਕਰਕੇ ਅਜ ਦੇ ਯੁੱਗ ਵਿਚ ਜਦ ਕਿ ਮਾਇਆ ਤੇ ਵਕਾਰ ਦੀ ਹੱਵਸ ਇਕ ਪਵਿਤਰ ਉਦੇਸ਼ ਬਣ ਗਈ ਹੈ। ਅਜਿਹੀ ਹਾਲਤ ਵਿਚ ਇਸ ਦਾ ਸਿਰਫ਼ ਇਕ ਹੀ ਇਲਾਜ ਹੈ। ਉਹ ਇਹ ਕਿ ਉਨ੍ਹਾਂ ਪਵਿਤਰ ਤੇ ਬਜ਼ੁਰਗ ਹਸਤੀਆਂ ਦੀਆਂ ਆਪ-ਬੀਤੀਆਂ ਜਾਂ ਜੀਵਨੀਆਂ ਅਧਿਅਨ ਲਈ ਪੇਸ਼ ਕੀਤੀਆਂ ਜਾਣ ਜਿਨ੍ਹਾਂ ਨੇ ਆਪਾ ਮਾਰ ਕੇ, ਜਾਨ ਮਾਲ ਤੇ ਆਪਣਾ ਸਭ ਕੁਝ ਦੇਸ਼ ਜਾਂ ਖ਼ੁਦਾ ਦੀ ਖ਼ਲਕਤ ਦੀ ਸੇਵਾ ਲਈ ਕੁਰਬਾਨ ਕਰ ਦਿਤਾ ਹੋਵੇ। ਜਿਨ੍ਹਾਂ ਦੀ ਤਨ, ਮਨ ਤੇ ਧਨ ਦੀ ਨਿਰਲੇਪ ਸੇਵਾ ਤੇ ਦ੍ਰਿੜ੍ਹ ਵਿਸ਼ਵਾਸੀ ਨੇ ਮਨੁੱਖਾਂ ਤੇ ਕੌਮਾਂ ਦੀ ਕਿਸਮਤ ਬਦਲ ਦਿਤੀ ਜਾਂ ਜਿਨ੍ਹਾਂ ਦੀ ਹੱਕ-ਪ੍ਰਸਤੀ ਤੇ ਸਚਾਈ ਦੇ ਕਾਰਨਾਮਿਆਂ ਤੇ ਮੁਰਦਾ ਰੂਹਾਂ ਵਿਚ ਨਵੀਂ ਜਾਨ ਪਾ ਦਿਤੀ। ਇਨ੍ਹਾਂ ਘਟਨਾਵਾਂ ਨੂੰ ਪੜ੍ਹ ਕੇ



Digitized by Panjab Digital Library | www.panjabdigilib.org

ਦਿਲਾਂ ਵਿਚ ਉਮੰਗ, ਵਲਵਲਾ ਤੇ ਜੋਸ਼ ਪੈਦਾ ਹੁੰਦਾ ਹੈ ਤੇ ਅਜਿਹਾ ਹੀ ਬਣਨ ਤੇ ਕੰਮ ਕਰਨ ਦਾ ਸ਼ੌਕ ਦਿਲਾਂ ਨੂੰ ਗੁਦਗੁਦਾਉਂਦਾ ਹੈ।

ਇਹ ਪੁਸਤਕ 'ਨਾਕਾਬਿਲੇ ਫ਼ਰਾਮੋਸ਼' ਵੀ ਇਕ ਅਜਿਹੀ ਹੀ ਪੁਸਤਕ ਹੈ। ਇਸ ਵਿਚ ਇਕ ਅਜਿਹੇ ਮਨੁੱਖ ਦੇ ਤਜਰਬਿਆਂ, ਹਡਬੀਤੀਆਂ ਤੇ ਪ੍ਰਭਾਵਾਂ ਦਾ ਬਿਆਨ ਹੈ ਜੋ ਸਾਰੀ ਉਮਰ ਹੱਕ ਦੀ ਹਮਾਇਤ ਵਿਚ ਘੋਰ ਅਨਰਥ ਦਾ ਦਲੇਰਾਨਾ ਮੁਕਾਬਲਾ ਕਰਦਾ ਰਿਹਾ ਤੇ ਇਸ ਦੀ ਬਦੌਲਤ ਇਸ ਨੇ ਕਈ ਪ੍ਰਕਾਰ ਦੀਆਂ ਔਕੜਾਂ ਅਤੇ ਵਖਤ ਸਹੇ। ਇਸ ਤੇ ਚੋਰੀ, ਜਾਅਲਸਾਜ਼ੀ, ਸਾਜ਼ਸ਼, ਕੋਕੀਨ ਵੇਚਣ, ਨੋਟ ਬਣਾਉਣ ਦੇ ਅਜੀਬ ਇਲਜ਼ਾਮ ਲਗਾਏ ਗਏ, ਝੂਠੇ ਮੁਕੱਦਮੇ ਚਲਾਏ ਗਏ ਤੇ ਇਨ੍ਹਾਂ ਕਾਰਨ ਉਸ ਨੂੰ ਕਈ ਵਾਰ ਜੇਲ ਦਾ ਮੂੰਹ ਵੇਖਣਾ ਪਿਆ। ਉਸ ਨੇ ਰਿਆਸਤਾਂ ਦੇ ਅਜਿਹੇ ਅਜਿਹੇ ਵਾਲੀਆਂ ਦਾ ਮੁਕਾਬਲਾ ਕੀਤਾ ਜਿਨ੍ਹਾਂ ਦੀ ਤਾਕਤ ਤੇ ਦੌਲਤ ਬੇ-ਹਿਸਾਬ ਸੀ ਤੇ ਜਿਨ੍ਹਾਂ ਨੇ ਵਡਿਆਂ ਵਡਿਆਂ ਨੂੰ ਨੀਵਾਂ ਵਿਖਾਇਆ ਸੀ।

ਦੀਵਾਨ ਸਿੰਘ ਦਾ ਘਰ ਮਜ਼ਲੂਮਾਂ ਤੇ ਜ਼ੁਲਮ ਦੇ ਸ਼ਿਕਾਰਾਂ ਦੀ ਪਨਾਹਗਾਹ ਸੀ। ਉਹ ਆਪਣੀਆਂ ਫ਼ਰਿਆਦਾਂ ਲੈ ਕੇ ਉਨ੍ਹਾਂ ਪਾਸ ਪਹੁੰਚਦੇ ਜਾਂ ਲਿਖ ਕੇ ਭੇਜਦੇ। ਇਨ੍ਹਾਂ ਵਿਚ ਅਮੀਰ ਗ਼ਰੀਬ, ਰਈਸ ਸਭ ਹੀ ਕਿਸਮ ਦੇ ਲੋਕ ਸਨ। ਜਦ ਪੂਰਾ ਪਤਾ ਲਗਾ ਕਿ ਸ਼ਿਕਾਇਤ ਠੀਕ ਹੈ ਤਾਂ ਉਹ ਉਨ੍ਹਾਂ ਦੀ ਹਮਾਇਤ ਲਈ ਕਮਰ-ਕੱਸੇ ਕੱਸ ਲੈਂਦੇ। ਉਨ੍ਹਾਂ ਵਿਚ ਆਮ ਤੌਰ ਤੇ ਰਿਆਸਤਾਂ ਦੇ ਜ਼ਾਲਮ, ਜਾਬਰ ਵਾਲੀਆਂ ਦੇ ਸਤਾਏ ਹੋਏ ਪੀੜਤ ਹੁੰਦੇ ਸਨ, ਜਿਨ੍ਹਾਂ ਦੇ ਸਾਹਮੰਣੇ ਆਉਂਦਿਆਂ ਹੋਇਆਂ ਵਡੇ ਵਡੇ ਸੂਰਮਿਆਂ ਦੇ ਪਿੱਤਿਆਂ ਵਿਚ ਪਾਣੀ ਭਰ ਜਾਂਦਾ ਸੀ। ਸਰਦਾਰ ਸਾਹਿਬ ਨੇ ਇਕ ਥਾਂ ਮਿਸਟਰ ਹਾਰਨੀਮੈਨ ਦਾ ਇਹ ਕਥਨ ਨਕਲ ਕੀਤਾ ਹੈ :

> "ਅਖ਼ਬਾਰ ਨਵੀਸ ਦੁਨੀਆਂ ਵਿਚ ਉਨ੍ਹਾਂ ਦਾ ਸਾਥ ਦੇਣ ਲਈ ਪੈਦਾ ਹੋਇਆ ਹੈ ਜੋ ਮੁਸੀਬਤਾਂ ਵਿਚ ਹੋਣ। ਉਨ੍ਹਾਂ ਲੋਕਾਂ ਨਾਲ ਸਾਡਾ ਕੋਈ ਸੰਬੰਧ ਨਹੀਂ ਜੋ ਐਸ਼ ਆਰਾਮ ਵਿਚ ਹੋਣ।"

ਦੀਵਾਨ ਸਿੰਘ ਮਫ਼ਤੂਨ ਨੇ ਹਾਰਨੀਮੈਨ ਦੇ ਇਸ ਕਥਨ ਤੇ ਸਦਾ ਅਮਲ ਕੀਤਾ ਤੇ ਜਾਨ ਜੋਖੋਂ ਵਿਚ ਪਾ ਕੇ ਮਜ਼ਲੂਮਾਂ ਦੀ ਹਮਾਇਤ ਕੀਤੀ। ਭਾਵੇਂ ਇਨ੍ਹਾਂ ਕਾਰਨ ਉਨ੍ਹਾਂ ਨੂੰ ਬਹੁਤ ਬੁਰੇ ਦਿਨ ਵੇਖਣੇ ਪਏ। ਪੰਦਰਾਂ ਵਾਰ ਗ੍ਰਿਫ਼ਤਾਰ ਹੋਏ ਤੇ ਅੱਠ ਜੇਲਾਂ ਦੀ ਸੈਰ ਕੀਤੀ ਪਰ ਉਨ੍ਹਾਂ ਤੇ ਜਿੰਨੀਆਂ ਔਕੜਾਂ ਪਈਆਂ, ਜਿੰਨੇ ਮੁਕੱਦਮੇ ਚਲੇ, ਉੱਨੀ ਹੀ ਉਨ੍ਹਾਂ ਦੀ ਇਜ਼ਤ ਤੇ ਕੀਮਤ ਵਧਦੀ ਗਈ।



Digitized by Panjab Digital Library | www.panjabdigilib.org

ਉਹ ਚਾਹੁੰਦੇ ਤਾਂ ਬਗ਼ੈਰ ਜ਼ਿਆਦਾ ਖੇਚਲ ਦੇ ਅਣਗਿਣਤ ਮਾਇਆ ਪ੍ਰਾਪਤ ਕਰ ਲੈਂਦੇ, ਪਰ ਵਡੀ ਤੋਂ ਵਡੀ ਰਿਸ਼ਵਤ ਤੇ ਵਡੇ ਤੋਂ ਵਡਾ ਲਾਲਚ ਵੀ ਉਨ੍ਹਾਂ ਨੂੰ ਆਪਣੇ ਅਸੂਲ ਤੋਂ ਡਾਂਵਾਂਡੋਲ ਨਾ ਕਰ ਸਕਿਆ।

ਇਹ ਆਪ ਬੀਤੀ ਬੜੀ ਸਿਖਿਆਦਾਇਕ ਤੇ ਅਚੰਭਿਤ ਹੈ। ਇਸ ਵਿਚ ਜਿਥੇ ਰਾਜਨੀਤਕ ਵਿਭਾਗ ਦੇ ਭੇਦ, ਦੇਸੀ ਰਿਆਸਤਾਂ ਦੇ ਇਸਰਾਰ, ਜ਼ੁਲਮ ਤੇ ਸਾਜ਼ਸ਼ਾਂ, ਰਿਸ਼ਵਤ ਦੀ ਗਰਮ ਬਜ਼ਾਰੀ, ਪੁਲੀਸ ਤੇ ਸਰਕਾਰ ਦੀਆਂ ਧੱਕੇਸ਼ਾਹੀਆਂ, ਜੇਲਾਂ ਦਾ ਜੀਵਨ, ਆਚਰਣ ਦੀ ਉੱਚਤਾ, ਖ਼ੁਦਗ਼ਰਜ਼ੀ, ਹੱਵਸ ਦੀ ਭੁੱਖ, ਗ਼ਦਾਰੀ ਤੇ ਨਮਕ ਹਰਾਮੀ ਦੀਆਂ ਅਚੰਭਿਤ ਘਟਨਾਵਾਂ ਨਜ਼ਰ ਆਉਣਗੀਆਂ, ਉਥੇ ਗ਼ਰੀਬਾਂ ਦੀ ਮਹਿਮਾਨ ਨਿਵਾਜ਼ੀ, ਚੰਗਾ ਸੁਭਾ, ਦੋਸਤਾਂ ਲਈ ਵਫ਼ਾਦਾਰੀ ਤੇ ਰਵਾਦਾਰੀ ਕ੍ਰਿਤਘਣਤਾ ਤੇ ਨਿਰਲੇਪ ਸੇਵਾ ਦੀ ਵੀ ਕੋਈ ਨਾ ਕੋਈ ਘਟਨਾ ਨਜ਼ਰ ਆਵੇਗੀ। ਮਤਲਬ ਇਹ ਕਿ ਮਨੁੱਖੀ ਫ਼ਿਤਰਤ ਦੇ ਅਧਿਅਨ ਲਈ ਇਕ ਅਦਭੁੱਤ ਸੰਗ੍ਰਹਿ ਹੈ।

ਸ: ਦੀਵਾਨ ਸਿੰਘ ਦੇ ਜੀਵਨ ਤੋਂ ਸਾਨੂੰ ਇਕ ਹੋਰ ਵੀ ਸਿਖਿਆ ਮਿਲਦੀ ਹੈ। ਉਨ੍ਹਾਂ ਦੀ ਵਿਦਿਅਕ ਯੋਗਤਾ ਕੁਝ ਵੀ ਨਹੀਂ ਸੀ। ਸਿਰਫ਼ ਪੰਜ ਜਮਾਤਾਂ ਹੀ ਪੜ੍ਹੀਆਂ ਸਨ ਕਿ ਹਾਲਤ ਦੀ ਮਜਬੂਰੀ ਕਾਰਨ ਵਿਦਿਆ-ਪ੍ਰਾਪਤੀ ਛਡਣੀ ਪਈ ਤੇ ਸਿਰਫ਼ ਆਪਣੇ ਸਰਗਰਮ ਸ਼ੌਕ ਤੇ ਦਿਨ ਰਾਤ ਦੇ ਅਧਿਅਨ ਤੋਂ ਅਜਿਹੀ ਲਿਆਕਤ ਪ੍ਰਾਪਤ ਕੀਤੀ ਕਿ ਉਹ ਪੱਤਰਕਾਰੀ ਦੀ ਪਹਿਲੀ ਸਫ਼ ਵਿਚ ਆ ਗਏ ਤੇ ਉਨ੍ਹਾਂ ਦਾ ਪੱਤਰ ਸੁਤੰਤਰ ਰਾਇ, ਨਿਰਪੱਖ ਸਮਾਲੋਚਨਾ ਤੇ ਬਿਆਨ ਸ਼ਕਤੀ ਦੇ ਭਰੋਸੇ ਨਾਲ ਬਹੁਤ ਚੰਗਾ ਪੱਤਰ ਸਮਝਿਆ ਜਾਣ ਲੱਗਾ। ਸਫ਼ਲਤਾ ਦਾ ਭੇਤ, ਮਿਹਨਤ, ਕੰਮ ਦੀ ਲਗਨ ਤੇ ਦ੍ਰਿੜ੍ਹਤਾ ਵਿਚ ਹੈ। ਜੋ ਕੌਮਾਂ ਤੇ ਮਨੁੱਖ ਕੰਮ ਤੋਂ ਭਜਦੇ ਅਤੇ ਮਿਹਨਤ ਤੋਂ ਜੀ ਚੁਰਾਂਦੇ ਹਨ, ਉਹ ਸਦਾ ਨਾਕਾਮ ਤੇ ਗ਼ੁਲਾਮ ਰਹਿਣਗੇ, ਸਫ਼ਲਤਾ ਤੇ ਸੁਤੰਤਰਤਾ ਉਨ੍ਹਾਂ ਦੇ ਭਾਗਾਂ ਵਿਚ ਨਹੀਂ।



Digitized by Panjab Digital Library | www.panjabdigilib.org

# ਨਾਕਾਬਿਲੇ ਫ਼ਰਾਮੋਸ਼ ਵਿਚ ਦਲੇਰੀ ਤੇ ਸਪਸ਼ਟਤਾ

[ਹਾਫ਼ਜ਼ ਮੁਹੰਮਦ ਯੂਸਫ, ਐਡੀਟਰ 'ਸ਼ਮ੍ਹਾ' ਦਿੱਲੀ]

ਸ: ਦੀਵਾਨ ਸਿੰਘ ਮਫ਼ਤੂਨ ਸੰਪਾਦਕ 'ਰਿਆਸਤ' ਦੀਆਂ ਲਿਖਤਾਂ ਮੈਂ ਪਿਛਲੇ ੨੦-੨੨ ਸਾਲ ਤੋਂ ਪੜ੍ਹ ਰਿਹਾ ਹਾਂ। ਸਤਾਂ ਅਠਾਂ ਸਾਲਾਂ ਤੋਂ ਮੇਰਾ ਇਨ੍ਹਾਂ ਨਾਲ ਸਹਿਚਾਰ ਵੀ ਹੈ। ਇਹ ਚੀਜ਼ ਕੁਝ ਮਨੁਖੀ ਸੁਭਾ ਜਿਹਾ ਬਣ ਗਈ ਹੈ ਕਿ ਅਸੀਂ ਚੰਗੀਆਂ ਗੱਲਾਂ ਵਧਾ ਚੜ੍ਹਾ ਕੇ ਵਰਣਨ ਕਰਦੇ ਹਾਂ ਤੇ ਘਾਟਾਂ ਨੂੰ ਦੂਜਿਆਂ ਤੋਂ ਛੁਪਾਉਂਦੇ ਹਾਂ। ਮਫ਼ਤੂਨ ਸਾਹਿਬ ਨੂੰ ਕੁਦਰਤ ਨੇ ਇਹ ਵਿਸ਼ੇਸ਼ਤਾ ਬਖ਼ਸ਼ੀ ਹੈ ਕਿ ਉਹ ਆਪਣੇ ਗੁਣਾਂ ਔਗੁਣਾਂ ਦੋਹਵਾਂ ਦਾ ਵਰਣਨ ਕਰ ਦਿੰਦੇ ਹਨ। ਸ਼ਾਇਦ ਕੁਦਰਤ ਦੀ ਇਹੀ ਉਹ ਵਡੀ ਬਖ਼ਸ਼ਿਸ਼ ਹੈ ਜਿਸਨੇ ਉਨ੍ਹਾਂ ਨੂੰ ਇਕ ਨਿਡਰ ਤੇ ਨਿਰਭੈ ਪੱਤਰਕਾਰ ਬਣਾ ਦਿਤਾ ਹੈ ਕਿ ਉਰਦੂ ਪੱਤਰਕਾਰੀ ਵਿਚ ਖਰੀਆਂ ਸੁਣਾਉਣ ਵਿਚ ਇਨ੍ਹਾਂ ਦੀ ਉਦਾਹਰਣ ਨਹੀਂ ਮਿਲਦੀ। ਉਨ੍ਹਾਂ ਦੀਆਂ ਲਿਖਤਾਂ ਤੋਂ ਜਿਥੇ ਇਕ ਵਡਾ ਆਦਮੀ ਭੈਭੀਤ ਹੁੰਦਾ ਹੈ ਉਥੇ ਇਕ ਸਧਾਰਨ ਮਨੁਖ ਪ੍ਰਭਾਵਿਤ ਵੀ ਪ੍ਰਤੀਤ ਹੁੰਦਾ ਹੈ। ਉਨ੍ਹਾਂ ਨੂੰ ਜਗਬੀਤੀ ਹੀ ਨਹੀਂ ਆਉਂਦੀ ਸਗੋਂ ਹਡਬੀਤੀ ਵੀ ਵਾਹਵਾ ਵਰਣਨ ਕਰਦੇ ਹਨ।

"ਨਾਕਾਬਿਲੇ ਫ਼ਰਾਮੋਸ਼' ਉਨ੍ਹਾਂ ਦੀਆਂ ਅਜਿਹੀਆਂ ਘਟਨਾਵਾਂ ਦਾ ਨਿਚੋੜ ਹੈ ਜਿਸ ਵਿਚ ਉਨ੍ਹਾਂ ਨੇ ਬੀਤੀਆਂ ਘਟਨਾਵਾਂ ਦੀ ਯਾਦ ਇਕ ਬਹੁਤ ਹੀ ਰੋਚਕ ਢੰਗ ਨਾਲ ਕਲਮਬੰਦ ਕੀਤੀ ਹੈ ਜੋ ਇਨ੍ਹਾਂ ਦੇ ਜੀਵਨ ਦੀਆਂ ਕਈ ਵਿਸ਼ੇਸ਼ ਘਟਨਾਵਾਂ ਤੋਂ ਘੁੰਡ ਚੁਕਦੀਆਂ ਹਨ। ਇਸ ਪ੍ਰਗਟਾ ਵਿਚ ਵਡੀਆਂ ਵਡੀਆਂ ਰਾਜਨੀਤਕ ਸ਼ਖ਼ਸੀਅਤਾਂ, ਅਮੀਰਾਂ, ਨਵਾਬਾਂ ਤੇ ਰਾਜਿਆਂ ਮਹਾਰਾਜਿਆਂ ਨਾਲ ਵੀ ਵਾਕਫ਼ੀਅਤ ਹੁੰਦੀ ਹੈ।

ਮੈਨੂੰ ਯਾਦ ਹੈ ਮਫ਼ਤੂਨ ਸਾਹਿਬ ਨੂੰ ਇਨ੍ਹਾਂ ਦੀਆਂ ਦਲੇਰ ਲਿਖਤਾਂ ਦੇ ਕਾਰਨ ਕਈ ਹਲਕਿਆਂ ਵਿਚ ਖ਼ੌਫ਼ਨਾਕ ਸਮਝਿਆ ਜਾਂਦਾ ਸੀ। ਇਕ ਨਿਡੱਕ ਤੇ ਦਲੇਰ ਮਨੁਖ ਲਈ ਇਹ ਸਨਮਾਨ ਇਸ ਦੇਸ਼ ਵਿਚ ਬਹੁਤ ਸਸਤਾ ਹੈ। ਮੈਂ ਨਹੀਂ ਕਹਿ ਸਕਦਾ ਕਿ ਮਫ਼ਤੂਨ ਸਾਹਿਬ ਨੂੰ ਇਹ ਸਨਮਾਨ ਪਸੰਦ ਸੀ ਜਾਂ ਨਾ-ਪਸੰਦ। ਮੇਰਾ ਖ਼ਿਆਲ ਹੈ ਕਿ ਉਹ ਮਿਤਰਾਂ ਤੇ ਵਿਰੋਧੀਆਂ ਦੇ ਦਿਤੇ ਗਏ ਇਸ ਸਨਮਾਨ



Digitized by Panjab Digital Library | www.panjabdigilib.org

ਤੇ ਕਦੀ ਨਾ-ਖੁਸ਼ ਨਹੀਂ ਹੋਏ ਹੋਣਗੇ, ਕਿਉਂਕਿ ਉਹ ਜਾਣਦੇ ਸਨ ਕਿ ਇਹ ਸਨਮਾਨ ਉਨ੍ਹਾਂ ਨੂੰ ਆਪਣੀ ਸਪਸ਼ਟਤਾ ਵਜੋਂ ਕੁਝ ਵਡੇ ਆਦਮੀਆਂ ਦੇ ਪਿੱਠੂਆਂ ਦੇ ਦਰਬਾਰ ਵਿਚੋਂ ਮਿਲਿਆ ਸੀ। ਇਸ ਸਿਲਸਿਲੇ ਵਿਚ ਕਿ—ਉਨ੍ਹਾਂ ਨੇ ਕਈ ਭੇਦ ਭਰੇ ਮਹੱਲਾਂ ਤੇ ਇਕਾਂਤਾਂ ਦੇ ਅੰਤ੍ਰੀਵ ਭੇਦ ਉਘਾੜੇ ਹਨ—ਇਸ ਨਿਝੱਕਤਾ ਤੇ ਦਲੇਰੀ ਲਈ ਉਨ੍ਹਾਂ ਨੂੰ ਕਈ ਵੇਰ ਬੰਦੀ ਬਣਨਾ ਪਿਆ। ਜੇਲ ਇਕ ਅਜਿਹੀ ਜਗ੍ਹਾ ਹੈ ਜਿਥੇ ਚੰਗੇ ਚੰਗੇ ਲੋਕ ਡੋਲ ਜਾਂਦੇ ਹਨ, ਪਰ ਉਨ੍ਹਾਂ ਨੇ ਬੰਦੀਖ਼ਾਨੇ ਦੀ ਚਾਰ-ਦੀਵਾਰੀ ਵਿਚ ਵੀ ਬਹੁਤ ਦ੍ਰਿੜ੍ਹਤਾ ਨਾਲ ਆਪਣੇ ਵਿਸ਼ੇਸ਼ ਆਚਰਣ ਨੂੰ ਕਾਇਮ ਰਖਿਆ।

ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀਆਂ ਲਿਖਤਾਂ ਜਵਾਨ ਤੇ ਬ੍ਰਿਧਾਂ ਸਭ ਲਈ ਇਕੋ ਜਿਹੀਆਂ ਲਾਭਦਾਇਕ ਹਨ ਕਿਉਂਕਿ ਇਨ੍ਹਾਂ ਦੇ ਅਧਿਅਨ ਨਾਲ ਮਨੁਖ ਵਿਚ ਦਲੇਰੀ, ਨਿਝੱਕਤਾ ਤੇ ਸ੍ਵੈ-ਵਿਸ਼ਵਾਸ਼ ਦੇ ਗੁਣ ਪੈਦਾ ਹੁੰਦੇ ਹਨ। ਮੈਂ ਤਾਂ ਕਹਾਂਗਾ ਕਿ ਉਹ ਇਸ ਨਾਕਾਬਿਲੇ ਫ਼ਰਾਮੋਸ਼ ਦੇ ਕਾਰਨਾਮੇ ਉਰਦੂ ਤੋਂ ਇਲਾਵਾ ਦੂਜੀਆਂ ਬੋਲੀਆਂ ਵਿਚ ਵੀ ਅਨੁਵਾਦ ਕਰਾਉਣ ਤਾਂ ਜੋ ਹਰ ਤਬਕੇ ਤੇ ਹਰ ਖ਼ਿਆਲ ਦਾ ਮਨੁੱਖ ਇਨ੍ਹਾਂ ਤੋਂ ਲਾਭ ਉਠਾ ਸਕੇ ਤੇ ਆਪਣੇ ਆਚਰਣ ਨੂੰ ਇਨ੍ਹਾਂ ਲਿਖਤਾਂ ਵਿਚ ਪੇਸ਼ ਕੀਤੇ ਗਏ ਸੱਚੇ ਵਿਚ ਢਾਲ ਸਕੇ।



Digitized by Panjab Digital Library | www.panjabdigilib.org

# ਅਤਿ ਚੰਗਾ ਮਿਤਰ

ਤੇ

# ਅਤਿ ਭੈੜਾ ਵੈਰੀ

[ਜਨਾਬ ਮੁੱਲਾਂ ਵਾਹਦੀ ਸਾਹਿਬ ਐਡੀਟਰ "ਨਜ਼ਾਮ ਉਲਮਸ਼ਾਇਖ" ਕਰਾਚੀ]

ਇਸ ਪੁਸਤਕ "ਨਾਕਾਬਿਲੇ ਫ਼ਰਾਮੋਸ਼" ਨੂੰ ਮੈਂ ਪੜ੍ਹਿਆ। ਸ: ਦੀਵਾਨ ਸਿੰਘ ਮਫ਼ਤੂਨ ਦਾ ਜੀਵਨ ਉਤਰਾ ਚੜ੍ਹਾ ਤੇ ਜਵਾਰਭਾਟਿਆਂ ਨਾਲ ਭਰਪੂਰ ਹੈ। ਸਰਦਾਰ ਸਾਹਿਬ ਨੇ ਬੜਾ ਝਖੜਾਂ ਭਰਪੂਰ ਜੀਵਨ ਬਤੀਤ ਕੀਤਾ ਹੈ। ਉਹ ਦੁਨੀਆਂ ਨੂੰ ਗਾਹੁਣ ਨਹੀਂ ਗਏ, ਪਰ ਦੁਨੀਆਂ ਉਨ੍ਹਾਂ ਦੇ ਪਾਸ ਬਰਾਬਰ ਆਉਂਦੀ ਰਹੀ ਹੈ। ਇਨ੍ਹਾਂ ਦਾ ਹਰ ਪਰਕਾਰ ਦੇ ਮਨੁੱਖਾਂ ਤੇ ਹਰ ਪਰਕਾਰ ਦੀਆਂ ਘਟਨਾਵਾਂ ਨਾਲ ਵਾਸਤਾ ਪਿਆ ਹੈ। ਚਾਲ੍ਹੀਆਂ ਦਿਨਾਂ ਦੇ ਸਨ ਕਿ ਸਿਰ ਤੋਂ ਪਿਤਾ ਦੀ ਛਾਂ ਉਠ ਗਈ। ਹਿੰਮਤੀ ਮਾਂ ਨੇ ਬਾਰਾਂ ਸਾਲ ਦੀ ਉਮਰ ਤਕ ਪੜ੍ਹਾਇਆ ਲਿਖਾਇਆ; ਬਾਰਾਂ ਸਾਲ ਦੀ ਉਮਰ ਵਿਚ ਪੜ੍ਹਨਾ ਲਿਖਣਾ ਛਡ ਕੇ ਪੰਜ ਰੁਪਏ ਮਾਸਿਕ ਦੀ ਨੌਕਰੀ ਕਰ ਲਈ।

ਨੌਕਰੀ ਦਾ ਆਦਿ ਪੰਜ ਰੁਪਏ ਮਾਸਕ ਤੋਂ ਹੋਇਆ ਤੇ ਅੰਤ ਇਹ ਕਿ ਅਖ਼ਬਾਰ 'ਰਿਆਸਤ' ਦੀ ਸਿਰਫ਼ ਇਸ਼ਤਿਹਾਰਾਂ ਦੀ ਆਮਦਨ ਹਜ਼ਾਰਾਂ ਰੁਪਏ ਮਾਸਿਕ ਸੀ।

ਸਰਦਾਰ ਸਾਹਿਬ ਦੀ ਆਦਤ ਹੈ ਕਿ ਸਿਆਲ ਗੁਜ਼ਰ ਜਾਣ ਪਿਛੋਂ ਗਰਮੀਆਂ ਵਿਚ ਕੰਮ ਨਾ ਆਉਣ ਵਾਲੇ ਸਰਦੀਆਂ ਦੇ ਕਪੜੇ ਤੇ ਹੁਨਾਲ ਪਿਛੋਂ ਸਰਦੀਆਂ ਵਿਚ ਕੰਮ ਨਾ ਆਉਣ ਵਾਲੇ ਗਰਮੀਆਂ ਦੇ ਕਪੜੇ ਦਾਨ ਕਰ ਦੇਂਦੇ ਹਨ। ਦੂਜੇ ਸਿਆਲ ਜਾਂ ਦੂਜੇ ਹੁਨਾਲ ਵਾਸਤੇ ਕਪੜਾ ਰੋਕਦੇ ਨਹੀਂ, ਪਰ ਇਹ ਤਮਾਸ਼ਾ ਵੀ ਇਨ੍ਹਾਂ ਅੱਖਾਂ ਨਾਲ ਵੇਖਿਆ ਹੈ ਕਿ ਸਰਦਾਰ ਸਾਹਿਬ ਜੇਲ ਤੋਂ ਵਾਪਸ ਆਏ ਹਨ ਤੇ ਇਕ ਤੋਂ ਬਿਨਾਂ ਦੂਜਾ ਜੋੜਾ ਬਦਲਣ ਲਈ ਉਨ੍ਹਾਂ ਦੇ ਪਾਸ ਨਹੀਂ, ਉਸੇ ਨੂੰ ਧੋ ਕੇ ਪਾ ਲੈਂਦੇ।

ਅਚਾਨਕ ਹੀ ਸਮੇਂ ਦੇ ਚਕਰ ਨਾਲ ਫਿਰ ਨਵੇਂ ਸਿਰਿਓਂ ਲਹਿਰ ਬਹਿਰ ਹੋ ਜਾਂਦੀ ਹੈ। ਸਰਦਾਰ ਸਾਹਿਬ ਦੇ ਜੀਵਨ ਵਿਚ ਲਹਿਰ ਬਹਿਰ ਦਾ ਵੀ



Digitized by Panjab Digital Library | www.panjabdigilib.org

ਟਿਕਾਣਾ ਨਹੀਂ। ਅਜਿਹਾ ਵਕਤ ਵੀ ਆਉਂਦਾ ਹੈ ਕਿ ਸਰਦਾਰ ਸਾਹਿਬ ਕਹਿੰਦੇ ਹਨ ਕਿ ਦਿੱਲੀ ਦੀ ਸਰਕਾਰ ਨੇ ਮੈਨੂੰ ਮਹਾਰਾਜਾ ਪਟਿਆਲਾ ਦੇ ਹਵਾਲੇ ਕਰ ਦਿਤਾ ਤਾਂ ਹੀਰੇ ਦੀ ਕਨੀ ਖਾ ਲਵਾਂਗਾ ਅਤੇ ਮਰ ਜਾਵਾਂਗਾ। ਮਹਾਰਾਜਾ ਦੀ ਦਯਾ ਤੇ ਮਿਹਰ ਦੇ ਆਸਰੇ ਨਹੀਂ ਜੀਵਾਂਗਾ। ਮਹਾਰਾਜਾ ਪਟਿਆਲਾ ਸਰਦਾਰ ਸਾਹਿਬ ਨੂੰ ਪਟਿਆਲੇ ਬੁਲਾ ਕੇ ਮੁਕੱਦਮਾ ਚਲਾਉਣਾ ਚਾਹੁੰਦੇ ਸਨ, ਪਰ ਦਿੱਲੀ ਦੇ ਚੀਫ਼ ਕਮਿਸ਼ਨਰ ਸਰ ਜਾਨ ਥਾਂਪਸਨ ਨੇ—ਜੋ ਭਾਰਤ ਸਰਕਾਰ ਦੇ ਪੁਲੀਟੀਕਲ ਸਕੱਤਰ ਰਹਿ ਚੁਕੇ ਸਨ ਤੇ ਰਾਜਿਆਂ ਨਵਾਬਾਂ ਦੀਆਂ ਧਕੇਸ਼ਾਹੀਆਂ ਤੋਂ ਜਾਣੂ ਸਨ — ਮਹਾਰਾਜਾ ਪਟਿਆਲਾ ਦੀ ਇੱਛਾ ਨੂੰ ਠੁਕਰਾ ਦਿਤਾ।

ਲਹਿਰ ਬਹਿਰ ਦਾ ਦੌਰ ਹੋਵੇ ਜਾਂ ਆਤਮ-ਹੱਤਿਆ ਲਈ ਉਤਾਰੂ ਹੋ ਜਾਣ ਦਾ ਦੌਰ, ਪੰਜ ਰੁਪਏ ਮਾਸਿਕ ਦੀ ਨੌਕਰੀ ਕਰ ਰਹੇ ਹੋਣ ਜਾਂ ਹਜ਼ਾਰਾਂ ਰੁਪਏ ਕਮਾ ਰਹੇ ਹੋਣ, ਸਰਦਾਰ ਸਾਹਿਬ ਦੀ ਅਕਲ ਨਿਕੀਆਂ ਨਿਕੀਆਂ ਵਾਪਰੀਆਂ ਗਲਾਂ ਤੇ ਘਟਨਾਵਾਂ ਤੋਂ ਸਿੱਟੇ ਜ਼ਰੂਰ ਕਢਦੀ ਹੈ।

ਪੰਜ ਰੁਪਏ ਮਾਸਿਕ ਦੀ ਨੌਕਰੀ ਸਰਦਾਰ ਸਾਹਿਬ ਨੇ ਆਪਣੇ ਵਤਨ — ਹਾਫ਼ਿਜ਼ਾਬਾਦ—ਦੇ ਕਿਸੇ ਹਿੰਦੂ ਬਜ਼ਾਜ਼ ਦੇ ਪਾਸ ਕੀਤੀ ਸੀ। ਬਜ਼ਾਜ਼ ਦੀ ਦੁਕਾਨ ਤੇ ਇਕ ਬੁੱਢਾ ਮੁਸਲਮਾਨ ਦਰਜ਼ੀ ਵੀ ਬੈਠਦਾ ਸੀ। ਇਸ ਦੇ ਜੁਆਨ ਪੁੱਤਰ ਨੇ ਕਿਤੇ ਹਰੇ ਰੰਗ ਦੀ ਮਖਮਲ ਦਾ ਕੋਟ ਚਿੱਟੇ ਧਾਗੇ ਨਾਲ ਸੀਉਂ ਦਿਤਾ। ਦਰਜ਼ੀ ਨੇ ਪੁੱਤਰ ਨੂੰ ਕਿਹਾ, "ਕੋਟ ਸਿਵਾਉਣ ਵਾਲੇ ਗਵਾਰ ਦਾ ਖ਼ਿਆਲ ਨਾ ਕਰਦੋਂ, ਪਰ ਇਸ ਮਖ਼ਮਲ ਉਤੇ ਤਾਂ ਤਰਸ ਖਾਂਦੋਂ ਜਿਸਦਾ ਬੇੜਾ ਗ਼ਰਕ ਕਰ ਦਿਤਾ ਈ।" ਦਰਜ਼ੀ ਨੇ ਸਾਰਾ ਕੋਟ ਉਧੇੜਿਆ ਤੇ ਦੋਬਾਰਾ ਖ਼ੁਦ ਹਰੇ ਧਾਗੇ ਨਾਲ ਸੀਤਾ।

ਸਰਦਾਰ ਸਾਹਿਬ ਲਿਖਦੇ ਹਨ, "ਇਸ ਘਟਨਾ ਦਾ ਮੇਰੇ ਤੇ ਇੰਨਾ ਅਸਰ ਹੋਇਆ ਕਿ ਹਰ ਕੰਮ ਪੂਰੇ ਧਿਆਨ ਨਾਲ ਕਰਨ ਲਗਾ।"

ਜੋ ਮਨੁੱਖ ਬਾਰਾਂ ਸਾਲ ਦੀ ਉਮਰ ਵਿਚ ਇੰਨਾ ਪ੍ਰਭਾਵ ਲੈ ਸਕਦਾ ਹੈ, ਉਸ ਨੇ ਭਵਿਖਤ ਵਿਚ ਅਵਸਥਾਵਾਂ ਤੇ ਘਟਨਾਵਾਂ ਦਾ ਕਿੰਨਾ ਪ੍ਰਭਾਵ ਕਬੂਲਿਆ ਹੋਵੇਗਾ ਅਤੇ ਇਨ੍ਹਾਂ ਤੋਂ ਕੀ ਕੀ ਸਿੱਟੇ ਕਢੇ ਹੋਣਗੇ। ਇਸ ਪੁਸਤਕ ਵਿਚ ਸਰਦਾਰ ਸਾਹਿਬ ਨੇ ਉਨ੍ਹਾਂ ਹੀ 'ਪ੍ਰਭਾਵ-ਚਿਤਰਾਂ' ਤੇ ਤਜਰਬਿਆਂ ਨੂੰ ਜਮ੍ਹਾਂ ਕਰ ਦਿਤਾ ਹੈ।

ਸਰਦਾਰ ਸਾਹਿਬ ਦੀ ਲਿਖਤ ਵਿਚ ਅੱਲਾ-ਤਾਲਾ ਨੇ ਵਿਸ਼ੇਸ਼ ਪਰਕਾਰ ਦੀ ਤਾਕਤ ਬਖ਼ਸ਼ੀ ਹੈ। ਲਿਖਤ ਬਣਾਵਟ ਤੇ ਓਪਰੇਪਣ ਤੋਂ ਨਿਰਮਲ ਹੁੰਦੀ ਹੈ। ਸਰਦਾਰ ਸਾਹਿਬ ਵਿਚਾਰਾਂ ਨੂੰ ਸੰਕੋਚ ਨਾਲ ਤੇ ਮਿਲਗੋਭਾ ਕਰ ਕੇ ਨਹੀਂ ਪੇਸ਼ ਕਰਦੇ, ਬਿਲਕੁਲ



Digitized by Panjab Digital Library | www.panjabdigilib.org

ਰਵਾਨੀ ਨਾਲ ਲਿਖਦੇ ਹਨ ਤੇ ਸ਼ਾਇਦ ਇਹੀ ਉਨ੍ਹਾਂ ਦੀ ਲਿਖਤ ਦੀ ਤਾਕਤ ਦਾ ਭੇਦ ਹੈ। ਇਸ ਗਲ ਨੇ ਲਿਖਤ ਵਿਚ ਉਹ ਜ਼ੋਰ ਭਰ ਦਿਤਾ ਹੈ ਤੇ ਲਿਖਤ ਨੂੰ ਉਹ ਪਕਿਆਈ ਦਿਤੀ ਹੈ ਕਿ ਜਿਸ ਦੇ ਅਧਾਰ ਤੇ ਭਾਸ਼ਾ ਵਿਚ ਨੁਕਸ ਹੋਣ ਦੇ ਬਾਵਜੂਦ ਵੀ, ਇਨ੍ਹਾਂ ਨੂੰ ਕਲਮ ਦਾ ਧਨੀ ਕਿਹਾ ਜਾ ਸਕਦਾ ਹੈ।

ਅਖ਼ਬਾਰ 'ਰਿਆਸਤ' ਦੇ ਐਡੀਟੋਰੀਅਲ ਸਟਾਫ਼ ਵਿਚ ਬਹੁਤ ਸਾਰੇ ਕਲਮ ਦੇ ਧਨੀ ਤੇ ਭਾਸ਼ਾ ਵਿਗਿਆਨੀ ਰਹਿ ਚੁਕੇ ਹਨ, ਪਰ ਕਲਮ ਦੇ ਧਨੀ ਤੇ ਭਾਸ਼ਾ ਵਿਗਿਆਨੀ ਸਜਣ ਹੋਰ ਹੋਰ ਮਜ਼ਮੂਨ ਲਿਖਿਆ ਕਰਦੇ ਸਨ ਜਾਂ ਦੂਸਰਿਆਂ ਦੇ ਮਜ਼ਮੂਨਾਂ ਦੀ ਸੋਧ ਸੁਧਾਈ ਕਰਿਆ ਕਰਦੇ ਸਨ। ਅਖ਼ਬਾਰ 'ਰਿਆਸਤ' ਦਾ ਐਡੀਟੋਰੀਅਲ ਸਦਾ ਸਰਦਾਰ ਸਾਹਿਬ ਨੇ ਆਪ ਲਿਖਿਆ। ਜੇਕਰ ਕਦੀ ਸੰਜੋਗ ਨਾਲ ਸਰਦਾਰ ਸਾਹਿਬ ਬੀਮਾਰ ਹੋ ਗਏ ਅਤੇ ਐਡੀਟੋਰੀਅਲ ਕਲਮ ਦੇ ਧਨੀ ਤੇ ਭਾਸ਼ਾ ਵਿਗਿਆਨੀ ਸਜਣਾਂ ਨੂੰ ਲਿਖਣਾ ਪੈ ਗਿਆ ਤਾਂ ਅਖ਼ਬਾਰ 'ਰਿਆਸਤ' ਫਿੱਕਾ ਤੇ ਫੁਸਫੁਸਾ ਸਮਝਿਆ ਜਾਂਦਾ ਸੀ ਤੇ ਪਾਠਕਾਂ ਨੂੰ ਸੁਆਦ ਨਹੀਂ ਆਉਂਦਾ ਸੀ। ਸਰਦਾਰ ਸਾਹਿਬ ਦੀ ਆਦਤ ਤੋਂ ਉਲਟ ਪਰਚਲਤ ਵਾਕਾਂ ਨੂੰ ਹਿਲਾ ਦੇਣ ਨਾਲ ਐਡੀਟੋਰੀਅਲ ਦੀ ਆਤਮਾ ਮਾਰੀ ਜਾਂਦੀ ਸੀ।

ਲਿਖਤ ਦਾ ਇਹ ਢੰਗ ਤੇ ਇਹੋ ਠਾਠ ਸਰਦਾਰ ਸਾਹਿਬ ਦੀ ਪੁਸਤਕ ਨਾਕਾਬਿਲੇ ਫ਼ਰਾਮੋਸ਼ ਵਿਚ ਹੈ। ਇਸ ਪੁਸਤਕ ਵਿਚ ਦਿਤੀਆਂ ਗਈਆਂ ਘਟਨਾਵਾਂ ਸਚ ਮੁਚ ਹੀ ਨਾਕਾਬਿਲੇ ਫ਼ਰਾਮੋਸ਼ ਤੇ ਯਾਦ ਰਖਣ ਦੇ ਯੋਗ ਹਨ ਤੇ ਇਸ ਤੇ ਦਿਤੀ ਰਾਇ ਵਿਚਾਰ ਗੋਚਰੇ ਹੈ। ਅਖ਼ਬਾਰ 'ਰਿਆਸਤ' ਦੇ ਐਡੀਟੋਰੀਅਲ ਜਿੰਨੀ ਹੀ ਦਲੇਰ ਰਾਇ।

ਜ਼ਰੂਰੀ ਨਹੀਂ ਕਿ ਸਰਦਾਰ ਸਾਹਿਬ ਦੀ ਹਰ ਰਾਇ ਤੇ ਹਰ ਪ੍ਰਭਾਵ-ਚਿਤਰ ਨਾਲ ਸਹਿਮਤ ਹੋਇਆ ਜਾਏ। ਮੈਂ ਵੀ ਹਰ ਰਾਇ ਤੇ ਹਰ ਪਭਾਵ-ਚਿਤਰ ਨਾਲ ਸਹਿਮਤ ਨਹੀਂ, ਪਰ ਉਨ੍ਹਾਂ ਦੇ ਪ੍ਰਗਟਾ ਦੀ ਤਾਕਤ ਤੋਂ ਇਨਕਾਰ ਕਿਸੇ ਵੀ ਹਾਲਤ ਵਿਚ ਸੰਭਵ ਨਹੀਂ। ਸਰਦਾਰ ਸਾਹਿਬ ਦੀ ਲਿਖਤ ਦੀਆਂ ਹੋਰ ਵਿਸ਼ੇਸ਼-ਤਾਈਆਂ ਵੀ ਹਨ, ਜਿਵੇਂ ਉਸ ਵਿਚ ਜਿਤਨਾ ਜ਼ੋਰ ਪਹਿਲੇ ਦਿਨ ਸੀ ਉਤਨਾ ਹੀ ਜ਼ੋਰ ਅਜ ਵੀ ਹੈ ਅਤੇ ਸਰਦਾਰ ਸਾਹਿਬ ਦੀ ਲੇਖਣੀ ਬੁੱਢੀ ਨਹੀਂ ਹੋਈ। ਲੇਖਣੀ ਵਿਚ ਜਵਾਨੀ ਵਰਗੀ ਹੀ ਜਾਨ ਹੈ।

ਜਿੰਨੀਆਂ ਕਾਂਬਾ-ਛੇੜੂ ਤੇ ਸਿਖਿਆਦਾਇਕ ਘਟਨਾਵਾਂ ਨਾਲ ਸਰਦਾਰ ਸਾਹਿਬ ਨੂੰ ਵਾਸਤਾ ਪਿਆ ਅਜਿਹੀਆਂ ਘਟਨਾਵਾਂ ਨਾਲ ਬਹੁਤ ਘਟ ਲੋਕਾਂ ਦਾ ਵਾਹ ਪੈਂਦਾ ਹੈ, ਫਿਰ ਸਰਦਾਰ ਸਾਹਿਬ ਨੇ ਘਟਨਾਵਾਂ ਦੇ ਵਰਣਨ ਵਿਚ ਕਹਾਣੀਆਂ ਵਰਗੀ



Digitized by Panjab Digital Library | www.panjabdigilib.org

ਰੋਚਕਤਾ ਪੈਦਾ ਕਰ ਦਿਤੀ ਹੈ।

ਕਈ ਥਾਵਾਂ ਤੇ ਖਵਾਜਾ ਹਸਨ ਨਜ਼ਾਮੀ ਦਾ ਵਰਣਨ ਵੀ ਆਇਆ ਹੈ, ਪ੍ਰਗਟ ਹੈ ਕਿ ਇਹ ਮੇਰੇ ਲਈ ਦਿਲਚਸਪ ਨਹੀਂ ਹੋ ਸਕਦਾ। ਇਸ ਸੰਬੰਧੀ ਕੇਵਲ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਸਾਹਿਬ ਅਤਿ ਚੰਗੇ ਮਿਤਰ ਹਨ ਤੇ ਅਤਿ ਭੈੜੇ ਵੈਰੀ ਵੀ। ਜਦੋਂ ਖਵਾਜਾ ਸਾਹਿਬ ਦੇ ਦੋਸਤ ਸਨ ਤਾਂ ਖਵਾਜਾ ਸਾਹਿਬ ਦਾ ਉਪਾਸ਼ਕ ਸਰਦਾਰ ਸਾਹਿਬ ਦੇ ਬਰਾਬਰ ਘਟ ਤੋਂ ਘਟ ਕੋਈ ਹੋਰ ਮੈਂ ਨਹੀਂ ਦੇਖਿਆ ਸੀ। ਸਰਦਾਰ ਸਾਹਿਬ ਅਤਿ ਚੰਗੇ ਦੋਸਤ ਤੇ ਅਤਿ ਭੈੜੇ ਵੈਰੀ ਨਾ ਹੁੰਦੇ ਤਾਂ ਨਾਕਾਬਿਲੇ ਫ਼ਰਾਮੋਸ਼ ਜਿਹੀ ਪੁਸਤਕ ਸਾਨੂੰ ਪੜ੍ਹਨ ਨੂੰ ਨਾ ਮਿਲਦੀ। ਜਿਹੜੀਆਂ ਹਾਲਤਾਂ ਵਿਚੋਂ ਸਰਦਾਰ ਸਾਹਿਬ ਲੰਘੇ ਹਨ, ਉਨ੍ਹਾਂ ਵਿਚੋਂ ਸਧਾਰਨ ਮਨੁੱਖ ਨਹੀਂ ਲੰਘ ਸਕਦਾ।



Digitized by Panjab Digital Library | www.panjabdigilib.org

# ਅਮਰ ਪੁਸਤਕ

(ਹਜ਼ਰਤ ਮੌਲਾਨਾ ਅਬਦੁੱਲ ਰਜ਼ਾਕ ਸਾਹਿਬ, ਮਲੀਹਾਬਾਦੀ)

ਬਿਜਲੀ ਦੀ ਕੜਕ ਤੇ ਚਮਕ, ਬੱਦਲਾਂ ਦੀ ਗਰਜ, ਘਨਘੋਰ ਘਟਾਵਾਂ ਦੀ ਰਿਮ ਝਿਮ, ਹਾਸੇ, ਚੋਹਲ, ਦਿਲਲਗੀਆਂ, ਫਿਰ ਅਚਾਨਕ ਪੁਲੀਸ ਤੇ ਪੁਲੀਸ ਦੀਆਂ ਰੰਗ ਬਰੰਗੀਆਂ "ਨੇਕੀਆਂ" ਸ਼ੈਤਾਨੀ ਸਰਕਾਰ ਦਾ ਕਹਿਰ ਤੇ ਜ਼ੁਲਮ, ਬੰਦੀਖ਼ਾਨਾ, ਕਰੜੀ ਤੇ ਲੰਮੀ ਕੈਦ, ਫ਼ਾਂਸੀ ਵੀ! ਫਿਰ ਰਾਜੇ ਮਹਾਰਾਜੇ ਅਤੇ ਰਾਜਿਆਂ ਤੇ ਮਹਾਰਾਜਿਆਂ ਦਾ 'ਦੇਵਤਾਪਣ', ਭਿੰਨ ਭਿੰਨ ਸੁਭਾ।

ਫਿਰ ਹਿੰਮਤ ਤੇ ਦ੍ਰਿੜ੍ਹਤਾ ਦੇ ਸੰਗ੍ਰਹਿ, ਪਹਾੜਾਂ ਨਾਲ ਟੱਕਰ ਲੈਣ ਵਾਲੀ ਦ੍ਰਿੜ੍ਹਤਾ, ਸਮੁੰਦਰਾਂ ਨਾਲ ਭਿੜ ਜਾਣ ਵਾਲੀ ਹਿੰਮਤ!

ਜਲਵੇ, ਅਚੰਭਿਤ ਜਲਵੇ, ਝੂਠ ਦੀ ਧਾੜ, ਜ਼ੁਲਮ ਦਾ ਤੂਫ਼ਾਨ, ਸਚ ਦੀ ਬੇਕਸੀ, ਬੇਬਸੀ, ਹੀਣਤਾ। ਰਾਵਣ, ਅਰਜਨ ਜਿਹੀ ਸ਼ਾਨ ਨਾਲ ਜੇਤੂ ਸੀਨਾ ਤਾਣੀ ਨੱਚ ਰਿਹਾ ਹੈ, ਸਚਾਈ ਦਾ ਖੱਫ਼ਣਹੀਨ ਮੁਰਦਾ ਪਿਆ ਤੜਫ਼ ਰਿਹਾ ਹੈ। ਨਾ ਅਸਮਾਨ ਦੇ ਅੱਥਰੂ ਵਹਿੰਦੇ ਹਨ ਤੇ ਨਾ ਜ਼ਮੀਨ ਦੀ ਹੀ ਹਿਕ ਪਾਟਦੀ ਹੈ।

ਪਰ ?

"ਤਾਂ ਪਰ" ਦੇ ਪਿਛੋਂ ਸਚ ਮੁਚ ਇਕ ਹੋਸ਼ ਭੁਲਾਊ ਜਾਦੂਗਰ ਨਾਲ ਅੱਖਾਂ ਚਾਰ ਹੁੰਦੀਆਂ ਹਨ।

ਹੰਕਾਰ ਦਾ ਸਿਰ ਫੇਹਣ ਵਾਲਾ ਇਕ ਸਿਰ ਉੱਚਾ ਉੱਠਦਾ ਨਜ਼ਰ ਆਉਂਦਾ ਹੈ, ਸਚ ਦੇ ਜੋਸ਼ ਨਾਲ ਉੱਚਾ ਹੁੰਦਾ ਹੁੰਦਾ ਇਹ ਅੰਮ੍ਰਿਤ ਪਿਆਲੇ ਤਕ ਪਹੁੰਚ ਜਾਂਦਾ ਹੈ।

ਇਕ ਧੌਣ ਪ੍ਰਗਟ ਹੁੰਦੀ ਹੈ, ਜਿਸ ਨੇ ਜ਼ੁਲਮ ਤੇ ਧੱਕੇ ਅਗੇ ਝੁਕਣਾ ਸਿਖਿਆ ਹੀ ਨਹੀਂ।

ਇਕ ਨਿਮਾਣਾ ਫ਼ਕੀਰ, ਸ਼ੇਰਾਂ ਵਾਂਗ ਬੁਕਦਾ, ਚਿੰਘਾੜਦਾ, ਕਹਿਰ ਤੇ



Digitized by Panjab Digital Library | www.panjabdigilib.org

ਜਬਰ ਦੀਆਂ ਤਾਕਤਾਂ ਪੁਰ ਮਰਦਾਵਾਂ ਵਾਰ ਕਰਦਾ ਹੋਇਆ ਵਧਦਾ ਚਲਾ ਆ ਰਿਹਾ ਹੈ !

ਅਭਿਮਾਨ ਆਪਣੀਆਂ ਤਾਗੂਤੀ ਤਾਕਤਾਂ, ਕਾਰੂੰ ਦੇ ਖ਼ਜ਼ਾਨਿਆਂ ਦੇ ਸਹਾਰੇ, ਘਾਤਕ ਤੇ ਫ਼ੌਲਾਦੀ ਸੱਟਾਂ ਲਾ ਰਿਹਾ ਹੈ, ਪਰ ਇਹ ਦੇਖੋ, ਨਿਮਾਣੇ ਫ਼ਕੀਰ ਨੇ ਅਭਿਮਾਨ ਨੂੰ ਪਛਾੜ ਸੁਟਿਆ ਤੇ ਅਭਿਮਾਨ ਆਪਣੇ ਨਮਰੂਦੀ, ਚੰਗੇਜ਼ੀ, ਹੰਕਾਰ ਦੇ ਗੰਗਾ ਜਮਨਾ ਦਰਿਆ ਵਿਚ ਡੁਬਕੀਆਂ ਖਾ ਰਿਹਾ ਹੈ ।

ਇਹ ਜੋ ਪੁਸਤਕ "ਨਾਕਾਬਿਲੇ-ਫ਼ਰਾਮੋਸ਼"

ਫਿਰ ਮਫ਼ਤੂਨ ਸਾਹਿਬ ਦੀ ਕਲਮ ਦੀਆਂ ਮੀਨਾਕਾਰੀਆਂ ਹਨ ! ਹਸਾ ਵੀ ਰਹੀਆਂ ਹਨ, ਰੁਆ ਵੀ ਰਹੀਆਂ ਹਨ, ਤੀਰ ਹਨ ਜੋ ਦਿਲ ਵਿਚ ਚੁਭਦੇ ਜਾ ਰਹੇ ਹਨ, ਚੁਹਲ ਹਨ ਕਿ ਕੁਤਕੁਤੀਆਂ ਕਢ ਕਢ ਕੇ ਹਾਲੋਂ ਬੇਹਾਲ ਕਰ ਰਹੇ ਹਨ ।

ਫਿਰ ਸਿਖਿਆਵਾਂ ਹਨ, ਸ਼ੁਭ ਆਚਰਣ ਦੀਆਂ, ਰੁਖੀ ਮਿਸੀ ਜ਼ਬਾਨ ਵਿਚ ਨਹੀਂ, ਮਾਖਿਓਂ ਮਿੱਠੀ ਬੋਲੀ ਵਿਚ । ਸ਼ੁਭ ਆਚਰਣ ਦੇ ਸਬਕ ਇੰਜ ਸਿਖਾਏ ਜਾ ਰਹੇ ਹਨ ਕਿ ਵਹਿਮ ਹੀ ਨਹੀਂ ਹੁੰਦਾ ਕਿ ਅਸੀਂ ਸਬਕ ਪੜ੍ਹ ਰਹੇ ਹਾਂ, ਪਰ ਸਬਕ ਹਨ ਕਿ ਦਿਲਾਂ ਵਿਚ ਧੱਸਦੇ ਜਾ ਰਹੇ ਹਨ ।

ਫਿਰ ਤਜਰਬੇ ਹਨ, ਖ਼ੂਨ ਦੇ ਅੱਥਰੂ ਵਰ੍ਹਾਉਣ ਵਾਲੇ ਤਜਰਬੇ, ਦਿਲਾਂ ਵਿਚ ਵਰਮੇ ਵਾਂਗ ਧੱਸ ਜਾਣ ਵਾਲੇ ਤਜਰਬੇ ।

ਕਿਤੇ ਇਨਸਾਨੀਅਤ ਨੰਗੀ ਪਈ ਵਿਲਕ ਰਹੀ ਹੈ ਅਤੇ ਅਸੀਂ ਉਬਾਸੀਆਂ ਲੈ ਰਹੇ ਹਾਂ, ਸ਼ਰਮ ਨਾਲ ਗਡੀਂਦੇ ਜਾ ਰਹੇ ਹਾਂ ਕਿ ਅਸੀਂ ਵੀ "ਇਨਸਾਨ" ਹਾਂ ।

ਅਤੇ ਕਿਤੇ ਮਨੁੱਖਤਾ ਆਪਣੀ ਪੂਰੀ ਸ਼ਾਨ ਤੇ ਰੋਹ ਨਾਲ ਖੜੀ ਮੁਸਕ੍ਰਾ ਰਹੀ ਹੈ ਤੇ ਅਸੀਂ ਮਾਨ ਨਾਲ ਸਿਰ ਉੱਚਾ ਕਰਦੇ ਜਾ ਰਹੇ ਹਾਂ ਕਿ ਅਸੀਂ ਵੀ "ਮਨੁਖ" ਹਾਂ ।

ਸਹੁੰ ਪ੍ਰਮਾਤਮਾ ਦੀ, ਮੈਨੂੰ ਤਾਂ ਰੀਸ ਆਉਂਦੀ ਹੈ । ਕਿਤਾਬ ਪੜ੍ਹਦਾ ਜਾਂਦਾ ਸਾਂ ਤੇ "ਪਠਾਣੀ ਸ਼ੈਤਾਨ" ਵੀ ਅੰਗੜਾਈਆਂ ਲੈਂਦਾ ਜਾਂਦਾ ਸੀ । ਲਗਾਤਾਰ ਕੰਨ ਵਿਚ ਭਿਣਕਾਂ ਪਾਈ ਜਾਂਦਾ ਸੀ, "ਸਰਦਾਰ ਦੀ ਕਲਮ ਖੋਹ ਲੈ, ਬੜੀ ਪਿਆਰੀ ਹੈ ।" ਪਰ ਅਕਲ ਨੇ ਕਿਹਾ, "ਤੂੰ ਪਠਾਣ ਸਹੀ, ਪਰ ਮਫ਼ਤੂਨ ਵੀ ਸਿੱਖ ਹੈ,

ਜ਼ਬਰਦਸਤੀ ਤਾਂ ਸਰਦਾਰ ਕਬਜ਼ੇ ਵਿਚ ਆਉਣੋਂ ਰਿਹਾ, ਹਾਂ ਪਠਾਣਾਂ ਦੀ ਰਵਾਇਤੀ "ਚਲਾਕੀ" ਤੋਂ ਕੰਮ ਲਿਆ ਜਾਵੇ ਤਾਂ ਸ਼ਾਇਦ ਸਰਦਾਰ ਆਪਣੀ ਕਲਮ ਹਵਾਲੇ ਕਰ ਦੇਵੇ, ਆਖ਼ਰ "ਸਰਦਾਰ" ਹੀ ਤਾਂ ਹੈ !"

ਉਮਰ ਬਿਨ ਮਹਿਦੀ ਕੱਰਬ, ਅਰਬ ਦਾ ਪਰਸਿੱਧ ਸੂਰਮਾ ਸੀ । ਇਕ ਦੁਨੀਆਂ ਉਸ ਦੇ ਡੌਲਿਆਂ ਦੀ ਤਾਕਤ ਤੇ ਬੇਪਨਾਹ ਹੱਲਿਆਂ ਤੋਂ ਕੰਬਿਆ ਕਰਦੀ ਸੀ । ਇਬਨ ਮਹਿਦੀ ਕੱਰਬ ਦੀ ਤਲਵਾਰ ਦਾ ਨਾਂ ਸਿਮਸਾਮਾ ਸੀ ਤੇ ਉਹ ਆਪਣੀ ਕਾਟ ਵਿਚ ਅਦੁਤੀ ਸੀ । ਉਮਰ ਫ਼ਾਰੂਕ ਖ਼ਲੀਫ਼ਾ ਹੋਏ ਹਨ, ਖ਼ੁਦ ਵੀ ਬੜੇ ਜ਼ਬਰਦਸਤ ਸਿਪਾਹੀ ਸਨ । ਖ਼ਿਆਲ ਹੋਇਆ ਕਿ ਇਬਨ ਮਹਿਦੀ ਕੱਰਬ ਦੀ ਸਿਮਸਾਮਾ ਨੂੰ ਵੇਖੀਏ । ਹੁਕਮ ਦੀ ਦੇਰ ਸੀ ਕਿ ਤਲਵਾਰ ਹਾਜ਼ਰ ਹੋ ਗਈ । ਹਥ ਵਿਚ ਲਈ ਤੇ ਝਟਕ ਕੇ ਹਿਲਾਈ ਤਾਂ ਜ਼ਰਾ ਨਾ ਜਚੀ, ਹੈਰਾਨੀ ਨਾਲ ਚੀਖ਼ ਉਠੇ, "ਇਸ ਸਿਮਸਾਮਾ ਦੀ ਇਹ ਪ੍ਰਸਿਧੀ ਹੈ, ਬੁਲਾਓ ਮਹਿਦੀ ਕੱਰਬ ਦੇ ਪੁਤਰ ਨੂੰ !" ਹਾਜ਼ਰ ਹੋਇਆ ਤਾਂ ਫ਼ਰਮਾਇਆ, "ਤੇਰੀ ਤਲਵਾਰ ਤਾਂ ਕੁਝ ਵੀ ਨਹੀਂ !"

ਅਰਬ ਸੂਰਮੇ ਨੇ ਬੇਨਤੀ ਕੀਤੀ, "ਅਮੀਰ-ਉਲ-ਮੋਮਨੀਨ, ਤਲਵਾਰ ਤਾਂ ਸਿਰਫ਼ ਲੋਹੇ ਦਾ ਇਕ ਟੁਕੜਾ ਹੈ, ਪਰ ਉਹ ਇਬਨ ਮਹਿਦੀ ਦੀ ਬਾਂਹ ਹੈ ਜਿਸ ਨੇ ਲੋਹੇ ਦੇ ਇਕ ਟੁੱਕੜੇ ਨੂੰ ਸਾਰੇ ਅਰਬ ਵਿਚ ਪ੍ਰਸਿਧਤਾ ਦੇ ਰਖੀ ਹੈ । ਗ਼ਲਤੀ ਮੁਆਫ਼, ਅਮੀਰ-ਉਲ-ਮੋਮਨੀਨ ਦੇ ਸਰੀਰ ਵਿਚ ਇਬਨ ਮਹਿਦੀ ਕੱਰਬ ਦੀ ਬਾਂਹ ਮੌਜੂਦ ਨਹੀਂ ।"

ਤਾਂ ਫਿਰ ਹੁਣ ਤੁਸੀਂ ਆਪ ਹੀ ਦਸੋ, ਦੀਵਾਨ ਸਿੰਘ ਦੀ ਕਲਮ ਕਿਸੇ ਤਰ੍ਹਾਂ ਖੋਹ ਵੀ ਲਵਾਂ ਜਾਂ ਦਮ ਦਿਲਾਸਾ ਦੇ ਕੇ ਮਾਠ ਹੀ ਲਵਾਂ ਤਾਂ ਸਿੱਟਾ ਓਹੀ "ਸਿਮਸਾਮਾ" ਜਿਹਾ ਹੀ ਨਿਕਲੇਗਾ ।

ਇਸ ਤੋਂ ਪਿਛੋਂ ਦੀਵਾਨ ਸਿੰਘ ਦੀ 'ਨਾਕਾਬਿਲੇ ਫ਼ਰਾਮੋਸ਼' ਬਾਰੇ, ਤੁਸੀਂ ਚਾਹੋ ਤਾਂ ਮੈਂ ਸਹੁੰ ਖਾ ਕੇ ਕਹਿ ਦਿਆਂ ਕਿ ਇਹ ਕਿਤਾਬ ਉਰਦੂ ਸਾਹਿਤ ਵਿਚ ਨਾਕਾਬਿਲੇ ਫ਼ਰਾਮੋਸ਼ ਹੀ ਰਹੇਗੀ !

ਸਾਰੀ ਉਮਰ ਕਿਸੇ ਕਿਤਾਬ ਦੀ ਭੂਮਿਕਾ ਨਹੀਂ ਲਿਖੀ । ਕੋਈ ਕਿਤਾਬ ਕਦੀ ਜਚੀ ਹੀ ਨਹੀਂ । ਕਲ਼ਮ ਨਾਲ ਪ੍ਰਸੰਸਾ ਕਰਨ ਵਿਚ ਅੱਵਲ ਦਰਜੇ ਦਾ ਕੰਜੂਸ, ਮੱਖੀ ਚੂਸ ਹਾਂ, ਪਰ ਦੀਵਾਨ ਸਿੰਘ ਦੀ ਨਾਕਾਬਿਲੇ ਫ਼ਰਾਮੋਸ਼ ਨੇ ਮੇਰੇ ਤੇ ਸਚ ਮੁਚ ਹੀ ਨਾਕਾਬਿਲੇ ਫ਼ਰਾਮੋਸ਼ ਪ੍ਰਭਾਵ ਪਾਇਆ ਹੈ ।



Digitized by Panjab Digital Library | www.panjabdigilib.org

ਪੂਰਨ ਭਰੋਸੇ ਤੇ ਪੂਰਨ ਦ੍ਰਿੜ੍ਹਤਾ ਨਾਲ ਕਹਿੰਦਾ ਹਾਂ ਕਿ ਉਰਦੂ ਸਾਹਿਤ ਵਿਚ ਨਾਕਾਬਿਲੇ ਫ਼ਰਾਮੋਸ਼ ਜਿਹੀ ਪੁਸਤਕ ਪਹਿਲੇ ਕਦੀ ਨਹੀਂ ਵੇਖੀ। ਸਾਡੇ ਸਾਹਿਤ ਵਿਚ ਇਹ ਪੁਸਤਕ ਜ਼ਿੰਦਾ ਰਹੇਗੀ । ਕਿਉਂ ? ਇਸ ਲਈ ਜ਼ਿੰਦਾ ਰਹੇਗੀ ਕਿ ਇਹ ਪੁਸਤਕ ਮਨੁੱਖੀ ਜੀਵਨ ਦੀਆਂ ਭਿਆਨਕ ਖੂੰਖਾਰੀਆਂ ਦੀ ਅਤੇ ਦਿਲ-ਲਿਭਾਊ ਯਥਾਰਥ ਦੀ ਹੂ-ਬ-ਹੂ ਤਸਵੀਰ ਹੈ । ਇਕ ਜੀਵਨ ਹੈ ਜੋ ਸਫ਼ੇ ਸਫ਼ੇ ਤੋਂ ਫੁਟ ਰਿਹਾ ਹੈ।

ਦੀਵਾਨ ਸਿੰਘ ਭਾਵੇਂ ਚਲੰਤ ਜੀਵ ਹੈ, ਕਿਸੇ ਦਿਨ ਮਰ ਹੀ ਜਾਏਗਾ, ਪਰ ਦੀਵਾਨ ਸਿੰਘ ਦੀ ਨਾਕਾਬਿਲੇ ਫ਼ਰਾਮੋਸ਼ ਅਮਰ ਹੈ, ਕਦੀ ਨਹੀਂ ਮਰੇਗੀ।

Digitized by Panjab Digital Library | www.panjabdigilib.org

# ਇਕ ਉੱਤਮ ਸ੍ਵੈ-ਜੀਵਨੀ

(ਡਾ: ਮੋਹਨ ਸਿੰਘ ਦੀਵਾਨਾ ਐਮ. ਏ. ਪੀ-ਐਚ. ਡੀ.; ਡੀਲਿਟ.
ਹੈੱਡ ਆਫ਼ ਪੰਜਾਬੀ ਡੀਪਾਰਟਮੈਂਟ ਪੰ: ਯੂਨੀਵਰਸਿਟੀ)

ਮਫ਼ਤੂਨ ਸਾਹਿਬ ਨੂੰ, ਕਈ ਸਾਲ ਹੋਏ, ਮੈਂ ਬੇਨਤੀ ਕੀਤੀ ਸੀ ਕਿ ਆਪਣੀ ਸ੍ਵੈ-ਜੀਵਨੀ ਨੂੰ ਕਿਤਾਬੀ ਰੂਪ ਵਿਚ ਛਾਪੋ । ਉਨ੍ਹਾਂ ਦਿਨਾਂ ਵਿਚ 'ਰਿਆਸਤ' ਦੇ ਪੰਨਿਆਂ ਵਿਚ ਹਰ ਹਫ਼ਤੇ ਸਰਦਾਰ ਸਾਹਿਬ ਆਪਣੀ ਜੀਵਨ ਪੁਸਤਕ ਦਾ ਕੋਈ ਪੰਨਾ ਪੇਸ਼ ਕਰਦੇ ਸਨ। ਮੈਨੂੰ ਤਾਂ ਕੁਝ ਹੀ ਘਟਨਾਵਾਂ ਦੀ ਵਿਸ਼ੇਸ਼ਤਾ ਨੇ ਸਰਦਾਰ ਜੀ ਦੀ ਸ਼ਖ਼ਸੀਅਤ ਦਾ ਕਾਇਲ, ਉਨ੍ਹਾਂ ਦੀ ਜਾਦੂ ਬਿਆਨੀ ਦਾ ਆਸ਼ਕ,ਉਨ੍ਹਾਂ ਦੀ ਨਿਝੱਕਤਾ ਤੇ ਉਨ੍ਹਾਂ ਦੀ ਨਿਡਰਤਾ ਦਾ ਦੀਵਾਨਾ ਬਣਾ ਦਿਤਾ ਹੈ। ਸੰਭਵ ਹੈ ਕਿ ਦੂਸਰੇ ਸੱਜਣਾਂ ਨੇ ਵੀ ਇਸੇ ਤਰ੍ਹਾਂ ਦਾ ਪ੍ਰਭਾਵ ਗ੍ਰਹਿਣ ਕੀਤਾ ਹੋਵੇ।

ਨਿਜੀ ਮੇਲ ਤਾਂ ਸੰਪਾਦਕ 'ਰਿਆਸਤ' ਨਾਲ ਤਕਰੀਬਨ ੧੯੪੯ ਵਿਚ ਹੋਇਆ। ਦਰੀਆ ਗੰਜ ਦੇ ਇਕ ਕੋਨੇ ਵਿਚ ਰਹਿੰਦੇ ਸਨ ਤੇ ਮੇਰੇ ਵਾਂਗ ਹੀ ਇਨਕਲਾਬ ਨੂੰ ਅਸੀਸਾਂ ਦੇ ਰਹੇ ਸਨ। ਜਦ ਚਾਹ ਮੇਜ਼ ਤੇ ਆਈ ਤਾਂ ਉਰੇਚ ਵਲ ਨਜ਼ਰ ਗਈ ਤੇ ਪਤਾ ਲਗਾ ਕਿ ਇਕ ਸਿਦਕੀ ਮਿਤਰ, ਸਖੀ ਪ੍ਰਾਹੁਣਾਚਾਰ ਅਤੇ ਦਰਿਆ ਦਿਲ ਦਾਤਾ, ਇਕ ਓਪਰੇ ਨੂੰ ਵੀ ਆਰਥਿਕ ਔਕੜਾਂ ਦੇ ਬਾਵਜੂਦ, ਉਹ ਕੁਝ ਪੇਸ਼ ਕਰ ਸਕਦਾ ਹੈ ਜਿਸ ਦੀ ਕਿ ਪ੍ਰਾਹੁਣਾ ਕਲਪਣਾ ਵੀ ਨਾ ਕਰ ਸਕਦਾ ਹੋਵੇ, ਆਸ ਦੀ ਤਾਂ ਗਲ ਹੀ ਜਾਣ ਦਿਓ । ਹਾਂ, ਅਸੰਬੰਧਿਤ ਦੀਵਾਨਾ ੧੯੧੯ ਤੋਂ ਸ੍ਰ: ਦੀਵਾਨ ਸਿੰਘ ਮਫ਼ਤੂਨ ਨੂੰ ਜਾਣਦਾ ਸੀ। ਤਕਰੀਬਨ ੧੯੨੦–੨੧ ਵਿਚ ਸ੍ਰ: ਸਰਦੂਲ ਸਿੰਘ ਕਵੀਸ਼ਰ ਤੋਂ ਮਫ਼ਤੂਨ ਸਾਹਿਬ ਦੇ ਉੱਚ-ਆਚਰਣ ਦੇ ਕਸੀਦੇ ਸੁਣੇ ਤੇ ਉਦੋਂ ਹੀ ਕਾਇਲ ਹੋ ਗਿਆ। ਜਿਸ ਨੂੰ ਕਵੀਸ਼ਰ ਚੰਗਾ ਕਹੇ ਉਹ ਤਾਂ ਬਹੁਤ ਹੀ ਚੰਗਾ ਹੋਵੇਗਾ।

ਮਫ਼ਤੂਨ ਸਾਹਿਬ ਦੀ ਇਹ ਸ੍ਵੈ-ਜੀਵਨੀ ਪੜ੍ਹ ਚੁਕਿਆ ਤਾਂ ਦਿਲ ਨੇ ਸ਼ਾਇਰੀ ਸ਼ੁਰੂ ਕਰ ਦਿਤੀ ਤੇ ਸ੍ਰੀ ਮਾਨ ਦਿਲ ਜੀ ਕੀ ਕਹਿੰਦੇ ਹਨ, ਮੈਨੂੰ ਭਾਵੇਂ ਕੋਈ ਪੁਛੇ ਚਾਹੇ ਨਾ, ਪਰ ਮੈਂ ਤਾਂ ਕਹਾਂਗਾ ਕਿ ਇਸ ਪੁਸਤਕ ਦਾ ਅਨੁਵਾਦ ਸਰਕਾਰੀ ਤੌਰ ਤੇ ਭਾਰਤ ਦੀਆਂ ਸਾਰੀਆਂ ਪ੍ਰਵਾਨਿਤ ਬੋਲੀਆਂ ਵਿਚ ਕੀਤਾ ਜਾਵੇ। ਇਸ ਪੁਸਤਕ



Digitized by Panjab Digital Library | www.panjabdigilib.org

ਦਾ ਅੰਗਰੇਜ਼ੀ ਅਨੁਵਾਦ ਅਮਰੀਕਾ ਵਿਚ ਪ੍ਰਕਾਸ਼ਤ ਹੋਵੇ ਤੇ ਇਸ ਪੁਸਤਕ ਵਿਚੋਂ ਢੁਕਵੇਂ ਕਾਂਡ ਹਾਇਰ ਸੈਕੰਡਰੀ ਸਕੂਲਾਂ ਦੀਆਂ ਸਾਹਿਤਕ ਪੁਸਤਕਾਂ ਵਿਚ ਸ਼ਾਮਲ ਕੀਤੇ ਜਾਣ ।

ਮੈਂ ਜਾਣਦਾ ਹਾਂ ਕਿ ਇਹ ਦੀਵਾਨਾ ਦਿਲ ਕਿਉਂ ਮਫ਼ਤੂਨ ਸਾਹਿਬ ਦੀ ਲੇਖਣੀ ਤੇ ਲੱਟੂ ਹੈ । ਕੁਝ ਸਮਾਂ ਹੋਇਆ ਇਕ ਸ਼ਿਅਰ ਲਿਖਿਆ ਸੀ, ਉਹ ਵੀ ਸੁਣੋ :

"ਥਾ ਦਿਲ ਦੀਵਾਨਾ ਏਕ ਪੁਤਲਾ ਖਲਵਸ ਓ ਸਿਦਕ ਕਾ,
ਰਾਜ਼ ਕੀ ਸਭ ਬਾਤੇਂ ਚਿਹਰੇ ਸੇ ਨੁਮਾਇਆਂ ਹੋ ਗਈਂ ।

ਮੇਰੇ ਵਾਂਗ ਹਰ ਉਹ ਮਨੁੱਖ ਜਿਸ ਦੇ ਦਿਲ ਵਿਚ ਦਰਦ ਹੈ, ਜੋ ਸਲੂਕ ਦੀ ਭਾਵਨਾ ਦਾ ਹਾਮੀ ਹੈ, ਜੋ ਧਾਰਮਿਕ ਪੂਜਾ ਪਾਠ ਵਿਚ ਯਕੀਨ ਰਖਦਾ ਹੈ, ਜਿਸ ਨੂੰ ਦਰਗਾਹ ਵਿਚ ਲੇਖਾ ਦੇਣ ਦਾ ਫਿਕਰ ਹੈ, ਜੋ ਸਚੀਆਂ ਤੇ ਮੁਢਲੀਆਂ ਏਕਤਾਵਾਂ ਮੰਨਦਾ ਹੈ, ਜੋ ਹਰ ਇਕ ਮਨੁਖ, ਹਰ ਫਿਰਕੇ, ਹਰ ਕੌਮ ਤੇ ਹਰ ਦੇਸ਼ ਵਿਚ ਕੋਈ ਨਾ ਕੋਈ ਚੰਗਿਆਈ ਵੇਖਦਾ ਹੈ, ਜੋ ਸਦਾਚਾਰ ਦੀਆਂ ਤਿੰਨਾਂ ਬੁਨਿਆਦਾਂ ਨੂੰ ਮੰਨਦਾ ਹੈ । ਆਰਥਿਕ ਤੇ ਰਾਜਨੀਤਕ ਵਿਖੇਵੇਂ ਦੇ ਹੁੰਦਿਆਂ ਹੋਇਆਂ ਵੀ ਹਰ ਮਨੁੱਖ ਇਸ ਸ੍ਵੈ-ਜੀਵਨੀ ਨੂੰ ਪੜ੍ਹ ਕੇ ਆਪ ਮੁਹਾਰੇ ਹੀ ਇਨ੍ਹਾਂ ਦੇ ਦਿਲ ਦਿਮਾਗ਼ ਅਤੇ ਕਲਮ ਦੀ ਅਥਾਹ ਸ਼ਕਤੀ ਦੀ ਪਰਸੰਸਾ ਕਰਨ ਤੇ ਮਜਬੂਰ ਹੋ ਜਾਵੇਗਾ ।

ਫ਼ਕੀਰ ਨੇ ਅੰਗਰੇਜ਼ੀ ਬੋਲੀ ਵਿਚ ਛਪੀਆਂ ਸਾਹਿਤਕਾਰਾਂ, ਨੀਤੀਵਾਨਾਂ ਤੇ ਅਧਿਆਤਮਵਾਦੀ ਮਿਤਰਾਂ ਦੀਆਂ ਲਿਖੀਆਂ ਸ੍ਵੈ-ਜੀਵਨੀਆਂ — ਜਿਨ੍ਹਾਂ ਵਿਚ ਭਾਰਤੀ, ਅਮਰੀਕਨ, ਫ਼ਰਾਂਸੀਸੀ, ਅੰਗਰੇਜ਼ੀ, ਯੂਨਾਨੀ ਤੇ ਜਰਮਨ ਸ਼ਾਮਲ ਹਨ— ਬੜੇ ਧਿਆਨ ਨਾਲ ਤੇ ਸਿਖਿਆ ਗ੍ਰਹਿਣ ਕਰਨ ਦੀ ਭਾਵਨਾ ਅਧੀਨ ਪੜ੍ਹੀਆਂ ਹਨ । ਇਸ ਅਧਿਅਨ ਦੇ ਅਧਾਰ ਤੇ ਨਿਰਪਖਤਾ ਤੇ ਤੁਲਣਾਤਮਿਕ ਦ੍ਰਿਸ਼ਟੀ-ਕੋਨ ਤੋਂ ਫ਼ਕੀਰ ਕਹਿੰਦਾ ਹੈ ਕਿ ਅਜ ਤਕ ਅਜਿਹੀ ਕੋਈ ਸ੍ਵੈ-ਜੀਵਨੀ ਨਹੀਂ ਛਪੀ ਜਿਸ ਵਿਚ ਮਫ਼ਤੂਨ ਸਾਹਿਬ ਦੀ ਸ੍ਵੈ-ਜੀਵਨੀ ਵਾਂਗ ਹਰ ਘਟਨਾ ਯਥਾਰਥਕ ਤੇ ਹਰ ਪਰਕਾਰ ਦੀ ਮਿਲਾਵਟ ਤੋਂ ਬਗ਼ੈਰ ਪੇਸ਼ ਕਰ ਦਿਤੀ ਗਈ ਹੋਵੇ, ਇਸ ਤਰ੍ਹਾਂ ਨਿਡਰਤਾ ਨਾਲ ਸਚ ਨੂੰ ਸੱਚ ਤੇ ਝੂਠ ਨੂੰ ਝੂਠ ਕਿਹਾ ਗਿਆ ਹੋਵੇ । ਅਨੁਭਵ ਦੀ ਵਿਸ਼ਾਲਤਾ, ਅਮੀਰ ਡੂੰਘਾਈ ਤੇ ਉਨ੍ਹਾਂ ਦੀ ਇੰਨੀ ਉਚਾਈ ਹੋਵੇ ਤੇ ਉਹ ਅਨੁਭਵ ਹਰ ਪੱਧਰ ਤੇ ਹਰ ਰੰਗ ਸੰਬੰਧੀ ਹੋਵੇ, ਬ੍ਰਿਤਾਂਤਕ ਸ਼ਕਤੀ ਇੰਨੀ ਰਵਾਂ, ਸਪਸ਼ਟ, ਰੋਚਕਤਾ ਭਰਪੂਰ ਅਤੇ ਹੌਲੀ ਫੁਲ ਹੋਵੇ, ਬੋਲੀ ਹਰ ਸਮੇਂ ਤੇ ਘਟਨਾ ਦੇ ਅਨੁਕੂਲ ਹੋਵੇ, ਸਮੁੱਚੇ ਤੌਰ ਤੇ ਬੋਲੀ ਦੀ ਵਰਤੋਂ ਸਿਰਜਣਾਤ-



Digitized by Panjab Digital Library | www.panjabdigilib.org

ਮਿਕ ਹੋਵੇ ਅਤੇ ਸਾਧਾਰਨ ਤੇ ਵਿਸ਼ੇਸ਼ ਦੀਆਂ ਤਮੀਜ਼ਾਂ ਨੂੰ ਭੁਲਾ ਦੇਣ ਵਾਲਾ ਹੋਵੇ, ਕਹਾਣੀ ਕਹਿਣ ਦੇ ਨਾਲ ਨਾਲ ਮਾਰਫ਼ਤ ਦੀ ਸਿਖਿਆ ਹੋਵੇ, ਸ਼ਬਦ-ਚਿਤ੍ਰ-ਕਲਾ ਦੇ ਨਾਲ ਨਾਲ ਹੱਕ ਦੀ ਆਵਾਜ਼ ਹੋਵੇ ਤੇ ਘਟਨਾ-ਬਿਆਨੀ ਦੇ ਨਾਲ ਨਾਲ ਸਲਾਹੁਣ ਯੋਗ ਦ੍ਰਿਸ਼ਟੀਕੋਨ ਹੋਵੇ, ਗ਼ਰੀਬੀ ਵਿਚ ਅਮੀਰੀ ਤੇ ਅਮੀਰੀ ਵਿਚ ਗ਼ਰੀਬੀ ਦੇ ਮਜ਼ੇ ਲੈਣ ਵਾਲਾ ਲਿਖਾਰੀ ਜੀਵਨ ਦੀ ਸਾਰੀ ਖੇਡ ਸ਼ੁਰੂ ਤੋਂ ਆਖ਼ਰ ਤਕ ਇਕ ਬੇਲਾਗ ਲੀਲ੍ਹਾ ਦੇ ਤੌਰ ਤੇ ਖੇਡ ਸਕਿਆ ਹੋਵੇ ਅਰਥਾਤ ਹਰ ਕਦਮ ਤੇ ਆਪਣੇ ਆਪ ਨੂੰ ਅਮਲੀ ਤੌਰ ਤੇ ਗਵਾਹ ਪ੍ਰਤੀਤ ਕਰਦਾ ਰਿਹਾ ਹੋਵੇ।

ਸਜਣ ਜੀ, ਜੇ ਤੁਸੀਂ ਆਪਣੇ ਬੱਚਿਆਂ, ਮਿਤਰਾਂ, ਪਤਨੀ, ਪਤੀ, ਅਫ਼ਸਰਾਂ, ਅਧੀਨਾਂ, ਗੁਆਂਢੀਆਂ ਤੇ ਵੈਰੀਆਂ ਨੂੰ ਵਿਦਿਆ ਦੇਣੀ ਚਾਹੁੰਦੇ ਹੋ ਤਾਂ ਇਹ ਸਾਰੀ ਦੀ ਸਾਰੀ ਪੁਸਤਕ ਉਨ੍ਹਾਂ ਨੂੰ ਪੜ੍ਹਾ ਦਿਓ। ਜੇ ਇੰਨਾ ਨਹੀਂ ਕਰ ਸਕਦੇ ਤਾਂ ਤੁਸੀਂ ਇੰਨਾ ਹੀ ਕਰੋ ਕਿ ਇਸ ਪੁਸਤਕ ਦੇ ਕਾਂਡਾਂ ਦੇ ਸਿਰਲੇਖਾਂ ਨੂੰ ਕਾਗ਼ਜ਼ ਦੀਆਂ ਵਖ ਵਖ ਪਰਚੀਆਂ ਤੇ ਲਿਖ ਕੇ ਘਰ ਦੀਆਂ ਕੰਧਾਂ ਤੇ ਚਿਪਕਾ ਦਿਓ। ਮੈਂ ਇਹ ਤਾਂ ਨਹੀਂ ਕਹਿੰਦਾ ਕਿ ਜੀਵਨ ਸਫ਼ਲ ਹੋ ਜਾਵੇਗਾ, ਹਾਂ ਜੀਵਨ ਜੀਵਨ ਹੋ ਜਾਵੇਗਾ। ਦੇਖੋ ਕੀ ਉਚਰਦੇ ਹਨ ਸਰਦਾਰ ਸਾਹਿਬ!

ਹੇ ਪ੍ਰਮਾਤਮਾ! ਇਹ ਸਿਰਲੇਖ ਹਨ ਜਾਂ ਰਬੀ ਆਚਰਣ ਤੇ ਅਰਸ਼ੋਂ ਉਤਰੇ "ਸੂਤਰ" :

—ਜ਼ੁਲਮ ਤੇ ਧੱਕੇਸ਼ਾਹੀ ਨੂੰ ਬਰਦਾਸ਼ਤ ਨਾ ਕਰੋ
—ਰਿਆਸਤਾਂ ਦੇ ਵਾਲੀਆਂ ਦਾ ਵਕਾਰ
—ਇਜ਼ਤ ਦੀ ਕੁਰਬਾਨੀ
—ਮਰਨ ਤੋਂ ਪਿਛੋਂ ਸਨਮਾਨ
—ਪਾਣੀ ਦਾ ਸੁਭਾ ਤੇ ਅਸਰ
—ਸੀ. ਆਈ. ਡੀ. ਦੇ ਜ਼ਿੰਮੇਵਾਰ ਰੀਪੋਰਟਰ
—ਧ੍ਰੋਹੀ ਖਿਮਾ-ਯੋਗ ਨਹੀਂ ਹਨ
—ਸਰਕਾਰ ਦੀ ਕਾਗ਼ਜ਼ੀ ਮਸ਼ੀਨਰੀ
—ਪੱਤਰਕਾਰੀ ਦਾ ਚਾਨਣਾ ਪੱਖ
—ਕਾਨੂੰਨ ਤੇ ਫ਼ਰਜ਼
—ਹਰ ਮਨ ਪਿਆਰਤਾ ਸੰਤੁਸ਼ਟਤਾ ਦਾ ਕਾਰਨ
—ਨਿਰਇੱਛਤ ਅਪਰਾਧ
—ਘ੍ਰਿਣਾ ਤੇ ਪਿਆਰ ਦੇ ਕਾਰਨ



Digitized by Panjab Digital Library | www.panjabdigilib.org

ਉਹ ਖ਼ਾਸ ਗਲ, ਜਿਸ ਨੇ ਮੈਨੂੰ ਸਰਦਾਰ ਸਾਹਿਬ ਦਾ ਬਹੁਤ ਹੀ ਪ੍ਰਸੰਸਕ ਬਣਾ ਦਿਤਾ ਹੈ ਅਤੇ ਜੋ ਮੇਰੇ ਪੰਜਾਹ ਸਾਲਾ ਅਨੁਭਵ ਵਿਚ ਕਿਸੇ ਹੋਰ ਸਾਹਿਤ-ਕਾਰ ਸਿਆਣੇ ਆਗੂ ਅਤੇ ਧਾਰਮਿਕ ਨੇਤਾ ਨੂੰ ਸ਼ਾਇਦ ਹੀ ਮਿਲੀ ਹੋਵੇ, ਉਹ ਇਹ ਹੈ ਕਿ ਸਰਦਾਰ ਸਾਹਿਬ ਨੇ ਜੀਵਨ ਅੰਕਿਤ ਕਰਦੇ ਹੋਏ ਘਟਨਾਵਾਂ ਦੀ ਵਿਸ਼ੇਸ਼ਤਾ, ਉਨ੍ਹਾਂ ਦੀ ਸਿਖਿਆ ਤੇ ਯਥਾਰਥਕਤਾ ਨੂੰ ਮੁਖ ਰਖਿਆ ਹੈ ਭਾਵੇਂ ਉਹ ਘਟਨਾ ਕਿਸੇ ਗ਼ਰੀਬ ਦੁਖੀਆ ਮੁਜਰਮ ਜਾਂ ਪ੍ਰਦੇਸੀ ਨਾਲ ਸੰਬੰਧਿਤ ਹੈ ਜਾਂ ਕਿਸੇ ਅਮੀਰ, ਦੁਖਾਂ ਗ਼ਮਾਂ ਤੋਂ ਬੇਪ੍ਰਵਾਹ, ਪਵਿਤਰ ਜਾਂ ਹਮਵਤਨੀ ਨਾਲ ਸੰਬੰਧਤ ਹੈ ।

ਆਮ ਤੌਰ ਤੇ ਵੇਖਿਆ ਗਿਆ ਹੈ ਕਿ ਘਟਨਾ-ਨਵੀਸ ਸਿਰਫ਼ ਉਨ੍ਹਾਂ ਨਾਵਾਂ, ਕੰਮਾਂ, ਸਥਾਨਾਂ, ਘਟਨਾਵਾਂ ਤੇ ਸੰਬੰਧਾਂ ਨੂੰ ਲੈਂਦੇ ਹਨ ਜੋ ਵਡੇ ਹਨ ਜਿਸ ਤੋਂ ਲੇਖਕ ਦੀ ਵਡਿਆਈ ਸਿਧ ਹੋਵੇ ਤੇ ਪਾਠਕ ਤੇ ਇਸ ਗਲ ਦਾ ਦਬਦਬਾ ਬੈਠ ਜਾਏ ਕਿ ਇਸ ਵਡੇ ਮਨੁੱਖ ਦੇ ਜੀਵਨ ਦੀਆਂ ਵਡੀਆਂ ਘਟਨਾਵਾਂ ਪੜ੍ਹ ਕੇ ਵਡੇ ਨੁਕਤੇ ਪ੍ਰਾਪਤ ਕਰ ਸਕਦਾ ਹਾਂ, ਪਰ ਦੀਵਾਨ ਸਿੰਘ ਮਫ਼ਤੂਨ ਇਕ ਸਾਧਾਰਨ ਖਤਰੀ ਘਰਾਣੇ ਦਾ ਜੰਮ-ਪਾਲ ਹੈ । ਇਹੀ ਸੀ, ਇਹੀ ਹੈ ਤੇ ਇਹੋ ਰਹੇਗਾ । ਅਰਥਾਤ ਉਸ ਨੇ ਖ਼ਾਨਦਾਨੀ ਰਵਾਇਤਾਂ, ਸਿਖ ਵਿਦਿਆ ਤੇ ਜਨਤਾ ਦੇ ਸੁਭਾਵਕ ਸੁਧਾਰਾਂ ਨੂੰ ਸੰਭਾਲਿਆ ਤੇ ਇਨ੍ਹਾਂ ਦਾ ਉਹ ਵਾਧਾ ਕੀਤਾ ਤੇ ਇਸ ਸਖ਼ਤੀ ਨਾਲ ਇਨ੍ਹਾਂ ਦਾ ਪਾਬੰਦ ਰਿਹਾ ਕਿ ਸਭ ਕੁਝ ਦੇਖ, ਸੁਣ ਸਹਿ ਕੇ ਵੀ ਓਹੀ ਹੈ ਜੋ ਪਹਿਲੇ ਸੀ । ਜਿਸ ਦਾ ਭਾਵ ਇਹ ਹੈ ਕਿ ਉਹ ਮੁੱਢ ਤੋਂ ਹੀ ਵੱਡਾ ਜਾਂ ਛੋਟਾ ਸੀ, ਹੁਣ ਵੀ ਓਹੀ, ਓਜਿਹਾ ਹੀ ਹੈ । ਜੀਵਨ ਦੀਆਂ ਕੁਰਿੱਤਣਾਂ ਤੇ ਸਮੇਂ ਦੇ ਜ਼ੁਲਮਾਂ ਨੇ ਉਸ ਨੂੰ ਕੋਇਲੇ ਤੋਂ ਹੀਰਾ ਤੇ ਪੱਥਰ ਤੋਂ ਸੰਗਮਰਮਰ ਬਣਾ ਦਿਤਾ ਹੈ । ਇਸ ਨੂੰ ਵਿਸ਼ਵਾਸ ਦਾ ਪ੍ਰਗਟਾ ਸਮਝੋ ਜਾਂ ਘਟਨਾਵਾਂ ਦਾ ਵਰਣਨ ।



Digitized by Panjab Digital Library | www.panjabdigilib.org

# ਅਮਲੀ ਜੀਵਨ ਦੇ ਝਲਕਾਰੇ

[ਡਾ: ਮ: ਹਫ਼ੀਜ਼ ਸੱਯਦ ਐਮ. ਏ., ਪੀ-ਐਚ. ਡੀ. ਮੈਂਬਰ ਬ੍ਰਿਟਿਸ਼ ਇਨਸਟੀਚਿਊਸ਼ਨ ਆਫ਼ ਫ਼ਿਲਾਸਫ਼ੀ, ਲੰਡਨ]

ਭੂਮਿਕਾ ਦਾ ਉਦੇਸ਼ ਹੈ ਕਿ ਕਿਸੇ ਪੁਸਤਕ ਦੀ ਪਾਠਕਾਂ ਨਾਲ ਸਾਂਝ ਕਰਾਉਣੀ, ਪਰ ਇਸ ਤੋਂ ਪਹਿਲਾਂ ਕਿ ਇਨ੍ਹਾਂ ਸਤਰਾਂ ਦਾ ਲਿਖਾਰੀ ਇਹ ਫ਼ਰਜ਼ ਪੂਰਾ ਕਰ ਕੇ ਸ਼ਾਂਤੀ ਪ੍ਰਾਪਤ ਕਰੇ, 'ਨਾਕਾਬਿਲੇ ਫ਼ਰਾਮੋਸ਼' ਪੁਸਤਕ ਦੇ ਕਰਤਾ ਦੇ ਕਾਰਨਾਮਿਆਂ ਤੇ ਉਨ੍ਹਾਂ ਨੂੰ ਵਧਾਈ ਦੇਂਦਾ ਹੈ।

ਸਾਹਿਤਕ ਤੇ ਸਦਾਚਾਰਕ ਪੁਸਤਕਾਂ ਦੇ ਮਜ਼ਮੂਨ ਆਮ ਤੌਰ ਤੇ ਫ਼ਰਜ਼ੀ, ਕਲਪਣਿਕ ਤੇ ਇਕਾਂਤਿਕ ਹੁੰਦੇ ਹਨ ਤੇ ਜ਼ਿਆਦਾ ਜਗਬੀਤੀ ਦੀਆਂ ਘਟਨਾਵਾਂ ਤੇ ਅਧਾਰਿਤ ਹੁੰਦੇ ਹਨ, ਪਰ ਨਾਕਾਬਿਲੇ ਫ਼ਰਾਮੋਸ਼ ਦੀ ਲਿਖਤ ਦਾ ਦ੍ਰਿਸ਼ਟੀਕੋਨ ਇਸ ਤੋਂ ਵਖਰਾ ਹੈ। ਇਸ ਦੇ ਵਿਦਵਾਨ ਲੇਖਕ ਨੇ ਜੋ ਕੁਝ ਰਚਿਆ ਹੈ, ਉਹ ਹਡਬੀਤੀ ਹੈ ਜਿਸ ਨੂੰ ਉਸ ਦੇ ਅਭੁੱਲ ਅਨੁਭਵ, ਪ੍ਰਭਾਵ-ਚਿਤ੍ਰ ਤੇ ਤਜਰਬਿਆਂ ਦਾ ਜੀਊਂਦਾ ਜਾਗਦਾ ਸਬੂਤ ਸਮਝੋ ਜਾਂ ਸਿਖਿਆਦਾਇਕ ਘਟਨਾਵਾਂ ਦਾ ਸੋਮਾ। ਉਨ੍ਹਾਂ ਦੀ ਘੋਖਵੀਂ ਤੇ ਦੀਰਘ ਦ੍ਰਿਸ਼ਟੀ ਰੋਜ਼ਾਨਾ ਜ਼ਿੰਦਗੀ ਦੇ ਹਾਦਸਿਆਂ ਤੇ ਘਟਨਾਵਾਂ ਨੂੰ ਸਾਧਾਰਨ ਨਜ਼ਰ ਨਾਲ ਨਹੀਂ ਵੇਖਦੀ ਸਗੋਂ ਇਨ੍ਹਾਂ ਤੇ ਪੜਚੋਲਵੀਂ ਨਜ਼ਰ ਸੁਟਦੀ ਹੈ ਤੇ ਇਨ੍ਹਾਂ ਤੋਂ ਸਿਖਿਆ ਪ੍ਰਾਪਤ ਕਰਦੀ ਹੈ ਤੇ ਇਹੋ ਅਮਲੀ ਜੀਵਨ ਦਾ ਉਦੇਸ਼ ਹੋਣਾ ਚਾਹੀਦਾ ਹੈ। ਕੌਣ ਹੋਸ਼ ਹਵਾਸ ਵਾਲਾ ਮਨੁੱਖ ਹੋਵੇਗਾ ਜੋ ਇਸ ਸਿਖਿਆਦਾਇਕ ਸੰਗ੍ਰਹਿ ਨੂੰ ਪੜ੍ਹ ਕੇ ਪ੍ਰਭਾਵਿਤ ਨਾ ਹੋਇਆ ਹੋਵੇ। ਸਾਹਿਤ ਦੇ ਅਧਿਅਨ ਸਮੇਂ ਇਹੀ ਆਸ਼ਾ ਮੁਖ ਹੋਣਾ ਚਾਹੀਦਾ ਹੈ। ਜਿਸ ਸਾਹਿਤ ਦੇ ਪਾਠ ਤੋਂ ਰੋਜ਼ਾਨਾ ਜੀਵਨ ਪ੍ਰਭਾਵਿਤ ਨਹੀਂ ਹੁੰਦਾ ਤੇ ਜਿਸ ਦੇ ਅਧਿਅਨ ਨਾਲ ਸੁਭਾ ਚੰਗਾ ਨਹੀਂ ਬਣਦਾ ਉਹ ਅਸਲ ਵਿਚ ਲਾਭਦਾਇਕ ਨਹੀਂ।

"ਨਾਕਾਬਿਲੇ ਫ਼ਰਾਮੋਸ਼" ਪੁਸਤਕ ਦਾ ਹਰ ਪੰਨਾ ਸਿਖਿਆ-ਭਰਪੂਰ ਹੈ। ਇਹ ਪੁਸਤਕ ਇਸ ਕਾਬਲ ਹੈ ਕਿ ਹਰ ਪ੍ਰਕਾਰ ਦਾ ਮਨੁੱਖ ਇਸ ਤੋਂ ਲਾਭ ਲੈ ਸਕਦਾ ਹੈ, ਪਰ ਜੇ ਉਸ ਵਿਚ ਆਪਾ-ਸੁਧਾਰ ਤੇ ਜਿਨਸੀ ਜ਼ਬਤ ਦਾ ਸ਼ੌਕ



Digitized by Panjab Digital Library | www.panjabdigilib.org

ਹੋਵੇ। ਇਸ ਦੇ ਕਰਤਾ ਸ: ਦੀਵਾਨ ਸਿੰਘ ਮਫ਼ਤੂਨ ਬੜੇ ਮਿਲਨਸਾਰ ਤੇ ਸਚੇ ਸੁਚੇ ਸੁਭਾ ਵਾਲੇ ਹਨ। ਜਿਨ੍ਹਾਂ ਲੋਕਾਂ ਨੇ 'ਰਿਆਸਤ' ਦਾ ਅਧਿਅਨ ਕੀਤਾ ਹੈ ਉਹ ਬਿਨਾਂ ਕਿਸੇ ਪੱਖ-ਪਾਤ ਦੇ ਮੇਰੀ ਹਾਮੀ ਭਰਨਗੇ ਕਿ ਹਰ ਲਿਖਤ ਵਿਚ ਸਦਾਚਾਰਕ ਦ੍ਰਿਸ਼ਟੀਕੋਨ ਹੁੰਦਾ ਹੈ। ਛੋਟੀ ਤੋਂ ਛੋਟੀ ਘਟਨਾ ਵੀ ਪਾਠਕ ਲਈ ਸਿਖਿਆਦਾਇਕ ਹੈ। ਨਿਕੀ ਤੋਂ ਨਿਕੀ ਗਲ ਇਨ੍ਹਾਂ ਵਾਸਤੇ ਦੰਡ ਦਾ ਕਾਰਨ ਹੈ। ਆਚਰਣ ਦੀ ਪੱਧਰ, ਦਿਆਨਤਦਾਰੀ ਅਤੇ ਸਚਾਈ ਦੇ ਨਿਯਮ ਦੇ ਵਿਰੁਧ ਨਹੀਂ ਹੁੰਦਾ ਉਹ ਉਨ੍ਹਾਂ ਦੀ ਅਨੁਭਵ ਦੀ ਦ੍ਰਿਸ਼ਟੀ ਤੋਂ ਬਚ ਨਹੀਂ ਸਕਦਾ। ਉਨ੍ਹਾਂ ਦੀ ਰੂਹ ਭਰੀ ਜ਼ਿੰਦਗੀ ਮੁਸ਼ਕਲਾਂ ਦੀ ਇਕ ਜੀਊਂਦੀ ਜਾਗਦੀ ਮਿਸਾਲ ਹੈ ਜਿਸ ਨੂੰ ਮੁਖ ਰਖਦਿਆਂ ਇਹ ਅਤਿ-ਕੀਮਤੀ ਸਿਖਿਆ ਪ੍ਰਾਪਤ ਕੀਤੀ ਜਾ ਸਕਦੀ ਹੈ ਕਿ ਹਰ ਉਦੇਸ਼ ਦੀ ਸਫ਼ਲਤਾ ਲਈ ਇਰਾਦੇ ਦੀ ਦ੍ਰਿੜ੍ਹਤਾ ਤੇ ਮਿਹਨਤ ਦੀ ਆਦਤ ਜ਼ਰੂਰੀ ਹੈ। ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਇਨ੍ਹਾਂ ਨੂੰ ਜਿਹੜੀਆਂ ਜਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਉਨ੍ਹਾਂ ਦਾ ਵਰਣਨ, ਆਪਣੀ ਸਾਦੀ ਇਬਾਰਤ ਦੇ ਬਾਵਜੂਦ ਕੁਝ ਅਜਿਹੇ ਢੰਗ ਨਾਲ ਕੀਤਾ ਗਿਆ ਹੈ ਕਿ ਪ੍ਰਭਾਵਿਤ ਹੋਏ ਬਿਨਾਂ ਰਿਹਾ ਨਹੀਂ ਜਾਂਦਾ। ਕੁਝ ਘਟਨਾਵਾਂ ਵਿਚ ਉਨ੍ਹਾਂ ਨੇ ਆਪਣੇ ਜੀਵਨ ਦੀਆਂ ਉਨ੍ਹਾਂ ਆਦਰਸ਼ਕ ਹਕੀਕਤਾਂ ਤੋਂ ਪਰਦਾ ਲਾਹਿਆ ਹੈ ਜਿਨ੍ਹਾਂ ਦੇ ਪ੍ਰਗਟਾ ਤੇ ਮੰਨਣ ਤੋਂ ਆਮ ਲੋਕ ਪ੍ਰਹੇਜ਼ ਕਰਦੇ ਹਨ।

ਇਹ ਅਦੁੱਤੀ ਤੇ ਆਪਣੇ ਕਿਸਮ ਦੀ ਪਹਿਲੀ ਪੁਸਤਕ ਲੇਖਕ ਦੀ ਸ੍ਵੈ-ਜੀਵਨੀ ਹੈ। ਇਸ ਦੇ ਧਿਆਨ ਨਾਲ ਅਧਿਅਨ ਤੋਂ ਪਾਠਕ ਦੀ ਆਤਮਾ ਜਾਗ੍ਰਿਤ ਹੁੰਦੀ ਹੈ। ਇਹ ਅਮਲੀ ਦੁਨੀਆਂ ਦੇ ਰੰਗਾ ਰੰਗ ਤਜਰਬਿਆਂ ਦਾ ਅਦੁੱਤੀ ਸੰਗ੍ਰਹਿ ਹੈ ਜਿਸ ਨੂੰ ਪੜ੍ਹ ਕੇ ਸਧਾਰਨ ਤੋਂ ਸਧਾਰਨ ਪੁਰਸ਼ ਵੀ ਸਿਖਿਆ ਪ੍ਰਾਪਤ ਕਰ ਸਕਦਾ ਹੈ। ਉਰਦੂ ਬੋਲੀ ਤੇ ਸਾਹਿਤ ਨਾਲ ਮਫ਼ਤੂਨ ਸਾਹਿਬ ਨੂੰ ਦਿਲਚਸਪੀ ਹੈ। ਇਨ੍ਹਾਂ ਦਾ ਸੁੰਦਰ ਵਰਣਨ ਦਿਲ ਤੇ ਦ੍ਰਿਸ਼ਟੀ ਨੂੰ ਖਿਚ ਲੈਣ ਵਾਲਾ ਹੈ।

ਇਕੋ ਬੈਠਕ ਵਿਚ ਪੂਰੀ ਪੁਸਤਕ ਪੜ੍ਹੀ ਜਾ ਸਕਦੀ ਹੈ। ਇਸ ਦੇ ਅਧਿਅਨ ਤੋਂ ਜੀ ਨਹੀਂ ਉਭਦਾ। ਰੂਹ ਵਿਚ ਤਾਜ਼ਗੀ ਭਰਦੀ ਤੇ ਅਕਲ ਨੂੰ ਚਾਨਣ ਬਖ਼ਸ਼ਦੀ ਹੈ। ਇਹ ਪੁਸਤਕ ਹਰ ਤਬਕੇ ਦੇ ਵਿਦਿਆਰਥੀਆਂ ਲਈ ਬਹੁਤ ਗੁਣਕਾਰੀ ਸਿਧ ਹੋ ਸਕਦੀ ਹੈ।

ਪਾਠਕ ਜਨ ਯਕੀਨ ਕਰਨ ਜਾਂ ਨਾ, ਪਰ ਅਸਲ ਵਿਚ ਇਹ ਨਾਕਾਬਿਲੇ ਫ਼ਰਾਮੋਸ਼ ਘਟਨਾ ਹੈ ਕਿ ਸ: ਦੀਵਾਨ ਸਿੰਘ ਸਾਹਿਬ ਨੇ ਤਿੰਨ ਚਾਰ ਸੌ ਰੁਪਿਆ



Digitized by Panjab Digital Library | www.panjabdigilib.org

ਮਾਸਿਕ ਦੀ ਆਮਦਨੀ ਨੂੰ ਅਲਵਿਦਾ ਆਖ ਕੇ ਸੱਠ ਰੁਪਏ ਮਾਸਿਕ ਦੀ ਨੌਕਰੀ ਨੂੰ ਸਿਰਫ਼ ਇਸ ਲਈ ਪ੍ਰਵਾਨ ਕੀਤਾ ਕਿ ਪੱਤਰਕਾਰੀ ਦੀ ਕਲਾ ਵਿਚ ਨਿਪੁੰਨਤਾ ਪ੍ਰਾਪਤ ਕਰਨ । ਇਸ ਘਟਨਾ ਅਨੁਸਾਰ ਆਪ ਪੰਜਾਬ ਦਾ ਸਫ਼ਰ ਕਰਕੇ ਲਖਨਊ "ਹਮਦਮ" ਦੇ ਸੰਪਾਦਕ ਸੁਰਗਵਾਸੀ ਜਾਲਬ ਦੀ ਸੇਵਾ ਵਿਚ ਹਾਜ਼ਰ ਹੋਏ ਤੇ ਬਿਨਾਂ ਮੁਆਵਜ਼ਾ ਇਸ ਕਲਾ ਨੂੰ ਸਿਖਣ ਲਈ ਤਿਆਰ ਹੋ ਗਏ। ਰਈਸਾਂ ਤੇ ਅਮੀਰਾਂ ਦੀ ਪ੍ਰਸੰਨਤਾ ਦੀ ਕਦੀ ਪਰਵਾਹ ਨਹੀਂ ਕੀਤੀ ਸਗੋਂ ਇਨ੍ਹਾਂ ਦੀ ਹਰ ਗ਼ਲਤੀ ਤੇ ਭੈੜੀਆਂ ਰੁਚੀਆਂ ਦੀ ਸਮਾਲੋਚਨਾ ਕੀਤੀ ਤੇ ਨਿਧੜਕ ਹੋ ਕੇ ਉਨ੍ਹਾਂ ਦਿਆਂ ਐਬਾਂ ਨੂੰ ਨੰਗਿਆਂ ਕੀਤਾ । ਇਸ ਛੂਤ ਛਾਤ, ਕੁਨਬਾ-ਪਰਵਰੀ ਤੇ ਫਿਰਕਾਪ੍ਰਸਤੀ ਦੇ ਯੁਗ ਵਿਚ ਇੰਨੇ ਨਿਰਪੱਖ ਹੋ ਕੇ ਰਾਇ ਦੇਣ ਦੀਆਂ ਮਿਸਾਲਾਂ ਅਲੱਭ ਨਹੀਂ ਤਾਂ ਘਟ ਜ਼ਰੂਰ ਹਨ । ਇਸ ਪੁਸਤਕ ਵਿਚਲੀਆਂ ਬਹੁਤੀਆਂ ਘਟਨਾਵਾਂ ਤੋਂ ਸਾਫ਼ ਪਤਾ ਲਗਦਾ ਹੈ ਕਿ ਸ੍ਰੀ ਦੀਵਾਨ ਸਿੰਘ ਸਾਹਿਬ ਨੇ ਆਪਣੇ ਤੇ ਬਿਗਾਨਿਆਂ ਵਿਚ ਜਿਥੋਂ ਤਕ ਕਿ ਘਟਨਾਵਾਂ ਦਾ ਸੰਬੰਧ ਹੈ, ਕੋਈ ਲਿਹਾਜ਼ ਨਹੀਂ ਵਰਤਿਆ । ਹਿੰਦੂ, ਮੁਸਲਮਾਨ, ਸਿਖ ਤੇ ਈਸਾਈ ਇਨ੍ਹਾਂ ਵਿਚੋਂ ਕਿਸੇ ਇਕ ਫਿਰਕੇ ਦੇ ਕਿਸੇ ਮਨੁੱਖ ਤੋਂ ਜੇ ਕੋਈ ਜਾਣ ਬੁਝ ਕੇ ਜਾਂ ਅਚਾਨਕ ਹੀ ਕੋਈ ਗ਼ਲਤੀ ਹੋ ਗਈ ਹੋਵੇ ਤਾਂ ਆਪ ਨੇ ਬਿਨਾਂ ਕਿਸੇ ਪੱਖਪਾਤ ਜਾਂ ਡਰ ਖ਼ਤਰੇ ਦੇ ਨਿਧੜਕ ਹੋ ਕੇ ਪੜਚੋਲ ਕਰਨੀ ਆਪਣਾ ਫ਼ਰਜ਼ ਸਮਝਿਆ। ਆਪ ਸੁਭਾਵਕ ਹੀ ਹੱਕ ਪਸੰਦ ਹਨ, ਉਹ ਹੱਕ ਜੋ ਠੀਕ ਹੀ ਹੱਕ ਹਨ ।

ਮੈਨੂੰ ਤੀਹ ਸਾਲਾਂ ਤੋਂ ਅੰਗਰੇਜ਼ੀ ਤੇ ਉਰਦੂ ਦੇ ਸੰਪਾਦਕਾਂ ਨਾਲ ਵਾਹ ਪਿਆ ਹੈ। ਮੈਂ ਦ੍ਰਿੜ੍ਹਤਾ ਨਾਲ ਲਿਖਣ ਦੀ ਦਲੇਰੀ ਕਰਦਾ ਹਾਂ ਕਿ ਮੈਂ ਸ: ਦੀਵਾਨ ਸਿੰਘ ਸੰਪਾਦਕ ਨੂੰ ਸੰਪਾਦਕ ਦੀ ਹੈਸੀਅਤ ਵਿਚ ਬਹੁਤ ਨਿਪੁੰਨ ਵੇਖਿਆ। ਇਹ ਕੌਲਾਂ ਦਾ ਸਿਦਕੀ ਤੇ ਆਪਣੀ ਗਲ ਦਾ ਧਨੀ ਇਨਸਾਨ ਹੈ ਆਪਣੀ ਹੱਡ ਬੀਤੀ ਸੁਣਾ ਕੇ ਸਾਨੂੰ ਨਿੱਜੀ ਢੰਗ ਨਾਲ ਜੀਵਨ ਦੀ ਉਹ ਅਮਲੀ ਸਿਖਿਆ ਦੇਂਦਾ ਹੈ ਜੋ ਹਰ ਪੱਖ ਤੇ ਹਰ ਦ੍ਰਿਸ਼ਟੀਕੋਨ ਤੋਂ ਗੁਣਕਾਰੀ ਤੇ ਪ੍ਰਥਮ ਹੈ।

ਮੈਨੂੰ ਆਸ ਹੈ ਕਿ ਇਸ ਨਾਕਾਬਿਲੇ ਫ਼ਰਾਮੋਸ਼ ਸੰਗ੍ਰਹਿ ਨੂੰ ਪਾਠਕ ਪੂਰੇ ਧਿਆਨ ਤੇ ਰੌਚਕਤਾ ਨਾਲ ਪੜ੍ਹ ਕੇ ਲਾਭ ਉਠਾਉਣਗੇ ।



Digitized by Panjab Digital Library | www.panjabdigilib.org

# ਜੀ ਆਇਆਂ ਨੂੰ

[ਸ੍ਰੀ ਮਾਨ ਪੰਡਤ ਹਰੀ ਚੰਦ ਸਾਹਿਬ ਅਖ਼ਤਰ]

ਮੇਰੀਆਂ ਇਨ੍ਹਾਂ ਕੁਝ ਕੁ ਸਤਰਾਂ ਨੂੰ ਸ: ਦੀਵਾਨ ਸਿੰਘ ਮਫ਼ਤੂਨ ਦੀ ਵਾਕਫ਼ੀਅਤ ਜਾਂ ਭੂਮਿਕਾ ਸਮਝਣਾ ਯੋਗ ਨਹੀਂ ਹੋਵੇਗਾ। ਵਰਤਮਾਨ ਸਮੇਂ ਦੇ ਉਰਦੂ-ਪ੍ਰੇਮੀ ਅਖ਼ਬਾਰ 'ਰਿਆਸਤ' ਦੁਆਰਾ ਸ: ਦੀਵਾਨ ਸਿੰਘ ਮਫ਼ਤੂਨ ਦੇ ਲਿਖਣ ਢੰਗ ਤੇ ਕਲਮ ਦੇ ਜ਼ੋਰ ਤੋਂ ਹੀ ਨਹੀਂ ਸਗੋਂ ਉਨ੍ਹਾਂ ਦੇ ਸੁਭਾ ਦੇ ਹਰ ਪਖ ਤੋਂ ਚੰਗੀ ਤਰ੍ਹਾਂ ਜਾਣੂ ਹਨ। ਇਸ ਲਿਖਣ ਢੰਗ ਨਾਲ ਵਿਰੋਧਤਾ ਜ਼ਰੂਰ ਹੋ ਸਕਦੀ ਹੈ, ਪਰ ਉਸ ਦੀ ਹਰਮਨ-ਪਿਆਰਤਾ ਦੇ ਸੰਬੰਧ ਵਿਚ ਕਿਸੇ ਪਰਕਾਰ ਦੀ ਗੁੰਜਾਇਸ਼ ਨਹੀਂ ਰਹੀ। ਦੀਵਾਨ ਸਿੰਘ ਨੇ ਕਦੀ ਸਾਹਿਤਕਾਰ ਹੋਣ ਦਾ ਦਾਅਵਾ ਨਹੀਂ ਕੀਤਾ। ਜੀਵਨ ਦੇ ਕੁਝ ਮੁੱਢਲੇ ਦੌੜ ਭੱਜ ਦੇ ਸਾਲਾਂ ਨੂੰ ਛਡ ਕੇ ਸਾਰਾ ਜੀਵਨ ਪੱਤਰਕਾਰੀ ਹੀ ਇਨ੍ਹਾਂ ਦੀਆਂ ਸਾਰੀਆਂ ਰੁਚੀਆਂ ਤੇ ਸਰਗਰਮੀਆਂ ਦਾ ਕੇਂਦਰ ਰਹੀ ਹੈ। ਉਹ ਪੱਤਰਕਾਰੀ ਵਿਚ ਇਕ ਅਜਿਹੇ ਲਿਖਣ ਢੰਗ ਦਾ ਦਾਅਵਾ ਕਰ ਸਕਦੇ ਹਨ ਜੋ ਅਖ਼ਬਾਰ ਰਿਆਸਤ ਦੇ ਪਹਿਲੇ ਦਿਨ ਤੋਂ ਅਜ ਤਕ ਵਡੇ ਵਡੇ ਸਾਹਿਤਕਾਰਾਂ ਤੋਂ ਪ੍ਰਸੰਸਾ ਪ੍ਰਾਪਤ ਕਰਦੀ ਰਹੀ ਹੈ।

ਅੰਗਰੇਜ਼ੀ ਰਾਜ ਦੇ ਅਖ਼ੀਰਲੇ ਤੀਹ ਪੈਂਤੀ ਸਾਲ ਭਾਰਤੀ ਪੱਤਰਕਾਰੀ ਲਈ ਬੜੀ ਕਠਿਨ ਅਜ਼ਮਾਇਸ਼ ਦੇ ਦਿਨ ਸਨ। ਉਸ ਸਮੇਂ ਦੇਸ਼ ਭਗਤ ਪੱਤਰ ਤੇ ਪੱਤਰਕਾਰਾਂ ਨੂੰ ਬੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ, ਫਿਰ ਮਫ਼ਤੂਨ ਸਾਹਿਬ ਦਾ ਪੱਤਰ ਨਾ ਸਿਰਫ਼ ਦੇਸ਼ ਭਗਤ ਸੀ ਸਗੋਂ ਰਿਆਸਤਾਂ ਦੇ ਰਾਜਿਆਂ ਦੇ ਗ੍ਰਿਹ ਵਿਰੁਧ ਇਕ ਜਹਾਦ ਕਰ ਰਿਹਾ ਸੀ ਜੋ ਅੰਗਰੇਜ਼ੀ ਸਰਕਾਰ ਦਾ ਹਥ-ਠੋਕਾ ਤੇ ਕਾਨੂੰਨ ਦਾ ਲਾਡਲਾ ਸੀ, ਆਪਣੀਆਂ ਕਰਤੂਤਾਂ ਨੂੰ ਛੁਪਾਉਣ ਲਈ ਸਭ ਕੁਝ ਕਰ ਗੁਜ਼ਰਦਾ ਸੀ ਤੇ ਅਸੀਮਿਤ ਅਧਿਕਾਰ, ਵਿਸ਼ਾਲ ਸਾਧਨਾਂ ਤੇ ਅਥਾਹ ਸ਼ਕਤੀ ਦੇ ਆਸਰੇ ਸਭ ਕੁਝ ਕਰ ਗੁਜ਼ਰਨ ਦੀ ਤਾਕਤ ਰਖਦਾ ਸੀ। ਇਨ੍ਹਾਂ ਲੋਕਾਂ ਨੇ 'ਰਿਆਸਤ' ਅਤੇ ਉਸ ਦੇ ਐਡੀਟਰ ਨੂੰ ਖ਼ਤਮ ਕਰਨ ਲਈ ਕਈ ਪਖਾਂ ਤੋਂ ਲਗਾਤਾਰ ਹੱਲੇ ਕੀਤੇ। ਹਰ ਸਾਧਨ ਤੇ ਹਰ ਹਥਿਆਰ ਤੋਂ ਕੰਮ ਲਿਆ ਤੇ ਨੇਕੀ ਤੇ ਬਦੀ ਦੇ ਵਿਚਾਰ ਨੂੰ ਤਿਆਗ ਕੇ ਵੈਰੀ ਨੂੰ ਸਦਾ ਦੀ ਨੀਂਦੇ



Digitized by Panjab Digital Library | www.panjabdigilib.org

ਸੁਆਉਣ ਦਾ ਹਰ ਸੰਭਵ ਯਤਨ ਕੀਤਾ। ਸ: ਦੀਵਾਨ ਸਿੰਘ ਦਾ ਇਨ੍ਹਾਂ ਲੋਕਾਂ ਦੇ ਨੀਚ ਕਾਰਨਾਮਿਆਂ ਤੇ ਕਾਲੀਆਂ ਕਰਤੂਤਾਂ ਦੇ ਹਾਲ ਜਾਣਨ ਲਈ ਤੇ ਇਨ੍ਹਾਂ ਦੇ ਭਿੰਨ ਭਿੰਨ ਹੱਲਿਆਂ ਦਾ ਟਾਕਰਾ ਕਰਨ ਲਈ ਹਰ ਤਬਕੇ ਤੇ ਹਰ ਪਰਕਾਰ ਦੇ ਅਸੰਖ ਲੋਕਾਂ ਨਾਲ ਵਾਹ ਪਿਆ। ਹਜ਼ਾਰਾਂ ਹੀ ਸੰਬੰਧ ਬਣਾਉਣੇ ਤੇ ਵਿਗਾੜਨੇ ਪਏ। ਮਨੁੱਖੀ ਸੁਭਾਉ ਤੇ ਸਚਾਈਆਂ ਦੇ ਸੰਬੰਧ ਵਿਚ ਅਨਗਿਣਤ ਚੰਗੇ ਮੰਦੇ ਤਜਰਬੇ ਹੋਏ। ਮਨੁੱਖ ਸਾਰੀ ਆਯੂ ਜੋ ਕੁਝ ਦੇਖਦਾ, ਪੜ੍ਹਦਾ ਤੇ ਸੁਣਦਾ ਹੈ, ਜੇ ਉਹ ਸਭ ਕੁਝ ਯਾਦ ਰਖੇ ਤਾਂ ਉਹ ਵਿਚਾਰਾ ਇਨ੍ਹਾਂ ਬਹੁਤ ਸਾਰੀਆਂ ਗੱਲਾਂ ਦੇ ਵੇਗ ਵਿਚ ਗੁੰਮ ਹੋ ਕੇ ਰਹਿ ਜਾਏ ਕਿਉਂਕਿ ਕਈ ਅਨੁਭਵ ਤਾਂ ਕੇਵਲ ਉਤਸੁਕਤਾ ਭੜਕਾਊ ਹੁੰਦੇ ਹਨ ਤੇ ਮਨੁੱਖ ਇਨ੍ਹਾਂ ਨੂੰ ਛੇਤੀ ਹੀ ਭੁਲ ਜਾਂਦਾ ਹੈ, ਪਰ ਕਈ ਅਨੁਭਵਾਂ ਦਾ ਮਨੁੱਖ ਦੇ ਆਪਣੇ ਸੁਭਾ ਨਾਲ ਖ਼ਾਸ ਲਗਾਓ ਹੁੰਦਾ ਹੈ ਤੇ ਇਨ੍ਹਾਂ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ। ਇਹ ਅਨੁਭਵ ਦਿਲ ਦੀਆਂ ਅੰਤ੍ਰੀਵ ਡੂੰਘਾਈਆਂ ਵਿਚ ਸਦਾ ਲਈ ਜਾਗ੍ਰਿਤ ਤੇ ਦਿਮਾਗ਼ ਦੀ ਕਿਸੇ ਨੁੱਕਰੇ ਉਮਰਾਂ ਲਈ ਸੁਰੱਖਿਅਤ ਹੋ ਜਾਂਦੇ ਹਨ। "ਨਾਕਾਬਿਲੇ ਫ਼ਰਾਮੋਸ਼" ਸੰਪਾਦਕ 'ਰਿਆਸਤ' ਦੇ ਅਜਿਹੇ ਹੀ ਅਨੁਭਵਾਂ ਦੀ ਕਹਾਣੀ ਹੈ ਜੋ ਅਨੁਭਵਾਂ ਦੀ ਬਹੁਗਿਣਤੀ ਤੇ ਰੰਗਾ ਰੰਗੀ ਕਾਰਨ ਮਨੁੱਖੀ ਜੀਵਨ ਦੇ ਲਗ ਪਗ ਸਾਰੇ ਪੱਖਾਂ ਤੇ ਭਾਰੂ ਹੋ ਕੇ ਬਹੁਤ ਜ਼ਿਆਦਾ ਰੋਚਕ ਤੇ ਸਿਖਿਆਦਾਇਕ ਬਣ ਗਈ ਹੈ।

ਰਵਾਨੀ ਤੇ ਨਿਧੜਕਤਾ ਦੀਵਾਨ ਸਿੰਘ ਦੀ ਕਲਮ ਦੀਆਂ ਵਿਸ਼ੇਸ਼ਤਾਈਆਂ ਹਨ। ਉਨ੍ਹਾਂ ਵਾਧੂ ਸ਼ਬਦਾਂ ਤੇ ਗੁੰਝਲਾਂ ਤੋਂ ਸਦਾ ਪ੍ਰਹੇਜ਼ ਕੀਤਾ ਹੈ। ਜੋ ਕੁਝ ਕਹਿਣਾ ਹੈ, ਸਿਧੇ ਸਾਦੇ ਵਾਕਾਂ ਵਿਚ ਪੂਰਨ ਸਪਸ਼ਟਤਾ ਤੇ ਨਿਧੜਕਤਾ ਨਾਲ ਕਹਿ ਦੇਂਦੇ ਹਨ। ਹਰ ਲਿਖਤ ਵਿਚ ਇਹ ਇੱਛਾ ਝਲਕਦੀ ਨਜ਼ਰ ਆਉਂਦੀ ਹੈ ਕਿ ਜੋ ਕੁਝ ਕਿਹਾ ਹੈ ਪਾਠਕ ਦੀ ਸਮਝ ਵਿਚ ਜ਼ਰੂਰ ਆ ਜਾਵੇ, ਇਸ ਲਈ ਜਿਥੇ ਲੋੜ ਪ੍ਰਤੀਤ ਕਰਦੇ ਹਨ ਆਪਣੇ ਕਿਸੇ ਬਿਆਨ ਵਿਚੋਂ ਕੋਈ ਦ੍ਰਿਸ਼ ਤੇ ਟੂਕ ਮਿਸਾਲ ਵਜੋਂ ਲਿਖ ਕੇ ਫਿਰ ਅਗੋਂ ਕੰਮ ਦਾ ਸਿਲਸਲਾ ਸ਼ੁਰੂ ਕਰਦੇ ਹਨ। ਇਸ ਲਈ ਕਈ ਵਾਰੀ ਅੱਠ ਦਸ ਸ਼ਬਦਾਂ ਦੇ ਇਕ ਵਾਕ ਦੇ ਐਨ ਵਿਚਕਾਰ ਪੰਜ ਛੇ ਵਾਕਾਂ ਦਾ ਇਕ ਸੰਗ੍ਰਹਿ ਆ ਜਾਂਦਾ ਹੈ। ਜਿਵੇਂ ਆਮ ਵਾਰਤਾਲਾਪ ਵਿਚ ਹੁੰਦਾ ਹੈ। ਇਹ ਵਿਸ਼ੇਸ਼ਤਾ ਜੋ ਪੱਤਰਕਾਰੀ ਵਿਚ ਦੀਵਾਨ ਸਿੰਘ ਦੀ ਸਫ਼ਲਤਾ ਤੇ ਉਨ੍ਹਾਂ ਦੇ ਪੱਤਰ ਦੀ ਹਰਮਨ-ਪਿਆਰਤਾ ਲਈ ਬਹੁਤ ਵਡੀ ਹਦ ਤਕ ਜ਼ਿੰਮੇਵਾਰ ਹੈ, 'ਨਾਕਾਬਿਲੇ-ਫ਼ਰਾਮੋਸ਼' ਵਿਚ ਵਰਤਮਾਨ ਹੈ। ਹਾਂ ਇਕ ਅੰਤਰ ਜ਼ਰੂਰ ਹੈ ਕਿ 'ਰਿਆਸਤ' ਦੀਆਂ ਸੰਪਾਦਨ ਲਿਖਤਾਂ ਵਿਚ ਕੁਦਰਤੀ ਤੌਰ ਤੇ ਦੀਵਾਨ ਸਿੰਘ ਦੇ ਆਪਣੇ ਵਿਚਾਰਾਂ ਤੇ ਜਜ਼ਬਾਤਾਂ ਦੇ ਨਾਲ ਨਾਲ ਜਨਤਕ



Digitized by Panjab Digital Library | www.panjabdigilib.org

ਭਾਵਨਾਵਾਂ ਤੇ ਵਲਵਲੇ ਵੀ ਸ਼ਾਮਲ ਹਨ ਤੇ 'ਨਾਕਾਬਿਲੇ ਫ਼ਰਾਮੋਸ਼' ਵਿਚ ਦੀਵਾਨ ਸਿੰਘ ਤੇ ਕੇਵਲ ਦੀਵਾਨ ਸਿੰਘ ਬੋਲ ਰਿਹਾ ਹੈ ਇਥੋਂ ਤਕ ਕਿ ਜਿਥੇ ਦੂਸਰੇ ਲੋਕਾਂ ਦੇ ਕੌਲ ਤੇ ਬਿਆਨ ਹੀ ਲਿਖੇ ਹਨ ਉਥੇ ਦੀਵਾਨ ਸਿੰਘ ਦਾ ਆਪਣਾ ਦਿਮਾਗ਼ ਤੇ ਵਾਸ਼ਨਾਵਾਦੀ ਪ੍ਰਤੀਕਰਮ ਝਲਕਦਾ ਵਿਖਾਈ ਦੇਂਦਾ ਹੈ। ਇਕ ਪਾਸੇ ਤਾਂ ਭਿੰਨ ਭਿੰਨ ਘਟਨਾਵਾਂ ਤੇ ਬਜ਼ੁਰਗਾਂ ਵਰਗੇ ਦਾਰਸ਼ਨਿਕ ਢੰਗ ਨਾਲ ਸਮਾਲੋਚਨਾ ਕਰਦਾ ਹੈ ਦੂਸਰੇ ਪਾਸੇ ਬੱਚਿਆਂ ਵਰਗੀ ਸਾਦਗੀ ਦੇ ਨਾਲ ਆਪਣੀ ਤੇ ਆਪਣੇ ਅਜ਼ੀਜ਼ਾਂ ਤੇ ਮਿੱਤਰਾਂ ਦੀਆਂ ਕਮਜ਼ੋਰੀਆਂ ਤੇ ਹਮਾਇਤਾਂ ਦੀ ਦਾਸਤਾਨ ਸੁਣਾਉਂਦਾ ਹੈ, ਪਰ ਬਿਆਨ ਢੰਗ ਅਜਿਹਾ ਹੈ ਕਿ ਦੋਹਾਂ ਥਾਵਾਂ ਤੇ ਇਕੋ ਜਿਹਾ ਹੈ ਜਿਸ ਨਾਲ ਲੇਖਕ ਤੇ ਪਾਠਕ ਵਿਚ ਇਕ ਇਕਸਾਰਤਾ ਜਿਹੀ ਪੈਦਾ ਹੋ ਜਾਂਦੀ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਕਹਾਣੀ ਕੱਥਕ ਆਪਣੇ ਸਰੋ-ਤਿਆਂ ਨੂੰ ਆਪਣੇ ਭੇਦਾਂ ਦਾ ਭਾਈਵਾਲ ਬਣਾਉਣਾ ਚਾਹੁੰਦਾ ਹੈ ਤੇ ਇਸ ਉਦੇਸ਼ ਲਈ ਪੂਰੇ ਸਿਦਕ ਨਾਲ ਜਤਨ ਕਰ ਰਿਹਾ ਹੈ। ਇਹੋ ਜਿਹਾ ਪ੍ਰਭਾਵ ਪੈਦਾ ਕਰਨ ਲਈ ਇਕ ਢੰਗ ਦੀ ਸਫਲਤਾ ਯਕੀਨੀ ਸੀ। ਸੋ ਜਦੋਂ 'ਨਾਕਾਬਿਲੇ ਫ਼ਰਾਮੋਸ਼' ਦੀਆਂ ਭਿੰਨ ਭਿੰਨ ਘਟਨਾਵਾਂ 'ਰਿਆਸਤ' ਵਿਚ ਛਪੀਆਂ ਤਾਂ ਮਫ਼ਤੂਨ ਦੀ ਇਸ ਤਾਜ਼ੀ ਰਚਨਾ ਵਿਚ ਨਾ ਸਿਰਫ਼ ਦਿਲਚਸਪੀ ਦਾ ਪ੍ਰਗਟਾ ਕੀਤਾ ਗਿਆ ਸਗੋਂ ਇਨ੍ਹਾਂ ਘਟਨਾਵਾਂ ਤੇ ਅਨੁਭਵਾਂ ਨੂੰ ਪੁਸਤਕ ਰੂਪ ਵਿਚ ਛਾਪਣ ਦੀ ਪੁਰਜ਼ੋਰ ਮੰਗ ਵੀ ਕੀਤੀ ਗਈ।

ਇਕ ਹੋਰ ਗਲ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਪ੍ਰਤੀਤ ਹੁੰਦਾ ਹੈ। ਦੀਵਾਨ ਸਿੰਘ ਨੇ ਕਿਸੇ ਮਨੁੱਖ ਦੀਆਂ ਆਦਤਾਂ ਤੇ ਰੁਚੀਆਂ ਤੇ ਕਦੀ ਟੋਕ ਨਹੀਂ ਕੀਤੀ ਜਿਨ੍ਹਾਂ ਦਾ ਸੰਬੰਧ ਉਸ ਮਨੁੱਖ ਦੇ ਸਿਰਫ਼ ਨਿਜਤੱਵ ਨਾਲ ਹੋਵੇ। ਉਹ ਸਿਰਫ਼ ਉਨ੍ਹਾਂ ਸ਼ੁਗਲਾਂ ਤੇ ਹਰਕਤਾਂ ਨੂੰ ਪੱਤਰਕਾਰ ਦੇ ਦ੍ਰਿਸ਼ਟੀ ਗੋਚਰ ਸਮਝਦੇ ਹਨ ਜਿਨ੍ਹਾਂ ਦਾ ਸੰਬੰਧਿਤ ਜਾਂ ਅਸੰਬੰਧਿਤ ਦੂਸਰੇ ਲੋਕਾਂ ਤੇ ਪ੍ਰਭਾਵ ਪੈਂਦਾ ਹੋਵੇ। ਕੋਈ ਵੀਹ ਬਾਈ ਸਾਲ ਦੀ ਗਲ ਹੈ ਜਦ ਮੈਂ ਪਹਿਲੀ ਵਾਰ ਦਿੱਲੀ ਆਇਆ ਤੇ ਸਰਦਾਰ ਸਾਹਿਬ ਨੂੰ ਮਿਲਣ ਗਿਆ। ਅਸੀਂ ਦੋਵੇਂ ਇਕ ਦੂਜੇ ਦੇ ਨਾਂ ਤੇ ਲਿਖਤਾਂ ਤੋਂ ਵਾਕਫ਼ ਸਾਂ, ਪਰ ਅਜੇ ਤਕ ਮੇਲ ਨਹੀਂ ਹੋਇਆ ਸੀ। ਮਫ਼ਤੂਨ ਸਾਹਿਬ ਮੈਨੂੰ ਤੇ ਸੁਰਗਵਾਸੀ ਮੁਨਸ਼ੀ ਰਾਮ ਰਛਪਾਲ ਸਿੰਘ ਸ਼ੈਦਾ ਨੂੰ ਆਪਣੀ ਕਾਰ ਵਿਚ ਬਿਠਾ ਕੇ ਦਿੱਲੀ ਦੀ ਸੈਰ ਕਰਾਉਣ ਲੈ ਗਏ। ਸ਼ਾਮ ਨੂੰ ਕਨਾਟ ਪਲੇਸ ਪਹੁੰਚੇ ਤਾਂ ਮੈਨੂੰ ਪੁਛਿਆ, "ਕੁਝ ਪੀਓਗੇ ਤੁਸੀਂ ?" ਮੈਂ ਕਿਹਾ ਕਿ ਮੈਂ ਸ਼ਰਾਬ ਨਹੀਂ ਪੀਂਦਾ। ਸੋ ਇਕ ਫ਼ੈਸ਼ਨੇਬਲ ਰੈਸਤੋਰਾਂ ਵਿਚ ਚਾਹ ਪੀਣ ਬੈਠ ਗਏ। ਉਥੇ ਕੇਕ ਪੇਸਟਰੀ ਆਈ ਤਾਂ ਮੈਂ ਕਿਹਾ ਕਿ ਮੈਂ ਮਾਸ ਆਂਡਾ ਵੀ ਨਹੀਂ ਖਾਂਦਾ।



Digitized by Panjab Digital Library | www.panjabdigilib.org

ਦੀਵਾਨ ਸਿੰਘ ਨੇ ਮੇਰੇ ਦੋਵੇਂ ਇਨਕਾਰ ਸੁਣ ਕੇ ਮੇਰੇ ਇਸ "ਸੂਫੀਪਣ" ਤੇ ਪੜਚੋਲ ਤਾਂ ਇਕ ਪਾਸੇ ਰਹੀ ਸਧਾਰਨ ਜਿਹੀ ਹੈਰਾਨੀ ਵੀ ਨਾ ਪ੍ਰਗਟ ਕੀਤੀ। ਨਾ ਹੀ ਦੂਸਰੇ ਲੋਕਾਂ ਵਾਂਗ ਸ਼ਰਾਬ ਤੇ ਮਾਸ ਦੇ 'ਗੁਣ ਉਪਕਾਰ' ਵਰਣਨ ਕੀਤੇ ਨਾ ਇਸ ਗਲ ਤੇ ਹੈਰਾਨੀ ਪ੍ਰਗਟ ਕੀਤੀ ਕਿ ਇਕ ਸ਼ਾਇਰ ਤੇ ਆਧੁਨਿਕ ਗ੍ਰੈਜੂਏਟ ਮਾਸ ਤੋਂ ਪ੍ਰਹੇਜ਼ ਕਰ ਰਿਹਾ ਹੈ। ਮੇਰੀ ਗਲ ਨੂੰ ਇੰਜ ਸੁਣਿਆ ਜਿਵੇਂ ਕਿ ਮੈਂ ਕਹਿ ਰਿਹਾ ਹੋਵਾਂ ਕਿ ਮੈਂ ਡਾਕਖ਼ਾਨੇ ਖਤ ਪਾ ਕੇ ਆਇਆ ਹਾਂ ਜਾਂ ਸਵੇਰ ਤੋਂ ਦੋ ਪਾਨ ਖਾ ਚੁਕਾ ਹਾਂ। 'ਨਾਕਾਬਿਲੇ ਫ਼ਰਾਮੋਸ਼' ਵਿਚ ਵੀ ਉਨ੍ਹਾਂ ਦੇ ਆਚਰਣ ਦਾ ਇਹ ਪਖ ਸਪਸ਼ਟ ਨਜ਼ਰ ਆਉਂਦਾ ਹੈ, ਇਥੋਂ ਤਕ ਕਿ ਜਿਥੇ ਆਪਣੀ ਕਿਸੇ ਕਮਜ਼ੋਰੀ ਜਾਂ ਸਧਾਰਨ ਗਲ ਦਾ ਜ਼ਿਕਰ ਆਉਂਦਾ ਹੈ ਉਥੇ ਵੀ ਸਫ਼ਾਈ ਪੇਸ਼ ਕਰਨ ਦਾ ਜਤਨ ਨਹੀਂ ਕੀਤਾ। ਮਿਸਾਲ ਦੇ ਤੌਰ ਤੇ ਇਕ ਸਮੇਂ ਸਖ਼ਤ ਮੁਸ਼ਕਲ ਵਿਚ ਫਸੇ ਹੋਏ ਹਨ ਤਾਂ ਕੋਈ ਮਨੁੱਖ ਸੁਖਮਨੀ ਸਾਹਿਬ ਦਾ ਪਾਠ ਕਰਨ ਦੀ ਸਲਾਹ ਦੇਂਦਾ ਹੈ, ਪਰ ਇਹ ਸਲਾਹ ਪਸੰਦ ਨਹੀਂ ਆਉਂਦੀ ਕਿਉਂਕਿ "ਮੈਂ ਕਦੀ ਪਾਠ ਨਹੀਂ ਕੀਤਾ" ਇਸ ਤੋਂ ਪਿਛੋਂ ਨਾ ਤਾਂ ਇਸ ਗਲ ਭਾਵ ਪਾਠ ਨਾ ਕਰਨ ਤੇ ਮਾਨ ਦਾ ਪ੍ਰਗਟਾ ਕੀਤਾ ਅਤੇ ਨਾ ਹੀ ਖਿਮਾਂ-ਯਾਚਨਾ ਦਾ ਯਤਨ ਕੀਤਾ, ਬਸ ਇਕ ਅਸਲੀਅਤ ਸੀ ਜੋ ਇੰਨ ਬਿੰਨ ਵਰਣਨ ਕਰ ਦਿਤੀ। ਕਿਸੇ ਮਨੁੱਖ ਦੇ ਨਿਜੀ ਮੁਆਮਲਿਆਂ ਤੇ ਜਨਤਕ ਆਚਰਣ ਵਿਚ ਇਕ ਤਗੜਾ ਅਸਪਸ਼ਟ ਪਾੜ ਹੁੰਦਾ ਹੈ ਜੋ ਆਮ ਪੱਤਰਕਾਰਾਂ ਦੀ ਨਜ਼ਰੋਂ ਓਹਲੇ ਰਹਿੰਦਾ ਹੈ,ਮਫ਼ਤੂਨ ਸਾਹਿਬ ਨੇ ਸਦਾ ਉਸ ਨੂੰ ਮੁਖ ਰਖਣ ਦਾ ਯਤਨ ਕੀਤਾ ਹੈ।

ਮੈਂ ਮੁੱਢ ਵਿਚ ਹੀ ਕਹਿ ਚੁਕਾ ਹਾਂ ਕਿ ਮੇਰਾ ਉਦੇਸ਼ ਸ: ਦੀਵਾਨ ਸਿੰਘ ਦੀ ਜਾਣ ਪਛਾਣ ਜਾਂ 'ਨਾ-ਕਾਬਿਲੇ ਫ਼ਰਾਮੋਸ਼' ਦੀ ਭੂਮਿਕਾ ਲਿਖਣਾ ਨਹੀਂ। ਕੁਝ ਗੱਲਾਂ — ਜੋ ਮੇਰੇ ਖ਼ਿਆਲ ਅਨੁਸਾਰ ਉਨ੍ਹਾਂ ਦੀਆਂ ਵਿਸ਼ੇਸ਼ਤਾਈਆਂ ਹਨ — ਵਲ ਇਸ਼ਾਰਾ ਕਰ ਦਿਤਾ ਹੈ। ਮੈਨੂੰ ਭਰੋਸਾ ਹੈ ਕਿ 'ਨਾਕਾਬਿਲੇ ਫ਼ਰਾਮੋਸ਼' ਦੇ ਪਾਠਕ ਇਨ੍ਹਾਂ ਘਟਨਾਵਾਂ ਤੇ ਅਨੁਭਵਾਂ ਨੂੰ ਪੁਸਤਕ ਰੂਪ ਵਿਚ ਵੇਖ ਕੇ ਖ਼ੁਸ਼ ਹੋਣਗੇ ਤੇ ਦੀਵਾਨ ਸਿੰਘ ਦੀ ਲਿਖਤ ਨੂੰ ਦਿਲੀ ਉਮਾਹ ਤੇ ਜੋਸ਼ ਨਾਲ 'ਜੀ ਆਇਆਂ' ਆਖਣਗੇ।



Digitized by Panjab Digital Library | www.panjabdigilib.org

# ਰੋਚਕ, ਲੁਭਾਉਣੀ ਤੇ ਲਾਭਦਾਇਕ

[ਸ੍ਰੀ ਗੋਪਾਲ ਮਿਤਲ ਸੰਪਾਦਕ "ਤਹਿਰੀਕ" ਦਿੱਲੀ]

੧੯੨੪ ਦੇ ਅਰੰਭ ਦੀ ਗਲ ਹੈ ਕਿ ਮੈਂ ਉਨ੍ਹਾਂ ਦਿਨਾਂ ਵਿਚ ਆਪਣੇ ਵਤਨ ਮਲੇਰਕੋਟਲਾ ਵਿਚ ਅੱਠਵੀਂ ਸ਼੍ਰੇਣੀ ਦਾ ਵਿਦਿਆਰਥੀ ਸਾਂ। ਇਕ ਦਿਨ ਮੈਂ ਆਪਣੇ ਭਰਾ ਜੀ ਦੀ ਦੁਕਾਨ ਤੇ ਬੈਠਾ ਹੋਇਆ ਸਾਂ ਕਿ ਡਾਕ ਵਿਚ 'ਰਿਆਸਤ' ਦਾ ਇਕ ਪਰਚਾ ਮਿਲਿਆ। ਮੈਂ ਉਸ ਨੂੰ ਪੜ੍ਹਨਾ ਸ਼ੁਰੂ ਕੀਤਾ ਤਾਂ ਉਸ ਵਕਤ ਤਕ ਹਥੋਂ ਨਹੀਂ ਛਡਿਆ ਜਦ ਤਕ ਕਿ ਖ਼ਤਮ ਨਹੀਂ ਹੋ ਗਿਆ। ਅਜ ੩੩ ਸਾਲਾਂ ਪਿਛੋਂ ਜਦ ਰਿਆਸਤ ਦੇ ਸੰਪਾਦਕ ਸ: ਦੀਵਾਨ ਸਿੰਘ ਰਚਿਤ ਪੁਸਤਕ "ਨਾਕਾਬਿਲੇ-ਫ਼ਰਾਮੋਸ਼" ਨੂੰ ਪੜ੍ਹਨਾ ਸ਼ੁਰੂ ਕੀਤਾ ਤਾਂ ਵੀ ਅਜਿਹਾ ਹੀ ਹੋਇਆ ਕਿ ਸਾਰੀ ਪੁਸਤਕ ਪੜ੍ਹੇ ਬਗ਼ੈਰ ਹਥੋਂ ਨਹੀਂ ਰਖ ਸਕਿਆ। ਇਸ ਤੋਂ ਸਿਰਫ਼ ਇਹੋ ਪਤਾ ਨਹੀਂ ਲਗਦਾ ਕਿ ਸ: ਦੀਵਾਨ ਸਿੰਘ ਦੇ ਲਿਖਣ ਢੰਗ ਵਿਚ ਇਕ ਅਸਧਾਰਨ ਸ਼ਕਤੀ ਹੈ ਸਗੋਂ ਇਹ ਵੀ ਸਿਧ ਹੁੰਦਾ ਹੈ ਕਿ ਉਨ੍ਹਾਂ ਦੀ ਲਿਖਤ ਵਿਚ ਕੁਝ ਅਜਿਹੀ ਚੀਜ਼ ਹੈ ਜਿਸ ਦੀ ਹਰ ਪੁਰਸ਼ ਯਥਾਯੋਗ ਪ੍ਰਸੰਸਾ ਕਰ ਸਕਦਾ ਹੈ। ਪ੍ਰਗਟ ਹੈ ਕਿ ਇਸ ੩੩ ਸਾਲਾਂ ਦੇ ਸਮੇਂ ਵਿਚ ਮੇਰੇ ਸੁਭਾ ਵਿਚ ਵਡੀਆਂ ਵਡੀਆਂ ਤਬਦੀਲੀਆਂ ਆਈਆਂ ਹੋਣਗੀਆਂ ਤੇ ਸਾਰੀ ਉਮਰ ਲਿਖਣ ਪੜ੍ਹਨ ਤੋਂ ਸਿਵਾ ਹੋਰ ਕੋਈ ਕੰਮ ਨਹੀਂ ਕੀਤਾ, ਇਸ ਕਾਰਨ ਗਿਆਨ ਦਾ ਘੇਰਾ ਵੀ ਵਿਸ਼ਾਲ ਹੋਇਆ ਹੋਵੇਗਾ। ਕੁਮਾਰ ਅਵਸਥਾ ਦੀਆਂ ਕੱਚੀਆਂ ਭਾਵਨਾਵਾਂ ਦੀ ਥਾਂ ਸੁਭਾ ਵਿਚ ਥੋੜ੍ਹੀ ਬਹੁਤ ਪਕਿਆਈ ਆ ਗਈ ਹੈ ਤੇ ਕੁਝ ਲੋਕ ਤਾਂ ਮੇਰੇ ਤੇ ਸਖਤ-ਮਿਜ਼ਾਜ ਹੋਣ ਦਾ ਦੂਸ਼ਨ ਵੀ ਲਗਾਉਂਦੇ ਹਨ, ਪਰ ਇਨ੍ਹਾਂ ਤਬਦੀਲੀਆਂ ਦੇ ਹੁੰਦੇ ਹੋਇਆਂ ਵੀ ਸ: ਦੀਵਾਨ ਸਿੰਘ ਦੀ ਲਿਖਤ ਮੇਰੇ ਲਈ ਨਿਰੰਤਰ ਆਕਰਸ਼ਣ ਦਾ ਕਾਰਨ ਬਣੀ ਰਹੀ ਹੈ। ਇਹ ਵਖਰੀ ਗਲ ਹੈ ਕਿ ਇਸ ਆਕਰਸ਼ਣ ਦੇ ਕਾਰਨ ਬਦਲਦੇ ਰਹੇ ਹਨ। ਪਹਿਲਾਂ ਜਿਥੇ ਇਨ੍ਹਾਂ ਦੀ ਨਿਡਰਤਾ ਹੌਸਲਾ ਤੇ ਇਨ੍ਹਾਂ ਦੀ ਕਲਮ ਦਾ ਜੋਸ਼ ਆਕਰਸ਼ਣ ਦਾ ਕਾਰਨ ਸੀ ਉਥੇ ਹੁਣ ਇਨ੍ਹਾਂ ਦੀ ਲਿਖਤ ਬਿਲਕੁਲ ਵਖਰੀ ਤੇ ਸਪਸ਼ਟ ਤੌਰ ਤੇ ਦਿਲ ਤੇ ਦਿਮਾਗ਼ ਨੂੰ



Digitized by Panjab Digital Library | www.panjabdigilib.org

ਪ੍ਰਭਾਵਿਤ ਕਰਦੀ ਹੈ। ਉਦਾਹਰਣ ਲਈ ਕਿ ਉਨ੍ਹਾਂ ਜ਼ਿੰਦਗੀ ਦੁਆਰਾ ਅਧਿਅਨ ਕੀਤਾ ਹੈ ਤੇ ਇਸ ਦੀਆਂ ਬੇਗਿਣਤ ਦਿਸ਼ਾਵਾਂ ਨੂੰ ਨੇੜਿਓਂ ਹੋ ਕੇ ਵੇਖਿਆ ਹੈ। ਇਨ੍ਹਾਂ ਦੇ ਅਨੁਭਵ ਕਦਰਯੋਗ ਅਤੇ ਕਈ ਕਿਸਮਾਂ ਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਪੂਰਨ ਨਿਰਪਖਤਾ ਨਾਲ ਬਗ਼ੈਰ ਕਿਸੇ ਅਤਿ-ਕਥਨੀ ਦੇ ਕਲਮਬੰਦ ਕਰ ਦਿਤਾ ਹੈ।

ਆਪ ਬੀਤੀ ਵਿਚ ਜੋ ਕੁਦਰਤੀ ਖਿਚ ਹੁੰਦੀ ਹੈ, ਉਸ ਨੂੰ ਕਈ ਵੇਰ ਇਹ ਚੀਜ਼ ਘਟ ਕਰ ਦੇਂਦੀ ਹੈ ਕਿ ਲਿਖਾਰੀ ਆਪਣੇ ਜੀਵਨ ਨੂੰ ਬਗ਼ੈਰ ਕਿਸੇ ਬਨਾਵਟ ਦੇ ਬਿਆਨ ਕਰਨ ਦੀ ਥਾਂ ਆਪਣੀ ਵਡਿਆਈ ਸਾਬਤ ਕਰਨ ਲਈ ਕਿਸੇ ਬਨਾਵਟੀ ਤੇ ਆਦਰਸ਼ਕ ਮਨੁੱਖ ਦਾ ਜੀਵਨ ਅੰਕਿਤ ਕਰਨ ਲਗ ਜਾਂਦਾ ਹੈ। ਇਸ ਤਰ੍ਹਾਂ ਯਥਾਰਥਕ ਜੀਵਨ ਦੇ ਕਈ ਕੋਨੇ ਢੱਕੇ ਹੀ ਰਹਿ ਜਾਂਦੇ ਹਨ। ਇਕ ਕਠਪੁਤਲੀ ਦੀਆਂ ਹਰਕਤਾਂ ਸਾਹਮਣੇ ਆ ਜਾਂਦੀਆਂ ਹਨ ਜੋ ਨਾ ਦਿਲ ਲਈ ਖਿਚ ਰਖਦੀਆਂ ਨੇ ਨਾ ਦਿਮਾਗ਼ ਲਈ। ਇਕ ਹੋਰ ਚੀਜ਼ ਜੋ ਆਪ ਬੀਤੀ ਦੀ ਖਿੱਚ ਨੂੰ ਜ਼ਾਇਆ ਕਰਦੀ ਹੈ, ਉਹ ਇਹ ਕਿ ਮਨੁੱਖ ਆਪਣੇ ਜੀਵਨ ਦੀਆਂ ਘਟਨਾਵਾਂ ਬਿਆਨ ਕਰਦੇ ਸਮੇਂ ਅਸਲੀ ਪ੍ਰਭਾਵਾਂ ਨੂੰ ਦਸਣ ਦੀ ਥਾਂ ਅਜਿਹੇ ਖ਼ਿਆਲ ਦੇਂਦਾ ਹੈ ਜੋ ਫ਼ਰਜ਼ਾਂ ਦੀ ਛਾਣਨੀ ਵਿਚੋਂ ਛਣ ਕੇ ਆਉਂਦੇ ਹਨ। ਸ: ਦੀਵਾਨ ਸਿੰਘ ਦੀ ਪੁਸਤਕ ਜੇ ਆਕਰਸ਼ਕ ਹੈ ਤਾਂ ਸਿਰਫ਼ ਇਸ ਕਾਰਨ ਕਿ ਉਨ੍ਹਾਂ ਆਪਣੇ ਤੇ ਕੋਈ ਪਰਦਾ ਨਹੀਂ ਪਾਇਆ ਤੇ ਆਪਣੇ ਜੀਵਨ ਦੇ ਸਭ ਪਾਸੇ ਬੜੀ ਨਿਰਪਖਤਾ ਨਾਲ ਸਾਹਮਣੇ ਲੈ ਆਂਦੇ ਹਨ। ਇਹ ਗਲ ਵਰਤਮਾਨ ਦੌਰ ਵਿਚ ਇਸ ਕਿਤਾਬ ਤੋਂ ਛੁਟ ਸਿਰਫ਼ ਮਹਾਤਮਾ ਗਾਂਧੀ ਦੀ ਸ੍ਵੈ-ਜੀਵਨੀ ਵਿਚ ਸਚਾਈ ਨਾਲ ਮੇਰੇ ਤਜਰਬੇ ਵਿਚ ਆਈ ਹੈ।

ਇਕ ਪੱਤਰਕਾਰ ਦੇ ਤੌਰ ਤੇ ਸ: ਦੀਵਾਨ ਸਿੰਘ ਦੀ ਸਫਲਤਾ ਕਰਾਮਾਤ ਵਿਚ ਸ਼ਾਮਲ ਹੈ ਤੇ ਉਸ ਦੇ ਬਿਆਨ ਵਿਚ ਜੇ ਉਹ ਚਾਹੁੰਦੇ ਤਾਂ ਬਹੁਤ ਜ਼ਿਆਦਾ ਅਤਿ-ਕਥਨੀ ਤੋਂ ਕੰਮ ਲੈ ਸਕਦੇ ਸਨ, ਪਰ ਜਿਥੇ ਉਨ੍ਹਾਂ ਨੇ ਇਹ ਬਿਆਨ ਕਰ ਦਿਤਾ ਹੈ ਕਿ ਉਨ੍ਹਾਂ ਨੇ ਆਪਣੇ ਅਖ਼ਬਾਰ ਲਈ ਮਹੱਤਤਾ ਪੂਰਵਕ ਖ਼ਬਰਾਂ ਕਿਹੜੇ ਕਿਹੜੇ ਵਸੀਲਿਆਂ ਤੋਂ ਪ੍ਰਾਪਤ ਕੀਤੀਆਂ ਉਥੇ ਇਹ ਬਿਆਨ ਕਰਨ ਤੋਂ ਵੀ ਪ੍ਰਹੇਜ਼ ਨਹੀਂ ਕੀਤਾ ਕਿ ਐਸੋਸੀਏਟਿਡ ਪ੍ਰੈਸ ਆਫ਼ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਸ੍ਵਰਗਵਾਸੀ ਮਿਸਟਰ ਕੇ. ਸੀ. ਰਾਏ ਨੇ ਉਨ੍ਹਾਂ ਦੇ ਖ਼ਬਰਾਂ ਪ੍ਰਾਪਤ ਕਰਨ ਦੇ ਸ਼ੋਕ ਤੋਂ ਲਾਭ ਉਠਾ ਕੇ ਉਨ੍ਹਾਂ ਨੂੰ ਕਿਸ ਤਰ੍ਹਾਂ ਇਕ ਦਿਲਚਸਪ ਮਖ਼ੌਲ



Digitized by Panjab Digital Library | www.panjabdigilib.org

ਦਾ ਕੇਂਦਰ ਬਣਾਇਆ । ਸ: ਦੀਵਾਨ ਸਿੰਘ ਆਮ ਤੌਰ ਤੇ ਮਿਸਟਰ ਰਾਏ ਨੂੰ ਮਿਲਣ ਜਾਂਦੇ ਤੇ ਗੱਲਾਂ ਗੱਲਾਂ ਵਿਚ ਬਹੁਤ ਸਾਰੀਆਂ ਖ਼ਬਰਾਂ ਪ੍ਰਾਪਤ ਕਰ ਕੇ 'ਰਿਆਸਤ' ਵਿਚ ਪ੍ਰਕਾਸ਼ਤ ਕਰ ਦੇਂਦੇ। ਇਕ ਦਿਨ ਸ: ਦੀਵਾਨ ਸਿੰਘ ਦੇ ਬੈਠਿਆਂ ਮਿਸਟਰ ਰਾਏ ਨੇ ਆਪਣੇ ਸਹਾਇਕ ਨੂੰ ਸੰਬੋਧਨ ਕਰਦਿਆਂ ਕਿਹਾ, "ਅਮਰੀਕਾ ਤੋਂ ਜੋ ਖ਼ਬਰ ਮਹਾਰਾਜਾ ਇੰਦੌਰ ਦੀ ਅਮਰੀਕਨ ਪਤਨੀ ਦੇ ਤਲਾਕ ਸੰਬੰਧੀ ਆਈ ਹੈ ਉਹ ਹਾਲੇ ਅਖ਼ਬਾਰਾਂ ਵਿਚ ਨਾ ਭੇਜਣੀ, ਦੋ ਚਾਰ ਦਿਨਾਂ ਪਿਛੋਂ ਭੇਜੀ ਜਾਏ।" ਸ: ਦੀਵਾਨ ਸਿੰਘ ਨੇ ਇਸ "ਭਰੋਸੇਯੋਗ" ਖ਼ਬਰ ਤੇ ਭਰੋਸਾ ਕਰਦਿਆਂ ਹੋਇਆਂ 'ਰਿਆਸਤ' ਵਿਚ, ਦੋ ਦੂਜੇ ਦਿਨ ਹੀ ਪ੍ਰਕਾਸ਼ਤ ਹੋਣਾ ਸੀ, ਇਕ ਨੋਟ ਛਾਪ ਦਿਤਾ ਤੇ ਇਹ ਭੇਦ ਮਿ: ਰਾਏ ਨੂੰ ਦੋਬਾਰਾ ਮਿਲਣ ਤੇ ਹੀ ਖੁਲ੍ਹਿਆ ਕਿ ਉਹ ਇਕ ਮਖ਼ੌਲ ਦਾ ਨਿਸ਼ਾਨਾ ਬਣ ਗਏ ਹਨ ਜੋ ਇਕ ਸਾਜ਼ਿਸ਼ ਦਾ ਸਿੱਟਾ ਸੀ। ਸ: ਦੀਵਾਨ ਸਿੰਘ ਜੇ ਚਾਹੁੰਦੇ ਤਾਂ ਇਸ ਘਟਨਾ ਨੂੰ ਨਜ਼ਰੋਂ ਓਹਲੇ ਕਰ ਦੇਂਦੇ, ਪਰ ਉਨ੍ਹਾਂ ਨੇ ਖ਼ਬਰਾਂ ਪ੍ਰਾਪਤ ਕਰਨ ਦੀਆਂ ਔਕੜਾਂ ਨੂੰ ਬਿਆਨ ਕਰਦੇ ਸਮੇਂ ਆਪਣੀਆਂ ਸਫਲਤਾਵਾਂ ਦੇ ਜ਼ਿਕਰ ਨਾਲ ਇਸ ਘਟਨਾ ਨੂੰ ਵੀ ਬਿਆਨ ਕਰ ਦਿਤਾ ਹੈ।

ਪਤਰਕਾਰ ਦੀ ਹੈਸੀਅਤ ਨਾਲ ਉਨ੍ਹਾਂ ਦੇ ਆਚਰਣ ਦੀ ਉਚਾਈ ਦਾ ਪਤਾ ਇਸ ਗਲ ਤੋਂ ਲਗਦਾ ਹੈ ਕਿ ਉਨ੍ਹਾਂ ਨੇ ਸਜ਼ਾ ਦੇ ਡਰ ਤੋਂ ਖ਼ਬਰਾਂ ਦਿਆਂ ਸੋਮਿਆਂ ਨੂੰ ਕਦੀ ਪ੍ਰਗਟ ਨਹੀਂ ਕੀਤਾ । ਉਨ੍ਹਾਂ ਨੇ ਸਪਸ਼ਟਤਾ ਨਾਲ ਵਡਿਆਂ ਵਡਿਆਂ ਦੇ ਭੇਦਾਂ ਨੂੰ ਨੰਗਿਆਂ ਕੀਤਾ, ਪਰ ਜੇ ਕਦੀ ਉਧਰੋਂ ਕੋਈ ਆਫਤ ਖੜੀ ਕੀਤੀ ਗਈ ਤਾਂ ਉਸ ਦਾ ਵਾਰ ਉਨ੍ਹਾਂ ਨੇ ਆਪਣੇ ਸੀਨੇ ਤੇ ਜਰਿਆ ਅਤੇ ਉਨ੍ਹਾਂ ਲੋਕਾਂ ਦੇ ਨਾਮ ਕਦੀ ਪ੍ਰਗਟ ਨਹੀਂ ਕੀਤੇ ਜਿਨ੍ਹਾਂ ਦੁਆਰਾ ਉਨ੍ਹਾਂ ਨੂੰ ਖ਼ਬਰਾਂ ਮਿਲੀਆਂ ਸਨ। ਮਿਸਾਲ ਦੇ ਤੌਰ ਤੇ ਇਕ ਵਾਰ ਮਿਸਟਰ ਸ਼ਾਮ ਲਾਲ ਨਹਿਰੂ ਨੇ ਉਨ੍ਹਾਂ ਨੂੰ ਗੱਲਾਂ ਗੱਲਾਂ ਵਿਚ ਇਹ ਦਸ ਦਿਤਾ ਕਿ ਪੰਡਤ ਮੋਤੀ ਲਾਲ ਨਹਿਰੂ ਨੇ ਭੂਪਾਲ ਤੋਂ ਇਕ ਕਾਨੂੰਨੀ ਸਲਾਹ ਦੀ ਫ਼ੀਸ ਵੀਹ ਹਜ਼ਾਰ ਰੁਪਏ ਵਸੂਲ ਕੀਤੀ ਹੈ ਤੇ ਇਸ ਦੇ ਨਾਲ ਇਹ ਵੀ ਕਹਿ ਦਿਤਾ ਕਿ "ਕਾਨੂੰਨੀ ਸਲਾਹ ਅਤੇ ਮੁਕੱਦਮਾ ਕੀ ਹੈ, ਇਹ ਤਾਂ ਬਹਾਨੇ ਹਨ, ਅਸਲ ਮੰਤਵ ਤਾਂ ਇਹ ਹੈ ਕਿ ਭੂਪਾਲ ਵਿਚ ਕਾਂਗਰਸੀ ਲੋਕ ਐਜੀਟੇਸ਼ਨ ਨਾ ਕਰਨ ਤੇ ਚਾਚੇ ਨਾਲ ਡੂੰਘੀ ਮਿਤ੍ਰਤਾ ਹੋਵੇ।" ਇਸ ਤੇ ਦੀਵਾਨ ਸਿੰਘ ਨੇ ਰਿਆਸਤ ਵਿਚ ਇਕ ਨੋਟ ਲਿਖਿਆ ਜਿਸ ਵਿਚ ਨਵਾਬ ਭੂਪਾਲ ਤੇ ਇਹ ਦੋਸ਼ ਲਗਾਇਆ ਕਿ ਉਹ ਜਨਤਕ ਅਵਾਜ਼ ਨੂੰ ਦਬਾਉਣ ਲਈ ਦੇਸ਼ ਦੇ ਲੀਡਰਾਂ ਨੂੰ ਦਾਅਵਤਾਂ ਦੇਂਦੇ ਹਨ



Digitized by Panjab Digital Library | www.panjabdigilib.org

ਤੇ ਕਾਨੂੰਨੀ ਸਲਾਹਾਂ ਦੇ ਨਾਮ ਤੇ ਵੀਹ ਵੀਹ ਹਜ਼ਾਰ ਰੁਪਿਆ ਭੇਟ ਕੀਤਾ ਜਾਂਦਾ ਹੈ, ਜਿਸ ਨੂੰ ਰਿਸ਼ਵਤ ਕਿਹਾ ਜਾ ਸਕਦਾ ਹੈ।

ਨਵਾਬ ਭੂਪਾਲ ਨੇ ਪੰਡਿਤ ਮੋਤੀ ਲਾਲ ਨੂੰ ਭੜਕਾਇਆ ਕਿ ਤੁਹਾਡੇ ਤੇ ਰਿਸ਼ਵਤ ਲੈਣ ਦਾ ਦੋਸ਼ ਲਗਾਇਆ ਗਿਆ ਹੈ। ਪੰਡਿਤ ਮੋਤੀ ਲਾਲ ਨਹਿਰੂ ਸਾਹਮਣੇ ਆਏ, ਨੋਟਿਸ ਦਿਤਾ, ਮੁਕੱਦਮੇ ਦੀ ਧਮਕੀ ਦਿਤੀ, ਪਰ ਸ: ਦੀਵਾਨ ਸਿੰਘ ਨੇ ਕਦੀ ਵੀ ਪ੍ਰਗਟ ਨਾ ਕੀਤਾ ਕਿ ਵੀਹ ਹਜ਼ਾਰ ਸੰਬੰਧੀ ਖ਼ਬਰ ਉਨ੍ਹਾਂ ਪੰਡਿਤ ਮੋਤੀ ਲਾਲ ਦੇ ਸਕੇ ਭਤੀਜੇ ਪੰ: ਸ਼ਾਮ ਲਾਲ ਨਹਿਰੂ ਤੋਂ ਪ੍ਰਾਪਤ ਕੀਤੀ।

ਸ: ਦੀਵਾਨ ਸਿੰਘ ਵੇਸ਼ਵਾਵਾਂ ਨੂੰ ਸਖ਼ਤ ਘ੍ਰਿਣਾ ਕਰਦੇ ਹਨ ਤੇ ਉਨ੍ਹਾਂ ਨੂੰ ਗੰਦਗੀ ਦੇ ਢੇਰ ਨਾਲ ਤੁਲਣਾ ਦੇਂਦੇ ਹਨ। ਉਨ੍ਹਾਂ ਨੂੰ ਇਹ ਵੀ ਯਕੀਨ ਹੈ ਕਿ ਵੇਸ਼ਵਾਵਾਂ ਦੀ ਫਿਤਰਤ ਕਦੀ ਵੀ ਨਹੀਂ ਬਦਲਦੀ ਤੇ ਉਨ੍ਹਾਂ ਦੇ ਦਿਲ ਵਿਚ ਆਚਰਣ ਦਾ ਵਾਸ ਅਸੰਭਵ ਹੈ, ਪਰ ਜਦ ਇਨ੍ਹਾਂ ਵੇਸ਼ਵਾਵਾਂ ਦੇ ਜੀਵਨ ਦੇ ਕੁਝ ਅਜਿਹੇ ਪਹਿਲੂ ਇਨ੍ਹਾਂ ਦੇ ਸਾਹਮਣੇ ਆਉਂਦੇ ਹਨ ਜਿਨ੍ਹਾਂ ਤੋਂ ਮਜ਼ਲੂਮੀਅਤ ਟਪਕਦੀ ਤਾਂ ਉਹ ਉਨ੍ਹਾਂ ਦੇ ਬਿਆਨ ਵਿਚ ਸੰਕੋਚ ਤੋਂ ਕੰਮ ਨਹੀਂ ਲੈਂਦੇ।

ਸ: ਦੀਵਾਨ ਸਿੰਘ ਸ੍ਵੈ-ਉਸਰਿਤ ਮਨੁੱਖ ਹਨ ਤੇ ਉਨ੍ਹਾਂ ਨੇ ਸਧਾਰਨ ਜੀਵਨ ਤੋਂ ਉੱਨਤੀ ਦੀਆਂ ਮੰਜ਼ਲਾਂ ਤੈ ਕੀਤੀਆਂ ਹਨ। ਆਮ ਤੌਰ ਤੇ ਇਹੀ ਸਮਝਿਆ ਜਾਂਦਾ ਹੈ ਕਿ ਇਸ ਵਿਚ ਉਨ੍ਹਾਂ ਦੀ ਅਸਧਾਰਨ ਬੁੱਧੀ, ਦਲੇਰੀ ਤੇ ਨਿਡਰਤਾ ਸ਼ਾਮਲ ਹੈ, ਪਰ ਇਸ ਪੁਸਤਕ ਦੇ ਅਧਿਅਨ ਤੋਂ ਪਤਾ ਲਗਦਾ ਹੈ ਕਿ ਇਸ ਵਿਚ ਕਰੜੀ ਮਿਹਨਤ ਦਾ ਵੀ ਹਿੱਸਾ ਹੈ ਜਿਸ ਤੋਂ ਆਮ ਬੌਧਿਕ ਮਨੁੱਖ ਵਿਰਵੇ ਰਹਿੰਦੇ ਹਨ। ਉਹ ਮੁਸ਼ਕਲ ਤੋਂ ਮੁਸ਼ਕਲ ਤੇ ਅਸਹਿ ਵਾਤਾਵਰਣ ਵਿਚ ਵੀ ਪ੍ਰਾਪਤੀ ਤੋਂ ਨਿਰਲੇਪ ਹੋ ਕੇ ਕੰਮ ਕਰ ਸਕਦੇ ਹਨ। ਜਿਸ ਪੁਰਸ਼ ਵਿਚ ਇਹ ਗੁਣ ਹੋਣ, ਅਸਫਲਤਾ ਉਨ੍ਹਾਂ ਦੇ ਰਾਹ ਵਿਚ ਨਹੀਂ ਖੜ੍ਹ ਸਕਦੀ।

ਇਸ ਪੁਸਤਕ ਦੀ ਰੋਚਕਤਾ ਤੇ ਖਿੱਚ ਵਿਚ ਕੋਈ ਸ਼ੱਕ ਨਹੀਂ, ਪਰ ਇਸ ਤੋਂ ਲਾਭ ਹਰ ਮਨੁੱਖ ਆਪਣੀ ਯੋਗਤਾ ਅਨੁਸਾਰ ਹੀ ਪ੍ਰਾਪਤ ਕਰ ਸਕਦਾ ਹੈ ਤੇ ਜੇ ਸਰਸਰੀ ਤੌਰ ਤੇ ਪੜ੍ਹਿਆ ਜਾਵੇ ਤਾਂ ਵੀ ਪਾਠਕ ਨੂੰ ਇਕ ਚੰਗੇ ਨਾਵਲ ਜਿੰਨਾ ਸੁਆਦ ਮਿਲੇਗਾ ਤੇ ਜੇ ਕੋਈ ਡੂੰਘੀ ਨਜ਼ਰ ਨਾਲ ਪੜ੍ਹੇ ਤਾਂ ਇਹ ਗਲ



Digitized by Panjab Digital Library | www.panjabdigilib.org

ਵੀ ਸੰਭਵਤਾ ਤੋਂ ਪਰੇ ਨਹੀਂ ਕਿ ਇਸ ਦਾ ਅਧਿਅਨ ਉਸ ਦੇ ਜੀਵਨ ਦਾ ਰੁਖ ਹੀ ਬਦਲ ਦੇਵੇ । ਘਟ ਤੋਂ ਘਟ ਮੈਂ ਸ: ਦੀਵਾਨ ਸਿੰਘ ਤੋਂ ਬਹੁਤ ਕੁਝ ਪ੍ਰਾਪਤ ਕੀਤਾ ਹੈ । ਮੇਰੇ ਦਿਲ ਵਿਚ ਪੱਤਰਕਾਰੀ ਦੀ ਧੁਨ ਇਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਹੀ ਪੈਦਾ ਹੋਈ । ਇਹ ਵੀ ਮੈਂ ਉਨ੍ਹਾਂ ਕੋਲੋਂ ਹੀ ਸਿਖਿਆ ਕਿ ਗ਼ਰੀਬੀ ਤੇ ਔਕੜਾਂ ਮਨੁੱਖ ਦੇ ਉਦੇਸ਼ ਦੇ ਰਾਹ ਵਿਚ ਰੁਕਾਵਟ ਨਹੀਂ ਹੋਣੀਆਂ ਚਾਹੀਦੀਆਂ ਤੇ ਇਹ ਵੀ ਕਿ ਬੁੱਧੀ ਦਾ ਬੂਟਾ ਕਰੜੀ ਮਿਹਨਤ ਤੋਂ ਬਗ਼ੈਰ ਨਹੀਂ ਫਲਦਾ ਫੁਲਦਾ ।

# ਪੰਜਾਬ ਦੀ ਤੀਸਰੀ ਕਰਾਮਾਤ

(ਪ੍ਰੋਫ਼ੈਸਰ ਗ਼ੁਲਾਮ ਅਹਿਮਦ ਸਾਹਿਬ ਫ਼ਰਕਤ ਕਾਕੋਰਵੀ ਐਮ. ਏ.)

ਦੀਵਾਨ ਸਿੰਘ ਮਫ਼ਤੂਨ ਐਡੀਟਰ "ਰਿਆਸਤ" ਨੂੰ ਮੈਂ ਉਸੇ ਵੇਲੇ ਤੋਂ ਜਾਣਦਾ ਹਾਂ ਜਦ ਤੋਂ ਉਹ ਮੈਨੂੰ ਨਹੀਂ ਜਾਣਦੇ। ਇਸ ਦਾ ਕਾਰਨ ਇਹ ਹੈ ਕਿ ਪੂਰੇ ਤੀਹ ਵਰ੍ਹੇ ਭਾਵ ਆਪਣੇ ਬਚਪਨ ਤੋਂ ਸੰਨ ੪੦ ਤਕ ਮੇਰੇ ਸਾਰੇ ਅਧਿਕਾਰ ਕੇਵਲ ਸ਼ਹਿਰ ਲਖਨਊ ਦੀ ਨਾਗਰਿਕ ਸੀਮਾ ਦੇ ਨਾਂ ਸੁਰੱਖਿਅਤ ਰਹੇ। ਇਸ ਲਈ ਭਾਰਤ ਦੀਆਂ ਵਡੀਆਂ ਤੋਂ ਵਡੀਆਂ ਪ੍ਰਸਿਧ ਇਤਿਹਾਸਕ ਥਾਵਾਂ ਤੋਂ ਲੈ ਕੇ ਐਡੀਟਰ "ਰਿਆਸਤ" ਵਰਗੀ ਇਤਿਹਾਸਕ ਹਸਤੀ ਨਾਲ ਮੇਰੀ ਜਾਣ ਪਛਾਣ ਦਿੱਲੀ ਆਉਣ ਤੋਂ ਪਹਿਲਾਂ ਤਕ ਕੇਵਲ ਗੁਪਤ ਰਹੀ। ਗੁਪਤ ਇਵੇਂ ਕਿ ਮੈਂ ਉਹਨਾਂ ਦੀ ਅਖ਼ਬਾਰ ਉਸ ਸਮੇਂ ਤੋਂ ਜਦ ਕਿ ਉਹ ਪਹਿਲੇ ਪਹਿਲ ਆਰਟ ਪੇਪਰ ਤੇ ਛਪਣੀ ਸ਼ੁਰੂ ਹੋਈ ਸੀ। ਉੜੇ ਤੋਂ ਲੈ ਕੇ ੜਾੜੇ ਤਕ ਨੇਮ ਨਾਲ ਪੜ੍ਹਦਾ ਰਿਹਾ ਸਾਂ। ਇਸ ਅਖ਼ਬਾਰ ਦੀ ਵਿਓਂਤ, ਬਿਆਨ ਢੰਗ ਅਤੇ ਲੇਖਾਂ ਦੀ ਬਿਨਾ ਨੂੰ ਸਨਮੁਖ ਰਖਦਿਆਂ ਹੋਇਆਂ ਮੇਰੇ ਲਈ ਇਹ ਫ਼ੈਸਲਾ ਕਰਨਾ ਕਠਨ ਸੀ ਕਿ ਸੰਪਾਦਕੀ ਨੋਟਾਂ ਤੋਂ ਲੈ ਕੇ ਮੁਖ ਲੇਖ ਤਕ ਕਿਹੜੀ ਚੀਜ਼ ਵਧੇਰੇ ਸਵਾਦੀ ਨਹੀਂ ਹੈ। ਉਹਨਾਂ ਦੀ ਕਲਮ ਦੀ ਨਿਰਭੈਤਾ, ਉਹਨਾਂ ਦੀ ਜਾਣਕਾਰੀ ਦੀ ਪਕਿਆਈ, ਉਹਨਾਂ ਦੀ ਲਿਖਤ ਦਾ ਤ੍ਰਾਨ, ਉਹਨਾਂ ਦਾ ਅ-ਕੱਟੜਪਨਾ ਲਿਖਣ ਢੰਗ ਅਤੇ ਉਹਨਾਂ ਦੀ ਕਲਮ ਦੇ ਕਲੋਲ ਪੜ੍ਹ ਕੇ ਮੈਂ ਇਹ ਸੋਚਿਆ ਕਰਦਾ ਸਾਂ ਕਿ ਨਾ ਜਾਣੀਏ ਇਹ ਮਨੁੱਖ ਕਿਹੋ ਜਿਹੀ ਸ਼ਕਲ ਸੂਰਤ, ਕਦ ਕਾਠ, ਸਿਆਣਪਾਂ ਅਤੇ ਹਸਮੁਖਤਾ ਦਾ ਸੰਗ੍ਰਹਿ ਹੋਵੇਗਾ। ਇਹ ਜਾਣਦਿਆਂ ਹੋਇਆਂ ਵੀ ਕਿ ਉਹ ਸਿਖ ਹਨ ਕਦੀ ਵੀ ਮੇਰੇ ਦਿਮਾਗ਼ ਵਿਚ ਉਹਨਾਂ ਦੀਆਂ ਲਿਖਤਾਂ ਦੇ ਚਾਨਣ ਵਿਚ ਇਹ ਵਿਚਾਰ ਥਾਂ ਨਾ ਲੈ ਸਕਿਆ ਕਿ ਉਹਨਾਂ ਦੇ ਸਿਰ ਤੇ ਵਾਲ ਅਤੇ ਮੂੰਹ ਤੇ ਦਾੜ੍ਹੀ ਵੀ ਹੋਵੇਗੀ। ਜੇਕਰ ਕਦੀ ਦਾੜ੍ਹੀ ਦਾ ਗੁਮਾਨ ਹੁੰਦਾ ਵੀ ਤਾਂ ਉਸ ਵੇਲੇ ਜਦ ਉਹਨਾਂ ਦੀ ਲਿਖਤ ਵਿਚ ਕੋਈ ਸ਼ਗੂਫ਼ਾ

ਦੀ ਗਲ ਏ-ਸ਼ਰ੍ਹਾ ਦੇ ਵੇਲੇ ਕਿਸੇ ਇਸਲਾਮੀ ਧਾਰਮਕ ਪ੍ਰਸ਼ਨ ਦੇ ਸੰਬੰਧ ਵਿਚ ਨਿਕਲ ਜਾਂਦੀ ਸੀ ਤਾਂ ਮੇਰਾ ਦਿਮਾਗ਼ ਦੂਜਾ ਸਿੱਟਾ ਕਢਦਾ ਸੀ ਕਿ ਇਹ ਮਨੁਖ ਜਾਂ ਤਾਂ ਮੁਸਲਮਨੁਮਾ ਸਿਖ ਹੈ ਨਹੀਂ ਤਾਂ ਸਿਖਨੁਮਾ ਮੁਸਲਮਾਨ ਜ਼ਰੂਰ ਹੈ। ਹਰ ਹਾਲ ਵਿਚ ਜਿਥੇ ਜਿਥੇ ਅਤੇ ਜਦ ਕਦੀ ਵੀ "ਰਿਆਸਤ" ਵਿਚ ਕਿਸੇ ਇਸਲਾਮੀ ਵਿਸ਼ੇ ਤੇ ਚਾਨਣ ਪਾਇਆ ਜਾਂਦਾ ਜਾਂ ਧਾਰਮਕ ਪ੍ਰਮਾਣ ਦਿਤੇ ਜਾਂਦੇ ਤਾਂ ਮੈਨੂੰ ਇੰਜ ਪ੍ਰਤੀਤ ਹੁੰਦਾ ਕਿ ਐਡੀਟਰ "ਰਿਆਸਤ" ਨੇ ਸਾਹਿਤਕ ਪਿੜ ਵਿਚ ਪੈਰ ਰਖਣ ਤੋਂ ਪਹਿਲਾਂ ਜ਼ਰੂਰ ਕਿਸੇ ਨਿਰੋਲ ਅਤੇ ਅਰਬੀ ਨਸਲ ਦੇ ਮੌਲਵੀ ਦੀਆਂ ਮੁੱਠੀਆਂ ਭਰੀਆਂ ਹੋਣਗੀਆਂ ਜਾਂ ਪੰਜ ਵਕਤੀ ਨਮਾਜ਼ ਸਮੇਂ ਉਸ ਦੇ ਵੁਜ਼ੂ ਕਰਨ ਦੇ ਲੋਟੇ ਵਿਚ ਜ਼ਰੂਰ ਚੁੱਭੀਆਂ ਲਾ ਲਾ ਕੇ ਇਹ ਸ਼ਰੱਈ ਫੋਟਕੇ ਇਕੱਤ੍ਰ ਕੀਤੇ ਹੋਣਗੇ। ਆਖ਼ਰ ਫੇਰ ਚਿਰ ਪਿਛੋਂ ਜਦ ਉਹਨਾਂ ਨੇ ਆਪਣੀ ਅਖਬਾਰ ਵਿਚ "ਨਾਕਾਬਿਲੇ ਫ਼ਰਾਮੋਸ਼" ਦੇ ਸਿਰਲੇਖ ਹੇਠ ਲੇਖਾਂ ਦੀ ਲੜੀ ਆਰੰਭ ਕੀਤੀ ਜਿਸ ਵਿਚ ਉਹਨਾਂ ਦੀ ਹੱਡ-ਬੀਤੀ ਹੁੰਦੀ ਸੀ ਤਾਂ ਉਹਨੂੰ ਪੜ੍ਹ ਕੇ ਮੈਨੂੰ ਉਹਨਾਂ ਦੇ ਧਰਮ ਬਾਰੇ ਪਤਾ ਲਗਾ ਕਿ ਉਹ ਕੇਵਲ ਮਨੁੱਖਤਾ ਨੂੰ ਆਪਣਾ ਧਰਮ ਈਮਾਨ ਮੰਨਦੇ ਹਨ ਅਤੇ ਕਰਮ ਤੇ ਕਰਤਬ ਦੇ ਮੰਨਣ ਹਾਰੇ ਹਨ। ਇਸ ਪ੍ਰਕਾਰ ਆਪਣੇ ਧਾਰਮਕ ਭਰੋਸੇ ਦੇ ਸੰਬੰਧ ਵਿਚ ਉਹ ਪੰਨਾ ੨੦੭ ਤੇ ਲਿਖਦੇ ਹਨ ਕਿ ਐਡੀਟਰ "ਰਿਆਸਤ" ਨਾ ਤੇ ਆਸਤਕ ਹੈ ਅਤੇ ਨਾ ਹੀ ਨਾਸਤਕ ਅਤੇ ਨਾ ਹੀ ਕਦੀ ਉਹਨੇ ਇਹ ਜਾਨਣ ਦਾ ਜਤਨ ਕੀਤਾ ਹੈ ਕਿ ਰੱਬ ਹੈ ਜਾਂ ਨਹੀਂ, ਜਾਂ ਇਸ ਸੰਸਾਰ ਨੂੰ ਚਲਾਉਣ ਵਾਲਾ ਪ੍ਰਮਾਤਮਾ ਹੀ ਹੈ ਜਾਂ ਕੋਈ ਹੋਰ ਕੁਦਰਤ, ਪਰ ਉਹ ਤਿੰਨਾਂ ਗਲਾਂ ਨੂੰ ਜ਼ਰੂਰ ਮੰਨਦਾ ਹੈ। ਜੋਤਸ਼ ਭਾਵ ਗ੍ਰਹਿਆਂ ਦੀ ਚਾਲ ਦਾ ਮਨੁੱਖਾਂ ਤੇ ਪ੍ਰਭਾਵ, ਦੂਸਰੇ ਪਿਛਲਾ ਜਾਂ ਅਗਲਾ ਜਨਮ ਭਾਵ ਆਵਾਗਉਣ ਅਤੇ ਤੀਸਰੇ ਅਸੀਸ ਜਾਂ ਬਦ ਅਸੀਸ ਦਾ ਪ੍ਰਭਾਵ।"

ਇਹ ਸਚਾਈ ਹੈ ਕਿ ਜਿਹੜਾ ਮਨੁਖ ਅਸੀਸਾਂ ਜਾਂ ਬਦਅਸੀਸਾਂ ਦਾ ਵਿਸ਼ਵਾਸੀ ਹੋਵੇਗਾ। ਉਹ ਨੇਕੀ ਤੇ ਬਦੀ ਦਾ ਕਰੜਾਈ ਨਾਲ ਮੰਨਣ ਹਾਰਾ ਹੋਵੇਗਾ। ਸ਼ੁਭ ਕਰਮਾਂ ਤੇ ਵੀ ਉਹ ਪੂਰਾ ਪੂਰਾ ਭਰੋਸਾ ਰਖਦਾ ਹੋਵੇਗਾ। ਉਸ ਦਾ ਜੀਵਨ ਦਿਖਾਵੇ, ਬਣਾਵਟ ਧੋਖੇ ਛੁਟੇਬ ਤੋਂ ਉਚੇਰਾ ਅਤੇ ਉਸ ਦਾ ਅੰਦਰ ਬਾਹਰ ਇਕ ਹੁੰਦਾ ਹੈ। ਉਹ ਆਪਣੀਆਂ ਚੰਗਿਆਈਆਂ ਬੁਰਿਆਈਆਂ ਨੂੰ ਪ੍ਰਗਟ ਕਰਨ ਵਿਚ ਜ਼ਰਾ ਵੀ ਸ਼ਰਮ ਹਯਾ ਅਨੁਭਵ ਨਾ ਕਰਦਾ ਹੋਵੇਗਾ। ਇਸ ਪ੍ਰਕਾਰ ਮਹਾਤਮਾ ਗਾਂਧੀ ਵਰਗੀ ਉੱਚ ਹਸਤੀ ਦੀ ਤਰ੍ਹਾਂ ਐਡੀਟਰ "ਰਿਆਸਤ" ਦੀਆਂ ਲਿਖਤਾਂ ਵਿਚ ਵੀ ਸਭ ਤੋਂ ਵਡੀ ਸਿਫ਼ਤ ਇਹ ਹੈ ਕਿ ਉਹ ਆਪਣੀਆਂ ਕਮਜ਼ੋਰੀਆਂ ਦਾ ਵਰਣਨ ਦੀ ਉਸੇ ਤਰ੍ਹਾਂ ਬੜੇ ਵੇਰਵੇ ਨਾਲ



Digitized by Panjab Digital Library | www.panjabdigilib.org

ਸਵਾਦ ਲੈ ਲੈ ਕੇ ਕਰਦੇ ਹਨ ਜਿਸ ਤਰ੍ਹਾਂ ਕਿ ਸੁਰਗਵਾਸੀ ਰਿਆਸਤਾਂ ਦੇ ਰਾਜਿਆਂ ਦੇ ਸਮਾਚਾਰ ਨਿਡਰ ਹੋ ਕੇ ਵਰਣਨ ਕਰਦੇ ਸਨ। ਇਸ ਪ੍ਰਕਾਰ ਇਸ ਪੁਸਤਕ ਦੇ ਪੰਨਾ ੬੫ ਤੇ ਉਹਨਾਂ ਨੇ ਏਨੇ ਉਚ ਦਰਜੇ ਦੇ ਸਾਹਿਤਕਾਰ ਹੁੰਦਿਆਂ ਹੋਇਆਂ ਵੀ ਇਸ ਗਲ ਦਾ ਵਰਣਨ ਕਰਨ ਵਿਚ ਜ਼ਰਾ ਜਿੰਨੀ ਵੀ ਝਿਜਕ ਅਨੁਭਵ ਨਹੀਂ ਕੀਤੀ ਕਿ ਐਡੀਟਰ "ਰਿਆਸਤ" ਪੰਜ ਰੁਪਏ ਮਹੀਨੇ ਤੇ ਹਾਫ਼ਿਜ਼ਾਬਾਦ ਵਿਚ ਇਕ ਬਜ਼ਾਜ਼ ਦੀ ਹੱਟੀ ਤੇ ਨੌਕਰ ਹੋਇਆ। ਕੰਮ ਇਹ ਸੀ ਕਿ ਅੰਦਰੋਂ ਕਪੜਿਆਂ ਦੇ ਥਾਨ ਲਿਆ ਕੇ ਗਾਹਕਾਂ ਨੂੰ ਵਿਖਾਏ ਜਾਣ। ਇਸੇ ਸੰਬੰਧ ਵਿਚ ਇਕ ਹੋਰ ਥਾਂ ਜਦ ਕਿ ਉਹ ਆਪਣੀ ਪਤ੍ਰਕਾਰੀ ਦੀ ਚਾਹ ਦੀ ਤ੍ਰੇਹ ਨੂੰ ਮਿਟਾਉਣ ਦੇ ਸਿਲਸਿਲੇ ਵਿਚ ਲਖਨਊ ਸੁਰਗਵਾਸੀ ਸੱਯਦ ਜਾਲਬ ਦਹਿਲਵੀ ਸੰਪਾਦਕ "ਹਮਦਮ" ਕੋਲ ਗਏ ਅਤੇ ਉਹਨਾਂ ਨੂੰ ਕਿਹਾ "ਜੇਕਰ ਤੁਸੀਂ ਮੇਰੇ ਲਈ ਤੀਹ ਰੁਪਏ ਮਹੀਨਾ ਵੀ ਨੀਯਤ ਕਰ ਦਿਓ ਤਾਂ ਮੈਂ ਸੰਤੁਸ਼ਟਤਾ ਨਾਲ ਤੁਹਾਡੀ ਸੇਵਾ ਵਿਚ ਹਾਜ਼ਰ ਰਹਿ ਕੇ ਕੰਮ ਕਰਨਾ ਅਤੇ ਸਿਖਣਾ ਚਾਹੁੰਦਾ ਹਾਂ।" ਸੱਯਦ ਜਾਲਬ ਨੇ ਉਤਰ ਦਿਤਾ ਕਿ ਕੋਈ ਥਾਂ ਖ਼ਾਲੀ ਨਹੀਂ। ਮੈਂ ਮੁੜ ਬਿਨੈ ਕੀਤੀ ਚਪੜਾਸੀ ਵਜੋਂ ਹੀ ਮੈਨੂੰ ਰਖ ਲਉ। ਮੈਂ ਚਪੜਾਸੀ ਦੇ ਤੌਰ ਤੇ ਸਾਰਾ ਦਿਨ ਕੰਮ ਕਰਾਂਗਾ ਅਤੇ ਨਾਲ ਨਾਲ ਹੀ ਤੁਹਾਥੋਂ ਪੱਤ੍ਰਕਾਰੀ ਸਿਖਾਂਗਾ। ਸੱਯਦ ਜਾਲਬ ਮੇਰੀ ਇਸ ਬੇਨਤੀ ਤੇ ਹੈਰਾਨ ਸਨ, ਪਰ ਉਹਨਾਂ ਨੇ ਫ਼ਰਮਾਇਆ ਕਿ ਅਫ਼ਸੋਸ ਚਪੜਾਸੀ ਦੀ ਵੀ ਕੋਈ ਥਾਂ ਖ਼ਾਲੀ ਨਹੀਂ। ਇਹ ਜੁਆਬ ਸੁਣ ਕੇ ਮੈਂ ਮੁੜ ਬੇਨਤੀ ਕੀਤੀ ਕਿ ਕੀ ਤੁਹਾਨੂੰ ਮੇਰੇ ਮੁਫ਼ਤ ਕੰਮ ਕਰਨ ਤੇ ਵੀ ਇਤਰਾਜ਼ ਹੈ? ਸੱਯਦ ਜਾਲਬ ਨੇ ਮੁਸਕ੍ਰਾਂਦਿਆਂ ਹੋਇਆਂ ਫ਼ਰਮਾਇਆ: 'ਮੁਫ਼ਤ ਕੰਮ ਲੈਣ ਵਿਚ ਕੀ ਨਾਂਹ ਹੋ ਸਕਦੀ ਹੈ।' ਇਸ ਪ੍ਰਕਾਰ ਲੇਖਕ ਨੇ ਅਗਲੇ ਦਿਨ ਤੋਂ ਦਫ਼ਤਰ "ਹਮਦਮ" ਵਿਚ ਬਿਨਾਂ ਤਨਖਾਹ ਦੇ ਕੰਮ ਕਰਨਾ ਸ਼ੁਰੂ ਕਰ ਦਿਤਾ। ਦਿਨ ਭਰ "ਹਮਦਮ" ਦੇ ਦਫ਼ਤਰ ਵਿਚ ਬਿਨਾਂ ਕਿਸੇ ਬਦਲੇ ਦੇ ਕੰਮ ਕਰਦਾ ਅਤੇ ਰਾਤ ਨੂੰ ਬਾਰਾਂ ਵਜੇ ਤਕ ਇਕ ਕੈਮਿਸਟ ਦੀ ਦੁਕਾਨ ਤੇ ਪੰਦਰਾਂ ਰੁਪਏ ਮਾਸਕ ਤੇ ਨੌਕਰੀ ਕਰਦਾ ਭਾਵ ਮੇਰੀ ਨਿੱਜੀ ਆਮਦਨੀ ਜਾਂ ਖ਼ਰਚ ਅਠ ਆਨੇ ਰੋਜ਼ ਤੋਂ ਵਧ ਨਹੀਂ ਸੀ।"

ਉਪ੍ਰੋਕਤ ਸਮਾਂਚਾਰਾਂ ਤੋਂ ਐਡੀਟਰ "ਰਿਆਸਤ" ਦੇ ਕਰਤਬ ਦਾ ਭਲੀ ਪ੍ਰਕਾਰ ਅਨੁਮਾਨ ਲਾਇਆ ਜਾ ਸਕਦਾ ਹੈ। ਜੇਕਰ ਤੁਸੀਂ ਇਸ ਨੂੰ ਮਖੌਲ ਜਾਂ ਅਤਿਕਥਨੀ ਨਾ ਆਖੋ ਤਾਂ ਮੈਂ ਤੇ ਕਹਾਂਗਾ ਕਿ ਦੇਵਤਿਆਂ ਦੀ ਕ੍ਰਿਪਾ ਨਾਲ ਜੇਕਰ ਐਡੀਟਰ "ਰਿਆਸਤ" ਭਾਰਤ ਵਿਚ ਨਾ ਜੰਮਦਾ ਅਤੇ ਅਮਰੀਕਾ ਜਾਂ ਦੂਜੇ ਕਿਸੇ ਯੂਰਪੀਅਨ ਦੇਸ ਵਿਚ ਜੰਮਦਾ ਤਾਂ ਅਜ ਉਥੋਂ ਦਾ ਪ੍ਰਧਾਨ



Digitized by Panjab Digital Library | www.panjabdigilib.org

ਰਿਆਸਤ ਜ਼ਰੂਰ ਹੁੰਦਾ ਕਿਉਂਕਿ ਇਹੋ ਜਿਹੇ ਵਿਦਵਾਨ ਅਤੇ ਮਿਹਨਤੀ ਮਨੁੱਖ ਹੀ ਉਥੋਂ ਦੇ ਵਾਰ ਵਾਰ ਪ੍ਰਧਾਨ ਬਣੇ ਹਨ।

ਐਡੀਟਰ "ਰਿਆਸਤ" ਦੀ ਲਿਖਤ ਦੇ ਕਲੌਲਾਂ ਦਾ ਅਨੁਮਾਨ ਤੁਸੀਂ ਨਿਮਨ ਲਿਖਤ ਕੁਝ ਸ਼ਬਦਾਂ ਤੋਂ ਲਾ ਸਕਦੇ ਹੋ ਜਿਸ ਵਿਚ ਸੁਰਗਵਾਸੀ ਕਾਜ਼ੀ ਸਰ ਅਜ਼ੀਜ਼-ਉ-ਦੀਨ ਅਹਿਮਦ ਪ੍ਰਧਾਨ ਮੰਤ੍ਰੀ ਦਤੀਆ ਬਾਰੇ ਲਿਖਦੇ ਹਨ: "ਸੁਰਗਵਾਸੀ ਕਾਜ਼ੀ ਸਾਹਿਬ ਬੜੀ ਚੜ੍ਹਤ ਵਾਲੇ ਬਜ਼ੁਰਗ ਸਨ। ਦਿੱਲੀ ਵਿਚ ਉਹਨਾਂ ਦੀ ਹਜਾਮਤ ਲਈ ਵਰ੍ਹਿਆਂ ਬੱਧੀ ਉਹੀ ਨਾਈ ਆਉਂਦਾ ਰਿਹਾ ਜਿਸ ਨੇ ਕਿੰਗ ਜਾਰਜ, ਕਿੰਗ ਐਡਵਰਡ, ਦਰਜਨਾਂ ਵਾਇਸਰਾਵਾਂ, ਕਮਾਂਡਰ ਇਨਚੀਫ਼ਾਂ, ਪ੍ਰਬੰਧਕ ਕੌਂਸਲ ਦਿਆਂ ਮੈਂਬਰਾਂ ਅਤੇ ਕਿੰਗ ਹਬੀਬ ਉਲਾ ਆਫ਼ ਅਫ਼ਗ਼ਾਨਿਸਤਾਨ ਆਦਿ ਦੀ ਹਜਾਮਤ ਕੀਤੀ ਸੀ।" ਇਹ ਸਚ ਹੈ ਕਿ ਇਸ ਸੰਗ੍ਰਹਿ ਵਿਚ ਜੋ ਨਿੱਜੀ ਨਿਰੀਖਣ ਐਡੀਟਰ "ਰਿਆਸਤ" ਨੇ ਲਿਖੇ ਹਨ ਉਹਨਾਂ ਨੂੰ ਪੜ੍ਹ ਕੇ ਜਦ ਪਾਠਕ ਐਡੀਟਰ "ਰਿਆਸਤ" ਦਾ ਧਿਆਨ ਧਾਰਨਗੇ ਤਾਂ ਇਕ ਫਟ ਖਾਧੇ ਹੋਏ ਬਜ਼ੁਰਗ ਪਰਕਾਰ ਦੀ ਇਨਸਾਈਕਲੋਪੀਡੀਆ ਹਥ ਬੰਨ੍ਹੀ ਸਾਹਮਣੇ ਖਲੋਤੀ ਨਜ਼ਰ ਆਏਗੀ। ਅਸਲ ਵਿਚ "ਨਾਕਾਬਿਲੇ ਫ਼ਰਾਮੋਸ਼" ਵਿਚ ਐਡੀਟਰ "ਰਿਆਸਤ" ਨੇ ਆਪਣੇ ਜਿਨ੍ਹਾਂ ਨਿੱਜੀ ਨਿਰੀਖਣਾਂ ਤੇ ਚਾਨਣ ਪਾਇਆ ਹੈ ਉਹ ਇਕ ਸਦਾਚਾਰਕ ਗਰੰਥ ਹੈ ਜਿਹੜਾ ਉਹਨਾਂ ਨੇ ਆਮ ਮਨੁਖਾਂ ਨੂੰ ਦਿਤਾ ਹੈ। ਇਹ ਪੁਸਤਕ ਇਕ ਸਦਾਚਾਰਕ ਪਾਠਮਾਲਾ ਦਾ ਦਰਜਾ ਰਖਦੀ ਹੈ। ਸਗੋਂ ਨੌਜਵਾਨਾਂ ਨੂੰ ਤੇ ਇਹਨੂੰ ਪੜ੍ਹ ਕੇ ਆਪਣਾ ਭਵਿੱਖ ਬਣਾਉਣ ਵਿਚ ਖ਼ਾਸ ਸਹਾਇਤਾ ਪ੍ਰਾਪਤ ਹੋਵੇਗੀ।

ਐਡੀਟਰ "ਰਿਆਸਤ" ਦੀ ਲਿਖਤ ਵਿਚ ਜਿਹੜੀ ਮਨ ਲਈ ਆਕਰਸ਼ਨ ਸ਼ਕਤੀ ਪਾਈ ਜਾਂਦੀ ਹੈ ਇਸ ਦੀ ਉਦਾਹਰਣ ਨਾ ਤੇ ਕਿਸੇ ਸਾਹਿਤਕਾਰ ਪਾਸ ਮਿਲਦੀ ਹੈ ਅਤੇ ਨਾ ਹੀ ਕਿਸੇ ਹੋਰ ਵਿਦਵਾਨ ਲੇਖਕ ਕੋਲ ਅਤੇ ਸ਼ਾਇਦ ਇਸੇ ਚੀਜ਼ ਨੂੰ ਵੇਖ ਕੇ ਇਕ ਵਾਰ ਸਾਹਿਤਕਾਰਾਂ ਦੇ ਵਡੇਰੇ ਸੱਯਦ ਜਾਲਬ ਦਹਿਲਵੀ ਨੇ ਕਿਹਾ ਸੀ ਕਿ ਉਹਨਾਂ ਦੇ ਚੇਲਿਆਂ ਵਿਚੋਂ ਸਭ ਤੋਂ ਵਧੇਰੇ ਸਫ਼ਲ ਦੀਵਾਨ ਸਿੰਘ ਹੈ ਅਤੇ ਉਸ ਦੀ ਸਫ਼ਲਤਾ ਪੁਰ ਉਹਨਾਂ ਨੂੰ ਮਾਣ ਹੈ।

ਐਡੀਟਰ "ਰਿਆਸਤ" ਦੇ ਲਿਖਣ ਢੰਗ ਦੀ ਇਕ ਦੂਜੀ ਪ੍ਰਗਟ ਵਿਸ਼ੇਸ਼ਤਾ ਹੈ ਨਿਧੜਕ ਹੋ ਕੇ ਸਾਫ਼ ਸਾਫ਼ ਗਲ ਲਿਖਣਾ। ਹੁਣ ਤੋਂ ਵੀਹ ਪੰਝੀ ਵਰ੍ਹੇ ਪਹਿਲਾਂ ਜਦ ਕਿ ਭਾਰਤੀ ਪੱਤ੍ਰਕਾਰੀ ਦੀ ਧੌਣ ਤੇ ਅੰਗਰੇਜ਼ੀ ਕਾਨੂੰਨ ਦੀ ਨੰਗੀ ਤਲਵਾਰ ਹਰ ਵੇਲੇ ਲਟਕਦੀ ਰਹਿੰਦੀ ਸੀ ਉਹ ਉਸ ਸਮੇਂ ਵੀ ਬਦੇਸੀ ਹਕੂਮਤ ਅਤੇ ਉਸ ਦੇ ਪਾਲਤੂ ਰਜਵਾੜਿਆਂ ਦੇ ਰਾਜਿਆਂ ਪੁਰ ਉਨੀ ਹੀ



Digitized by Panjab Digital Library | www.panjabdigilib.org

ਕਰੜਾਈ ਨਾਲ ਟੀਕਾ ਟਿਪਣੀ ਕਰਦੇ ਸਨ, ਜਿੰਨੀ ਕਰੜਾਈ ਨਾਲ ਅਜ ਭਾਰਤ ਦੇ ਸੁਤੰਤਰ ਹੋਣ ਪਿਛੋਂ ਵਰਤਮਾਨ ਸਰਕਾਰ ਦੇ ਜ਼ਿਮੇਂਵਾਰ ਪ੍ਰਬੰਧਕਾਂ ਤੇ ਸਮਾਲੋਚਨਾ ਕਰਦੇ ਹਨ ਅਤੇ ਮਜ਼ੇ ਦੀ ਗਲ ਇਹ ਹੈ ਕਿ ਅਜ ਦਾ ਹਾਕਮ ਟੋਲਾ ਹਰ ਵੇਲੇ ਦੇਸ ਦੇ ਇਸ ਨਿਧੜਕ ਪੜਚੋਲੀਏ ਤੇ ਗੁੰਝਲਾਂ-ਸੁਲਝਾਊ ਦੀ ਕਲਮ ਤੋਂ ਥਰ ਥਰ ਕੰਬਦਾ ਰਹਿੰਦਾ ਹੈ ਉਹੀ ਹਾਲਤ ਬਦੇਸੀ ਹਕੂਮਤ ਦੇ ਰਾਜ ਸਮੇਂ ਰਿਆਸਤਾਂ ਦੇ ਰਾਜਿਆਂ ਅਤੇ ਉਹਨਾਂ ਦੇ ਨਾਮ-ਧਰੀਕ ਮਾਲਕਾਂ ਦੀ ਹੁੰਦੀ ਸੀ। ਹਰ ਹਾਲਤ ਵਿਚ ਇਸ ਨੰਗੀ ਸਚਾਈ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ ਕਿ ਪੰਜਾਬ ਦੀ ਧਰਤੀ ਤੇ ਤਿੰਨ ਕਰਾਮਾਤਾਂ ਹੋਂਦ ਵਿਚ ਆਈਆਂ। ਪਹਿਲੀ ਸਰ ਇਕਬਾਲ, ਦੂਜੀ ਮੌਲਾਨਾ ਜ਼ਫ਼ਰ ਅਲੀ ਖਾਂ ਅਤੇ ਤੀਜੀ ਭੂਤਕਾਲ ਦੀ ਮੋਟੀ ਛੋਟੀ ਅਤੇ ਵਰਤਮਾਨ ਦੀ ਲਿਸੀ ਮਾੜੀ ਦੀਵਾਨ ਸਿੰਘ ਮਫ਼ਤੂਨ ਐਡੀਟਰ "ਰਿਆਸਤ" ਦੀ ਹਸਤੀ।



Digitized by Panjab Digital Library | www.panjabdigilib.org

# ਸੱਚੀ ਕਹਾਣੀ

[ਜਨਾਬ ਅਰਸ਼ ਮਲਸਿਆਨੀ ਐਡੀਟਰ "ਆਜ ਕਲ" ਦਿੱਲੀ]

"ਜ਼ਿਮੀਂਦਾਰ" ਵਾਲੇ ਮੌਲਾਨਾ ਜ਼ਫ਼ਰ ਅਲੀ ਖਾਂ, "ਪੈਸਾ ਅਖ਼ਬਾਰ" ਵਾਲੇ ਸ਼ੇਖ਼ ਮਹਿਬੂਬ ਆਲਮ, ਅਖ਼ਬਾਰ "ਆਮ" ਵਾਲੇ ਲਾਲਾ ਗੋਪੀ ਨਾਥ, "ਦੇਸ਼" ਦੇ ਐਡੀਟਰ ਲਾਲਾ ਦੀਨਾ ਨਾਥ ਅਤੇ "ਹਿੰਦੁਸਤਾਨ" ਵਾਲੇ ਲਾਲਾ ਰਾਮ ਰਛਪਾਲ ਸਿੰਘ ਸ਼ੈਦਾ ਪੰਜਾਬ ਦੇ ਪੁਰਾਣੇ ਸਾਹਿਤਕਾਰਾਂ ਵਿਚੋਂ ਇਕ ਖ਼ਾਸ ਪ੍ਰਸਿਧਤਾ ਦੇ ਮਾਲਕ ਹੋਏ ਹਨ। ਉਹਨਾਂ ਦੇ ਨਾਲ ਨਾਲ ਸੰਪਾਦਕਾਂ ਦੀ ਜਿਹੜੀ ਕਤਾਰ ਸੀ ਉਸ ਦੇ ਮੁੱਢਲਿਆਂ ਵਿਚ ਸ: ਦੀਵਾਨ ਸਿੰਘ ਮਫ਼ਤੂਨ ਦਾ ਨਾਂ ਆਉਂਦਾ ਹੈ। ਸ: ਦੀਵਾਨ ਸਿੰਘ ਦੀ ਅਖ਼ਬਾਰ 'ਰਿਆਸਤ' ਦਾ ਅਧਿਅਨ ਮੈਂ ਲਗਾਤਾਰ ਉਸ ਸਮੇਂ ਤੋਂ ਕਰਦਾ ਆ ਰਿਹਾ ਹਾਂ ਜਦ ਕਿ ਇਹ ਚਾਲੂ ਹੋਇਆ ਸੀ। ਮੈਂ ਇਸ ਦੀਆਂ ਸਿਖਰਾਂ ਦਾ ਸਮਾਂ ਵੀ ਡਿਠਾ ਹੈ ਅਤੇ ਇਸ ਜ਼ਮਾਨੇ ਦੀ ਬੇਕਦਰੀ ਵੀ ਕਿ ਅਜ ਇਹ ਅਖ਼ਬਾਰ ਇਸ ਪੜਾਅ ਤੇ ਹੈ ਕਿ ਇਸ ਦਾ ਸੰਚਾਲਕ ਇਹਨੂੰ ਬੰਦ ਕਰਨ ਦਾ ਐਲਾਨ ਕਰ ਚੁਕਾ ਹੈ।

ਇਸ ਅਖ਼ਬਾਰ ਵਿਚ ਸ: ਦੀਵਾਨ ਸਿੰਘ ਕਦੀ ਕਦਾਈਂ ਆਪਣੇ ਨਿਰੀਖਣਾਂ ਦੀਆਂ ਕਹਾਣੀਆਂ "ਨਾਕਾਖਿਲੇ ਫ਼ਰਾਮੋਸ਼"• ਦੇ ਸਿਰਲੇਖ ਹੇਠ ਅੰਕਿਤ ਕਰਿਆ ਕਰਦੇ ਸਨ। ਉਹਨਾਂ ਨੂੰ ਕਿਤਾਬੀ ਸ਼ਕਲ ਵਿਚ ਪਹਿਲਾਂ ਵੀ ਪ੍ਰਕਾਸ਼ਤ ਕੀਤਾ ਗਿਆ ਸੀ, ਹੁਣ ਮੁੜ ਦੂਜੀ ਵਾਰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।

ਇਹ ਕਿਤਾਬ ਆਖਣ ਨੂੰ ਤਾਂ ਨਿਕੀਆਂ ਨਿਕੀਆਂ ਘਟਨਾਵਾਂ ਦਾ ਵੇਰਵੇ ਸਹਿਤ ਸੰਗ੍ਰਹਿ ਹੈ, ਪਰ ਇਹ ਇਕ ਲਗਾਤਾਰ ਖਿਚਾਤਾਣੀ ਅਤੇ ਜ਼ਿੰਦਗੀ ਮੌਤ ਦਿਆਂ ਘੋਲਾਂ ਦੀ ਕਹਾਣੀ ਹੈ। ਇਕ ਅਜਿਹੇ ਬਹਾਦਰ ਯੋਧੇ ਅਤੇ ਦਲੇਰ ਮਰਦ ਦੀ ਕਹਾਣੀ ਹੈ ਜਿਹੜਾ ਸਾਹਿਤ ਅਤੇ ਰਾਜਨੀਤੀ ਤੋਂ ਬਿਨਾਂ ਹਿੰਮਤ ਤੇ ਦਲੇਰੀ ਦੇ ਮੈਦਾਨਾਂ ਦਾ ਵੀ ਮਰਦ ਅਗੰਮੜਾ ਹੈ।

ਜੀਵਨ ਵਿਚ ਵਾਪਰੀਆਂ ਨਿਤਾਪ੍ਰਤੀ ਦੀਆਂ ਘਟਨਾਵਾਂ ਤੋਂ ਜੀਵਨ ਲਈ ਸਿਖਿਆ, ਲਗਾਤਾਰ ਜੂਝਨਾ ਅਤੇ ਇਹਨਾਂ ਸਭ ਤੋਂ ਬਿਨਾਂ ਆਚਰਣ ਦੀ ਉੱਚਤਾ ਇਹਨਾਂ ਕਹਾਣੀਆਂ ਵਿਚੋਂ ਨਜ਼ਰ ਆਉਂਦੀ ਹੈ। ਇਹ ਕਹਾਣੀਆਂ



Digitized by Panjab Digital Library | www.panjabdigilib.org

ਭਾਰਤ ਦੇ ਇਕ ਸਮੇਂ ਦੀ ਤਵਾਰੀਖ਼ ਹੈ। ਕਿੰਨੇ ਭਿੰਨਤਾ ਭਰਪੂਰ ਮਨੁਖ ਹਨ ਜਿਨ੍ਹਾਂ ਨਾਲ ਸ: ਦੀਵਾਨ ਸਿੰਘ ਦਾ ਜੀਵਨ ਵਿਚ ਵਾਹ ਪਿਆ। ਅਮੀਰ ਵੀ ਹਨ ਅਤੇ ਵਜ਼ੀਰ ਵੀ, ਦੇਸ ਦੇ ਨੇਤਾ ਵੀ ਹਨ ਤੇ ਰਾਜ ਦੇ ਚਾਲਕ ਵੀ, ਸੁਹਿਰਦ ਮਿੱਤਰ ਅਤੇ ਜਾਨ-ਘੁਮਾਊ ਸਾਥੀ ਵੀ ਅਤੇ ਸੀ. ਆਈ. ਡੀ. ਦੇ ਅਫ਼ਸਰ ਵੀ। ਰਿਆਸਤਾਂ ਦੇ ਰਾਜੇ ਵੀ, ਕਬਰਾਂ ਦੇ ਮਜਾਵਰ ਵੀ, ਅਗਾਂਹ-ਵਧੂ ਵੀ ਅਤੇ ਕ੍ਰਾਂਤੀਕਾਰੀ ਵੀ।

ਉਹਨਾਂ ਨੇ ਇਸ ਪੁਸਤਕ ਵਿਚ ਕਿਸੇ ਧਾਰਮਕ ਕੱਟੜਪਣ ਤੋਂ ਕੰਮ ਨਹੀਂ ਲਿਆ। ਉਹ ਇਕ ਸਚੇ ਦੇਸ਼ ਭਗਤ ਮਨੁਖ ਹਨ। ਸਾਹਿਤ ਅਤੇ ਰਾਜਨੀਤੀ ਖ਼ਾਤਰ ਕਈ ਵਾਰ ਜੇਲ ਗਏ। ਪਰੰਤੂ ਜਿਥੇ ਵੀ ਈਮਾਨਦਾਰੀ ਅਤੇ ਇਮਾਨਤ ਦਾ ਪ੍ਰਸ਼ਨ ਆਉਂਦਾ ਹੈ। ਉਥੇ ਹੀ ਆਪਣੇ ਹਮ-ਮਜ਼ਹਬਾਂ ਨੂੰ ਬੁਰਾ ਭਲਾ ਆਖਿਆ ਹੈ। ਅੰਗਰੇਜ਼ ਮਿਤਰਾਂ ਦੀ ਇਕ ਮਨੁਖ ਵਜੋਂ ਸਲਾਹੁਤਾ ਕੀਤੀ ਹੈ ਅਤੇ ਮੁਸਲਮਾਨ ਮਿਤਰਾਂ ਪੁਰ ਜਾਨ ਵਾਰੀ ਹੈ। ਅਧੀ ਸਦੀ ਤਕ ਜਿਸ ਮਨੁਖ ਨੇ ਬੜੀ ਨਿਰਭੈਤਾ ਨਾਲ ਕਾਨੀ ਚਲਾਈ ਹੋਵੇ ਉਸਦਾ ਇਕ ਭਾਗ ਕਿਤਾਬੀ ਰੂਪ ਵਿਚ ਸੁਰੱਖਿਅਤ ਹੋ ਜਾਏ ਇਹ ਬੜਾ ਜ਼ਰੂਰੀ ਸੀ। ਰਿਆਸਤਾਂ ਦੇ ਰਾਜਿਆਂ ਦੇ ਮਹਲੀਂ ਜਿਹੜੀਆਂ ਕਾਲੀਆਂ ਕਰਤੂਤਾਂ ਹੁੰਦੀਆਂ ਰਹੀਆਂ, ਅਯਾਸ਼ੀ ਅਤੇ ਬੇਕਾਨੂੰਨੀ ਦੇ ਜਿਹੜੇ ਪ੍ਰਗਟਾਵੇ ਹੁੰਦੇ ਰਹੇ, ਮਨੁਖਤਾ ਵਿਰੁਧ ਜੋ ਘਟਨਾਵਾਂ ਵਾਪਰਦੀਆਂ ਰਹੀਆਂ ਉਹਨਾਂ ਦੀ ਬੇਪਰਦਗੀ ਸਰਦਾਰ ਸਾਹਿਬ ਨੇ ਜਿਸ ਮਰਦਾਨਾ ਹਿੰਮਤ ਨਾਲ ਕੀਤੀ ਹੈ ਉਹ ਭਾਰਤੀ ਪੱਤਰਕਾਰੀ ਦਾ ਇਕ ਵਿਸ਼ੇਸ਼ਤਾ ਭਰਪੂਰ ਕਾਂਡ ਹੈ।

ਗਲ ਕੀ ਕਹਾਣੀਕਾਰੀ ਅਤੇ ਨਾਵਲਕਾਰੀ ਦੋਹਾਂ ਦਾ ਸਵਾਦ ਇਸ ਪੁਸਤਕ ਵਿਚੋਂ ਮਿਲਦਾ ਹੈ। ਹਰ ਘਟਨਾ ਵਖਰੀ ਹੈਸੀਅਤ ਰਖਦੀ ਹੈ ਇਸ ਲਈ ਇਹ ਸੰਖੇਪ ਕਹਾਣੀ ਹੈ ਅਤੇ ਕਹਾਣੀ ਵੀ ਸਚੀ, ਪਰ ਸਭ ਘਟਨਾਵਾਂ ਇਕੋ ਹੀ ਮਨੁਖ ਦੁਆਲੇ ਘੁੰਮਦੀਆਂ ਹਨ ਇਸ ਲਈ ਇਹ ਕਿਤਾਬ ਇਕ ਨਾਵਲ ਦੀ ਥਾਂ ਰਖਦੀ ਹੈ।

ਪੁਸਤਕ ਵਿਚ ਸਾਹਿਤ ਹੈ, ਇਤਿਹਾਸ ਹੈ, ਵਰਤਮਾਨ ਸਮੇਂ ਦੇ ਜੀਊਂਦੇ ਜਾਗਦੇ ਤੇ ਸੁਰਗਵਾਸ ਹੋ ਚੁਕੇ ਪਾਤਰਾਂ ਦੇ ਜੀਵਨਾਂ ਦਾ ਚਾਨਣਾ ਪਖ ਹੈ। ਦਵਾਈਆਂ ਵੇਚਣ ਵਾਲਿਆਂ ਨੇ ਕਿੰਨੀਆਂ ਹੀ ਦਵਾਈਆਂ ਬਣਾ ਸੁਟੀਆਂ ਜਿਨ੍ਹਾਂ ਨਾਲ ਹਰ ਰੋਗ ਦਾ ਇਲਾਜ ਹੋ ਸਕੇ, ਪਰੰਤੂ ਕਿਸੇ ਸਾਹਿਤਕਾਰ ਜਾਂ ਵਿਦਵਾਨ ਲੇਖਕ ਨੇ ਅਜਿਹੀ ਕੋਈ ਪੁਸਤਕ ਨਹੀਂ ਸੀ ਲਿਖੀ ਜਿਹੜੀ ਹਰ ਰੁਚੀ ਦੀ ਸੰਤੁਸ਼ਟਤਾ ਕਰਦੀ ਹੋਵੇ।



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਕੰਮ ਨਾਲ ਪਿਆਰ

ਐਡੀਟਰ "ਰਿਆਸਤ" ਦੀ ਜਨਮ ਭੂਮੀ ਹਾਫ਼ਿਜ਼ਾਬਾਦ (ਜ਼ਿਲ੍ਹਾ ਗੁਜਰਾਂਵਾਲਾ) ਹੈ। ਇਹ ਉਥੋਂ ਦੇ ਇਕ ਖੰਨਾ ਖੱਤਰੀ ਸਿਖ ਘਰਾਣੇ ਵਿਚ ਪੈਦਾ ਹੋਇਆ। ਘਰਾਣੇ ਦੇ ਬਹੁਤੇ ਆਦਮੀ ਆਮ ਤੌਰ ਤੇ ਨੌਕਰੀ ਪੇਸ਼ਾ ਤੇ ਚੰਗਿਆਂ ਰੁਤਬਿਆਂ ਤੇ ਹਨ ਅਤੇ ਕਈ ਸਰਕਾਰੀ ਖ਼ਿਤਾਬ-ਧਾਰੀ ਵੀ ਹਨ। ਐਡੀਟਰ "ਰਿਆਸਤ" ਦੇ ਪਿਤਾ ਜੀ ਆਪਣੇ ਵੇਲਿਆਂ 'ਚ ਇਕ ਕਾਮਯਾਬ ਡਾਕਟਰ ਸਨ, ਜਿਹੜੇ ਬੰਨੂੰ, ਮੀਆਂਵਾਲੀ ਅਤੇ ਜਿਹਲਮ ਆਦਿ ਵਿਚ ਸਰਕਾਰੀ ਨੌਕਰ ਰਹੇ। ਐਡੀਟਰ "ਰਿਆਸਤ" ਦੀ ਉਮਰ ਇਕ ਮਹੀਨਾ ਦਸਾਂ ਦਿਨਾਂ ਦੀ ਸੀ ਜਦ ਕਿ ਪਿਤਾ ਜੀ ਸੁਰਗਵਾਸ ਹੋ ਗਏ ਅਤੇ ਯਤੀਮੀ ਨਸੀਬ ਹੋਈ। ਉਸ ਵੇਲੇ ਘਰ ਵਿਚ ਕਾਫ਼ੀ ਰੁਪਿਆ, ਗਹਿਣੇ, ਜ਼ਮੀਨ ਅਤੇ ਮਕਾਨ ਸਨ ਕਿਉਂਕਿ ਪਿਤਾ ਜੀ ਨੇ ਆਪਣੇ ਕਾਮਯਾਬ ਜੀਵਨ ਵਿਚ ਕਾਫ਼ੀ ਰੁਪਿਆ ਕਮਾਇਆ ਸੀ। ਪਿਤਾ ਜੀ ਦੇ ਦਿਹਾਂਤ ਪਿਛੋਂ ਰਿਸ਼ਤੇਦਾਰਾਂ ਨੇ ਜ਼ਮੀਨ ਅਤੇ ਮਕਾਨਾਂ ਤੇ ਕਬਜ਼ਾ ਕਰ ਲਿਆ ਅਤੇ ਬਾਰਾਂ ਵਰ੍ਹਿਆਂ ਤਕ ਬਿਨਾਂ ਕਿਸੇ ਆਮਦਨੀ ਦੇ, ਘਰੇਲੂ ਲੋੜਾਂ ਤੇ ਖ਼ਰਚ, ਅਤੇ ਵਡੇ ਭਰਾ ਤੇ ਭੈਣਾਂ ਦੇ ਚਾਰ ਵਿਆਹਾਂ ਤੇ ਰੁਪਿਆ ਖ਼ਰਚ ਹੋਣ ਦਾ ਸਿੱਟਾ ਇਹ ਨਿਕਲਿਆ ਕਿ ਐਡੀਟਰ "ਰਿਆਸਤ" ਦੀ ਉਮਰ ਜਦੋਂ ਬਾਰਾਂ ਵਰ੍ਹਿਆਂ ਦੀ ਸੀ ਤਾਂ ਘਰ ਵਿਚ ਭੰਗ ਭੁਜਣ ਲਗ ਪਈ, ਇਸ ਤਰ੍ਹਾਂ ਪੜ੍ਹਾਈ ਦੀ ਲੜੀ ਟੁਟ ਗਈ ਅਤੇ ਐਡੀਟਰ "ਰਿਆਸਤ" ਪੰਜ ਰੁਪਏ ਮਹੀਨੇ ਤੇ ਹਾਫ਼ਿਜ਼ਾਬਾਦ ਵਿਚ ਇਕ ਬਜ਼ਾਜ਼ ਦੀ ਹਟੀ ਤੇ ਨੌਕਰ ਹੋ ਗਿਆ। ਕੰਮ ਇਹ ਸੀ ਕਿ ਅੰਦਰੋਂ ਕਪੜੇ ਦੇ ਥਾਨ ਲਿਆ ਕੇ ਗਾਹਕਾਂ ਨੂੰ ਵਿਖਾਉਣੇ। ਏਸ ਨੌਕਰੀ ਦੀਆਂ ਦੋ ਘਟਨਾਵਾਂ ਮੈਨੂੰ ਚੇਤੇ ਹਨ ਜਿਨ੍ਹਾਂ ਦਾ ਮੇਰੇ ਜੀਵਨ ਤੇ ਜ਼ਾਹਿਰਾ ਅਸਰ ਪਿਆ। ਇਹ ਹਟੀ ਹਿੰਦੂ ਬਜ਼ਾਜ਼ ਦੀ ਸੀ ਅਤੇ ਉਸ ਦੁਕਾਨ ਤੇ ਇਕ ਬੁਢਾ ਮੁਸਲਮਾਨ ਦਰਜ਼ੀ ਅਤੇ ਉਸ ਦਾ ਜਵਾਨ ਪੁੱਤਰ ਕੰਮ ਕਰਦੇ ਸਨ। ਇਹ ਪਿਓ, ਪੁੱਤਰ ਹਾਫ਼ਿਜ਼ਾਬਾਦ ਦੇ ਨੇੜੇ ਕਿਸੇ ਪਿੰਡ ਦੇ ਰਹਿਣ ਵਾਲੇ ਸਨ। ਇਕ ਦਿਨ, ਕੁਝ ਦਿਨਾਂ ਲਈ ਪਿਓ ਕਿਸੇ ਵਿਆਹ ਤੇ ਆਪਣੇ ਪਿੰਡ ਗਿਆ ਤਾਂ ਆਪਣੀ ਗ਼ੈਰ ਹਾਜ਼ਰੀ ਦੇ ਦਿਨਾਂ ਲਈ ਆਪਣੇ ਪੁੱਤਰ ਨੂੰ ਕੁਝ ਕਪੜੇ ਹਵਾਲੇ ਕਰ ਗਿਆ ਤਾਕਿ ਇਨ੍ਹਾਂ ਨੂੰ



Digitized by Panjab Digital Library | www.panjabdigilib.org

ਉਹ ਤਿਆਰ ਕਰ ਰਖੇ। ਬੁਢਾ ਦਰਜ਼ੀ ਜਦ ਮੁੜਿਆ ਅਤੇ ਉਹਨੇ ਪੁੱਤਰ ਦੇ ਤਿਆਰ ਕੀਤੇ ਹੋਏ ਕਪੜਿਆਂ ਨੂੰ ਵੇਖਿਆ ਤਾਂ ਉਨ੍ਹਾਂ ਵਿਚ ਕਿਸੇ ਬਚੇ ਦਾ ਹਰੇ ਰੰਗ ਦੀ ਮਖ਼ਮਲ ਦਾ ਇਕ ਕੋਟ ਵੀ ਸੀ ਜਿਸ ਨੂੰ ਪੁੱਤਰ ਨੇ ਹਰੇ ਰੰਗ ਦੇ ਧਾਗੇ ਦੀ ਥਾਂ ਚਿੱਟੇ ਧਾਗੇ ਨਾਲ ਸੀਤਾ ਸੀ। ਇਸ ਗ਼ਲਤੀ ਨੂੰ ਵੇਖ ਕੇ ਬੁਢੇ ਪਿਓ ਨੇ ਜਵਾਨ ਜਹਾਨ ਪੁੱਤਰ ਦੇ ਮੂੰਹ ਤੇ ਜ਼ੋਰ ਦੀ ਚਪੇੜ ਕਢ ਮਾਰੀ ਅਤੇ ਆਖਿਆ, "ਨਲੈਕਾ ਤੂੰ ਪਿੰਡ ਦੇ ਰਹਿਣ ਵਾਲੇ ਜਟ ਬੂਟ ਦੇ ਪੁੱਤਰ (ਜਿਸ ਦਾ ਕੋਟ ਸੀਤਾ ਸੀ) ਤੇ ਰਹਿਮ ਨਾ ਕਰਦੋਂ, ਪਰ ਇਸ ਮਖ਼ਮਲ ਉਤੇ ਤਾਂ ਤਰਸ ਖਾਂਦੋਂ ਜਿਸ ਦਾ ਬੇੜਾ ਗ਼ਰਕ ਕਰ ਦਿਤਾ ਈ।" ਇਸ ਤਰ੍ਹਾਂ ਬੁਢੇ ਪਿਓ ਨੇ ਮਖ਼ਮਲ ਦੇ ਉਸ ਕੋਟ ਦੀ ਸਿਲਾਈ ਨੂੰ ਖੋਲ੍ਹਿਆ, ਚਿਟੇ ਧਾਗੇ ਕਢੇ ਅਤੇ ਹਰੇ ਧਾਗੇ ਨਾਲ ਮੁੜ ਸੀਤਾ।

ਏਸ ਘਟਨਾ ਦਾ ਮੇਰੇ ਦਿਲ ਤੇ ਅਜਿਹਾ ਅਸਰ ਪਿਆ ਕਿ ਭਾਵੇਂ ਮੈਂ ਛੇ ਰੁਪਏ ਤਨਖ਼ਾਹ ਲਈ ਜਾਂ ਬਾਰਾਂ ਰੁਪਏ ਤੇ ਜਾਂ ਦੋ ਸੌ ਰੁਪਏ ਅਤੇ ਚਾਹੇ ਨੌਕਰੀ ਕੀਤੀ ਜਾਂ ਆਪ ਆਪਣਾ ਕੰਮ ਕੀਤਾ, ਸਾਰਾ ਜੀਵਨ ਭਰ ਸਦਾ ਕੰਮ ਨੂੰ ਵੇਖ ਕੇ ਕੰਮ ਕੀਤਾ ਨਾ ਕਿ ਉਸ ਦੀ ਮਜ਼ਦੂਰੀ ਨੂੰ। ਸਦਾ ਬਾਰਾਂ ਘੰਟਿਆਂ ਤੋਂ ਅਠਾਰਾਂ ਘੰਟਿਆਂ ਤਕ ਕੰਮ ਕੀਤਾ ਭਾਵੇਂ ਤਨਖ਼ਾਹ ਕੁਝ ਹੀ ਮਿਲਦੀ ਸੀ ਅਤੇ ਸ਼ਾਇਦ ਇਕ ਵਾਰ ਵੀ ਅਜਿਹਾ ਨਹੀਂ ਹੋਇਆ ਹੋਣਾ ਕਿ ਕਿਸੇ ਕੰਮ ਨੂੰ ਕਰਦਿਆਂ ਹੋਇਆਂ ਉਸ ਵਲ ਪੂਰਾ ਧਿਆਨ ਨਾ ਦਿਤਾ ਹੋਵੇ। ਭਾਵ ਮੇਰੇ ਜੀਵਨ ਤੇ ਏਸ ਘਟਨਾ ਨੇ ਬੜਾ ਡੂੰਘਾ ਪ੍ਰਭਾਵ ਪਾਇਆ।

## ਵੇਸਵਾਆਂ ਨਾਲ ਘਿਰਨਾ

ਬਜ਼ਾਜ਼ੀ ਦੀ ਹਟੀ ਦੀ ਇਸ ਨੌਕਰੀ ਦੀ ਦੂਜੀ ਘਟਨਾ ਇਹ ਹੈ ਕਿ ਇਸ ਹਟੀ ਦੇ ਬਿਲਕੁਲ ਸਾਹਮਣੇ ਅਤੇ ਨੇੜੇ ਹੀ ਵੇਸਵਾਆਂ ਰਹਿੰਦੀਆਂ ਸਨ ਅਤੇ ਇਹ ਵੇਸਵਾਆਂ ਘਟੀਆ ਤੇ ਸਸਤੇ ਜਿਹੇ ਭਾਅ ਦੀਆਂ ਬੜੀਆਂ ਹੀ ਮੈਲੀਆਂ ਕੁਚੈਲੀਆਂ ਸਨ। ਹਟੀ ਤੇ ਆਉਂਦਿਆਂ ਜਾਂਦਿਆਂ ਅਤੇ ਕੰਮ ਕਰਦਿਆਂ ਹੋਇਆਂ ਇਨ੍ਹਾਂ ਵੇਸ਼ਵਾਆਂ ਨੂੰ ਦੇਖਦਾ ਰਹਿੰਦਾ, ਕਿ ਕਿਸ ਤਰ੍ਹਾਂ ਇਹ ਚਾਰ ਚਾਰ, ਅਠ ਅਠ ਆਨੇ ਦੀ ਖ਼ਾਤਰ ਆਪਣੀ ਇਜ਼ਤ ਨੂੰ ਵੇਚਦੀਆਂ ਹਨ। ਕਿੰਨੇ ਗੰਦੇ ਤੇ ਸੜੇ ਗਲੇ ਆਦਮੀ ਆਉਂਦੇ ਹਨ, ਜਿਨ੍ਹਾਂ ਨਾਲ ਇਹ ਬਣਾਉਟੀ ਮੁਸਕਾਨ ਨਾਲ ਪੇਸ਼ ਆਉਂਦੀਆਂ ਹਨ। ਉਨ੍ਹਾਂ ਦੇ ਜਾਣ ਪਿਛੋਂ ਉਨ੍ਹਾਂ ਨੂੰ ਉਲੂ ਸਮਝ ਕੇ ਉਨ੍ਹਾਂ ਦੇ ਹੀ ਵਿਰੁਧ ਗਲਾਂ ਕਰਦੀਆਂ ਹਨ ਅਤੇ ਇਹਨਾਂ 'ਚੋਂ ਕਈ ਬੜੀਆਂ ਭੈੜੀਆਂ



Digitized by Panjab Digital Library | www.panjabdigilib.org

ਬੀਮਾਰੀਆਂ ਵਿਚ ਜਕੜੀਆਂ ਪਈਆਂ ਹਨ। ਸੋ ਇਸ ਪ੍ਰਕਾਰ ਜਿਵੇਂ ਜਿਵੇਂ ਸਮਾਂ ਲੰਘਦਾ ਗਿਆ ਇਹਨਾਂ ਵੇਸਵਾਆਂ ਨਾਲ ਘਿਰਨਾ ਤੇ ਕਰਾਹਤ ਦੇ ਜਜ਼ਬਿਆਂ ਵਿਚ ਵਾਧਾ ਹੁੰਦਾ ਗਿਆ। ਜਿਸ ਦਾ ਸਿੱਟਾ ਇਹ ਹੈ ਕਿ ਮੈਂ ਹੁਣ ਕਿਸੇ ਚੰਗੀ ਸਾਫ਼ ਸੁਥਰੀ ਤੇ ਚੰਗੀ ਤਮੀਜ਼ ਵਾਲੀ ਵੇਸਵਾ ਦਾ ਗਾਣਾ ਤਾਂ ਸੁਣ ਸਕਦਾ ਹਾਂ ਅਤੇ ਰਾਗ ਰੰਗ ਦੀ ਉਸ ਮਹਿਫ਼ਲ 'ਚ ਬੈਠ ਸਕਦਾ ਹਾਂ ਜਿਥੇ ਕੋਈ ਉਚੇ ਦਰਜੇ ਦੀ ਵੇਸ਼ਵਾ ਗਉਂ ਰਹੀ ਹੋਵੇ, ਪਰ ਪੇਸ਼ੇ ਵਾਲੀਆਂ ਜ਼ਨਾਨੀਆਂ ਦੇ ਬਾਜ਼ਾਰ ਜਾਂ ਮਹੱਲੇ ਵਿਚੋਂ ਮੋਟਰ 'ਚ ਲੰਘਦਿਆਂ ਹੋਇਆਂ ਵੀ ਏਨੀ ਤਕਲੀਫ਼ ਹੁੰਦੀ ਹੈ ਜਿੰਨੀ ਕਿ ਪਖ਼ਾਨੇ ਜਾਂ ਗੰਦਗੀ ਦੇ ਢੇਰ ਕੋਲੋਂ ਲੰਘਦਿਆਂ ਹੋਇਆਂ ਅਤੇ ਇਸ ਦਾ ਕਾਰਨ ਬਚਪਨ ਦੇ ਉਹ ਅਸਰ ਹਨ ਜੋ ਪੇਸ਼ੇ ਵਾਲੀਆਂ ਜ਼ਨਾਨੀਆਂ ਦੇ ਹਾਲ ਵੇਖਣ ਤੋਂ ਉਤਪੰਨ ਹੋਏ ਸਨ।

## ਸ੍ਵੈ-ਮਾਨ ਦਾ ਜੀਵਨ

"ਰਿਆਸਤ" ਸ਼ੁਰੂ ਹੋ ਚੁਕਾ ਸੀ ਅਤੇ ਦਫ਼ਤਰ "ਰਿਆਸਤ" ਪਰੇਡ ਮੈਦਾਨ ਦੇ ਨੇੜੇ ਸੜਕ ਤੇ ਸੀ। ਇਕ ਦਿਨ ਐਡੀਟਰ "ਰਈਸ ਹਿੰਦ" ਅਚਕਨ 'ਚ ਸੋਨੇ ਦੇ ਬਟਨ • ਲਾਈ ਤਸ਼ਰੀਫ਼ ਲਿਆਏ ਅਤੇ ਥੋੜ੍ਹਾ ਚਿਰ ਗਲਾਂ ਕਰਨ ਪਿਛੋਂ ਕਹਿਣ ਲਗੇ ਕਿ ਕਰਨਲ ਅਮਰੀਕ ਸਿੰਘ ਏ. ਡੀ. ਸੀ. ਮਹਾਰਾਜਾ ਪਟਿਆਲਾ ਤੁਹਾਨੂੰ ਮਿਲਣਾ ਚਾਹੁੰਦੇ ਹਨ। ਮੈਂ ਜੁਆਬ ਦਿਤਾ "ਚੰਗੀ ਗਲ ਹੈ, ਮਿਲ ਲਾਂ ਗਾ"। ਇਸ ਤਰ੍ਹਾਂ ਦੂਜੇ ਦਿਨ ਕਰਨਲ ਅਮਰੀਕ ਸਿੰਘ (ਜਿਹੜੇ ਚੈਂਬਰ ਆਫ਼ ਪ੍ਰਿੰਸਸ ਦੇ ਦਿਨਾਂ ਵਿਚ ਮਹਾਰਾਜਾ ਪਟਿਆਲਾ ਦੇ ਨਾਲ ਕਿੰਗਜ਼ ਵੇ ਦਿਆਂ ਕੈਂਪਾਂ ਵਿਚ ਠਹਿਰੇ ਹੋਏ ਸਨ) ਦਫ਼ਤਰ "ਰਿਆਸਤ" ਵਿਚ ਆ ਪਧਾਰੇ ਅਤੇ ਆਪ ਨੇ ਕੁਝ ਰਵਾਜੀ ਗਲ ਬਾਤ ਪਿਛੋਂ ਕਿਹਾ ਕਿ ਮੈਨੂੰ ਮਹਾਰਾਜਾ ਪਟਿਆਲਾ ਨੇ ਭੇਜਿਆ ਹੈ। ਮਹਾਰਾਜਾ ਨੂੰ ਪਤਾ ਲਗਾ ਹੈ ਕਿ ਐਡੀਟਰ "ਰਿਆਸਤ" ਦਾ ਇਕ ਮਿਤ੍ਰ ਦੇ ਤੌਰ ਤੇ ਮਹਾਰਾਜਾ ਨਾਭਾ ਤੇ ਬਹੁਤ ਅਸਰ ਹੈ। ਮਹਾਰਾਜਾ ਪਟਿਆਲਾ ਨੂੰ ਮਹਾਰਾਜਾ ਨਾਭਾ ਦੇ ਗੱਦੀ ਤੋਂ ਹਟਾਏ ਜਾਣ ਦਾ ਬਹੁਤ ਅਫ਼ਸੋਸ ਹੈ ਅਤੇ ਮਹਾਰਾਜਾ ਪਟਿਆਲਾ ਚਾਹੁੰਦੇ ਹਨ ਕਿ ਐਡੀਟਰ "ਰਿਆਸਤ" (ਮਹਾਰਾਜਾ ਪਟਿਆਲਾ ਅਤੇ ਮਹਾਰਾਜਾ ਨਾਭਾ ਵਿਚਕਾਰ) ਸੁਲ੍ਹਾ ਬਾਰੇ ਗਲ ਬਾਤ ਕਰੇ। ਐਡੀਟਰ "ਰਿਆਸਤ" ਨੇ ਜੁਆਬ ਦਿਤਾ ਕਿ ਜੇਕਰ ਸੁਲ੍ਹਾ ਹੋ ਜਾਵੇ ਤਾਂ ਇਸ ਨਾਲੋਂ ਹੋਰ ਕਿਹੜੀ ਗਲ ਚੰਗੀ ਹੈ। ਇਸ ਪ੍ਰਕਾਰ ਐਡੀਟਰ "ਰਿਆਸਤ" ਰਾਤ



Digitized by Panjab Digital Library | www.panjabdigilib.org

ਦੀ ਗਡੀ ਰਾਹੀਂ ਡੇਹਰਾਦੂਨ ਗਿਆ। ਮਹਾਰਾਜਾ ਨਾਭਾ ਨੂੰ ਮਿਲਿਆ। ਕਰਨਲ ਅਮਰੀਕ ਸਿੰਘ ਦਾ ਆਉਣਾ ਅਤੇ ਮਹਾਰਾਜਾ ਪਟਿਆਲਾ ਦਾ ਸੁਨੇਹਾ ਦੇ ਦਿਤਾ ਅਤੇ ਕਿਹਾ ਕਿ ਮਹਾਰਾਜਾ ਪਟਿਆਲਾ ਮੁਆਫ਼ੀ ਮੰਗਣ ਲਈ ਵੀ ਤਿਆਰ ਹਨ। ਮਹਾਰਾਜਾ ਨਾਭਾ ਨੇ ਸਾਰੀਆਂ ਗਲਾਂ ਸੁਣਨ ਪਿਛੋਂ ਜਿਹੜੇ ਅਖਰ ਕਹੇ ਉਹ ਮੇਰਿਆਂ ਕੰਨਾਂ 'ਚ ਅਜ ਤਕ ਬੋਲ ਰਹੇ ਹਨ, ਉਹ ਇਹ ਸਨ :

"ਇਹ ਤਾਂ ਹੋ ਸਕਦਾ ਹੈ ਕਿ ਮਹਾਰਾਜਾ ਨਾਭਾ ਹੱਥ ਦੀ ਤੰਗੀ, ਭੁਖ ਨੰਗ, ਅਤੇ ਗ਼ਰੀਬੀ ਸਦਕਾ ਭਿਖ ਮੰਗਣਾ ਸ਼ੁਰੂ ਕਰ ਦੇਵੇ, ਉਸ ਪਾਸ ਨਾ ਕੁਝ ਖਾਣ ਨੂੰ ਹੋਵੇ ਅਤੇ ਨਾ ਰਹਿਣ ਲਈ ਮਕਾਨ, ਦਿਨੇ ਡੇਹਰਾਦੂਨ ਦੀਆਂ ਸੜਕਾਂ ਕੁਟ ਕੇ ਰੋਟੀ ਪ੍ਰਾਪਤ ਕਰੇ ਅਤੇ ਰਾਤ ਨੂੰ ਗੁਰਦਵਾਰਾ ਰਾਮ ਰਾਏ (ਜੋ ਡੇਹਰਾਦੂਨ ਵਿਚ ਹੈ) ਦੇ ਬਰਾਂਡੇ 'ਚ ਪੈ ਕੇ ਸੌਂ ਰਹੇ, ਪਰ ਇਹ ਕਦੇ ਨਹੀਂ ਹੋ ਸਕਦਾ ਕਿ ਆਪਣੇ ਸ੍ਵੈ-ਮਾਨ ਨੂੰ ਜੁਆਬ ਦੇ ਕੇ ਉਹ ਮਹਾਰਾਜਾ ਪਟਿਆਲਾ ਨਾਲ ਹਥ ਮਿਲਾਏ।"

ਏਸ ਜੁਆਬ ਨੂੰ ਸੁਣ ਕੇ ਐਡੀਟਰ "ਰਿਆਸਤ" ਰਾਤ ਨੂੰ ਡੇਹਰਾਦੂਨ ਤੋਂ ਗਡੀ ਚੜ੍ਹਿਆ ਤੇ ਸਵੇਰੇ ਦਿਲੀ ਪੁਜਿਆ। ਕਰਨਲ ਅਮਰੀਕ ਸਿੰਘ ਉਡੀਕ ਵਿਚ ਸਨ ਜਿਨ੍ਹਾਂ ਨੂੰ ਸੁਨੇਹਾ ਜਿਉਂ ਦਾ ਤਿਉਂ ਸੁਣਾ ਦਿਤਾ ਗਿਆ। ਏਸ ਜੁਆਬ ਦਾ ਕਰਨਲ ਅਮਰੀਕ ਸਿੰਘ ਅਤੇ ਐਡੀਟਰ "ਰਿਆਸਤ" ਦੋਹਾਂ ਨੂੰ ਅਫ਼ਸੋਸ ਸੀ, ਪਰ ਏਸ ਘਟਨਾ ਦਾ ਮੇਰੇ ਜੀਵਨ ਤੇ ਇਹ ਅਸਰ ਹੋਇਆ ਕਿ ਉਸ ਪਿਛੋਂ ਜੀਵਨ ਵਿਚ ਘਟ ਹੀ ਅਜਿਹੇ ਸਮੇਂ ਵਾਪਰੇ ਹਨ ਜਦ ਕਿ ਸ੍ਵੈ-ਮਾਨ ਨੂੰ ਜੁਆਬ ਦੇ ਕੇ ਐਡੀਟਰ "ਰਿਆਸਤ" ਕਿਸੇ ਦੁਸ਼ਮਨ ਅਗੇ ਝੁਕਿਆ ਹੋਵੇ। ਨਵਾਬ ਭੂਪਾਲ ਦੇ ਮੁਕੱਦਮੇ ਵਿਚ ਮੇਰੇ ਇਸ ਚਲਨ ਨੇ ਬਹੁਤ ਵਡਾ ਪਾਰਟ ਅਦਾ ਕੀਤਾ ਅਤੇ ਛੇ ਸਾਲ ਦੀ ਮੁਕੱਦਮੇ ਬਾਜ਼ੀ ਵਿਚ ਪੈਰ ਅਗਾਂਹ ਹੀ ਵਧਦੇ ਗਏ।

## ਵਿਸ਼ਵਾਸ-ਘਾਤ ਅਪਰਾਧ ਹੈ

ਪੰਜਾਬ ਦੇ ਮਾਰਸ਼ਲ ਲਾਅ ਦੇ ਪਿਛੋਂ ਲਾਹੌਰ ਵਿਚ ਕਾਂਗਰਸ ਵਲੋਂ ਪੜਤਾਲੀਆ ਕਮੇਟੀ ਬਣਾਈ ਗਈ। ਪੰਡਤ ਮੋਤੀ ਲਾਲ ਨਹਿਰੂ ਅਤੇ ਪੰਡਤ ਮਾਲਵੀਆ ਵਰਗੇ ਵਡੇ ਵਡੇ ਲੀਡਰਾਂ ਤੋਂ ਬਿਨਾਂ ਮਹਾਤਮਾ ਗਾਂਧੀ ਵੀ ਆਏ ਅਤੇ ਗਵਾਹੀਆਂ ਸ਼ੁਰੂ ਹੋਈਆਂ। ਸ: ਸਰਦੂਲ ਸਿੰਘ ਕਵੀਸ਼ਰ ਗਵਾਹੀਆਂ ਇਕੱਠੀਆਂ ਕਰ ਰਹੇ ਸਨ। ਖ਼ਾਲਸਾ ਕਾਲਜ ਦੇ ਇਕ ਵਿਦਿਆਰਥੀ ਨੇ ਸ: ਸਰਦੂਲ ਸਿੰਘ ਨੂੰ ਦਸਿਆ ਕਿ ਅੰਮ੍ਰਿਤਸਰ ਦੇ ਜਲਿਆਂਵਾਲਾ ਬਾਗ਼ ਦੇ ਸਾਕੇ ਪਿਛੋਂ ਜਦ ਖ਼ਾਲਸਾ



Digitized by Panjab Digital Library | www.panjabdigilib.org

ਕਾਲਜ ਦੇ ਵਿਦਿਆਰਥੀਆਂ ਨੇ ਹੜਤਾਲ ਕਰ ਦਿਤੀ ਅਤੇ ਰੋਸ ਦਾ ਪ੍ਰਗਟਾਅ ਕਰਨ ਲਈ ਜਲੂਸ ਦੀ ਸ਼ਕਲ ਧਾਰਨ ਕੀਤੀ ਤਾਂ ਏਸ ਰੌਲੇ ਨੂੰ ਸੁਣ ਕੇ ਮਿਸਟਰ ਵਾਦਨ (ਅੰਗਰੇਜ਼ ਪ੍ਰਿੰਸੀਪਲ) ਵਿਦਿਆਰਥੀਆਂ ਕੋਲ ਆਏ ਅਤੇ ਉਨ੍ਹਾਂ ਨੂੰ ਤਸੱਲੀ ਦੇਂਦਿਆਂ ਹੋਇਆਂ ਆਪਣੀ ਲਾਚਾਰੀ ਪ੍ਰਗਟ ਕੀਤੀ ਅਤੇ ਆਖਿਆ ਕਿ ਉਹ ਹਿੰਦੁਸਤਾਨੀਆਂ ਦੇ ਸ਼ੁਭ ਚਿੰਤਕ ਹਨ ਅਤੇ ਜਨਰਲ ਡਾਇਰ ਨੇ ਗੋਲੀ ਚਲਾਉਣ ਤੋਂ ਪਹਿਲਾਂ ਜਦ ਅੰਮ੍ਰਿਤਸਰ ਦੇ ਸਾਰੇ ਯੂਰਪੀਨਾਂ ਨੂੰ ਇਕਠਿਆਂ ਕਰਕੇ ਫ਼ਾਇਰ ਕਰਨ ਬਾਰੇ ਰਾਇ ਲਈ ਸੀ ਤਾਂ ਮੈਂ (ਭਾਵ ਮਿ: ਵਾਦਨ) ਜਨਰਲ ਡਾਇਰ ਨੂੰ ਸਪਸ਼ਟ ਅਖਰਾਂ ਵਿਚ ਕਿਹਾ ਸੀ ਕਿ ਏਸ ਇਨਡਸਕਰੀਮੈਂਟ ਸ਼ੂਟਿੰਗ (ਅੰਨ੍ਹੇਵਾਹ ਗੋਲੀ ਚਲਾਣ) ਨੂੰ ਮੈਂ ਚੰਗਾ ਨਹੀਂ ਸਮਝਦਾ ।

ਸਰਦਾਰ ਸਰਦੂਲ ਸਿੰਘ ਕਵੀਸ਼ਰ ਨੇ ਜਦ ਇਹ ਸੁਣਿਆ ਤਾਂ ਉਹ ਬਹੁਤ ਖ਼ੁਸ਼ ਹੋਏ । ਝਟ ਪੰਡਤ ਮਾਲਵੀਆ ਪਾਸ ਪਹੁੰਚੇ ਅਤੇ ਆਖਿਆ ਕਿ ਮਿ: ਵਾਦਨ ਅੰਗਰੇਜ਼ ਹੈ, ਅੰਗਰੇਜ਼ਾਂ ਦਾ ਕਰੈਕਟਰ ਹੈ ਕਿ ਉਹ ਝੂਠ ਨਹੀਂ ਬੋਲਦੇ, ਜੇਕਰ ਮਿਸਟਰ ਵਾਦਨ ਨੂੰ ਪੜਤਾਲੀਆ ਕਮੇਟੀ ਵਿਚ ਬੁਲਾਇਆ ਜਾਵੇ ਤਾਂ ਉਹ ਜ਼ਰੂਰ ਇਹ ਕਹਿ ਦੇਣਗੇ ਕਿ ਉਹ ਉਸ ਵੇਲੇ ਵੀ ਇਸ ਕਤਲਾਮ ਨੂੰ ਅੰਨ੍ਹੇਵਾਹ ਸਮਝਦੇ ਸਨ ਅਤੇ ਜਾਇਜ਼ ਨਹੀਂ ਸਮਝਦੇ ਸਨ ਅਤੇ ਇਹ ਅਖਰ ਉਹਨਾਂ ਨੇ ਵਿਦਿਆਰਥੀਆਂ ਦੇ ਸਾਹਮਣੇ ਕਹੇ ਸਨ ।

ਸਰਦਾਰ ਸਰਦੂਲ ਸਿੰਘ ਤੋਂ ਮਿ: ਵਾਦਨ ਦੇ ਅਖਰ ਸੁਣ ਕੇ ਪੰਡਤ ਮਾਲਵੀਆ ਵੀ ਬਹੁਤ ਖ਼ੁਸ਼ ਹੋਏ ਅਤੇ ਇਹ ਫ਼ੈਸਲਾ ਕੀਤਾ ਗਿਆ ਕਿ ਲਿਖਾਰੀ (ਐਡੀਟਰ "ਰਿਆਸਤ") ਜੋ ਉਸ ਵੇਲੇ ਸਰਦਾਰ ਸਰਦੂਲ ਸਿੰਘ ਨਾਲ ਸੀ, ਪ੍ਰੈਸ ਦੇ ਪ੍ਰਤੀਨਿਧ ਦੇ ਤੌਰ ਤੇ (ਕਿਉਂਕਿ ਉਸ ਸਮੇਂ ਐਡੀਟਰ "ਰਿਆਸਤ" ਲਾਹੌਰ ਦੇ ਇਕ ਅਖ਼ਬਾਰ ਵਿਚ ਕੰਮ ਕਰਦਾ ਸੀ) ਅੰਮ੍ਰਿਤਸਰ ਜਾਵੇ ਅਤੇ ਮਿ: ਵਾਦਨ ਨਾਲ ਇੰਟਰਵੀਊ ਕਰਕੇ ਬਿਆਨ ਲਵੇ ਅਤੇ ਉਹ ਬਿਆਨ ਅਖ਼ਬਾਰਾਂ ਵਿਚ ਪ੍ਰਕਾਸ਼ਤ ਕੀਤਾ ਜਾਵੇ ਤਾਕਿ ਗਵਾਹੀ ਦੇ ਤੌਰ ਤੇ ਕੰਮ ਵਿਚ ਲਿਆਂਦਾ ਜਾ ਸਕੇ ।

ਏਸ ਸਲਾਹ ਪਿਛੋਂ ਪੰਡਤ ਮਾਲਵੀਆ ਅਤੇ ਸਰਦਾਰ ਸਰਦੂਲ ਸਿੰਘ ਮਹਾਤਮਾ ਗਾਂਧੀ ਪਾਸ ਗਏ । ਸਾਰਾ ਹਾਲ ਦਸਿਆ ਅਤੇ ਚਾਹਿਆ ਕਿ ਮਹਾਤਮਾ ਜੀ ਵੀ ਏਸ ਸਕੀਮ ਨਾਲ ਸਹਿਮਤ ਹੋਣ । ਪੰਡਤ ਮਾਲਵੀਆ ਅਤੇ ਸਰਦਾਰ ਸਰਦੂਲ ਸਿੰਘ ਦੀਆਂ ਗਲਾਂ ਸੁਣ ਕੇ ਮਹਾਤਮਾ ਗਾਂਧੀ ਨੇ ਜੋ ਅਖਰ ਕਹੇ ਉਹ ਇਹ ਸਨ :

"ਮਿਸਟਰ ਵਾਦਨ ਨੇ ਜੇਕਰ ਪ੍ਰਾਈਵੇਟ ਤੌਰ ਤੇ ਵਿਦਿਆਰਥੀਆਂ ਨੂੰ ਇਹ



Digitized by Panjab Digital Library | www.panjabdigilib.org

ਗਲ ਆਖੀ ਤਾਂ ਇਹ ਇਕ ਤਰ੍ਹਾਂ ਦਾ ਉਨ੍ਹਾਂ ਤੇ ਵਿਸ਼ਵਾਸ ਕੀਤਾ। ਮਿ: ਵਾਦਨ ਦੇ ਇਸ ਵਿਸ਼ਵਾਸ ਨਾਲ ਸਾਡਾ ਗ਼ਦਾਰੀ ਕਰਨਾ ਅਤੇ ਉਸ ਤੋਂ ਨਾਜਾਇਜ਼ ਫ਼ਾਇਦਾ ਉਠਾਉਂਣਾ ਭੈੜੀ ਗਲ ਹੈ, ਇਸ ਲਈ ਮੈਂ ਇਸ ਸਕੀਮ ਨਾਲ ਸਹਿਮਤ ਨਹੀਂ ਹਾਂ ਅਤੇ ਸਾਨੂੰ ਕਿਸੇ ਮੁਲ ਤੇ ਵੀ ਮਿਸਟਰ ਵਾਦਨ ਦੇ ਉਸ ਭਰੋਸੇ ਦਾ ਨਾਵਾਜਬ ਲਾਭ ਨਹੀਂ ਲੈਣਾ ਚਾਹੀਦਾ ਜਿਹੜਾ ਕਿ ਉਹਨਾਂ ਨੇ ਵਿਦਿਆਰਥੀਆਂ ਤੇ ਕੀਤਾ।"

ਮਹਾਤਮਾ ਗਾਂਧੀ ਦੇ ਇਹ ਅਖਰ ਸੁਣ ਕੇ ਪੰਡਤ ਮਾਲਵੀਆ ਅਤੇ ਸਰਦਾਰ ਸਰਦੂਲ ਸਿੰਘ ਦੋਵੇਂ ਸੁੰਨ ਹੋ ਗਏ ਅਤੇ ਕੁਝ ਨਾ ਬੋਲੇ। ਸੋ ਏਸ ਸਕੀਮ ਨੂੰ ਇਵੇਂ ਹੀ ਛਡ ਦਿਤਾ ਗਿਆ ਅਤੇ ਮਿ: ਵਾਦਨ ਦੇ ਬਿਆਨ ਲੈਣ ਦਾ ਖ਼ਿਆਲ ਛਡ ਦਿਤਾ।

ਇਸ ਘਟਨਾ ਅਤੇ ਮਹਾਤਮਾ ਗਾਂਧੀ ਦੇ ਜੀਵਨ ਦਾ ਲੇਖਕ ਤੇ ਇਹ ਅਸਰ ਪਿਆ ਕਿ ਜਦ ਵੀ ਕਿਸੇ ਨੇ ਕੋਈ ਭੇਤ ਦੀ ਗੱਲ ਦਸੀ ਉਸ ਨੂੰ ਸਦਾ ਇਕ ਅਮਾਨਤ ਸਮਝ ਕੇ ਲੁਕਾਈ ਰਖਿਆ। ਜਿਸ ਦਾ ਸਿੱਟਾ ਇਹ ਹੋਇਆ ਕਿ ਦਰਜਨਾਂ ਮਹਾਰਾਣੀਆਂ ਅਤੇ ਬੇਗ਼ਮਾਂ ਨੇ ਆਪਣੇ ਪਤੀਆਂ ਅਤੇ ਮਿਤਰਾਂ ਦੇ ਖ਼ਿਲਾਫ਼ ਖ਼ਬਰਾਂ ਦਿਤੀਆਂ, ਖਤ ਲਿਖੇ, "ਰਿਆਸਤ" ਦੇ ਪਾਠਕਾਂ ਅਤੇ ਪਤ੍ਰ ਪ੍ਰੇਰਕਾਂ ਨੇ ਵੀ ਸਦਾ ਖ਼ਬਰਾਂ ਦਿਤੀਆਂ, ਪਰ ਇਹਨਾਂ ਖ਼ਤਾਂ ਅਤੇ ਖ਼ਬਰਾਂ ਦੀ ਨਾਜਾਇਜ਼ ਵਰਤੋਂ ਕਰਨ ਦਾ ਕਦੇ ਖ਼ਿਆਲ ਤਕ ਨਹੀਂ ਆਇਆ ਅਤੇ ਏਸ ਮਾਮਲੇ ਤੇ ਸੋਚਣ ਨੂੰ ਵੀ ਸਦਾ ਕਮੀਨਾਪਨ ਸਮਝਿਆ।

## ਮਿਹਨਤ ਦੀ ਆਦਤ

ਰਿਆਸਤ ਨਾਭਾ ਦੀ ਨੌਕਰੀ ਤੋਂ ਇਕ ਸਾਲ ਪਹਿਲਾਂ ਐਡੀਟਰ "ਰਿਆਸਤ" ਅਤੇ ਖ਼ਵਾਜਾ ਹਸਨ ਨਜ਼ਾਮੀ ਦੋਹਾਂ ਨੇ ਮਿਲ ਕੇ ਦਿਲੀਓਂ ਇਕ ਰੋਜ਼ਾਨਾ ਅਖ਼ਬਾਰ "ਰਈਅੱਤ" ਸ਼ੁਰੂ ਕੀਤਾ। ਅਖ਼ਬਾਰ ਬਹੁਤ ਚੰਗਾ ਸੀ। ਢਾਈ ਸੌ ਰੁਪਏ ਐਡੀਟਰ "ਰਿਆਸਤ" ਨੇ ਆਪਣੇ ਹਿੱਸੇ ਦੇ ਤੌਰ ਤੇ ਦਿਤੇ ਅਤੇ ਫ਼ੈਸਲਾ ਹੋਇਆ ਕਿ ਬਾਕੀ ਰੁਪਿਆ ਖ਼ਵਾਜਾ ਹਸਨ ਨਜ਼ਾਮੀ ਲਾਉਣਗੇ। ਐਡੀਟਰ "ਰਿਆਸਤ" ਆਪਣੀ ਖ਼ੁਰਾਕ ਲਈ ਇਕ ਰੁਪਿਆ ਰੋਜ਼ ਭਾਵ ਤੀਹ ਰੁਪਏ ਮਹੀਨਾ ਤੋਂ ਵਧੇਰੇ ਨਾ ਲਏਗਾ। ਖ਼ਵਾਜਾ ਹਸਨ ਨਜ਼ਾਮੀ ਦੀਆਂ ਕਿਤਾਬਾਂ ਦੇ ਇਸ਼ਤਿਹਾਰ ਦਾ ਇਕ ਵਰਕਾ ਹਰ ਰੋਜ਼ ਮੁਫ਼ਤ ਛਪੇਗਾ ਜਿਸਦਾ



Digitized by Panjab Digital Library | www.panjabdigilib.org

ਭਾੜਾ ਨਹੀਂ ਦਿਤਾ ਜਾਏਗਾ। ਇਸ ਪਿਛੋਂ ਜੇਕਰ ਨਫ਼ਾ ਹੋਇਆ ਤਾਂ ਦੋਹਾਂ ਦਾ ਅਧੋ ਅਧ ਹੋਵੇਗਾ ਅਤੇ ਜੇਕਰ ਨੁਕਸਾਨ ਹੋਇਆ ਤਾਂ ਖ਼ਵਾਜਾ ਹਸਨ ਨਿਜ਼ਾਮੀ ਪੂਰਾ ਕਰਨਗੇ। ਇਹ ਅਖ਼ਬਾਰ ਕੁਝ ਮਹੀਨੇ ਚਲਦਾ ਰਿਹਾ। ਜਦ ਖ਼ਵਾਜਾ ਹਸਨ ਨਿਜ਼ਾਮੀ ਨੂੰ ਇਸ ਵਿਚ ਛੇ ਸੌ ਰੁਪਏ ਦੇ ਨੇੜੇ ਤੇੜੇ ਘਾਟਾ ਪੈ ਗਿਆ ਤਾਂ ਆਪ ਨੇ ਇਸ ਨੂੰ ਬੰਦ ਕਰ ਦੇਣ ਦਾ ਫ਼ੈਸਲਾ ਕੀਤਾ। ਇਹ ਫ਼ੈਸਲਾ ਐਡੀਟਰ "ਰਿਆਸਤ" ਲਈ ਹਸਰਤ ਭਰਿਆ ਸੀ। ਸੋ ਕੋਸ਼ਸ਼ ਕੀਤੀ ਗਈ ਕਿ ਇਹ ਅਖ਼ਬਾਰ ਜੀਉਂਦਾ ਰਹੇ। ਲਾਲਾ ਸ਼ਾਮ ਲਾਲ ਕਪੂਰ ਐਡੀਟਰ "ਗੁਰੂ ਘੰਟਾਲ" ਨੂੰ ਲਾਹੌਰ ਤਾਰ ਦਿਤੀ। ਉਹ ਆ ਗਏ, ਉਨ੍ਹਾਂ ਪਾਸ ਵੀ ਪੂੰਜੀ ਦੀ ਘਾਟ ਸੀ ਉਹ ਥੋੜੇ ਦਿਨ ਵੀ ਨਾ ਚਲਾ ਸਕੇ। ਫੇਰ ਭਈਆ ਸ਼ੇਖ਼ ਅਹਿਸਾਨ-ਉਲ-ਹਕ ਸਾਹਿਬ ਨੇ ਅਤੇ ਪਿਛੋਂ ਮੁਲਾਂ ਵਾਹਦੀ ਸਾਹਿਬ ਐਡੀਟਰ "ਨਿਜ਼ਾਮੁ-ਉਲ-ਮਸ਼ਾਇਖ਼" ਨੇ ਲਿਆ। ਵਾਹਦੀ ਸਾਹਿਬ ਪਾਸ "ਰਈਅਤ" ਜਾਣ ਪਿਛੋਂ ਇਸ ਦਾ ਦਫ਼ਤਰ ਵੀ ਵਾਹਦੀ ਸਾਹਿਬ ਦੇ ਮਕਾਨ ਵਿਚ ਚਲਾ ਗਿਆ। ਐਡੀਟਰ "ਰਿਆਸਤ" ਏਨੇ ਮਾਲਕਾਂ ਦੇ ਬਦਲਣ ਪਿਛੋਂ ਵੀ ਲਗਾਤਾਰ ਮਿਹਨਤ ਨਾਲ ਕੰਮ ਕਰਦਾ ਰਿਹਾ ਤਾਕਿ ਅਖ਼ਬਾਰ ਕਾਮਯਾਬੀ ਨਾਲ ਤੁਰ ਪਵੇ। ਸੋ ਲੇਖਕ ਵਾਹਦੀ ਸਾਹਿਬ ਦੇ ਮਕਾਨ ਦੇ ਇਕ ਹਿੱਸੇ ਵਿਚ ਹੀ (ਜਿਥੇ ਕਿ ਦਫ਼ਤਰ ਸੀ) ਰਹਿੰਦਾ। ਬਾਜ਼ਾਰ ਤੋਂ ਖਾਣਾ ਮੰਗਵਾ ਲੈਂਦਾ ਅਤੇ ਅਠਾਰਾਂ ਅਠਾਰਾਂ ਘੰਟੇ ਕੰਮ ਕਰਦਾ। ਇਕ ਦਿਨ ਸ਼ਾਮ ਨੂੰ ਦਫ਼ਤਰ ਦੇ ਸਾਰੇ ਆਦਮੀ ਚਲੇ ਗਏ, ਪਰ ਲੇਖਕ ਕੰਮ ਕਰਦਾ ਰਿਹਾ। ਕੰਮ ਕਰਦਿਆਂ ਕਰਦਿਆਂ ਰਾਤ ਦੇ ਦਸ ਵਜ ਗਏ ਤਾਂ ਵਾਹਦੀ ਸਾਹਿਬ ਅਚੇਤ ਹੀ ਆਪਣੇ ਰਿਹਾਇਸ਼ੀ ਹਿੱਸੇ 'ਚੋਂ ਪੇਸ਼ਾਬ ਕਰਨ ਦਫ਼ਤਰ ਦੇ ਹਿੱਸੇ 'ਚ ਆਏ। ਆਪ ਨੇ ਵੇਖਿਆ ਕਿ ਮੈਂ ਇਕੱਲਾ ਬੈਠਾ ਕੰਮ ਕਰ ਰਿਹਾ ਹਾਂ। ਆਪ ਇਹ ਵੇਖ ਕੇ ਚਲੇ ਗਏ। ਅਚਾਨਕ ਹੀ ਫੇਰ ਇਕ ਵਜੇ ਆਪ ਨੂੰ ਪੇਸ਼ਾਬ ਕਰਨ ਦੀ ਲੋੜ ਪਈ ਅਤੇ ਆਪ ਆਏ ਤਾਂ ਆਪ ਨੇ ਵੇਖਿਆ ਕਿ ਮੈਂ ਫੇਰ ਮੇਜ਼ ਤੇ ਬੈਠਾ ਕੰਮ ਕਰ ਰਿਹਾ ਹਾਂ। ਇਸ ਤਰ੍ਹਾਂ ਆਪ ਕਮਰੇ ਦੇ ਅੰਦਰ ਮੇਰੀ ਮੇਜ਼ ਦੇ ਨੇੜੇ ਆ ਗਏ ਅਤੇ ਪੁਛਿਆ ਕਿ ਇਸ ਵੇਲੇ ਤਕ ਕੰਮ ਕਰ ਰਹੇ ਹੋ। ਮੈਂ ਜੁਆਬ ਦਿਤਾ ਕੰਮ ਹੈ ਸੀ ਇਸ ਲਈ ਕਰ ਰਿਹਾ ਹਾਂ। ਕੰਮ ਬਾਕੀ ਹੋਵੇ ਤਾਂ ਤਸੱਲੀ ਨਹੀਂ ਹੁੰਦੀ। ਇਸ ਪਿਛੋਂ ਗਲਾਂ ਬਾਤਾਂ ਸ਼ੁਰੂ ਹੋਈਆਂ। ਵਾਹਦੀ ਸਾਹਿਬ ਮੇਰੀਆਂ ਗਲਾਂ ਨੂੰ ਧਿਆਨ ਨਾਲ ਸੁਣ ਰਹੇ ਸਨ। ਆਪ ਨੇ ਗਲਾਂ ਗਲਾਂ ਵਿਚ ਪੁਛਿਆ ਕਿ ਏਨਾ ਜ਼ਿਆਦਾ ਕੰਮ ਕਿਉਂ ਕਰਦੇ ਹੋ। ਸਵੇਰੇ ਸੂਰਜ ਚੜ੍ਹਦਿਆਂ



Digitized by Panjab Digital Library | www.panjabdigilib.org

ਹੀ ਬਹਿ ਜਾਂਦੇ ਹੋ ਅਤੇ ਹੁਣ ਰਾਤ ਦੇ ਇਕ ਵਜੇ ਤਕ ਕੰਮ ਕਰ ਰਹੇ ਹੋ। ਮੈਂ ਉਤਰ ਦਿਤਾ ਕਿ ਮਨੁਖ ਦੇ ਕਾਮਯਾਬ ਜੀਵਨ ਲਈ ਜ਼ਰੂਰੀ ਹੈ ਕਿ ਉਹ ਕਰੜੀ ਮਿਹਨਤ ਦਾ ਹਿਲਿਆ ਹੋਵੇ ਅਤੇ ਆਪਣੇ ਜੀਵਨ ਵਿਚ ਬਹੁਤ ਕੰਮ ਕਰੇ। ਵਾਹਦੀ ਸਾਹਿਬ ਨੇ ਫੇਰ ਪ੍ਰਸ਼ਨ ਕੀਤਾ ਕਿ ਕਾਮਯਾਬ ਜੀਵਨ ਦੀ ਕਸਵੱਟੀ ਕੀ ਹੈ ਅਤੇ ਕਾਮਯਾਬ ਜੀਵਨ ਕਿਸ ਨੂੰ ਸਮਝਦੇ ਹੋ। ਮੈਂ ਇਸ ਸਵਾਲ ਦਾ ਜੋ ਉਤਰ ਦਿਤਾ ਉਹ ਮੈਨੂੰ ਤੇ ਵਾਹਦੀ ਸਾਹਿਬ ਦੋਹਾਂ ਨੂੰ ਹੁਣ ਤਕ ਯਾਦ ਹੈ। ਮੈਂ ਕਿਹਾ :

"ਮੈਂ ਕਾਮਯਾਬ ਜੀਵਨ ਉਸ ਮਨੁਖ ਦਾ ਸਮਝਦਾ ਹਾਂ ਕਿ ਜਦ ਉਹ ਮਰੇ ਤਾਂ ਕੁਝ ਲਖ ਰੁਪਿਆ ਨਕਦ ਛਡੇ ਅਤੇ ਕੁਝ ਹਜ਼ਾਰ ਆਦਮੀ ਉਸ ਦੇ ਨੜੋਏ ਨਾਲ ਸ਼ਾਮਲ ਹੋਣ।"

ਜੀਵਨ ਦੀ ਕਾਮਯਾਬੀ ਦੀ ਇਹ ਕਸਵੱਟੀ ਹੁਣ ਵੀ ਮੇਰੀ ਸਮਝ ਵਿਚ ਉਹੋ ਹੀ ਹੈ ਜੋ "ਰਈਅਤ" ਦੇ ਜ਼ਮਾਨੇ ਵਿਚ ਸੀ, ਪਰ ਕਹਿ ਨਹੀਂ ਸਕਦਾ ਕਿ ਇਸ ਵਿਚ ਸਫ਼ਲਤਾ ਕਿਥੋਂ ਤਕ ਹੋਈ ਹੈ ਜਾਂ ਕਦੋਂ ਹੋਵੇਗੀ। ਜੇਕਰ ਕੋਈ ਆਦਮੀ ਕਾਮਯਾਬ ਜੀਵਨ ਹਾਸਲ ਕਰਨਾ ਚਾਹੇ ਤਾਂ ਉਸ ਦੀ ਕਸਵੱਟੀ ਏਹੋ ਹੋਣੀ ਚਾਹੀਦੀ ਹੈ ਕਿ ਉਹ ਆਰਥਕ ਤੌਰ ਤੇ ਲਖਾਂ ਰੁਪਏ ਕਮਾਵੇ (ਭਾਵੇਂ ਏਸ ਰੁਪਏ ਨੂੰ ਦਾਨ ਕਰ ਦੇਵੇ ਜਾਂ ਲੋੜਵੰਦਾਂ ਤੇ ਖ਼ਰਚ ਕਰੇ) ਅਤੇ ਜਦੋਂ ਮਰੇ ਤਾਂ ਹਰਮਨ ਪਿਆਰਤਾ ਅਤੇ ਚਾਹਤ ਦੇ ਲਿਹਾਜ਼ ਹਜ਼ਾਰਾਂ ਆਦਮੀ ਉਸ ਦੀ ਅਰਥੀ ਨਾਲ ਹੋਣ।

## ਫ਼ਤਹਿਯਾਬੀ ਲਈ ਤਗੜੇ ਕਦਮ ਦੀ ਲੋੜ

ਐਡੀਟਰ "ਰਿਆਸਤ" ਨੇ ਮੋਗੇ ਤੋਂ ਹਟਣ ਪਿਛੋਂ ਮਾਨਸਾ (ਰਿਆਸਤ ਪਟਿਆਲਾ) ਵਿਚ ਮੈਡੀਕਲ ਪ੍ਰੈਕਟਿਸ ਸ਼ੁਰੂ ਕਰ ਦਿਤੀ। ਅੱਖਾਂ ਦੇ ਅਥਵਾ ਮੋਤੀਆ ਬਿੰਦ ਦੇ ਕਾਫ਼ੀ ਆਪ੍ਰੇਸ਼ਨ ਕੀਤੇ। ਆਪਣਾ ਹਸਪਤਾਲ ਜਾਰੀ ਕੀਤਾ, ਜਿਥੇ ਇਨਡੋਰ ਬੀਮਾਰ ਵੀ ਰਹਿੰਦੇ। ਉਸ ਜ਼ਮਾਨੇ ਵਿਚ ਲੇਖਕ ਦੀ ਆਮਦਨੀ ਤਿੰਨ ਚਾਰ ਸੌ ਰੁਪਿਆ ਮਹੀਨਾ ਸੀ। ਅਖ਼ਬਾਰਾਂ ਤੇ ਰਸਾਲੇ ਪੜ੍ਹਨ ਅਤੇ ਨਾਮੀ ਲੇਖਕਾਂ, ਐਡੀਟਰਾਂ, ਅਤੇ ਕਵੀਆਂ ਨੂੰ ਮਿਲਣ ਅਤੇ ਉਨ੍ਹਾਂ ਨਾਲ ਚਿਠੀ-ਪਤ੍ਰ ਕਰਨ ਦਾ ਬੜਾ ਚਾਅ ਸੀ। ਉਰਦੂ ਬੋਲੀ ਦਾ ਸ਼ਾਇਦ ਹੀ ਕੋਈ ਅਖ਼ਬਾਰ, ਰਿਸਾਲਾ, ਜਾਂ ਕਿਤਾਬ ਅਜਿਹੀ ਹੋਵੇਗੀ ਜਿਸ ਦਾ ਬਾਕਾਇਦਾ



Digitized by Panjab Digital Library | www.panjabdigilib.org

ਅਧਿਅਨ ਨਾ ਕਰਦਾ। ਏਸੇ ਸ਼ੌਕ ਵਿਚ ਇਕ ਦਿਨ ਲੇਖ ਲਿਖਿਆ ਜਿਹੜਾ ਲਾਹੌਰ ਦੇ ਉਰਦੂ ਸਪਤਾਹਕ "ਖਾਲਸਾ ਅਖ਼ਬਾਰ" ਨੂੰ ਛਪਣ ਲਈ ਭੇਜਿਆ। ਇਹ ਲੇਖ ਫ਼ਰਜ਼ੀ "ਈਸ਼ਰ ਸਿੰਘ ਫ਼ੀਰੋਜ਼ਪੁਰੀ" ਦੇ ਨਾਂ ਹੇਠ ਛਪਿਆ। ਕਿਉਂਕਿ ਮੈਂ ਅਨੁਭਵ ਕਰਦਾ ਸਾਂ ਕਿ ਜੇਕਰ ਲੇਖ ਚੰਗਾ ਨਾ ਹੋਇਆ ਅਤੇ ਆਪਣੇ ਨਾਂ ਤੇ ਹੀ ਛਪਿਆ ਤਾਂ ਲੋਕੀ ਮਖ਼ੌਲ ਕਰਨ ਗੇ। ਏਸ ਲੇਖ ਦੇ ਛਪਣ ਪਿਛੋਂ ਏਨੀ ਖ਼ੁਸ਼ੀ ਹੋਈ ਕਿ ਦਸ ਨਹੀਂ ਸਕਦਾ। ਇਸ ਪਿਛੋਂ ਮੈਂ ਦੋ ਤਿੰਨ ਹੋਰ ਲੇਖ ਏਸੇ ਨਾਂ ਹੇਠ ਛਪਣ ਲਈ ਏਸੇ ਅਖ਼ਬਾਰ ਨੂੰ ਭੇਜੇ ਜੋ ਕਿ ਛਪ ਗਏ। ਇਹਨਾਂ ਲੇਖਾਂ ਦੇ ਛਪਣ ਪਿਛੋਂ ਭਾਈ ਮੂਲ ਸਿੰਘ ਮੈਨੇਜਰ "ਖ਼ਾਲਸਾ ਅਖ਼ਬਾਰ" ਦੀ ਚਿਠੀ ਮੇਰੇ ਕੋਲ ਪਹੁੰਚੀ ਜਿਸ ਵਿਚ ਪੁਛਿਆ ਗਿਆ ਕਿ ਮੈਂ ਮਾਨਸੇ ਕੀ ਕੰਮ ਕਰਦਾ ਹਾਂ, ਵਿਦਿਆ ਕਿਥੋਂ ਤਕ ਹੈ, ਆਮਦਨੀ ਕਿੰਨੀ ਹੈ, ਕੀ "ਖ਼ਾਲਸਾ ਅਖ਼ਬਾਰ" ਨੂੰ ਐਡਿਟ ਕਰਨ ਲਈ ਲਾਹੌਰ ਆ ਸਕਦਾ ਹਾਂ ਅਤੇ ਜੇਕਰ ਆ ਸਕਦਾ ਹਾਂ ਤਾਂ ਕੀ ਤਨਖ਼ਾਹ ਲਾਂ ਗਾ।

ਏਸ ਚਿਠੀ ਨੂੰ ਵੇਖ ਕੇ ਖ਼ੁਸ਼ੀ ਤੇ ਅਦਭੁਦਤਾ ਦੇ ਮਿਲੇ ਜੁਲੇ ਜਜ਼ਬਿਆਂ ਕਾਰਨ ਮੇਰੀ ਹਾਲਤ ਅਜੀਬ ਜਿਹੀ ਸੀ। ਚਿਠੀ ਨੂੰ ਘੜੀ ਮੁੜੀ ਪੜ੍ਹਦਾ ਸਾਂ, ਧਿਆਨ ਨਾਲ ਵੇਖਦਾ ਸਾਂ ਅਤੇ ਖ਼ਿਆਲ ਕਰਦਾ ਸਾਂ ਕਿ ਕੀ ਇਹ ਹੋ ਸਕਦਾ ਹੈ ਕਿ ਮੈਂ ਕਿਸੇ ਅਖ਼ਬਾਰ ਦਾ ਐਡੀਟਰ ਬਣ ਸਕਾਂ। ਏਸ ਚਿਠੀ ਦਾ ਮੈਂ ਜੁਆਬ ਦਿਤਾ ਕਿ ਮੈਂ ਮੈਡੀਕਲ ਪ੍ਰੈਕਟਿਸ ਕਰਦਾ ਹਾਂ। ਆਮਦਨੀ ਤਿੰਨ ਚਾਰ ਸੌ ਰੁਪਏ ਮਾਸਕ ਦੇ ਕਰੀਬ ਹੈ। ਪੜ੍ਹਾਈ ਮਾਮੂਲੀ ਹੈ, ਪਰ ਲਿਟਰੇਚਰ ਦਾ ਅਧਿਅਨ ਕਾਫ਼ੀ ਹੈ।

ਮੇਰ ਏਸ ਪੱਤਰ ਦਾ ਜੁਆਬ ਸਰਦਾਰ ਮੂਲ ਸਿੰਘ ਨੇ ਇਹ ਦਿਤਾ ਕਿ ਉਹ ਐਡੀਟਰ ਨੂੰ ਵਧ ਤੋਂ ਵਧ ਸੱਠ ਰੁਪਏ ਤਨਖ਼ਾਹ ਦੇ ਸਕਦੇ ਹਨ ਅਤੇ ਕਿਉਂਕਿ ਮੇਰੀ ਮੈਡੀਕਲ ਪ੍ਰੈਕਟਿਸ ਤਿੰਨ ਚਾਰ ਸੌ ਰੁਪਏ ਮਹੀਨਾ ਹੈ, ਇਸ ਲਈ ਮੇਰਾ ਅਖ਼ਬਾਰ ਵਿਚ ਆਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਏਸ ਜੁਆਬ ਪਿਛੋਂ ਵੀ ਮੈਂ ਕੁਝ ਬੇਹਾਲ ਜਿਹਾ ਸਾਂ ਅਤੇ ਰਹਿ ਰਹਿ ਕੇ ਖ਼ਿਆਲ ਕਰਦਾ ਸਾਂ ਕਿ ਮੈਂ ਜਰਨਲਿਜ਼ਮ ਗ੍ਰਹਿਣ ਕਰਾਂ, ਸ਼ਾਇਦ ਇਸ ਵਿਚ ਮੈਡੀਕਲ ਪ੍ਰੈਕਟਿਸ ਨਾਲੋਂ ਵਧੇਰੇ ਕਾਮਯਾਬੀ ਨਸੀਬ ਹੋਵੇ। ਸੋ ਮੈਂ ਆਪਣੇ ਇਕ ਸਤਿਕਾਰਯੋਗ ਸ਼ੁਭ ਚਿੰਤਕ ਭਗਤ ਲਕਸ਼ਮਨ ਸਿੰਘ ਬੀ. ਏ. ਇੰਸਪੈਕਟਰ ਆਫ਼ ਸਕੂਲਜ਼ ਫ਼ੀਰੋਜ਼ਪੁਰ — ਜੋ ਕਈ ਕਿਤਾਬਾਂ ਦੇ ਲੇਖਕ ਸਨ, ਅਤੇ ਜਿਨ੍ਹਾਂ ਨੂੰ ਮੇਰੇ ਫ਼ਰਜ਼ੀ ਨਾ ਹੇਠ ਭੇਜੇ ਗਏ ਉਹਨਾਂ ਲੇਖਾਂ ਦਾ ਪਤਾ ਸੀ ਕਿ ਮੈਂ ਲਿਖੇ ਹਨ —



Digitized by Panjab Digital Library | www.panjabdigilib.org

ਨੂੰ ਖਤ ਲਿਖਿਆ ਕਿ "ਖ਼ਾਲਸਾ ਅਖ਼ਬਾਰ" ਦੇ ਮਾਲਕ ਮੈਨੂੰ ਐਡੀਟਰ ਨੀਯਤ ਕਰਨਾ ਚਾਹੁੰਦੇ ਹਨ, ਪਰ ਤਨਖ਼ਾਹ ਕੇਵਲ ਸੱਠ ਰੁਪਏ ਮਹੀਨਾ ਦੇਣ ਗੇ। ਮੇਰੀ ਵਰਤਮਾਨ ਆਮਦਨ ਤਿੰਨ ਚਾਰ ਸੌ ਰੁਪਿਆ ਮਹੀਨਾ ਦੇ ਵਿਚਕਾਰ ਹੈ। ਮੈਂ ਏਸ ਅਖ਼ਬਾਰ ਵਿਚ ਜਾਵਾਂ ਕਿ ਨਾ ਜਾਵਾਂ। ਭਗਤ ਲਕਸ਼ਮਨ ਸਿੰਘ ਦਾ ਜੋ ਜੁਆਬ ਆਇਆ ਉਸ ਦੇ ਅਖਰ ਹੁਣ ਤਕ ਮੇਰਿਆਂ ਕੰਨਾਂ ਵਿਚ ਗੂੰਜ ਰਹੇ ਹਨ ਅਤੇ ਸ਼ਾਇਦ ਮੈਂ ਜੀਵਨ ਭਰ ਇਹਨਾਂ ਨੂੰ ਨਾ ਭੁਲਾ ਸਕਾਂ ਕਿਉਂਕਿ ਏਹੋ ਅਖਰ ਮੇਰੇ ਜੀਵਨ ਵਿਚ ਬੜਾ ਵਡਾ ਪ੍ਰੀਵਰਤਨ ਲਿਆਉਣ ਦਾ ਕਾਰਨ ਬਣੇ। ਆਪ ਨੇ ਲਿਖਿਆ:

"ਇਸ ਵਿਚ ਕੋਈ ਸ਼ੱਕ ਨਹੀਂ ਕਿ ਤੇਰੀ ਕਲਮ ਵਿਚ ਲੋਹੜੇ ਦਾ ਜ਼ੋਰ ਹੈ ਇਹ ਅਸੰਭਵ ਨਹੀਂ ਹੋਵੇਗਾ ਕਿ ਤੂੰ ਜਰਨਲਿਸਟ ਦੇ ਤੌਰ ਤੇ ਕਾਮਯਾਬ ਹੋ ਜਾਵੇਂ। ਮੇਰੇ ਖ਼ਿਆਲ ਵਿਚ ਜਰਨਲਿਜ਼ਮ ਗ੍ਰਹਿਣ ਕਰਕੇ ਵੇਖਣਾ ਚਾਹੀਦਾ ਹੈ ਕਿ ਤੂੰ ਕਿਸ ਹਦ ਤਕ ਇਸ ਵਿਚ ਕਾਮਯਾਬ ਹੁੰਦਾ ਹੈਂ।"

ਏਸ ਖ਼ਤ ਦੇ ਪਹੁੰਚਣ ਪਿਛੋਂ ਮੈਂ ਭਾਈ ਮੂਲ ਸਿੰਘ ਨੂੰ ਚਿਠੀ ਲਿਖੀ ਕਿ ਮੈਂ ਸਠ ਰੁਪਏ ਮਹੀਨੇ ਤੇ ਹੀ ਆਉਣ ਲਈ ਤਿਆਰ ਹਾਂ। ਉਹਨਾਂ ਦਾ ਜੁਆਬ ਆਇਆ ਕਿ ਆ ਜਾਓ। ਸੋ ਮੈਂ ਤਿੰਨ ਚਾਰ ਸੌ ਰੁਪਏ ਮਹੀਨੇ ਦੀ ਮੈਡੀਕਲ ਪ੍ਰੈਕਟਿਸ ਨੂੰ ਛਡ ਕੇ ਸਠ ਰੁਪਏ ਮਹੀਨਾ ਤਨਖ਼ਾਹ ਤੇ ਲਾਹੌਰ ਪਹੁੰਚ ਗਿਆ।

ਲਾਹੌਰ ਪਹੁੰਚਣ ਪਿਛੋਂ ਮੈਂ ਸਰਦਾਰ ਮੂਲ ਸਿੰਘ ਨਾਲ ਇਹ ਪਕੀ ਠਹਿਰਾਈ ਕਿ ਮੇਰੇ ਲਾਹੌਰ ਆਉਣ ਦੀ ਸੂਚਨਾ ਕਿਸੇ ਨੂੰ ਨਾ ਦਿਤੀ ਜਾਵੇ ਅਤੇ ਮੈਂ ਲੁਕਵੇਂ ਢੰਗ ਨਾਲ ਅਖ਼ਬਾਰ ਨੂੰ ਐਡਿਟ ਕਰਾਂ ਗਾ। ਮੇਰਾ ਆਪਣੇ ਆਪ ਨੂੰ ਲੁਕਾਉਣ ਦੀ ਲੋੜ ਕੇਵਲ ਇਹ ਸੀ ਕਿ ਮੈਂ ਅਸਫ਼ਲਤਾ ਤੋਂ ਡਰਦਾ ਸਾਂ ਅਤੇ ਸੋਚਦਾ ਸਾਂ ਕਿ ਜੇਕਰ ਅਸਫ਼ਲ ਰਿਹਾ ਤਾਂ ਸਜਨ ਮਿੱਤਰ ਗੁੱਡਾ ਬੰਨ੍ਹਣਗੇ।

"ਖ਼ਾਲਸਾ ਅਖ਼ਬਾਰ" ਨੂੰ ਮੈਂ ਸ਼ਾਇਦ ਚਾਰ ਮਹੀਨੇ ਐਡਿਟ ਕਰਦਾ ਰਿਹਾ। ਏਸ ਸਮੇਂ ਵਿਚਕਾਰ ਅਖ਼ਬਾਰ ਵਿਚ ਨਵਾਂ ਜੀਵਨ ਸੰਚਾਰ ਹੋ ਗਿਆ। ਹਰ ਆਦਮੀ ਐਡੀਟੋਰੀਅਲ ਲੇਖਾਂ ਦਾ ਭੌਰਾ ਸੀ, ਪਰ ਮੈਂ ਕਾਨੂੰਨ ਤੋਂ ਅਗਿਆਤ ਸਾਂ, ਨਤੀਜਾ ਇਹ ਹੋਇਆ ਕਿ ਏਸ ਚਹੁੰ ਮਹੀਨਿਆਂ ਵਿਚ ਮਾਲਕ ਅਖ਼ਬਾਰ ਸਰਦਾਰ ਹਰਚੰਦ ਸਿੰਘ ਰਈਸ ਲਾਇਲਪੁਰ ਅਤੇ ਸਰਦਾਰ ਮੂਲ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਤੇ ਫ਼ੌਜਦਾਰੀ ਮੁਕਦਮੇ ਚਾਲੂ ਹੋ ਗਏ। ਇਹਨਾਂ ਮੁਕੱਦਮਿਆਂ ਵਿਚੋਂ ਇਕ ਮੁਕਦਮਾ ਸਰਦਾਰ ਅਮਰ ਸਿੰਘ ਐਡੀਟਰ "ਸ਼ੇਰੇ ਪੰਜਾਬ" ਨੇ ਵੀ ਕੀਤਾ, ਜਿਨ੍ਹਾਂ ਵਿਰੁਧ ਲੇਖ ਲਿਖੇ ਗਏ ਸਨ। ਇਸ ਤਰ੍ਹਾਂ ਮੈਂ ਇਹਨਾਂ ਮੁਕਦਮਿਆਂ



Digitized by Panjab Digital Library | www.panjabdigilib.org

ਕਾਰਣ ਹਟਾ ਦਿਤਾ ਗਿਆ।

ਮੇਰੇ ਜੀਵਨ ਦਾ ਇਹ ਸਮਾਂ ਬੜਾ ਨਾਜ਼ਕ ਸੀ। ਮੈਡੀਕਲ ਪ੍ਰੈਕਟਿਸ ਛਡ ਚੁਕਾ ਸਾਂ। "ਖ਼ਾਲਸਾ ਅਖ਼ਬਾਰ" ਤੋਂ ਵਖ ਕਰ ਦਿਤਾ ਗਿਆ ਸਾਂ। ਦੂਜੀ ਕੋਈ ਥਾਂ ਨਹੀਂ ਸੀ, ਪਰ ਮੈਂ ਇਕ ਪਲ ਲਈ ਵੀ ਨਾਉਮੀਦ ਨਾ ਹੋਇਆ ਅਤੇ ਲਾਹੌਰ ਵਿਚ ਹੀ ਬਹੁਤ ਥੋੜ੍ਹੀ ਥੋੜ੍ਹੀ ਤਨਖ਼ਾਹ ਤੇ ਕਈਆਂ ਅਖ਼ਬਾਰਾਂ ਵਿਚ ਕੰਮ ਸ਼ੁਰੂ ਕਰ ਦਿਤਾ। ਲਾਹੌਰ ਦੀਆਂ ਅਖ਼ਬਾਰਾਂ ਵਿਚ ਮੈਨੂੰ ਕੰਮ ਕਰਦਿਆਂ ਕੁਝ ਸਮਾਂ ਹੋ ਗਿਆ। ਇਕ ਦਿਨ ਮੈਂ ਸੁਰਗਵਾਸੀ ਲਾਲਾ ਰਾਮ ਰਛਪਾਲ ਸਿੰਘ ਸਾਹਿਬ ਸ਼ੈਦਾ ਐਡੀਟਰ "ਹਿੰਦੁਸਤਾਨ" ਤੋਂ ਪੁਛਿਆ ਕਿ ਉਰਦੂ ਜਰਨਲਿਜ਼ਮ ਵਿਚ ਸਭ ਤੋਂ ਵਧੇਰੇ ਲਾਇਕ ਕਿਹੜੇ ਸਾਹਿਬ ਹਨ। ਆਪ ਨੇ ਫ਼ਰਮਾਇਆ ਅਸੀਮਤ ਜਾਣਕਾਰੀ ਦੇ ਲਿਹਾਜ਼ ਸਭ ਤੋਂ ਵਧੇਰੇ ਸਿਆਣੇ ਐਡੀਟਰ ਸੱਯਦ ਜਾਲਬ ਐਡੀਟਰ "ਹਮਦਮ" ਹਨ। ਲੇਖਕ ਨੇ ਸੱਯਦ ਜਾਲਬ ਨੂੰ ਲਖਨਉ ਖ਼ਤ ਲਿਖਿਆ ਕਿ ਮੈਨੂੰ ਜਰਨਲਿਜ਼ਮ ਸਿਖਣ ਦਾ ਸ਼ੌਕ ਹੈ ਜੇਕਰ ਆਪ ਆਗਿਆ ਕਰੋ ਅਤੇ ਮੇਰੇ ਖ਼ਰਚ ਲਈ ਮਾਮੂਲੀ ਜਿਹੀ ਤਨਖ਼ਾਹ ਨੀਯਤ ਕਰ ਦਿਓ ਤਾਂ ਮੈਂ ਤੁਹਾਡੀ ਸੇਵਾ ਵਿਚ ਹਾਜ਼ਰ ਹੋਣਾ ਚਾਹੁੰਦਾ ਹਾਂ। ਸੱਯਦ ਜਾਲਬ ਨੇ ਮੇਰੇ ਏਸ ਖ਼ਤ ਦਾ ਕੋਈ ਜੁਆਬ ਨਾ ਦਿਤਾ। ਇਕ ਸਾਤੇ ਪਿਛੋਂ ਫੇਰ ਖ਼ਤ ਲਿਖਿਆ। ਫੇਰ ਵੀ ਜੁਆਬ ਵਲੋਂ ਕੋਰਾਪਨ। ਏਸ ਲਾਪ੍ਰਵਾਹੀ ਤੋਂ ਮੈਂ ਨਾਉਮੀਦ ਨਾ ਹੋਇਆ। ਲਖਨਉ ਦਾ ਟਿਕਟ ਲਿਆ ਅਤੇ ਲਖਨਉ ਪਹੁੰਚ ਗਿਆ। ਲਖਨਉ ਪਹੁੰਚ ਕੇ ਸਿਧਾ ਗੁਰਦੁਆਰੇ ਗਿਆ। ਉਥੇ ਬਤੌਰ ਮੁਸਾਫ਼ਰ ਇਕ ਕੋਠੜੀ ਵਿਚ ਸਾਮਾਨ ਰਖਿਆ। ਅਗਲੀ ਭਲਕ ਸਵੇਰੇ ਅਠ ਵਜੇ "ਹਮਦਮ" ਦੇ ਦਫ਼ਤਰ ਪਹੁੰਚਿਆ। "ਹਮਦਮ" ਦਾ ਦਫ਼ਤਰ ਉਸ ਸਮੇਂ ਹਜ਼ਰਤ ਗੰਜ ਦੀ ਇਕ ਬਿਲਡਿੰਗ ਵਿਚ ਸੀ ਜੋ "ਆਈ. ਡੀ. ਟੀ." ਨਾਲ ਸਾਂਝੀ ਸੀ ਕਿਉਂਕਿ ਦੋਹਾਂ ਅਖ਼ਬਾਰਾਂ ਦੇ ਮਾਲਕ ਸ਼ਾਇਦ ਸੁਰਗਵਾਸੀ ਰਾਜਾ ਸਾਹਿਬ ਮਹਿਮੂਦ ਆਬਾਦ ਸਨ। "ਹਮਦਮ" ਦੇ ਦਫ਼ਤਰ ਪਹੁੰਚ ਕੇ ਮੈਂ ਪੈਂਸਲ ਨਾਲ ਇਕ ਕਾਗ਼ਜ਼ ਦੇ ਟੁਕੜੇ ਤੇ ਆਪਣਾ ਨਾਂ ਲਿਖਿਆ ਅਤੇ ਚਪੜਾਸੀ ਦੇ ਹਥ ਸੱਯਦ ਜਾਲਬ ਪਾਸ ਭੇਜਿਆ। ਸੱਯਦ ਸਾਹਿਬ ਨੇ ਮੈਨੂੰ ਝਟ ਅੰਦਰ ਸਦ ਲਿਆ। ਸਾਹਮਣੇ ਖਲੋਤਾ ਹੀ ਸਾਂ ਕਿ ਆਪ ਨੇ ਫ਼ਰਮਾਇਆ:

"ਤੁਹਾਡੇ ਦੋਵੇਂ ਖ਼ਤ ਮਿਲੇ, ਮੈਨੂੰ ਅਫ਼ਸੋਸ ਹੈ ਕਿ ਮੈਂ ਜੁਆਬ ਨਹੀਂ ਦੇ ਸਕਿਆ ਕਿਉਂਕਿ ਏਥੇ ਕੋਈ ਥਾਂ ਖ਼ਾਲੀ ਨਹੀਂ। ਹੁਣ ਵੀ ਏਹੋ ਹਾਲ ਹੈ। ਮੈਨੂੰ ਅਫ਼ਸੋਸ ਹੈ ਕਿ ਮੈਂ ਤੁਹਾਡੇ ਲਈ ਲਾਹੇਵੰਦਾ ਨਹੀਂ ਹੋ ਸਕਦਾ।"



Digitized by Panjab Digital Library | www.panjabdigilib.org

ਮੈਂ ਬਿਨੈ ਕੀਤੀ ਕਿ ਮੈਨੂੰ ਕੰਮ ਸਿਖਣ ਦਾ ਸ਼ੌਕ ਹੈ ਕਿਉਂਕਿ ਮੈਂ ਸੁਣਿਆ ਹੈ ਕਿ ਤੁਸੀਂ ਉਰਦੂ ਜਰਨਲਿਜ਼ਮ ਵਿਚ ਚੰਗੇ ਸਿਆਣੇ ਵਿਅੱਕਤੀ ਹੋ। ਮੈਂ ਏਸ ਲੋੜ ਨੂੰ ਆਇਆ ਹਾਂ ਕਿ ਜੇਕਰ ਤੁਸੀਂ ਮੇਰੇ ਵਾਸਤੇ ਕੇਵਲ ਤੀਹ ਰੁਪਏ ਮਹੀਨਾ ਨੀਯਤ ਕਰ ਦਿਓ ਤਾਂ ਮੈਂ ਤਸੱਲੀ ਨਾਲ ਤੁਹਾਡੀ ਸੇਵਾ ਵਿਚ ਹਾਜ਼ਰ ਰਹਿ ਕੇ ਕੰਮ ਕਰਨਾ ਅਤੇ ਸਿਖਣਾ ਚਾਹੁੰਦਾ ਹਾਂ। ਸੱਯਦ ਜਾਲਬ ਨੇ ਜੁਆਬ ਦਿਤਾ ਕਿ ਕੋਈ ਥਾਂ ਖ਼ਾਲੀ ਨਹੀਂ। ਮੈਂ ਫੇਰ ਬੇਨਤੀ ਕੀਤੀ, ਚਪੜਾਸੀ ਦੀ ਥਾਂ ਹੀ ਮੈਨੂੰ ਰਖ ਲਓ। ਮੈਂ ਚਪੜਾਸੀ ਬਣ ਕੇ ਸਾਰਾ ਦਿਨ ਕੰਮ ਕਰਾਂਗਾ ਅਤੇ ਨਾਲ ਨਾਲ ਤੁਹਾਥੋਂ ਜਰਨਲਿਜ਼ਮ ਸਿਖਾਂਗਾ। ਸੱਯਦ ਜਾਲਬ ਮੇਰੀ ਏਸ ਦਰਖ਼ਾਸਤ ਤੇ ਹੈਰਾਨ ਸਨ, ਪਰ ਆਪ ਨੇ ਕਿਹਾ ਕਿ ਅਫ਼ਸੋਸ ਚਪੜਾਸੀ ਦੀ ਵੀ ਕੋਈ ਥਾਂ ਖ਼ਾਲੀ ਨਹੀਂ। ਇਹ ਜੁਆਬ ਸੁਣ ਕੇ ਮੈਂ ਮੁੜ ਬੇਨਤੀ ਕੀਤੀ ਕਿ ਤੁਹਾਨੂੰ ਮੇਰੇ ਮੁਫ਼ਤ ਕੰਮ ਕਰਨ ਤੇ ਕੋਈ ਇਤਰਾਜ਼ ਤਾਂ ਨਹੀਂ। ਸੱਯਦ ਜਾਲਬ ਨੇ ਮੁਸਕਾਂਦਿਆਂ ਹੋਇਆਂ ਫ਼ਰਮਾਇਆ, "ਮੁਫ਼ਤ ਕੰਮ ਲੈਣ ਵਿਚ ਕੀ ਇਨਕਾਰ ਹੋ ਸਕਦਾ ਹੈ।" ਇਸ ਪ੍ਰਕਾਰ ਲੇਖਕ ਨੇ ਅਗਲੀ ਭਲਕ ਤੋਂ ਦਫ਼ਤਰ "ਹਮਦਮ" ਵਿਚ ਬਿਨਾਂ ਤਨਖ਼ਾਹ ਕੰਮ ਸ਼ੁਰੂ ਕਰ ਦਿਤਾ। ਗੁਜ਼ਾਰੇ ਲਈ ਅਮੀਨਆਬਾਦ ਪਾਰਕ ਦੇ ਕੋਲ ਇਕ ਬੰਗਾਲੀ ਕੈਮਿਸਟ ਦੀ ਦੁਕਾਨ ਤੇ ਪੰਦਰਾਂ ਰੁਪਏ ਮਹੀਨੇ ਤੇ ਨੌਕਰੀ ਕਰ ਲਈ। ਦਿਨ ਭਰ ਦਫ਼ਤਰ "ਹਮਦਮ" ਵਿਚ ਕੰਮ ਕਰਦਾ। ਸ਼ਾਮ ਨੂੰ ਛੇ ਵਜੇ ਤੋਂ ਬਾਰਾਂ ਵਜੇ ਰਾਤ ਤਕ ਉਸ ਕੈਮਿਸਟ ਕੋਲ ਤੇ ਰਾਤ ਨੂੰ ਗੁਰਦੁਆਰੇ ਜਾ ਸੌਂਦਾ। ਕਿਉਂਕਿ ਕਦ, ਸਰੀਰ ਅਤੇ ਚੇਹਰਾ ਮੋਹਰਾ ਰੋਹਬਦਾਰ ਸੀ। ਜਦ ਲਖਨਊ ਦੇ ਬਾਜ਼ਾਰਾਂ ਵਿਚੋਂ ਲੰਘਦਾ ਤਾਂ ਪੁਲੀਸ ਟ੍ਰੈਫ਼ਿਕ ਦੇ ਸਿਪਾਹੀ ਇਹ ਸਮਝ ਕੇ ਸਲਯੂਟ ਕਰਦੇ ਕਿ ਸ਼ਾਇਦ ਕੋਈ ਨਵਾਂ ਸਬ ਇੰਸਪੈਕਟਰ ਜਾਂ ਇੰਸਪੈਕਟਰ ਨੀਯਤ ਹੋਇਆ ਹੈ। ਕਿਉਂਕਿ ਯੂ. ਪੀ. ਪੁਲੀਸ ਵਿਚ ਸਿਖ ਕਾਫ਼ੀ ਗਿਣਤੀ ਵਿਚ ਉਚੀਆਂ ਪਦਵੀਆਂ ਤੇ ਸਨ। ਇਹਨਾਂ ਵਿਚਾਰਿਆਂ ਨੂੰ ਕੀ ਪਤਾ ਕਿ ਜਿਸ ਨੂੰ ਸਲਯੂਟ ਕਰ ਰਹੇ ਹਨ ਦਿਨ ਭਰ "ਹਮਦਮ" ਦੇ ਦਫ਼ਤਰ ਵਿਚ ਬਿਨਾਂ ਕਿਸੇ ਬਦਲੇ ਦੇ ਕੰਮ ਕਰਦਾ ਹੈ। ਰਾਤ ਨੂੰ ਬਾਰਾਂ ਵਜੇ ਤਕ ਇਕ ਕੈਮਿਸਟ ਕੋਲ ਪੰਦਰਾਂ ਰੁਪਏ ਮਹੀਨੇ ਤੇ ਨੌਕਰ ਹੈ ਅਤੇ ਇਸ ਦੀ ਜ਼ਾਤੀ ਆਮਦਨ ਜਾਂ ਖ਼ਰਚ ਅਠ ਆਨੇ ਰੋਜ਼ ਤੋਂ ਜ਼ਿਆਦਾ ਨਹੀਂ।

"ਹਮਦਮ" ਅਤੇ ਅਮੀਨਆਬਾਦ ਪਾਰਕ ਦੇ ਕੈਮਿਸਟ ਪਾਸ ਕੰਮ ਕਰਦਿਆਂ ਕੁਝ ਸਮਾਂ ਲੰਘ ਗਿਆ। ਜੂਨ ਦਾ ਮਹੀਨਾ ਸੀ। ਲਖਨਊ ਦੀ ਗਰਮੀ। ਸਵੇਰੇ



Digitized by Panjab Digital Library | www.panjabdigilib.org

ਅਠ ਵਜੇ "ਹਮਦਮ" ਦੇ ਦਫ਼ਤਰ ਪਹੁੰਚਦਾ ਅਤੇ ਦੋ ਵਜੇ ਦੁਪਹਿਰ ਨੂੰ ਪੈਦਲ ਗੁਰਦੁਆਰੇ ਵਾਪਸ ਆਉਂਦਾ। ਇਕ ਦਿਨ ਗਰਮੀ ਵਧੇਰੇ ਸੀ, ਲੋਅ ਲਗ ਗਈ, ਤੇਜ਼ ਬੁਖ਼ਾਰ ਹੋ ਗਿਆ। ਗੁਰਦੁਆਰੇ ਦੀ ਇਕ ਕੋਠੜੀ ਵਿਚ ਪਿਆ ਸਾਂ ਕਿ ਗੁਰਦੁਆਰੇ ਦੇ ਗ੍ਰੰਥੀ ਨੇ ਪੁਛਿਆ, "ਕਿਥੋਂ ਦੇ ਰਹਿਣ ਵਾਲੇ ਹੋ? ਆਪਣਾ ਨਾਂ ਥਾਂ ਦਸੋ ਤਾਕਿ ਜੇਕਰ ਮਰ ਜਾਓ ਤਾਂ ਤੁਹਾਡੇ ਘਰਦਿਆਂ ਨੂੰ ਖ਼ਬਰ ਦਿਤੀ ਜਾ ਸਕੇ।" ਮੈਂ ਉੱਤਰ ਦਿਤਾ "ਹਾਫ਼ਿਜ਼ਾਬਾਦ (ਜ਼ਿਲ੍ਹਾ ਗੁਜਰਾਂਵਾਲਾ) ਦਾ ਰਹਿਣ ਵਾਲਾ ਹਾਂ" ਗ੍ਰੰਥੀ ਨੇ ਪੁਛਿਆ "ਉਸੇ ਹਾਫ਼ਿਜ਼ਾਬਾਦ ਦੇ ਜਿਥੋਂ ਦੇ ਸਰਦਾਰ ਗੁਰਬਖ਼ਸ਼ ਸਿੰਘ ਸੁਪ੍ਰੰਟੰਡੰਟ ਟੈਲੀਗ੍ਰਾਫ਼ ਰਹਿਣ ਵਾਲੇ ਹਨ?" ਮੈਂ ਕਿਹਾ "ਹਾਂ"। ਉਸ ਗ੍ਰੰਥੀ ਨੇ ਬਿਨਾਂ ਮੇਰੀ ਗਿਆਤ ਦੇ ਸਰਦਾਰ ਗੁਰਬਖ਼ਸ਼ ਸਿੰਘ ਨੂੰ ਖ਼ਬਰ ਕਰ ਦਿਤੀ। ਸਰਦਾਰ ਗੁਰਬਖ਼ਸ਼ ਸਿੰਘ ਮੇਰੇ ਨਜ਼ੀਕੀ ਚਾਚੇ ਦੇ ਪੁੱਤਰ ਭਰਾ ਸਨ ਅਤੇ ਲਖਨਊ ਵਿਚ ਅਠ ਨੌ ਸੌ ਰੁਪਏ ਮਹੀਨਾ ਦੇ ਕਰੀਬ ਤਨਖ਼ਾਹ ਲੈਂਦੇ ਸਨ। ਜਦ ਉਹਨਾਂ ਨੂੰ ਪਤਾ ਲਗਾ ਕਿ ਮੈਂ ਗੁਰਦੁਆਰੇ ਬੀਮਾਰ ਪਿਆ ਹਾਂ ਤਾਂ ਗੁਰਦੁਆਰੇ ਪਹੁੰਚੇ ਅਤੇ ਮੈਨੂੰ ਵੇਖ ਕੇ ਦੰਗ ਰਹਿ ਗਏ। ਪੁਛਿਆ ਕਿ ਲਖਨਊ ਕਦ ਦੇ ਆਏ ਹੋ। ਮੈਂ ਉਤਰ ਦਿਤਾ ਕੁਝ ਮਹੀਨੇ ਹੋਏ ਹਨ। ਪੁਛਿਆ ਕਿ ਖ਼ਬਰ ਕਿਉਂ ਨਾ ਦਿਤੀ। ਮੈਂ ਜੁਆਬ ਦਿਤਾ ਜਦ ਆਦਮੀ ਚੰਗੀ ਹਾਲਤ ਵਿਚ ਨਾ ਹੋਵੇ ਤਾਂ ਉਚੀ ਪੁਜ਼ੀਸ਼ਨ ਦੇ ਰਿਸ਼ਤੇ-ਦਾਰਾਂ ਨੂੰ ਖ਼ਬਰ ਨਾ ਦੇਣੀ ਹੀ ਠੀਕ ਹੈ।

ਸਰਦਾਰ ਗੁਰਬਖ਼ਸ਼ ਸਿੰਘ ਮੈਨੂੰ ਆਪਣੀ ਕੋਠੀ ਲੈ ਗਏ। ਕੁਝ ਦਿਨ ਇਲਾਜ ਕੀਤਾ ਅਤੇ ਮੈਂ ਰਾਜ਼ੀ ਹੋ ਕੇ ਵਾਪਸ ਪੰਜਾਬ ਆ ਗਿਆ।

ਉਪਰ ਦੇ ਹਾਲ ਦਸਣ ਦਾ ਭਾਵ ਇਹ ਹੈ ਕਿ ਜਿਹੜੇ ਆਦਮੀ ਉਚਿਆਂ ਜਾਣਾ ਚਾਹੁੰਦੇ ਹਨ ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਹਰ ਪ੍ਰਕਾਰ ਦੇ ਖ਼ਤਰਿਆਂ ਨੂੰ ਜੀ ਆਇਆਂ ਕਹਿਣ ਨੂੰ ਤਿਆਰ ਰਹਿਣ। ਮੁਸੀਬਤਾਂ ਤੇ ਮੁਸ਼ਕਲਾਂ ਤੋਂ ਘਬਰਾਉਣ ਨਾ ਅਤੇ ਕੋਈ ਰਾਹ ਅਜਿਹਾ ਨਾ ਛਡਣ ਜਿਹੜਾ ਉਹਨਾਂ ਦੀ ਭਲਿਆਈ ਲਈ ਹੋਵੇ। ਉਸ ਰਾਹ ਨੂੰ ਗ੍ਰਹਿਣ ਕਰਦਿਆਂ ਹੋਇਆਂ ਉਹਨਾਂ ਲਈ ਭਾਵੇਂ ਕਿੰਨੀਆਂ ਵੀ ਮੁਸ਼ਕਲਾਂ ਕਿਉਂ ਨਾ ਪੈਦਾ ਹੋਣ।

ਐਡੀਟਰ "ਰਿਆਸਤ" ਨੂੰ ਸ਼ਕਾਇਤ ਹੈ ਕਿ ਸ੍ਵਰਗਵਾਸੀ ਸੱਯਦ ਜਾਲਬ ਨੇ ਉਸ ਸਮੇਂ 'ਚ ਉਸ ਨਾਲ ਦਿਲ ਵਧਾਊ ਸਲੂਕ ਨਹੀਂ ਕੀਤਾ। ਸੱਯਦ ਜਾਲਬ ਇਹਨਾਂ ਘਟਨਾਵਾਂ ਪਿਛੋਂ ਕਈ ਸਾਲ ਜੀਉਂਦੇ ਰਹੇ। ਜਦ ਕਦੇ ਆਪਣੇ ਵਤਨ ਦਿੱਲੀ ਆਉਂਦੇ ਤਾਂ ਦਫ਼ਤਰ "ਰਿਆਸਤ" ਵਿਚ ਵੀ ਆਇਆ ਕਰਦੇ ਅਤੇ ਲਖਨਊ ਤੇ ਦਿੱਲੀ ਵਿਚ ਜਦ ਕਦੇ ਆਪਣੇ ਸ਼ਾਗਿਰਦਾਂ (ਜੋ ਦਰਜਨਾਂ ਦੀ



Digitized by Panjab Digital Library | www.panjabdigilib.org

ਗਿਣਤੀ ਵਿਚ ਸਨ) ਦਾ ਜ਼ਿਕਰ ਕਰਦੇ ਤਾਂ ਫ਼ਰਮਾਉਂਦੇ ਕਿ ਉਨ੍ਹਾਂ ਦੇ ਸ਼ਾਗਿਰਦਾਂ ਵਿਚੋਂ ਸਭ ਤੋਂ ਵਧੇਰੇ ਕਾਮਯਾਬ ਦੀਵਾਨ ਸਿੰਘ ਹੈ ਅਤੇ ਉਸ ਦੀ ਫ਼ਤਹਿਯਾਬੀ ਤੇ ਉਹਨਾਂ ਨੂੰ ਮਾਣ ਹੈ।

## ਖ਼ਬਰਾਂ ਪ੍ਰਾਪਤ ਕਰਨ ਵਿਚ ਮੁਸ਼ਕਲਾਂ

ਰੋਜ਼ਾਨਾ ਅਖ਼ਬਾਰਾਂ ਨੂੰ ਹਰ ਰੋਜ਼ ਸੈਂਕੜੇ ਤਾਰਾਂ ਨੀਊਜ਼ ਏਜੰਸੀਆਂ ਤੋਂ ਮਿਲ ਜਾਂਦੀਆਂ ਹਨ ਅਤੇ ਇਹਨਾਂ ਖ਼ਬਰਾਂ ਲਈ ਪਬਲਿਕ ਨੂੰ ਰੋਜ਼ਾਨਾ ਅਖ਼ਬਾਰਾਂ ਪੜ੍ਹਨ ਦੀ ਲੋੜ ਪੈਂਦੀ ਹੈ, ਪਰ ਸਪਤਾਹਕ ਅਖ਼ਬਾਰਾਂ ਵਿਚ ਕਿਉਂਕਿ ਨਿਊਜ਼ ਏਜੰਸੀਆਂ ਦੀਆਂ ਤਾਰਾਂ ਨਹੀਂ ਹੁੰਦੀਆਂ ਇਸ ਲਈ ਜ਼ਰੂਰੀ ਹੈ ਕਿ ਉਹ ਆਪਣੇ ਪਾਠਕਾਂ ਲਈ ਅਜਿਹੀਆਂ ਖ਼ਬਰਾਂ ਪ੍ਰਕਾਸ਼ਤ ਕਰਨ, ਜਿਹੜੀਆਂ ਰੋਜ਼ਾਨਾ ਅਖ਼ਬਾਰਾਂ ਵਿਚ ਨਾ ਹੋਣ, ਤਾਕਿ ਰੋਜ਼ਾਨਾ ਅਖ਼ਬਾਰਾਂ ਦੇ ਪੜ੍ਹਨ ਵਾਲੇ ਵੀ ਇਹਨਾਂ ਸਪਤਾਹਕ ਅਖ਼ਬਾਰਾਂ ਨੂੰ ਖ਼ਰੀਦਣ ਕਿਉਂਕਿ ਜੇਕਰ ਰੋਜ਼ਾਨਾ ਅਖ਼ਬਾਰਾਂ ਤੋਂ ਕੁਝ ਵਖ ਮਸਾਲਾ ਸਪਤਾਹਕ ਅਖ਼ਬਾਰਾਂ ਵਿਚ ਨਾ ਦਿਤਾ ਜਾਵੇ ਤਾਂ ਫੇਰ ਕਿਸੇ ਨੂੰ ਸਪਤਾਹਕ ਅਖ਼ਬਾਰਾਂ ਮੁਲ ਲੈਣ ਦੀ ਕੀ ਲੋੜ ਹੈ। ਏਸੇ ਅਸੂਲ ਨੂੰ ਮੁਖ ਰਖਦਿਆਂ ਸਦਾ ਇਹ ਜਤਨ ਕੀਤਾ ਗਿਆ ਕਿ "ਰਿਆਸਤ" ਕਿਉਂਕਿ ਸਪਤਾਹਕ ਹੈ ਏਸ ਲਈ ਇਸ ਵਿਚ ਸਾਹਿਤਕ, ਇਤਿਹਾਸਕ ਅਤੇ ਮਨੋਰੰਜਨ ਦੇ ਮਸਾਲੇ ਬਿਨਾਂ ਅਜਿਹੀਆਂ ਖ਼ਬਰਾਂ ਵੀ ਦਿਤੀਆਂ ਜਾਣ ਜਿਹੜੀਆਂ ਰੋਜ਼ਾਨਾ ਅਖ਼ਬਾਰਾਂ ਵਿਚ ਨਾ ਹੋਣ।

ਇਕਨਾਂ ਵੇਲਿਆਂ 'ਚ "ਰਿਆਸਤ" ਦੀਆਂ ਖ਼ਬਰਾਂ ਲਈ ਦੂਜਿਆਂ ਸੱਜਣਾਂ ਤੋਂ ਬਿਨਾਂ ਸੁਰਗਵਾਸੀ ਮਿਸਟਰ ਕੇ. ਸੀ. ਰਾਏ ਮੈਨੇਜਿੰਗ ਡਾਇਰੈਕਟਰ ਐਸੋਸੀਏਟਿਡ ਪ੍ਰੈਸ ਆਫ਼ ਇੰਡੀਆ ਅਤੇ ਸੁਰਗਵਾਸੀ ਕਾਜ਼ੀ ਸਰ ਅਜ਼ੀਜ਼-ਉ-ਦੀਨ ਅਹਿਮਦ ਦੀਵਾਨ ਦੱਤੀਆ ਦੋ ਬੜੇ ਵਡੇ ਸੋਮੇ ਸਨ। ਲੇਖਕ ਦੇ ਸੁਰਗਵਾਸੀ ਮਿਸਟਰ ਰਾਏ ਨਾਲ ਬੜੇ ਡੂੰਘੇ ਮਿਤ੍ਰਾਨਾ ਸੰਬੰਧ ਸਨ। ਐਡੀਟਰ "ਰਿਆਸਤ" ਹਰ ਦੂਜੇ ਤੀਜੇ ਦਿਨ ਸ਼ਾਮ ਨੂੰ ਮਿਸਟਰ ਰਾਏ ਨੂੰ ਮਿਲਣ ਉਹਨਾਂ ਦੀ ਕੋਠੀ — ਜੋ ਐਂਡਰ ਹਿਲ ਲੇਨ ਤੇ ਸੀ — ਜਾਂਦਾ ਅਤੇ ਮਿਸਟਰ ਰਾਏ ਵੀ ਸਾਤੇ 'ਚ ਇਕ ਦੋ ਵਾਰ ਆਪਣੀ ਕੋਠੀਉਂ ਐਸੋਸੀਏਟਡ ਪ੍ਰੈਸ ਦੇ ਦਫ਼ਤਰ ਜਾਂਦਿਆਂ ਹੋਇਆਂ ਦਫ਼ਤਰ "ਰਿਆਸਤ" ਵਿਚ ਆਉਂਦੇ। ਮਿਸਟਰ ਰਾਏ ਉਰਦੂ ਨਹੀਂ ਸਨ ਜਾਣਦੇ, ਏਸ ਲਈ ਉਹਨਾਂ ਨੂੰ ਕੁਝ ਪਤਾ ਨਾ ਹੁੰਦਾ ਕਿ "ਰਿਆਸਤ" ਵਿਚ ਕੀ



Digitized by Panjab Digital Library | www.panjabdigilib.org

ਕੁਝ ਛਪਿਆ ਹੈ ਅਤੇ ਐਡੀਟਰ "ਰਿਆਸਤ" ਮਿਸਟਰ ਰਾਏ ਨੂੰ ਮਿਲਦੇ ਸਮੇਂ ਗਲਾਂ ਗਲਾਂ ਵਿਚ ਰਿਆਸਤਾਂ ਅਤੇ ਹਿੰਦ ਸਰਕਾਰ ਬਾਰੇ ਅਜਿਹੀਆਂ ਖ਼ਬਰਾਂ ਹਾਸਲ ਕਰ ਲੈਂਦਾ ਜਿਨ੍ਹਾਂ ਨੂੰ ਉਹ ਆਪਣੀ ਏਜੰਸੀ ਰਾਹੀਂ ਰੋਜ਼ਾਨਾ ਪਤ੍ਰਕਾਵਾਂ ਨੂੰ ਭੇਜਣਾ ਮੁਨਾਸਬ ਨਾ ਸਮਝਦੇ। ਇਹ ਖ਼ਬਰਾਂ "ਰਿਆਸਤ" ਦੇ ਮੁਖਲੇਖਾਂ ਵਿਚ ਬਣਾ ਸਵਾਰ ਕੇ ਛਾਪ ਦਿਤੀਆਂ ਜਾਂਦੀਆਂ। ਸ੍ਵਰਗਵਾਸੀ ਮਿਸਟਰ ਰਾਏ ਦਾ ਪ੍ਰਭਾਵ ਹਿੰਦ ਸਰਕਾਰ ਤੇ ਬਹੁਤ ਜ਼ਿਆਦਾ ਸੀ। ਕੋਈ ਸਰਕਾਰੀ ਮੈਂਬਰ ਜਾਂ ਸਕੱਤ੍ਰ ਅਜਿਹਾ ਨਹੀਂ ਸੀ ਜੋ ਰਾਜਨੀਤਕ ਮਾਮਲਿਆਂ 'ਚ ਮਿਸਟਰ ਰਾਏ ਨੂੰ ਗੁਰੂ ਨਾ ਸਮਝਦਾ ਹੋਵੇ। ਹਰ ਆਦਮੀ ਸਤਿਕਾਰ ਕਰਦਾ ਸੀ। ਵਾਇਸਰਾਏ ਹਾਊਸ ਵਿਚ ਜਦ ਕੋਈ ਅੜਚਨ ਪੈਂਦੀ ਤਾਂ ਮਿਸਟਰ ਰਾਏ ਨੂੰ ਸਲਾਹ ਲਈ ਸਦਿਆ ਜਾਂਦਾ ਅਤੇ ਕਈ ਦਿਨ ਤਾਂ ਅਜਿਹੇ ਵੀ ਹੁੰਦੇ ਜਦ ਮਿਸਟਰ ਰਾਏ ਸਲਾਹ ਮਸ਼ਵਰੇ ਲਈ ਵਾਇਸਰਾਏ ਨੂੰ ਕਈ ਕਈ ਵਾਰ ਮਿਲਦੇ। ਏਸ ਭੇਤ ਨੂੰ ਅਜ ਮਿਸਟਰ ਰਾਏ ਦੇ ਸ੍ਵਰਗਵਾਸ ਹੋ ਜਾਣ ਪਿਛੋਂ ਪ੍ਰਗਟ ਕੀਤਾ ਜਾਂਦਾ ਹੈ ਕਿ ਮੁਕੱਦਮਾ ਨਵਾਬ ਭੂਪਾਲ ਬਨਾਮ ਐਡੀਟਰ "ਰਿਆਸਤ" ਦੇ ਸੰਬੰਧ ਵਿਚ ਮਿਸਟਰ ਰਾਏ ਅਠ ਦਸ ਵਾਰ ਵਾਇਸਰਾਏ ਨੂੰ ਮਿਲੇ ਅਤੇ ਏਸ ਮੁਕੱਦਮੇ ਵਿਚ ਨਵਾਬ ਭੂਪਾਲ ਦੇ ਮੁਕਾਬਲੇ ਤੇ ਜਿਹੜੀਆਂ ਫ਼ਤਹਿਯਾਬੀਆਂ ਨਸੀਬ ਹੋਈਆਂ। ਉਹਨਾਂ ਵਿਚ ਬਹੁਤਾ ਭਾਗ ਸ੍ਵਰਗਵਾਸੀ ਮਿਸਟਰ ਰਾਏ ਦੇ ਅਸਰ ਅਤੇ ਉਹਨਾਂ ਦੀਆਂ ਕੋਸ਼ਸ਼ਾਂ ਦਾ ਸੀ।

ਮਿਸਟਰ ਰਾਏ ਦੀਆਂ ਮੁਲਾਕਾਤਾਂ ਅਤੇ ਮਿਤ੍ਰਤਾ ਤੋਂ "ਰਿਆਸਤ" ਲਈ ਖ਼ਬਰਾਂ ਹਾਸਲ ਕਰਦਿਆਂ ਇਕ ਲੰਮਾਂ ਸਮਾਂ ਲੰਘ ਗਿਆ। ਕਈ ਆਦਮੀਆਂ ਨੇ ਮਿਸਟਰ ਰਾਏ ਪਾਸ ਸ਼ਕੈਤ ਕੀਤੀ ਕਿ ਦੀਵਾਨ ਸਿੰਘ ਤੁਹਾਥੋਂ ਖ਼ਬਰਾਂ ਹਾਸਲ ਕਰਕੇ "ਰਿਆਸਤ" ਵਿਚ ਪ੍ਰਕਾਸ਼ਤ ਕਰਦਾ ਹੈ। ਮਿਸਟਰ ਰਾਏ ਨੇ ਨਾ ਕੇਵਲ ਇਹ ਕਿ ਇਹਨਾਂ ਸ਼ਕੈਤਾਂ ਦੀ ਹੀ ਕਦੇ ਕੋਈ ਪ੍ਰਵਾਹ ਕੀਤੀ ਸਗੋਂ ਉਹ ਐਡੀਟਰ "ਰਿਆਸਤ" ਦੇ ਬੜੇ ਪ੍ਰਸੰਸਕ ਸਨ ਅਤੇ ਉਸ ਨੂੰ ਸਚਿਆਂ ਅਰਥਾਂ ਵਿਚ ਜਰਨਲਿਸਟ ਸਮਝਦੇ ਸਨ ਕਿ ਇਹ ਗਲਾਂ ਗਲਾਂ ਵਿਚ ਹੀ ਖ਼ਬਰਾਂ ਹਾਸਲ ਕਰ ਲੈਂਦਾ ਹੈ। ਇਸ ਪ੍ਰਕਾਰ ਇਕ ਦਿਨ ਮਿਸਟਰ ਰਾਏ ਨੂੰ ਠਠਾ ਸੁਝਿਆ। ਐਡੀਟਰ "ਰਿਆਸਤ" ਜਦ ਆਪ ਨੂੰ ਮਿਲਣ ਗਿਆ ਤਾਂ ਆਪ ਨੇ ਆਪਣੇ ਇਕ ਐਸਿਸਟੈਂਟ — ਮੈਨੂੰ ਠੀਕ ਚੇਤੇ ਨਹੀਂ ਸ਼ਾਇਦ ਮਿ: ਸ੍ਰੀ ਕ੍ਰਿਸ਼ਨ ਸਨ — ਨੂੰ ਸੰਬੋਧਨ ਕਰਦਿਆਂ ਹੋਇਆਂ ਆਖਿਆ :

"ਅਮਰੀਕਾ ਤੋਂ ਜਿਹੜੀ ਖ਼ਬਰ ਮਹਾਰਾਜਾ ਇੰਦੌਰ ਦੀ ਅਮਰੀਕਨ ਵਹੁਟੀ



Digitized by Panjab Digital Library | www.panjabdigilib.org

ਦੇ ਤਲਾਕ ਬਾਰੇ ਆਈ ਹੈ ਉਹ ਹਾਲਾਂ ਅਖ਼ਬਾਰਾਂ ਨੂੰ ਨਾ ਭੇਜਣੀ। ਦੋ ਚਹੁੰ ਦਿਨਾਂ ਪਿਛੋਂ ਭੇਜੀ ਜਾਵੇ।"

ਏਸ ਹਦੈਤ ਨੂੰ ਦੇਂਦਿਆਂ ਹੋਇਆਂ ਮਿਸਟਰ ਰਾਏ ਨੇ ਐਡੀਟਰ "ਰਿਆਸਤ" ਵਲ ਵੇਖਿਆ ਤਕ ਨਾ। ਤਾਕਿ ਮੈਂ ਏਸ ਮਖ਼ੌਲ ਨੂੰ ਤਾੜ ਨਾ ਜਾਵਾਂ। ਮੁਲਾਕਾਤ ਪਿਛੋਂ ਮੈਂ ਦਫ਼ਤਰ "ਰਿਆਸਤ" ਪਹੁੰਚਿਆ। ਅਗਲੀ ਭਲਕ ਅਖ਼ਬਾਰ ਨਿਕਲਣਾ ਸੀ। ਏਸ "ਜ਼ਰੂਰੀ ਖ਼ਬਰ" ਬਾਰੇ ਝਟ ਨੋਟ ਲਿਖਿਆ।

"ਰਿਆਸਤ" ਦਾ ਪਰਚਾ ਛਪਣ ਪਿਛੋਂ ਦੂਜੇ ਦਿਨ ਐਡੀਟਰ "ਰਿਆਸਤ" ਮਿਸਟਰ ਰਾਏ ਨੂੰ ਮਿਲਣ ਗਿਆ ਤਾਂ ਇਸ ਤੋਂ ਪਹਿਲਾਂ ਮਿਸਟਰ ਰਾਏ ਨੂੰ ਉਹ ਪਰਚਾ ਉਹਨਾਂ ਦੇ ਐਸਿਸਟੈਂਟ ਵਿਖਾ ਚੁਕੇ ਸਨ। ਬੜਾ ਹਾਸਾ ਪਿਆ। ਇਸ ਤਰ੍ਹਾਂ ਐਡੀਟਰ "ਰਿਆਸਤ" ਨੂੰ ਦਸਿਆ ਗਿਆ ਕਿ ਖ਼ਬਰ ਇਕ ਸਾਜ਼ਸ਼ ਦਾ ਸਿੱਟਾ ਸੀ ਤਾਕਿ ਮਖ਼ੌਲ ਉਡਾਇਆ ਜਾਵੇ ਕਿਉਂਕਿ ਐਡੀਟਰ "ਰਿਆਸਤ" ਮਿਸਟਰ ਰਾਏ ਨੂੰ ਮਿਲਦੇ ਸਮੇਂ ਗਲਾਂ ਗਲਾਂ ਵਿਚ ਸਦਾ ਖ਼ਬਰਾਂ ਪ੍ਰਾਪਤ ਕਰ ਲੈਂਦਾ ਹੈ।

ਮਿਸਟਰ ਰਾਏ ਜਦ ਤਕ ਜੀਉਂਦੇ ਰਹੇ, ਉਹਨਾਂ ਰਾਹੀਂ "ਰਿਆਸਤ" ਲਈ ਕਾਫ਼ੀ ਅਤੇ ਬਹੁਤ ਚੰਗਾ ਖ਼ਬਰਾਂ ਦਾ ਮਸਾਲਾ ਮਿਲਦਾ ਰਿਹਾ। ਆਪ ਹਰ ਜਰਨਲਿਸਟ ਲਈ ਫ਼ਾਇਦੇਮੰਦ ਸਨ। ਕੋਈ ਦਿਨ ਅਜਿਹਾ ਨਾ ਜਾਂਦਾ ਜਦ ਉਹਨਾਂ ਦੇ ਘਰ ਚਾਹ ਜਾਂ ਡਿਨਰ ਵਿਚ ਕੁਝ ਜਰਨਲਿਸਟ ਅਤੇ ਗੌਰਨਮੈਂਟ ਆਫ਼ ਇੰਡੀਆ ਦੇ ਕੁਝ ਵਡੇ ਹਾਕਮ ਸ਼ਾਮਲ ਨਾ ਹੁੰਦੇ ਹੋਣ। ਕਿਹਾ ਮਜ਼ੇਦਾਰ ਜ਼ਮਾਨਾ ਸੀ। ਸ਼ੋਕ! ਦਿਲੀ ਦੇ ਜਰਨਲਿਸਟ ਸ੍ਵਰਗਵਾਸੀ ਮਿਸਟਰ ਰਾਏ ਦੇ ਪਿਆਰ, ਮਿਹਰਬਾਨੀ, ਹਮਦਰਦੀ ਅਤੇ ਮਦਦ ਤੋਂ ਸਦਾ ਲਈ ਵਾਂਜੇ ਗਏ ਅਤੇ ਦਿੱਲੀ ਦੇ ਜਰਨਲਿਸਟਾਂ ਦਾ ਘੇਰਾ ਆਪ ਦੀ ਮੌਤ ਤੋਂ ਹੁਣ ਤਕ ਇਕ ਯਤੀਮੀ ਅਨੁਭਵ ਕਰਦਾ ਹੈ।

"ਰਿਆਸਤ" ਲਈ ਖ਼ਬਰਾਂ ਪ੍ਰਾਪਤ ਕਰਨ ਦੇ ਸੰਬੰਧ ਵਿਚ ਬਹੁਤ ਸਾਰੀਆਂ ਘਟਨਾਵਾਂ ਹਦੋਂ ਪਰੇ ਸਵਾਦਲੀਆਂ ਹਨ। ਥਾਂ ਘਟ ਹੋਣ ਦੇ ਕਾਰਨ ਅਜ ਏਥੇ ਕੇਵਲ ਇਕ ਘਟਨਾ ਅੰਕਿਤ ਕੀਤੀ ਜਾਂਦੀ ਹੈ।

ਸ੍ਵਰਗਵਾਸੀ ਕਾਜ਼ੀ ਸਰ ਅਜ਼ੀਜ਼-ਉ-ਦੀਨ ਅਹਿਮਦ ਪ੍ਰਧਾਨ ਮੰਤ੍ਰੀ ਦਤੀਆ ਐਡੀਟਰ "ਰਿਆਸਤ" ਤੇ ਇਸ ਤਰ੍ਹਾਂ ਮਿਹਰਬਾਨੀਆਂ ਕਰਦੇ ਜਿਵੇਂ ਸਰਪ੍ਰਸਤ ਆਪਣੇ ਪਿਆਰਿਆਂ ਤੇ। ਆਪ ਮਹੀਨੇ ਵਿਚ ਇਕ ਅਧ ਵਾਰ ਦਿੱਲੀ ਜ਼ਰੂਰ ਆਉਂਦੇ। ਆਪ ਦਾ ਪ੍ਰਭਾਵ ਪੁਲੀਟੀਕਲ ਡੀਪਾਰਟਮੈਂਟ ਤੇ ਬਹੁਤ ਜ਼ਿਆਦਾ



Digitized by Panjab Digital Library | www.panjabdigilib.org

ਸੀ। ਹਰ ਅੰਗਰੇਜ਼ ਅਫ਼ਸਰ ਆਪ ਨੂੰ ਬਜ਼ੁਰਗ ਅਤੇ ਸ਼ੁਭਚਿੰਤਕ ਸਮਝਦਾ ਸੀ ਅਤੇ ਦਰਜਨਾਂ ਰਿਆਸਤਾਂ ਦੇ ਵਾਲੀ ਆਪ ਪਾਸੋਂ ਸਫ਼ਾਰਸ਼ਾਂ ਕਰਵਾਂਦੇ। ਆਪ ਜਦ ਵੀ ਦਿੱਲੀ ਤਸ਼ਰੀਫ਼ ਲਿਆਉਂਦੇ,ਸਟੇਸ਼ਨ ਤੇ ਉਤਰਦਿਆਂ ਹੀ ਇਨਕੁਆਇਰੀ ਆਫ਼ਿਸ ਤੋਂ ਐਡੀਟਰ "ਰਿਆਸਤ" ਨੂੰ ਟੈਲੀਫ਼ੂਨ ਕਰਦੇ ਕਿ ਆਪ ਪਹੁੰਚ ਗਏ ਹਨ। ਕਾਜ਼ੀ ਸਾਹਿਬ ਨੂੰ ਮਿਲਣ ਦਾ ਸਭ ਤੋਂ ਚੰਗਾ ਸਮਾਂ ਸਵੇਰੇ ਪੰਜ ਵਜੇ ਤੋਂ ਸਤ ਵਜੇ ਤਕ ਸੀ। ਆਪ ਤੜਕਸਾਰ ਚਾਰ ਵਜੇ ਜਾਗ ਪੈਂਦੇ। ਉਸ ਵੇਲੇ ਹੀ ਉਹਨਾਂ ਦੇ ਖ਼ਾਸ ਨਿਜੀ ਦੋਸਤ ਮਿਲਣ ਲਈ ਪਹੁੰਚ ਜਾਂਦੇ। ਗਲਾਂ ਕਰਦਿਆਂ ਦੰਦ ਸਾਫ਼ ਕਰਦੇ, ਹਜਾਮਤ ਬਣਵਾਉਂਦੇ — ਸੁਰਗਵਾਸੀ ਕਾਜ਼ੀ ਸਾਹਿਬ ਬਹੁਤ ਚਤੁਰ ਵਾਲੇ ਬਜ਼ੁਰਗ ਸਨ। ਦਿੱਲੀ ਵਿਚ ਆਪ ਦੀ ਹਜਾਮਤ ਲਈ ਸਾਲਾਂ ਬੱਧੀ ਉਹੋ ਨਾਈ ਆਉਂਦਾ ਰਿਹਾ ਜਿਸ ਨੇ ਕਿੰਗ ਜਾਰਜ, ਕਿੰਗ ਐਡਵਰਡ, ਦਰਜਨਾਂ ਵਾਇਸਰਾਵਾਂ, ਕਮਾਂਡਰ ਇਨਚੀਫ਼ਾਂ, ਇੰਤਜ਼ਾਮੀਆ ਕੌਂਸਲ ਦੇ ਮੈਂਬਰਾਂ ਅਤੇ ਕਿੰਗ ਹਬੀਬ ਉਲਾ ਆਫ਼ ਅਫ਼ਗਾਨਿਸਤਾਨ ਆਦਿ ਦੀ ਹਜਾਮਤ ਬਣਾਈ ਸੀ। ਮੈਨੂੰ ਯਾਦ ਹੈ ਏਸ ਨਾਈ ਨੂੰ ਕਾਜ਼ੀ ਸਾਹਿਬ ਹਰ ਰੋਜ਼ ਹਜਾਮਤ ਬਣਵਾਉਣ ਪਿਛੋਂ ਪੰਜ ਰੁਪਏ ਦਿਆ ਕਰਦੇ ਸਨ — ਹਥ ਮੂੰਹ ਧੋਂਦੇ, ਚਿਠੀਆਂ ਲਿਖਵਾਉਂਦੇ ਅਜੇ ਦੂਜੇ ਕੰਮ ਕਰਦੇ। ਐਡੀਟਰ "ਰਿਆਸਤ" ਦਾ ਨੇਮ ਸੀ ਕਿ ਜਦ ਤਕ ਕਾਜ਼ੀ ਸਾਹਿਬ ਦਿੱਲੀ ਵਿਚ ਡੇਰਾ ਰਖਦੇ, ਸਵੇਰੇ ਪੰਜ ਵਜੇ ਉਹਨਾਂ ਦੇ ਕਮਰੇ ਵਿਚ ਸੀਸਲ ਹੋਟਲ ਪਹੁੰਚ ਜਾਂਦਾ ਅਤੇ ਸਤ ਵਜੇ ਤਕ ਉਥੇ ਹੀ ਰਹਿੰਦਾ। ਫੇਰ ਸ਼ਾਮ ਨੂੰ ਕਦੀ ਕਦੀ ਪੰਜ ਛੇ ਵਜੇ ਆਪਣੀ ਕਾਰ ਵਿਚ ਕਾਜ਼ੀ ਸਾਹਿਬ ਨੂੰ ਸੈਰ ਕਰਾਉਣ ਨਵੀਂ ਦਿੱਲੀ ਆਦਿ ਲੈ ਜਾਂਦਾ। ਸਵੇਰੇ ਦੋ ਘੰਟਿਆਂ ਵਿਚ ਕਾਜ਼ੀ ਸਾਹਿਬ ਆਪਣੇ ਪਿਛਲੇ ਦਿਨ ਦਾ ਸਾਰਾ ਰੁਝੇਵਾਂ ਅਤੇ ਰਿਆਸਤਾਂ ਦੇ ਵਾਲੀਆਂ ਤੇ ਪੁਲੀਟੀਕਲ ਡੀਪਾਰਟਮੈਂਟ ਦੇ ਹਾਲ ਦਸਦੇ ਰਹਿੰਦੇ ਜੋ "ਰਿਆਸਤ" ਦੇ ਕਈ ਸਫ਼ਿਆਂ ਲਈ ਕਾਫ਼ੀ ਮਸਾਲਾ ਹੁੰਦਾ।

ਇਕ ਦਿਨ ਕਾਜ਼ੀ ਸਾਹਿਬ ਨੇ ਫ਼ਰਮਾਇਆ ਕਿ ਆਪ ਡਿਪਟੀ ਸਕੱਤ੍ਰ ਪੁਲੀਟੀਕਲ ਡੀਪਾਰਟਮੈਂਟ ਹਿੰਦ ਸਰਕਾਰ ਦੇ ਘਰ ਚਾਹ ਤੇ ਗਏ ਸਨ ਤਾਂ ਗਲਾਂ ਗਲਾਂ ਵਿਚ ਡਿਪਟੀ ਸਕੱਤ੍ਰ ਨੇ ਦਸਿਆ ਕਿ ਨਵਾਬ ਭੁਪਾਲ ਜਦ ਵਲਾਇਤ ਗਏ ਤਾਂ ਨਵਾਬ ਸਾਹਿਬ ਨੇ ਚਾਂਸਲਰ ਦੇ ਤੌਰ ਤੇ ਰਿਆਸਤਾਂ ਦੇ ਵਾਲੀਆਂ ਦੇ ਵਜ਼ੀਰ ਹਿੰਦ ਸਰ ਸੈਮੂਅਲ ਹੁਰ ਕੋਲ ਬੇਨਤੀ ਕੀਤੀ ਕਿ ਅਖ਼ਬਾਰ "ਰਿਆਸਤ" ਤੋਂ ਰਜਵਾੜਿਆਂ ਦੇ ਵਾਲੀ ਬਹੁਤ ਤੰਗ ਹਨ। ਜੇਕਰ ਸਾਧਾਰਨ ਕਾਨੂੰਨ ਅਖ਼ਬਾਰ "ਰਿਆਸਤ" ਦੇ ਖ਼ਿਲਾਫ਼ ਕੋਈ ਕਾਰਵਾਈ ਕਰਨ ਲਈ ਕਾਫ਼ੀ ਨਹੀਂ ਤਾਂ ਵਾਇਸਰਾਏ ਇਕ ਆਰਡੀਨੈਂਸ ਰਾਹੀਂ ਹੀ ਇਸ ਅਖ਼ਬਾਰ ਨੂੰ ਬੰਦ ਕਰ ਦੇਣ।



Digitized by Panjab Digital Library | www.panjabdigilib.org

ਸਰ ਸੈਮੂਅਲ ਹੂਰ ਨੇ ਵਾਇਸਰਾਏ ਨੂੰ ਲਿਖਿਆ ਕਿ ਨਵਾਬ ਭੂਪਾਲ ਦੀ ਇਹ ਇੱਛਾ ਹੈ, ਪਰ ਹਿੰਦ ਸਰਕਾਰ ਨੇ ਇਸ ਦੇ ਖ਼ਿਲਾਫ਼ ਰਾਏ ਦਿਤੀ ਅਤੇ ਵਜ਼ੀਰ ਹਿੰਦ ਨੂੰ ਲਿਖਿਆ ਕਿ ਨਵਾਬ ਭੂਪਾਲ ਅਤੇ ਐਡੀਟਰ"ਰਿਆਸਤ"ਦੇ ਜ਼ਾਤੀ ਝਗੜੇ ਹਨ ਸਰਕਾਰ ਨੂੰ ਇਹਨਾਂ ਵਿਚ ਦਖ਼ਲ ਦੇਣ ਦੀ ਲੋੜ ਨਹੀਂ। ਐਡੀਟਰ"ਰਿਆਸਤ" ਨੇ ਇਸ ਘਟਨਾ ਨੂੰ ਕਿ ਨਵਾਬ ਭੂਪਾਲ ਨੇ ਵਜ਼ੀਰ ਹਿੰਦ ਨੂੰ ਕੀ ਆਖਿਆ ਅਤੇ ਇਸਦਾ ਨਤੀਜਾ ਕੀ ਨਿਕਲਿਆ "ਰਿਆਸਤ" ਵਿਚ ਪ੍ਰਕਾਸ਼ਤ ਕਰ ਦਿਤਾ। ਏਸ ਖ਼ਬਰ ਦਾ ਛਪਣਾ ਸੀ ਕਿ ਭੂਪਾਲ ਦੇ ਘੇਰੇ ਵਿਚ ਤੜਥਲੀ ਮਚ ਗਈ। ਸੂਰਗਵਾਸੀ ਕਰਨਲ ਅਮੀਰ ਅਹਿਮਦ ਫ਼ੌਜੀ ਸਕੱਤ੍ਰ ਨਵਾਬ ਭੂਪਾਲ ਦਿੱਲੀ ਆਏ ਅਤੇ ਸਰ ਚਾਰਲਸ ਵਾਟਸਨ ਪੁਲੀਟੀਕਲ ਸਕੱਤਰ ਨੂੰ ਮਿਲੇ। ਏਸ ਭੇਤ ਦੀ ਖ਼ਬਰ ਦੇ ਪ੍ਰਕਾਸ਼ਤ ਹੋਣ ਦੇ ਖ਼ਿਲਾਫ਼ ਸਖ਼ਤ ਪ੍ਰੋਟੈਸਟ ਕੀਤਾ। ਨਤੀਜਾ ਇਹ ਹੋਇਆ ਕਿ ਸਰਕਾਰ ਹਿੰਦ ਨੇ ਦਿੱਲੀ ਸਰਕਾਰ ਨੂੰ ਲਿਖਿਆ ਕਿ ਐਡੀਟਰ "ਰਿਆਸਤ" ਦੇ ਖ਼ਿਲਾਫ਼ ਆਫ਼ੀਸ਼ਲ ਸੀਕਰਟ ਐਕਟ – ਕਾਨੂੰਨ ਰਾਜ਼ਦਾਰੀ – ਹੇਠ ਮੁਕੱਦਮਾ ਚਲਾਇਆ ਜਾਵੇ। ਉਹਨਾਂ ਸਮਿਆਂ 'ਚ ਦਿੱਲੀ ਦੇ ਚੀਫ਼ ਕਮਿਸ਼ਨਰ ਸਰ ਜਾਨ ਥਾਂਪਸਨ ਸਨ। ਆਪ ਪੰਜ ਸਾਲ ਤਕ ਪੁਲੀਟੀਕਲ ਸਕੱਤ੍ਰ ਹਿੰਦ ਰਹਿ ਚੁਕੇ ਸਨ ਅਤੇ ਸਭ ਰਿਆਸਤਾਂ ਦੇ ਰਾਜਿਆਂ ਦੇ ਕਚਿਆਂ ਚਿਠਿਆਂ ਤੋਂ ਚੰਗੀ ਤਰ੍ਹਾਂ ਵਾਕਫ਼ ਹੋਣ ਦੇ ਨਾਲ "ਰਿਆਸਤ" ਦੇ ਬੜੇ ਹਿਤ ਸਨ। ਆਪ ਨੇ ਸਰਕਾਰ ਹਿੰਦ ਨੂੰ ਜੁਆਬ ਦਿਤਾ ਕਿ ਇਹ ਏਨਾਂ ਜ਼ਰੂਰੀ ਮੁਆਮਲਾ ਨਹੀਂ ਕਿ ਐਡੀਟਰ "ਰਿਆਸਤ" ਦੇ ਖ਼ਿਲਾਫ਼ ਮੁਕੱਦਮਾ ਚਲਾਇਆ ਜਾਵੇ। ਸਿਰਫ਼ ਚਿਤਾਵਨੀ ਕਾਫ਼ੀ ਹੋਵੇਗੀ। ਇਸ ਤਰ੍ਹਾਂ ਚਿਤਾਵਨੀ ਭਾਵ ਵਾਰਨਿੰਗ ਦੇ ਲਈ ਆਪ ਨੇ ਡਿਪਟੀ ਕਮਿਸ਼ਨਰ ਨੂੰ ਹਦੈਤ ਕੀਤੀ। ਡਿਪਟੀ ਕਮਿਸ਼ਨਰ ਦਾ ਹੁਕਮ ਐਡੀਟਰ "ਰਿਆਸਤ" ਦੇ ਪਾਸ ਪਹੁੰਚਾ ਕਿ ਅਮਕੀ ਤਾਰੀਖ਼ ਅਮਕੇ ਸਮੇਂ ਡਿਪਟੀ ਕਮਿਸ਼ਨਰ ਦੀ ਕੋਠੀ ਪਹੁੰਚੋ। ਐਡੀਟਰ "ਰਿਆਸਤ" ਜਦ ਉਥੇ ਗਿਆ ਤਾਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਖ਼ਬਰ ਝੂਠੀ ਹੈ ਇਸ ਲਈ ਆਪ ਨੂੰ ਵਾਰਨਿੰਗ ਦਿਤੀ ਜਾਂਦੀ ਹੈ ਕਿ ਅਗੇ ਤੋਂ ਅਜਿਹੀ ਖ਼ਬਰ ਨਹੀਂ ਛਾਪਣੀ। ਐਡੀਟਰ "ਰਿਆਸਤ" ਨੇ ਜੁਆਬ ਦਿਤਾ ਕਿ ਖ਼ਬਰ ਤਾਂ ਬਿਲਕੁਲ ਸੱਚੀ ਹੈ ਹਾਂ ਵਾਰਨਿੰਗ ਦੇਣਾ ਤੁਹਾਡਾ ਫ਼ਰਜ਼ ਹੈ। ਇਸ ਪ੍ਰਕਾਰ ਇਸ ਵਾਰਨਿੰਗ ਨਾਲ ਇਹ ਮੁਕੱਦਮਾ ਖ਼ਤਮ ਹੋਇਆ।

ਇਹਨਾਂ ਉਪਰਲੀਆਂ ਦੋ ਘਟਨਾਵਾਂ ਤੋਂ ਅੰਦਾਜ਼ਾ ਹੋ ਸਕਦਾ ਹੈ ਕਿ ਇਕ ਜਰਨਲਿਸਟ ਲਈ ਖ਼ਬਰਾਂ ਹਾਸਲ ਕਰਨੀਆਂ ਕਿੰਨਾ ਮੁਸ਼ਕਲ ਕੰਮ ਹੈ। ਕੋਈ ਖ਼ਬਰ ਹਾਸਲ ਕੀਤੀ ਜਾਵੇ ਤੇ ਉਸ ਨੂੰ ਪ੍ਰਕਾਸ਼ਤ ਨਾ ਕਰਨਾ ਅਤੇ ਸਬਰ ਨਾਲ



Digitized by Panjab Digital Library | www.panjabdigilib.org

ਉਸ ਨੂੰ ਆਪਣੇ ਦਿਮਾਗ਼ ਵਿਚ ਸੰਭਾਲੀ ਰਖਣਾ ਇਕ ਅਖ਼ਬਾਰ ਨਵੀਸ ਲਈ ਕਿੰਨੀ ਤਕਲੀਫ਼ ਦਾ ਕਾਰਨ ਹੈ ਅਤੇ ਖ਼ਬਰਾਂ ਛਪਣ ਪਿਛੋਂ ਕਿਵੇਂ ਮੁਕੱਦਮੇ ਚਲਾਏ ਜਾਂਦੇ ਹਨ।

## ਕੰਮ ਕਰੋ ਰੁਪਏ ਦੀ ਘਾਟ ਨਹੀਂ

ਕਈ ਲੀਡਰ ਅਤੇ ਅਖ਼ਬਾਰ-ਨਵੀਸ ਜੀਵਨ ਭਰ ਰੋਂਦੇ ਰਹੇ ਅਤੇ ਜਨਤਾ ਉਤੇ ਬੇਕਦਰੀ ਦਾ ਦੂਸ਼ਨ ਥਪ ਸਦਾ ਚੀਕਦੇ ਰਹੇ ਕਿ ਰੁਪਿਆ ਨਹੀਂ, ਕੰਮ ਕਿਵੇਂ ਕਰਨ, ਪਰ ਲੇਖਕ ਦਾ ਕੇਵਲ ਆਪਣੀ ਜ਼ਾਤ ਸੰਬੰਧੀ ਹੀ ਨਹੀਂ ਸਗੋਂ ਦੂਜੇ ਸਾਰੇ ਲੀਡਰਾਂ ਅਤੇ ਅਖ਼ਬਾਰ ਨਵੀਸਾਂ ਬਾਰੇ ਵੀ ਇਹ ਤਜਰਬਾ ਹੈ ਕਿ ਜੇਕਰ ਪਿਆਰ ਅਤੇ ਈਮਾਨਦਾਰੀ ਨਾਲ ਕੰਮ ਕੀਤਾ ਜਾਵੇ ਤਾਂ ਜਨਤਾ ਰੁਪਏ ਦੀਆਂ ਥੈਲੀਆਂ ਅਤੇ ਚੇਹਰਾ ਸ਼ਾਹੀ ਨੋਟਾਂ ਦੇ ਬੰਡਲ ਲੈ ਕੇ ਕੰਮ ਕਰਨ ਵਾਲਿਆਂ ਕੋਲ ਬੇਨਤੀਆਂ ਕਰਦੀ ਹੈ ਕਿ ਪ੍ਰਵਾਨ ਕਰ ਲਓ, ਪ੍ਰੰਤੂ ਜੇਕਰ ਕੋਈ ਲੀਡਰ ਜਾਂ ਅਖ਼ਬਾਰ ਨਵੀਸ ਮਤਲਬੀ ਹੋਵੇ ਤਾਂ ਉਹ ਰੁਪਏ ਦੇ ਪਿਛੇ ਮਾਰਿਆ ਮਾਰਿਆ ਫਿਰਦਾ ਹੈ, ਪਰ ਉਸ ਨੂੰ ਰੋਟੀ ਦਾ ਇਕ ਟੁਕੜਾ ਵੀ ਪ੍ਰਾਪਤ ਨਹੀਂ ਹੁੰਦਾ। ਤੁਸੀਂ ਵੇਖੋ ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ, ਮਿਸਟਰ ਜਿਨਾਹ, ਮਾਸਟਰ ਤਾਰਾ ਸਿੰਘ ਜਾਂ ਦੂਜੇ ਬੇ-ਗ਼ਰਜ਼ ਕੰਮ ਕਰਨ ਵਾਲਿਆਂ ਨੂੰ ਜਨਤਾ ਲਈ ਕੰਮ ਕਰਦਿਆਂ ਕਦੇ ਰੁਪਏ ਦੀ ਥੋੜ ਪਈ? ਅਤੇ ਜੇਕਰ ਕਦੇ ਉਹਨਾਂ ਨੇ ਹਥ ਟਡਿਆ ਵੀ ਤਾਂ ਕੀ ਲੱਖਾਂ ਅਤੇ ਕਰੋੜਾਂ ਰੁਪਿਆ ਉਹਨਾਂ ਕੋਲ ਨਹੀਂ ਪਹੁੰਚ ਗਿਆ। ਇਹਨਾਂ ਲੀਡਰਾਂ ਦੀ ਗਲ ਛਡੋ ਮੌਲਾਨਾ ਜ਼ਫ਼ਰ ਅਲੀ ਖ਼ਾਨ ਵਰਗੇ ਅਖ਼ਬਾਰ ਨਵੀਸਾਂ ਨੂੰ ਲਓ, ਜਿਨ੍ਹਾਂ ਨੂੰ ਸ਼ੁਰੂ ਸ਼ੁਰੂ ਵਿਚ ਜਨਤਾ ਨੇ ਕਿੰਨਾ ਰੁਪਿਆ ਜ਼ਮਾਨਤਾਂ ਲਈ ਦਿਤਾ। ਸਾਡਾ ਇਹ ਕੁਝ ਲਿਖਣ ਦਾ ਭਾਵ ਇਹ ਹੈ ਕਿ ਜੇਕਰ ਕੰਮ ਕਰਨ ਵਾਲੇ ਆਦਮੀ ਆਪਣੀਆਂ ਨਿੱਜੀ ਇੱਛਾਆਂ ਤੋਂ ਉਚਿਆਂ ਰਹਿ ਕੇ ਤਨੋਂ ਮਨੋਂ ਹੋ ਕੇ ਜਨਤਾ ਦਾ ਕੰਮ ਕਰਨ ਤਾਂ ਇਹਨਾਂ ਨੂੰ ਰੁਪਏ ਦੀ ਕਦੇ ਵੀ ਘਾਟ ਨਹੀਂ ਹੁੰਦੀ, ਪਰ ਜੇਕਰ ਮਤਲਬ ਪਬਲਿਕ ਰੁਪਏ ਤੋਂ ਨਿੱਜੀ ਜਾਇਦਾਦਾਂ ਬਣਾਉਣਾ ਹੋਵੇ ਤਾਂ ਫੇਰ ਜਨਤਾ ਤੋਂ ਰੁਪਏ ਦੀ ਆਸ ਕਰਨੀ ਨਿਆਂ ਵਿਰੁਧ ਹੈ। ਜਨਤਾ ਰੁਪਿਆ ਕਿਉਂ ਦੇਵੇ?

"ਰਿਆਸਤ" ਜਦ ਚਾਲੂ ਕੀਤਾ ਗਿਆ ਤਾਂ ਐਡੀਟਰ "ਰਿਆਸਤ" ਦੇ ਕੋਲ ਪੂੰਜੀ ਕੇਵਲ ਡੇਢ ਹਜ਼ਾਰ ਰੁਪਿਆ ਸੀ ਅਤੇ ਇਹ ਡੇਢ ਹਜ਼ਾਰ ਰੁਪਿਆ ਵੀ



Digitized by Panjab Digital Library | www.panjabdigilib.org

ਸ੍ਵਰਗਵਾਸੀ ਸਰਦਾਰ ਕੇਸਰ ਸਿੰਘ ਕਲਸੀ ਠੇਕੇਦਾਰ ਦੀ ਰਾਹੀਂ ਅੰਬਾਲਾ ਛਾਉਣੀ ਦੇ ਇਕ ਬਾਣੀਏ ਪਾਸ ਗਹਿਣੇ ਰਖ ਕੇ ਕਰਜ਼ ਲਿਆ ਗਿਆ ਸੀ । ਇਹ ਪੰਦਰਾਂ ਸੌ ਰੁਪਿਆ ਤਾਂ ਸ਼ਾਇਦ ਤਿੰਨਾਂ ਮਹੀਨਿਆਂ ਦੇ ਅੰਦਰ ਖ਼ਰਚ ਹੋ ਗਿਆ । ਇਸ ਪਿਛੋਂ ਕਈ ਵਾਰ ਆਰਥਕ ਸੰਕਟ ਸਨਮੁਖ ਆਏ ਅਤੇ ਇਹਨਾਂ ਸੰਕਟਾਂ ਦਾ ਕਾਰਨ ਬੇਦਰਦੀ ਨਾਲ ਖ਼ਰਚ ਕਰਨਾ ਸੀ ਕਿਉਂਕਿ ਐਡੀਟਰ "ਰਿਆਸਤ" ਆਪਣੇ ਸੁਭਾਅ ਤੋਂ ਬੇਵਸ ਹੈ, ਨਹੀਂ ਤਾਂ ਸਚਾਈ ਇਹ ਹੈ ਕਿ "ਰਿਆਸਤ" ਨੂੰ ਅਜ ਤਕ ਨਾ ਕਦੇ ਰੁਪਏ ਦੀ ਘਾਟ ਪ੍ਰਤੀਤ ਹੋਈ ਅਤੇ ਨਾ ਰੁਪਿਆ ਦੇਣ ਵਾਲੇ ਕਦਰਦਾਨਾਂ ਦੀ ।

ਕਈ ਵਰ੍ਹਿਆਂ ਦੀ ਗਲ ਹੈ "ਰਿਆਸਤ" ਨੂੰ ਚਾਲੂ ਹੋਇਆਂ ਸ਼ਾਇਦ ਚਾਰ ਕੁ ਮਹੀਨੇ ਹੋਏ ਹੋਣਗੇ । ਦਫ਼ਤਰ "ਰਿਆਸਤ" ਜਾਮਾ ਮਸਜਿਦ ਦੇ ਬਿਲਕੁਲ ਸਾਹਮਣੇ ਮੱਛਲੀ ਵਾਲਾਂ ਬਾਜ਼ਾਰ ਦੀ ਇਕ ਬਿਲਡਿੰਗ ਵਿਚ ਸੀ । ਦੁਪਹਿਰ ਦਾ ਵੇਲਾ ਸੀ । ਇਕ ਬੜੇ ਰੋਅਬ-ਦਾਬ ਵਾਲੇ ਮੁਸਲਮਾਨ ਸੂਟ ਪਾਈ ਤਸ਼ਰੀਫ਼ ਲਿਆਏ । ਇਹਨਾਂ ਨਾਲ ਦੋ ਨੌਕਰ ਵੀ ਸਨ । ਐਡੀਟਰ "ਰਿਆਸਤ" ਨੇ ਸਮਝਿਆ ਕਿ ਸ਼ਾਇਦ ਪੁਲੀਸ ਦੇ ਕੋਈ ਅਫ਼ਸਰ ਹਨ ਅਤੇ ਵਾਰੰਟ ਲੈ ਕੇ ਆਏ ਹਨ । ਆਪ ਨੇ ਆਉਂਦਿਆਂ ਹੀ ਪੁਛਿਆ ਕਿ ਸਰਦਾਰ ਦੀਵਾਨ ਸਿੰਘ ਕਿਥੇ ਹਨ ? ਲੇਖਕ ਨੇ ਜੁਆਬ ਦਿਤਾ, "ਫ਼ਰਮਾਓ ਮੈਂ ਹੀ ਦੀਵਾਨ ਸਿੰਘ ਹਾਂ ।" ਮੇਰੇ ਕੋਲ ਕਾਤਬ ਅਤੇ ਦਫ਼ਤਰ ਦੇ ਸਟਾਫ਼ ਦੇ ਦੂਜੇ ਆਦਮੀ ਬੈਠੇ ਹੋਏ ਸਨ । ਆਪ ਨੇ ਫ਼ਰਮਾਇਆ ਕਿ ਵਖਰਿਆਂ ਹੋ ਕੇ ਗਲ ਕਰਨੀ ਚਾਹੁੰਦਾ ਹਾਂ । ਦਫ਼ਤਰ ਦਾ ਇਕੋ ਹੀ ਵਡਾ ਕਮਰਾ ਸੀ ਮੈਂ ਉਹਨਾਂ ਨੂੰ ਬਰਾਂਡੇ ਵਿਚ ਲੈ ਗਿਆ । ਓਥੇ ਅਸੀਂ ਖਲੋਤੇ ਹੀ ਸਾਂ ਕਿ ਆਪ ਨੇ ਆਪਣੇ ਖੀਸੇ 'ਚੋਂ ਇਕ ਬੰਦ ਲਫ਼ਾਫ਼ਾ ਕਢ ਕੇ ਮੈਨੂੰ ਦਿਤਾ ਅਤੇ ਆਖਿਆ :

"ਮੈਂ ਤੁਹਾਡੇ ਅਖ਼ਬਾਰ ਦਾ ਇਕ ਸਨੇਹੀ ਹਾਂ, ਇਹ ਲਿਫ਼ਾਫ਼ਾ ਤੁਹਾਡੇ ਅਖ਼ਬਾਰ ਦੀ ਮਦਦ ਲਈ ਹੈ ।"

ਮੈਂ ਪੁਛਿਆ ਕਿ ਤੁਸੀਂ ਕੌਣ ਹੋ ਅਤੇ ਦਿੱਲੀ ਕਿਵੇਂ ਆਉਣਾ ਹੋਇਆ, ਪਰ ਉਹਨਾਂ ਨੇ ਦਸਣ ਤੋਂ ਉਕਾ ਨਾਂਹ ਕਰ ਦਿਤੀ ਅਤੇ ਚਲੇ ਗਏ । ਏਸ ਘਟਨਾ ਤੋਂ ਇਕ ਵਰ੍ਹਾ ਪਿਛੋਂ ਪਤਾ ਲਗਾ ਕਿ ਆਪ ਯੂ. ਪੀ. ਦੇ ਇਕ ਖਾਨ ਬਹਾਦਰ ਅਤੇ ਡਿਪਟੀ ਕਲਕਟਰ ਪੈਨਸ਼ਨਰ ਸਨ ।

ਐਡੀਟਰ "ਰਿਆਸਤ" ਤੇ ਨੋਟਾਂ ਦਾ ਕੇਸ ਚਲ ਰਿਹਾ ਸੀ । ਲਾਹੌਰ ਤੋਂ ਇਕ ਖ਼ਤ ਪਹੁੰਚਿਆ ਜੋ ਇਕ ਮੁਸਲਮਾਨ ਨੌਜਵਾਨ ਦਾ ਸੀ । ਇਸ ਵਿਚ ਲਿਖਿਆ ਸੀ ਕਿ ਜੇਕਰ ਮਾਯਾ ਦੀ ਲੋੜ ਹੈ ਤਾਂ ਲਿਖੋ ਕਿੰਨਾ ਰੁਪਿਆ ਚਾਹੀਦੈ ।



Digitized by Panjab Digital Library | www.panjabdigilib.org

ਮੇਰਾ ਖ਼ਿਆਲ ਹੈ, ਉਸ ਵੇਲੇ ਤਾਂ ਮੈਂ ਈ ਉਤਰ ਨਹੀਂ ਦਿਤਾ ਸੀ। ਉਸ ਪਿਛੋਂ ਜਦ "ਰਿਆਸਤ" ਨੂੰ ਮੁੜ ਚਾਲੂ ਕਰਨ ਦਾ ਇੰਤਜ਼ਾਮ ਹੋ ਰਿਹਾ ਸੀ ਅਤੇ ਉਗੜ ਦੁਗੜ ਪਏ ਕਾਗਜ਼ਾਂ ਨੂੰ ਠੀਕ ਕਰ ਰਿਹਾ ਸਾਂ ਕਿ ਇਹ ਖਤ ਨਜ਼ਰੀਂ ਪਿਆ। ਉਹਨਾਂ ਨੂੰ ਲਿਖਿਆ ਕਿ ਤੁਸੀਂ ਕਿਹੜੇ ਸਜਨ ਹੋ ਅਤੇ ਤੁਹਾਡੇ ਲਿਖਣ ਦਾ ਭਾਵ ਕੀ ਹੈ ? ਤਾਂ ਪਤਾ ਲਗਾ ਕਿ ਆਪ ਦਾ ਨਾਂ ਸ਼ੇਖ ਮੁਹੰਮਦ ਉਮਰ ਹੈ। ਲਾਹੌਰ ਵਿਚ ਚਮੜੇ ਦਾ ਕਾਰੋਬਾਰ ਕਰਦੇ ਹਨ ਅਤੇ "ਰਿਆਸਤ" ਦੇ ਪੁਰਾਣੇ ਸਨੇਹੀ ਹਨ। ਇਸ ਪ੍ਰਕਾਰ ਜਦ ਆਪ ਨੂੰ ਪਤਾ ਲਗਾ ਕਿ "ਰਿਆਸਤ" ਮੁੜ ਚਾਲੂ ਹੋਣ ਵਾਲਾ ਹੈ ਤਾਂ ਆਪ ਨੇ ਇੰਪੀਰੀਅਲ ਬੈਂਕ ਦਾ ਇਕ ਡਰਾਫ਼ਟ ਭੇਜਿਆ ਜਿਹੜਾ ਕਿ ਚੋਖੀ ਰਕਮ ਦਾ ਸੀ। ਮੈਂ ਉਹਨਾਂ ਸਜਨਾਂ ਨੂੰ ਅਜ ਤਕ ਨਾ ਕਦੇ ਮਿਲਿਆ ਹਾਂ ਅਤੇ ਨਾ ਉਹਨਾਂ ਨੂੰ ਜਾਣਦਾ ਹਾਂ। ਉਹਨਾਂ ਦੇ ਖ਼ਤ ਤੋਂ ਪਤਾ ਲਗਾ ਕਿ ਉਹ ਆਪ, ਉਹਨਾਂ ਦੇ ਮਾਤਾ ਜੀ ਅਤੇ ਉਹਨਾਂ ਦੇ ਘਰ ਦੇ ਦੂਜੇ ਜੀਅ ਸਭ "ਰਿਆਸਤ" ਦੇ ਸਨੇਹੀ ਹਨ।

ਨੋਟਾਂ ਦਾ ਕੇਸ ਚਲ ਰਿਹਾ ਸੀ। ਰੇਲਵੇ ਸਟੇਸ਼ਨ ਤੇ ਇਕ ਮਿਤਰ ਮਿਲੇ। ਉਹਨਾਂ ਨੇ ਦਸਿਆ ਕਿ ਸਰਕਾਰ ਹਿੰਦ ਦੇ ਅਮਕੇ ਵਡੇ ਅਫ਼ਸਰ, ਜੋ ਖ਼ਿਤਾਬ ਧਾਰੀ ਸਰ ਹਨ, ਮਿਲਣਾ ਚਾਹੁੰਦੇ ਹਨ। ਮੈਂ ਦੂਜੇ ਜਾਂ ਤੀਜੇ ਦਿਨ ਉਹਨਾਂ ਨੂੰ ਮਿਲਣ ਗਿਆ। ਕੇਸ ਦਾ ਹਾਲ ਪੁਛਦੇ ਰਹੇ ਅਤੇ ਗਲਾਂ ਹੁੰਦੀਆਂ ਰਹੀਆਂ। ਜਦ ਤੁਰਨ ਲਗਾ ਤਾਂ ਆਪ ਨੇ ਇਕ ਬੰਦ ਲਿਫ਼ਾਫ਼ਾ ਦਿਤਾ ਅਤੇ ਕਿਹਾ ਕਿ ਕੇਸ ਦੇ ਕਾਰਨ ਰੁਪਿਆ ਬਹੁਤ ਖ਼ਰਚ ਹੋ ਰਿਹਾ ਹੋਵੇਗਾ। ਇਹ ਦੋਸਤਾਨਾ ਭੇਟ ਹੈ। ਮੈਂ ਘੜੀ ਮੁੜੀ ਨਾਂਹ ਕਰਦਾ ਰਿਹਾ, ਪਰ ਆਪ ਨਾ ਮੰਨੇ। ਆਖ਼ਰ ਆਪ ਨੇ ਆਖਿਆ ਕਿ ਜੇਕਰ ਨਾ ਲਓਗੇ ਤਾਂ ਬਹੁਤ ਦੁਖ ਹੋਵੇਗਾ। ਇਹ ਕਹਿੰਦਿਆਂ ਹੋਇਆਂ ਆਪ ਨੇ ਲਿਫ਼ਾਫ਼ਾ ਮੇਰੇ ਕੋਟ ਦੀ ਜੇਬ ਵਿਚ ਬਦੋ ਬਦੀ ਪਾ ਦਿਤਾ।

ਸਤੰਬਰ ੧੯੪੩ ਵਿਚ ਜੇਲ੍ਹ ਤੋਂ ਰਿਹਾ ਹੋ ਕੇ ਆਇਆ ਅਤੇ ਅਖ਼ਬਾਰ ਚਾਲੂ ਕਰਨ ਦੀ ਕੋਸ਼ਸ਼ ਵਿਚ ਸਾਂ। ਦਰਯਾ ਗੰਜ ਇਕ ਜਰਨਲਿਸਟ ਮਿਤਰ ਨੂੰ ਮਿਲਣ ਗਿਆ ਤਾਂ ਆਪ ਨੇ ਜਿਹੜੇ ਅਖਰ ਕਹੇ ਉਹਨਾਂ ਨੂੰ ਮੈਂ ਸ਼ਾਇਦ ਅਗਲੇ ਜੀਵਨ ਵਿਚ ਵੀ ਕਦੇ ਭੁਲ ਨਹੀਂ ਸਕਾਂਗਾ। ਆਪ ਨੇ ਫ਼ਰਮਾਇਆ :

"ਪਿਛਲੇ ਸਮਿਆਂ 'ਚ ਇਕ ਮਹਾਨ ਯਗ ਹੋਇਆ। ਜਿਸ ਵਿਚ ਲੱਖਾਂ ਜਾਂ ਕਰੋੜਾਂ ਰੁਪਏ ਖ਼ਰਚ ਹੋਏ। ਇਕ ਚਿੜੀ ਆਪਣੀ ਚੁੰਝ ਵਿਚ ਇਕ ਚੌਲਾਂ ਦਾ ਦਾਣਾ ਲੈ ਆਈ ਅਤੇ ਉਸ ਯਗ ਵਿਚ ਪਾ ਦਿਤਾ ਤਾਕਿ ਉਹ ਯਗ ਦੀ ਸੇਵਾ ਅਤੇ ਨੇਕੀ ਤੋਂ ਸਖਣੀ ਨਾ ਰਹਿ ਜਾਏ। "ਰਿਆਸਤ" ਦਾ ਮੁੜ ਚਾਲੂ ਹੋਣਾ ਵੀ ਇਕ ਯਗ ਹੈ, ਏਸ ਲਈ ਮੇਰੀ ਬੇਨਤੀ ਹੈ ਕਿ ਇਸ ਲਈ ਐਹ



Digitized by Panjab Digital Library | www.panjabdigilib.org

ਰਕਮ ਪ੍ਰਵਾਨ ਕਰ ਲਓ।"

ਸਚੀ ਮਿਤ੍ਰਤਾ ਅਤੇ ਪਿਆਰ ਦੇ ਇਹਨਾਂ ਅੱਖਰਾਂ ਨੂੰ ਸੁਣ ਕੇ ਮੇਰੇ ਤੇ ਇਕ ਅਕਹਿ ਜਿਹੀ ਹਾਲਤ ਛਾ ਗਈ। ਮੈਂ ਕਿਹਾ ਕਿ ਇਹਨਾਂ ਸ਼ਬਦਾਂ ਦਾ ਮੁਲ ਕਰੋੜਾਂ ਰੁਪਏ ਤੋਂ ਵੀ ਕਿਤੇ ਵਧ ਹੈ। ਮੈਂ ਰੁਪਿਆ ਨਹੀਂ ਲੈਂਦਾ। ਆਪ ਨੇ ਘੜੀ ਮੁੜੀ ਜ਼ੋਰ ਦਿਤਾ ਅਤੇ ਮੈਂ ਨਾਂਹ ਕਰੀ ਗਿਆ ਤੇ ਉਥੋਂ ਤੁਰ ਆਇਆ। ਆਪ ਫੇਰ ਵੀ ਨਾ ਰਹਿ ਸਕੇ ਅਤੇ ਆਪ ਨੇ ਆਪਣੇ ਦਫ਼ਤ੍ਰ ਦੇ ਇਕ ਆਦਮੀ ਹੱਥ ਚੈੱਕ ਭੇਜ ਦਿਤਾ।

ਮੇਰੇ ਜੀਵਨ ਵਿਚ ਇਸ ਪ੍ਰਕਾਰ ਦੀਆਂ ਦੋ ਚਾਰ, ਦਸ ਵੀਹ ਨਹੀਂ ਸੈਆਂ ਘਟਨਾਵਾਂ ਹਨ ਕਿ ਦੋਸਤਾਂ ਤੇ ਹਿਤੂਆਂ ਨੇ ਭਾਵੇਂ ਉਹਨਾਂ ਨੂੰ ਕਦੇ ਮਿਲਿਆ ਹਾਂ ਜਾਂ ਨਹੀਂ ਵਿਸ਼ਾਲ ਹਿਰਦੇ ਨਾਲ "ਰਿਆਸਤ" ਦੀ ਸਹਾਇਤਾ ਕੀਤੀ। ਇਸ ਤਰ੍ਹਾਂ ਇਹ ਅਸਲੀਅਤ ਹੈ ਕਿ ਜਦ ਵੀ ਜੇਲ੍ਹ ਤੋਂ ਬਾਹਰ ਆਇਆ ਤਾਂ ਸੋਚਿਆ ਕਿ ਅਖ਼ਬਾਰ ਨੂੰ ਮੁੜ ਚਾਲੂ ਕਰਨ ਲਈ ਰੁਪਏ ਦੀ ਲੋੜ ਹੋਵੇਗੀ ਅਤੇ ਏਸ ਰੁਪਏ ਦੀ ਖ਼ਾਤਰ ਜਨਮ ਭੂਮੀ ਦੀ ਜ਼ਮੀਨ ਨੂੰ ਵੇਚ ਦਿਆਂਗਾ। ਏਸ ਜ਼ਮੀਨ ਦਾ ਅਜੇ ਸੌਦਾ ਹੀ ਹੋ ਰਿਹਾ ਹੁੰਦਾ, ਅਜੇ ਵੇਚੀ ਵੀ ਨਹੀਂ ਸੀ ਕਿ ਅਖ਼ਬਾਰ ਦੀ ਢਾਈ ਹਜ਼ਾਰ ਰੁਪਏ ਦੀ ਜ਼ਮਾਨਤ ਵੀ ਜਮ੍ਹਾਂ ਕਰਾ ਦਿਤੀ ਗਈ। ਅਖ਼ਬਾਰ ਵੀ ਚਾਲੂ ਹੋ ਗਿਆ ਅਤੇ ਕੰਮ ਵੀ ਰਿੜ੍ਹ ਪਿਆ।

ਮੇਰਾ ਇਹ ਕੁਝ ਲਿਖਣ ਦਾ ਭਾਵ ਇਹ ਹੈ ਕਿ ਪਬਲਿਕ ਦਾ ਕੰਮ ਕਰਨ ਵਾਲੇ ਜਿਹੜੇ ਆਦਮੀ ਇਹ ਆਖਦੇ ਫਿਰਦੇ ਹਨ ਕਿ ਉਹਨਾਂ ਨੂੰ ਕੰਮ ਕਰਨ ਲਈ ਰੁਪਿਆ ਨਹੀਂ ਮਿਲਦਾ, ਉਹ ਆਪਣੇ ਆਪ ਨੂੰ ਧੋਖਾ ਦਿੰਦੇ ਹਨ ਅਤੇ ਉਹਨਾਂ ਵਿਚ ਨੇਕ ਨੀਅਤੀ ਅਤੇ ਈਮਾਨਦਾਰੀ ਦੀ ਘਾਟ ਹੈ। ਜਨਤਾ ਦੀ ਆਵਾਜ਼ ਜਨਤਕ ਕੰਮ ਕਰਨ ਵਾਲਿਆਂ ਦੇ ਈਮਾਨ ਅਤੇ ਨੇਕ ਨੀਅਤੀ ਦਾ ਸਭ ਤੋਂ ਵਡਾ ਥਰਮਾਮੀਟਰ ਹੈ ਅਤੇ ਕੰਮ ਕਰਨ ਵਾਲਿਆਂ ਦੇ ਈਮਾਨ ਦਾ ਪਤਾ ਜਨਤਾ ਦੀ ਆਵਾਜ਼ ਤੋਂ ਹੀ ਲਾਇਆ ਜਾ ਸਕਦਾ ਹੈ। ਇਸ ਤਰ੍ਹਾਂ ਇਹ ਇਕ ਸਚਾਈ ਹੈ ਕਿ ਜਨਤਾ ਦੀ ਆਵਾਜ਼ ਕਦੇ ਗ਼ਲਤ ਨਹੀਂ ਹੁੰਦੀ। ਕੰਮ ਕਰਨ ਵਾਲਿਆਂ ਦਾ ਜਿਹੋ ਜਿਹਾ ਚਿੱਠਾ ਹੋਵੇਗਾ ਓਹੋ ਹੀ ਉਹਨਾਂ ਬਾਰੇ ਜਨਤਕ ਆਵਾਜ਼ ਅਤੇ ਪ੍ਰਸਿਧੀ ਹੋਵੇਗੀ। ਗਾਂਧੀ ਜੀ ਨੇ ਆਪਣੇ ਜੀਵਨ ਵਿਚ ਕਦੇ ਕਿਸੇ ਆਦਮੀ ਨੂੰ ਇਹ ਨਹੀਂ ਕਿਹਾ ਕਿ ਉਹ ਨੇਕ ਹਨ, ਪਰ ਸਾਰੀ ਲੁਕਾਈ ਵਿਚੋਂ ਕੀ ਇਕ ਵੀ ਆਦਮੀ ਅਜਿਹਾ ਹੈ ਜੋ ਹਜ਼ਾਰਾਂ ਮਤ ਭੇਦਾਂ ਦੇ ਬਾਵਜੂਦ ਆਪ ਨੂੰ ਨੇਕ ਨਾ ਸਮਝੇ। ਉਲਟ ਇਸ ਦੇ ਖ਼ਵਾਜਾ ਹਸਨ ਨਿਜ਼ਾਮੀ ਆਪਣੇ ਅਖ਼ਬਾਰ "ਮੁਨਾਦੀ" ਵਿਚ ਦਿਨ ਰਾਤ ਆਪਣੀਆਂ ਤਾਰੀਫ਼ਾਂ



Digitized by Panjab Digital Library | www.panjabdigilib.org

ਦੇ ਪੁਲ ਬੰਨ੍ਹਦੇ ਹਨ, ਪਰ ਕੀ ਇਕ ਵੀ ਆਦਮੀ ਤੁਹਾਨੂੰ ਅਜਿਹਾ ਮਿਲੇਗਾ ਜਿਹੜਾ ਆਪ ਨੂੰ ਰਾਜਸੀ ਚਾਰ-ਸੌ-ਵੀਹ ਅਤੇ ਮਜ਼ਹਬੀ ਫ਼ਰਾਡ ਨਾ ਸਮਝਦਾ ਹੋਵੇ। ਭਾਵ ਦੁਨੀਆਂ ਵਿਚ ਨੇਕ ਅਖਵਾਉਣ ਦੀ ਕੋਸ਼ਸ਼ ਨਹੀਂ ਕਰਨੀ ਚਾਹੀਦੀ। ਨੇਕ ਬਣਨਾ ਚਾਹੀਦਾ ਹੈ। ਆਦਮੀ ਨੇਕ ਹੋਵੇਗਾ ਤਾਂ ਲੁਕਾਈ ਆਪਣੇ ਆਪ ਉਸਨੂੰ ਨੇਕ ਆਖੇਗੀ। ਏਸ ਤਰ੍ਹਾਂ ਜਿਹੜੇ ਆਦਮੀ ਜਨਤਕ ਰੁਪਏ ਨੂੰ ਟਰੱਸਟ ਅਤੇ ਅਮਾਨਤ ਸਮਝਣਗੇ, ਉਸ ਨੂੰ ਆਪਣੀਆਂ ਨਿਜੀ ਲੋੜਾਂ ਲਈ ਵਰਤੋਂ 'ਚ ਨਾ ਲਿਆਉਣਗੇ ਉਹਨਾਂ ਨੂੰ ਜਨਤਕ ਕੰਮਾਂ ਲਈ ਰੁਪਏ ਦੀ ਕਦੇ ਘਾਟ ਨਹੀਂ ਹੋ ਸਕਦੀ ਅਤੇ ਜਿਹੜੇ ਆਦਮੀ ਚਾਰ-ਸੌ-ਵੀਹ ਕਰਕੇ ਜਨਤਾ ਦੇ ਖੀਸੇ ਖਾਲੀ ਕਰਕੇ ਆਪਣੀਆਂ ਨਿਜੀ ਜਾਇਦਾਦਾਂ ਬਣਾ ਲੈਣਗੇ ਉਹ ਸਦਾ ਹੀ ਭਿਖ ਮੰਗਦੇ ਰਹਿਣਗੇ। ਉਹਨਾਂ ਦੇ ਠੂਠੇ ਵਿਚ ਟੁਕੜ ਪਹੁੰਚਣ ਦੀ ਕਦੇ ਆਸ ਨਹੀਂ। ਕਮਜ਼ੋਰੀ ਜੇਕਰ ਹੈ ਤਾਂ ਅਸਾਂ ਕੰਮ ਕਰਨ ਵਾਲਿਆਂ 'ਚ ਹੈ ਨਾ ਕਿ ਜਨਤਾ ਵਿਚ। ਭਾਵ ਜਿਹੜੇ ਮਨੁਖ ਕੌਮੀ ਖੇਤਰ ਵਿਚ ਕੰਮ ਕਰਨਾ ਚਾਹੁੰਦੇ ਹਨ ਉਹਨਾਂ ਨੇ ਜੇਕਰ ਨੇਕ ਨਅਤੀ ਅਤੇ ਈਮਾਨਦਾਰੀ ਦਾ ਪਲਾ ਨਾ ਛਡਿਆ ਤਾਂ ਰੁਪਿਆ ਉਹਨਾਂ ਦੇ ਅੰਗ ਸੰਗ ਹੈ ਅਤੇ ਜੇਕਰ ਉਹਨਾਂ ਦੇ ਜਨਤਕ ਜੀਵਨ ਵਿਚ ਸ੍ਵੈ-ਇੱਛਾ ਅਤੇ ਬੇਈਮਾਨੀ ਹੈ 'ਤਾਂ ਉਹਨਾਂ ਲਈ ਜਨਤਾ ਪਾਸ ਨਾ ਤੇ ਰੁਪਿਆ ਹੈ ਅਤੇ ਨਾ ਪ੍ਰਸਿਧੀ।

## ਆਚਰਣ ਦਾ ਵੈਰੀਆਂ ਤੇ ਵੀ ਅਸਰ ਹੁੰਦਾ ਹੈ

ਮੈਨੂੰ ਠੀਕ ਤਾਂ ਯਾਦ ਨਹੀਂ, ਪਰ ਸ਼ਾਇਦ ੧੯੩੦ ਦੀ ਘਟਨਾ ਹੈ। ਦਫ਼ਤਰ "ਰਿਆਸਤ" ਅਜਮੇਰੀ ਦਰਵਾਜ਼ੇ ਤੋਂ ਬਾਹਰ ਇਕ ਬਿਲਡਿੰਗ ਵਿਚ ਸੀ। ਗਰਮੀਆਂ ਦੇ ਦਿਨ ਸਨ। ਸਵੇਰੇ ਦਸ ਵਜੇ ਦੇ ਲਗ ਪਗ ਮੇਰੀ ਜਨਮ ਭੂਮੀ ਦੇ ਇਕ ਬਜ਼ੁਰਗ ਤਸ਼ਰੀਫ਼ ਲਿਆਏ, ਜੋ ਰਾਏ ਬਹਾਦਰ ਹਨ। ਮੇਰੀ ਬਰਾਦਰੀ ਵਿਚੋਂ ਹੀ ਹਨ। ਉਹਨਾਂ ਦਿਨਾਂ ਵਿਚ ਸਰਕਾਰ ਹਿੰਦ ਦੇ ਇਨਟੈਲੀਜੈਂਸ ਮਹਿਕਮੇ — ਸੀ. ਆਈ. ਡੀ. — ਵਿਚ ਸੁਪ੍ਰੰਟੈਂਡੈਂਟ ਪੁਲੀਸ ਸਨ। ਹੁਣ ਉਹ ਰੀਟਾਇਰ ਹੋ ਚੁਕੇ ਹਨ। ਇਹ ਰਾਏ ਬਹਾਦਰ ਵਤਨੀ ਸੰਬੰਧਾਂ ਦੇ ਕਾਰਨ ਪਹਿਲਾਂ ਵੀ ਕਦੇ ਕਦੇ ਤਸ਼ਰੀਫ਼ ਲਿਆਇਆ ਕਰਦੇ ਸਨ। ਜਦ ਉਹ ਕਮਰੇ ਵਿਚ ਪਹੁੰਚੇ ਤਾਂ ਮੈਂ ਉਹਨਾਂ ਨੂੰ ਡਰਾਇੰਗ ਰੂਮ ਵਿਚ ਲੈ ਆਇਆ। ਗੱਲਾਂ ਹੁੰਦੀਆਂ ਰਹੀਆਂ ਤਾਂ ਆਪ ਨੇ ਫ਼ਰਮਾਇਆ ਕਿ ਇਕ ਗੱਲ ਕਰਨੀ ਚਾਹੁੰਦਾ ਹਾਂ।



Digitized by Panjab Digital Library | www.panjabdigilib.org

ਕਿਸੇ ਦੂਜੇ ਕਮਰੇ ਵਿਚ ਚਲੀਏ। ਮੈਂ ਉਹਨਾਂ ਨੂੰ ਲੈ ਕੇ ਰਸੋਈ ਵਿਚ ਆਇਆ ਅਤੇ ਕਿਹਾ, "ਫ਼ਰਮਾਓ!" ਉਹਨਾਂ ਰਾਏ ਬਹਾਦਰ ਅਤੇ ਲੇਖਕ ਦੇ ਵਿਚਕਾਰ ਜਿਹੜੀ ਗਲ ਬਾਤ ਹੋਈ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਰਾਇ ਬਹਾਦਰ ਨੇ ਕਿਹਾ, "ਮਹਾਰਾਜਾ ਭਰਤਪੁਰ ਤੁਹਾਡੇ ਮਿਤਰ ਹਨ ਅਤੇ ਆਪ ਨੂੰ ਮਿਲਦੇ ਰਹਿੰਦੇ ਹਨ। ਮਰਾਰਾਜਾ ਨੇ ਉਸ ਸਾਰੇ ਚਿਠੀ ਪੱਤ੍ਰ ਨੂੰ ਇਕ ਕਿਤਾਬ ਦੀ ਸ਼ਕਲ ਵਿਚ ਛਾਪ ਕੇ ਪ੍ਰਕਾਸ਼ਤ ਕਰ ਦਿਤਾ ਹੈ ਜਿਹੜੀ ਮਹਾਰਾਜਾ ਅਤੇ ਪੁਲੀਟੀਕਲ ਏਜੰਟ ਵਿਚਕਾਰ ਹੁੰਦੀ ਰਹੀ। ਸਰਕਾਰ ਦੀ ਏਸ ਵਿਚ ਬੜੀ ਬਦਨਾਮੀ ਹੋਈ ਹੈ ਕਿਉਂਕਿ ਇਹ ਕਿਤਾਬਾਂ ਭਾਰਤ ਦੇ ਲੀਡਰਾਂ ਨੂੰ ਭੇਜੀਆਂ ਗਈਆਂ ਹਨ। ਹੁਣ ਮਹਾਰਾਜਾ ਨੇ ਪੁਲੀਟੀਕਲ ਡੀਪਾਰਟਮੈਂਟ ਦਿਆਂ ਕਲਰਕਾਂ ਨੂੰ ਰਿਸ਼ਵਤ ਦੇ ਕੇ ਉਹਨਾਂ ਸਾਰੀਆਂ ਚਿਠੀਆਂ ਪੱਤ੍ਰਾਂ ਦੀਆਂ ਨਕਲਾਂ ਪ੍ਰਾਪਤ ਕਰ ਲਈਆਂ ਹਨ ਜੋ ਕਿ ਕਾਨਫ਼ੀਡੈਂਸ਼ਲ ਤੌਰ ਤੇ ਏਜੰਟ ਗਵਰਨਰ ਜਨਰਲ ਰਾਜਪੂਤਾਨਾ ਅਤੇ ਪੁਲੀਟੀਕਲ ਸਕੱਤ੍ਰ ਸਰਕਾਰ ਹਿੰਦ ਵਿਚਕਾਰ ਮਹਾਰਾਜੇ ਬਾਰੇ ਹੁੰਦੀਆਂ ਰਹੀਆਂ। ਅਤੇ ਮਹਾਰਾਜਾ ਉਹਨਾਂ ਨੂੰ ਵੀ ਕਿਸੇ ਪ੍ਰੈਸ ਵਿਚ ਛਪਵਾ ਰਹੇ ਹਨ। ਸਰਕਾਰ ਇਸ ਬਾਰੇ ਬੜੀ ਫ਼ਿਕਰਮੰਦ ਹੈ ਕਿਉਂਕਿ ਇਹ ਚਿਠੀ ਪੱਤ੍ਰ ਕਾਨਫ਼ੀਡੈਂਸ਼ਲ ਸੀ। ਤੁਹਾਡੇ ਵਸੀਲੇ ਬੜੇ ਵਿਸ਼ਾਲ ਹਨ ਅਤੇ ਪੁਲੀਟੀਕਲ ਡੀਪਾਰਟਮੈਂਟ ਦੇ ਕਲਰਕਾਂ ਤੋਂ ਤੁਸੀਂ ਵੀ ਖ਼ਬਰਾਂ ਹਾਸਲ ਕਰਦੇ ਹੋ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਕ ਤਾਂ ਇਹ ਪਤਾ ਕਰੋ ਕਿ ਮਹਾਰਾਜਾ ਨੇ ਇਹ ਨਕਲਾਂ ਪੁਲੀਟੀਕਲ ਡੀਪਾਰਟਮੈਂਟ ਦੇ ਕਿਸ ਕਲਰਕ ਰਾਹੀਂ ਪ੍ਰਾਪਤ ਕੀਤੀਆਂ ਹਨ ਤਾ ਕਿ ਉਹਨਾਂ ਤੇ ਆਫ਼ੀਸ਼ਲ ਸੀਕਰਟ ਐਕਟ ਹੇਠ ਮੁਕੱਦਮਾ ਚਲਾਇਆ ਜਾਵੇ ਅਤੇ ਦੂਜੇ ਇਹ ਪਤਾ ਕਰੋ ਕਿ ਮਹਾਰਾਜਾ ਇਹ ਕਿਤਾਬ ਕਿਹੜੇ ਪ੍ਰੈਸ ਵਿਚ ਛਪਵਾ ਰਹੇ ਹਨ ਤਾ ਕਿ ਅਸੀਂ ਛਾਪਾ ਮਾਰ ਕੇ ਇਹ ਕਿਤਾਬ ਪ੍ਰਕਾਸ਼ਤ ਹੋਣ ਤੋਂ ਪਹਿਲਾਂ ਹੀ ਜ਼ਬਤ ਕਰ ਲਈਏ। ਮੈਂ ਏਸੇ ਮਤਲਬ ਲਈ ਹੀ ਸ਼ਿਮਲਿਉਂ ਆਇਆ ਹਾਂ।" ਇਹ ਆਖਦਿਆਂ ਹੋਇਆਂ ਰਾਏ ਬਹਾਦਰ ਨੇ ਆਪਣੇ ਖੀਸੇ 'ਚੋਂ ਚੇਹਰਾ ਸ਼ਾਹੀ ਇਕ ਨੋਟਾਂ ਦੀ ਦਥੀ ਕਢੀ ਅਤੇ ਕਿਹਾ ਕਿ ਇਹ ਰੁਪਿਆ ਤੁਹਾਡੇ ਖ਼ਰਚਾਂ ਲਈ ਹੈ ਕਿਉਂਕਿ ਸ਼ਾਇਦ ਕੁਝ ਆਦਮੀਆਂ ਨੂੰ ਰੁਪਿਆ ਦੇਣਾ ਪਵੇ ਅਤੇ ਸ਼ਾਇਦ ਤੁਹਾਨੂੰ ਕਿਤੇ ਆਉਣਾ ਜਾਣਾ ਵੀ ਪਵੇ। ਮੈਂ ਨਹੀਂ ਆਖ ਸਕਦਾ ਕਿ ਇਹ ਰੁਪਿਆ ਕਿੰਨਾ ਸੀ, ਪੰਜ ਹਜ਼ਾਰ ਸੀ, ਸਤ ਹਜ਼ਾਰ ਜਾਂ ਦਸ ਹਜ਼ਾਰ। ਇਹ ਥਹੀ ਅਧੇ ਅਤੇ ਇਕ ਇੰਚ ਦੇ ਵਿਚਕਾਰ ਮੋਟੀ ਸੀ।

ਮੈਂ ਰਾਏ ਬਹਾਦਰ ਨੂੰ ਕਿਹਾ "ਇਸ ਦਾ ਮਤਲਬ ਇਹ ਹੈ ਕਿ ਮੈਂ ਤੁਹਾਡਾ ਪੇਡ ਇਨਫ਼ਾਰਮਰ ਹਾਂ ਅਤੇ ਤੁਸੀਂ ਮੈਨੂੰ ਏਨਾਂ ਗਿਰਿਆ ਤੇ ਕਮੀਨਾ ਸਮਝਦੇ ਹੋ



Digitized by Panjab Digital Library | www.panjabdigilib.org

ਕਿ ਮੈਂ ਤੁਹਾਥੋਂ ਰੁਪਿਆ ਲੈ ਕੇ ਮਹਾਰਾਜਾ ਭਰਤ ਪੁਰ ਅਤੇ ਦੂਜੇ ਮਿਤਰਾਂ ਨਾਲ ਬੇਵਫ਼ਾਈ ਕਰਾਂਗਾ ਅਤੇ ਤੁਹਾਡੀ ਸੀ. ਆਈ. ਡੀ. ਦੀ ਮੁਖਬਰੀ ਦੀ ਸੇਵਾ ਨਿਭਾਵਾਂਗਾ।" ਰਾਏ ਬਹਾਦਰ ਨੇ ਨੋਟਾਂ ਦੀ ਉਹ ਥਹੀ ਮੇਰੇ ਕੋਟ — ਮੈਨੂੰ ਚੰਗੀ ਤਰ੍ਹਾਂ ਯਾਦ ਹੈ ਉਸ ਜ਼ਮਾਨੇ 'ਚ ਮੈਂ ਖਦਰ ਦੇ ਕੋਟ ਸਵਾਏ ਸਨ ਅਤੇ ਉਹ ਕੋਟ ਖੱਦਰ ਦਾ ਸੀ — ਵਿਚ ਪਾਉਣ ਦੀ ਕੋਸ਼ਸ਼ ਕੀਤੀ ਅਤੇ ਆਖਿਆ "ਤੂੰ ਤੇ ਸ਼ੁਦਾਈ ਹੈਂ, ਸਰਕਾਰ ਕਾਫ਼ੀ ਰੁਪਿਆ ਲੀਡਰਾਂ ਅਤੇ ਅਖ਼ਬਾਰਾਂ ਨੂੰ ਦੇਂਦੀ ਹੈ, ਇਸ ਵਿਚ ਕੋਈ ਹਰਜ ਨਹੀਂ।"

ਮੈਂ ਰਾਏ ਬਹਾਦਰ ਨੂੰ ਜੁਆਬ ਦਿਤਾ "ਜੇਕਰ ਲੀਡਰ ਏਨੇ ਕਮੀਨੇ ਹੋਣ ਤਾਂ ਹੋਣ, ਪਰ ਮੈਂ ਏਨਾ ਕਮੀਨਾ ਨਹੀਂ।" ਰਾਏ ਬਹਾਦਰ ਮੇਰੇ ਏਸ ਜੁਆਬ ਨਾਲ ਸੰਤੁਸ਼ਟ ਨਾ ਹੋਏ, ਉਹਨਾਂ ਫੇਰ ਅਗੇ ਵਧ ਕੇ ਨੋਟਾਂ ਦੀ ਉਹ ਥਹੀ ਮੇਰੇ ਖੀਸੇ ਵਿਚ ਪਾਉਣ ਦਾ ਯਤਨ ਕੀਤਾ ਤਾਂ ਮੈਂ ਪਿਛੇ ਹਟ ਗਿਆ ਅਤੇ ਮਥੇ ਤੇ ਵਟ ਪਾਉਂਦਿਆਂ ਹੋਇਆਂ ਮੈਂ ਨੀਮ ਗੁਸੇ ਅਤੇ ਦ੍ਰਿੜ੍ਹਤਾ ਨਾਲ ਰਾਏ ਸਾਹਿਬ ਨੂੰ ਆਖਿਆ, "ਰਾਇ ਸਾਹਿਬ, ਤੁਸੀਂ ਇਸ ਵਿਚ ਕੋਈ ਹਰਜ ਨਹੀਂ ਸਮਝਦੇ, ਪਰ ਮੈਂ ਸਮਝਦਾ ਹਾਂ ਅਤੇ ਮੇਰਾ ਧਰਮ ਹੈ ਕਿ ਜੇਕਰ ਕੋਈ ਆਦਮੀ ਅਖ਼ਬਾਰ ਕਢਦਿਆਂ ਹੋਇਆਂ, ਜਾਂ ਜਨਤਕ ਸੇਵਾਦਾਰ ਹੁੰਦਿਆਂ ਹੋਇਆਂ ਸਰਕਾਰ ਤੋਂ ਰੁਪਿਆ ਲੈ ਕੇ ਮੁਖਬਰੀ ਕਰਦਾ ਹੈ ਤਾਂ ਉਸ ਨਾਲੋਂ ਕਿਤੇ ਚੰਗਾ ਹੈ ਕਿ ਉਹ ਆਪਣੀ ਮਾਂ ਨੂੰ ਚਾਵੜੀ ਬਾਜ਼ਾਰ ਵਿਚ ਬਿਠਾ ਕੇ ਉਸ ਤੋਂ ਪੇਸ਼ਾ ਕਰਾਏ ਅਤੇ ਰੁਪਿਆ ਕਮਾਵੇ।" ਰਾਏ ਬਹਾਦਰ ਮੇਰੇ ਇਹ ਅੱਖਰ ਸੁਣ ਕੇ ਡੌਰ ਭੌਰੇ ਹੋ ਗਏ। ਉਹਨਾਂ ਦਾ ਹੱਥ ਮੇਰੇ ਖੀਸੇ ਦੀ ਬਜਾਏ ਨੋਟਾਂ ਸਮੇਤ ਆਪਣੇ ਖੀਸੇ 'ਚ ਚਲਿਆ ਗਿਆ ਅਤੇ ਅਸੀਂ ਫੇਰ ਵਾਪਸ ਡਰਾਇੰਗ ਰੂਮ ਵਿਚ ਚਲੇ ਆਏ। ਡਰਾਇੰਗ ਰੂਮ ਵਿਚ ਬਹਿ ਕੇ ਰਾਏ ਬਹਾਦਰ ਨੇ ਸ਼ਰਮਿੰਦਗੀ ਜਿਹੀ ਦੇ ਭਾਵ ਨਾਲ ਇਕ ਵਾਰ ਫੇਰ ਆਖਿਆ "ਤੁਸਾਂ ਕੋਸ਼ਸ਼ ਕਰਨੀ ਕਿ ਇਹ ਸੂਚਨਾਵਾਂ ਪ੍ਰਾਪਤ ਹੋ ਸਕਣ।" ਮੈਂ ਫੇਰ ਉਤਰ ਦਿਤਾ ਕਿ ਇਹ ਮੇਰੇ ਵਸ ਦਾ ਰੋਗ ਨਹੀਂ। ਫੇਰ ਰਾਏ ਬਹਾਦਰ ਨੇ ਏਧਰ ਉਧਰ ਦੀਆਂ ਦੂਜੀਆਂ ਰਸਮੀ ਗਲਾਂ ਸ਼ੁਰੂ ਕਰ ਦਿਤੀਆਂ ਅਤੇ ਕੁਝ ਚਿਰ ਪਿਛੋਂ ਆਪ ਚਲੇ ਗਏ।

ਸੀ. ਆਈ. ਡੀ. ਅਤੇ ਪੁਲੀਸ ਦੇ ਛੋਟੇ ਤੇ ਮਾਮੂਲੀ ਆਦਮੀ ਤਾਂ ਆਪਣੀ ਕਾਰਗੁਜ਼ਾਰੀ ਦਸਣ ਖਾਤਰ ਆਪਣੇ ਅਫ਼ਸਰਾਂ ਨੂੰ ਬਹੁਤ ਝੂਠੀਆਂ ਅਤੇ ਗ਼ਲਤ ਰੀਪੋਰਟਾਂ ਦਿੰਦੇ ਹਨ, ਪਰ ਵਡੇ ਅਫ਼ਸਰ ਆਪਣੀ ਜ਼ਿੰਮੇਂਵਾਰੀ ਨੂੰ ਅਨੁਭਵ ਕਰਦਿਆਂ ਹੋਇਆਂ ਆਪਣੇ ਵਡੇ ਅਫ਼ਸਰਾਂ ਪਾਸ ਝੂਠੀਆਂ ਰੀਪੋਰਟਾਂ ਨਹੀਂ ਕਰਦੇ ਕਿਉਂਕਿ ਉਹ ਸਮਝਦੇ ਹਨ ਕਿ ਜੇਕਰ ਝੂਠੇ ਸਾਬਤ ਹੋਏ ਤਾਂ ਉਹਨਾਂ ਲਈ ਸ਼ਰਮਿੰਦਗੀ ਦਾ



Digitized by Panjab Digital Library | www.panjabdigilib.org

ਕਾਰਨ ਬਣਨਗੇ। ਰਾਏ ਬਹਾਦਰ ਨੇ ਉਹ ਸਾਰੀਆਂ ਗਲਾਂ ਜੋ ਉਹਨਾਂ ਤੇ ਐਡੀਟਰ "ਰਿਆਸਤ" ਵਿਚਕਾਰ ਹੋਈਆਂ ਸਨ। ਇੰਨ ਬਿੰਨ ਆਪਣੇ ਅਫ਼ਸਰ ਸਰ ਡੇਵਿਡ ਪੈਟਰੀ ਡਾਇਰੈਕਟਰ ਇਨਟੈਲੀਜੈਂਸ ਬਿਓਰੋ — ਜੋ ਉਸ ਸਮੇਂ ਸਾਰੇ ਭਾਰਤ ਦੀ ਸੀ. ਆਈ. ਡੀ. ਦੇ ਸਭ ਤੋਂ ਵਡੇ ਅਫ਼ਸਰ ਅਤੇ ਆਪਣੀ ਈਮਾਨਦਾਰੀ ਅਤੇ ਲਿਆਕਤ ਦੇ ਕਾਰਨ ਪਿਛੋਂ ਜਾ ਕੇ ਪ੍ਰੈਜ਼ੀਡੈਂਟ ਫ਼ੈਡਰਲ ਪਬਲਕ ਸਰਵਿਸ ਕਮਿਸ਼ਨ ਨੀਯਤ ਹੋਏ — ਨੂੰ ਪਹੁੰਚਾ ਦਿਤੀ।

ਗਰਮੀਆਂ ਦੀ ਬਹਾਰ ਖ਼ਤਮ ਹੋਈ, ਸਰਦੀਆਂ ਸ਼ੁਰੂ ਸਨ ਅਤੇ ਸਰਕਾਰ ਹਿੰਦ ਦੇ ਦਫ਼ਤਰ ਸ਼ਿਮਲਿਉਂ ਦਿੱਲੀ ਆ ਰਹੇ ਸਨ। ਇਕ ਦਿਨ ਸ਼ਾਮ ਨੂੰ ਇਕ ਬਹੁਤ ਲੰਮੇ ਕਦ ਦੇ ਤਗੜੇ ਮੁਸਲਮਾਨ ਸੂਟ ਤੇ ਹੈਟ ਪਾਈ ਦਫ਼ਤਰ "ਰਿਆਸਤ" ਵਿਚ ਤਸ਼ਰੀਫ਼ ਲਿਆਏ। ਮੈਂ ਉਪਰ ਆਪਣੇ ਨਿਜੀ ਕਮਰੇ ਵਿਚ ਬੈਠਾ ਕੰਮ ਕਰ ਰਿਹਾ ਸਾਂ। ਆਪ ਨੇ ਚਪੜਾਸੀ ਤੋਂ ਪੁਛਿਆ ਕਿ ਦੀਵਾਨ ਸਿੰਘ ਕਿਥੇ ਹੈ। ਚਪੜਾਸੀ ਨੇ ਜੁਆਬ ਦਿਤਾ ਕਿ ਉਪਰ ਹਨ। ਆਪ ਬਿਨਾਂ ਸੰਕੋਚ ਦੇ ਉਪਰ ਮੇਰੇ ਨਿਜੀ ਦਫ਼ਤਰ ਦੇ ਕਮਰੇ ਵਿਚ ਆ ਗਏ। ਮੈਂ ਉਹਨਾਂ ਦੇ ਸਤਿਕਾਰ ਵਜੋਂ ਖੜਾ ਹੋ ਗਿਆ ਅਤੇ ਨਾਲ ਵਾਲੇ ਡਰਾਇੰਗ ਰੂਮ ਵਿਚ ਲੈ ਆਇਆ। ਡਰਾਇੰਗ ਰੂਮ ਵਿਚ ਬੈਠਦਿਆਂ ਹੀ ਆਪ ਨੇ ਖੁਲ੍ਹੇ ਡੁਲ੍ਹੇ ਢੰਗ ਨਾਲ ਕਿਹਾ "ਭਰਾਵਾ ਚਾਹ ਤਾਂ ਮੰਗਾ।" ਮੈਂ ਬਿਜਲੀ ਦੀ ਘੰਟੀ ਦਾ ਬਟਨ ਦਬਿਆ। ਚਪੜਾਸੀ ਆਇਆ, ਉਹਨੂੰ ਆਖਿਆ ਰਸੋਈਏ ਨੂੰ ਭੇਜ। ਉਹਨਾਂ ਦਿਨਾਂ ਵਿਚ ਮੇਰੇ ਪਾਸ ਗੋਆ ਦਾ ਰਹਿਣ ਵਾਲਾ ਰਸੋਈਆ ਕੋਇਲੋ ਸੀ। ਕੋਇਲੋ ਨੂੰ ਮੈਂ ਕਿਹਾ ਕਿ ਚਾਹ ਲਿਆ, ਪਰ ਦਿਲ ਵਿਚ ਸੋਚ ਰਿਹਾ ਸਾਂ ਕਿ ਇਹ ਕਿਹੜੇ ਸਜਨ ਹਨ। ਸ਼ਾਇਦ ਪਹਿਲਾਂ ਕਦੀ ਇਹਨਾਂ ਨੂੰ ਮਿਲ ਚੁਕਾ ਹਾਂ। ਕਿਹੜੀ ਰਿਆਸਤ ਦੇ ਵਜ਼ੀਰ ਹਨ। ਕਿਥੇ ਮਿਲਿਆ ਹਾਂ। ਇਹ ਸੋਚ ਹੀ ਰਿਹਾ ਸਾਂ ਕਿ ਆਪ ਨੇ ਖ਼ੁਦ ਹੀ ਮੁਸਕ੍ਰਾ ਕੇ ਕਿਹਾ, "ਸ਼ਾਇਦ ਤੁਸਾਂ ਮੈਨੂੰ ਪਛਾਣਿਆ ਨਹੀਂ।" ਮੈਂ ਝਿਜਕਦਿਆਂ ਹੋਇਆਂ ਕਿਹਾ, "ਜੀ ਹਾਂ! ਮੈਨੂੰ ਯਾਦ ਨਹੀਂ ਆਉਂਦਾ ਜਨਾਬ ਨਾਲ ਕਿਥੇ ਮੁਲਾਕਾਤ ਦਾ ਮਾਣ ਪ੍ਰਾਪਤ ਹੋਇਆ ਸੀ।" ਆਪ ਨੇ ਜ਼ਰਾ ਵਧੇਰੇ ਮੁਸਕਰਾਂਦਿਆਂ ਹੋਇਆਂ ਫ਼ਰਮਾਇਆ "ਮੈਂ ਤਸੱਦੁਕ ਹੁਸੈਨ ਡਿਪਟੀ ਡਾਇਰੈਕਟਰ ਇਨਟੈਲੀਜੈਂਸ ਬਿਓਰੋ ਹਾਂ ਅਤੇ ਤੁਹਾਡੇ ਵਤਨੀ ਰਾਏ ਬਹਾਦਹ ਦੇ ਨਾਲ ਕੰਮ ਕਰਦਾ ਹਾਂ।" ਮੈਂ ਕਿਹਾ, "ਬੜੀ ਮਿਹਰਬਾਨੀ ਕੀਤੀ, ਤੁਹਾਡੇ ਨਾਂ ਤੋਂ ਵਾਕਫ਼ ਸਾਂ, ਰਾਏ ਬਹਾਦਰ ਨਾਲ ਵੀ ਜ਼ਿਕਰ ਆਇਆ ਹੈ, ਪਰ ਤੁਹਾਡੇ ਦਰਸ਼ਨਾਂ ਦਾ ਕਦੇ ਸਮਾਂ ਨਹੀਂ ਮਿਲਿਆ ਸੀ।" ਖ਼ਾਨ ਬਹਾਦਰ ਤਸੱਦੁਕ ਹੁਸੈਨ ਨੇ ਜਵਾਬ ਦਿਤਾ "ਮੇਰੇ ਅਤੇ ਸਰ ਡੇਵਿਡ ਪੈਟਰੀ ਦੇ ਦਿਲ ਵਿਚ ਤੁਹਾਡੀ ਬਹੁਤ ਇਜ਼ਤ ਹੈ। ਰਾਏ ਬਹਾਦਰ



Digitized by Panjab Digital Library | www.panjabdigilib.org

ਨੇ ਆਪਣੀ ਰੀਪੋਰਟ ਵਿਚ ਉਹ ਸਭ ਕੁਝ ਲਿਖ ਦਿਤਾ ਸੀ ਜੋ ਤੁਹਾਡੇ ਅਤੇ ਉਹਨਾਂ ਵਿਚਕਾਰ ਗਲ ਬਾਤ ਹੋਈ ਸੀ। ਅਸੀਂ ਤੁਹਾਡੇ ਆਚਰਣ ਦੀ ਬੜੀ ਉਪਮਾ ਕਰਦੇ ਹਾਂ ਅਤੇ ਏਸੇ ਲਈ ਮੈਂ ਤੁਹਾਨੂੰ ਮਿਲਣ ਆਇਆ ਹਾਂ। ਇਹ ਬੜੀ ਚਿੰਤਾ-ਜਨਕ ਗੱਲ ਹੈ ਕਿ ਭਾਰਤ ਦੇ ਲੀਡਰਾਂ ਅਤੇ ਅਖ਼ਬਾਰ ਨਵੀਸਾਂ 'ਚ ਵਡੀ ਗਿਣਤੀ ਅਜੇਹੇ ਲੋਕਾਂ ਦੀ ਹੈ ਜਿਨ੍ਹਾਂ ਦਾ ਕੋਈ ਆਚਰਣ ਨਹੀਂ, ਜਿਹੜੇ ਕਿ ਬਹੁਤ ਘਟ ਰਕਮ ਨਾਲ ਖ਼ਰੀਦੇ ਜਾ ਸਕਦੇ ਹਨ ਅਤੇ ਇਹਨਾਂ 'ਚ ਕਈ ਅਸੈਂਬਲੀ ਦੇ ਮੈਂਬਰ ਵੀ ਹਨ। ਇਹ ਆਦਮੀ ਸਾਡੇ ਲਈ ਗੁਣਕਾਰੀ ਹੁੰਦੇ ਹਨ, ਪਰ ਕਰੈਕਟਰ ਨਾ ਹੋਣ ਕਾਰਨ ਸਾਡੇ ਦਿਲਾਂ 'ਚ ਉਹਨਾਂ ਦੀ ਇਜ਼ਤ ਨਹੀਂ ਹੁੰਦੀ।"

ਖ਼ਾਨ ਬਹਾਦਰ ਚਾਹ ਪੀਂਦੇ ਰਹੇ ਅਤੇ ਗਲਾਂ ਹੁੰਦੀਆਂ ਰਹੀਆਂ। ਉਸ ਦਿਨ ਅਧੇ ਘੰਟੇ ਦੇ ਲਗ ਪਗ ਬੈਠੇ ਹੋਵਾਂਗੇ। ਚਹੁੰ ਦਿਨਾਂ ਪਿਛੋਂ ਆਪ ਨੇ ਮੈਨੂੰ ਡਿਨਰ ਤੇ ਸਦਿਆ। ਉਸ ਪਿਛੋਂ ਉਹ ਕਦੀ ਕਦੀ ਤਸ਼ਰੀਫ਼ ਲਿਆਉਂਦੇ ਰਹੇ ਅਤੇ ਮੈਂ ਵੀ ਜਦ ਕਦੀ ਨਵੀਂ ਦਿਲੀ ਉਹਨਾਂ ਦੀ ਸੜਕ ਤੇ ਸ਼ਾਮ ਨੂੰ ਸੈਰ ਕਰਨ ਜਾਂਦਾ ਤਾਂ ਉਹਨਾਂ ਦੀ ਕੋਠੀ ਉਹਨਾਂ ਨੂੰ ਮਿਲਣ ਲਈ ਜ਼ਰੂਰ ਹਾਜ਼ਰੀ ਭਰਦਾ ਅਤੇ ਸਾਡੇ ਆਪਸੀ ਸੰਬੰਧ ਬੜੇ ਡੂੰਘੇ ਹੋ ਗਏ। ਖਾਨ ਬਹਾਦਰ ਤਸੱਦੁਕ ਹੁਸੈਨ ਬੜੇ ਮਿਹਰਬਾਨ, ਬਹੁਤ ਪਿਆਰੇ, ਬੜੇ ਹਿਤੈਸ਼ੀ, ਬੜੇ ਖੁਲ੍ਹੇ ਡੁਲ੍ਹੇ ਸੁਭਾਉ ਦੇ ਅਤੇ ਬੜੇ ਉਚੇ ਇਨਸਾਨ ਸਨ। ਕੁਝ ਸਮੇਂ ਬਾਅਦ ਮੇਰੇ ਅਤੇ ਉਹਨਾਂ ਵਿਚਕਾਰ ਭਰਾਵਾਂ ਵਰਗੇ ਸੰਬੰਧ ਹੋ ਗਏ। ਮੈਨੂੰ ਚੇਤਾ ਹੈ ਸੁਰਗਵਾਸ ਹੋਣ ਤੋਂ ਕੁਝ ਦਿਨ ਪਹਿਲਾਂ ਬੀਮਾਰ ਹੋ ਗਏ। ਰਾਜਾ ਅਕਬਰ ਅਲੀ ਸਾਹਿਬ ਦੀ ਕੋਠੀ 'ਚ ਠਹਿਰੇ ਹੋਏ ਸਨ। ਮੈਂ ਹੋਸ਼ੰਗ ਆਬਾਦ ਦੀ ਤ੍ਰੀਕੇ ਜਾ ਰਿਹਾ ਸਾਂ, ਮਿਲਣ ਲਈ ਗਿਆ। ਉਹ ਪਲੋਰਸੀ ਦੇ ਕਾਰਨ ਡਾਢੇ ਔਖੇ ਸਨ। ਜਦ ਆਉਣ ਲਗਾ ਤਾਂ ਉਹਨਾਂ ਤੋਂ ਉਠਿਆ ਨਾ ਗਿਆ, ਲੰਮੇ ਪਿਆਂ ਪਿਆਂ ਹੀ ਹਥ ਵਧਾ ਦਿਤੇ ਅਤੇ ਅੱਖਾਂ 'ਚ ਅਥਰੂ ਭਰ ਕੇ ਬੋਲੇ, "ਚੰਗਾ ਭਈ ਜਾਹ! ਫੇਰ ਸ਼ੈਦ ਮੇਲੇ ਨਾ ਹੋਣ।" ਇਹ ਸੁਣ ਕੇ ਮੇਰੇ ਵੀ ਅਥਰੂ ਨਿਕਲ ਆਏ। ਮੈਂ ਹੋਸ਼ੰਗ ਆਬਾਦ ਚਲਾ ਗਿਆ। ਓਥੇ ਮੁਕਦਮੇ ਲਈ ਅਠ ਦਸ ਦਿਨਾਂ ਦੀਆਂ ਲਗਾਤਾਰ ਤ੍ਰੀਕਾਂ ਸਨ। ਪਹੁੰਚਣ ਦੇ ਚਾਰ ਪੰਜ ਦਿਨਾਂ ਪਿਛੋਂ "ਸਟੇਟਸਮੈਨ" ਵਿਚ ਪੜ੍ਹਿਆ ਕਿ ਆਪ ਚੜ੍ਹਾਈ ਕਰ ਗਏ ਹਨ ਅਤੇ ਹਿੰਦ ਸਰਕਾਰ ਦਾ ਅਸਧਾਰਨ ਗਜ਼ਟ ਕਾਲੇ ਘੇਰੇ ਨਾਲ ਪ੍ਰਕਾਸ਼ਤ ਹੋਇਆ।

ਖਾਨ ਬਹਾਦਰ ਤਸੱਦੁਕ ਹੁਸੈਨ ਸੁਰਗਵਾਸ ਹੋ ਗਏ। ਸੀ. ਆਈ. ਡੀ. ਦੇ ਬਦਨਾਮ ਮਹਿਕਮੇ ਵਿਚ ਸੁਪ੍ਰੰਟੈਂਡੈਂਟ ਪੁਲੀਸ ਅਤੇ ਡਿਪਟੀ ਡਾਇਰੈਕਟਰ ਇਨਟੈਲੀਜੈਂਸ ਬਿਓਰੋ ਸਰਕਾਰ ਹਿੰਦ ਸਨ, ਪਰ ਸੁਭਾਉ ਦੇ ਏਨੇ ਚੰਗੇ, ਦਿਆਨਤਦਾਰ, ਸਚੇ ਮਿਤਰ ਅਤੇ ਉੱਚੇ ਇਨਸਾਨ ਸਨ ਕਿ ਉਹਨਾਂ ਦਿਆਂ



Digitized by Panjab Digital Library | www.panjabdigilib.org

ਚਰਨਾਂ ਤੇ ਦਰਜਨਾਂ ਉਹ ਕਾਂਗਰਸੀ ਵਾਰੇ ਜਾ ਸਕਣ ਜਿਹੜੇ ਆਪਣੀਆਂ ਨਿਜੀ ਗਰਜ਼ਾਂ ਵਾਸਤੇ ਕੌਮੀ ਮੈਦਾਨ ਵਿਚ ਹਾਜ਼ਰ ਹਨ। ਪ੍ਰਲੋਕ ਵਾਸੀ ਨੂੰ ਸੁਰਗਵਾਸ ਹੋਇਆਂ ਕਈ ਵਰ੍ਹੇ ਗਏ ਹਨ, ਪਰ ਜਦ ਕਦੇ ਚੇਤਾ ਆਉਂਦਾ ਹੈ ਤਾਂ ਅੱਖਾਂ ਤਰ ਹੋ ਜਾਂਦੀਆਂ ਹਨ।

ਇਹਨਾਂ ਸਾਰੀਆਂ ਗਲਾਂ ਦਸਨ ਦਾ ਭਾਵ ਇਹ ਹੈ ਕਿ ਜੇਕਰ ਇਨਸਾਨ ਦੇ ਅੰਦਰ ਆਚਰਣ ਨਾ ਹੋਵੇ ਤਾਂ ਉਸ ਦੇ ਮਿਤਰ, ਸੱਜਣ, ਮਾਂ, ਪਿਓ, ਭੈਣ, ਭਰਾ, ਅਤੇ ਰਿਸ਼ਤੇਦਾਰ ਵੀ ਉਸ ਨੂੰ ਘ੍ਰਿਣਾ ਕਰਦੇ ਹਨ, ਭਾਵੇਂ ਇਹ ਸਭ ਆਪਣੀਆਂ ਗਰਜ਼ਾਂ ਲਈ ਉਹਦੇ ਮੂੰਹ ਤੇ ਉਹਦੀ ਉਸਤਤ ਹੀ ਕਰਨ।

ਰਾਜਪੂਤਾਨੇ ਦੇ ਜਨਤਕ ਸੇਵਾਦਾਰ ਅਤੇ ਲੀਡਰ ਸ੍ਰੀ ਰਾਮ ਨਰਾਇਣ ਜੀ ਚੌਧਰੀ ਆਪਣਾ ਵਧੇਰਾ ਸਮਾਂ ਮਹਾਤਮਾ ਗਾਂਧੀ ਕੋਲ ਹੀ ਗੁਜ਼ਾਰਦੇ। ਜਦ ਕਦੀ ਉਹ ਦਿੱਲੀ ਪਧਾਰਦੇ ਤਾਂ ਦਫ਼ਤਰ "ਰਿਆਸਤ" ਵਿਚ ਵੀ ਆਉਂਦੇ ਅਤੇ ਕਈ ਕਈ ਘੰਟੇ ਮਹਾਤਮਾ ਗਾਂਧੀ ਦੀਆਂ ਗਲਾਂ ਦਾ ਵਰਣਨ ਕਰਦੇ। ਉਨ੍ਹਾਂ ਦਾ ਕਹਿਣਾ ਹੈ ਕਿ ਬਾਵਜੂਦ ਇਸ ਗਲ ਦੇ ਕਿ ਮਿਸਟਰ ਜਿਨਾਹ ਦੀ ਮੁਸਲਮ ਲੀਗੀ ਪਾਲਿਸੀ ਦੇਸ ਅਤੇ ਕਾਂਗਰਸ ਲਈ ਅਤਿ ਹਾਨੀਕਾਰਕ ਹੈ, ਪਰ ਮਹਾਤਮਾ ਗਾਂਧੀ ਦੇ ਦਿਲ ਵਿਚ ਮਿਸਟਰ ਜਿਨਾਹ ਲਈ ਹਦੋਂ ਬਾਹਰਾ ਸਤਿਕਾਰ ਹੈ ਅਤੇ ਮਹਾਤਮਾ ਗਾਂਧੀ ਪ੍ਰਾਈਵੇਟ ਤੋਂ ਪ੍ਰਾਈਵੇਟ ਮਿਤ੍ਰਾਂ ਵਿਚ ਵੀ ਜਦ ਕਦੀ ਮਿਸਟਰ ਜਿਨਾਹ ਦੀ ਗਲ ਤੋਰਦੇ ਹਨ ਤਾਂ ਅਥਾਹ ਸਤਿਕਾਰ ਅਤੇ ਮੋਹ ਦੇ ਨਾਲ। ਇਸ ਦਾ ਕਾਰਨ ਕੇਵਲ ਇਹ ਹੈ ਕਿ ਮਹਾਤਮਾ ਜੀ ਇਹ ਸਮਝਦੇ ਹਨ ਕਿ ਮਿਸਟਰ ਜਿਨਾਹ ਦੇ ਅੰਦਰ ਆਚਰਣ ਹੈ। ਸਰਕਾਰ ਕਿਸੇ ਮੁਲ ਤੇ ਵੀ ਉਹਨਾਂ ਨੂੰ ਖ਼ਰੀਦ ਨਹੀਂ ਸਕਦੀ ਅਤੇ ਇਹੋ ਕਾਰਨ ਹੈ ਕਿ ਸਰਕਾਰ ਨੇ ਕਦੀ ਵੀ ਜਿਨਾਹ ਨੂੰ ਆਪਣਾ ਨਾ ਜਾਣਿਆਂ ਅਤੇ ਆਪ ਤੋਂ ਸਰਕਾਰ ਸਦਾ ਝੁਿਹਕਦੀ ਰਹੀ। ਜਿਨਾਹ ਦੇ ਮੁਕਾਬਲੇ ਤੇ ਜਿਨ੍ਹਾਂ ਕਾਂਗਰਸੀਆਂ ਅੰਦਰ ਆਚਰਣ ਨਹੀਂ, ਮਹਾਤਮਾ ਜੀ ਉਹਨਾਂ ਨੂੰ ਚੋਰਾਂ ਤੋਂ ਵੀ ਭੈੜਾ ਅਤੇ ਨੀਚ ਸਮਝਦੇ ਹਨ, ਪਰ ਬੇਵਸ ਹਨ ਉਹਨਾਂ ਦੇ ਖਿਲਾਫ਼ ਕੁਝ ਕਰ ਨਹੀਂ ਸਕਦੇ।

ਜਿਹੜੇ ਆਦਮੀ ਜਨਤਾ ਵਿਚ ਸਤਿਕਾਰ ਅਤੇ ਮਸ਼ਹੂਰੀ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹਨਾਂ ਲਈ ਸਭ ਤੋਂ ਵਧੇਰੇ ਜ਼ਰੂਰੀ ਹੈ ਕਿ ਉਹ ਆਪਣੇ ਅੰਦਰ ਆਚਰਣ ਪੈਦਾ ਕਰਨ। ਸੰਸਾਰ ਵਿਚ ਪਦਾਰਥ ਹੀ ਸਭ ਕੁਝ ਨਹੀਂ। ਮਨੁਖ ਨੂੰ ਆਪਣੀ ਆਣ ਤੇ ਰੁਪਿਆ ਨਛਾਵਰ ਕਰਨਾ ਪੈਂਦਾ ਹੈ ਅਤੇ ਸਤਿਕਾਰ ਤਦ ਹੀ ਪ੍ਰਾਪਤ ਹੁੰਦਾ ਹੈ ਜਦ ਮਨੁਖ ਅੰਦਰ ਆਚਰਣ ਹੋਵੇ। ਸਗੋਂ ਧਿਆਨ ਕੀਤਾ ਜਾਵੇ ਤਾਂ ਉਸ ਮਨੁਖ ਤੋਂ ਜਿਹਦੇ ਅੰਦਰ ਆਚਰਣ ਨਹੀਂ;



Digitized by Panjab Digital Library | www.panjabdigilib.org

ਜਿਹੜਾ ਮਿਤਰਾਂ ਨਾਲ ਵੀ ਧਰੋਹ ਕਰਦਾ ਹੈ, ਜਿਹੜਾ ਵਿਸ਼ਵਾਸ ਘਾਤੀ ਹੈ ਅਤੇ ਜਿਹੜਾ ਕੌਮ ਧਰੋਹੀ ਹੈ, ਉਸ ਨਾਲੋਂ ਬਾਜ਼ਾਰ ਦਾ ਇਕ ਆਵਾਰਾ ਕੁਤਾ ਵੀ ਕਿਤੇ ਚੰਗਾ ਹੈ ਜਿਹੜਾ ਆਪਣੇ ਮਿਤਰ ਤੇ ਵੈਰੀ ਦੀ ਪਛਾਣ ਕਰਦਾ ਹੈ ਅਤੇ ਮਿਤਰਾਂ ਨਾਲ ਧਰੋਹ ਨਹੀਂ ਕਰਦਾ ।

## ਚੰਗੇ ਮਨੁਖ ਆਪਣੇ ਦੇਸ਼ ਵਾਸੀਆਂ ਲਈ ਮਾਣ ਦਾ ਕਾਰਨ

ਐਡੀਟਰ "ਰਿਆਸਤ" ਗੁਜਰਾਂਵਾਲਾ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਏਸ ਜ਼ਿਲ੍ਹੇ ਨੇ ਸੈਂਕੜਿਆਂ ਦੀ ਗਿਣਤੀ ਵਿਚ ਪਤ੍ਰਕਾਰ, ਸਾਹਿਤਕਾਰ ਅਤੇ ਵਿਦਿਆ ਪ੍ਰੇਮੀ ਮਹਾਂ ਪੁਰਸ਼ ਪੈਦਾ ਕੀਤੇ। ਸੋ ਇਸ ਜ਼ਿਲ੍ਹੇ ਦੇ ਰਹਿਣ ਵਾਲੇ ਐਡੀਟਰਾਂ ਅਤੇ ਲੇਖਕਾਂ ਵਿਚ ਮੌਲਵੀ ਮਹਿਬੂਬ ਆਲਮ ਐਡੀਟਰ "ਪੈਸਾ ਅਖ਼ਬਾਰ", ਮੌਲਾਨਾ ਜ਼ਫਰ ਅਲੀ ਖਾਂ ਐਡੀਟਰ "ਜ਼ਿਮੀਦਾਰ", ਲਾਲਾ ਦੀਨਾ ਨਾਥ ਐਡੀਟਰ "ਦੇਸ਼" ਤੇ "ਹਿੰਦੁਸਤਾਨ", ਲਾਲਾ ਪਿੰਡੀ ਦਾਸ, ਸਯੱਦ ਵਾਰਸ ਸ਼ਾਹ ਕਰਤਾ "ਹੀਰ", ਰਾਜਾ ਮਹਿਦੀ ਅਲੀ ਖਾਂ, ਮਿਸਟਰ ਹਾਮਦ ਅਲੀ, ਮਹਾਤਮਾ ਨੰਦ ਗੁਪਾਲ ਅਤੇ ਨਸਰ-ਉਲਾ-ਖਾਂ ਅਜ਼ੀਜ਼ ਐਡੀਟਰ "ਕੌਸਰ" ਆਦਿ ਦਰਜਨਾਂ ਹਸਤੀਆਂ ਹਨ ਜਿਨ੍ਹਾਂ ਨੇ ਸਾਹਿਤ ਤੇ ਕਲਾ ਦੀ ਬਹੁਤ ਸੇਵਾ ਕੀਤੀ ਹੈ।

ਐਡੀਟਰ "ਰਿਆਸਤ" ਜਿਨ੍ਹਾਂ ਦਿਨਾਂ ਵਿਚ ਲਖਨਊ ਦੇ ਅਖ਼ਬਾਰ "ਹਮਦਮ" ਵਿਚ ਕੰਮ ਕਰਦਾ ਸੀ, ਦੂਜੇ ਤੀਜੇ ਦਿਨ, ਤੀਜੇ ਪਹਿਰ ਦੇ ਪਿਛੋਂ ਮੁਨਸ਼ੀ ਨੌਬਤ ਰਾਏ ਸਾਹਿਬ 'ਨਜ਼ਰ' ਗਤ ਸੰਪਾਦਕ "ਅਦੀਬ" ਅਲਾਹਬਾਦ ਦੀ ਸੇਵਾ ਵਿਚ ਵੀ ਹਾਜ਼ਰ ਹੋਇਆ ਕਰਦਾ। ਨਜ਼ਰ ਸਾਹਿਬ ਉਸ ਜ਼ਮਾਨੇ 'ਚ ਉਰਦੂ ਦੇ ਇਕ ਕੋਟੀ ਦੇ ਸ਼ਾਇਰ ਅਤੇ ਸਾਹਿਤਕਾਰ ਮੰਨੇ ਜਾਂਦੇ ਸਨ। ਉਸ ਸਮੇਂ 'ਚ ਆਪ ਰੋਜ਼ਾਨਾ "ਅਵਧ ਅਖ਼ਬਾਰ" ਦੇ ਸੰਪਾਦਕ ਸਨ ਅਤੇ ਪੰਜਾਬ ਦੇ ਸੰਪਾਦਕਾਂ ਤੇ ਲੇਖਕਾਂ ਦੇ ਹਾਲਾਂ ਤੋਂ ਚੰਗੇ ਜਾਣੂੰ ਸਨ। ਇਕ ਦਿਨ ਗੱਲਾਂ ਗੱਲਾਂ ਵਿਚ ਆਪ ਨੇ ਮੈਥੋਂ ਪੁਛਿਆ ਕਿ ਵਤਨ ਕਿਹੜਾ ਹੈ? ਮੈਂ ਜਵਾਬ ਦਿਤਾ "ਪੰਜਾਬ।" ਫੇਰ ਕਿਹਾ ਕਿ ਕਿਹੜਾ ਜ਼ਿਲ੍ਹਾ? ਮੈਂ ਜਵਾਬ ਦਿਤਾ "ਗੁਜਰਾਂਵਾਲਾ"। ਗੁਜਰਾਂਵਾਲਾ ਦਾ ਨਾਂ ਸੁਣਦਿਆਂ ਹੀ ਆਪ ਨੇ ਫ਼ਰਮਾਇਆ "ਇਹ ਕਿਉਂ ਨਹੀਂ ਆਖਦੇ ਕਿ 'ਸ਼ੀਰਾਜ਼ੇ ਹਿੰਦ' ਦੇ ਰਹਿਣ ਵਾਲੇ ਹਾਂ ਕਿਉਂਕਿ ਈਰਾਨ ਵਿਚ ਸ਼ੀਰਾਜ਼ ਨੇ ਸੈਂਕੜਿਆਂ ਦੀ ਗਿਣਤੀ ਵਿਚ ਕਲਾ ਪ੍ਰੇਮੀ



Digitized by Panjab Digital Library | www.panjabdigilib.org

ਅਤੇ ਸਾਹਿਤਕਾਰ ਪੈਦਾ ਕੀਤੇ ਅਤੇ ਹਿੰਦੁਸਤਾਨ ਵਿਚ ਗੁਜਰਾਂਵਾਲੇ ਨੇ।"

ਗੁਜਰਾਂਵਾਲੇ ਦੇ ਲਈ "ਸ਼ੀਰਾਜ਼ੇ ਹਿੰਦ" ਦਾ ਰੁਤਬਾ ਸੁਣ ਕੇ ਮੇਰੇ ਦਿਲ ਨੇ ਜਿੰਨੀ ਖ਼ੁਸ਼ੀ ਅਨੁਭਵ ਕੀਤੀ ਕਿ ਮੈਂ ਦਸ ਨਹੀਂ ਸਕਦਾ ਅਤੇ ਇਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਚੰਗੇ ਮਨੁਖਾਂ ਦਾ ਕੰਮ ਉਹਨਾਂ ਦੇ ਦੇਸ਼ ਵਾਸੀਆਂ ਅਤੇ ਉਹਨਾਂ ਦੀ ਸੰਤਾਨ ਲਈ ਵੀ ਮਾਣ ਦਾ ਕਾਰਨ ਹੈ। ਇਸ ਪ੍ਰਕਾਰ ਪੈਗੰਬਰਾਂ, ਗੁਰੂਆਂ ਅਤੇ ਅਵਤਾਰਾਂ ਦੀ ਸੰਤਾਨ ਸੈਂਕੜੇ ਅਤੇ ਹਜ਼ਾਰਾਂ ਵਰ੍ਹੇ ਲੰਘ ਜਾਣ ਪਿਛੋਂ ਵੀ ਅਜ ਤਕ ਲੋਕਾਂ ਵਿਚ ਪੂਜਾ ਕਰਵਾਉਂਦੀ ਹੈ ਅਤੇ ਭੈੜਿਆਂ ਮਨੁਖਾਂ ਦੇ ਸੰਬੰਧੀਆਂ ਤੋਂ ਵੀ ਘ੍ਰਿਣਾ ਕੀਤੀ ਜਾਂਦੀ ਹੈ।

## ਅਸੀਸ ਅਤੇ ਬਦ-ਅਸੀਸ ਦਾ ਅਸਰ

ਪ੍ਰਲੋਕਵਾਸੀ ਮਹਾਰਾਜਾ ਨਾਭਾ ਬਹੁਤ ਵਡੇ ਦੇਸ਼ ਭਗਤ ਅਤੇ ਸਾਹਿਤਕ ਰੁਚੀਆਂ ਰਖਣ ਵਾਲੇ ਵਿਦਿਆ ਪ੍ਰੇਮੀ ਹਸਤੀ ਸਨ। ਉਹਨਾਂ ਦੇ ਵੈਰੀ ਵੀ ਉਹਨਾਂ ਦਿਆਂ ਗੁਣਾਂ ਨੂੰ ਮੰਨਦੇ ਸਨ, ਪਰ ਜਿਥੋਂ ਤਕ ਰਿਆਸਤ ਨਾਭਾ ਦੀ ਐਡਮਨਿਸਟ੍ਰੇਸ਼ਨ ਅਤੇ ਦੂਜੀਆਂ ਕੁਰੀਤੀਆਂ ਦਾ ਸੰਬੰਧ ਹੈ ਨਾਭਾ ਅਤੇ ਦੂਜੀਆਂ ਰਿਆਸਤਾਂ ਵਿਚ ਰਿੰਚਕ ਮਾਤਰ ਵੀ ਭੇਦ ਨਹੀਂ ਸੀ।

ਲੇਖਕ ਜਿਸ ਜ਼ਮਾਨੇ ਵਿਚ ਮਹਾਰਾਜੇ ਕੋਲ ਰਿਆਸਤ ਨਾਭਾ ਵਿਚ ਨੌਕਰ ਸੀ ਉਥੇ ਇਕ ਸਾਧੂ ਬ੍ਰਾਹਮਣ ਰਿਹਾ ਕਰਦੇ ਸੀ ਜਿਨ੍ਹਾਂ ਦਾ ਨਾਂ ਮੈਂ ਭੁਲ ਗਿਆ ਹਾਂ। ਉਹ ਨੇਤ੍ਰਾਂ ਤੋਂ ਹੀਣ ਸਨ। ਇਕ ਲੰਮੇ ਸਮੇਂ ਤਕ ਸਵਾਮੀ ਦਯਾ ਨੰਦ ਆਰੀਆ ਸਮਾਜ ਦੇ ਬਾਨੀ ਦੇ ਨਾਲ ਰਹੇ ਅਤੇ ਉਹਨਾਂ ਨੇ ਸਵਾਮੀ ਜੀ ਤੋਂ ਹੀ ਸੰਸਕ੍ਰਿਤ ਵੀ ਪੜ੍ਹੀ ਸੀ। ਇਹ ਪੰਡਤ ਜੀ ਐਡੀਟਰ "ਰਿਆਸਤ" ਨੂੰ ਮਿਲਣ ਆਉਂਦੇ ਰਹਿੰਦੇ ਸਨ ਅਤੇ ਸਵਾਮੀ ਦਯਾ ਨੰਦ ਜੀ ਬਾਰੇ ਆਪਣੀ ਅੱਖੀਂ ਡਿਠੀਆਂ ਅਤੇ ਬੜੀਆਂ ਸਵਾਦਲੀਆਂ ਗੱਲਾਂ ਸੁਣਾਉਂਦੇ ਹੁੰਦੇ ਸਨ। ਪੰਡਤ ਜੀ—ਜੋ ਸਾਧਾਂ ਦੇ ਭੇਖ ਵਿਚ ਰਹਿੰਦੇ ਸਨ—ਬ੍ਰਿਧ ਹੋ ਚੁਕੇ ਸਨ ਅਤੇ ਉਹਨਾਂ ਦੀ ਪਤਨੀ ਤੇ ਬੱਚੇ ਵੀ ਮੌਜੂਦ ਸਨ। ਬੱਚਿਆਂ 'ਚੋਂ ਇਕ ਕੁੜੀ ਦਾ ਨਾਂ ਈਸ਼ਰ ਕੌਰ ਸੀ ਅਤੇ ਮੁੰਡੇ ਦਾ ਨਾਂ ਈਸ਼ਰ ਸਿੰਘ—ਇਹ ਦੋਵੇਂ ਅਜ ਕਲ ਸ਼ਾਇਦ ਡੇਹਰਾਦੂਨ ਰਹਿੰਦੇ ਹਨ—ਪੰਡਤ ਜੀ ਦੀ ਪਤਨੀ ਕਾਫ਼ੀ ਬ੍ਰਿਧ ਅਤੇ ਸੁਕੀ ਸੜੀ ਤੇ ਬਹੁਤ ਹੀ ਲਿਸੀ ਸੀ।

ਮਹਾਰਾਜਾ ਨਾਭਾ ਆਪਣੇ ਇਕ ਏ. ਡੀ. ਸੀ. ਨਾਲ ਗੁੱਸੇ ਹ ਗਿਆ। ਏਸ



Digitized by Panjab Digital Library | www.panjabdigilib.org

ਏ. ਡੀ. ਸੀ. ਨਜਾਇਜ਼ ਮੇਲ ਜੋਲ ਪੰਡਤ ਜੀ ਦੀ ਸਪੁਤ੍ਰੀ ਈਸ਼ਰ ਕੌਰ ਨਾਲ ਸੀ। ਮਹਾਰਾਜਾ ਦੀ ਨਾਰਾਜ਼ਗੀ ਦੇ ਕਾਰਨ ਜਦ ਇਹ ਏ. ਡੀ. ਸੀ. ਨਾਭੇ ਤੋਂ ਚਲਾ ਗਿਆ ਤਾਂ ਉਸ ਨੇ ਇਕ ਜ਼ਨਾਨੀ ਭੇਜ ਕੇ ਏਸ ਈਸ਼ਰ ਕੌਰ ਨੂੰ ਵੀ ਆਪਣੇ ਪਾਸ ਲਾਹੌਰ ਬੁਲਾ ਲਿਆ । ਈਸ਼ਰ ਕੌਰ ਦੇ ਜਾਣ ਦਾ ਜਦੋਂ ਮਹਾਰਾਜਾ ਨੂੰ ਪਤਾ ਲਗਾ ਤਾਂ ਪੁਲੀਸ ਨੇ ਪੰਡਤ ਜੀ ਤੋਂ ਇਕ ਅਰਜ਼ੀ ਲਈ, ਜਿਸ ਵਿਚ ਲਿਖਿਆ ਗਿਆ ਕਿ ਇਹ ਏ. ਡੀ. ਸੀ. ਇਹਨਾਂ ਦੀ ਸਪੁਤ੍ਰੀ ਈਸ਼ਰ ਕੌਰ ਨੂੰ ਵਰਗਲਾ ਕੇ ਲੈ ਗਿਆ ਹੈ । ਪਿਓ ਦੀ ਅਰਜ਼ੀ ਤੇ ਧੀ ਤੇ ਉਸ ਦੇ ਯਾਰ ਦੇ ਵਿਰੁਧ ਵਾਰੰਟ ਗ੍ਰਿਫ਼ਤਾਰੀ ਜਾਰੀ ਕੀਤੇ ਗਏ ਅਤੇ ਨਾਲ ਹੀ ਈਸ਼ਰ ਕੌਰ ਦੀ ਮਾਂ ਭਾਵ ਬ੍ਰਿਧ ਪੰਡਤ ਜੀ ਦੀ ਬ੍ਰਿਧ ਇਸਤ੍ਰੀ ਨੂੰ ਵੀ ਵਰਗਲਾਉਣ ਵਿਚ ਮਦਦ ਕਰਨ ਦੇ ਅਪਰਾਧ ਵਿਚ ਬਿਨਾਂ ਜ਼ਮਾਨਤ ਲੀਤੇ ਹਵਾਲਾਤ ਵਿਚ ਬੰਦ ਕਰ ਦਿਤਾ ਗਿਆ ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਇਹ ਬ੍ਰਿਧਾ ਕੁਤਵਾਲੀ ਦੀ ਹਵਾਲਾਤ ਵਿਚ ਬੰਦ ਸੀ। ਮਈ ਜੂਨ ਦਾ ਮਹੀਨਾ ਸੀ। ਛਤ ਤੇ ਉਪਰ ਸੌਣ ਵਾਲੇ ਵੀ ਗਰਮੀ ਦੀ ਤੇਜ਼ੀ ਤੋਂ ਤੜਫਦੇ ਸਨ, ਪਰ ਇਹ ਜ਼ਨਾਨੀ ਬਿਨਾਂ ਕਿਸੇ ਅਪਰਾਧ ਜਾਂ ਕਸੂਰ ਦੇ ਹਵਾਲਾਤ ਦੇ ਬੰਦ ਕਮਰਿਆਂ 'ਚ ਕੈਦ ਸੀ । ਸਾਰੀ ਰਾਤ ਨਾ ਸੌਂ ਸਕਦੀ ਅਤੇ ਥੋੜ੍ਹੇ ਥੋੜ੍ਹੇ ਚਿਰ ਪਿਛੋਂ ਜਦ ਇਹ ਰੋਂਦੀ ਹੋਈ ਉੱਚੀ ਅਤੇ ਦਰਦੀਲੀ ਆਵਾਜ਼ ਨਾਲ "ਹਾਏ ਮੈਂ ਮਰ ਗਈ" "ਹਾਏ ਮੈਂ ਬੇਗੁਨਾਹ ਹਾਂ" "ਹਾਏ ਮੇਰਾ ਕੀ ਕਸੂਰ ਹੈ" ਕਹਿੰਦੀ ਤਾਂ ਕੁਤਵਾਲੀ ਦੇ ਨੇੜੇ ਦਿਆਂ ਮਕਾਨਾਂ ਦੀਆਂ ਛਤਾਂ ਤੇ ਸੁਤੇ ਹੋਏ ਲੋਕਾਂ ਦੇ ਲੂੰ ਕੰਡੇ ਖੜੇ ਹੋ ਜਾਂਦੇ ।

ਅਤਿਆਚਾਰ ਦੀਆਂ ਕਈ ਘਟਨਾਵਾਂ ਵਿਚੋਂ ਇਹ ਇਕ ਘਟਨਾ ਹੈ ਜਿਸ ਨੂੰ ਵੇਖ ਕੇ ਐਡੀਟਰ "ਰਿਆਸਤ" ਨੂੰ ਨਾਭੇ ਦੀ ਨੌਕਰੀ ਵਿਚ ਹੀ ਇਹ ਵਿਚਾਰ ਉਤਪਨ ਹੋਇਆ ਕਿ ਰਿਆਸਤਾਂ ਦੇ ਵਾਲੀਆਂ ਦੇ ਅਤਿਆਚਾਰਾਂ ਵਿਰੁਧ ਆਵਾਜ਼ ਚੁਕਣੀ ਚਾਹੀਦੀ ਹੈ । ਏਸ ਮਤਲਬ ਲਈ ਅਖ਼ਬਾਰ ਜਾਰੀ ਹੋਵੇ ਅਤੇ ਰਜਵਾੜਿਆਂ 'ਚ ਇਨਕਲਾਬ (ਤਬਦੀਲੀ) ਪੈਦਾ ਕੀਤਾ ਜਾਵੇ ।

ਹੁਣ ਨਾ ਤਾਂ ਮਹਾਰਾਜਾ ਨਾਭਾ ਇਸ ਦੁਨੀਆਂ ਵਿਚ ਹਨ ਨਾ ਇਹ ਬ੍ਰਿਧ ਅਤੇ ਕਮਜ਼ੋਰ ਜ਼ਨਾਨੀ, ਪਰ ਮੇਰਾ ਵਿਸ਼ਵਾਸ ਹੈ ਕਿ ਮਹਾਰਾਜਾ ਨਾਭਾ ਦੀ ਤਬਾਹੀ ਦਾ ਕਾਰਨ ਜਿਨ੍ਹਾਂ ਲੋਕਾਂ ਦੀਆਂ ਬਦ-ਅਸੀਸਾਂ ਸਨ ਉਹਨਾਂ ਵਿਚੋਂ ਏਸ ਬੇਗੁਨਾਹ ਅਤੇ ਬੇਕਸੂਰ ਬ੍ਰਿਧਾ ਦੀਆਂ ਬਦ-ਅਸੀਸਾਂ ਦਾ ਵੀ ਕਾਫ਼ੀ ਹਿਸਾ ਸੀ । ਏਸ ਇਸਤਰੀ ਦੀ ਇਹ ਘਟਨਾ ਹੀ ਅਖਬਾਰ "ਰਿਆਸਤ" ਦਾ ਦ੍ਰਿੜ੍ਹ ਨਿਸ਼ਚਾ ਹੈ ਕਿ ਉਹਨਾਂ ਆਦਮੀਆਂ ਨੂੰ ਕੁਦਰਤ ਜ਼ਰੂਰ ਦੰਡ ਦਿੰਦੀ ਹੈ ਜੋ ਮਾਸੂਮ



Digitized by Panjab Digital Library | www.panjabdigilib.org

ਅਤੇ ਬੇਗੁਨਾਹ ਲੋਕਾਂ ਦੇ ਨਾਲ ਅਤਿਆਚਾਰ ਕਰਦੇ ਹਨ, ਭਾਵੇਂ ਇਹ ਦੰਡ ਉਸੇ ਵੇਲੇ ਮਿਲੇ ਜਾਂ ਦੋ, ਚਾਰ, ਦਸ ਵਰ੍ਹਿਆਂ ਪਿਛੋਂ ਮਿਲੇ। ਰਬ ਭਾਵੇਂ ਕਿਤੇ ਹੈ ਜਾਂ ਨਹੀਂ, ਪਰ ਦੰਡ ਦੇਣ ਵਾਲੀ ਕੋਈ ਨਾ ਕੋਈ ਸ਼ਕਤੀ ਜ਼ਰੂਰ ਵਰਤਮਾਨ ਹੈ ਅਤੇ ਇਹ ਹੋ ਨਹੀਂ ਸਕਦਾ ਕਿ ਅਸੀਸ ਅਤੇ ਬਦ-ਅਸੀਸ ਦਾ ਅਸਰ ਨਾ ਹੋਵੇ।

## ਮਾਂ ਦੀ ਮਮਤਾ

ਪੰਜਾਬ ਦੀ ਅਕਾਲੀ ਲਹਿਰ ਦਾ ਮੁੱਢ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਤੋਂ ਬਝਾ। ਗੁਰਦੁਆਰਾ ਗੌਰਮਿੰਟ ਸੈਕਰੇਟੇਰੀਏਟ ਦੇ ਬਿਲਕੁਲ ਨੇੜੇ ਹੈ। ਸਰਕਾਰ ਚਾਹੁੰਦੀ ਸੀ ਕਿ ਏਸ ਗੁਰਦੁਆਰੇ ਦੀ ਬਾਹਰਲੀ ਕੰਧ ਨੂੰ ਢਾਹ ਦਿਤਾ ਜਾਵੇ ਤਾਕਿ ਕੋਈ ਬੰਬ-ਬਾਜ ਜਾਂ ਅਨਾਰਕਿਸਟ ਏਸ ਕੰਧ ਦੇ ਪਿਛੇ ਲੁਕ ਕੇ ਕਦੇ ਕੋਈ ਵਾਰ ਨਾ ਕਰ ਸਕੇ। ਸਿਖ ਏਸ ਕੰਧ ਨੂੰ ਮਸੀਤ ਮਛੀ ਬਾਜ਼ਾਰ ਕਾਨਪੁਰ ਦੇ ਗੁਸਲਖ਼ਾਨੇ ਦੀ ਤਰ੍ਹਾਂ ਗੁਰਦੁਆਰੇ ਦਾ ਇਕ ਹਿੱਸਾ ਸਮਝਦੇ ਸਨ ਅਤੇ ਏਸ ਕੰਧ ਦੀ ਹਿਫ਼ਾਜ਼ਤ ਲਈ ਹੀ ਅਕਾਲੀ—ਜਿਹੜੇ ਮਰਨ ਤੋਂ ਨਾ ਡਰਨ—ਮੈਦਾਨ ਵਿਚ ਨਿਤਰੇ। ਏਸ ਕੰਧ ਦੀ ਫ਼ਤਹਿਯਾਬੀ ਨੇ ਅਕਾਲੀ ਲਹਿਰ ਨੂੰ ਇਕ ਪੱਕੀ ਅਤੇ ਮਜ਼ਬੂਤ ਹੈਸੀਅਤ ਦੇਣ ਦਾ ਕੰਮ ਕੀਤਾ। ਇਸ ਤਰ੍ਹਾਂ ਅਜ ਪੰਜਾਬ ਮਨਿਸਟਰੀ ਅਤੇ ਸਰਕਾਰ ਹਿੰਦ ਦੀ ਵਜ਼ਾਰਤ ਵਿਚ ਅਕਾਲੀਆਂ ਦੀ ਸਲਾਹ ਨਾਲ ਹੀ ਸਿਖ ਵਜ਼ੀਰ ਲਏ ਜਾਂਦੇ ਹਨ।

ਮੈਂ ਜਦ ਰਿਆਸਤ ਨਾਭਾ ਵਿਚ ਨੌਕਰ ਸਾਂ ਤਾਂ ਉਸ ਵੇਲੇ ਉਥੇ ਅਸੀਂ ਚਾਰ ਜਰਨਲਿਸਟ ਸਾਂ। (੧) ਮੈਂ (੨) ਮਿਸਟਰ ਐਸ. ਰੰਗਾ ਆਇਰ ਗਤ ਸਬ ਐਡੀਟਰ "ਲੀਡਰ" ਅਲਾਹਬਾਦ (੩) ਸਰਦਾਰ ਸੋਹਨ ਸਿੰਘ ਰਾਹੀ ਅਤੇ (੪) ਸਰਦਾਰ ਚਰਨ ਸਿੰਘ ਸ਼ਹੀਦ। ਅਕਾਲੀ ਲਹਿਰ ਜਦ ਜ਼ੋਰ ਫੜ ਰਹੀ ਸੀ ਤਾਂ ਮਹਾਰਾਜਾ ਨਾਭਾ ਨੇ ਇਕ ਦਿਨ ਮੈਨੂੰ ਕਿਹਾ ਕਿ ਮੈਂ ਪੰਜਾਬ ਦਾ ਦੌਰਾ ਕਰਕੇ ਪਤਾ ਕਰਾਂ ਕਿ ਏਸ ਨਵੀਂ ਅਕਾਲੀ ਲਹਿਰ ਦੀ ਤਹਿ ਵਿਚ ਕੀ ਮਤਲਬ ਹੈ। ਇਸ ਦੇ ਨਾਲ ਕਿਹੜੇ ਕਿਹੜੇ ਰਸੂਖ਼ ਵਾਲੇ ਸਜਨ ਸ਼ਾਮਲ ਹਨ। ਚੀਫ਼ ਖ਼ਾਲਸਾ ਦੀਵਾਨ (ਸਰਕਾਰ ਪ੍ਰਜ ਪਾਰਟੀ) ਦਾ ਇਹਦੇ ਨਾਲ ਕਿਥੋਂ ਤਕ ਸੰਬੰਧ ਹੈ। ਸਰਕਾਰ ਵਿਚ ਇਸ ਦੀ ਕੀ ਪੁਜ਼ੀਸ਼ਨ ਹੈ ਅਤੇ ਇਸ ਦਾ ਭਵਿਖ ਕਿਹੋ ਜਿਹਾ ਨਜ਼ਰ ਆਉਂਦਾ ਹੈ। ਮੈਂ ਮਹਾਰਾਜਾ ਦੇ ਹੁਕਮ ਅਨੁਸਾਰ ਨਾਭੇ ਤੋਂ ਚਲ ਕੇ ਸਭ ਤੋਂ ਪਹਿਲਾਂ ਅੰਮ੍ਰਿਤਸਰ ਪਹੁੰਚਿਆ। ਓਥੇ ਸਿਖਾਂ ਦੇ ਕਈਆਂ ਲੀਡਰਾਂ



Digitized by Panjab Digital Library | www.panjabdigilib.org

ਅਤੇ ਵਰਕਰਾਂ ਨਾਲ ਜਾਣ ਪਛਾਣ ਸੀ। ਕਈਆਂ ਸਜਨਾਂ ਨੂੰ ਮਿਲਣ ਪਿਛੋਂ ਮਾਸਟਰ ਤਾਰਾ ਸਿੰਘ (ਜਿਹੜੇ ਅਕਾਲੀ ਲਹਿਰ ਦੇ ਸਭ ਤੋਂ ਵਡੇ ਲੀਡਰ ਸਨ) ਨੂੰ ਮਿਲਿਆ। ਮਾਸਟਰ ਸਾਹਿਬ ਨਾਲ ਚਿਰ ਤਕ ਗਲਾਂ ਬਾਤਾਂ ਹੁੰਦੀਆਂ ਰਹੀਆਂ। ਗਲਾਂ ਗਲਾਂ ਵਿਚ ਹੀ ਉਹਨਾਂ ਤੋਂ ਪਤਾ ਲਗਾ ਕਿ ਪਟਿਆਲੇ ਦੇ ਸਰਦਾਰ ਲਾਲ ਸਿੰਘ ਦੇ ਕਤਲ ਸੰਬੰਧੀ ਕਾਗਜ਼ ਪਤਰ ਉਹਨਾਂ ਦੇ ਇਕ ਮਿਤਰ ਸਰਦਾਰ ਤ੍ਰਿਲੋਕ ਸਿੰਘ ਮੈਨੇਜਰ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਜ਼ਿਲਾ ਰਾਵਲਪਿੰਡੀ ਪਾਸ ਮੌਜੂਦ ਹਨ।

ਸਰਦਾਰ ਲਾਲ ਸਿੰਘ ਸ੍ਵਰਗਵਾਸੀ ਮਹਾਰਾਜਾ ਪਟਿਆਲਾ ਦੀ ਮਹਾਰਾਣੀ (ਵਰਤਮਾਨ ਮਹਾਰਾਣੀ ਪਟਿਆਲਾ ਦੀ ਸਕੀ ਮਾਂ) ਦੇ ਚਾਚਾ ਸਨ। ਸਰਦਾਰ ਲਾਲ ਸਿੰਘ ਦੀ ਵਹੁਟੀ ਦਲੀਪ ਕੌਰ ਬਹੁਤ ਜ਼ਿਆਦਾ ਮੂੰਹ ਚਿਤ ਲਗਦੀ ਸੀ ਅਤੇ ਮਹਾਰਾਜਾ ਦਾ ਏਸ ਤੀਵੀਂ ਨਾਲ ਅਯੋਗ ਸੰਬੰਧ ਸੀ। ਮਹਾਰਾਜਾ ਨੇ ਚਾਹਿਆ ਕਿ ਸਰਦਾਰ ਲਾਲ ਸਿੰਘ ਪੰਜਾਹ ਹਜ਼ਾਰ ਰੁਪਿਆ ਜਾਂ ਇਸ ਤੋਂ ਵਧੇਰੇ ਰਕਮ ਲੈ ਕੇ ਦੂਜੀ ਸ਼ਾਦੀ ਕਰ ਲੈਣ ਅਤੇ ਦਲੀਪ ਕੌਰ ਨੂੰ ਛਡ ਦੇਣ, ਪਰ ਸਰਦਾਰ ਲਾਲ ਸਿੰਘ ਇਸ ਗਲ ਤੇ ਰਾਜ਼ੀ ਨਾ ਹੋਇਆ। ਏਸ ਇਨਕਾਰ ਦੇ ਪਿਛੋਂ ਮਹਾਰਾਜਾ ਨੇ ਸਰਦਾਰ ਲਾਲ ਸਿੰਘ ਨੂੰ ਕਤਲ ਕਰਵਾ ਦਿਤਾ। ਏਸ ਕਤਲ ਵਿਚ ਜਿਨ੍ਹਾਂ ਲੋਕਾਂ ਦਾ ਹੱਥ ਸੀ ਉਹਨਾਂ 'ਚੋਂ ਕੁਝ ਤਾਂ ਮਰ ਖਪ ਗਏ ਹਨ ਅਤੇ ਕੁਝ ਅਜੇ ਜੀਊਂਦੇ ਹਨ। ਇਸ ਤਰ੍ਹਾਂ ਜਿਨ੍ਹਾਂ ਕਾਗਜ਼ਾਂ ਦੀ ਮਾਸਟਰ ਤਾਰਾ ਸਿੰਘ ਨੇ ਐਡੀਟਰ "ਰਿਆਸਤ" ਪਾਸ ਗਲ ਕੀਤੀ, ਉਹਨਾਂ ਵਿਚ ਉਹ ਖਰੜਾ ਵੀ ਸੀ ਜੋ ਸਰਦਾਰ ਲਾਲ ਸਿੰਘ ਨੂੰ ਏਸ ਮਤਲਬ ਲਈ ਦਿਤਾ ਗਿਆ ਸੀ ਕਿ ਉਹ ਆਪਣੀ ਵਹੁਟੀ ਨੂੰ ਛਡਣ ਬਾਰੇ ਇਨ੍ਹਾਂ ਤੇ ਦਸਖ਼ਤ ਕਰ ਦੇਣ ਅਤੇ ਸਰਦਾਰ ਬਹਾਦਰ ਸਰ ਸੁੰਦਰ ਸਿੰਘ ਮਜੀਠਾ ਸਾਬਕ ਵਜ਼ੀਰ ਪੰਜਾਬ ਸਰਕਾਰ ਦੀਆਂ ਚਿੱਠੀਆਂ ਵੀ ਸਨ, ਜਿਨ੍ਹਾਂ ਤੋਂ ਸਪਸ਼ਟ ਹੁੰਦਾ ਸੀ ਕਿ ਕਤਲ ਪਿਛੋਂ ਜਦ ਲੋਕਾਂ ਨੂੰ ਅਤੇ ਸਰਕਾਰ ਨੂੰ ਕਤਲ ਦੀ ਖ਼ਬਰ ਮਿਲੀ ਤਾਂ ਇਸ ਘਟਨਾ ਉਤੇ ਪੜਦਾ ਪਾਉਣ ਦੀ ਕੋਸ਼ਸ਼ ਕੀਤੀ ਗਈ। ਇਸ ਕਤਲ ਦੇ ਹਾਲ ਬੜੇ ਸਵਾਦੀ, ਦਰਦਨਾਕ, ਲੰਮੇ ਅਤੇ ਇਕ ਪੂਰੀ ਕਿਤਾਬ ਲਿਖੀ ਜਾਣ ਦੇ ਯੋਗ ਹਨ।

ਐਡੀਟਰ "ਰਿਆਸਤ" ਮਾਸਟਰ ਤਾਰਾ ਸਿੰਘ ਨੂੰ ਮਿਲਕੇ ਲਾਹੌਰ ਆਦਿ ਕਈ ਥਾਵਾਂ ਤੇ ਦੂਜੇ ਸਿਖ ਲੀਡਰਾਂ ਨੂੰ ਮਿਲਣ ਲਈ ਗਿਆ ਅਤੇ ਦਸਾਂ ਦਿਨਾਂ ਦੇ ਏਸ ਦੌਰੇ ਪਿਛੋਂ ਜਦ ਵਾਪਸ ਨਾਭੇ ਪਹੁੰਚਾ ਤਾਂ ਅਕਾਲੀ ਲਹਿਰ ਦੇ ਬਾਰੇ ਆਖਣੀ ਰੀਪੋਰਟ ਦੇ ਨਾਲ ਹੀ ਮਹਾਰਾਜਾ ਨੂੰ ਲਿਖਿਆ ਕਿ ਸਰਦਾਰ



Digitized by Panjab Digital Library | www.panjabdigilib.org

ਲਾਲ ਸਿੰਘ ਦੇ ਕਤਲ ਸੰਬੰਧੀ ਕਾਗ਼ਜ਼ਾਂ ਬਾਰੇ ਮਾਸਟਰ ਤਾਰਾ ਸਿੰਘ ਨਾਲ ਕੀ ਗਲ ਬਾਤ ਹੋਈ । ਮਹਾਰਾਜਾ ਇਹਨਾਂ ਕਾਗ਼ਜ਼ਾਂ ਨੂੰ ਪ੍ਰਾਪਤ ਕਰਨ ਲਈ ਕਾਫ਼ੀ ਚਿਰ ਤੋਂ ਕੋਸ਼ਸ਼ ਵਿਚ ਸੀ ਕਿਉਂਕਿ ਇਹ ਕਾਗ਼ਜ਼ ਮਹਾਰਾਜਾ ਪਟਿਆਲਾ ਦੇ ਵਿਰੁਧ ਕਤਲ ਦਾ ਜ਼ੁਰਮ ਸਾਬਤ ਕਰ ਸਕਦੇ ਸਨ । ਮੇਰੀ ਚਿੱਠੀ ਵੇਖ ਕੇ ਮਹਾਰਾਜਾ ਬਹੁਤ ਖ਼ੁਸ਼ ਹੋਏ ਮੈਨੂੰ ਬੁਲਾਇਆ ਗਿਆ ਜ਼ਬਾਨੀ ਸਭ ਕੁਝ ਪੁਛਿਆ ਅਤੇ ਕਿਹਾ ਕਿ ਜਿਸ ਤਰ੍ਹਾਂ ਵੀ ਹੋ ਸਕੇ ਇਹਨਾਂ ਕਾਗ਼ਜ਼ਾਂ ਨੂੰ ਪ੍ਰਾਪਤ ਕੀਤਾ ਜਾਵੇ ਭਾਵੇਂ ਇਹਨਾਂ ਕਾਗਜ਼ਾਂ ਤੇ ਕਿੰਨਾ ਵੀ ਰੁਪਿਆ ਖ਼ਰਚ ਹੋਵੇ ।

ਮੈਂ ਮਹਾਰਾਜਾ ਸਾਹਿਬ ਤੋਂ ਪੁਛਿਆ ਕਿ ਕਿੰਨਾ ਰੁਪਿਆ ਵਧ ਤੋਂ ਵਧ ਇਹਨਾਂ ਕਾਗਜ਼ਾਂ ਤੇ ਖ਼ਰਚ ਕੀਤਾ ਜਾ ਸਕਦਾ ਹੈ । ਮਹਾਰਾਜਾ ਨੇ ਜਵਾਬ ਦਿਤਾ ਕਿ ਇਕ ਜਾਂ ਦੋ ਲਖ ਜਾਂ ਜੇਕਰ ਵਧੇਰੇ ਲੋੜ ਪਵੇ ਤਾਂ ਵਧ ਵੀ ।

ਅਗਲੀ ਭਲਕ ਮੈਂ ਸਫ਼ਰ ਦੇ ਖ਼ਰਚਾਂ ਲਈ ਪੰਜ ਸੌ ਰੁਪਿਆ ਸਰਦਾਰ ਗੁਰਦਿਆਲ ਸਿੰਘ ਪ੍ਰਾਈਵੇਟ ਸਕੱਤਰ — ਜੋ ਪਿਛੋਂ ਨਾਭੇ ਵਿਚ ਵਜ਼ੀਰ ਬਣੇ ਅਤੇ ਸਰਦਾਰ ਬਹਾਦਰ ਸਨ — ਤੋਂ ਲਿਆ ਅਤੇ ਸਿਧਾ ਗੁਜਰ ਖਾਂ (ਜ਼ਿਲ੍ਹਾ ਰਾਵਲ ਪਿੰਡੀ) ਸਰਦਾਰ ਨਾਨਕ ਸਿੰਘ ਦੇ ਮਕਾਨ ਤੇ ਪਹੁੰਚਾ —ਸਰਦਾਰ ਨਾਨਕ ਸਿੰਘ ਕਿਸੇ ਸਮੇਂ ਪਟਿਆਲੇ ਵਿਚ ਸੁਪ੍ਰੰਟੈਂਡੈਂਟ ਪੁਲੀਸ ਸੀ. ਆਈ. ਡੀ. ਸਨ ਅਤੇ ਸਰਦਾਰ ਲਾਲ ਸਿੰਘ ਨੂੰ ਕਤਲ ਕਰਨ ਦੀ ਊਜ ਵਿਚ ਉਸ ਵੇਲੇ ਪਟਿਆਲਾ ਜੇਲ੍ਹ ਵਿਚ ਸਨ ਅਤੇ ਕਤਲ ਦੇ ਕਾਗ਼ਜ਼ ਉਹਨਾਂ ਨੇ ਹੀ ਆਪਣੇ ਭਣਵੱਈਏ ਸਰਦਾਰ ਤ੍ਰਿਲੋਕ ਸਿੰਘ ਨੂੰ ਦਿਤੇ ਸਨ ਤਾਕਿ ਸਾਂਭੇ ਰਹਿਣ — ਮੈਨੂੰ ਚੰਗੀ ਤਰ੍ਹਾਂ ਯਾਦ ਹੈ ਸਰਦਾਰ ਨਾਨਕ ਸਿੰਘ ਦੇ ਘਰ ਵਿਚ ਉਹਨਾਂ ਦੀ ਬੁਢੀ ਅਤੇ ਬ੍ਰਿਧ ਮਾਤਾ ਅਤੇ ਇਕ ਭੈਣ ਸੀ । ਉਹਨਾਂ ਦੀ ਭੈਣ ਦਾ ਨਾਂ ਸ਼ਾਇਦ ਗੁਬਿੰਦਰ ਕੌਰ ਸੀ । ਏਸ ਲੜਕੀ ਦਾ ਵਿਆਹ ਹੋਇਆਂ ਅਜੇ ਦੋ ਤਿੰਨ ਮਹੀਨੇ ਹੀ ਹੋਏ ਸਨ ਅਤੇ ਉਸ ਦਿਆਂ ਹਥਾਂ ਵਿਚ ਲਾਲ ਚੂੜਾ — ਜੋ ਵਿਆਹ ਹੋਣ ਦੇ ਪਿਛੋਂ ਪੰਜਾਬ ਵਿਚ ਇਕ ਵਰ੍ਹੇ ਤਕ ਪਾਇਆ ਜਾਂਦਾ ਹੈ—ਸੀ । ਇਹਨਾਂ ਦੋਹਾਂ ਸਵਾਣੀਆਂ ਨੂੰ ਜਦ ਪਤਾ ਲਗਾ ਕਿ ਮੈਂ ਨਾਭੇ ਤੋਂ ਆਇਆ ਹਾਂ । ਨਾਭੇ ਅਤੇ ਪਟਿਆਲੇ ਦੋਹਾਂ ਵਿਚ ਦੁਸ਼ਮਨੀ ਹੈ ਅਤੇ ਜੇਕਰ ਲਾਲ ਸਿੰਘ ਦੇ ਕਤਲ ਸੰਬੰਧੀ ਕਾਗ਼ਜ਼ ਮਹਾਰਾਜਾ ਨਾਭਾ ਨੂੰ ਦੇ ਦਿਤੇ ਜਾਣ ਤਾਂ ਮਹਾਰਾਜਾ ਪਟਿਆਲਾ ਏਸ ਕਤਲ ਦੇ ਜੁਰਮ ਵਿਚ ਗਦੀ ਤੋਂ ਲਹਿ ਸਕਦਾ ਹੈ । ਜਿਸ ਦਾ ਸਿੱਟਾ ਇਹ ਹੋਵੇਗਾ ਕਿ ਸਰਦਾਰ ਨਾਨਕ ਸਿੰਘ ਵੀ ਪਟਿਆਲਾ ਜੇਲ੍ਹ ਤੋਂ ਰਿਹਾ ਕਰ ਦਿਤੇ ਜਾਣਗੇ, ਤਾਂ ਇਹਨਾਂ ਮਾਂ, ਧੀ ਦੇ ਚਿਹਰਿਆਂ ਤੇ ਚਾਅ ਅਤੇ ਖ਼ੁਸ਼ੀ ਦਾ ਲਾਲ ਰੰਗ ਚਮਕਣ ਲਗਾ । ਇਸ ਪਿਛੋਂ ਸਰਦਾਰ ਨਾਨਕ ਸਿੰਘ ਦੀ ਮਾਂ ਨੇ



Digitized by Panjab Digital Library | www.panjabdigilib.org

ਮੈਨੂੰ ਆਪਣੇ ਪੁਤਰ ਦੇ ਵਿਛੋੜੇ ਅਤੇ ਆਪਣੇ ਦੁਖਾਂ ਦੀ ਕਹਾਣੀ ਸੁਣਾਉਣੀ ਸ਼ੁਰੂ ਕੀਤੀ ਅਤੇ ਉਸ ਬੁਢੜੀ ਤੇ ਦੁਖੀ ਸਵਾਣੀ ਨੇ ਜਦ ਇਹ ਆਖਿਆ ਕਿ ਨਾਨਕ ਸਿੰਘ ਕੈਦ ਹੋਣ ਦੇ ਕਾਰਨ ਆਪਣੀ ਭੈਣ ਦੇ ਵਿਆਹ ਵਿਚ ਵੀ ਸ਼ਾਮਲ ਨਹੀਂ ਹੋ ਸਕਿਆ ਤਾਂ ਪਾਸ ਬੈਠੀ ਅਲ੍ਹੜ, ਜਵਾਨ, ਸੁੰਦਰ ਅਤੇ ਲਾਲ ਚੂੜੇ ਵਾਲੀ ਗੁਬਿੰਦਰ ਕੌਰ ਦੀਆਂ ਅੱਖਾਂ ਭਰਾ ਦੇ ਪਿਆਰ ਵਿਚ ਅੱਥਰੂਆਂ ਨਾਲ ਭਰ ਗਈਆਂ ਅਤੇ ਉਸ ਨੇ ਸ਼ਰਮ ਨਾਲ ਆਪਣੀਆਂ ਅੱਖਾਂ ਨੀਵੀਆਂ ਕਰ ਲਈਆਂ। ਇਸ ਪਿਛੋਂ ਸਰਦਾਰ ਨਾਨਕ ਸਿੰਘ ਦੇ ਮਾਮਾ ਸਰਦਾਰ ਜੈ ਸਿੰਘ ਅਤੇ ਦੂਜੇ ਸੰਬੰਧੀ ਵੀ ਆ ਗਏ। ਰਾਵਲਪਿੰਡੀ ਅਤੇ ਸਰਹਦ ਦੇ ਲੋਕ ਉਂਜ ਸੁਭਾਵਕ ਹੀ ਹਦੋਂ ਵਧ ਪ੍ਰਾਹੁਣਾਚਾਰੀ 'ਚ ਵਧ ਚੜ੍ਹ ਕੇ ਹੁੰਦੇ ਹਨ, ਪਰ ਮੈਨੂੰ ਤਾਂ ਉਸ ਵੇਲੇ ਇਕ ਦੇਵਤਾ ਸਮਝ ਰਹੇ ਸਨ ਜੋ ਨਾਨਕ ਸਿੰਘ ਨੂੰ ਜੇਲ੍ਹ 'ਚੋਂ ਰਿਹਾ ਕਰਨ ਲਈ ਅਸਮਾਨੋਂ ਉਤਰਿਆ ਹੋਵੇ। ਇਹਨਾਂ ਲੋਕਾਂ ਦੇ ਵਤੀਰੇ ਨੇ ਪਿਆਰ ਮੁਹਬਤ ਅਤੇ ਆਓ ਭਗਤ ਦੀ ਹਦ ਕਰ ਦਿਤੀ। ਮੈਂ ਉਹਨਾਂ ਦੇ ਘਰ ਦੋ ਦਿਨ ਰਿਹਾ ਸਲਾਹਾਂ ਹੁੰਦੀਆਂ ਰਹੀਆਂ। ਆਖ਼ਰ ਮੈਂ ਅਤੇ ਸਰਦਾਰ ਜੈ ਸਿੰਘ ਦੋਵੇਂ ਸਰਦਾਰ ਤ੍ਰਿਲੋਕ ਸਿੰਘ ਕੋਲ ਪੰਜਾ ਸਾਹਿਬ (ਹਸਨ ਅਬਾਦਲ) ਚਲ ਪਏ। ਪੰਜਾ ਸਾਹਿਬ ਪਹੁੰਚ ਕੇ ਮਤਾ ਪਕਾਇਆ। ਫੇਰ ਤਿੰਨੇ ਜਣੇ ਵਾਪਸ ਗੁਜਰ ਖਾਂ ਪਹੁੰਚੇ। ਫੇਰ ਸਲਾਹ ਹੋਈ, ਇਹ ਲੋਕ ਰਿਆਸਤਾਂ ਦੇ ਰਾਜਿਆਂ ਨੂੰ ਭਰੋਸੇ-ਹੀਨ, ਮਤਲਬੀ ਅਤੇ ਝੂਠਾ ਸਮਝਦੇ ਸਨ। ਏਸ ਲਈ ਮਹਾਰਾਜਾ ਨਾਭਾ ਤੇ ਵੀ ਭਰੋਸਾ ਕਰਨਾ ਨਹੀਂ ਸਨ ਚਾਹੁੰਦੇ ਅਤੇ ਕਾਗਜ਼ ਵਾਪਸ ਕਰਨ ਵਿਚ ਝਿਜਕਦੇ ਸਨ। ਕਈ ਇਸ ਗਲ ਦੇ ਹਕ ਵਿਚ ਸਨ ਕਿ ਕਾਗ਼ਜ਼ ਇਕ ਜਾਂ ਦੋ ਲਖ ਰੁਪਏ ਵਿਚ ਵੇਚ ਦਿਤੇ ਜਾਣ ਅਤੇ ਨਾਭੇ ਤੋਂ ਰੁਪਿਆ ਲੈ ਲਿਆ ਜਾਵੇ। ਮੇਰੀ ਇੱਛਾ ਇਹ ਸੀ ਕਿ ਇਹ ਕਾਗ਼ਜ਼ ਬਿਨਾਂ ਇਕ ਪੈਸਾ ਖ਼ਰਚ ਕੀਤੇ ਦੇ ਮਹਾਰਾਜਾ ਨਾਭਾ ਨੂੰ ਮਿਲ ਜਾਣ। ਮਹਾਰਾਜਾ ਨਾਭਾ ਇਹਨਾਂ ਨੂੰ ਮਹਾਰਾਜਾ ਪਟਿਆਲਾ ਦੇ ਵਿਰੁਧ ਵਰਤਣ ਅਤੇ ਸਰਦਾਰ ਨਾਨਕ ਸਿੰਘ ਵੀ ਪਟਿਆਲਾ ਜੇਲ੍ਹ ਤੋਂ ਰਿਹਾ ਹੋ ਜਾਣ। ਇਸ ਤਰ੍ਹਾਂ ਜਦ ਮੈਂ ਵੇਖਿਆ ਕਿ ਸਰਦਾਰ ਨਾਨਕ ਸਿੰਘ ਦੇ ਘਰ ਵਾਲਿਆਂ ਦੀ ਇਹ ਪੰਚਾਇਤ ਕਿਸੇ ਸਿੱਟੇ ਤੇ ਨਹੀਂ ਪਹੁੰਚਦੀ ਅਤੇ ਇਹਨਾਂ ਦੀਆਂ ਭਿੰਨ-ਭਿੰਨ ਰਾਵਾਂ ਹਨ ਤਾਂ ਮੈਂ ਸਾਰਿਆਂ ਦੇ ਸਾਹਮਣੇ ਇਕ ਟੁਕ ਫ਼ੈਸਲਾ ਕਰਨ ਲਈ ਦੋ ਤਜਵੀਜ਼ਾਂ ਪੇਸ਼ ਕੀਤੀਆਂ (੧) ਜਾਂ ਤਾਂ ਤੁਸੀਂ ਰੁਪਿਆ ਲੈ ਲਓ ਅਸੀਂ ਇਕ ਲਖ ਰੁਪਿਆ ਦੇਣ ਲਈ ਤਿਆਰ ਹਾਂ, ਅਸੀਂ ਇਹਨਾਂ ਕਾਗ਼ਜ਼ਾਂ ਨੂੰ ਜਿਵੇਂ ਚਾਹੀਏ ਵਰਤੀਏ ਅਤੇ ਤੁਹਾਨੂੰ ਹਕ ਪ੍ਰਾਪਤ ਨਹੀਂ ਹੋਵੇਗਾ ਜੇਕਰ ਅਸੀਂ ਇਹਨਾਂ ਕਾਗ਼ਜ਼ਾਂ ਨੂੰ ਵਰਤੋਂ 'ਚ ਲਿਆਉਂਦੇ ਹੋਏ ਸਰਦਾਰ



Digitized by Panjab Digital Library | www.panjabdigilib.org

ਨਾਨਕ ਸਿੰਘ ਦੇ ਮਾਮਲੇ ਨੂੰ ਛਡ ਦਈਏ। (੨) ਤੁਸੀਂ ਕੋਈ ਰੁਪਿਆ ਨਾ ਲਵੋ ਆਪ ਕਾਗ਼ਜ਼ ਬਿਨਾਂ ਇਕ ਪੈਸਾ ਲਏ ਮਹਾਰਾਜਾ ਨਾਭਾ ਦੇ ਹਵਾਲੇ ਕਰ ਦਿਓ। ਮਹਾਰਾਜਾ ਨਾਭਾ ਤੁਹਾਡੇ ਨਾਲ ਪ੍ਰਣ ਕਰਨਗੇ ਕਿ ਉਹ ਇਹਨਾਂ ਕਾਗ਼ਜ਼ਾਂ ਨੂੰ ਵਰਤਦੇ ਹੋਏ ਸਰਦਾਰ ਨਾਨਕ ਸਿੰਘ ਦੀ ਰਿਹਾਈ ਲਈ ਹਦੋਂ ਬਾਹਰੀ ਕੋਸ਼ਸ਼ ਕਰਨਗੇ ਅਤੇ ਏਸ ਮਾਮਲੇ ਨੂੰ ਕਿਸੇ ਵੀ ਮੁਲ ਤੇ ਛਡਿਆ ਨਹੀਂ ਜਾਵੇਗਾ ਭਾਵੇਂ ਏਸ ਤੇ ਦਸ ਲਖ ਰੁਪਿਆ ਵੀ ਕਿਉਂ ਨਾ ਖ਼ਰਚ ਕਰਨਾ ਪਵੇ।

ਮੈਂ ਜਦ ਇਕ ਟੁਕ ਫ਼ੈਸਲੇ ਲਈ ਇਹ ਦੋਵੇਂ ਸ਼ਰਤਾਂ ਸਾਰਿਆਂ ਦੇ ਸਾਹਮਣੇ ਰਖੀਆਂ ਤਾਂ ਸਰਦਾਰ ਨਾਨਕ ਸਿੰਘ ਦੀ ਮਾਂ ਨੇ ਜਿਹੜੀ ਆਪਣੇ ਪੁਤਰ ਦੇ ਵਿਛੋੜੇ ਵਿਚ ਹਾਲੋਂ ਬੇਹਾਲ ਸੀ ਬਿਨਾਂ ਕੁਝ ਸੋਚੇ ਜਾਂ ਵਿਚਾਰ ਕੀਤੇ ਦੇ ਝਟ ਉਤਰ ਦਿੱਤਾ :

"ਮੈਨੂੰ ਰੁਪਏ ਦੀ ਲੋੜ ਨਹੀਂ, ਮੈਨੂੰ ਆਪਣੇ ਪੁਤਰ ਦੀ ਲੋੜ ਹੈ। ਮੈਂ ਰੁਪਿਆ ਨਹੀਂ ਚਾਹੁੰਦੀ ਤੁਸੀਂ ਕਾਗ਼ਜ਼ ਲੈ ਜਾਓ ਅਤੇ ਮੇਰੇ ਬਚੇ ਨੂੰ ਜੇਲ੍ਹ ਚੋਂ ਛੁਡਾਣ ਦਾ ਯਤਨ ਕਰੋ।"

ਸਰਦਾਰ ਨਾਨਕ ਸਿੰਘ ਦੀ ਮਾਤਾ ਦਾ ਇਹ ਜਵਾਬ ਸੁਣ ਕੇ ਸਾਰੇ ਚੁਪ ਹੋ ਗਏ ਅਤੇ ਫ਼ੈਸਲਾ ਹੋਇਆ ਕਿ ਕਾਗ਼ਜ਼ ਬਿਨਾਂ ਰੁਪਿਆ ਲੀਤੇ ਮਹਾਰਾਜਾ ਨਾਭਾ ਦੇ ਹਵਾਲੇ ਕਰ ਦਿਤੇ ਜਾਣ। ਇਸ ਪਰਕਾਰ ਮੈਂ, ਸਰਦਾਰ ਤ੍ਰਿਲੋਕ ਸਿੰਘ ਅਤੇ ਸਰਦਾਰ ਜੈ ਸਿੰਘ ਨੂੰ ਨਾਲ ਲੈ ਕੇ ਨਾਭੇ ਵਾਪਸ ਆਇਆ। ਕਾਗ਼ਜ਼ ਇਕ ਟੀਨ ਦੀ ਨਲਕੀ ਵਿਚ ਬੰਦ ਸਨ ਅਤੇ ਇਹ ਨਲਕੀ ਸਰਦਾਰ ਤ੍ਰਿਲੋਕ ਦੇ ਕੋਟ ਦੇ ਅੰਦਰ ਹਿਕ ਅਤੇ ਧੌਣ ਦੇ ਨਾਲ ਬਝੀ ਹੋਈ ਸੀ।

ਤੀਜੇ ਦਿਨ ਰਾਤ ਨੂੰ ਅਸੀਂ ਨਾਭੇ ਪੁਜੇ। ਮੈਂ ਇਹਨਾਂ ਦੀ ਰਿਹਾਇਸ਼ ਦਾ ਪ੍ਰਬੰਧ ਗੈਸਟ ਹਾਊਸ ਸਰਾਂ ਸ਼ਮਾਦੀਆਤ ਵਿਚ ਕੀਤਾ ਅਤੇ ਆਪ ਆਪਣੇ ਮਕਾਨ ਤੇ ਜਾ ਕੇ ਸੁਤਾ। ਸਵੇਰੇ ਉਠਿਆ ਅਠ ਵਜੇ ਦੇ ਲਗ ਪਗ ਸਰਦਾਰ ਗੁਰਦਿਆਲ ਸਿੰਘ ਪ੍ਰਾਈਵੇਟ ਸਕੱਤਰ ਦੇ ਮਕਾਨ ਤੇ ਪੁਜਾ। ਸਰਦਾਰ ਸਾਹਿਬ ਨੇ ਪੁਛਿਆ ਕਿ ਕਾਗ਼ਜ਼ਾਂ ਦਾ ਕੀ ਬਣਿਆ? ਮੈਂ ਕਿਹਾ ਕਿ ਕਾਗ਼ਜ਼ ਲੈ ਆਇਆ ਹਾਂ। ਉਹ ਹੈਰਾਨ ਹੋਏ ਅਤੇ ਕਿਹਾ ਕਿ ਰੁਪਿਆ ਨਾਲ ਲੈ ਕੇ ਨਹੀਂ ਗਏ ਸਓ ਅਜੇ ਤਾਂ ਕੇਵਲ ਪਤਾ ਕਰਨ ਹੀ ਗਏ ਸਓ ਕਿ ਕਾਗ਼ਜ਼ ਕਿਥੇ ਹਨ? ਕਾਗ਼ਜ਼ ਕਿਵੇਂ ਆ ਗਏ! ਇਹ ਹੋ ਹੀ ਕਿਵੇਂ ਸਕਦਾ ਹੈ ਕੀ ਮਖੌਲ ਕਰਦੇ ਹੋ? ਮੈਂ ਸਾਰੀ ਕਹਾਣੀ ਸੁਣਾਈ। ਸਰਦਾਰ ਗੁਰਦਿਆਲ ਸਿੰਘ ਹੈਰਾਨ ਰਹਿ ਗਏ। ਉਹਨਾਂ ਨੇ ਹੀਰਾ ਮਹੱਲ ਜਾ ਕੇ ਮਹਾਰਾਜਾ ਨੂੰ ਸਾਰੀ ਗਲ ਦਸੀ। ਮਹਾਰਾਜਾ ਅਚੰਭਿਤ



Digitized by Panjab Digital Library | www.panjabdigilib.org

ਸਨ ਕਿ ਦੋ ਲਖ ਰੁਪਏ ਤਕ ਖ਼ਰਚ ਕਰਨ ਦੀ ਆਗਿਆ ਦਿਤੀ ਗਈ ਸੀ, ਪਰ ਇਕ ਪੈਸਾ ਖ਼ਰਚ ਕੀਤੇ ਬਿਨਾਂ ਕਾਗ਼ਜ਼ ਮਿਲ ਗਏ । ਮਹਾਰਾਜਾ ਅਸਲੀਅਤ ਨੂੰ ਜਾਣ ਕੇ ਬੇ-ਹਦ ਖ਼ੁਸ਼ ਹੋਏ ।

ਰਾਤ ਨੂੰ ਨੌਂ ਵਜੇ ਦੇ ਲਗ ਪਗ ਮੈਂ ਸਰਦਾਰ ਤ੍ਰਿਲੋਕ ਸਿੰਘ ਅਤੇ ਸਰਦਾਰ ਜੈ ਸਿੰਘ ਨੂੰ ਨਾਲ ਲੈ ਕੇ ਕਿਲ੍ਹੇ ਅੰਦਰ ਗਿਆ ਦੋਹਾਂ ਨੂੰ ਮਹਾਰਾਜੇ ਨਾਲ ਮਿਲਾਇਆ । ਕਾਗ਼ਜ਼ਾਂ ਵਾਲੀ ਟੀਨ ਦੀ ਨਲਕੀ ਨੂੰ ਕੋਟ ਦੇ ਅੰਦਰੋਂ ਕਢਿਆ ਗਿਆ । ਸਾਰੇ ਕਾਗ਼ਜ਼ ਮਹਾਰਾਜਾ ਨੂੰ ਦੇ ਦਿਤੇ ਗਏ । ਮਹਾਰਾਜਾ ਨੇ ਇਹਨਾਂ ਨੂੰ ਵੇਖਿਆ । ਬਹੁਤ ਖ਼ੁਸ਼ ਹੋਏ ਅਤੇ ਇਕਰਾਰ ਕੀਤਾ ਕਿ ਉਹ ਸਰਦਾਰ ਨਾਨਕ ਸਿੰਘ ਦੀ ਰਿਹਾਈ ਦੇ ਮਾਮਲੇ ਨੂੰ ਆਪਣਾ ਨਿਜੀ ਮਾਮਲਾ ਸਮਝ ਕੇ ਕੋਸ਼ਸ਼ ਕਰਨਗੇ । ਇਸ ਪਰਕਾਰ ਇਹਨਾਂ ਆਦਮੀਆਂ ਰਾਹੀਂ ਸਰਦਾਰ ਨਾਨਕ ਸਿੰਘ ਦੀ ਮਾਤਾ ਨੂੰ ਮਹਾਰਾਜਾ ਨੇ ਦੋ ਹਜ਼ਾਰ ਰੁਪਿਆ ਨਕਦ ਭਿਜਵਾਇਆ ਅਤੇ ਇਕ ਸੌ ਰੁਪਿਆ ਮਹੀਨਾ ਪੈਨਸ਼ਨ ਜੀਊਂਦੇ ਜੀਅ ਤਕ ਨੀਅਤ ਕੀਤੀ — ਜੋ ਸ਼ਾਇਦ ਕੁਝ ਮਹੀਨੇ ਹੀ ਮਿਲੀ । ਇਸ ਪਿਛੋਂ ਮਹਾਰਾਜਾ ਗਦੀ ਤੋਂ ਉਤਰ ਗਏ — ਅਤੇ ਅਗਲੀ ਝਲਕ ਜਦ ਲੇਖਕ ਮਹਾਰਾਜਾ ਨੂੰ ਮਿਲਿਆ ਤਾਂ ਮਹਾਰਾਜਾ ਨੇ ਕਿਹਾ :

"ਮੈਂ ਅਤੇ ਦਰਬਾਰ ਨਾਭਾ ਤੁਹਾਡਾ ਇਹ ਅਹਿਸਾਨ ਕਦੇ ਵੀ ਨਹੀਂ ਭੁਲਾ ਸਕਾਂਗੇ।"

ਇਹ ਕਾਗ਼ਜ਼ ਭਾਵੇਂ ਮਹਾਰਾਜਾ ਪਟਿਆਲਾ ਦੇ ਵਿਰੁਧ ਕਤਲ ਦਾ ਦੂਸ਼ਨ ਸਾਬਤ ਕਰਨ ਦੇ ਲਿਹਾਜ਼ ਬਹੁਤ ਅਮੁਲ ਸਨ, ਪਰ ਅੰਗ੍ਰੇਜ਼ੀ ਸਰਕਾਰ ਮਹਾਰਾਜਾ ਪਟਿਆਲਾ ਦੇ ਹਕ ਵਿਚ ਸੀ ਅਤੇ ਮਹਾਰਾਜਾ ਨਾਭਾ ਦੇ ਵਿਰੁਧ ਅਤੇ ਕੇਵਲ ਸਰਕਾਰ ਹੀ ਕਤਲ ਬਾਰੇ ਕੋਈ ਕਾਰਵਾਈ ਕਰ ਸਕਦੀ ਸੀ । ਇਹ ਕਾਗ਼ਜ਼ ਵਰਤੋਂ 'ਚ ਨਾ ਆ ਸਕੇ ਅਤੇ ਇਹਨਾਂ ਕਾਗ਼ਜ਼ਾਂ ਦੀ ਪੁਜ਼ੀਸ਼ਨ ਬਿਲਕੁਲ ਇਕ ਅਜਿਹੇ ਚੈੱਕ ਵਰਗੀ ਸੀ ਜੋ ਮਿਆਦ ਲੰਘ ਜਾਣ ਪਿਛੋਂ ਬੈਂਕ ਚੋਂ ਕੈਸ਼ ਨਹੀਂ ਹੋ ਸਕਦਾ ।

ਸਰਦਾਰ ਨਾਨਕ ਸਿੰਘ ਕਾਫ਼ੀ ਚਿਰ ਪਿਛੋਂ ਪਟਿਆਲਾ ਜੇਲ੍ਹ ਤੋਂ ਰਿਹਾ ਹੋਏ ਅਤੇ ਉਹ ਅਜ ਕਲ ਸ਼ਾਇਦ ਡੇਹਰਾਦੂਨ ਵਿਚ ਕੋਈ ਵਿਹਾਰ ਕਰਦੇ ਹਨ ।

ਇਹਨਾਂ ਉਪਰਲਿਆਂ ਹਾਲਾਂ ਤੋਂ ਮਾਂ ਦੇ ਵਲਵਲਿਆਂ ਦਾ ਅਨੁਮਾਨ ਲਗ ਸਕਦਾ ਹੈ ਜਿਹੜੇ ਕਿ ਉਸ ਦੀ ਆਪਣੀ ਉਲਾਦ ਅਤੇ ਆਪਣੇ ਬਚੇ ਲਈ ਹੁੰਦੇ ਹਨ, ਭਾਵ ਇਹ ਆਪਣੀ ਉਲਾਦ ਦੇ ਮੁਕਾਬਲੇ ਤੇ ਲਖਾਂ ਰੁਪਿਆਂ ਦਾ ਕੋਈ ਮੁਲ ਨਹੀਂ ਸਮਝਦੀ ।



Digitized by Panjab Digital Library | www.panjabdigilib.org

# ਮਿਹਨਤ ਅਤੇ ਸਫ਼ਲਤਾ

ਕਈ ਵਰ੍ਹੇ ਹੋਏ "ਰਿਆਸਤ" ਜਦ ਚਾਲੂ ਹੋਇਆ ਤਾਂ ਇਸ ਦੇ ਦਫ਼ਤਰ ਵਿਚ ਨਾ ਕੋਈ ਸਬ-ਐਡੀਟਰ ਸੀ, ਨਾ ਉਲਥਾਕਾਰ ਅਤੇ ਨਾ ਕੋਈ ਮੈਨੇਜਰ ਕੇਵਲ ਇਕ ਕਲਰਕ ਸੀ ਅਤੇ ਇਕ ਚਪੜਾਸੀ। ਕਲਰਕ ਦੀ ਤਨਖ਼ਾਹ ਤੀਹ ਰੁਪਏ ਸੀ ਅਤੇ ਚਪੜਾਸੀ ਦੀ ਪੰਦਰਾਂ ਰੁਪਏ । "ਰਿਆਸਤ" ਦਾ ਦਫ਼ਤਰ ਦਿੱਲੀ ਦਰਵਾਜੇ ਦੇ ਨੇੜੇ ਥਾਨੇ ਦੇ ਬਿਲਕੁਲ ਸਾਹਮਣੇ ਇਕ ਗਲੀ ਵਿਚ ਸੀ। ਇਸ ਮਕਾਨ ਦਾ ਕਰਾਇਆ ਅਠਾਈ ਰੁਪਏ ਮਹੀਨਾ ਸੀ। ਇਸ 'ਚੋਂ ਵੀ ਕੁਝ ਹਿੱਸਾ ਇਕ ਰੇਲਵੇ ਗਾਰਡ ਨੂੰ ਬਾਰਾਂ ਰੁਪਏ ਮਹੀਨੇ ਤੇ ਦਿਤਾ ਹੋਇਆ ਸੀ। ਮਤਲਬ ਇਹ ਕਿ "ਰਿਆਸਤ" ਦੇ ਦਫ਼ਤਰ ਅਤੇ ਐਡੀਟਰ "ਰਿਆਸਤ" ਦੀ ਰਿਹਾਇਸ਼ ਦੋਹਾਂ ਲਈ ਸੋਲਾਂ ਰੁਪਏ ਮਹੀਨਾ ਕਿਰਾਇਆ ਦਿਤਾ ਜਾਂਦਾ ਸੀ ਅਤੇ ਕੰਮ ਦੀ ਹਾਲਤ ਇਹ ਸੀ ਕਿ ਉਂਜ ਤਾਂ ਐਡੀਟਰ"ਰਿਆਸਤ" ਦਾ ਸਾਰਾ ਜੀਵਨ ਹੀ ਦਿਨ ਰਾਤ ਵਿਚੋਂ ਚੌਦਾ ਚੌਦਾਂ ਜਾਂ ਸੋਲਾਂ ਸੋਲਾਂ ਘੰਟੇ ਕੰਮ ਕਰਦਿਆਂ ਲੰਘ ਗਿਆ, ਪਰ ਉਹਨਾਂ ਸਮਿਆਂ 'ਚ ਇਹ ਲਗਾਤਾਰ ਅਠਾਰਾਂ ਅਠਾਰਾਂ ਘੰਟੇ ਕੰਮ ਕਰਦਾ ਅਤੇ ਛੇ ਘੰਟੇ ਸੌਂਦਾ। ਇਸ ਤਰ੍ਹਾਂ ਕਈ ਵਾਰ ਤਾਂ ਅਜਿਹਾ ਹੋਇਆ ਕਿ ਸਵੇਰੇ ਛੇ ਵਜੇ ਕੰਮ ਸ਼ੁਰੂ ਕੀਤਾ, ਸ਼ਾਮ ਹੋ ਗਈ, ਰਾਤ ਹੋ ਗਈ, ਰਾਤ ਭਰ ਕੰਮ ਜਾਰੀ ਰਿਹਾ, ਦਿਨ ਚੜ੍ਹ ਆਇਆ । ਜੰਗਲ ਪਾਣੀ ਤੋਂ ਵੇਹਲਿਆਂ ਹੋ ਇਸ਼ਨਾਨ ਕੀਤਾ ਅਤੇ ਫੇਰ ਮੇਜ਼ ਤੇ ਬਹਿ ਗਿਆ ਅਤੇ ਫੇਰ ਰਾਤ ਪੈ ਗਈ ਭਾਵ ਛਤੀ ਛਤੀ ਘੰਟੇ ਲਗਾਤਾਰ ਕੰਮ ਕਰਦਾ ਰਿਹਾ । ਏਸ ਮਿਹਨਤ ਦਾ ਸਿੱਟਾ ਅਖ਼ਬਾਰ ਵਿਚ ਕਾਮਯਾਬੀ ਹੋਈ । ਦੋ ਤਿੰਨ ਮਹੀਨਿਆਂ ਦੇ ਅੰਦਰ ਹੀ ਇਸ਼ਤਿਹਾਰਾਂ ਦੇ ਅਠ ਦਸ ਸਫ਼ੇ ਹੋ ਗਏ ਅਤੇ ਲਾਹੌਰ, ਦਿੱਲੀ ਅਤੇ ਦੂਜੀਆਂ ਥਾਵਾਂ ਦੇ ਅਖ਼ਬਾਰ ਨਵੀਸ "ਰਿਆਸਤ" ਨੂੰ ਸਾੜੇ ਦੀ ਨਜ਼ਰ ਨਾਲ ਵੇਖਣ ਲਗ ਪਏ।

"ਰਿਆਸਤ" ਨੂੰ ਚਾਲੂ ਹੋਇਆਂ ਡੇਢ ਵਰ੍ਹਾ ਹੋ ਗਿਆ ਸੀ ਅਤੇ ਇਸ ਦੀ ਪ੍ਰਕਾਸ਼ਨਾ ਤੇਜ਼ੀ ਨਾਲ ਵਧ ਰਹੀ ਸੀ। ਉਸ ਜ਼ਮਾਨੇ 'ਚ ਜਾਮਾ ਮਸਜਦ ਦੇ ਕੋਲ ਐਡਵਰਡ ਪਾਰਕ ਵਿਚ ਸ਼ਾਮ ਵੇਲੇ ਕੁਝ ਉਘੀਆਂ ਹਸਤੀਆਂ ਜਮ੍ਹਾਂ ਹੋਇਆ ਕਰਦੀਆਂ। ਸੁਰਗਵਾਸੀ ਮੌਲਾਨਾ ਰਾਸ਼ਦ-ਉਲ ਖੈਰੀ, ਖ਼ਵਾਜਾ ਹਸਨ ਨਜ਼ਾਮੀ, ਵਾਹਦੀ ਸਾਹਿਬ ਐਡੀਟਰ "ਨਜ਼ਾਮ ਉਲ ਮਸ਼ਾਇਖ", ਕਾਰੀ ਅਬਾਸ ਹਸੈਨ, ਮੁਨਸ਼ੀ ਅਬਦੁਲ ਹਮੀਦ ਐਡੀਟਰ "ਮੌਲਵੀ", ਮੌਲਾਨਾ ਆਰਫ਼ ਹਸਵੀ ਅਤੇ ਭਈਆ ਸ਼ੇਖ ਅਹਿਸਾਨ-ਉਲ-ਹਕ ਆਦਿ। ਇਹ ਸਭਾ ਬੜੀ ਮਜ਼ੇਦਾਰ ਹੁੰਦੀ



Digitized by Panjab Digital Library | www.panjabdigilib.org

ਸੀ। ਐਡੀਟਰ "ਰਿਆਸਤ" ਵੀ ਕਦੀ ਕਦੀ ਵਿਹਲ ਕਢ ਕੇ ਇਹਨਾਂ ਮਿਤਰਾਂ ਦੀ ਸੇਵਾ ਵਿਚ ਹਾਜ਼ਰ ਹੋ ਜਾਂਦਾ ਕਿਉਂਕਿ ਇਹ ਸਾਰੇ ਹੀ ਇਸ ਦਾਸ ਦੇ ਬੜੇ ਮਿਹਰਬਾਨ ਸਨ। ਸੁਰਗਵਾਸੀ ਮੌਲਾਨਾ ਰਾਸ਼ਦ ਉਲ ਖੈਰੀ ਦੀ ਮਿਲਨਸਾਰੀ ਤੇ ਪਿਆਰ ਵਿਚ ਤਾਂ ਬਹੁਤ ਜ਼ਿਆਦਾ ਖਿਚ ਸੀ।

ਇਕ ਦਿਨ ਐਡੀਟਰ "ਰਿਆਸਤ" ਇਹਨਾਂ ਬਜ਼ੁਰਗਾਂ ਦੀ ਸੇਵਾ ਵਿਚ ਹਾਜ਼ਰ ਸੀ ਤਾਂ ਕਾਰੀ ਅਬਾਸ ਹੁਸੈਨ ਸਾਹਿਬ ਨੇ ਮੈਨੂੰ ਕਿਹਾ ਕਿ ਉਹ ਇਕ ਅਖ਼ਬਾਰ ਜਾਰੀ ਕਰਨਾ ਚਾਹੁੰਦੇ ਹਨ। ਜਿਹੜਾ ਬਿਲਕੁਲ "ਰਿਆਸਤ" ਦੇ ਸਾਈਜ਼ ਦਾ ਹੋਵੇਗਾ, ਇਸ ਲਈ ਰਿਆਸਤ ਵਾਲਾ ਚਿਟਾ ਕਾਗਜ਼ ਵਰਤਿਆ ਜਾਏਗਾ ਅਤੇ ਬਣਤਰ ਦੇ ਲਿਹਾਜ਼ ਨਾਲ ਵੀ "ਰਿਆਸਤ" ਵਰਗਾ ਹੋਵੇਗਾ। ਇਸ ਵਿਚ ਮੈਨੂੰ ਕੋਈ ਇਤਰਾਜ਼ ਤਾਂ ਨਹੀਂ। ਮੈਂ ਕਾਰੀ ਸਾਹਿਬ ਨੂੰ ਬੇਨਤੀ ਕੀਤੀ ਕਿ ਮੈਨੂੰ ਕੀ ਇਤਰਾਜ਼ ਹੋ ਸਕਦਾ ਹੈ। ਜਿੰਨੇ ਵਧੇਰੇ ਅਖ਼ਬਾਰ ਜਾਰੀ ਹੋਣ ਓਨਾਂ ਹੀ ਮੈਦਾਨ ਖੁਲ੍ਹਾ ਹੋਵੇਗਾ। ਕਾਰੀ ਸਾਹਿਬ ਨੇ ਪੁਛਿਆ ਕਿ ਜੇਕਰ ਅਖ਼ਬਾਰ ਚਾਲੂ ਹੋਵੇ ਤਾਂ ਮੈਂ ਉਸ ਵਿਚ ਕੀ ਸਹਾਇਤਾ ਕਰਾਂਗਾ। ਮੈਂ ਨਵੇਦਨਾ ਕੀਤੀ ਕਿ ਜਿਹੜੀ ਸੇਵਾ ਮੈਨੂੰ ਦਸੋ ਮੈਂ ਹਾਜ਼ਰ ਹਾਂ। ਫੇਰ ਪੁਛਿਆ ਕੀ ਕਾਮਯਾਬੀ ਹੋਵੇਗੀ ? ਮੈਂ ਜਵਾਬ ਦਿਤਾ ਕਿ ਜੇਕਰ "ਰਿਆਸਤ" ਨੂੰ ਕਾਮਯਾਬੀ ਹੋਈ ਹੈ ਤਾਂ ਕੀ ਕਾਰਨ ਹੈ ਕਿ ਤੁਹਾਡੇ ਅਖ਼ਬਾਰ ਨੂੰ ਨਾ ਹੋਵੇ। ਇਸ ਪ੍ਰਕਾਰ ਅਗਲੇ ਦਿਨ ਐਡੀਟਰ "ਰਿਆਸਤ" ਨੇ ਕਾਰੀ ਸਾਹਿਬ ਨੂੰ "ਰਿਆਸਤ" ਦੀਆਂ ਛਪੀਆਂ ਹੋਈਆਂ ਫ਼ਾਈਲਾਂ ਭੇਜੀਆਂ। ਅਖ਼ਬਾਰ "ਕੌਮ" ਦਾ ਡੈਕਲੇਰੇਸ਼ਨ ਦਾਖ਼ਲ ਕੀਤਾ ਗਿਆ ਅਤੇ ਪੰਦਰਵਾੜੇ ਦੇ ਅੰਦਰ ਏਸ ਅਖ਼ਬਾਰ ਦਾ ਪਹਿਲਾ ਪਰਚਾ ਬਾਜ਼ਾਰ ਵਿਚ ਆ ਗਿਆ।

ਕਾਰੀ ਅਬਾਸ ਹੁਸੈਨ ਸਾਹਿਬ ਇਸ ਤੋਂ ਪਹਿਲਾਂ "ਬੰਦੇ ਮਾਤਰਮ" ਲਾਹੌਰ ਆਦਿ ਕਈ ਰੋਜ਼ਾਨਾ ਤੇ ਸਪਤਾਹਿਕ ਅਖ਼ਬਾਰਾਂ ਵਿਚ ਐਡੀਟਰੀ ਅਤੇ ਸਬ-ਐਡੀਟਰੀ ਦੇ ਫ਼ਰਜ਼ ਨਿਭਾਹ ਚੁਕੇ ਸਨ ਅਤੇ ਆਪ ਇਕ ਚੰਗੇ ਜਰਨਲਿਸਟ ਸਨ, ਪਰ ਅਖ਼ਬਾਰ ਨੂੰ ਐਡਿਟ ਕਰਨਾ ਅਤੇ ਅਖ਼ਬਾਰ ਨੂੰ ਵਪਾਰਕ ਦ੍ਰਿਸ਼ਟੀ-ਕੋਨ ਨਾਲ ਚਲਾਉਣਾ ਦੋ ਭਿੰਨ ਚੀਜ਼ਾਂ ਹਨ। ਕਾਰੀ ਸਾਹਿਬ ਨੇ ਮੈਥੋਂ ਪੁਛ ਕੀਤੀ ਕਿ ਮੈਂ ਕਿੰਨੇ ਸਰਮਾਏ ਨਾਲ "ਰਿਆਸਤ" ਜਾਰੀ ਕੀਤਾ ਸੀ, ਤਾਂ ਮੈਂ ਅਰਜ਼ ਕੀਤੀ ਕਿ ਪੰਦਰਾਂ ਸੌ ਰੁਪਏ ਨਾਲ। ਇਸ ਤਰ੍ਹਾਂ ਕਾਰੀ ਸਾਹਿਬ ਨੇ ਵੀ ਇਸ ਅਖ਼ਬਾਰ "ਕੌਮ" ਨੂੰ ਜਾਰੀ ਕਰਨ ਲਈ ਡੇਢ ਹਜ਼ਾਰ ਦਾ ਪ੍ਰਬੰਧ ਕੀਤਾ ਸੀ। ਤਿੰਨਾਂ ਮਹੀਨਿਆਂ ਅੰਦਰ ਇਸ ਅਖ਼ਬਾਰ ਤੇ ਡੇਢ ਹਜ਼ਾਰ ਰੁਪਿਆ ਖ਼ਰਚ ਹੋ ਗਿਆ, ਪਰ ਅਖ਼ਬਾਰ ਨੂੰ ਕਾਮਯਾਬੀ ਨਸੀਬ ਨਾ ਹੋਈ। ਤਿੰਨਾਂ ਮਹੀਨਿਆਂ



Digitized by Panjab Digital Library | www.panjabdigilib.org

ਪਿਛੋਂ ਕਾਰੀ ਸਾਹਿਬ ਐਡਵਰਡ ਪਾਰਕ ਵਿਚ ਮਿਲੇ ਤਾਂ ਆਪ ਨੇ ਫ਼ਰਮਾਇਆ ਕਿ ਡੇਢ ਹਜ਼ਾਰ ਰੁਪਿਆ ਤਾਂ ਖ਼ਰਚ ਹੋ ਗਿਆ, ਪਰ ਕਾਮਯਾਬੀ ਪ੍ਰਾਪਤ ਨਹੀਂ ਹੋਈ, ਨੁਕਸਾਨ ਹੋ ਰਿਹੈ। ਐਡੀਟਰ "ਰਿਆਸਤ" ਨੇ ਅਰਜ਼ ਕੀਤੀ ਹੋਰ ਉਪਰਾਲਾ ਕਰੋ। ਕਾਰੀ ਸਾਹਿਬ ਨੇ ਬਾਰਾਂ ਸੌ ਰੁਪਏ ਦਾ ਹੋਰ ਪ੍ਰਬੰਧ ਕੀਤਾ। ਉਹ ਰੁਪਿਆ ਵੀ ਖ਼ਰਚ ਹੋ ਗਿਆ। ਇਸ ਪਿਛੋਂ ਇਕ ਹਜ਼ਾਰ ਰੁਪਏ ਦਾ ਹੋਰ ਪ੍ਰਬੰਧ ਕੀਤਾ, ਉਹ ਵੀ ਡੁਬ ਗਿਆ। ਤਾਂ ਇਕ ਦਿਨ ਐਡਵਰਡ ਪਾਰਕ ਵਿਚ ਫੇਰ ਮਿਲੇ। ਆਪ ਨੇ ਉਚਾਰਿਆ ਕਿ ਸਾਢੇ ਤਿੰਨ ਹਜ਼ਾਰ ਰੁਪਏ ਤੋਂ ਵਧੇਰੇ ਖ਼ਰਚ ਹੋ ਚੁਕਿਆ ਹੈ। ਨਾ ਵਧੇਰੇ ਪ੍ਰਕਾਸ਼ਨਾ ਹੈ, ਨਾ ਇਸ਼ਤਿਹਾਰ ਹੀ ਕੁਝ ਹਨ, ਅਖ਼ਬਾਰ ਵਿਚ ਘਾਟਾ ਹੈ ਕੀ ਕੀਤਾ ਜਾਵੇ। ਐਡੀਟਰ "ਰਿਆਸਤ" ਨੇ ਬੇਨਤੀ ਕੀਤੀ ਕਿ ਜੇਕਰ ਘਾਟਾ ਹੈ ਤਾਂ ਬੰਦ ਕਰ ਦਿਓ। ਕਾਰੀ ਸਾਹਿਬ ਨੇ ਦੋਸਤਾਨਾ ਉਲਾਹਮੇ ਦੇ ਢੰਗ ਵਿਚ ਕਿਹਾ ਕਿ ਤੁਸਾਂ ਤਾਂ ਕੋਈ ਸਹਾਇਤਾ ਨਹੀਂ ਕੀਤੀ, ਨਾ ਇਸ਼ਤਿਹਾਰ ਲੈ ਕੇ ਦਿਤੇ ਤੇ ਨਾ ਹੀ ਕੋਈ ਗਾਹਕ ਵਧੇਰੇ ਬਣਾਉਣ ਦੀ ਜਾਚ ਹੀ ਦਸੀ ਹੈ।

ਏਸ ਮਿਤਰਾਨਾ ਉਲਾਹਮੇ ਪਿਛੋਂ ਆਪ ਨੇ ਬੜੇ ਠਰ੍ਹੰਮੇ ਨਾਲ ਪੁਛਿਆ ਕਿ ਫੇਲ੍ਹ ਹੋਣ ਦਾ ਕਾਰਨ ਕੀ ਹੈ? ਤਾਂ ਐਡੀਟਰ "ਰਿਆਸਤ" ਨੇ ਜੋ ਕੁਝ ਬੇਨਤੀ ਕੀਤੀ ਉਹ ਇਹ ਸੀ :

"ਕਾਰੀ ਸਾਹਿਬ ਤੁਹਾਡੇ ਲਈ ਕਾਮਯਾਬੀ ਦਾ ਕੋਈ ਟਿਕਾਣਾ ਨਹੀਂ ਸੀ ਅਤੇ ਮੈਂ ਜਾਣਦਾ ਸਾਂ ਕਿ ਤੁਹਾਨੂੰ ਕਾਮਯਾਬੀ ਨਹੀਂ ਹੋਵੇਗੀ, ਪਰ ਇਸ ਵਿਚਾਰ ਨਾਲ ਕਿ ਜੇਕਰ ਮੈਂ ਤੁਹਾਨੂੰ ਅਖ਼ਬਾਰ ਚਾਲੂ ਕਰਨ ਤੋਂ ਪਹਿਲਾਂ ਵਰਜਦਾ ਤਾਂ ਤੁਸੀਂ ਮੇਰੇ ਤੇ ਮਤਲਬੀ ਅਤੇ ਵਪਾਰੀ ਸਾੜੇ ਤੇ ਦੁਸ਼ਮਨੀ ਦਾ ਦੂਸ਼ਨ ਥਪਦੇ। ਇਸ ਲਈ ਮੈਂ ਤੁਹਾਨੂੰ ਵਰਜਿਆ ਨਹੀਂ। ਨਹੀਂ ਤਾਂ ਸੋਚੋ ਤਾਂ ਸਹੀ ਤੁਹਾਨੂੰ ਸਫਲਤਾ ਕਿਵੇਂ ਹੁੰਦੀ। ਤੁਸੀਂ ਸਵੇਰੇ ਅਠ ਵਜੇ ਜਾਗਦੇ ਹੋ, ਇਕ ਘੰਟਾ ਪਲੰਘ ਤੇ ਉਸਲਵੱਟੇ ਭਰਦੇ ਰਹਿੰਦੇ ਹੋ, ਫੇਰ ਬੇਗਮ ਸਾਹਿਬਾ ਨੂੰ ਫ਼ਰਮਾਉਂਦੇ ਹੋ ਕਿ ਪਾਨ ਲਿਆਓ। ਬੇਗਮ ਸਾਹਿਬ ਤੁਹਾਡੇ ਪਲੰਘ ਦੇ ਕੋਲ ਸੁਪਾਰੀ ਕੁਤਰਦੀ ਹੈ। ਸੁਪਾਰੀ ਕੁਤਰਦਿਆਂ ਚੂੜੀਆਂ ਦੀ ਆਵਾਜ਼ ਸੁਣਨ ਅਤੇ ਪਾਨ ਖਾਣ ਵਿਚ ਤੁਹਾਨੂੰ ਅੱਧਾ ਘੰਟਾ ਚਾਹੀਦੈ। ਫੇਰ ਟੱਟੀ ਜਾਂਦੇ ਹੋ। ਹਥ ਮੂੰਹ ਧੋਂਦਿਆ ਤੇ ਜਲ ਪਾਨ ਕਰਦਿਆਂ ਤੁਹਾਨੂੰ ਸਾਢੇ ਦਸ ਵਜ ਜਾਂਦੇ ਹਨ ਅਤੇ ਯਾਰਾਂ ਵਜੇ ਅਚਕਨ ਪਾ ਕੇ ਦਫ਼ਤਰ ਤਸ਼ਰੀਫ਼ ਲੈ ਜਾਂਦੇ ਹੋ। ਤੁਹਾਡੇ ਮੁਲਾਜ਼ਮ ਜਦ ਜਾਣਦੇ ਹਨ ਕਿ ਤੁਸੀਂ ਯਾਰਾਂ ਵਜੇ ਤਸ਼ਰੀਫ਼ ਲਿਆਉਂਦੇ ਹੋ ਤਾਂ ਉਹ ਵੀ ਪੌਣੇ ਯਾਰਾਂ ਵਜੇ ਤੋਂ ਪਹਿਲਾਂ ਦਫ਼ਤਰ ਵਿਚ ਪੈਰ ਧਰਨਾ ਹਰਾਮ ਸਮਝਦੇ ਹਨ। ਤੁਹਾਡੇ ਸਾਰੇ ਦੇ ਸਾਰੇ ਨੌਕਰ



Digitized by Panjab Digital Library | www.panjabdigilib.org

ਦਿੱਲੀ ਦੇ ਰਹਿਣ ਵਾਲੇ ਸੁਬਕ ਤੇ ਸੋਹਲ ਮਜ਼ਾਜ ਬਾਬੂ ਹਨ । ਦਫ਼ਤਰ ਦੇ ਬੰਦ ਹੋਣ ਦਾ ਵੇਲਾ ਪੰਜ ਵਜੇ ਹੋਵੇ ਤਾਂ ਇਹ ਤਿੰਨ ਵਜੇ ਤੋਂ ਹੀ ਘੜੀ ਵਲ ਤਕਨਾ ਸ਼ੁਰੂ ਕਰ ਦਿੰਦੇ ਹਨ ਕਿ ਕਦ ਘੜੀ ਦੀ ਸੂਈ ਅਗੇ ਵਧੇ ਅਤੇ ਇਹ ਘਰ ਜਾਣ। ਤੁਸੀਂ ਚਾਰ ਵਜੇ ਦਫ਼ਤਰੋਂ ਚਲ ਕੇ ਘਰ ਪਹੁੰਚਦੇ ਹੋ, ਬੀਵੀ ਚਾਹ ਪਿਲਾਂਦੀ ਹੈ,ਪਾਨ ਖਵਾਂਦੀ ਹੈ ਅਤੇ ਤੁਸੀਂ ਮੁੜ ਅਚਕਨ ਸਜਾ ਅਤੇ ਸੋਟੀ ਹਥ ਵਿਚ ਲੈ ਕੇ ਸੈਰ ਕਰਨ ਤਸ਼ਰੀਫ਼ ਲੈ ਜਾਂਦੇ ਹੋ। ਇਕ ਦੋ ਚਕਰ ਚਾਵੜੀ ਬਾਜ਼ਾਰ ਦੇ ਵੀ ਜ਼ਰੂਰੀ ਹਨ ਕਿਉਂਕਿ ਇਸ ਤੋਂ ਬਿਨਾਂ ਮਨ ਪਰਚਾਵਾ ਅਧੂਰਾ ਰਹਿੰਦਾ ਹੈ। ਫੇਰ ਐਡਵਰਡ ਪਾਰਕ ਵਿਚ ਆਉਂਦੇ ਹੋ ਅਤੇ ਸੈਰ ਸਪਾਟੇ ਪਿਛੋਂ ਦਸ ਵਜੇ ਵਾਪਸ ਘਰ ਤਸ਼ਰੀਫ਼ ਲੈ ਜਾਂਦੇ ਹੋ। ਇਹ ਹਾਲਤ ਤਾਂ ਤੁਹਾਡੀ ਹੈ ਅਤੇ ਮੇਰਾ ਹਾਲ ਇਹ ਹੈ ਕਿ ਸਵੇਰੇ ਛੇ ਵਜੇ ਮੇਜ਼ ਤੇ ਬੈਠਦਾ ਹਾਂ, ਮੇਜ਼ ਤੇ ਹੀ ਚਾਹ ਪੀਂਦਾ ਹਾਂ । ਉਥੇ ਹੀ ਰੋਟੀ ਖਾਂਦਾ ਹਾਂ। ਦਫ਼ਤਰ ਦੇ ਸਾਰੇ ਦੇ ਸਾਰੇ ਆਦਮੀ ਪੰਜਾਬੀ ਹਨ ਜੋ ਸੁਭਾਵਕ ਹੀ ਕੰਮ ਦੀ ਪਰਵਾਹ ਕਰਦੇ ਹਨ, ਸਮੇਂ ਦੀ ਪਰਵਾਹ ਨਹੀਂ ਕਰਦੇ। ਦਸ ਵਜੇ ਦਫ਼ਤਰ ਦਾ ਵੇਲਾ ਹੋਵੇ ਤਾਂ ਨੌਂ ਵਜੇ ਹੀ ਦਫ਼ਤਰ 'ਚ ਪਹੁੰਚ ਜਾਂਦੇ ਹਨ ਕਿਉਂਕਿ ਘਰਾਂ ਵਿਚ ਉਹਨਾਂ ਨੂੰ ਕੋਈ ਕੰਮ ਨਹੀਂ ਹੁੰਦਾ ਅਤੇ ਬਿਨਾਂ ਕਿਸੇ ਕੰਮ ਦੇ ਉਹਨਾਂ ਦਾ ਜੀਅ ਘਬਰਾਉਂਦਾ ਹੈ। ਸ਼ਾਮ ਨੂੰ ਇਹ ਲੋਕ ਓਨਾਂ ਚਿਰ ਦਫ਼ਤਰੋਂ ਨਹੀਂ ਜਾਂਦੇ ਜਿੰਨਾ ਚਿਰ ਇਹ ਆਪਣਾ ਕੰਮ ਖ਼ਤਮ ਨਾ ਕਰ ਲੈਣ। ਇਸ ਤਰ੍ਹਾਂ ਉਹਨਾਂ ਨੂੰ ਵੀ ਦਫ਼ਤਰ ਵਿਚ ਰਾਤ ਦੇ ਅਠ ਅਠ ਵਜ ਜਾਂਦੇ ਹਨ । ਮੈਂ ਸਵੇਰੇ ਛੇ ਵਜੇ ਦਾ ਮੇਜ਼ ਤੇ ਬੈਠਾ ਰਾਤ ਨੂੰ ਦਸ ਯਾਰਾਂ ਸਗੋਂ ਕਈ ਵਾਰ ਬਾਰਾਂ ਵਜੇ ਉਠਦਾ ਹਾਂ। ਰਾਤ ਨੂੰ ਸੁਪਨੇ ਆਉਂਦੇ ਹਨ ਤਾਂ ਉਹ ਵੀ ਪ੍ਰਕਾਸ਼ਨਾ ਨੂੰ ਵਧੇਰੇ ਕਰਨ ਅਤੇ ਇਸ਼ਤਿਹਾਰ ਵਧਾਉਣ ਦੇ। ਨਾ ਕੋਈ ਸੈਰ ਹੈ, ਨਾ ਮਨ ਪਰਚਾਵਾ, ਨਾ ਕਦੀ ਕਿਸੇ ਪਾਰਟੀ ਵਿਚ ਜਾਂਦਾ ਹਾਂ, ਨਾ ਕਿਸੇ ਮਿਤਰ ਦੇ ਘਰ, ਤਾਂ ਫ਼ਰਮਾਉ ਤੁਹਾਨੂੰ ਸਫਲਤਾ ਕਿਵੇਂ ਹੋਵੇ ਤੇ ਮੈਨੂੰ ਹਾਰ ਕਿਉਂ ?''

ਕਾਰੀ ਸਾਹਿਬ ਮੇਰੀਆਂ ਇਹ ਗੱਲਾਂ ਸੁਣ ਕੇ ਚੁਪ ਹੋ ਗਏ । ਉਸ ਸਾਤੇ ਵਿਚ ਹੀ ਉਹਨਾਂ ਨੇ ਆਪਣੇ ਅਖ਼ਬਾਰ ਨੂੰ ਬੰਦ ਕਰ ਦਿਤਾ । ਆਪ ਅਜ ਕਲ ਰੇਡੀਉ ਸਟੇਸ਼ਨ ਕਰਾਚੀ ਵਿਚ ਨੌਕਰ ਹਨ। ਇਹਨਾਂ ਨਾਲ ਕਈ ਵਰ੍ਹਿਆਂ ਤੋਂ ਡੂੰਘੇ ਮਿਤਰਾਨਾ ਸੰਬੰਧ ਹਨ। ਜਦ ਕਦੀ ਵੀ ਮਿਲਦੇ ਹਨ ਤਾਂ ਸਾਢੇ ਤਿੰਨ ਹਜ਼ਾਰ ਰੁਪਏ ਦੇ ਹਰਜੇ ਦਾ ਉਸੇ ਤਰ੍ਹਾਂ ਹੀ ਗਿਲਾ ਕਰਦੇ ਹਨ ਜਿਸ ਤਰ੍ਹਾਂ ਕੋਈ ਲੈਹਣੇਦਾਰ ਬਾਣੀਆ ਕਿਸੇ ਮਰਨਾਊ ਪਏ ਕਰਜ਼ਦਾਰ ਤੋਂ ਕਰਜ਼ਾ ਲੈਣ ਸਮੇਂ ਝਗੜਾ ਕਰਦਾ ਹੈ ਅਤੇ ਉਸ ਕਰਜ਼ੇ ਨੂੰ ਭੁਲ ਨਹੀਂ ਸਕਦਾ।



Digitized by Panjab Digital Library | www.panjabdigilib.org

ਮੇਰਾ ਇਹ ਲਿਖਣ ਦਾ ਭਾਵ ਇਹ ਹੈ ਕਿ ਸੰਸਾਰ ਵਿਚ ਜੇਕਰ ਕੋਈ ਦੇਵਤਾ ਵੀ ਅਸਮਾਨੋਂ ਉਤਰ ਆਵੇ ਅਤੇ ਉਹ ਮਿਹਨਤੀ ਨਾ ਹੋਵੇ ਤਾਂ ਉਸ ਦੀ ਕਾਮਯਾਬੀ ਦਾ ਏਸ ਸੰਸਾਰ ਵਿਚ ਕੋਈ ਰਾਹ ਨਹੀਂ ਅਤੇ ਜੇਕਰ ਕੋਈ ਆਦਮੀ ਹਦੋਂ ਪਰੇ ਮਿਹਨਤੀ ਹੈ—ਅਤੇ ਉਸ ਵਿਚ ਕੋਈ ਅਸਾਧਾਰਨ ਨੁਕਸ ਨਹੀਂ ਜਿਹੜਾ ਉਸ ਨੂੰ ਪੈਰ ਪੈਰ ਤੇ ਅਸਫ਼ਲਤਾ ਵਲ ਲੈ ਜਾਂਦਾ ਹੈ—ਤਾਂ ਉਸ ਆਦਮੀ ਦੇ ਸਫ਼ਲ ਹੋਣ ਵਿਚ ਸ਼ੰਕਾ ਨਹੀਂ। ਮੈਂ ਦਰਜਨਾਂ ਸੈਲਫ਼ ਮੇਡ ਆਦਮੀਆਂ ਦੇ ਜੀਵਨ ਡੂੰਘੀ ਨਿਗਾਹ ਨਾਲ ਵਾਚੇ ਹਨ। ਉਹਨਾਂ ਨੂੰ ਮਿਲਿਆਂ ਹਾਂ ਅਤੇ ਉਹਨਾਂ ਤੋਂ ਉਹਨਾਂ ਦੀ ਸਫ਼ਲਤਾ ਸੰਬੰਧੀ ਘੰਟਿਆਂ ਬੱਧੀ ਗਲਾਂ ਕੀਤੀਆਂ ਹਨ। ਉਹਨਾਂ 'ਚੋਂ ਇਕ ਵੀ ਅਜਿਹਾ ਨਹੀਂ ਮਿਲਿਆ ਜਿਹੜਾ ਹਦੋਂ ਵਧ ਮਿਹਨਤੀ ਨਹੀਂ ਸੀ ਅਤੇ ਮੈਂ ਵਪਾਰਕ ਦ੍ਰਿਸ਼ਟੀਕੋਨ ਨਾਲ ਅਸਫ਼ਲ ਅਤੇ ਤਬਾਹ ਹਾਲ ਲੋਕਾਂ ਦੇ ਜੀਵਨ ਤੇ ਵੀ ਧਿਆਨ ਦਿਤਾ ਹੈ ਉਹਨਾਂ 'ਚੋਂ ੭੫ ਪ੍ਰਤੀ ਸੈਂਕੜਾ ਅਜਿਹੇ ਆਦਮੀ ਸਨ ਜਿਨ੍ਹਾਂ ਦਾ ਸਮਾਂ ਮਿਹਨਤ ਦੀ ਥਾਂ ਐਸ਼ ਆਰਾਮ ਦੀ ਭੇਟ ਹੋਇਆ।

"ਰਿਆਸਤ" ਦੇ ਪਿਛਲੇ ਕਈ ਵਰ੍ਹਿਆਂ ਦੇ ਜੀਵਨ ਵਿਚ ਮੇਰਾ ਅਨੁਭਵ ਹੈ ਕਿ ਲਾਹੌਰ, ਦਿੱਲੀ, ਯੂ. ਪੀ. ਅਤੇ ਦੂਜੀਆਂ ਹੋਰ ਥਾਵਾਂ ਤੋਂ ਇਕ ਸੌ ਦੇ ਦੇ ਲਗ ਪਗ ਅਖ਼ਬਾਰ ਚਾਲੂ ਹੋਏ ਜਿਨ੍ਹਾਂ ਨੇ "ਰਿਆਸਤ" ਦੇ ਨਾ ਕੇਵਲ ਚਿਹਰੇ ਮੋਹਰੇ ਸਗੋਂ ਲੇਖਾਂ ਦੀ ਤਰਤੀਬ ਅਤੇ ਇਸ ਦੇ ਮੁਖ ਲੇਖਾਂ ਦੀ ਵੀ ਪੈੜ ਮਲੀ, ਪਰ ਇਹਨਾਂ ਚੋਂ ਸ਼ਾਇਦ ਹੀ ਕੋਈ ਅਜਿਹਾ ਅਖ਼ਬਾਰ ਹੋਵੇਗਾ ਜਿਸ ਨੂੰ "ਰਿਆਸਤ" ਵਰਗੀ ਸਫ਼ਲਤਾ ਪ੍ਰਾਪਤ ਹੋਈ ਹੋਵੇ। ਇਸ ਪ੍ਰਕਾਰ ਹੁਣ ਇਸ ਦੇ ਨਵੇਂ ਗੇੜ ਨੂੰ ਹੀ ਲਵੋ। ਇਹ ਪਰਚਾ "ਰਿਆਸਤ" ਦਾ ਬਾਠਵਾਂ ਨੰਬਰ ਹੈ ਭਾਵੇਂ ਇਸ ਨੂੰ ਚਾਲੂ ਹੋਇਆਂ ਅਜੇ ਕੇਵਲ ਤਿੰਨ ਮਹੀਨੇ ਹੀ ਹੋਏ ਹਨ, ਪਰ ਫੇਰ ਵੀ ਇਸ ਗਲ ਦੇ ਕਿ ਕੰਮ ਕਰਨ ਵਾਲੇ ਚੰਗੇ ਮਨੁਖ ਨਹੀਂ ਮਿਲ ਸਕੇ। ਇਸ ਮਈ ਦੇ ਮਹੀਨੇ ਵਿਚ ਇਸ ਦੇ ਇਸ਼ਤਿਹਾਰਾਂ ਦੀ ਆਮਦਨ ਦੋ ਹਜ਼ਾਰ ਰੁਪਏ ਮਹੀਨਾ ਦੇ ਲਗ ਪਗ ਹੈ ਅਤੇ ਇਸ ਦੀ ਛਾਪ ਦੇ ਲਿਹਾਜ਼ ਨਾਲ ਵੀ ਚੈਲੰਜ ਕੀਤਾ ਜਾ ਸਕਦਾ ਹੈ ਕਿ ਸਾਰੇ ਭਾਰਤ ਵਿਚ ਸ਼ਾਇਦ ਹੀ ਕੋਈ ਉਰਦੂ ਦਾ ਅਜਿਹਾ ਸਪਤਾਹਕ ਅਖ਼ਬਾਰ ਹੋਵੇਗਾ ਜਿਹੜਾ "ਰਿਆਸਤ" ਦਾ ਮੁਕਾਬਲਾ ਕਰ ਸਕੇ।

ਇਹਨਾਂ ਸਾਰੇ ਹਾਲਾਂ ਦੇ ਲਿਖਣ ਦਾ ਭਾਵ ਇਹ ਹੈ ਕਿ "ਰਿਆਸਤ" ਦੀ ਸਾਰੀ ਸਫ਼ਲਤਾ ਦਾ ਕਾਰਨ ਕੇਵਲ ਕਿਰਤ ਹੈ ਅਤੇ ਜਿਹੜੇ ਆਦਮੀ ਅਸਫ਼ਲ ਹੋਏ ਉਹ ਕਿਰਤ ਨਾ ਕਰਨ ਦੇ ਕਾਰਨ।



Digitized by Panjab Digital Library | www.panjabdigilib.org

# ਰਿਆਸਤਾਂ ਦੇ ਰਾਜਿਆਂ ਦੀ ਬਦਲੇ ਦੀ ਭਾਵਨਾ

ਐਡੀਟਰ "ਰਿਆਸਤ" ਜਦ ਮਾਨਸਾ (ਰਿਆਸਤ ਪਟਿਆਲਾ) ਵਿਚ ਸੀ ਤਾਂ ਉਹਨਾਂ ਸਮਿਆਂ 'ਚ ਇਸ ਦੇ ਸੰਬੰਧ ਉਥੋਂ ਦੇ ਇਕ ਬਾਣੀਏ ਲਾਲਾ ਜੋਤ ਰਾਮ ਨਾਲ ਬੜੇ ਡੂੰਘੇ ਸਨ । ਇਹ ਲਾਲਾ ਜੋਤ ਰਾਮ ਜ਼ਾਤ ਦੇ ਤਾਂ ਬਾਣੀਏ ਸਨ, ਪਰ ਬੜੇ ਬਹਾਦਰ, ਸਖੀ, ਮਿਤ੍ਰ ਪੂਜ ਅਤੇ ਭਰਪੂਰ ਨੇਤਰਾਂ ਵਾਲੇ ਸਨ । ਸੋ ਆਪ ਦੀਆਂ ਇਹਨਾਂ ਸਿਫ਼ਤਾਂ ਦੇ ਕਾਰਨ ਸਾਰੇ ਮਿਤਰ ਆਪ ਨੂੰ "ਪਠਾਣ ਬਨੀਆ" ਆਖਿਆ ਕਰਦੇ ਸਨ । ਇਹਨਾਂ ਲਾਲਾ ਜੋਤ ਰਾਮ ਨਾਲ ਐਡੀਟਰ "ਰਿਆਸਤ" ਦਾ ਲੈਣ ਦੇਣ ਵੀ ਸੀ, ਭਾਵ ਜਦ ਲੋੜ ਪੈਂਦੀ ਇਹਨਾਂ ਤੋਂ ਰੁਪਿਆ ਲਿਆ ਜਾਂਦਾ ਅਤੇ ਫੇਰ ਮੋੜ ਦਿਤਾ ਜਾਂਦਾ ।

ਐਡੀਟਰ "ਰਿਆਸਤ" ਜਦ ਮਾਨਸਾ ਤੋਂ ਲਾਹੌਰ "ਖ਼ਾਲਸਾ ਅਖ਼ਬਾਰ" ਨੂੰ ਐਡਿਟ ਕਰਨ ਲਈ ਚਲਾ ਗਿਆ ਤਾਂ ਉਸ ਵੇਲੇ ਹਿਸਾਬ ਵਿਚ ਐਡੀਟਰ "ਰਿਆਸਤ" ਦੇ ਜ਼ਿੰਮੇਂ ਲਾਲਾ ਜੋਤ ਰਾਮ ਦਾ ਦੋ ਸੌ ਰੁਪਿਆ ਸੀ ਅਤੇ ਐਡੀਟਰ "ਰਿਆਸਤ" ਨੇ ਲਾਹੌਰ ਪਹੁੰਚਣ ਤੇ ਲਾਲਾ ਜੋਤ ਰਾਮ ਨੂੰ ਇਕ ਪੋਸਟ ਕਾਰਡ ਲਿਖਿਆ ਕਿ ਇਹ ਦੋ ਸੌ ਰੁਪਿਆ ਮੈਂ ਥੋੜ੍ਹੇ ਦਿਨਾਂ ਤਕ ਤੁਹਾਨੂੰ ਮੋੜ ਦਿਆਂਗਾ । ਇਸ ਪ੍ਰਕਾਰ ਇਕ ਮਹੀਨੇ ਪਿਛੋਂ ਇਹ ਰੁਪਿਆ ਲਾਲਾ ਜੋਤ ਰਾਮ ਨੂੰ ਵਾਪਸ ਕਰ ਦਿਤਾ ਗਿਆ ।

ਇਸ ਘਟਨਾ ਦੇ ਕਈ ਵਰ੍ਹਿਆਂ ਪਿਛੋਂ ਇਕ ਲੋਕਲ ਮੁਕੱਦਮੇ ਦੇ ਸੰਬੰਧ ਵਿਚ ਲਾਲ ਜੋਤ ਰਾਮ ਦੇ ਘਰ ਦੀ ਤਲਾਸ਼ੀ ਹੋਈ । ਪਟਿਆਲਾ ਪੁਲੀਸ ਜਦ ਤਲਾਸ਼ੀ ਲੈ ਰਹੀ ਸੀ ਤਾਂ ਤਲਾਸ਼ੀ ਲੈਣ ਵਾਲੇ ਸਬ ਇਨਸਪੈਕਟਰ ਨੇ ਉਹ ਕਾਰਡ ਵੀ ਵੇਖਿਆ ਜਿਹੜਾ ਐਡੀਟਰ "ਰਿਆਸਤ" ਨੇ ਦੋ ਸੌ ਰੁਪਏ ਬਾਰੇ ਲਾਲਾ ਜੋਤ ਰਾਮ ਨੂੰ ਕਈ ਵਰ੍ਹੇ ਪਹਿਲਾਂ ਲਿਖਿਆ ਸੀ ਅਤੇ ਇਸ ਤਰ੍ਹਾਂ ਤਲਾਸ਼ੀ ਕਰਨ ਵਾਲੇ ਨੂੰ ਪਤਾ ਸੀ ਕਿ ਮਹਾਰਾਜਾ ਪਟਿਆਲਾ "ਰਿਆਸਤ" ਦੇ ਲੇਖਾਂ ਦੇ ਕਾਰਨ ਐਡੀਟਰ "ਰਿਆਸਤ" ਦੇ ਦੁਸ਼ਮਨ ਹਨ। ਉਸ ਨੇ ਇਕ ਕਾਰਡ ਲੈ ਲਿਆ ਅਤੇ ਇਨਸਪੈਕਟਰ ਜਨਰਲ ਪੁਲੀਸ ਨੂੰ ਭੇਜਿਆ । ਇਹ ਕਾਰਡ ਦੇ ਪਹੁੰਚਣ ਤੇ ਪਟਿਆਲਾ ਦੇ ਅਫ਼ਸਰਾਂ ਵਿਚਕਾਰ ਕਾਨਫ਼੍ਰੰਸਾਂ ਹੋਈਆਂ ਕਿ ਇਸ ਕਾਰਡ ਨੂੰ ਕਿਹੜੇ ਤਰੀਕੇ ਨਾਲ ਵਰਤਿਆ ਜਾਵੇ । ਇਸ ਤਰ੍ਹਾਂ ਉਹਨਾਂ ਨੇ ਫ਼ੈਸਲਾ ਕੀਤਾ ਕਿ ਇਸ ਕਾਰਡ ਦੇ ਦੋ ਸੌ ਰੁਪਏ ਨੂੰ ਇਕ ਅਮਾਨਤ ਨੀਅਤ ਕੀਤਾ ਜਾਵੇ ਅਤੇ ਅਮਾਨਤ ਵਿਚ ਖ਼ਿਆਨਤ ਦਾ ਝੂਠਾ ਮੁਕੱਦਮਾ ਖੜਾ ਕੀਤਾ ਜਾਵੇ ।

ਪਟਿਆਲੇ ਦੇ ਅਫ਼ਸਰਾਂ ਦੇ ਇਸ ਫ਼ੈਸਲੇ ਪਿਛੋਂ ਇਸ ਖੜਯੰਤਰ ਲਈ



Digitized by Panjab Digital Library | www.panjabdigilib.org

ਇਕ ਵਡਾ ਪੁਲੀਸ ਅਫ਼ਸਰ ਖ਼ਾਸ ਤੌਰ ਤੇ ਨੀਅਤ ਕੀਤਾ ਗਿਆ। ਇਹ ਅਫ਼ਸਰ ਮਾਨਸਾ ਆਇਆ। ਉਸ ਨੇ ਲਾਲਾ ਜੋਤ ਰਾਮ ਤੇ ਸਰਕਾਰ ਦਾ ਦਬਾਅ ਪਾ ਕੇ ਇਹ ਬਿਆਨ ਲਿਆ ਕਿ ਕਾਰਡ ਲਿਖਣ ਤੋਂ ਕੁਝ ਮਹੀਨੇ ਪਹਿਲਾਂ ਦੀਵਾਨ ਸਿੰਘ ਮਾਨਸੇ ਤੋਂ ਬਠਿੰਡੇ ਜਾ ਰਿਹਾ ਸੀ ਤਾਂ ਲਾਲਾ ਜੋਤ ਰਾਮ ਨੇ ਦੋ ਸੌ ਰੁਪਏ ਸਾਵਣ ਸਿੰਘ ਠੇਕੇਦਾਰ ਸ਼ਰਾਬ ਬਠਿੰਡਾ ਨੂੰ ਦੇਣ ਲਈ ਦੀਵਾਨ ਸਿੰਘ ਨੂੰ ਦਿਤੇ, ਪਰ ਦੀਵਾਨ ਸਿੰਘ ਨੇ ਸਾਵਣ ਸਿੰਘ ਨੂੰ ਇਹ ਰੁਪਿਆ ਨਾ ਦਿਤਾ ਅਤੇ ਅਮਾਨਤ ਵਿਚ ਖ਼ਿਆਨਤ ਕੀਤੀ। ਮਾਨਸਾ ਦੇ ਦੋ ਨੰਬਰਦਾਰਾਂ ਤੋਂ ਬਿਆਨ ਲਿਆ ਗਿਆ ਕਿ ਉਹਨਾਂ ਦੇ ਸਾਹਮਣੇ ਉਹਨਾਂ ਦੀ ਹੋਂਦ ਵਿਚ ਲਾਲਾ ਜੋਤ ਰਾਮ ਨੇ ਦੀਵਾਨ ਸਿੰਘ ਦੇ ਦੋ ਸੌ ਰੁਪਏ ਏਸ ਗਰਜ਼ ਨਾਲ ਦਿਤੇ ਕਿ ਇਹ ਰੁਪਏ ਸਾਵਣ ਸਿੰਘ ਨੂੰ ਦਿਤੇ ਜਾਣ। ਇਸ ਅਫ਼ਸਰ ਨੇ ਬਠਿੰਡਾ ਜਾ ਕੇ ਸਾਵਣ ਸਿੰਘ ਤੋਂ ਇਹ ਬਿਆਨ ਲਿਆ ਕਿ ਲਾਲਾ ਜੋਤ ਰਾਮ ਨੇ ਦੋ ਸੌ ਰੁਪਏ ਦੀਵਾਨ ਸਿੰਘ ਦੇ ਹਥ ਉਹਨੂੰ ਭੇਜੇ, ਪਰ ਦੀਵਾਨ ਸਿੰਘ ਨੇ ਇਹ ਰੁਪਿਆ ਉਹਨੂੰ ਨਹੀਂ ਦਿਤਾ। ਇਸ ਪ੍ਰਕਾਰ ਇਹਨਾਂ ਗਵਾਹੀਆਂ ਦੀ ਨੀਂਹ ਤੇ ਐਡੀਟਰ "ਰਿਆਸਤ" ਦੇ ਵਿਰੁਧ ਮੁਕੱਦਮੇ ਦੀ ਕਾਰਵਾਈ ਰਿਆਸਤ ਪਟਿਆਲਾ ਵਿਚ ਸ਼ੁਰੂ ਹੋਈ।

ਲਾਲਾ ਜੋਤ ਰਾਮ ਬਹੁਤ ਨੇਕ ਸੁਭਾਉ ਅਤੇ ਮਿੱਤਰ-ਪੂਜ ਸਨ। ਉਹਨਾਂ ਨੇ ਦਬਾਉ ਵਿਚ ਆ ਕੇ ਇਹ ਬਿਆਨ ਤਾਂ ਦੇ ਦਿਤਾ, ਪਰ ਅਗਲੇ ਦਿਨ ਹੀ ਦਿੱਲੀ ਪਹੁੰਚੇ। ਐਡੀਟਰ "ਰਿਆਸਤ" ਨੂੰ ਮਿਲੇ ਅਤੇ ਸਾਰਾ ਹਾਲ ਦਸਿਆ ਕਿ ਪੁਲੀਸ ਨੇ ਕਿਸ ਤਰ੍ਹਾਂ ਉਹਨਾਂ ਨੂੰ ਧਮਕੀ ਦਿਤੀ ਕਿ ਜੇਕਰ ਉਹ ਦੀਵਾਨ ਸਿੰਘ ਦੇ ਵਿਰੁਧ ਬਿਆਨ ਨਾ ਦੇਣਗੇ ਤਾਂ ਉਹਨਾਂ ਤੇ ਕੋਈ ਝੂਠਾ ਮੁਕੱਦਮਾ ਖੜਾ ਕਰ ਦਿਤਾ ਜਾਵੇਗਾ। ਸਾਵਣ ਸਿੰਘ ਠੇਕੇਦਾਰ ਨੂੰ ਕਿਹਾ ਕਿ ਜੇਕਰ ਉਹ ਗਵਾਹੀ ਨਹੀਂ ਦੇਵੇਗਾ ਤਾਂ ਉਸ ਦਾ ਠੇਕਾ ਜ਼ਬਤ ਕਰ ਲਿਆ ਜਾਵੇਗਾ ਅਤੇ ਅਗੇ ਲਈ ਕਦੀ ਠੇਕਾ ਨਹੀਂ ਦਿਤਾ ਜਾਵੇਗਾ ਅਤੇ ਨੰਬਰਦਾਰ ਤਾਂ ਪੁਲੀਸ ਦੇ ਪੁਰਾਣੇ ਜ਼ੱਦੀ ਪੁਸ਼ਤੀ ਹਥ ਠੋਕੇ ਹੀ ਹਨ। ਜਿਨ੍ਹਾਂ ਦਾ ਕੰਮ ਹੀ ਪੁਲੀਸ ਨੂੰ ਸਹਾਇਤਾ ਅਤੇ ਝੂਠੀਆਂ ਗਵਾਹੀਆਂ ਦੇਣਾ ਹੈ।

ਲਾਲਾ ਜੋਤ ਰਾਮ ਨੇ ਜਦੋਂ ਇਹ ਸਾਰਾ ਹਾਲ ਦਸਿਆ ਤਾਂ ਐਡੀਟਰ "ਰਿਆਸਤ" ਨੇ ਪੁਛਿਆ ਕਿ ਕੀ ਤੁਸੀਂ ਉਹ ਦੋ ਸੌ ਰੁਪਏ ਉਸ ਸਮੇਂ ਲੈ ਚੁਕੇ ਹੋ ਜਾਂ ਨਹੀਂ? ਲਾਲਾ ਸਾਹਿਬ ਨੇ ਕਿਹਾ "ਹਾਂ"। ਐਡੀਟਰ "ਰਿਆਸਤ" ਨੇ ਪੁਛਿਆ "ਕੀ ਤੁਹਾਨੂੰ ਰਸੀਦ ਦੇਣ ਵਿਚ ਕੋਈ ਇਤਰਾਜ਼ ਹੈ।" ਆਪ ਨੇ ਕਿਹਾ "ਕੋਈ ਇਤਰਾਜ਼ ਨਹੀਂ।" ਸੋ ਲਾਲਾ ਜੋਤ ਰਾਮ ਨੇ ਰਸੀਦੀ ਟਿਕਟ ਲਾ ਕੇ ਰਸੀਦ ਲਿਖ ਦਿਤੀ ਕਿ ਦੋ ਸੌ ਰੁਪਿਆ ਜਿਹੜਾ ਹਿਸਾਬ ਵਿਚ



Digitized by Panjab Digital Library | www.panjabdigilib.org

ਦੀਵਾਨ ਸਿੰਘ ਦੇ ਜ਼ਿੰਮੇਂ ਸੀ ਉਨ੍ਹਾਂ ਸਮਿਆਂ ਵਿਚ ਹੀ ਕਾਰਡ ਲਿਖਣ ਦੇ ਕੁਝ ਦਿਨਾਂ ਪਿਛੋਂ ਆਪ ਨੇ ਵਾਪਸ ਲੈ ਲਿਆ ਸੀ ਅਤੇ ਉਸ ਪਿਛੋਂ ਐਡੀਟਰ "ਰਿਆਸਤ" ਦੇ ਜ਼ਿੰਮੇਂ ਕੋਈ ਰੁਪਿਆ ਬਾਕੀ ਨਹੀਂ ਸੀ। ਇਸ ਰਸੀਦ ਪਿਛੋਂ ਲਾਲਾ ਜੋਤ ਰਾਮ ਦੀ ਹਾਲਤ ਬੜੀ ਭੈੜੀ ਸੀ। ਮਾਨਸਾ ਵਿਚ ਉਹ ਪੁਲੀਸ ਨੂੰ ਬਿਆਨ ਦੇ ਚੁਕੇ ਸਨ ਕਿ ਦੀਵਾਨ ਸਿੰਘ ਨੇ ਅਮਾਨਤ ਵਿਚ ਖ਼ਿਆਨਤ ਦਾ ਜੁਰਮ ਕੀਤਾ ਹੈ ਤੇ ਏਥੇ ਉਹਨਾਂ ਨੇ ਰਸੀਦ ਲਿਖ ਦਿਤੀ। ਉਹ ਮਹਾਰਾਜਾ ਪਟਿਆਲਾ ਦੀ ਪਰਜਾ ਅਤੇ ਮਹਾਰਾਜਾ ਪਟਿਆਲਾ ਦੀਵਾਨ ਸਿੰਘ ਦਾ ਵੈਰੀ। ਇਹ ਸਭੋ ਕੁਝ ਸੀ, ਪਰ ਦਲੇਰ ਅਤੇ ਮਿੱਤਰ-ਪੂਜ ਜੋਤ ਰਾਮ ਮਿਤ੍ਰਤਾ ਅਤੇ ਸਚਾਈ ਲਈ ਹਰ ਪ੍ਰਕਾਰ ਦੀਆਂ ਮੁਸੀਬਤਾਂ ਨੂੰ ਜੀ ਆਇਆਂ ਕਹਿਣ ਲਈ ਤਿਆਰ ਹੋ ਗਿਆ। ਇਸ ਤਰ੍ਹਾਂ ਲਾਲਾ ਜੋਤ ਰਾਮ ਐਡੀਟਰ "ਰਿਆਸਤ" ਨੂੰ ਰਸੀਦ ਦੇ ਕੇ ਸਾਰੀਆਂ ਗੱਲਾਂ ਦਸ ਕੇ ਅਤੇ ਦੋ ਤਿੰਨ ਦਿਨ ਐਡੀਟਰ "ਰਿਆਸਤ" ਦਾ ਪ੍ਰਾਹੁਣਾ ਰਹਿ ਕੇ ਵਾਪਸ ਮਾਨਸਾ ਚਲਾ ਗਿਆ।

ਐਡੀਟਰ "ਰਿਆਸਤ" ਦਾ ਇਹ ਤਜਰਬਾ ਹੈ ਕਿ ਜਦ ਕਦੀ ਇਸ ਨੇ ਅੱਤਿਆਚਾਰ ਦੇ ਵਿਰੁਧ ਆਵਾਜ਼ ਚੁਕੀ। ਲੋਕੀਂ ਬਿਨਾਂ ਸਾਂਝ ਸਿਆਣ ਦੇ ਵੀ ਇਸ ਦੇ ਹਿਤੂ ਬਣ ਗਏ ਅਤੇ ਕੋਈ ਰਜਵਾੜਾ ਅਜਿਹਾ ਨਹੀਂ ਜੋ ਇਸ ਦੇ ਵਿਰੁਧ ਹੋਵੇ ਅਤੇ ਉਥੋਂ ਦੀ ਪਰਜਾ ਇਸ ਦੀ ਹਿਤੈਸ਼ੀ, ਸ਼ੁਭਚਿੰਤਕ ਅਤੇ ਸਹਾਇਕ ਨਾ ਬਣ ਗਈ ਹੋਵੇ। ਇਸ ਪ੍ਰਕਾਰ ਇਹੀ ਹਾਲਤ ਪਟਿਆਲੇ ਸੰਬੰਧੀ ਸੀ। ਲਾਲਾ ਜੋਤ ਰਾਮ ਦੇ ਦਿੱਲੀਉਂ ਜਾਣ ਦੇ ਕੁਝ ਦਿਨਾਂ ਪਿਛੋਂ ਪਟਿਆਲਾ ਤੋਂ ਇਕ ਸਬ ਇਨਸਪੈਕਟਰ ਪੁਲੀਸ ਦਾ ਲੁਕਵਾਂ ਸੁਨੇਹਾ ਐਡੀਟਰ "ਰਿਆਸਤ" ਕੋਲ ਪਹੁੰਚਾ ਕਿ ਪਟਿਆਲਾ ਪੁਲੀਸ ਲਾਲਾ ਜੋਤ ਰਾਮ ਦੇ ਬਿਆਨਾਂ ਦੀਆਂ ਨੀਹਾਂ ਤੇ ਇਕ ਮੁਕੱਦਮਾ ਤਿਆਰ ਕਰ ਰਹੀ ਹੈ ਅਤੇ ਕੋਸ਼ਿਸ਼ ਜਾਰੀ ਹੈ ਕਿ ਏਜੰਟ ਗਵਰਨਰ ਜਨਰਲ ਪੰਜਾਬ ਰਿਆਸਤਾਂ, ਇਸ ਮੁਕੱਦਮੇਂ ਵਿਚ ਐਕਸਟ੍ਰਾਡੇਸ਼ਨ ਐਕਟ ਅਨੁਸਾਰ ਦੀਵਾਨ ਸਿੰਘ ਨੂੰ ਰਿਆਸਤ ਪਟਿਆਲਾ ਦੇ ਹਵਾਲੇ ਕਰ ਦੇਣ ਤਾਕਿ ਮਹਾਰਾਜਾ ਪਟਿਆਲਾ ਦੀਵਾਨ ਸਿੰਘ ਤੋਂ ਪਟਿਆਲਾ ਜੇਲ੍ਹ ਵਿਚ ਬਦਲਾ ਲੈ ਸਕਣ।

ਇਸ ਸੂਚਨਾ ਦੇ ਕੁਝ ਦਿਨਾਂ ਪਿਛੋਂ ਐਡੀਟਰ "ਰਿਆਸਤ" ਇਕ ਦਿਨ ਸਵੇਰੇ ਛੇ ਵਜੇ ਅਖ਼ਬਾਰ ਲਈ ਲੇਖ ਲਿਖ ਰਿਹਾ ਸੀ ਤਾਂ ਵੇਖਿਆ ਕਿ ਦਫ਼ਤਰ "ਰਿਆਸਤ" ਅਤੇ ਰਿਹੈਸ਼ੀ ਮਕਾਨ—ਉਸ ਵੇਲੇ ਦੋਵੇਂ ਦਰਯਾ ਗੰਜ ਦੀ ਇਕ ਕੋਠੀ ਵਿਚ ਸਨ—ਦਾ ਪੁਲੀਸ ਨੇ ਘੇਰਾ ਘਤ ਲਿਆ ਹੈ ਅਤੇ ਦਿੱਲੀ ਸੀ.ਆਈ.ਡੀ. ਦੇ ਇਨਸਪੈਕਟਰ ਮਿਸਟਰ ਨਜ਼ੀਰ-ਉਲ ਹਕ ਤੇ ਪਟਿਆਲਾ ਪੁਲੀਸ ਦੇ ਸੁਪ੍ਰੰਟੈਂਡੈਂਟ



Digitized by Panjab Digital Library | www.panjabdigilib.org

ਮਿ: ਫ਼ਜ਼ਲ ਕਰੀਮ ਅਤੇ ਦੋ ਦਰਜਨਾਂ ਦੇ ਲਗ ਪਗ ਦਿੱਲੀ ਅਤੇ ਪਟਿਆਲੇ ਦੇ ਸਬ ਇਨਸਪੈਕਟਰ,ਹੈਡ ਕਾਨਸਟੇਬਲ ਅਤੇ ਕਾਨਸਟੇਬਲ ਹਾਜ਼ਰ ਹਨ। ਐਡੀਟਰ "ਰਿਆਸਤ" ਨੇ ਨਜ਼ੀਰ-ਉਲ ਹੱਕ ਸਾਹਿਬ ਤੋਂ ਪੁਛਿਆ ਮਾਮਲਾ ਕੀ ਹੈ, ਤਾਂ ਆਪ ਨੇ ਦਸਿਆ ਕਿ ਰਿਆਸਤ ਪਟਿਆਲਾ ਨੇ ਅਮਾਨਤ ਵਿਚ ਖ਼ਿਆਨਤ ਦਾ ਇਕ ਮੁਕੱਦਮਾ ਐਡੀਟਰ "ਰਿਆਸਤ" ਦੇ ਵਿਰੁਧ ਚਲਾਇਆ ਹੈ ਤੇ ਉਸੇ ਸੰਬੰਧ ਵਿਚ ਹੀ ਤਲਾਸ਼ੀ ਅਤੇ ਗਰਿਫ਼ਤਾਰੀ ਹੋਵੇਗੀ। ਨਜ਼ੀਰ-ਉਲ ਹੱਕ ਸਾਹਿਬ ਦੇ ਦਸਣ ਤੇ ਐਡੀਟਰ "ਰਿਆਸਤ" ਨੇ ਕਿਹਾ ਕਿ ਸਭ ਤੋਂ ਪਹਿਲਾਂ ਆਇਰਨ ਸੇਫ਼ ਵਿਚੋਂ ਲਾਲਾ ਜੋਤ ਰਾਮ ਦੀ ਰਸੀਦ ਲੈ ਲਈ ਜਾਵੇ। ਸੋ ਰਸੀਦ ਲੈ ਲਈ ਗਈ ਅਤੇ ਉਸ ਤੇ ਨਜ਼ੀਰ-ਉਲ ਹੱਕ ਸਾਹਿਬ ਅਤੇ ਮਿਸਟਰ ਫ਼ਜ਼ਲ ਕਰੀਮ ਅਤੇ ਹੋਰ ਗਵਾਹਾਂ ਦੇ ਦਸਖ਼ਤ ਹੋ ਗਏ। ਲਾਲਾ ਜੋਤ ਰਾਮ ਦੀ ਰਸੀਦ ਵੇਖ ਕੇ ਫ਼ਜ਼ਲ ਕਰੀਮ ਦੇ ਛਿੱਕੇ ਛੁਟ ਗਏ। ਇਹ ਪੁਲੀਸ ਦੇ ਕੰਮ ਵਿਚ ਬੜੇ ਚੁਸਤ ਸਨ। ਉਹਨਾਂ ਨੇ ਅਨੁਭਵ ਕੀਤਾ ਕਿ ਮੁਕੱਦਮਾ ਤਿਆਰ ਕਰਨ ਦੀ ਸਾਰੀ ਹੀ ਮਿਹਨਤ ਤੇ ਪਾਣੀ ਫਿਰ ਗਿਆ ਹੈ। ਦਫ਼ਤਰ ਵਿਚ ਸਾਮਾਨ ਬਥੇਰਾ . ਸੀ। ਸੂਰਜ ਦੇ ਅਸਤ ਹੋਣ ਤਕ ਤਲਾਸ਼ੀ ਹੁੰਦੀ ਰਹੀ, ਪਰ ਅਜੇ ਕਈ ਕਮਰੇ ਬਾਕੀ ਸਨ। ਇਸ ਲਈ ਬਾਕੀ ਕਮਰਿਆਂ ਨੂੰ ਜੰਦਰਾ ਲਾ ਕੇ ਪਹਿਰਾ ਲਾ ਦਿਤਾ ਗਿਆ ਤਾਕਿ ਅਗਲੀ ਭਲਕ ਫੇਰ ਤਲਾਸ਼ੀ ਹੋਵੇ। ਤਲਾਸ਼ੀ ਦੀ ਇਹ ਖ਼ਬਰ ਸਾਰੇ ਸ਼ਹਿਰ ਵਿਚ ਉਡ ਗਈ। ਦਿੱਲੀ ਦੀਆਂ ਅਖ਼ਬਾਰਾਂ ਦੇ ਐਡੀਟਰ ਅਤੇ ਸੱਜਣ ਮਿੱਤਰ ਦਿਨ ਭਰ ਜਮ੍ਹਾਂ ਰਹੇ। ਰਾਤ ਨੂੰ ਅਠ ਵਜੇ ਦੇ ਲਗ ਪਗ ਨਜ਼ੀਰ-ਉਲ ਹੱਕ ਸਾਹਿਬ ਐਡੀਟਰ "ਰਿਆਸਤ" ਨੂੰ ਕੁਤਵਾਲੀ ਲੈ ਗਏ। "ਮੁਲਜ਼ਮ" ਨੂੰ ਉਸ ਜ਼ਮਾਨੇ ਦੇ ਡਿਪਟੀ ਸੁਪ੍ਰਿੰਟੰਡੰਟ ਪੁਲੀਸ ਮਲਕ ਦੇਵੀ ਦਿਆਲ ਦੇ ਹਵਾਲੇ ਕਰ ਦਿਤਾ ਗਿਆ ਅਤੇ ਫ਼ਜ਼ਲ ਕਰੀਮ ਸਾਹਿਬ ਨੇ ਡਿਪਟੀ ਸਾਹਿਬ ਨੂੰ ਕਿਹਾ ਕਿ ਮੁਲਜ਼ਮ ਨੂੰ ਹਵਾਲਾਤ ਵਿਚ ਬੰਦ ਕਰ ਦਿਤਾ ਜਾਏ। ਮਲਕ ਸਾਹਿਬ ਆਪਣੇ ਕੰਮ ਵਿਚ ਬੜੇ ਚੁਸਤ ਅਤੇ ਨੇਕ ਹਸਤੀ ਸਨ। ਉਨ੍ਹਾਂ ਨੇ ਜਵਾਬ ਦਿਤਾ ਕਿ ਹਵਾਲਾਤ ਵਿਚ ਬੰਦ ਕਰਨਾ ਦਿੱਲੀ ਪੁਲੀਸ ਦਾ ਕੰਮ ਹੈ, ਤੁਸੀਂ ਹੋਟਲ ਵਿਚ ਜਾ ਕੇ ਬਿਸਰਾਮ ਕਰੋ ਅਤੇ ਸਵੇਰੇ ਫੇਰ ਤਲਾਸ਼ੀ ਲਈ ਤਸ਼ਰੀਫ਼ ਲਿਆਓ। ਫ਼ਜ਼ਲ ਕਰੀਮ ਸਾਹਿਬ ਦੇ ਜੇਤੂ ਲਹਿਜੇ ਵਿਚ ਹੋਟਲ ਜਾਣ ਪਿਛੋਂ ਮਲਕ ਦੇਵੀ ਦਿਆਲ ਨੇ ਸੁਪ੍ਰਿੰਟੰਡੰਟ ਸੀ. ਆਈ. ਡੀ. ਮਿਸਟਰ ਮਾਰਗਨ ਨੂੰ ਟੈਲੀਫ਼ੂਨ ਤੇ ਕਿਹਾ ਕਿ ਦੀਵਾਨ ਸਿੰਘ ਬੜੇ ਪ੍ਰਭਾਵ ਵਾਲਾ ਅਖ਼ਬਾਰ-ਨਵੀਸ ਹੈ। ਅਸੈਂਬਲੀ ਅਤੇ ਕੌਂਸਲ ਆਫ਼ ਸਟੇਟ ਦੇ ਕਈ ਮੈਂਬਰ ਇਸ ਦੇ ਮਿੱਤਰ ਹਨ ਅਤੇ ਮੁਕੱਦਮੇ ਦੀ ਹਾਲਤ ਇਹ ਹੈ ਕਿ ਬਹਿਸ ਹੇਠਲੀ ਦੂਸ਼ਨਾ ਬਾਰੇ



Digitized by Panjab Digital Library | www.panjabdigilib.org

ਮੁਲਜ਼ਮ ਨੇ ਮੁਦੱਈ ਦੀ ਰਸੀਦ ਪੇਸ਼ ਕਰ ਦਿਤੀ ਹੈ ਜਿਸ ਦਾ ਭਾਵ ਇਹ ਹੈ ਕਿ ਮੁਕੱਦਮੇ ਦੀ ਕੋਈ ਹਸਤੀ ਨਹੀਂ ਰਹੀ। ਪਟਿਆਲੇ ਵਾਲੇ ਚਾਹੁੰਦੇ ਹਨ ਕਿ ਮੁਲਜ਼ਮ ਨੂੰ ਹਵਾਲਾਤ ਵਿਚ ਬੰਦ ਕਰ ਦਿਤਾ ਜਾਏ। ਮਾਮਲਾ ਬੜਾ ਜ਼ਰੂਰੀ ਹੈ ਸੰਭਵ ਹੈ ਕਲ ਨੂੰ ਲੋਕੀਂ ਪੁਲੀਸ ਅਤੇ ਕੇਂਦਰੀ ਸਰਕਾਰ ਵਾਸਤੇ ਅਸੈਂਬਲੀ ਜਾਂ ਕੌਂਸਲ ਆਫ਼ ਸਟੇਟ ਵਿਚ ਜੁਆਬ ਦੇਣਾ ਮੁਸ਼ਕਲ ਹੋ ਜਾਏ। ਸੋਚ ਲਓ ਕਿ ਕੀ ਕਰਨਾ ਚਾਹੀਦੇ। ਮੁਲਜ਼ਮ ਨੂੰ ਹਵਾਲਾਤ ਵਿਚ ਬੰਦ ਕਰ ਦਿਆਂ ਜਾਂ ਨਾ ਕਰਾਂ। ਮਿਸਟਰ ਮਾਰਗਨ ਨੇ ਡਿਪਟੀ ਕਮਿਸ਼ਨਰ ਮਿਸਟਰ ਜਾਨਸਨ ਨੂੰ ਟੈਲੀਫ਼ੂਨ ਕੀਤਾ। ਸਾਰੇ ਹਾਲ ਦਸੇ। ਮਿਸਟਰ ਜਾਨਸਨ ਨੇ ਜ਼ਿਮੇਂਵਾਰੀ ਲੈਣ ਤੋਂ ਨਾਂਹ ਕਰ ਦਿਤੀ ਅਤੇ ਹੁਕਮ ਦਿਤਾ ਕਿ ਮੁਲਜ਼ਮ ਨੂੰ ਪੰਜ ਸੌ ਰੁਪਏ ਦੀ ਜ਼ਮਾਨਤ ਤੇ ਛਟ ਰਿਹਾ ਕਰ ਦਿਤਾ ਜਾਏ। ਇਹ ਸੂਚਨਾ ਮਲਕ ਦੇਵੀ ਦਿਆਲ ਨੂੰ ਰਾਤ ਦੇ ਦਸ ਵਜੇ ਦੇ ਲਾਗੇ ਪੁਜੀ। ਮਲਕ ਸਾਹਿਬ ਨੇ ਐਡੀਟਰ "ਰਿਆਸਤ" ਅਤੇ ਇਸ ਦੇ ਜ਼ਾਮਨ ਮਿਸਟਰ ਕ੍ਰਿਸ਼ਨ ਦਾਸ ਕੋਹਲੀ ਮੈਨੇਜਰ "ਨੈਸ਼ਨਲ ਕਾਲ" —ਜਿਹੜੇ ਉਸ ਵੇਲੇ "ਹਿੰਦੁਸਤਾਨ ਟਾਈਮਜ਼"ਦੇ ਮੈਨੇਜਰ ਸਨ—ਨੂੰ ਮੋਟਰ ਵਿਚ ਨਾਲ ਲਿਆ। ਅਸੀਂ ਰਾਤ ਨੂੰ ਯਾਰਾਂ ਵਜੇ ਦੇ ਨੇੜੇ ਮਿਸਟਰ ਲੂਈਸ ਸਿਟੀ ਮੈਜਿਸਟ੍ਰੇਟ ਦੀ ਕੋਠੀ ਪਹੁੰਚੇ। ਮਿਸਟਰ ਲੂਈਸ ਨੂੰ ਜਗਾਇਆ। ਜ਼ਮਾਨਤ ਤਸਦੀਕ ਕੀਤੀ ਗਈ ਅਤੇ ਮਲਕ ਸਾਹਿਬ ਉਸੇ ਮੋਟਰ ਵਿਚ ਐਡੀਟਰ "ਰਿਆਸਤ" ਨੂੰ ਦਫ਼ਤਰ "ਰਿਆਸਤ" ਵਿਚ ਛਡ ਗਏ।

ਮਿਸਟਰ ਫ਼ਜ਼ਲ ਕਰੀਮ ਸਵੇਰੇ ਉਠਦੇ ਹੀ ਦਫ਼ਤਰ "ਰਿਆਸਤ" ਵਿਚ ਪਹੁੰਚੇ ਤਾਕਿ ਪਟਿਆਲੇ ਦੇ ਆਪਣੇ ਲਾਣੇ ਦੀ ਖ਼ੈਰ ਖ਼ਬਰ ਪੁਛਣ। ਜਿਹੜੇ ਰਾਤ ਭਰ ਦਫ਼ਤਰ "ਰਿਆਸਤ" ਦੀ ਨਿਗਰਾਨੀ ਕਰਦੇ ਰਹੇ ਸਨ ਉਹਨਾਂ ਨੇ ਜਦ ਵੇਖਿਆ ਕਿ ਐਡੀਟਰ "ਰਿਆਸਤ" ਬਜਾਏ ਹਵਾਲਾਤ ਦੇ ਆਪਣੇ ਘਰ ਵਿਚ ਹੈ ਤਾਂ ਉਹਨਾਂ ਦਾ ਰੰਗ ਫੱਕ ਹੋ ਗਿਆ। ਭਜੇ ਹੋਏ ਕੁਤਵਾਲੀ ਗਏ। ਮਲਕ ਦੇਵੀ ਦਿਆਲ ਤੋਂ ਪੁਛਿਆ ਤਾਂ ਮਲਕ ਸਾਹਿਬ ਨੇ ਦਸਿਆ ਕਿ ਮੁਲਜ਼ਮ ਨੂੰ ਡਿਪਟੀ ਕਮਿਸ਼ਨਰ ਦੀ ਆਗਿਆ ਅਨੁਸਾਰ ਛਡਿਆ ਗਿਆ ਹੈ। ਫ਼ਜ਼ਲ ਕਰੀਮ ਸਾਹਿਬ ਕੀ ਕਰ ਸਕਦੇ ਸਨ। ਆਪਣਾ ਸਿਰ ਫੜ ਕੇ ਬਹਿ ਗਏ।

ਅਗਲੇ ਦਿਨ ਫੇਰ ਤਲਾਸ਼ੀ ਹੋਈ ਜਿਹੜੀ ਕੁਝ ਘੰਟੇ ਚਾਲੂ ਰਹੀ। ਤਲਾਸ਼ੀ ਪਿਛੋਂ ਐਡੀਟਰ "ਰਿਆਸਤ" ਨੂੰ ਮਿਸਟਰ ਵੇਦ ਮੂਰਤੀ ਮੈਂਬਰ ਕੌਂਸਲ ਆਫ਼ ਸਟੇਟ—ਜਿਹੜੇ ਐਡੀਟਰ "ਰਿਆਸਤ" ਦੇ ਮਕਾਨ ਤੇ ਠਹਿਰੇ ਹੋਏ ਸਨ—ਨਾਲ ਸਲਾਹ ਕੀਤੀ ਅਤੇ ਸਲਾਹ ਪਿਛੋਂ ਦੀਵਾਨ ਗਿਆਨ ਨਾਥ ਸਕੱਤ੍ਰ ਏਜੰਟ ਗਵਰਨਰ ਜਨਰਲ ਪੰਜਾਬ ਰਿਆਸਤਾਂ—ਜਿਹੜੇ ਪਿਛੋਂ ਇੰਦੌਰ ਵਿਚ



Digitized by Panjab Digital Library | www.panjabdigilib.org

ਪ੍ਰਧਾਨ ਮੰਤ੍ਰੀ ਬਣੇ—ਨੂੰ ਲਾਹੌਰ ਟੈਲੀਫੂਨ ਕੀਤਾ ਕਿ ਕਰਨਲ ਸੇਂਟ ਜਾਨ ਏਜੰਟ ਗਵਰਨਰ ਜਨਰਲ ਕਿਥੇ ਹਨ। ਦੀਵਾਨ ਸਾਹਿਬ ਨੇ ਦਸਿਆ ਕਿ ਉਹ ਸ਼ਿਮਲੇ ਹਨ ਅਤੇ ਉਥੇ ਕਰਜ਼ਨ ਹਾਊਸ ਵਿਚ ਠਹਿਰੇ ਹੋਏ ਹਨ। ਐਡੀਟਰ "ਰਿਆਸਤ" ਰਾਤ ਨੂੰ ਦਿੱਲੀ ਤੋਂ ਸਵਾਰ ਹੋ ਕੇ ਸਵੇਰੇ ਕਾਲਕਾ ਪੁਜਾ। ਕਾਲਕਾ ਤੋਂ ਮੋਟਰ ਰੇਲ ਵਿਚ ਦਸ ਵਜੇ ਦੇ ਲਾਗੇ ਸ਼ਿਮਲੇ ਪਹੁੰਚਾ। ਉਥੋਂ ਕਰਜ਼ਨ ਹਾਊਸ ਟੈਲੀਫੂਨ ਕੀਤਾ ਤਾਂ ਇਕ ਲੇਡੀ ਨੇ ਦਸਿਆ ਕਿ ਕਰਨਲ ਸੇਂਟ ਜਾਨ ਅਜ ਸਵੇਰੇ ਮੋਟਰ ਰਾਹੀਂ ਡਲਹੌਜ਼ੀ (ਚੰਬੇ) ਗਏ ਹਨ ਅਤੇ ਦੋ ਦਿਨ ਉਥੇ ਠਹਿਰ ਕੇ ਰਿਆਸਤ ਚੰਬੇ ਦੇ ਦੌਰੇ ਤੇ ਜਾਣਗੇ। ਐਡੀਟਰ "ਰਿਆਸਤ" ਉਸੇ ਦਿਨ ਸ਼ਾਮ ਨੂੰ ਫੇਰ ਡਲਹੌਜ਼ੀ ਲਈ ਸ਼ਿਮਲੇ ਤੋਂ ਸਵਾਰ ਹੋਇਆ। ਅਗਲੇ ਦਿਨ ਦੁਪਹਿਰ ਨੂੰ ਪਠਾਨਕੋਟ ਪੁਜਾ ਅਤੇ ਉਸ ਤੋਂ ਅਗਲੇ ਦਿਨ ਸਵੇਰੇ ਡਲਹੌਜ਼ੀ ਪਹੁੰਚ ਕੇ ਚੰਬਾ ਹਾਊਸ ਵਿਚ ਕਰਨਲ ਸੇਂਟ ਜਾਨ ਨੂੰ ਮਿਲਣ ਗਿਆ। ਚੰਬਾ ਹਾਊਸ ਪਹੁੰਚ ਕੇ ਚਪੜ੍ਹਾਸੀ ਨੂੰ ਵਿਜ਼ਿਟਿੰਗ ਕਾਰਡ ਦਿਤਾ ਤਾਂ ਮਿਸਿਜ਼ ਸੇਂਟ ਜਾਨ ਬਰਾਂਡੇ ਵਿਚ ਆ ਗਈ। ਇਹ ਤੀਵੀਂ ਬੜੀ ਚੰਗੀ ਤਰ੍ਹਾਂ ਪੇਸ਼ ਆਈ। ਮੈਨੂੰ ਡਰਾਇੰਗ ਰੂਮ ਵਿਚ ਲੈ ਗਈ ਅਤੇ ਚਾਹ ਆਦਿ ਪੁਛੀ। ਮੈਂ ਕਿਹਾ ਕਿ ਮੈਂ ਹੁਣੇ ਹੋਟਲ ਤੋਂ ਪੀ ਕੇ ਆਇਆ ਹਾਂ। ਮਿਸਿਜ਼ ਸੇਂਟ ਜਾਨ ਨੇ ਆਪਣੇ ਘਰ ਵਾਲੇ ਨੂੰ ਖ਼ਬਰ ਦਿਤੀ ਤਾਂ ਉਸ ਦੇ ਪਤੀ ਨੇ ਦਫ਼ਤਰ ਦੇ ਕਮਰੇ ਵਿਚ ਸਦ ਲਿਆ। ਮੈਂ ਕਰਨਲ ਸੇਂਟ ਜਾਨ ਨੂੰ ਦਸਿਆ ਕਿ ਇਹ ਮੁਕੱਦਮਾ ਝੂਠਾ ਅਤੇ ਜਾਅਲੀ ਹੈ ਅਤੇ ਕਿਉਂਕਿ ਮਹਾਰਾਜਾ ਪਟਿਆਲਾ ਦੁਸ਼ਮਨ ਹਨ, ਇਸ ਲਈ ਇਹ ਮੁਕੱਦਮਾ ਬਣਾਇਆ ਗਿਆ ਹੈ ਤਾਕਿ ਮਹਾਰਾਜਾ ਐਕਸਟਰਾਡੇਸ਼ਨ ਐਕਟ ਹੇਠ ਜ਼ੁਲਮ ਕਰਨ ਲਈ ਮੈਨੂੰ ਪਟਿਆਲੇ ਲੈ ਜਾਣ।

ਕਰਨਲ ਸੇਂਟ ਜਾਨ ਦੀਆਂ ਗਲਾਂ ਤੋਂ ਪਤਾ ਲੱਗਾ ਕਿ ਇਸ ਮੁਕੱਦਮੇ ਸੰਬੰਧੀ ਮਹਾਰਾਜਾ ਪਟਿਆਲਾ ਜਾਂ ਉਹਨਾਂ ਦੇ ਵਜ਼ੀਰਾਂ ਵਿਚੋਂ ਕਿਸੇ ਨਾਲ ਉਹਨਾਂ ਦੀ ਗੱਲ ਬਾਤ ਹੋ ਚੁਕੀ ਹੈ। ਸਗੋਂ ਇਹਨਾਂ ਦੀ ਪ੍ਰਵਾਨਗੀ ਨਾਲ ਹੀ ਕਾਰਵਾਈ ਸ਼ੁਰੂ ਕੀਤੀ ਗਈ ਹੈ ਅਤੇ ਉਹਨਾਂ ਨੂੰ ਸਾਰੀਆਂ ਗੱਲਾਂ ਦਾ ਪਤਾ ਹੈ। ਕਰਨਲ ਸੇਂਟ ਜਾਨ ਨੇ ਸਾਫ਼ ਸਾਫ਼ ਕਹਿ ਦਿਤਾ ਕਿ ਮੁਕੱਦਮਾ ਭਾਵੇਂ ਝੂਠਾ ਹੈ ਤੇ ਭਾਵੇਂ ਸੱਚਾ, ਸਰਕਾਰ ਕਿਸੇ ਹਾਲਤ ਵਿਚ ਵੀ ਰਿਆਸਤਾਂ ਦੇ ਰਾਜਿਆਂ ਨੂੰ ਨੰਗਿਆਂ ਹੁੰਦਿਆਂ ਨਹੀਂ ਵੇਖ ਸਕਦੀ ਅਤੇ ਉਹ ਐਡੀਟਰ "ਰਿਆਸਤ" ਨੂੰ ਐਕਸਟਰਾਡੇਸ਼ਨ ਐਕਟ ਹੇਠ ਜ਼ਰੂਰੀ ਤੌਰ ਤੇ ਰਿਆਸਤ ਪਟਿਆਲਾ ਦੇ ਹਵਾਲੇ ਕਰ ਦਏਗੀ। ਐਡੀਟਰ "ਰਿਆਸਤ" ਨੇ ਕਿਹਾ ਕਿ



Digitized by Panjab Digital Library | www.panjabdigilib.org

ਕੀ ਬਰਤਾਨਵੀ ਇਨਸਾਫ਼ ਇਹੋ ਹੈ। ਤਾਂ ਕਰਨਲ ਸੇਂਟ ਜਾਨ ਨੇ ਫ਼ੌਜੀ ਅਦਾ ਵਿਚ ਜੁਆਬ ਦਿਤਾ, "ਅਮ ਇਨਸਾਫ਼ ਨਹੀਂ ਜਾਨਟਾ, ਹਮਾਰਾ ਕਾਮ ਹੈ ਕਿ ਨਵਾਬੋਂ ਔਰ ਮਹਾਰਾਜੋਂ ਕੀ ਪ੍ਰੈਸ ਕੇ ਹਮਲੇ ਸੇ ਹਿਫਾਜ਼ਟ ਕੀ ਜਾਏ।"

ਇਹ ਉਤਰ ਸੁਣ ਕੇ ਮੈਂ ਸਮਝ ਗਿਆ ਕਿ ਏਜੰਟ ਗਵਰਨਰ ਜਨਰਲ ਅਤੇ ਮਹਾਰਾਜਾ ਪਟਿਆਲਾ ਇਕੋ ਥੈਲੇ ਦੇ ਚਟੂ ਵਟੇ ਹਨ ਅਤੇ ਜੇਕਰ ਏਜੰਟ ਗਵਰਨਰ ਜਨਰਲ ਨੇ ਐਡੀਟਰ "ਰਿਆਸਤ" ਨੂੰ ਮਹਾਰਾਜਾ ਦੇ ਹਵਾਲੇ ਕਰ ਦਿਤਾ ਤਾਂ ਇਸ ਹੁਕਮ ਵਿਚ ਹਾਈਕੋਰਟ ਵੀ ਦਖ਼ਲ ਨਹੀਂ ਦੇ ਸਕਦਾ ਅਤੇ ਏਜੰਟ ਗਵਰਨਰ ਜਨਰਲ ਦੀ ਆਗਿਆ ਅਨੁਸਾਰ ਜੇਕਰ ਐਡੀਟਰ "ਰਿਆਸਤ" ਨੂੰ ਪਟਿਆਲਾ ਜੇਲ੍ਹ ਵਿਚ ਭੇਜ ਦਿਤਾ ਗਿਆ ਤਾਂ ਉਥੇ ਦੁਸ਼ਮਨ ਦੀ ਜੇਲ੍ਹ ਦਾ ਇਕ ਦਿਨ ਵੀ ਵਰ੍ਹਿਆਂ ਬਧੀ ਦੀ ਹਰ ਦਿਨ ਦੀ ਮੌਤ ਤੋਂ ਵਧੇਰੇ ਦੁਖ ਦਾ ਕਾਰਨ ਹੋਵੇਗਾ। ਇਸ ਪ੍ਰਕਾਰ ਮੈਂ ਇਹ ਨਿਸਚਾ ਕਰ ਲਿਆ ਕਿ ਭਾਵੇਂ ਕੁਝ ਵੀ ਹੋਵੇ ਮੈਂ ਆਪਣੇ ਆਪ ਨੂੰ ਪਟਿਆਲੇ ਦੇ ਹਵਾਲੇ ਨਹੀਂ ਹੋਣ ਦਿਆਂਗਾ।

ਡਲਹੌਜ਼ੀਉਂ ਤਾਂਗੇ ਵਿਚ ਚੜ੍ਹ ਕੇ ਪਠਾਨਕੋਟ ਪੁਜਾ, ਕਿਉਂਕਿ ਉਥੇ ਕੋਈ ਮੋਟਰ ਜਾਂ ਲਾਰੀ ਨਾ ਮਿਲ ਸਕੀ। ਪਠਾਨਕੋਟ ਤੋਂ ਰੇਲ ਸ਼ੁਰੂ ਹੁੰਦੀ ਹੈ, ਪਰ ਮੈਂ ਰੇਲ ਵਿਚ ਨਾ ਬੈਠਾ। ਖ਼ਿਆਲ ਸੀ ਕਿ ਸ਼ੈਦ ਪਟਿਆਲਾ ਪੁਲੀਸ ਨੇ ਏਜੰਟ ਗਵਰਨਰ ਜਨਰਲ ਤੋਂ ਵਾਰੰਟ ਪ੍ਰਾਪਤ ਕਰ ਲਏ ਹੋਣ। ਪਠਾਨਕੋਟ ਤੋਂ ਲਾਰੀ ਵਿਚ ਚੜ੍ਹਿਆ, ਅੰਮ੍ਰਿਤਸਰ ਪੁਜਾ। ਅੰਮ੍ਰਿਤਸਰ ਤੋਂ ਦੂਜੀ ਲਾਰੀ ਤੇ ਚੜ੍ਹਿਆ ਜਲੰਧਰ ਛਾਉਣੀ ਪੁਜਾ। ਰਾਤ ਨੂੰ ਕਲਕੱਤੇ ਜਾਣ ਵਾਲੀ ਗੱਡੀ ਜਦ ਲਾਹੌਰ ਤੋਂ ਜਲੰਧਰ ਛਾਉਣੀ ਪੁਜੀ ਤਾਂ ਫਸਟ ਕਲਾਸ ਦੀ ਟਿਕਟ ਲੈ ਕੇ ਡੱਬੇ ਵਿਚ ਬਹਿ ਗਿਆ। ਕਮਰੇ ਨੂੰ ਅੰਦਰੋਂ ਚੰਗੀ ਤਰ੍ਹਾਂ ਬੰਦ ਕਰ ਲਿਆ। ਰਾਤ ਨੂੰ ਨੀਂਦ ਨਾ ਆਈ, ਜੀਵਨ ਦਾ ਅਗਲਾ ਪ੍ਰੋਗਰਾਮ ਬਣਾਉਂਦਾ ਰਿਹਾ। ਅਗਲੇ ਦਿਨ ਸਵੇਰੇ ਦਸ ਵਜੇ ਲਖਨਊ ਪਹੁੰਚਿਆ। ਲਖਨਊ ਰੇਲਵੇ ਸਟੇਸ਼ਨ ਤੋਂ "ਇੰਡੀਅਨ ਡੇਲੀ ਟੈਲੀਗਰਾਫ਼" ਦੇ ਦਫ਼ਤਰ ਗਿਆ, ਉਥੇ ਇਸ ਅਖ਼ਬਾਰ ਦੇ ਐਡੀਟਰ ਮਿਸਟਰ ਰੰਗਾ ਆਇਰ ਨੂੰ ਮਿਲਿਆ। ਸਾਰੇ ਹਾਲ ਦਸੇ ਅਤੇ ਕਿਹਾ ਕਿ ਮੈਂ ਸਦਾ ਲਈ ਫ਼ਰਾਂਸ ਦੇ ਇਲਾਕੇ ਪਾਂਡੀਚਰੀ ਜਾ ਰਿਹਾ ਹਾਂ। ਰਸਤੇ ਤੇ ਮਦਰਾਸ ਦਿਆਂ ਲੋਕਾਂ ਨਾਲ ਨਾਵਾਕਫ਼ ਹਾਂ। ਮੇਰੇ ਨਾਲ ਪਾਂਡੀਚਰੀ ਚਲੋ ਅਤੇ ਮੈਨੂੰ ਉਥੇ ਛਡ ਆਓ। ਮਿਸਟਰ ਰੰਗਾ ਆਇਰ ਮੇਰੇ ਡੂੰਘੇ ਮਿਤਰ ਸਨ, ਝਟ ਤਿਆਰ ਹੋ ਪਏ। ਅਸੀਂ ਲਖਨਊ ਤੋਂ ਕਾਨਪੁਰ ਗਏ। ਕਾਨਪੁਰ ਤੋਂ ਝਾਂਸੀ। ਝਾਂਸੀ ਸਵੇਰ ਵੇਲੇ ਪਹੁੰਚੇ। ਝਾਂਸੀ ਤੋਂ ਸੋਲਾਂ ਮੀਲਾਂ ਦੀ ਵਿਥ ਤੇ ਰਿਆਸਤ ਦਤੀਆ ਹੈ। ਉਥੇ ਇਕ ਆਪਣੀ ਜਨਮ ਭੂਮੀ ਦੇ ਅਤੇ ਮਿਤਰ

ਲਾਲਾ ਬਿਸ਼ਨ ਦਾਸ ਚੋਪੜਾ ਨੌਕਰ ਸਨ। ਝਾਂਸੀ ਤੋਂ ਦਤੀਆ ਪੁਜੇ ਤਾਕਿ ਅਖ਼ਬਾਰ, ਪ੍ਰੈਸ ਅਤੇ ਹਾਫ਼ਿਜ਼ਾਬਾਦ ਦੀ ਜੋ ਕੁਝ ਵੀ ਥੋੜ੍ਹੀ ਬਹੁਤੀ ਭੋਇੰ ਮਕਾਨ ਆਦਿ ਜਾਇਦਾਦ ਹੈ ਇਹਨਾਂ ਦੇ ਨਾਂ ਕਰ ਦਿਆਂ, ਕਿਉਂਕਿ ਦ੍ਰਿੜ੍ਹ ਨਿਸਚਾ ਕਰ ਚੁਕਿਆ ਸਾਂ ਕਿ ਹੁਣ ਭਵਿਖਤ ਜੀਵਨ ਵਿਚ ਭਾਰਤ ਦੇ ਅੰਗਰੇਜ਼ੀ ਇਲਾਕੇ ਵਿਚ ਨਹੀਂ ਆ ਸਕਾਂਗਾ।

ਅਸੀਂ ਦਤੀਆ ਲਾਲਾ ਬਿਸ਼ਨ ਦਾਸ ਚੋਪੜਾ ਦੇ ਮਕਾਨ ਤੇ ਪਹੁੰਚੇ। ਲਿਖਤ-ਪੜ੍ਹਤ ਬਾਰੇ ਸਲਾਹ ਆਦਿ ਹੋ ਰਹੀ ਸੀ ਤਾਂ ਇਕ ਅਫ਼ਸਰ ਨੇ ਸਾਨੂੰ ਲਾਲਾ ਬਿਸ਼ਨ ਦਾਸ ਦੇ ਮਕਾਨ ਤੇ ਬੈਠਿਆਂ ਵੇਖਿਆ। ਉਹ ਸਾਹਿਬ ਕਾਜ਼ੀ ਸਰ ਅਜ਼ੀਜ਼-ਉ-ਦੀਨ ਅਹਿਮਦ ਦੀਵਾਨ ਦਤੀਆ ਦੀ ਕੋਠੀ ਉਹਨਾਂ ਨੂੰ ਮਿਲਣ ਜਾ ਰਹੇ ਸਨ। ਉਹਨਾਂ ਨੇ ਕਾਜ਼ੀ ਸਾਹਿਬ ਨਾਲ ਗੱਲ ਕੀਤੀ ਕਿ ਦੀਵਾਨ ਸਿੰਘ ਆਇਆ ਹੋਇਆ ਹੈ ਅਤੇ ਲਾਲਾ ਬਿਸ਼ਨ ਦਾਸ ਚੋਪੜਾ ਦੇ ਮਕਾਨ ਤੇ ਠਹਿਰਿਆ ਹੋਇਆ ਹੈ। ਕਾਜ਼ੀ ਸਾਹਿਬ ਨੂੰ ਮੇਰੇ ਆਉਣ ਦਾ ਜਦ ਪਤਾ ਲੱਗਾ ਤਾਂ ਕਾਜ਼ੀ ਸਾਹਿਬ ਨੇ ਆਪਣੀ ਮੋਟਰ ਭੇਜ ਕੇ ਸਾਨੂੰ ਬੁਲਵਾਇਆ। ਅਸੀਂ ਜਦ ਪਹੁੰਚੇ ਤਾਂ ਆਪ ਨੇ ਮਿਤ੍ਰਾਨਾ ਢੰਗ ਵਿਚ ਸ਼ਕੈਤ ਕੀਤੀ ਕਿ ਉਹਨਾਂ ਨੂੰ ਆਉਣ ਦਾ ਪਤਾ ਕਿਉਂ ਨਹੀਂ ਦਿਤਾ। ਕਾਜ਼ੀ ਸਾਹਿਬ ਨਾਲ ਗੱਲਾਂ ਹੋ ਰਹੀਆਂ ਸਨ, ਪਰ ਮੇਰਾ ਦਿਲ ਪਾਂਡੀਚਰੀ ਵਿਚ ਸੀ। ਕਾਜ਼ੀ ਸਾਹਿਬ ਨੇ ਅਨੁਭਵ ਕੀਤਾ ਕਿ ਮੈਂ ਕੁਝ ਸੋਚਾਂ ਵਿਚ ਹਾਂ। ਆਪ ਨੇ ਪੁਛਿਆ ਕਿ ਮੈਂ ਏਨਾਂ ਉਦਾਸ ਉਦਾਸ ਕਿਉਂ ਹਾਂ। ਮੈਂ ਕਿਹਾ ਕੁਝ ਨਹੀਂ। ਉਹਨਾਂ ਫੇਰ ਘੜੀ ਮੁੜੀ ਪੁਛਿਆ ਤਾਂ ਮਿਸਟਰ ਰੰਗਾ ਆਇਰ ਨੇ ਸਾਰਾ ਕਿੱਸਾ ਸੁਣਾ ਦਿਤਾ ਅਤੇ ਦਸਿਆ ਕਿ ਅਜ ਰਾਤ ਐਕਸਪ੍ਰੈਸ ਗਡੀ ਰਾਹੀਂ ਅਸੀਂ ਬੰਬਈ ਜਾ ਰਹੇ ਹਾਂ। ਬੰਬਈ ਤੋਂ ਮਦਰਾਸ ਜਾਵਾਂਗੇ ਅਤੇ ਉਥੋਂ ਪਾਂਡੀਚਰੀ। ਕਾਜ਼ੀ ਸਾਹਿਬ ਅਖ਼ਬਾਰ "ਰਿਆਸਤ" ਦੇ ਨਾ ਕੇਵਲ ਪ੍ਰਸੰਸਕ ਪਾਠਕ ਹੀ ਸਨ ਸਗੋਂ ਇਸ ਨੂੰ ਪਿਆਰ ਦੀ ਨਿਗਾਹ ਨਾਲ ਵੇਖਦੇ ਸਨ ਅਤੇ ਐਡੀਟਰ "ਰਿਆਸਤ" ਨੂੰ ਆਪਣਾ ਮਿਤਰ ਸਮਝਦੇ ਸਨ। ਜਦ ਆਪ ਨੂੰ ਇਹ ਪਤਾ ਲਗਾ ਕਿ ਮੈਂ ਪਾਂਡੀਚਰੀ ਜਾ ਰਿਹਾ ਹਾਂ ਅਤੇ ਅਖ਼ਬਾਰ "ਰਿਆਸਤ" ਬੰਦ ਹੋ ਜਾਏਗਾ ਅਤੇ ਜੇ ਬੰਦ ਨਾ ਵੀ ਹੋਇਆ ਤਾਂ ਦੀਵਾਨ ਸਿੰਘ ਇਹਨੂੰ ਅਗੋਂ ਲਈ ਐਡਿਟ ਨਹੀਂ ਕਰ ਸਕੇਗਾ ਤਾਂ ਉਹਨਾਂ ਨੂੰ ਬੜਾ ਦੁਖ ਹੋਇਆ। ਆਪ ਕੁਝ ਚਿਰ ਸੋਚਦੇ ਰਹੇ ਸੋਚਣ ਪਿਛੋਂ ਉਹਨਾਂ ਫ਼ਰਮਾਇਆ ਕਿ ਪਟਿਆਲਾ ਅਤੇ ਦਤੀਆ ਵਿਚਕਾਰ ਐਕਸਟਰਾ-ਡੇਸ਼ਨ ਬਾਰੇ ਕੋਈ ਇਕਰਾਰਨਾਮਾ ਨਹੀਂ ਅਤੇ ਪਟਿਆਲੇ ਦੇ ਵਾਰੰਟਾਂ ਦੀ ਤਾਮੀਲ ਦਤੀਆ ਦੀਆਂ ਹਦਾਂ ਵਿਚ ਨਹੀਂ ਹੋ ਸਕਦੀ ਅਤੇ ਐਡੀਟਰ "ਰਿਆਸਤ"



Digitized by Panjab Digital Library | www.panjabdigilib.org

ਕਾਜ਼ੀ ਸਾਹਿਬ ਜਾਂ ਰਿਆਸਤ ਦਤੀਆ ਦੇ ਪ੍ਰਾਹੁਣੇ ਦੀ ਸ਼ਕਲ ਵਿਚ ਦਤੀਆ ਵਿਚ ਰਹੇ, ਜਦ ਤਕ ਕਿ ਇਸ ਝਗੜੇ ਦਾ ਨਬੇੜਾ ਨਹੀਂ ਹੋ ਜਾਂਦਾ। ਐਡੀਟਰ "ਰਿਆਸਤ" ਨੇ ਕਾਜ਼ੀ ਸਾਹਿਬ ਨੂੰ ਬੇਨਤੀ ਕੀਤੀ ਕਿ ਮਹਾਰਾਜਾ ਪਟਿਆਲਾ ਤੁਹਾਡੇ ਦੁਸ਼ਮਨ ਬਣ ਜਾਣਗੇ ਜਾਂ ਪੁਲੀਟੀਕਲ ਡੀਪਾਰਟਮੈਂਟ ਵਲੋਂ ਇਤਰਾਜ਼ ਹੋਵੇਗਾ ਸੋ ਇਹ ਠੀਕ ਨਹੀਂ। ਕਾਜ਼ੀ ਸਾਹਿਬ ਨੇ ਉਤਰ ਦਿਤਾ ਕਿ ਮਹਾਰਾਜਾ ਪਟਿਆਲਾ ਦਿਆਂ ਸੰਬੰਧਾਂ ਨੂੰ ਦੀਵਾਨ ਸਿੰਘ ਦੀ ਮਿਤ੍ਰਤਾ ਤੇ ਵਾਰਿਆ ਜਾ ਸਕਦਾ ਹੈ ਅਤੇ ਪੁਲੀਟੀਕਲ ਡੀਪਾਰਟਮੈਂਟ ਦਿਆਂ ਇਤਰਾਜ਼ਾਂ ਦਾ ਉਹ ਆਪ ਜੁਆਬ ਦੇ ਲੈਣਗੇ। ਸੋ ਸਲਾਹ ਆਦਿ ਪਿਛੋਂ ਫ਼ੈਸਲਾ ਹੋਇਆ ਕਿ ਮੈਂ ਕੁਝ ਦਿਨ ਦਤੀਆ 'ਚ ਹੀ ਰਹਾ। ਇਕ ਦੂਜੇ ਮਿਤਰ ਸਰਦਾਰ ਤਾਰਾ ਸਿੰਘ ਇੰਜੀਨੀਅਰ ਵੀ ਉਥੇ ਨੌਕਰ ਸਨ। ਉਹ ਮੈਨੂੰ ਮੋਟਰ ਵਿਚ ਆਪਣੇ ਘਰ ਲੈ ਗਏ। ਮੈਂ ਉਹਨਾਂ ਦੇ ਮਕਾਨ ਤੇ ਟਿਕਾਣਾ ਕੀਤਾ। ਮਿਸਟਰ ਵੇਦ ਮੂਰਤੀ ਨੂੰ ਦਿੱਲੀ ਤਾਰ ਦਿਤੀ ਗਈ ਕਿ ਤੁਸੀਂ ਝਟ ਦਤੀਆ ਪੁਜੋ। ਉਹ ਦਤੀਆ ਪਹੁੰਚ ਗਏ। ਫੇਰ ਸਭ ਨੇ ਸਲਾਹ ਕੀਤੀ। ਸਲਾਹ ਪਿਛੋਂ ਉਸੇ ਰਾਤ ਨੂੰ ਮਿਸਟਰ ਵੇਦ ਮੂਰਤੀ ਸ਼ਿਮਲੇ ਗਏ। ਅਸੈਂਬਲੀ ਦਾ ਇਜਲਾਸ ਹੋ ਰਿਹਾ ਸੀ। ਆਪ ਨੇ ਅਸੈਂਬਲੀ ਦੇ ਸਾਰੇ ਮੈਂਬਰਾਂ ਨੂੰ ਜਿਹੜੇ ਉਹਨਾਂ ਦੇ ਡੂੰਘੇ ਯਾਰ ਸਨ ਹਾਲ ਦਸੇ। ਅਸੈਂਬਲੀ ਦੇ ਮੈਂਬਰ ਹਾਲ ਸੁਣ ਕੇ ਹੈਰਾਨ ਰਹਿ ਗਏ। ਮਿਸਟਰ ਨਿਉਗੀ ਨੇ ਐਡਜਰਨਮੈਂਟ ਮੋਸ਼ਨ ਪੇਸ਼ ਕਰ ਦਿਤੀ। ਮਿਸਟਰ ਪਟੇਲ ਅਸੈਂਬਲੀ ਦੇ ਪਰਧਾਨ ਸਨ। ਇਕ ਹਲ ਚਲ ਜਿਹੀ ਉਤਪੰਨ ਹੋ ਗਈ। ਹੋਮ ਮੈਂਬਰ ਨੂੰ ਹਾਲਾਂ ਦਾ ਕੁਝ ਪਤਾ ਨਹੀਂ ਸੀ, ਉਹ ਹੈਰਾਨ ਸੀ ਕਿ ਰਿਆਸਤਾਂ ਵਿਚ ਕੀ ਕੁਝ ਹੋ ਰਿਹਾ ਹੈ ਅਤੇ ਦੋ ਸੌ ਰੁਪਏ ਦੇ ਦੂਸ਼ਨ ਵਿਚ ਇਕ ਜਰਨਲਿਸਟ ਨੂੰ ਕਿਵੇਂ ਇਕ ਸ਼ਤਰੂ ਰਿਆਸਤ ਦੇ ਹਵਾਲੇ ਕੀਤਾ ਜਾ ਰਿਹਾ ਹੈ। ਹੋਮ ਮੈਂਬਰ ਨੇ ਪ੍ਰੈਜ਼ੀਡੈਂਟ ਅਸੈਂਬਲੀ ਨੂੰ ਕਿਹਾ ਕਿ ਥੋੜ੍ਹੇ ਚਿਰ ਦੀ ਮੋਹਲਤ ਦਿਤੀ ਜਾਏ ਤਾ ਕਿ ਪੁਲੀਟੀਕਲ ਸਕੱਤ੍ਰ ਤੋਂ ਹਾਲ ਮਲੂਮ ਕੀਤੇ ਜਾ ਸਕਣ। ਮਿਸਟਰ ਕੋਟਮੈਨ ਡਾਇਰੈਕਟਰ ਇਨਫ਼ਰਮੇਸ਼ਨ ਬਿਓਰੋ ਸਰਕਾਰ ਹਿੰਦ ਸਨ। ਹੋਮ ਮੈਂਬਰ ਦੀ ਹਦਾਇਤ ਅਨੁਸਾਰ ਉਹਨਾਂ ਨੇ ਸਰ ਜਾਨ ਥਾਂਪਸਨ ਪੁਲੀਟੀਕਲ ਸਕੱਤ੍ਰ ਸਰਕਾਰ ਹਿੰਦ ਤੋਂ ਪੁਛਿਆ ਤਾਂ ਉਹਨਾਂ ਵੀ ਅਗਿਆਨਤਾ ਪ੍ਰਗਟ ਕੀਤੀ। ਆਖ਼ਰ ਹੋਮ ਮੈਂਬਰ ਦੇ ਇਹ ਇਕਰਾਰ ਕਰਨ ਤੇ ਇਲਤਵਾ ਦੀ ਤਹਿਰੀਕ ਵਾਪਸ ਲੈ ਲਈ ਗਈ ਕਿ ਜਦ ਤਕ ਅਸੈਂਬਲੀ ਵਿਚ ਇਸ ਮਾਮਲੇ ਤੇ ਬਹਿਸ ਨਾ ਹੋਵੇਗੀ ਅਤੇ ਸਵਾਲਾਂ ਦੇ ਜੁਆਬ ਨਾ ਦਿਤੇ ਜਾਣਗੇ, ਦੀਵਾਨ ਸਿੰਘ ਨੂੰ ਐਕਸਟਰਾਡੇਸ਼ਨ ਐਕਟ ਰਾਹੀਂ ਪਟਿਆਲਾ ਦੇ ਹਵਾਲੇ ਨਹੀਂ ਕੀਤਾ ਜਾਏਗਾ।



Digitized by Panjab Digital Library | www.panjabdigilib.org

ਅਸੈਂਬਲੀ ਵਿਚ ਹੋਮ ਮੈਂਬਰ ਦੇ ਇਸ ਇਕਰਾਰ ਤੇ ਸਰ ਜਾਨ ਥਾਂਪਸਨ ਪੁਲੀਟੀਕਲ ਸਕੱਤਰ ਨੇ ਕਰਨਲ ਸੇਂਟ ਜਾਨ ਨੂੰ ਲਾਹੌਰ ਤਾਰ ਦਿਤੀ ਕਿ ਐਡੀਟਰ "ਰਿਆਸਤ" ਦੇ ਮਾਮਲੇ ਵਿਚ ਉਸ ਵੇਲੇ ਤਕ ਕੁਝ ਨਾ ਕੀਤਾ ਜਾਏ ਜਦ ਤਕ ਕਿ ਪੁਲੀਟੀਕਲ ਸਕਤਰ ਤੋਂ ਆਗਿਆ ਪ੍ਰਾਪਤ ਨਾ ਕਰ ਲਈ ਜਾਏ । ਮਿਸਟਰ ਵੇਦ ਮੂਰਤੀ ਨੇ ਐਡੀਟਰ "ਰਿਆਸਤ" ਨੂੰ ਦਤੀਆ ਤਾਰ ਦਿਤੀ ਕਿ ਝਟ ਸ਼ਿਮਲੇ ਪਹੁੰਚੋ । ਅਸੈਂਬਲੀ ਦੇ ਮੈਂਬਰ ਮਿਲ ਕੇ ਆਪ ਸਾਰੇ ਹਾਲ ਜਾਨਣਾ ਚਾਹੁੰਦੇ ਹਨ । ਮੈਂ ਤਾਰ ਮਿਲਣ ਤੇ ਸ਼ਿਮਲੇ ਗਿਆ । ਉਥੇ ਮਿਸਟਰ ਬੀ. ਦਾਸ ਮਿਸਟਰ ਟੀ. ਸੀ. ਗੋਸੁਾਮੀ,— ਜਿਹੜੇ ਪਿਛਲੇ ਦਿਨਾਂ 'ਚ ਬੰਗਾਲ ਵਿਚ ਮਨਿਸਟਰ ਸਨ — ਮਿਸਟਰ ਰਾਮਾ ਰੈਡੀ, ਮਿਸਟਰ ਰੰਗਾ ਆਇਰ ਅਤੇ ਮਿਸਟਰ ਨਿਉਗੀ ਆਦਿ ਦੋਸਤਾਂ ਨੂੰ ਮਿਲਿਆ । ਸਾਰੇ ਹਾਲ ਦਸੇ । ਅਸੈਂਬਲੀ ਲਈ ਪ੍ਰਸ਼ਨ ਤਿਆਰ ਕੀਤੇ ਗਏ । ਇਕ ਦਰਜਨ ਦੇ ਲਗ ਪਗ ਮੈਂਬਰਾਂ ਨੇ ਸਪਲੀਮੈਂਟਰੀ ਪ੍ਰਸ਼ਨ ਪੁਛਣ ਦਾ ਫ਼ੈਸਲਾ ਕੀਤਾ । ਨੋਟਿਸ ਦੇ ਪਿਛੋਂ ਪ੍ਰਸ਼ਨ ਕੀਤੇ ਗਏ ਅਤੇ ਜ਼ਿਮਨੀ ਪ੍ਰਸ਼ਨ ਪੁਛੇ ਗਏ । ਮੁਕੱਦਮੇ ਦੀ ਬਣਤਰ ਉਤੇ ਕਈ ਮੈਂਬਰਾਂ ਨੇ ਮਖ਼ੌਲ ਉਡਾਇਆ ਅਤੇ ਆਖ਼ਰ ਹੋਮ ਮੈਂਬਰ ਨੇ ਭਰੋਸਾ ਦਵਾਇਆ ਕਿ ਦੀਵਾਨ ਸਿੰਘ ਨੂੰ ਇਸ ਮੁਕੱਦਮੇ ਵਿਚ ਪਟਿਆਲੇ ਦੇ ਹਵਾਲੇ ਨਹੀਂ ਕੀਤਾ ਜਾਵੇਗਾ ।

ਸਰਕਾਰ ਦੇ ਇਸ ਫ਼ੈਸਲੇ ਪਿਛੋਂ ਸੁਰਗਵਾਸੀ ਮਹਾਰਾਜਾ ਪਟਿਆਲਾ, ਸਰ ਜਾਨ ਥਾਂਪਸਨ ਕੋਲ ਪੁਜਾ ਅਤੇ ਕਿਹਾ ਕਿ ਰਿਆਸਤ ਪਟਿਆਲਾ ਦੀ ਬੜੀ ਹੇਠੀ ਹੋਈ ਹੈ ਅਤੇ ਜੇਕਰ ਦੀਵਾਨ ਸਿੰਘ ਨੂੰ ਪਟਿਆਲੇ ਦੇ ਹਵਾਲੇ ਨਾ ਕੀਤਾ ਜਾਏਗਾ ਤਾਂ ਉਹ ਗੱਦੀ ਛਡ ਦੇਣਗੇ । ਸਰ ਜਾਨ ਥਾਂਪਸਨ ਨੇ ਮਹਾਰਾਜਾ ਨੂੰ ਟਾਲ ਦਿਤਾ ਅਤੇ ਜਦ ਮਹਾਰਾਜਾ ਸਰ ਜਾਨ ਨੂੰ ਮਿਲਕੇ ਚਲੇ ਗਏ ਤਾਂ ਆਪ ਨੇ ਆਪਣੇ ਡਿਪਟੀ ਪੁਲੀਟੀਕਲ ਸਕੱਤਰ ਮਿਸਟਰ ਬੀ. ਜੇ. ਗਲੈਂਸੀ — ਜੋ ਪਿਛੋਂ ਸਰ ਬਰਟ੍ਰੈਂਡ ਗਲੈਂਸੀ ਗਵਰਨਰ ਪੰਜਾਬ ਸਨ — ਨੂੰ ਆਖਿਆ ਕਿ ਜੇਕਰ ਮਹਾਰਾਜਾ ਗੱਦੀ ਛਡਣਾ ਚਾਹੁੰਦੇ ਹਨ ਤਾਂ ਛਡ ਦੇਣ, ਪਰ ਇਕ ਬਕਰੀ ਨੂੰ ਬਘਿਆੜ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ ।

ਇਹਨਾਂ ਘਟਨਾਵਾਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਭਾਰਤ ਦੇ ਰਜਵਾੜਿਆਂ ਦੇ ਰਾਜੇ ਆਪਣੇ ਦੁਸ਼ਮਨਾਂ ਤੋਂ ਬਦਲਾ ਲੈਣ ਲਈ ਕੀ ਕੁਝ ਕਰ ਸਕਦੇ ਹਨ ਅਤੇ ਇਹਨਾਂ ਦਾ ਟਾਕਰਾ ਕਰਨ ਲਈ ਕਿੰਨੀਆਂ ਕਠਨਾਈਆਂ ਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ।



Digitized by Panjab Digital Library | www.panjabdigilib.org

"ਰਿਆਸਤ" ਦਾ ਦਫ਼ਤਰ ਅਜਮੇਰੀ ਦਰਵਾਜ਼ੇ ਤੋਂ ਬਾਹਰ ਸੀ। ਇਕ ਦਿਨ ਹਾਫ਼ਜ਼ਾਬਾਦ ਤੋਂ ਮੇਰੇ ਇਕ ਨਜ਼ਦੀਕੀ ਰਿਸ਼ਤੇਦਾਰ ਅਤੇ ਮਿਤਰ ਸਰਦਾਰ ਹਾਕਮ ਸਿੰਘ ਕਪੂਰ ਦਾ ਖ਼ਤ ਆਇਆ ਕਿ ਹਾਫ਼ਿਜ਼ਾਬਾਦ ਦਾ ਸਬ ਇਨਸਪੈਕਟਰ ਪੁਲੀਸ ਇਹ ਪੜਤਾਲ ਕਰ ਰਿਹਾ ਹੈ ਕਿ ਦੀਵਾਨ ਸਿੰਘ ਦੀ ਜ਼ਮੀਨ, ਮਕਾਨ ਆਦਿ ਜਾਇਦਾਦ ਹਾਫ਼ਿਜ਼ਾਬਾਦ ਵਿਚ ਕੀ ਕੁਝ ਅਤੇ ਕਿੰਨੀ ਕੁ ਰਕਮ ਦੀ ਹੈ। ਮੈਂ ਸਮਝਿਆ ਕਿ ਪੁਲੀਸ ਸਿਆਸੀ ਕੰਮ ਕਰਨ ਵਾਲਿਆਂ ਦੇ ਹਿਸਟਰੀ ਸ਼ੀਟ ਤਿਆਰ ਕਰਦੀ ਹੈ ਅਤੇ ਇਸ ਨੂੰ ਅਪ ਟੂ ਡੇਟ ਰਖਣ ਵਾਸਤੇ ਹਰ ਸਾਲ ਇਸ ਵਿਚ ਵਾਧਾ ਕੀਤਾ ਜਾਂਦਾ ਹੈ। ਪਹਿਲਾਂ ਵੀ ਕਈ ਵਾਰ ਅਜਿਹੀ ਪੜਤਾਲ ਹੁੰਦੀ ਰਹੀ ਹੈ। ਉਸੇ ਸੰਬੰਧ ਵਿਚ ਹੀ ਸ਼ਾਇਦ ਹੁਣ ਜਾਇਦਾਦ ਵੀ ਮਲੂਮ ਕੀਤੀ ਜਾ ਰਹੀ ਹੋਵੇ। ਸੋ ਸਰਦਾਰ ਹਾਕਮ ਸਿੰਘ ਨੂੰ ਮੈਂ ਉਤਰ ਦਿਤਾ ਕਿ ਸਾਧਾਰਨ ਗਲ ਹੈ। ਪੁਲੀਸ ਪਤਾ ਲੈਂਦੀ ਹੈ ਤਾਂ ਲੈਣ ਦਿਓ, ਜੋ ਪੁਛਦੀ ਹੈ ਦਸ ਦਿਓ।

ਇਸ ਖ਼ਤ ਦੇ ਆਉਣ ਤੇ ਇਕ ਪੰਦਰਵਾੜੇ ਪਿਛੋਂ ਇਕ ਦਿਨ ਲੇਖਕ ਦਫ਼ਤਰ ਤੋਂ ਹੇਠਾਂ ਉਤਰਿਆ ਅਤੇ ਮੋਟਰ ਵਿਚ ਸਵਾਰ ਹੋ ਕੇ ਬਾਹਰ ਜਾਣ ਹੀ ਲਗਾ ਸੀ ਕਿ ਦੀਵਾਨੀ ਅਦਾਲਤ ਦੇ ਇਕ ਪਿਆਦੇ ਨੇ ਦੋ ਸੰਮਨ ਦਿਤੇ। ਇਕ ਸੰਮਨ ਤਾਂ ਸਿਵਿਲ ਜੱਜ ਸਖਰ (ਸਿੰਧ) ਦੀ ਅਦਾਲਤ ਦਾ ਸੀ ਜਿਸ ਵਿਚ ਅੰਕਿਤ ਸੀ ਕਿ ਮਿਸਟਰ ਟਾਨਟਨ ਆਈ. ਸੀ. ਐਸ. ਚੀਫ਼ ਮਨਿਸਟਰ ਰਿਆਸਤ ਖੈਰਪੁਰ — ਜੋ ਪਿਛੋਂ ਗਵਰਨਰ ਬੰਬਈ ਦੇ ਐਡਵਾਈਜ਼ਰ ਅਤੇ ਮਨਿਸਟਰੀ ਹਟਾਏ ਜਾਣ ਦੇ ਕਾਰਨ ਸੂਬਾ ਬੰਬਈ ਦੇ ਮਨ ਮਰਜ਼ੀ ਕਰਨ ਦੇ ਮਾਲਕ ਸਨ — ਨੇ ਦਸ ਹਜ਼ਾਰ ਰੁਪਏ ਦਾ ਦਾਅਵਾ ਕੀਤਾ ਹੈ। ਅਮਕੀ ਤ੍ਰੀਕ ਨੂੰ ਜਵਾਬ ਦਾਅਵੇ ਲਈ ਸਖਰ ਵਿਚ ਹਾਜ਼ਰ ਹੋ ਜਾਓ। ਦੂਜਾ ਸੰਮਨ ਇਹ ਸੀ ਕਿ ਉਸੇ ਤ੍ਰੀਕ ਨੂੰ ਹਾਜ਼ਰ ਹੋ ਕੇ ਕਾਰਨ ਦਸੋ ਕਿ ਮੁਕੱਦਮੇ ਦੇ ਫ਼ੈਸਲੇ ਤੋਂ ਪਹਿਲਾਂ ਭਾਵ ਡਿਗਰੀ ਤੋਂ ਵੀ ਪਹਿਲਾਂ ਤੁਹਾਡੀ ਹਾਫ਼ਿਜ਼ਾਬਾਦ ਦੀ ਜਾਇਦਾਦ ਕਿਉਂ ਨਾ ਆਰਜ਼ੀ ਤੌਰ ਤੇ ਕੁਰਕ ਕਰ ਲਈ ਜਾਏ ਤਾਕਿ ਤੁਸੀਂ ਉਸ ਜਾਇਦਾਦ ਨੂੰ ਕਿਤੇ ਖੁਰਦ ਬੁਰਦ ਨਾ ਕਰ ਸਕੋ।

ਮੈਂ ਦੋਹਾਂ ਸੰਮਨਾਂ ਤੇ ਦਸਖ਼ਤ ਕਰ ਦਿਤੇ ਅਤੇ ਮੋਟਰ ਵਿਚ ਸੈਰ ਨੂੰ ਚਲਾ ਗਿਆ।

ਇਸ ਮੁਕੱਦਮੇ ਦੇ ਹਾਲ ਇਹ ਹਨ ਕਿ ਸੁਰਗਵਾਸੀ ਹਿਜ਼ ਹਾਈਨੈਸ ਮੀਰ



Digitized by Panjab Digital Library | www.panjabdigilib.org

ਸਾਹਿਬ ਖੈਰਪੁਰ ਦਿੱਲੀ ਆਏ ਤਾਂ ਇਕ ਦਿਨ ਮਿਲਣ ਵਾਸਤੇ ਦਫ਼ਤਰ "ਰਿਆਸਤ" ਵਿਚ ਵੀ ਪਧਾਰੇ, ਮੀਰ ਸਾਹਿਬ ਦਾ ਭਾਰ ਸੁਰਗਵਾਸੀ ਮੌਲਾਨਾ ਸ਼ੌਕਤ ਅਲੀ ਤੋਂ ਵੀ ਦੂਣੇ ਦੇ ਲਗ ਪਗ ਸੀ। ਆਪ ਪੌੜੀਆਂ ਤੇ ਚੜ੍ਹ ਨਹੀਂ ਸਨ ਸਕਦੇ। ਆਪਣੀ ਕਾਰ ਨੂੰ ਹੇਠਾਂ ਖੜਿਆ ਕੀਤਾ ਅਤੇ ਆਪਣੇ ਏ. ਡੀ. ਸੀ. ਨੂੰ ਉਪਰ ਭੇਜ ਕੇ ਲੇਖਕ ਨੂੰ ਬੁਲਵਾਇਆ। ਮੈਂ ਹਾਜ਼ਰ ਨਹੀਂ ਸਾਂ, ਵਾਪਸ ਚਲੇ ਗਏ। ਜਦ ਦਫਤਰ ਪੁਜਾ ਤਾਂ ਪਤਾ ਲਗਾ ਕਿ ਮੀਰ ਸਾਹਿਬ ਆਏ ਸਨ ਸੋ ਅਗਲੀ ਭਲਕ ਉਹਨਾਂ ਦੇ ਟਿਕਾਣੇ—ਜੋ ਦਰੀਆ ਗੰਜ ਦੀ ਇਕ ਕੋਠੀ ਵਿਚ ਸੀ — ਤੇ ਪੁਜਾ। ਮੀਰ ਸਾਹਿਬ ਨੂੰ ਮਿਲਿਆ। ਦੋ ਘੰਟਿਆਂ ਦੇ ਲਗ ਪਗ ਗਲਾਂ ਹੁੰਦੀਆਂ ਰਹੀਆਂ। ਉਹ ਆਪਣੇ ਤੇ ਹੋ ਰਹੀਆਂ ਸਖ਼ਤੀਆਂ ਦੇ ਹਾਲ ਦਸਦੇ ਰਹੇ ਕਿ ਉਹਨਾਂ ਦਾ ਪ੍ਰਧਾਨ ਮੰਤਰੀ ਮਿਸਟਰ ਟਾਨਟਨ ਆਈ. ਸੀ. ਐਸ. — ਜਿਸਨੂੰ ਸਰਕਾਰ ਬੰਬਈ ਨੇ ਖੈਰਪੁਰ ਵਿਚ ਪੂਰੇ ਅਧਿਕਾਰਾਂ ਨਾਲ ਪ੍ਰਧਾਨ ਮੰਤਰੀ ਥਾਪਿਆ ਸੀ, ਕਿਉਂਕਿ ਉਹਨਾਂ ਵੇਲਿਆਂ 'ਚ ਰਿਆਸਤ ਖੈਰਪੁਰ ਰੈਜ਼ੀਡੰਟ ਪੰਜਾਬ ਦੇ ਅਧੀਨ ਨਹੀਂ ਸੀ ਸਗੋਂ ਸਿੰਧ ਵਿਚ ਹੋਣ ਦੇ ਕਾਰਨ ਗਵਰਨਰ ਬੰਬਈ ਦੇ ਅਧੀਨ ਸੀ — ਇਹਨਾਂ ਨੂੰ ਤੰਗ ਕਰ ਰਿਹਾ ਹੈ ਅਤੇ ਇਹ ਆਪਣੇ ਉਸ ਪ੍ਰਧਾਨ ਮੰਤਰੀ ਹਥੋਂ ਅਤਿ ਤੰਗ ਹਨ। ਇਹਨਾਂ ਹਾਲਾਂ ਨੂੰ ਦਸਣ ਦੇ ਨਾਲ ਨਾਲ ਮੀਰ ਸਾਹਿਬ ਨੇ ਇਹ ਵੀ ਦਸਿਆ ਕਿ ਉਹਨਾਂ ਕੋਲ ਇਕ ਦਿਨ ਪਹਿਲਾਂ ਖੈਰਪੁਰ ਤੋਂ ਇਹ ਸੂਚਨਾ ਆਈ ਹੈ ਕਿ ਮਿਸਟਰ ਟਾਨਟਨ ਸ਼ਿਕਾਰ ਨੂੰ ਗਏ ਹੋਏ ਸਨ ਉਥੇ ਆਪ ਨੇ ਕਿਸੇ ਜਾਨਵਰ ਤੇ ਬੇਧਿਆਨੀ ਨਾਲ ਬੰਦੂਕ ਚਲਾਈ ਅਤੇ ਗੋਲੀ ਇਕ ਕੁੜੀ ਨੂੰ ਲਗੀ ਜੋ ਮਰ ਗਈ। ਮੀਰ ਸਾਹਿਬ ਦੀਆਂ ਨਿਜੀ ਤਕਲੀਫ਼ਾਂ ਅਤੇ ਪਰੇਸ਼ਾਨੀਆਂ ਤਾਂ ਐਡੀਟਰ "ਰਿਆਸਤ" ਲਈ ਕੁਝ ਵਧੇਰੇ ਦਿਲਚਸਪੀ ਦਾ ਕਾਰਨ ਨਹੀਂ ਸਨ, ਪਰ ਇਕ ਪੇਂਡੂ ਕੁੜੀ ਦਾ ਗੋਲੀ ਨਾਲ ਮਾਰ ਦਿਤਾ ਜਾਣਾ ਬੜਾ ਅਫ਼ਸੋਸ ਭਰਿਆ ਸੀ। ਐਡੀਟਰ "ਰਿਆਸਤ" ਨੇ ਉਸੇ ਸਾਤੇ ਦੇ ਪਰਚੇ ਵਿਚ ਇਕ ਕਰੜਾ ਲੇਖ ਲਿਖਿਆ, ਜਿਸ ਵਿਚ ਸਾਰੀ ਘਟਨਾ ਲਿਖਣ ਪਿਛੋਂ ਜ਼ੋਰਦਾਰ ਸ਼ਬਦਾਂ ਵਿਚ ਪ੍ਰਗਟ ਕੀਤਾ ਗਿਆ ਕਿ ਅੰਗਰੇਜ਼ ਆਈ. ਸੀ. ਐਸ. ਰਿਆਸਤਾਂ ਵਿਚ ਜਾਕੇ ਇਨਸਾਨਾਂ ਨੂੰ ਵੀ ਜਾਨਵਰਾਂ ਤੋਂ ਵਧ ਹੈਸੀਅਤ ਨਹੀਂ ਦਿੰਦੇ ਅਤੇ ਬੇਧਿਆਨੀ ਨਾਲ ਮਾਸੂਮ ਕੁੜੀਆਂ ਤਕ ਨੂੰ ਗੋਲੀਆਂ ਨਾਲ ਮਾਰ ਦਿਤਾ ਜਾਂਦਾ ਹੈ। "ਰਿਆਸਤ" ਵਿਚ ਇਹ ਲੇਖ ਛਪ ਗਿਆ ਤਾਂ ਮੀਰ ਸਾਹਿਬ ਨੂੰ ਉਹਨਾਂ ਦੇ ਇਕ ਨੌਕਰ ਨੇ ਖੈਰਪੁਰ ਤੋਂ ਖ਼ਬਰ ਦਿਤੀ ਕਿ ਉਹ ਕੁੜੀ ਮਰੀ ਨਹੀਂ ਸਗੋਂ ਛਰਿਆਂ ਨਾਲ ਕੇਵਲ ਘਾਇਲ ਹੋਈ ਹੈ ਅਤੇ ਛਰੇ ਹਸਪਤਾਲ ਵਿਚ ਡਾਕਟਰ ਨੇ ਕਢ ਦਿਤੇ



Digitized by Panjab Digital Library | www.panjabdigilib.org

ਹਨ । ਸੋ ਅਗਲੇ ਹਫ਼ਤੇ ਹੀ ਇਸ ਨੋਟ ਬਾਰੇ ਲਿਖ ਦਿਤਾ ਗਿਆ ਕਿ ਕੁੜੀ ਦੇ ਮਰਨ ਦੀ ਗਲ ਗ਼ਲਤ ਹੈ । ਕੁੜੀ ਛਰਿਆਂ ਨਾਲ ਫੱਟੜ ਹੋਈ ਸੀ ਅਤੇ ਛੱਰੇ ਕਢ ਦਿਤੇ ਗਏ ਹਨ ।

ਪਹਿਲੇ ਲੇਖ ਦੇ ਛਪਣ ਪਿਛੋਂ ਦਿੱਲੀ ਸਰਕਾਰ ਦੇ ਪ੍ਰੈਸ ਸੁਪ੍ਰੰਟੈਂਡੈਂਟ—ਜੋ ਉਸ ਸਮੇਂ ਮਿਰਜ਼ਾ ਅਬਦੁਲ ਰਹਿਮਾਨ ਸਨ — ਨੇ ਆਪਣੀ ਡੀਊਟੀ ਸਮਝਦਿਆਂ ਹੋਇਆਂ ਉਸ ਲੇਖ ਦੀ ਕਾਤਰ ਅਤੇ ਉਸ ਦਾ ਉਲਥਾ ਬੰਬਈ ਸਰਕਾਰ ਨੂੰ ਭੇਜਿਆ । ਬੰਬਈ ਸਰਕਾਰ ਨੇ ਮਿਸਟਰ ਟਾਨਟਨ ਤੋਂ ਜਵਾਬ ਮੰਗਿਆ । ਕਿਉਂਕਿ ਦੂਸ਼ਨ ਇਕ ਕੁੜੀ ਨੂੰ ਜਾਨੋਂ ਮਾਰਨ ਦਾ ਸੀ ਮਿਸਟਰ ਟਾਨਟਨ ਨੇ ਉਤਰ ਦਿਤਾ ਕਿ ਦੂਸ਼ਨ ਝੂਠਾ ਹੈ ਉਹਨਾਂ ਨੇ ਕਿਸੇ ਕੁੜੀ ਨੂੰ ਨਹੀਂ ਮਾਰਿਆ, ਕੇਵਲ ਇਕ ਦੋ ਛੱਰੇ ਲਗੇ ਜਿਹੜੇ ਕਢ ਦਿਤੇ ਗਏ । ਇਸ ਉਤਰ ਦੇ ਪਿਛੋਂ ਸਰਕਾਰ ਬੰਬਈ ਨੇ ਮਿਸਟਰ ਟਾਨਟਨ ਨੂੰ ਕਿਹਾ ਕਿ ਆਪਣੀ ਪੁਜ਼ੀਸ਼ਨ ਸਾਫ਼ ਕਰਨ ਲਈ ਸਰਕਾਰੀ ਖ਼ਰਚ ਤੇ ਐਡੀਟਰ "ਰਿਆਸਤ" ਤੇ ਦੀਵਾਨੀ ਮੁਕੱਦਮਾ ਚਾਲੂ ਕਰੋ । ਸੋ ਸਖਰ ਦਾ ਸਰਕਾਰੀ ਵਕੀਲ ਮੁਕੱਦਮੇ ਦੀ ਪੈਰਵੀ ਕਰਨ ਲਈ ਨੀਯਤ ਹੋਇਆ ਅਤੇ ਸਰਕਾਰੀ ਕੋਰਟ ਫੀਸ ਲਾ ਕੇ ਮੁਕੱਦਮਾ ਦਰਜ ਕਰ ਦਿਤਾ ਗਿਆ । ਇਸ ਸਿਲਸਲੇ ਵਿਚ ਹੀ ਮੁਕੱਦਮੇ ਤੋਂ ਪਹਿਲਾਂ ਹਾਫ਼ਿਜ਼ਾਬਾਦ ਦੀ ਜਾਇਦਾਦ ਪੜਤਾਲੀ ਗਈ ਅਤੇ ਸੰਮਨ ਪੁਜੇ ।

ਮੁਕੱਦਮੇ ਦੀ ਤ੍ਰੀਕ ਤੋਂ ਤਿੰਨ ਚਾਰ ਦਿਨ ਪਹਿਲਾਂ ਐਡੀਟਰ "ਰਿਆਸਤ" ਮਿਸਟਰ ਬ੍ਰਿਜ ਬਿਹਾਰੀ ਤੋਕਲੀ ਐਡਵੋਕੇਟ ਦਿੱਲੀ ਅਤੇ ਮਿਸਟਰ ਬਿਸ਼ਨ ਦਾਸ ਚੋਪੜਾ —ਜੋ ਪਿਛੋਂ ਜਾਕੇ ਖ਼ਿਤਾਬਧਾਰੀ ਰਾਏ ਸਾਹਿਬ ਅਤੇ ਰਿਆਸਤ ਬੀਕਾਨੇਰ ਵਿਚ ਰੈਵੀਨਿਉ ਕਮਿਸ਼ਨਰ ਸਨ — ਸਖਰ ਗਏ । ਉਥੇ ਰੋਹੜੀ ਜੰਕਸ਼ਨ ਦੇ ਰੇਲਵੇ ਸਟੇਸ਼ਨ ਦੇ ਬਿਸਰਾਮ ਘਰ ਵਿਚ ਠਹਿਰੇ । ਮੈਂ ਅਤੇ ਤੋਕਲੀ ਸਾਹਿਬ ਤਾਂ ਸਖਰ ਗਏ ਤਾਕਿ ਕੋਈ ਉਥੋਂ ਦਾ ਵਕੀਲ ਵੀ ਨੀਅਤ ਕੀਤਾ ਜਾਵੇ ਅਤੇ ਲਾਲਾ ਬਿਸ਼ਨ ਦਾਸ ਖੈਰਪੁਰ ਗਏ ਤਾਕਿ ਉਥੋਂ ਦੇ ਸਟੇਟ ਇੰਜੀਨੀਅਰ ਮਿਸਟਰ ਸਾਹਨੀ ਨੂੰ ਮਿਲ ਕੇ ਮਿਸਟਰ ਟਾਨਟਨ ਨਾਲ ਸੁਲ੍ਹਾ ਸਫ਼ਾਈ ਅਤੇ ਮੁਕੱਦਮਾ ਵਾਪਸ ਲੈਣ ਦੀ ਗਲ ਬਾਤ ਕੀਤੀ ਜਾਏ ।

ਲਾਲਾ ਬਿਸ਼ਨ ਦਾਸ ਜਦ ਵਾਪਸ ਆਏ ਤਾਂ ਉਹਨਾਂ ਨੇ ਦਸਿਆ ਕਿ ਰਾਜ਼ੀਨਾਵੇਂ ਦਾ ਕੋਈ ਸਵਾਲ ਨਹੀਂ । ਮਿਸਟਰ ਸਾਹਨੀ ਨੇ ਬੜੀ ਕੋਸ਼ਿਸ਼ ਕੀਤੀ, ਪਰ ਮਿਸਟਰ ਟਾਨਟਨ ਨਹੀਂ ਮੰਨਦੇ । ਉਹ ਆਪਣੀ ਸਖ਼ਤ ਹੱਤਕ ਸਮਝਦੇ ਹਨ ਕਿ ਉਹਨਾਂ ਤੇ ਕੁੜੀ ਨੂੰ ਮਾਰਨ ਦਾ ਦੂਸ਼ਨ ਲਾਇਆ ਗਿਆ ਹੈ । ਸੱਖਰ ਵਿਚ ਅਸੀਂ ਜਦ ਅਦਾਲਤ ਵਿਚ ਗਏ ਤਾਂ ਮਿਸਟਰ ਤੋਕਲੀ ਨੇ ਪ੍ਰਾਈਵੇਟ



Digitized by Panjab Digital Library | www.panjabdigilib.org

ਤੌਰ ਤੇ ਸਰਕਾਰੀ ਵਕੀਲ ਨੂੰ ਕਿਹਾ ਕਿ ਬਿਨਾਂ ਕਿਸੇ ਪੱਖ ਪਾਤ ਵਾਲੇ ਜਰਨਲਿਸਟ ਦੇ ਤੌਰ ਤੇ ਐਡੀਟਰ "ਰਿਆਸਤ" ਨੇ ਆਪਣੇ ਅਗਲੇ ਪਰਚੇ ਵਿਚ ਹੀ ਜਦ ਕਿ ਉਸ ਨੂੰ ਪਤਾ ਲਗਾ ਤਾਂ ਕੁੜੀ ਦੇ ਮਰਨ ਦੀ ਤਰਦੀਦ ਕਰ ਦਿਤੀ ਸੀ ਅਤੇ ਛੱਰਿਆਂ ਤੋਂ ਤਾਂ ਮਿਸਟਰ ਟਾਨਟਨ ਵੀ ਇਨਕਾਰ ਨਹੀਂ ਕਰ ਸਕਦੇ। ਇਹਨਾਂ ਗਲਾਂ ਦੇ ਹੁੰਦਿਆਂ ਮੁਕੱਦਮਾ ਵਾਪਸ ਲੈ ਲਿਆ ਜਾਏ, ਪਰ ਸਰਕਾਰੀ ਵਕੀਲ ਨੇ ਆਪਣੀ ਬੇਵਸੀ ਪ੍ਰਗਟ ਕੀਤੀ ਅਤੇ ਕਿਹਾ ਕਿ ਮਿਸਟਰ ਟਾਨਟਨ ਕਿਸੇ ਸੂਰਤ ਵਿਚ ਵੀ ਮੁਕੱਦਮਾ ਵਾਪਸ ਨਹੀਂ ਲੈਣਗੇ, ਉਹ ਬਹੁਤ ਗੁੱਸੇ ਵਿਚ ਹਨ ਅਤੇ ਅਨੁਭਵ ਕਰਦੇ ਹਨ ਕਿ ਉਹਨਾਂ ਦੀ ਬੜੀ ਹੱਤਕ ਹੋਈ ਹੈ।

ਅਸੀਂ ਮੁਕੱਦਮੇ ਦੀ ਪੇਸ਼ੀ ਪਿਛੋਂ ਵਾਪਸ ਦਿੱਲੀ ਆ ਗਏ। ਅਗਲੀ ਭਲਕ ਲੇਖਕ ਸੁਭਾਉ ਅਨੁਸਾਰ ਸ਼ਾਮ ਨੂੰ ਮਿਸਟਰ ਕੇ. ਸੀ. ਰਾਏ ਮੈਨੇਜਿੰਗ ਡਾਇਰੈਕਟਰ ਐਸੋਸੀਏਟਿਡ ਪ੍ਰੈਸ—ਜਿਨ੍ਹਾਂ ਨਾਲ ਬੜੇ ਡੂੰਘੇ ਦੋਸਤਾਨਾ ਸੰਬੰਧ ਸਨ ਅਤੇ ਜਿਨ੍ਹਾਂ ਨੂੰ ਐਡੀਟਰ "ਰਿਆਸਤ" ਦੂਜੇ ਤੀਜੇ ਦਿਨ ਮਿਲਿਆ ਕਰਦਾ ਸੀ—ਦੇ ਘਰ ਗਿਆ ਤਾਂ ਮਿਸਟਰ ਰਾਏ ਨੇ ਕਈ ਦਿਨ ਨਾ ਮਿਲਣ ਦਾ ਸਬੱਬ ਪੁਛਿਆ। ਮੈਂ ਦਸਿਆ ਕਿ ਮੁਕੱਦਮੇ ਦੀ ਪੇਸ਼ੀ ਤੇ ਸੱਖਰ ਗਿਆ ਹੋਇਆ ਸਾਂ। ਆਪ ਨੇ ਮੁਕੱਦਮੇ ਦੇ ਸਾਰੇ ਹਾਲ ਸੁਣੇ ਤੇ ਪੁਛਿਆ ਕਿ ਮਿਸਟਰ ਟਾਨਟਨ ਕਿਹੜੇ ਸੂਬੇ ਦੀ ਸਿਵਲ ਸਰਵਿਸ ਨਾਲ ਸੰਬੰਧ ਰਖਦੇ ਹਨ। ਮੈਂ ਦਸਿਆ ਕਿ ਬੰਬਈ ਦੇ ਸੂਬੇ ਨਾਲ। ਉਥੋਂ ਹੀ ਬਤੌਰ ਲੇਂਅਟ ਅਫ਼ਸਰ ਖ਼ੈਰ ਪੁਰ ਗਏ ਹਨ ਅਤੇ ਰਿਆਸਤ ਖ਼ੈਰ ਪੁਰ ਗਵਰਨਰ ਬੰਬਈ ਦੇ ਅਧੀਨ ਹੈ। ਮਿਸਟਰ ਰਾਏ ਨੇ ਕਿਹਾ ਕਿ ਬੰਬਈ ਸਰਕਾਰ ਵਿਚ ਉਹਨਾਂ ਦੇ ਦੋ ਅਫ਼ਸਰ ਬੜੇ ਗੂੜ੍ਹੇ ਮਿੱਤਰ ਹਨ। ਇਕ ਸਰ ਅਰਨੈਸਟ ਹਾਟਸਨ ਹੋਮ ਮੈਂਬਰ (ਜਿਹੜੇ ਗਵਰਨਰ ਦੇ ਛੁਟੀ ਤੇ ਵਲੈਤ ਜਾਣ ਦੇ ਕਾਰਨ ਕੱਚੇ ਤੌਰ ਤੇ ਇਹਨਾਂ ਦਿਨਾਂ ਵਿਚ ਗਵਰਨਰ ਬੰਬਈ ਸਨ—ਅਤੇ ਦੂਜੇ ਮਿਸਟਰ ਯੂਇੰਗ ਜਨਰਲ ਸਕੱਤਰ ਬੰਬਈ ਸਰਕਾਰ। ਇਹਨਾਂ ਦੋਹਾਂ ਦੇ ਨਾਂ ਖਤ ਲੈ ਕੇ ਬੰਬਈ ਜਾਓ ਤਾਕਿ ਮੁਕੱਦਮਾ ਵਾਪਸ ਲੈ ਲਿਆ ਜਾਏ। ਦੋ ਤਿੰਨ ਦਿਨਾਂ ਪਿਛੋਂ ਮਿਸਟਰ ਰਾਏ ਨੇ ਦੋਹਾਂ ਸਾਹਿਬਾਂ ਦੇ ਨਾਂ ਮੈਨੂੰ ਖ਼ਤ ਦਿਤੇ ਜਿਨ੍ਹਾਂ ਵਿਚ ਲਿਖਿਆ ਸੀ ਕਿ ਦੀਵਾਨ ਸਿੰਘ ਉਹਨਾਂ ਦਾ ਡੂੰਘਾ ਮਿਤ੍ਰ ਹੈ ਅਤੇ ਇਹ ਮੁਕੱਦਮਾ ਵਾਪਸ ਲੈ ਲਿਆ ਜਾਏ। ਐਡੀਟਰ "ਰਿਆਸਤ" ਇਹ ਖ਼ਤ ਲੈ ਕੇ ਬੰਬਈ ਗਿਆ। ਗਰਮੀਆਂ ਦੇ ਦਿਨ ਸਨ। ਬੰਬਈ ਪਹੁੰਚ ਕੇ ਪਤਾ ਲਗਾ ਕਿ ਨਾ ਤੇ ਗਵਰਨਰ ਸਰ ਅਰਨੈਸਟ ਹਾਟਸਨ ਉਥੇ ਹਨ ਅਤੇ ਨਾ ਮਿਸਟਰ ਯੂਇੰਗ, ਦੋਵੇਂ ਸਰਕਾਰ ਦੇ ਗਰਮੀਆਂ ਦੇ ਹੈਡ ਕੁਆਰਟਰ ਮਹਾਂ ਬਲੇਸ਼ਵਰ ਪਹਾੜ ਤੇ ਹਨ। ਐਡੀਟਰ "ਰਿਆਸਤ" ਬੰਬਈ ਤੋਂ ਪੂਨਾ



Digitized by Panjab Digital Library | www.panjabdigilib.org

ਗਿਆ। ਪੂਨਾ ਤੋਂ ਮੋਟਰ ਰਾਹੀਂ ਮਹਾਂ ਬਲੇਸ਼ਵਰ ਪੁਜਾ। ਉਥੇ ਇਕ ਹੋਟਲ ਵਿਚ ਡੇਰਾ ਕੀਤਾ ਜਿਸ ਦਾ ਮਾਲਕ ਪਾਰਸੀ ਸੀ। ਨਹਾ ਧੋ ਕੇ ਕਪੜੇ ਬਦਲੇ ਅਤੇ ਮਿਸਟਰ ਯੂਇੰਗ ਕੋਲ ਪਹੁੰਚਾ। ਮਿਸਟਰ ਯੂਇੰਗ ਬੜੇ ਸ਼ਰੀਫ਼, ਮਿਲਣਸਾਰ ਅਤੇ ਭਲੇ ਪੁਰਸ਼ ਸਨ। ਮਿਸਟਰ ਰਾਏ ਦਾ ਖ਼ਤ ਵੇਖ ਕੇ ਬੜੇ ਖ਼ੁਸ਼ ਹੋਏ ਅਤੇ ਕੁਝ ਚਿਰ ਮਿਸਟਰ ਰਾਏ ਦੀ ਸਿਹਤ ਬਾਰੇ ਪੁਛਦੇ ਗਿਛਦੇ ਰਹੇ। ਆਪ ਨੇ ਦਸਿਆ ਕਿ ਰਿਆਸਤਾਂ ਦਾ ਮਹਿਕਮਾ ਮਿਸਟਰ ਟਰਨਰ ਆਈ. ਸੀ. ਐਸ. ਪੁਲੀਟੀਕਲ ਸਕੱਤਰ ਬੰਬਈ ਸਰਕਾਰ ਦੇ ਅਧੀਨ ਹੈ, ਜੋ ਕੁਝ ਮਿਸਟਰ ਰਾਏ ਚਾਹੁੰਦੇ ਹਨ ਮਿਸਟਰ ਟਰਨਰ ਕਰ ਦੇਣਗੇ ਅਤੇ ਸਰ ਅਰਨੈਸਟ ਹਾਟਸਨ ਨੂੰ ਮਿਲਣ ਦੀ ਲੋੜ ਨਹੀਂ। ਸੋ ਮਿਸਟਰ ਯੂਇੰਗ ਨੇ ਟੈਲੀਫ਼ੂਨ ਤੇ ਮਿਸਟਰ ਟਰਨਰ ਨੂੰ ਕਿਹਾ ਕਿ ਐਡੀਟਰ "ਰਿਆਸਤ" ਆ ਰਿਹਾ ਹੈ। ਇਸ ਨੂੰ ਮਿਲ ਲਿਆ ਜਾਏ ਅਤੇ ਮਿਸਟਰ ਰਾਏ ਦੀ ਚਾਹ ਅਨੁਸਾਰ ਮੁਕੱਦਮਾ ਵਾਪਸ ਲੈ ਲਿਆ ਜਾਏ। ਮਿਸਟਰ ਯੂਇੰਗ ਨੇ ਮਿਸਟਰ ਟਰਨਰ ਨੂੰ ਟੈਲੀਫ਼ੂਨ ਕਰਨ ਤੋਂ ਇਲਾਵਾ ਇਕ ਖ਼ਤ ਵੀ ਦਿਤਾ ਅਤੇ ਨਾਲ ਹੀ ਮਿਸਟਰ ਰਾਏ ਦਾ ਖਤ ਵੀ ਉਸ ਖਤ ਵਿਚ ਅੜੁੰਗ ਦਿਤਾ। ਮੈਂ ਇਹ ਖ਼ਤ ਲੈ ਕੇ ਮਿਸਟਰ ਟਰਨਰ ਕੋਲ ਪੁਜਾ। ਥੋੜ੍ਹੀ ਥੋੜ੍ਹੀ ਫੁਹਾਰ ਪੈ ਰਹੀ ਸੀ ਮਿਸਟਰ ਟਰਨਰ ਬਰਾਂਡੇ ਵਿਚ ਬੈਠੇ ਸਰਕਾਰੀ ਫ਼ਾਈਲਾਂ ਵੇਖ ਰਹੇ ਸਨ। ਮੈਂ ਵਿਜ਼ਿਟਿੰਗ ਕਾਰਡ ਭੇਜਿਆ, ਝਟ ਬੁਲਾ ਲਿਆ। ਮਿਸਟਰ ਟਰਨਰ ਬੜੇ ਸਖ਼ਤ ਮਿਜ਼ਾਜ ਅਤੇ ਕੱਟੜ ਕਿਸਮ ਦੇ ਆਈ. ਸੀ. ਐਸ. ਸਨ। ਆਪ ਨੇ ਕਿਹਾ ਕਿ ਕੁੜੀ ਨੂੰ ਮਾਰਨ ਦੀ ਖ਼ਬਰ ਕਿਥੋਂ ਮਿਲੀ। ਮੈਂ ਉਤਰ ਦਿਤਾ ਕਿ ਮੈਂ ਇਸ ਬਾਰੇ ਕੁਝ ਦਸਨਾ ਨਹੀਂ ਚਾਹੁੰਦਾ ਕਿਉਂਕਿ ਇਹ ਸਾਹਿਤਕ (ਅਖ਼ਬਾਰੀ) ਜੀਵਨ ਦੇ ਉਲਟ ਹੈ। ਆਪ ਨੇ ਕਿਹਾ ਕਿ ਮਿਸਟਰ ਟਾਨਟਨ ਦਾ ਬਿਆਨ ਹੈ ਕਿ ਮੀਰ ਸਾਹਿਬ ਖ਼ੈਰਪੁਰ ਨੇ ਇਹ ਖ਼ਬਰ ਦਿਤੀ ਹੈ। ਮੈਂ ਕਿਹਾ ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦਾ। ਇਸ ਤੇ ਉਹ ਗੁਸੇ ਵਿਚ ਆ ਗਏ ਅਤੇ ਕਿਹਾ ਕਿ ਮੀਰ ਖ਼ੈਰਪੁਰ ਵਰਗੇ ਬੇਇਤਬਾਰੇ ਆਦਮੀ ਦਾ ਕਿਉਂ ਇਤਬਾਰ ਕੀਤਾ ਗਿਆ। ਮੈਂ ਕਿਹਾ ਕਿ ਮੈਂ ਇਸ ਦਾ ਇਕਰਾਰ ਨਹੀਂ ਕਰਦਾ ਕਿ ਮੀਰ ਖ਼ੈਰਪੁਰ ਨੇ ਮੈਨੂੰ ਦਸਿਆ, ਪਰ ਕਿਉਂਕਿ ਆਪ ਕਹਿੰਦੇ ਹੋ ਤਾਂ ਮੈਂ ਪੁਛਦਾ ਹਾਂ ਕਿ ਜੇਕਰ ਮੀਰ ਖ਼ੈਰਪੁਰ ਏਨੇ ਹੀ ਬੇਇਤਬਾਰੇ ਹਨ ਤਾਂ ਸਰਕਾਰ ਦਿਆਂ ਕਾਗਜ਼ਾਂ ਵਿਚ ਉਹ ਹਿਜ਼ ਹਾਈਨੈਸ ਕਿਉਂ ਹਨ ਅਤੇ ਉਹਨਾਂ ਲਈ ਤੋਪਾਂ ਦੀ ਸਲਾਮੀ ਕਿਉਂ ਮੁਕਰਰ ਹੈ। ਇਸ ਦਾ ਮਤਲਬ ਤਾਂ ਇਹ ਹੈ ਕਿ ਸਰਕਾਰ ਰਿਆਸਤਾਂ ਦੀ ਬੇਜ਼ਬਾਨ ਪਰਜਾ ਨੂੰ ਬੇਇਤਬਾਰੇ ਰਿਆਸਤਾਂ ਦੇ ਰਾਜਿਆਂ ਦੇ ਹਵਾਲੇ ਇਸ



Digitized by Panjab Digital Library | www.panjabdigilib.org

ਤਰ੍ਹਾਂ ਕਰਦੀ ਹੈ ਜਿਵੇਂ ਭੇਡਾਂ ਨੂੰ ਬਘਿਆੜਾਂ ਦੇ ਸਾਹਮਣੇ ਸੁਟ ਦਿਤਾ ਜਾਏ। ਮੇਰਾ ਇਹ ਉੱਤਰ ਸੁਣ ਕੇ ਮਿਸਟਰ ਟਰਨਰ ਮੇਰੇ ਮੂੰਹ ਵਲ ਵੇਖਣ ਲਗੇ ਕਿਉਂਕਿ ਉਹ ਆਸ ਨਹੀਂ ਕਰਦੇ ਸਨ ਕਿ ਇਹ ਸ਼ਬਦ ਉਹਨਾਂ ਨੂੰ ਉਹ ਆਦਮੀ ਕਹੇਗਾ ਜਿਹੜਾ ਮੁਕੱਦਮੇ ਵਿਚ ਸੁਲ੍ਹਾ ਦੀ ਦਰਖ਼ਾਸਤ ਕਰ ਰਿਹਾ ਹੋਵੇ। ਇਸ ਪਿਛੋਂ ਮਿਸਟਰ ਟਰਨਰ ਨੇ ਕਿਹਾ ਕਿ ਅਖ਼ਬਾਰਾਂ ਦੇ ਹਲਿਆਂ ਤੋਂ ਇੰਡੀਅਨ ਸਿਵਿਲ ਸਰਵਿਸ ਦੇ ਅਫ਼ਸਰ ਵੀ ਬਚੇ ਹੋਏ ਨਹੀਂ। ਮੈਂ ਕਿਹਾ ਕਿ ਮਿਸਟਰ ਟਾਨਟਨ ਨਾਲ ਕੋਈ ਅਦਾਵਤ ਨਹੀਂ ਸੀ, ਬਿਨਾਂ ਘਟਨਾ ਦੇ ਦੂਸ਼ਨ ਨਹੀਂ ਲਾਇਆ ਗਿਆ। ਮਿਸਟਰ ਟਾਨਟਨ ਦੀ ਬੰਦੂਕ ਨਾਲ ਕੁੜੀ ਫੱਟੜ ਹੋਈ ਅਤੇ ਜਦ ਇਹ ਪਤਾ ਲਗਾ ਕਿ ਕੁੜੀ ਮਰੀ ਨਹੀਂ ਕੇਵਲ ਫੱਟੜ ਹੋਈ ਹੈ ਤਾਂ ਝਟ ਲਿਖ ਦਿਤਾ ਗਿਆ ਕਿ ਮਰਨ ਦੀ ਖ਼ਬਰ ਗ਼ਲਤ ਸੀ ਕੇਵਲ ਫੱਟੜ ਹੋਈ ਹੈ। ਇਸ ਵਿਚ ਅਖ਼ਬਾਰ ਦਾ ਕੀ ਕਸੂਰ ਹੈ। ਮਿਸਟਰ ਟਰਨਰ ਨੇ ਉੱਤਰ ਦਿਤਾ ਕਿ ਸਰਕਾਰ ਕਿਸੇ ਮੁਲ ਤੇ ਵੀ ਅਖ਼ਬਾਰਾਂ ਦੇ ਆਈ. ਸੀ. ਐਸ. ਅਫ਼ਸਰਾਂ ਵਿਰੁਧ ਲਿਖਣ ਨੂੰ ਸਹਿ ਨਹੀਂ ਸਕਦੀ। ਮਿਸਟਰ ਟਰਨਰ ਮੇਰੇ ਉੱਤਰ ਤੋਂ ਬੜੇ ਕ੍ਰੋਧ ਵਿਚ ਸਨ ਆਪ ਨੇ ਕਿਹਾ ਕਿ ਮੁਕੱਦਮਾ ਕਦੀ ਵਾਪਸ ਨਹੀਂ ਲਿਆ ਜਾ ਸਕਦਾ ਜਿਸ ਸੂਰਤ ਵਿਚ ਕਿ ਐਡੀਟਰ "ਰਿਆਸਤ" ਦਾ ਵਤੀਰਾ ਇਹ ਹੈ। ਮੈਂ ਕਿਹਾ ਕਿ ਮੇਰੇ ਵਾਸਤੇ ਝੂਠੀ ਖ਼ੁਸ਼ਾਮਦ ਕਰਨੀ ਵੀ ਮੁਸ਼ਕਲ ਹੈ। ਇਹ ਕਹਿ ਕੇ ਮੈਂ ਖੜਾ ਹੋ ਗਿਆ ਅਤੇ ਖਲੋਂਦਿਆਂ ਹੀ ਕਿਹਾ ਕਿ ਮੈਨੂੰ ਅਫ਼ਸੋਸ ਹੈ ਕਿ ਮੈਂ ਤੁਹਾਡਾ ਅਤੇ ਆਪਣਾ ਸਮਾਂ ਅਜਾਈਂ ਗਵਾਇਆ। ਮੈਨੂੰ ਤੁਹਾਨੂੰ ਮਿਲਣਾ ਨਹੀਂ ਸੀ ਚਾਹੀਦਾ। ਮਿਸਟਰ ਟਰਨਰ ਮੇਰੇ ਇਸ ਉੱਤਰ ਤੋਂ ਹੋਰ ਵੀ ਹੈਰਾਨ ਹੋਏ। ਉਹ ਸੋਚ ਵੀ ਨਹੀਂ ਸਕਦੇ ਸਨ ਕਿ ਅਜਿਹਾ ਉੱਤਰ ਮਿਲੇਗਾ। ਮੈਂ ਜਦ ਤੁਰਿਆ ਤਾਂ ਉਹ ਬੜੀ ਹੈਰਾਨੀ ਵਿਚ ਮੇਰੀ ਪਿੱਠ ਵੇਖਦੇ ਰਹੇ ਅਤੇ ਮੈਂ ਜਦ ਉਹਨਾਂ ਦੀ ਕੋਠੀ ਤੋਂ ਮੁੜਿਆ ਤਾਂ ਮੈਂ ਵੇਖਿਆ ਕਿ ਉਹਨਾਂ ਦੀਆਂ ਅੱਖਾਂ ਮੇਰੇ ਵਲ ਸਨ। ਮੈਂ ਮਿਸਟਰ ਟਰਨਰ ਦੇ ਇਸ ਉੱਤਰ ਪਿਛੋਂ ਮਿਸਟਰ ਯੂਇੰਗ ਨੂੰ ਮਿਲਣਾ ਮੁਨਾਸਬ ਨਾ ਸਮਝਿਆ ਅਤੇ ਦਿਲ ਵਿਚ ਪੱਕੀ ਧਾਰ ਲਈ ਕਿ ਦਸ ਹਜ਼ਾਰ ਰੁਪਏ ਦੀ ਡਿਗਰੀ ਦਾ ਰੁਪਿਆ ਮਿਸਟਰ ਟਾਨਟਨ ਨੂੰ ਦੇ ਦਿਆਂਗਾ। ਮਹਾਂ ਬਲੇਸ਼ਵਰ ਤੋਂ ਵਾਪਸ ਪੂਨਾ ਪੁਜਾ। ਉਥੋਂ ਵਾਪਸ ਦਿੱਲੀ ਆਇਆ। ਮਿਸਟਰ ਰਾਏ ਨੂੰ ਸਾਰਾ ਕਿੱਸਾ ਸੁਣਾਇਆ। ਮਿਸਟਰ ਰਾਏ ਨੂੰ ਅਫ਼ਸੋਸ ਸੀ ਕਿ ਮੈਂ ਸਰ ਅਰਨੈਸਟ ਹਾਟਸਨ ਗਵਰਨਰ ਨੂੰ ਨਾ ਮਿਲਿਆ। ਮੈਂ ਕਿਹਾ ਕਿ ਹੁਣ ਤਾਂ ਮੈਂ ਦਸ ਹਜ਼ਾਰ ਰੁਪਏ ਦੀ ਡਿਗਰੀ ਦੇ ਦਿਆਂਗਾ, ਪਰ ਮਿਲਾਂਗਾ ਨਹੀਂ।



Digitized by Panjab Digital Library | www.panjabdigilib.org

ਇਕ ਸਾਤੇ ਪਿਛੋਂ ਫੇਰ ਪੇਸ਼ੀ ਤੇ ਸਖ਼ਰ ਗਿਆ ਅਤੇ ਫ਼ੈਸਲਾ ਕੀਤਾ ਕਿ ਮੁਕੱਦਮਾ ਚੰਗੀ ਤਰ੍ਹਾਂ ਲੜਿਆ ਜਾਏ। ਦੋ ਸਾਤਿਆਂ ਪਿਛੋਂ ਮੈਂ ਅਤੇ ਮਿਸਟਰ ਤੋਕਲੀ ਫੇਰ ਸਖ਼ਰ ਗਏ। ਰੋਹੜੀ ਰੇਲਵੇ ਬਿਸਰਾਮ ਘਰ ਵਿਚ ਠਹਿਰੇ ਕਿਉਂਕਿ ਇਹ ਥਾਂ ਸਟੇਸ਼ਨ ਤੋਂ ਉੱਚੀ ਬੜੀ ਰਮਣੀਕ ਥਾਂ ਤੇ ਹੈ। ਦਸ ਵਜੇ ਸਖ਼ਰ ਸਿਵਲ ਜੱਜ ਦੀ ਅਦਾਲਤ ਵਿਚ ਗਏ ਅਤੇ ਅਦਾਲਤ ਦੇ ਅਹਿਲਮਦ ਤੋਂ ਪੁਛਿਆ ਕਿ ਪੇਸ਼ੀ ਕਿਸ ਵੇਲੇ ਹੋਵੇਗੀ। ਤਾਂ ਅਹਿਲਮਦ ਨੇ ਦਸਿਆ ਕਿ ਸਰਕਾਰੀ ਵਕੀਲ ਦਾ ਮੁਨਸ਼ੀ ਮੈਨੂੰ ਲਭ ਰਿਹਾ ਸੀ। ਵਕੀਲਾਂ ਦੇ ਬਹਿਣ ਵਾਲੀ ਥਾਂ ਤੇ ਗਏ। ਸਰਕਾਰੀ ਵਕੀਲ ਦੇ ਮੁਨਸ਼ੀ ਨੂੰ ਲਭਿਆ ਤਾਂ ਉਸ ਨੇ ਕਿਹਾ ਕਿ ਸਰਕਾਰੀ ਵਕੀਲ ਮਿਲਣਾ ਚਾਹੁੰਦਾ ਹੈ। ਅਸੀਂ ਸਰਕਾਰੀ ਵਕੀਲ ਕੋਲ ਗਏ ਤਾਂ ਉਸ ਨੇ ਦਸਿਆ ਕਿ ਬੰਬਈ ਸਰਕਾਰ ਦਾ ਹੁਕਮ ਉਸ ਕੋਲ ਪੁਜਾ ਹੈ ਕਿ ਕੋਰਟ ਫ਼ੀਸ ਆਦਿ ਤੇ ਜੋ ਕੁਝ ਖ਼ਰਚ ਹੋਇਆ ਹੈ ਉਹ ਲੈ ਕੇ ਮੁਕੱਦਮਾ ਵਾਪਸ ਲੈ ਲਿਆ ਜਾਏ। ਸੋ ਕੋਰਟ ਫੀਸ ਅਤੇ ਸਰਕਾਰੀ ਵਕੀਲ ਦੀ ਫੀਸ ਰੋਦਾਂ ਸੌ ਰੁਪਿਆ ਜੋ ਸਰਕਾਰ ਨੇ ਦਿਤੀ ਸੀ ਉਹ ਅਸਾਂ ਸਰਕਾਰੀ ਵਕੀਲ ਨੂੰ ਦਿਤੀ। ਅਦਾਲਤ ਵਿਚ ਗਏ ਸਰਕਾਰੀ ਵਕੀਲ ਨੇ ਮੁਕੱਦਮਾ ਵਾਪਸ ਲੈਣ ਵਾਸਤੇ ਅਦਾਲਤ 'ਚ ਅਰਜ਼ੀ ਦਿਤੀ। ਮੁਕੱਦਮਾ ਵਾਪਸ ਲੈ ਲਿਆ ਗਿਆ ਅਤੇ ਅਸੀਂ ਵਾਪਸ ਦਿੱਲੀ ਆ ਗਏ।

ਮਿਸਟਰ ਟਰਨਰ ਅਤੇ ਐਡੀਟਰ "ਰਿਆਸਤ" ਵਿਚਕਾਰ ਗਲਾਂ ਭਾਵੇਂ ਕੁਝ ਤਲਖੀ ਨਾਲ ਹੋਈਆਂ ਅਤੇ ਐਡੀਟਰ "ਰਿਆਸਤ" ਕਰੜਾ ਉਤਰ ਦੇ ਕੇ ਮਿਸਟਰ ਟਰਨਰ ਤੋਂ ਵਖ ਹੋਇਆ, ਪਰ ਆਪ ਨੇ ਮੇਰੇ ਜਾਣ ਪਿਛੋਂ ਸਰਕਾਰੀ ਵਕੀਲ ਸਖ਼ਰ ਦੇ ਨਾਂ ਹੁਕਮ ਲਿਖ ਦਿਤਾ ਕਿ ਜੋ ਰੁਪਿਆ ਸਰਕਾਰ ਦਾ ਖ਼ਰਚ ਹੋਇਆ ਹੈ ਉਹ ਲੈ ਕੇ ਮੁਕੱਦਮਾ ਵਾਪਸ ਲੈ ਲਿਆ ਜਾਏ। ਇਸ ਪਰਕਾਰ ਇਕ ਤਾਂ ਇਹ ਹਾਲਤ ਸੀ ਕਿ ਅਸੀਂ ਮਿਸਟਰ ਟਾਨਟਨ ਮੁੱਦਈ ਨੂੰ ਮੁਕੱਦਮਾ ਵਾਪਸ ਲੈਣ ਦੀ ਬੇਨਤੀ ਕਰਦੇ ਰਹੇ, ਪਰ ਉਹ ਸੁਲ੍ਹਾ ਲਈ ਤਿਆਰ ਨਾ ਹੋਇਆ ਅਤੇ ਇਕ ਹਾਲਤ ਇਹ ਆਈ ਕਿ ਸਰਕਾਰੀ ਵਕੀਲ ਦਾ ਮੁਨਸ਼ੀ ਸੁਲ੍ਹਾ ਵਾਸਤੇ ਸਾਨੂੰ ਲਭਦਾ ਰਿਹਾ। ਇਹ ਸਭ ਕੁਝ ਮਿਸਟਰ ਰਾਏ ਦੀ ਕੋਸ਼ਸ਼, ਮਿਤਰਤਾ ਅਤੇ ਪਿਆਰ ਦਾ ਸਿੱਟਾ ਸੀ ਅਤੇ ਇਸ ਘਟਨਾ ਤੋਂ ਅੰਗਰੇਜ਼ਾਂ ਦੇ ਕੌਮੀ ਆਚਰਣ ਦਾ ਵੀ ਪਤਾ ਚਲਦਾ ਹੈ ਕਿ ਉਹ ਨਿਕੀਆਂ ਨਿਕੀਆਂ ਗਲਾਂ ਤੋਂ ਨਹੀਂ ਪ੍ਰਭਾਵਤ ਹੁੰਦੇ ਅਤੇ ਜੇਕਰ ਗੱਲਾਂ ਬਾਤਾਂ ਵਿਚ ਸੰਬੰਧ ਭਲਮਨਸਊ ਤਰੀਕੇ ਨਾਲ ਬੇਸੁਆਦੇ ਵੀ ਹੋ ਜਾਣ ਤਾਂ ਉਹਨਾਂ ਤੇ ਇਸ ਦਾ ਕੋਈ ਪਰਭਾਵ ਨਹੀਂ ਪੈਂਦਾ ਅਤੇ ਉਹ ਇਕ ਸਪੋਰਟਸਮੈਨ ਦੇ ਤੌਰ ਤੇ ਆਪਣੀਆਂ ਅਤੇ ਦੂਜੇ ਦੀਆਂ ਕਮਜ਼ੋਰੀਆਂ ਨੂੰ ਅਖੋਂ ਉਹਲੇ ਕਰ ਦਿੰਦੇ ਹਨ।



Digitized by Panjab Digital Library | www.panjabdigilib.org

# ਮਹਾਰਾਜਾ ਨਾਭਾ ਦੀ ਨਜ਼ਰ-ਬੰਦੀ ਦਾ ਕਾਰਨ ਮਹਾਤਮਾ ਗਾਂਧੀ ਦਾ ਪੋਸਟ ਕਾਰਡ

ਸ੍ਵਰਗਵਾਸੀ ਮਹਾਰਾਜਾ ਨਾਭਾ ਵਿਚ ਵੀ ਮਨੁਖੀ ਊਣਤਾਈਆਂ ਸਨ, ਪਰ ਆਪ ਦੀ ਬਰਤਰਫ਼ੀ ਦਾ ਅਸਲੀ ਕਾਰਨ ਪੁਲੀਟੀਕਲ ਡੀਪਾਰਟਮੈਂਟ ਦਾ ਆਪ ਦੇ ਵਿਰੁਧ ਹੋਣਾ ਸੀ। ਇਸ ਪਰਕਾਰ ਪੁਲੀਟੀਕਲ ਡੀਪਾਰਟਮੈਂਟ ਦੀਆਂ ਵਿਰੋਧਤਾਈਆਂ ਦਾ ਸਿਲਸਲਾ ਉਸ ਵੇਲੇ ਤੋਂ ਸ਼ੁਰੂ ਹੁੰਦਾ ਹੈ ਜਦ ਕਿ ਆਪ ਅਜੇ ਟਿਕਾ ਜੀ ਹੀ ਸਨ। ਸਰਕਾਰ ਨੇ ਤਾਂ ਆਪਣੀ ਹਮਾਇਤ ਵਾਸਤੇ ਆਪਨੂੰ ਕੇਂਦਰੀ ਅਸੈਂਬਲੀ—ਜੋ ਉਸ ਵੇਲੇ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਦੇ ਨਾਂ ਤੇ ਸੀ—ਦਾ ਮੈਂਬਰ ਚੁਣਿਆ, ਪਰ ਆਪ ਅਸੈਂਬਲੀ ਵਿਚ ਸਰਕਾਰ ਦਾ ਸਾਥ ਛਡ ਕੇ ਸ੍ਵਰਗਵਾਸੀ ਮਿਸਟਰ ਗੋਖਲੇ ਦੇ ਨਾਲ ਵਿਰੋਧੀ ਬੈਂਚਾਂ ਤੇ ਜਾ ਬੈਠੇ। ਇਸ ਤਰ੍ਹਾਂ ਆਪ ਦੀਆਂ ਮੁਸੀਬਤਾਂ ਦਾ ਸ੍ਰੀ ਗਣੇਸ਼ ਏਥੋਂ ਹੀ ਸ਼ੁਰੂ ਹੁੰਦਾ ਹੈ। ਆਪ ਦੇ ਤਖ਼ਤ ਬੈਠਣ ਤੋਂ ਪਹਿਲੇ ਸਮੇਂ ਵਿਚ ਹੀ ਸਰ ਲੂਈਸ ਡੀਨ ਗਵਰਨਰ ਪੰਜਾਬ—ਜਿਨ੍ਹਾਂ ਅਧੀਨ ਉਨ੍ਹਾਂ ਦਿਨਾਂ ਵਿਚ ਪੰਜਾਬ ਦੀਆਂ ਰਿਆਸਤਾਂ ਸਨ—ਨੇ ਸਰਕਾਰ ਹਿੰਦ ਨੂੰ ਰੀਪੋਰਟ ਕੀਤੀ ਕਿ ਟਿਕਾ ਨਾਭਾ—ਭਾਵ ਸ੍ਵਰਗਵਾਸੀ ਮਹਾਰਾਜਾ ਨਾਭਾ—ਨੂੰ ਜਦ ਗੱਦੀ ਤੇ ਬਠਾਉਣ ਦਾ ਸਮਾਂ ਆਏ ਤਾਂ ਇਹ ਧਿਆਨ 'ਚ ਰਖਿਆ ਜਾਏ ਕਿ ਇਹ ਸਰਕਾਰ ਦੇ ਵਰੋਧੀ ਹਨ, ਹਿਤੈਸ਼ੀ ਨਹੀਂ। ਇਸ ਪਿਛੋਂ ਖਿਚਾਅ ਵਧੇਰੇ ਵਧਦਾ ਗਿਆ ਅਤੇ ਸਿੱਟਾ ਆਪ ਦੀ ਬਰਤਰਫ਼ੀ ਦੀ ਸ਼ਕਲ ਵਿਚ ਪ੍ਰਗਟ ਹੋਇਆ ਆਪ ਦੀ ਬਰਤਰਫ਼ੀ ਦੀ ਕਥਾ ਬੜੀ ਲੰਮੀ ਹੈ। ਇਸ ਦੇ ਅਖੀਂ ਡਿਠੇ ਹਾਲ ਫੇਰ ਦਸਾਂਗਾ ਕਿਉਂਕਿ ਬਰਤਰਫ਼ੀ ਸਮੇਂ ਮੈਂ ਨਾਭੇ ਵਿਚ ਹਾਜ਼ਰ ਸਾਂ ਅਤੇ ਮੇਰੀਆਂ ਅੱਖਾਂ ਸਾਹਵੇਂ ਸਭ ਕੁਝ ਹੋਇਆ। ਮੇਰਾ ਇਹ ਲਿਖਣ ਦਾ ਭਾਵ ਇਹ ਹੈ ਕਿ ਸ੍ਵਰਗਵਾਸੀ ਮੌਲਾਨਾ ਮੁਹੰਮਦ ਅਲੀ ਦੇ ਕਥਨ ਅਨੁਸਾਰ—ਜਿਹਾ ਕਿ ਆਪ ਨੇ ਆਪਣੀ ਕਾਂਗਰਸ ਦੀ ਪ੍ਰਧਾਨਗੀ ਤਕਰੀਰ ਵਿਚ ਕਿਹਾ ਸੀ—ਮਹਾਰਾਜਾ ਦੀ ਬਰਤਰਫ਼ੀ ਦਾ ਕਾਰਨ ਆਪ ਦੀਆਂ ਸਿਫ਼ਤਾਂ—ਭਾਵ ਦੇਸ਼ ਭਗਤੀ ਅਤ ਸ੍ਵੈ-ਮਾਨ—ਸਨ ਨਾ ਕਿ ਆਪ ਦੇ ਦੋਸ਼—ਜਿਨ੍ਹਾਂ ਨੂੰ ਸਾਹਮਣੇ ਰਖ ਕੇ ਸਰਕਾਰ ਨੇ ਆਪ ਨੂੰ ਬਰਤਰਫ਼ ਕੀਤਾ—ਕਿਉਂਕਿ ਜੇਕਰ ਉਹਨਾਂ ਭੈੜਾਂ ਨੂੰ ਮੁਖ ਰਖਕੇ ਦੂਜੇ ਰਜਵਾੜਿਆਂ ਦਿਆਂ ਰਾਜਿਆਂ ਨੂੰ ਵੀ ਦੰਡ ਦਿਤਾ ਜਾਂਦਾ ਤਾਂ ਸ਼ਾਇਦ ਇਕ ਰਿਆਸਤ ਦਾ ਰਾਜਾ ਵੀ ਗੱਦੀ ਤੇ ਬਿਰਾਜਮਾਨ ਨਾ ਰਹਿੰਦਾ।

ਮਹਾਰਾਜਾ ਨਾਭਾ ਨੇ ਆਪਣੀ ਬਰਤਰਫ਼ੀ ਪਿਛੋਂ ਸਰਕਾਰ ਦੇ ਹੁਕਮਾਂ ਨਾਲ ਮਿਲਵਰਤਨ ਕਰਨਾ ਤਾਂ ਸਦਾ ਲਈ ਤਿਆਗ ਦਿਤਾ ਸੀ ਅਤੇ ਆਪ ਇਸ



Digitized by Panjab Digital Library | www.panjabdigilib.org

ਕੋਸ਼ਿਸ਼ ਵਿਚ ਰਹੇ ਕਿ ਕਾਂਗਰਸ ਅਤੇ ਪਾਰਲੀਮੈਂਟ ਦੇ ਲੇਬਰ ਮੈਂਬਰਾਂ ਰਾਹੀਂ ਨਿਆਂ ਪ੍ਰਾਪਤ ਕੀਤਾ ਜਾਏ। ਇਸ ਪ੍ਰਕਾਰ ਇਸ ਭਾਵ ਲਈ ਆਪ ਦੇ ਸਦੇ ਤੇ ਸਰ ਚਮਨ ਲਾਲ ਸੀਤਲਵਾਦ ਅਤੇ ਸੁਰਗਵਾਸੀ ਪੰਡਤ ਮੋਤੀ ਲਾਲ ਨਹਿਰੂ, ਮਿਸਟਰ ਰੰਗਾ ਆਇਰ, ਮਿਸਟਰ ਜਿਨਾਹ, ਸਰਦਾਰ ਸਰਦੂਲ ਸਿੰਘ ਕਵੀਸ਼ਰ, ਮਾਸਟਰ ਤਾਰਾ ਸਿੰਘ, ਮੌਲਾਨਾ ਮੁਹੰਮਦ ਅਲੀ, ਸਰ ਸ਼ੰਕਰਾ ਨਾਇਰ, ਸਰ ਸੀ. ਪੀ. ਰਾਮਾ ਸੁਆਮੀ ਆਇਰ ਆਦਿ ਦਰਜਨਾਂ ਭਾਰਤੀ ਲੀਡਰਾਂ ਅਤੇ ਮਿਸਟਰ ਮਾਰਡੀ ਜੌਨਸ ਅਤੇ ਮਿਸਟਰ ਥਟਠਲ ਆਦਿ ਪਾਰਲੀਮੈਂਟ ਦੇ ਮੈਂਬਰ ਮਹਾਰਾਜਾ ਨੂੰ ਮਿਲੇ ਅਤੇ ਇਹਨਾਂ ਲੋਕਾਂ ਵਿਚੋਂ ਕਈਆਂ ਨੇ ਭਿੰਨ-ਭਿੰਨ ਤਰੀਕਿਆਂ ਰਾਹੀਂ ਮਹਾਰਾਜਾ ਤੋਂ ਰੁਪਿਆ ਵੀ ਪ੍ਰਾਪਤ ਕੀਤਾ। ਇਸ ਪ੍ਰਕਾਰ ਕਈ ਲੋਕਾਂ ਨੇ ਤਾਂ ਇਕ ਇਕ ਦੋ ਦੋ ਲਖ ਰੁਪਿਆ ਗੱਦੀ ਤੇ ਮੁੜ ਬਠਾਉਣ ਦੇ ਨਾਂ ਤੇ ਵਸੂਲ ਕੀਤਾ।

ਮਹਾਰਾਜਾ ਨਾਭਾ ਇਹਨਾਂ ਸਾਰਿਆਂ ਭੱਦਰ ਪੁਰਖਾਂ ਰਾਹੀਂ ਹੀਲੇ ਕਰਦੇ ਰਹੇ। ਕਦੀ ਪਾਰਲੀਮੈਂਟ ਵਿਚ ਪ੍ਰਸ਼ਨ, ਕਦੀ ਅਸੈਂਬਲੀ 'ਚ ਭਾਸ਼ਨ, ਕਦੀ ਮੈਮੋਰੀਅਲ, ਕਦੀ ਡੈਪੂਟੇਸ਼ਨ, ਪਰ ਸਿੱਟਾ ਕੁਝ ਨਾ ਨਿਕਲਿਆ ਕਿਉਂਕਿ ਪੁਲੀਟੀਕਲ ਡੀਪਾਰਟਮੈਂਟ ਆਪ ਦੇ ਵਿਰੁਧ ਸੀ। ਮਹਾਰਾਜਾ ਨੂੰ ਰਾਏ ਦਿਤੀ ਗਈ ਕਿ ਜੇਕਰ ਮਹਾਤਮਾ ਗਾਂਧੀ ਆਪ ਦੇ ਮਾਮਲੇ ਵਿਚ ਦਿਲਚਸਪੀ ਲੈਣ ਤਾਂ ਆਪ ਗੱਦੀ ਤੇ ਮੁੜ ਬਹਿ ਸਕਦੇ ਹਨ। ਇਸ ਤਰ੍ਹਾਂ ਮਹਾਤਮਾ ਗਾਂਧੀ ਤੇ ਪ੍ਰਭਾਵ ਪਾਉਣ ਦਾ ਯਤਨ ਕੀਤਾ ਗਿਆ। ਪੰਡਤ ਮੋਤੀ ਲਾਲ ਨਹਿਰੂ ਦੀ ਮਸੂਰੀ ਵਿਚ ਆਉ ਭਗਤ ਕੀਤੀ ਗਈ। ਸੁਰਗਵਾਸੀ ਮੌਲਾਨਾ ਮੁਹੰਮਦ ਅਲੀ ਨੇ ਮਹਾਤਮਾ ਜੀ ਨੂੰ ਕਿਹਾ। ਕਈ ਅਸੈਂਬਲੀ ਦੇ ਮੈਂਬਰਾਂ ਅਤੇ ਨੇਤਾਵਾਂ ਰਾਹੀਂ ਪ੍ਰਭਾਵ ਪਾਉਣ ਦਾ ਯਤਨ ਕੀਤਾ ਗਿਆ। ਸਰਦਾਰ ਸਰਦੂਲ ਸਿੰਘ ਕਵੀਸ਼ਰ ਏਸ ਸੰਬੰਧ ਵਿਚ ਕਈ ਵਾਰ ਮਹਾਤਮਾ ਜੀ ਨੂੰ ਮਿਲੇ ਅਤੇ ਮਹਾਰਾਜਾ ਨੇ ਆਪਣੀਆਂ ਵਧੀਕੀਆਂ ਬਾਰੇ ਨਾ ਕੇਵਲ ਸਾਰਾ ਛਪਿਆ ਹੋਇਆ ਲਿਟਰੇਚਰ ਭੇਜਿਆ ਜਿਹੜਾ ਛਾਪਿਆ ਗਿਆ ਸੀ, ਸਗੋਂ ਟਾਈਪ ਕਰਾ ਕੇ ਬਹੁਤ ਲੰਮੇ ਖ਼ਤ ਵੀ ਮਹਾਤਮਾ ਜੀ ਨੂੰ ਲਿਖੇ ਕਿ ਆਪ ਇਸ ਮਾਮਲੇ ਨੂੰ ਨਿੱਜੀ ਤੌਰ ਤੇ ਅਪਣਾਉ ਅਤੇ ਵਾਇਸਰਾਏ ਨੂੰ ਮਿਲ ਕੇ ਗੱਦੀ ਤੇ ਮੁੜ ਭਿਜਵਾਓ।

ਇਸ ਸਾਰੇ ਲਿਟਰੇਚਰ, ਪ੍ਰਭਾਵਾਂ ਅਤੇ ਚਿੱਠੀ ਚਪੱਠੀ ਪਿਛੋਂ ਮਹਾਤਮਾ ਜੀ ਦਾ ਇਕ ਪੋਸਟ ਕਾਰਡ ਮਹਾਰਾਜਾ ਨਾਭਾ ਦੇ ਨਾਂ ਮਸੂਰੀ ਪਹੁੰਚਿਆ ਜਿਸ ਤੇ ਕੇਵਲ ਦੋ ਚਾਰ ਸਤਰਾਂ ਪਿੰਸਲ ਨਾਲ ਲਿਖੀਆਂ ਹੋਈਆਂ ਸਨ ਅਤੇ ਜਿਨ੍ਹਾਂ ਦਾ ਭਾਵ ਇਹ ਸੀ ਕਿ ਸਾਰਾ ਲਿਟਰੇਚਰ ਅਤੇ ਚਿੱਠੀਆਂ ਪੜ੍ਹਨ ਅਤੇ ਸਮਾਚਾਰ ਸੁਣਨ ਪਿਛੋਂ

ਮਹਾਤਮਾ ਜੀ ਇਸ ਸਿੱਟੇ ਤੇ ਪੁਜੇ ਹਨ ਕਿ ਮਹਾਰਾਜਾ ਨਾਭਾ ਕਾਂਗਰਸ ਜਾਂ ਮਹਾਤਮਾ ਗਾਂਧੀ ਦੀ ਸਹਾਇਤਾ ਦਾ ਅਧਿਕਾਰੀ ਨਹੀਂ, ਪਰ ਇਹ ਪਿੰਸਲ ਦਾ ਲਿਖਿਆ ਹੋਇਆ ਪੋਸਟ ਕਾਰਡ ਹੀ ਮਹਾਰਾਜਾ ਨਾਭਾ ਦੀ ਵਧੇਰੇ ਤਬਾਹੀ ਅਤੇ ਕੋਡਾਈ ਕੈਨਾਲ ਵਿਚ ਨਜ਼ਰਬੰਦੀ ਦਾ ਕਾਰਨ ਹੋਇਆ। ਮਹਾਰਾਜਾ ਦੀ ਡਾਕ ਸੈਂਸਰ ਹੁੰਦੀ ਸੀ। ਏਸ ਕਾਰਡ ਦਾ ਫ਼ੋਟੋ ਸਰਕਾਰ ਦੇ ਪੁਲੀਟੀਕਲ ਡੀਪਾਰਟਮੈਂਟ ਕੋਲ ਪਹੁੰਚ ਗਿਆ ਅਤੇ ਇਸ ਪਿਛੋਂ ਸਰਕਾਰ ਨੇ ਫ਼ੈਸਲਾ ਕੀਤਾ ਕਿ ਮਹਾਰਾਜਾ ਨੂੰ ਸਦਾ ਲਈ ਕਿਸੇ ਦੂਰ ਦੁਰਾਡੇ ਥਾਂ ਤੇ ਨਜ਼ਰਬੰਦ ਕਰ ਦਿਤਾ ਜਾਏ। ਇਸ ਪ੍ਰਕਾਰ ਇਕ ਦੂਜਾ ਦੂਸ਼ਨ ਲਾ ਕੇ ਆਪ ਨੂੰ ਕੋਡਾਈ ਕੈਨਾਲ ਵਿਚ ਨਜ਼ਰਬੰਦ ਕਰ ਦਿਤਾ ਗਿਆ। ਜਿਥੋਂ ਆਪ ਆਪਣੇ ਮ੍ਰਿਤੂ ਕਾਲ ਤਕ ਰਿਹਾ ਨਾ ਕੀਤੇ ਗਏ ਅਤੇ ਉਥੇ ਨਜ਼ਰਬੰਦੀ ਦੀ ਹਾਲਤ ਵਿਚ ਹੀ ਸ੍ਵਰਗਵਾਸ ਹੋ ਗਏ।

## ਰੁਪਏ ਨਾਲ ਪਿਆਰ ਨਾ ਕਰੋ

ਦਿੱਲੀ ਤੋਂ ਰੋਜ਼ਾਨਾ "ਰਈਅੱਤ" ਜਾਰੀ ਕਰਨ ਤੋਂ ਪਹਿਲਾਂ ਲੇਖਕ ਲਖਨਊ, ਕਾਨਪੁਰ ਅਤੇ ਅਲਾਹਬਾਦ ਇਸ ਗ਼ਰਜ਼ ਲਈ ਗਿਆ ਕਿ ਜੇਕਰ ਕਿਸੇ ਪ੍ਰੈਸ ਦਾ ਪ੍ਰਬੰਧ ਹੋ ਜਾਏ ਤਾਂ ਉਥੋਂ ਹੀ ਰੋਜ਼ਾਨਾ ਅਖ਼ਬਾਰ ਚਾਲੂ ਕੀਤਾ ਜਾਵੇ। ਉਹਨਾਂ ਸਮਿਆਂ 'ਚ ਪ੍ਰੈਸ ਐਕਟ ਬੜਾ ਸਖ਼ਤ ਸੀ। ਕਿਸੇ ਪ੍ਰੈਸ ਵਿਚ ਵੀ ਅਖ਼ਬਾਰ ਦੇ ਛਾਪਣ ਦਾ ਪ੍ਰਬੰਧ ਨਾ ਹੋ ਸਕਿਆ। ਮੈਂ ਇਸੇ ਸੰਬੰਧ ਵਿਚ ਜਦ ਅਲਾਹਬਾਦ ਗਿਆ ਤਾਂ ਸੱਯਦ ਅਕਬਰ ਅਲਾਹਬਾਦੀ ਦੀ ਸੇਵਾ ਵਿਚ ਵੀ ਹਾਜ਼ਰ ਹੋਇਆ। ਮੈਂ ਰਾਤ ਨੂੰ ਤਾਂ ਇਕ ਸਰਾਂ ਵਿਚ ਸੌਂਦਾ ਸਾਂ ਜਿਥੇ ਇਕ ਕੋਠੜੀ ਕਿਰਾਏ ਤੇ ਲੈ ਰਖੀ ਸੀ, ਪਰ ਦਿਨ ਭਰ ਅਕਬਰ ਸਾਹਿਬ ਦੀ ਸੇਵਾ ਵਿਚ ਇਸ਼ਰਤ ਮੰਜ਼ਲ ਰਹਿੰਦਾ। ਉਥੇ ਚਾਰ ਪੰਜ ਦਿਨ ਰਿਹਾ। ਹਜ਼ਰਤ ਅਕਬਰ ਵਰਗੇ ਸ਼ਾਇਰਾਂ ਅਤੇ ਵਿਦਵਾਨਾਂ ਨੂੰ ਸੰਸਾਰ ਸਦੀਆਂ ਪਿਛੋਂ ਪੈਦਾ ਕਰਦਾ ਹੈ। ਅਕਬਰ ਮਿਸਾਲ ਦੇਣ ਦੇ ਲਿਹਾਜ਼ ਵੀ ਆਪਣਾ ਸਾਨੀ ਨਹੀਂ ਰਖਦੇ ਸਨ। ਇਕ ਦਿਨ ਦਰਯਾ ਦਿਲੀ ਤੇ ਕੰਜੂਸੀ ਤੇ ਵਿਸ਼ੇ ਤੇ ਗਲਾਂ ਹੋ ਰਹੀਆਂ ਸਨ ਤਾਂ ਆਪ ਨੇ ਫ਼ਰਮਾਇਆ : ਰੁਪਏ ਨਾਲ ਏਨਾ ਪਿਆਰ ਕਰਨਾ ਚਾਹੀਦਾ ਹੈ ਜਿੰਨਾ ਕਿ ਇਕ ਅੰਗਰੇਜ਼ ਆਪਣੇ ਬਹਿਰੇ ਜਾਂ ਖ਼ਾਨਸਾਮੇਂ ਨਾਲ ਕਰਦਾ ਹੈ। ਭਾਵ ਜਦ ਬਹਿਰੇ ਜਾਂ ਖ਼ਾਨਸਾਮੇਂ ਤੋਂ ਕੰਮ ਲੈਣਾ ਹੋਵੇ ਤਾਂ ਅੰਗਰੇਜ਼ ਬਹਿਰੇ ਜਾਂ



Digitized by Panjab Digital Library | www.panjabdigilib.org

ਖ਼ਾਨਸਾਮੇਂ ਨੂੰ ਆਪਣੇ ਕਮਰੇ ਵਿਚ ਬੁਲਾ ਲੈਂਦਾ ਹੈ, ਪਰ ਜਦ ਕੰਮ ਨਿਕਲ ਜਾਏ ਤਾਂ ਉਸ ਬਹਿਰੇ ਜਾਂ ਖ਼ਾਨਸਾਮੇਂ ਨੂੰ ਸਾਹਿਬ ਦੇ ਕਮਰੇ ਵਿਚ ਇਕ ਮਿੰਟ ਵੀ ਠਹਿਰਨ ਦੀ ਆਗਿਆ ਨਹੀਂ ਹੁੰਦੀ। ਭਾਵ ਰੁਪਏ ਤੋਂ ਕੰਮ ਲਵੋ, ਪਰ ਉਸ ਨਾਲ ਪਿਆਰ ਨਾ ਕਰੋ।

## ਰਾਜਨੀਤਕ ਜੁਰਮਾਂ ਦਾ ਦੰਡ ਬੇ-ਅਰਥ

ਮੈਂ ਲਾਹੌਰ ਦੇ ਸਪਤਾਹਕ "ਹਿੰਦੁਸਤਾਨ" ਵਿਚ ਕੰਮ ਕਰਦਾ ਸਾਂ ਕਿ ਇਕ ਦਿਨ ਮਾਸਟਰ ਮੋਤਾ ਸਿੰਘ—ਜਿਨ੍ਹਾਂ ਨੂੰ ਸਿਖਾਂ ਵਿਚ ਡੀ. ਵਲੇਰਾ ਆਖਦੇ ਹਨ ਜੋ ਪੰਜਾਬ ਪੁਲੀਸ ਦੇ ਹਦੋਂ ਬਾਹਰੇ ਯਤਨਾਂ ਬਾਵਜੂਦ ਕਈ ਵਰ੍ਹਿਆਂ ਤਕ ਫੜੇ ਨਾ ਜਾ ਸਕੇ। ਜੋ ਸੁਰਗਵਾਸੀ ਕਿੰਗ ਨਾਦਰ ਖ਼ਾਂ ਆਫ਼ ਅਫ਼ਗਾਨਿਸਤਾਨ ਦੇ ਨਿੱਜੀ ਮਿੱਤਰਾਂ ਵਿਚੋਂ ਸਨ। ਜਿਨ੍ਹਾਂ ਦੇ ਜੀਵਨ ਦਾ ਬਹੁਤਾ ਭਾਗ ਜੇਲ੍ਹਾਂ ਵਿਚ ਲੰਘਿਆ। ਜਿਨ੍ਹਾਂ ਦੀ ਗਵਾਹੀ ਜੇਲ੍ਹ ਕਮਿਸ਼ਨ ਸਾਹਮਣੇ ਕੈਦੀਆਂ ਦੇ ਪ੍ਰਤੀਨਿਧ ਦੇ ਤੌਰ ਤੇ ਹੋਈ ਅਤੇ ਜੋ ਅਜ ਕਲ ਪੰਜਾਬ ਅਸੈਂਬਲੀ ਦੇ ਮੈਂਬਰ ਹਨ—ਮੈਨੂੰ ਮਿਲੇ ਅਤੇ ਉਹਨਾਂ ਨੇ ਦਸਿਆ ਕਿ ਸੁਰਗਵਾਸੀ ਮਹਾਰਾਜਾ ਪਟਿਆਲਾ ਭਸੌੜ (ਰਿਆਸਤ ਪਟਿਆਲਾ) ਦੇ ਕੌਮੀ ਵਰਕਰ ਬਾਬੂ ਤੇਜਾ ਸਿੰਘ ਨੂੰ ਬਹੁਤ ਤੰਗ ਕਰ ਰਹੇ ਹਨ—ਬਾਬੂ ਤੇਜਾ ਸਿੰਘ ਬੜੇ ਉਚੇ ਆਚਰਣ ਦੇ ਬਜ਼ੁਰਗ ਸਨ। ਉਥੋਂ ਦੇ ਕੁੜੀਆਂ ਦੇ ਹਾਈ ਸਕੂਲ ਦੇ ਮੈਨੇਜਰ ਸਨ। ਮਹਾਰਾਜਾ ਪਟਿਆਲਾ ਨੇ ਬਾਬੂ ਤੇਜਾ ਸਿੰਘ ਨੂੰ ਆਪਣੇ ਗਰਮੀਆਂ ਦੇ ਹੈਡ ਕੁਆਰਟਰ ਚਾਇਲ ਤੋਂ ਸੁਨੇਹਾ ਭੇਜਿਆ ਕਿ ਕੁਝ ਕੁੜੀਆਂ ਨੂੰ ਨਾਲ ਲੈ ਕੇ ਆਓ। ਬਾਬੂ ਤੇਜਾ ਸਿੰਘ ਬੜੇ ਅਣਖ ਵਾਲੇ ਮਨੁੱਖ ਸਨ। ਆਪ ਨੇ ਮਹਾਰਾਜਾ ਪਟਿਆਲਾ ਦੀ ਪਰਜਾ ਹੁੰਦਿਆਂ ਹੋਇਆਂ ਵੀ ਇਸ ਇੱਛਾ ਦੀ ਪਾਲਨਾ ਕਰਨ ਤੋਂ ਇਨਕਾਰ ਕਰ ਦਿਤਾ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਹਾਰਾਜਾ ਬਾਬੂ ਤੇਜਾ ਸਿੰਘ ਦੇ ਦੁਸ਼ਮਨ ਬਣ ਗਏ—ਅਤੇ ਮਾਸਟਰ ਮੋਤਾ ਸਿੰਘ ਨੇ ਇਹ ਵੀ ਕਿਹਾ ਕਿ ਬਾਬੂ ਤੇਜਾ ਸਿੰਘ ਮੈਨੂੰ ਮਿਲਣਾ ਚਾਹੁੰਦੇ ਹਨ। ਮੈਂ ਭਸੌੜ ਆਵਾਂ। ਮਾਸਟਰ ਮੋਤਾ ਸਿੰਘ ਵੀ ਉਹਨਾਂ ਦਿਨਾਂ ਵਿਚ ਭਸੌੜ ਹਾਈ ਸਕੂਲ ਦੇ ਹੈਡ ਮਾਸਟਰ ਸਨ। ਮਾਸਟਰ ਮੋਤਾ ਸਿੰਘ ਦੀ ਇੱਛਾ ਅਨੁਸਾਰ ਮੈਂ ਭਸੌੜ ਪਹੁੰਚ ਗਿਆ। ਉਥੇ ਬਾਬੂ ਤੇਜਾ ਸਿੰਘ, ਮਾਸਟਰ ਮੋਤਾ ਸਿੰਘ ਅਤੇ ਸਿਖਾਂ ਦੇ ਦੂਜੇ ਕੌਮੀ ਵਰਕਰ ਹਾਜ਼ਰ ਸਨ। ਮਤਾ ਪਕਦਾ ਰਿਹਾ ਕਿ ਕੀ ਕਰਨਾ ਚਾਹੀਦੈ। ਆਖ਼ਰ ਫ਼ੈਸਲਾ



Digitized by Panjab Digital Library | www.panjabdigilib.org

ਹੋਇਆ ਕਿ ਮਹਾਰਾਜਾ ਪਟਿਆਲਾ ਦੀਆਂ ਵਧੀਕੀਆਂ ਬਾਰੇ ਅਖ਼ਬਾਰਾਂ ਵਿਚ ਲੇਖ ਛਾਪੇ ਜਾਣ ਅਤੇ ਉਹਨਾਂ ਸਾਰੀਆਂ ਵਧੀਕੀਆਂ ਨੂੰ ਜੋ ਆਪ ਬਾਬੂ ਤੇਜਾ ਸਿੰਘ ਵਿਰੁਧ ਕਰ ਰਹੇ ਹਨ ਪਬਲਿਕ ਵਿਚ ਨੰਗੀਆਂ ਕੀਤੀਆਂ ਜਾਣ । ਇਸ ਪ੍ਰਕਾਰ ਮੈਨੂੰ ਕਿਹਾ ਗਿਆ ਕਿ ਮੈਂ ਉਰਦੂ ਜ਼ਬਾਨ ਵਿਚ ਇਕ ਪੈਂਫਲਟ ਲਿਖਾਂ ਜਿਹੜਾ ਛਾਪਿਆ ਜਾਵੇ।

ਮੈਂ ਲਾਹੌਰ ਵਾਪਸ ਆ ਗਿਆ। ਉਸ ਵੇਲੇ ਮੇਰਾ ਟਿਕਾਣਾ ਲਾਹੌਰ ਮੋਰੀ ਦਰਵਾਜ਼ੇ ਦੇ ਅੰਦਰ ਓਲਡ ਹਿੰਦੂ ਹੋਟਲ ਵਿਚ ਸੀ, ਜਿਥੇ ਰੋਟੀ ਅਤੇ ਟਿਕਾਣੇ ਦੋਹਾਂ ਲਈ ਹਰ ਬੋਰਡਰ ਪਾਸੋਂ ਕੇਵਲ ਛੇ ਰੁਪਏ ਮਾਸਕ ਲਏ ਜਾਂਦੇ ਸਨ। ਰੋਟੀ ਵਿਚ ਇਕ ਦਾਲ ਅਤੇ ਇਕ ਸਬਜ਼ੀ ਮਿਲਦੀ ਸੀ। ਦਾਲ ਤਾਂ ਖ਼ੈਰ ਫਿਰ ਵੀ ਨਿਆਮਤ ਹੁੰਦੀ ਸੀ, ਸਬਜ਼ੀ ਸਦਾ ਉਹ ਚਾੜ੍ਹੀ ਜਾਂਦੀ ਜਿਸ ਦੀ ਬਹਾਰ ਜਾ ਚੁਕੀ ਹੋਵੇ ਅਤੇ ਬਾਜ਼ਾਰ ਵਿਚ ਜਿਸ ਨੂੰ ਕੋਈ ਨਾ ਖ਼ਰੀਦਦਾ ਹੋਵੇ। ਮੇਰਾ ਖ਼ਿਆਲ ਹੈ ਕਿ ਉਨ੍ਹਾਂ ਵੇਲਿਆਂ 'ਚ ਇਹ ਹੋਟਲ ਸ਼ਾਇਦ ਸਾਰੇ ਲਾਹੌਰ ਵਿਚ ਸਸਤੇ ਤੋਂ ਸਸਤਾ ਬੋਰਡਿੰਗ ਹਾਊਸ ਸੀ ਜਿਸ ਵਿਚ ਸਠ ਦੇ ਲਗ ਪਗ ਬੋਰਡਰ ਰਹਿੰਦੇ ਸਨ।

ਇਸ ਹੋਟਲ ਵਿਚ ਪਹੁੰਚ ਕੇ ਮੈਂ ਪੈਂਫਲਟ ਲਿਖਿਆ ਜਿਸ ਦਾ ਨਾਂ "ਸ਼ਹੀਦੀ ਦੇ ਲਹੂ ਦਾ ਤਾਜ਼ਾ ਤੁਪਕਾ" ਸੀ। ਇਹ ਪੈਂਫਲਟ ਬਹੁਤ ਚੰਗਾ ਲਿਖਿਆ ਗਿਆ। ਜਿਸ ਦੀ ਕਿਤਾਬਤ ਅੰਮ੍ਰਿਤਸਰ ਦੇ ਇਕ ਬਹੁਤ ਚੰਗੇ ਕਾਤਬ ਮੁਨਸ਼ੀ ਫ਼ਰਖ਼ ਤੋਂ ਕਰਾਈ ਗਈ। ਲਾਹੌਰ ਪਹੁੰਚਣ ਪਿਛੋਂ ਮਿਤਰਾਂ ਨਾਲ ਵਿਚਾਰ ਕੀਤੀ ਅਤੇ ਉਥੋਂ ਦੇ ਸਭ ਤੋਂ ਚੰਗੇ ਪ੍ਰੈਸ ਵਿਚ ਇਹ ਦੋ ਹਜ਼ਾਰ ਛਪਿਆ। ਜਦ ਇਹ ਪੈਂਫਲਟ ਛਪ ਚੁਕਾ ਅਤੇ ਅਜੇ ਇਸ ਦੀ ਸਿਲਾਈ ਨਹੀਂ ਹੋਈ ਸੀ ਤਾਂ ਮੈਂ ਦੋ ਸੌ ਕਾਪੀਆਂ ਸਿਵਾ ਕੇ ਪ੍ਰੈਸ ਤੋਂ ਲੈ ਆਇਆ। ਜਿਨ੍ਹਾਂ ਚੋਂ ਕੁਝ ਮੈਂ ਉਸੇ ਦਿਨ ਕੁਝ ਮਿਤਰਾਂ ਵਿਚ ਵੰਡ ਦਿਤੀਆਂ। ਪੈਂਫਲਟ ਨੂੰ ਵੇਖਦਿਆਂ ਹੀ ਇਸ ਦੀ ਚਰਚਾ ਸ਼ੁਰੂ ਹੋ ਗਈ। ਸ਼ਾਮ ਤਕ ਮਹਾਰਾਜਾ ਪਟਿਆਲਾ ਦੇ ਦੋਸਤਾਂ ਨੂੰ ਵੀ ਪਤਾ ਲਗ ਗਿਆ ਜੋ ਲਾਹੌਰ ਵਿਚ ਸਨ। ਇਹਨਾਂ ਚੋਂ ਇਕ ਸਜਨ — ਜੋ ਲਾਹੌਰ ਵਿਚ ਸਿਖਾਂ ਦੇ ਇਕ ਨੇਤਾ ਸਨ ਅਤੇ ਉਸ ਜ਼ਮਾਨੇ ਵਿਚ ਸਰਕਾਰੀ ਪਿਠੂ ਸਨ — ਇਹ ਪੈਂਫਲਟ ਹਾਕਮਾਂ ਤਕ ਪੁਚਾ ਦਿਤਾ। ਰਾਤ ਨੂੰ ਕੁਝ ਉਥੋਂ ਦਿਆਂ ਅਫ਼ਸਰਾਂ ਵਿਚ ਘੁਸਰ ਮੁਸਰ ਹੋਈ ਅਤੇ ਅਗਲੀ ਭਲਕ ਮੈਂ ਜਦ ਬਾਕੀ ਅਠਾਰਾਂ ਸੌ ਕਾਪੀਆਂ ਲੈਣ ਪ੍ਰੈਸ ਗਿਆ ਤਾਂ ਪ੍ਰੈਸ ਵਾਲਿਆਂ ਦਸਿਆ ਕਿ ਸਵੇਰੇ ਪੁਲੀਸ ਆਈ ਸੀ, ਪੈਂਫਲਟ ਸਰਕਾਰ ਨੇ ਜ਼ਬਤ ਕਰ ਲਿਆ ਹੈ ਅਤੇ ਸਾਰੀਆਂ ਕਾਪੀਆਂ ਪੁਲੀਸ ਲੈ ਗਈ ਹੈ।



Digitized by Panjab Digital Library | www.panjabdigilib.org

ਇਸ ਖ਼ਬਰ ਨੂੰ ਸੁਣ ਕੇ ਮੈਨੂੰ ਬੜਾ ਅਫ਼ਸੋਸ ਹੋਇਆ। ਦੋ ਸੌ ਕਾਪੀਆਂ ਵਿਚੋਂ ਜਿਹੜੇ ਪੈਂਫਲਟ ਬਚੇ ਸਨ ਉਹਨਾਂ ਨੂੰ ਲੈ ਕੇ ਮੈਂ ਭਸੌੜ ਪੁਜਾ। ਮਾਸਟਰ ਮੋਤਾ ਸਿੰਘ ਅਤੇ ਬਾਬੂ ਤੇਜਾ ਸਿੰਘ ਜੀ ਨੂੰ ਸਾਰੀ ਕਹਾਣੀ ਸੁਣਾਈ। ਉਹਨਾਂ ਨੂੰ ਵੀ ਬੜਾ ਅਫ਼ਸੋਸ ਹੋਇਆਂ ਸਾਰੀ ਰਾਤ ਮਤਾ ਪਕਦਾ ਰਿਹਾ ਕਿ ਕੀ ਕੀਤਾ ਜਾਵੇ ਆਖ਼ਰ ਫ਼ੈਸਲਾ ਹੋਇਆ ਕਿ ਭਾਵੇਂ ਕੁਝ ਹੋਵੇ ਇਸ ਪੈਂਫਲਟ ਨੂੰ ਫੇਰ ਦੁਬਾਰਾ ਛਪਵਾ ਕੇ ਵੰਡਿਆ ਜਾਏ । ਬਾਬੂ ਤੇਜਾ ਸਿੰਘ ਨੇ ਮੈਨੂੰ ਦੋ ਸੌ ਰੁਪਏ ਖ਼ਰਚਾਂ ਲਈ ਦਿਤੇ। ਪੈਂਫਲਟ ਦੀ ਇਕ ਕਾਪੀ ਲੈ ਕੇ ਮੈਂ ਲੁਧਿਆਣੇ ਪਹੁੰਚਾ। ਲੁਧਿਆਣੇ ਤੋਂ ਦਿਲੀ ਆਇਆ। ਏਥੇ ਮਹਾਰਾਜਾ ਹੋਟਲ ਵਿਚ ਟਿਕਾਣਾ ਕਰਕੇ ਮੁਨਸ਼ੀ ਫ਼ਰਦੌਸ ਖ਼ੁਸ਼ਨਵੀਸ ਦੇ ਘਰ ਗਿਆ। ਉਹਨਾਂ ਨੂੰ ਪੈਂਫਲਟ ਕਿਤਾਬਤ ਕਰਨ ਲਈ ਦਿਤਾ ਅਤੇ ਕਿਹਾ ਕਿ ਜੋ ਮਜ਼ੂਰੀ ਚਾਹੋ ਲੈ ਲਓ, ਪਰ ਦਿਨ ਰਾਤ ਲਾ ਕੇ ਇਸ ਨੂੰ ਝਬਦੇ ਹੀ ਲਿਖ ਦਿਉ। ਮੁਨਸ਼ੀ ਫ਼ਰਦੌਸ ਨੇ ਸਾਰਾ ਕੰਮ ਛਡ ਕੇ ਕਿਤਾਬਤ ਕਰ ਦਿਤੀ। ਕਾਪੀਆਂ ਲੈ ਕੇ ਮੈਂ ਮਛੀ ਵਾਲਾਂ ਦੇ ਇਕ ਪ੍ਰੈਸ ਵਿਚ ਗਿਆ ਜਿਸ ਦਾ ਨਾਂ ਜੇ. ਐਂਡ ਸਨਜ਼ ਪ੍ਰੈਸ ਸੀ — ਇਹ ਪ੍ਰੈਸ ਹੁਣ ਬੰਦ ਹੋ ਚੁਕਿਆ ਹੈ — ਮਾਲਕ ਪ੍ਰੈਸ ਨੂੰ ਮੈਂ ਪੈਂਫਲਟ ਛਾਪਣ ਲਈ ਕਿਹਾ । ਉਸ ਜ਼ਮਾਨੇ ਵਿਚ ਪ੍ਰੈਸ ਐਕਟ ਬੜਾ ਕਰੜਾ ਸੀ, ਪਰ ਜਦ ਮਾਲਕ ਪ੍ਰੈਸ ਨੇ ਵੇਖਿਆ ਕਿ ਇਸ ਤੋਂ ਪਹਿਲਾਂ ਵੀ ਇਹ ਪੈਂਫਲਟ ਛਪ ਚੁਕਾ ਹੈ ਅਤੇ ਹੁਣ ਦੁਬਾਰਾ ਛਪ ਰਿਹਾ ਹੈ ਤਾਂ ਉਹ ਛਾਪਣ ਨੂੰ ਤਿਆਰ ਹੋ ਪਏ। ਮੈਂ ਕਿਹਾ ਕਿ ਮੈਂ ਕਲ ਵਾਪਸ ਜਾਣਾ ਚਾਹੁੰਦਾ ਹਾਂ । ਜੋ ਮਜ਼ੂਰੀ ਚਾਹੋ ਲੈ ਲਉ, ਪਰ ਕਲ ਦੁਪਹਿਰ ਤਕ ਛਪਾਈ ਅਤੇ ਸਿਲਾਈ ਆਦਿ ਮੁਕੰਮਲ ਹੋ ਜਾਏ। ਉਹਨਾਂ ਨੇ ਪੈਸੇ ਕੁਝ ਵਧੇਰੇ ਹੀ ਮੰਗੇ ਜੋ ਦੇ ਦਿਤੇ ਗਏ । ਅਗਲੇ ਦਿਨ ਦੋ ਹਜ਼ਾਰ ਪੈਂਫਲਟ ਤਿਆਰ ਹਾਲਤ ਵਿਚ ਮੈਨੂੰ ਮਿਲ ਗਿਆ। ਮੈਂ ਰਾਤ ਦੀ ਗਡੀ ਭਸੌੜ ਪਹੁੰਚਿਆ। ਉਥੇ ਇਕ ਦਿਨ ਵਿਚ ਇਹਨਾਂ ਪੈਂਫਲਟਾਂ ਦੇ ਪੈਕਟ ਬਣਾ ਕੇ ਰਖ ਲਏ ਗਏ। ਇਹਨਾਂ ਪੈਕਟਾਂ ਨੂੰ ਲੈ ਕੇ ਮੈਂ ਲੁਧਿਆਣੇ ਪੁਜਾ। ਕੁਝ ਉਥੋਂ ਦੇ ਡਾਕਖ਼ਾਨੇ ਵਿਚ ਪੋਸਟ ਕੀਤੇ ਫੇਰ ਜਲੰਧਰ ਪੁਜਾ, ਉਥੋਂ ਪੋਸਟ ਕੀਤੇ ਗਏ, ਫੇਰ ਅੰਮ੍ਰਿਤਸਰ ਗਿਆ ਕੁਝ ਉਥੋਂ ਪੋਸਟ ਕੀਤੇ ਗਏ ਅਤੇ ਬਾਕੀ ਲਾਹੌਰ ਆ ਕੇ ਪੋਸਟ ਕਰ ਦਿਤੇ।

ਏਧਰ ਤਾਂ ਇਹ ਪੈਂਫਲਟ ਏਸ ਤਰੀਕੇ ਨਾਲ ਪੋਸਟ ਕਰ ਦਿਤੇ ਗਏ ਉਧਰ ਦਿਲੀ ਸਰਕਾਰ ਨੂੰ ਜਦ ਇਹ ਪਤਾ ਲਗਾ ਕਿ ਜ਼ਬਤ ਹੋਇਆ ਪੈਂਫਲਟ ਦੁਬਾਰਾ ਛਾਪ ਕੇ ਵੰਡਿਆ ਗਿਆ ਹੈ ਤਾਂ ਜੇ. ਐਂਡ ਸਨਜ਼ ਦੀ ਜ਼ਮਾਨਤ ਜ਼ਬਤ ਕਰ ਲਈ ਗਈ ਅਤੇ ਮੁਨਸ਼ੀ ਫ਼ਰਦੌਸ ਕਾਤਬ ਨੂੰ ਪੁਲੀਸ ਨੇ ਤੰਗ ਕੀਤਾ ਅਤੇ



Digitized by Panjab Digital Library | www.panjabdigilib.org

ਪੁਛਿਆ ਕਿ ਪੈਂਫਲਟ ਕਿਤਾਬਤ ਵਾਸਤੇ ਕਿਸ ਨੇ ਦਿਤਾ ਸੀ ਅਤੇ ਕੌਣ ਲੈ ਗਿਆ ਆਦਿ।

ਪੈਂਫ਼ਲਟ ਵੰਡੇ ਜਾਣ ਪਿਛੋਂ ਮੈਂ ਉਸੇ ਤਰ੍ਹਾਂ ਓਲਡ ਹਿੰਦੂ ਹੋਟਲ ਵਿਚ ਰਹਿੰਦਾ ਸਾਂ ਅਤੇ ਕੰਮ ''ਹਿੰਦੁਸਤਾਨ'' ਵਿਚ ਲਾਲਾ ਰਾਮ ਰਛਪਾਲ ਸਿੰਘ ਸ਼ੈਦਾ ਸੂਗਰਵਾਸੀ ਦੇ ਅਧੀਨ ਕਰਦਾ ਸਾਂ। ਇਕ ਦਿਨ ਐਤਵਾਰ ਸੀ, ਹੋਟਲ ਵਿਚ ਸਵੇਰੇ ਜਾਗਿਆ, ਟੱਟੀ ਗਿਆ ਅਤੇ ਜਦ ਵਾਪਸ ਆਇਆ ਤਾਂ ਮੇਰੇ ਕਮਰੇ ਵਿਚ ਮੇਰੀ ਮੰਜੀ ਤੇ ਇਕ ਮੁਸਲਮਾਨ ਬੈਠਾ ਹੋਇਆ ਸੀ। ਮੈਂ ਪੁਛਿਆ ਹੁਕਮ ਕਰੋ ਕਿਸ ਤਰ੍ਹਾਂ ਆਉਣਾ ਹੋਇਆ। ਆਪ ਨੇ ਦਸਿਆ ਕਿ ਕੁਤਵਾਲੀ ਇਨਸਪੈਕਟਰ ਸਾਹਿਬ ਨੇ ਮਿਲਣ ਲਈ ਬੁਲਾਇਆ ਹੈ। ਮੈਂ ਪੁਛਿਆ ਕੀ ਕੰਮ ਹੈ ਤਾਂ ਆਪ ਨੇ ਕਿਹਾ ਉਹਨਾਂ ਨੂੰ ਕੁਝ ਪਤਾ ਨਹੀਂ। ਮੈਂ ਟਾਂਗੇ ਵਿਚ ਉਹਨਾਂ ਨਾਲ ਦਿੱਲੀ ਦਰਵਾਜ਼ੇ ਵਾਲੀ ਕੁਤਵਾਲੀ ਗਿਆ। ਕੁਤਵਾਲੀ ਦੇ ਇਨਸਪੈਕਟਰ ਇਨਚਾਰਜ ਸਾਹਮਣੇ ਪੇਸ਼ ਕੀਤਾ ਗਿਆ। ਇਨਸਪੈਕਟਰ ਨੇ ਡਿਪਟੀ ਸੁਪ੍ਰੰਟੈਂਡੈਂਟ ਪੁਲੀਸ ਮਿਸਟਰ ਕਲਾਰਕ ਨੂੰ ਟੈਲੀਫ਼ੂਨ ਕੀਤਾ। ਇਕ ਥਾਨੇਦਾਰ ਆਇਆ ਉਹ ਮੈਨੂੰ ਮਿਸਟਰ ਕਲਾਰਕ ਦੀ ਕੋਠੀ ਲੈ ਗਿਆ। ਕਿਉਂਕਿ ਐਤਵਾਰ ਦੇ ਕਾਰਨ ਉਹ ਆਪਣੀ ਕੋਠੀ ਵਿਚ ਹੀ ਸਨ। ਇਹ ਮਿਸਟਰ ਕਲਾਰਕ ਕੱਟੜ ਕਿਸਮ ਦੇ ਐਂਗਲੋ-ਇੰਡੀਅਨ ਸਨ। ਬੜੇ ਸਖ਼ਤ ਸੁਭਾਉ ਵਾਲੇ, ਜਿਹੜੇ ਭਾਰਤੀਆਂ ਨੂੰ ਇਨਸਾਨ ਹੀ ਨਹੀਂ ਸਮਝਦੇ ਸਨ ਅਤੇ ਉਹਨਾਂ ਸੰਬੰਧੀ ਪਬਲਕ ਵਿਚ ਇਹ ਆਮ ਸ਼ਿਕਾਇਤ ਸੀ। ਮੈਂ ਜਦ ਉਹਨਾਂ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਹਨਾਂ ਨੇ ਮੈਨੂੰ ਪੁਛਿਆ ਕਿ ਪੁਲੀਸ ਦੋ ਹਫ਼ਤਿਆਂ ਤੋਂ ਲਭ ਰਹੀ ਸੀ ਤੂੰ ਕਿਥੇ ਸੈਂ। ਮੈਂ ਕਿਹਾ ਕਿ ਓਲਡ ਹਿੰਦੂ ਹੋਟਲ ਵਿਚ ਰਹਿੰਦਾ ਸਾਂ ਅਤੇ ਕੰਮ ਅਖ਼ਬਾਰ ''ਹਿੰਦੁਸਤਾਨ'' ਵਿਚ ਕਰਦਾ ਸਾਂ। ਉਹਨਾਂ ਤੋਂ ਪਤਾ ਲਗਾ ਕਿ ਪੈਂਫਲਟ ਦੇ ਛਪਣ ਅਤੇ ਜ਼ਬਤ ਹੋਣ ਪਿਛੋਂ ਮੇਰੇ ਤੇ ਮੁਕੱਦਮਾ ਡੀਫ਼ੈਂਸ ਆਫ਼ ਇੰਡੀਆ ਐਕਟ ਅਧੀਨ ਤਿਆਰ ਕੀਤਾ ਗਿਆ ਹੈ। ਪੁਲੀਸ ਮੈਨੂੰ ਮੇਰੀ ਜਨਮ ਭੂਮੀ ਹਾਫ਼ਿਜ਼ਾਬਾਦ ਲਭਦੀ ਰਹੀ ਹੈ ਅਤੇ ਆਖ਼ਰ ਬੜੀਆਂ ਮੁਸ਼ਕਲਾਂ ਪਿਛੋਂ ਪੁਲੀਸ ਨੂੰ ਓਲਡ ਹਿੰਦੂ ਹੋਟਲ ਦਾ ਪਤਾ ਮਿਲਿਆ। ਮਿਸਟਰ ਕਲਾਰਕ ਨੇ ਸਬ ਇਨਸਪੈਕਟਰ ਨੂੰ ਹੁਕਮ ਦਿਤਾ ਕਿ ਮੈਨੂੰ ਹਥਕੜੀ ਲਾਈ ਜਾਏ ਅਤੇ ਕਿਉਂਕਿ ਅਜ ਐਤਵਾਰ ਹੈ ਇਸ ਲਈ ਸਬ ਇਨਸਪੈਕਟਰ ਮੈਨੂੰ ਡਿਪਟੀ ਕਮਿਸ਼ਨਰ ਦੀ ਕੋਠੀ ਤੇ ਹੀ ਰੀਮਾਂਡ ਲਈ ਲੈ ਜਾਏ। ਕਿਉਂਕਿ ਗਰਿਫ਼ਤਾਰੀ ਦੇ ਵਾਰੰਟ ਡਿਪਟੀ ਕਮਿਸ਼ਨਰ ਦੇ ਦਸਖਤਾਂ ਹੇਠ ਜਾਰੀ ਹੋਏ ਹਨ।

ਸਬ ਇਨਸਪੈਕਟਰ ਅਤੇ ਸਿਪਾਹੀ ਮੈਨੂੰ ਡਿਪਟੀ ਕਮਿਸ਼ਨਰ ਦੀ ਕੋਠੀ ਲੈ

ਗਏ। ਡਿਪਟੀ ਕਮਿਸ਼ਨਰ ਮਿਸਟਰ ਟਾਲਨਟਨ ਸਨ ਉਹਨਾਂ ਦਾ ਉਸ ਸਮੇਂ ਸ਼ਾਇਦ ਅਜੇ ਵਿਆਹ ਨਹੀਂ ਹੋਇਆ ਸੀ। ਸ਼ਰਾਬ ਬਹੁਤ ਵਧੇਰੇ ਪੀਂਦੇ ਸਨ ਅਤੇ ਕਿਉਂਕਿ ਐਤਵਾਰ ਸੀ, ਪਤਾ ਲਗਾ ਕਿ ਸ਼ਰਾਬ ਨਾਲ ਰਜੇ ਹੋਏ ਹਨ। ਸਬ ਇਨਸਪੈਕਟਰ ਨੇ ਬਹਿਰੇ ਨੂੰ ਕਿਹਾ ਕਿ ਉਹ ਸਾਹਿਬ ਬਹਾਦਰ ਨੂੰ ਮਿਲਣਾ ਚਾਹੁੰਦੇ ਹਨ ਇਕ ਮੁਲਜ਼ਮ ਦਾ ਰੀਮਾਂਡ ਲੈਣਾ ਹੈ। ਬਹਿਰੇ ਨੇ ਮਿਸਟਰ ਟਾਲਨਟਨ ਨੂੰ ਖ਼ਬਰ ਦਿਤੀ ਤਾਂ ਮਿਸਟਰ ਟਾਲਨਟਨ ਨਸ਼ੇ 'ਚ ਗੁਟ ਕੁਝ ਥੋੜ੍ਹੇ ਜਿਹੇ ਲੜਖੜਾਂਦੇ ਹੋਏ ਬਰਾਂਡੇ ਵਿਚ ਆਏ ਅਤੇ ਆਉਂਦਿਆਂ ਹੀ ਸਬ ਇਨਸਪੈਕਟਰ ਨੂੰ ਪੁਛਿਆ ਕੀ ਹੈ ? ਸਬ ਇਨਸਪੈਕਟਰ ਨੇ ਸਲੂਟ ਕਰਦੇ ਹੋਇਆਂ ਬੇਨਤੀ ਕੀਤੀ ਹਜ਼ੂਰ ਡੀਫੈਂਸ ਆਫ਼ ਇੰਡੀਆ ਐਕਟ ਦਾ ਇਹ ਮੁਲਜ਼ਮ ਹੈ। ਅਜ ਐਤਵਾਰ ਹੈ ਅਤੇ ਰੀਮਾਂਡ ਲੈਣਾ ਹੈ ਅਤੇ ਸਬ ਇਨਸਪੈਕਟਰ ਨੇ ਵਾਰੰਟ ਪੇਸ਼ ਕੀਤੇ ਜਿਹੜੇ ਉਹ ਮਿਸਟਰ ਕਲਾਰਕ ਤੋਂ ਲਿਆਇਆ ਸੀ।

ਮਿਸਟਰ ਟਾਲਨਟਨ ਨਸ਼ੇ ਵਿਚ ਚੂਰ ਸਨ। ਮਨੁਖ ਸ਼ਰਾਬ ਦੇ ਨਸ਼ੇ ਵਿਚ ਬੜਾ ਦਲੇਰ ਅਤੇ ਦਰਿਆ ਦਿਲ ਹੁੰਦਾ ਹੈ। ਉਹਨਾਂ ਨੇ ਮੇਰੀ ਵਲ ਵੇਖਿਆ ਅਤੇ ਨਸ਼ਿਆਈ ਆਵਾਜ਼ ਵਿਚ ਬੋਲੇ, "ਵੈਲ ਕਯਾ ਟੁਮ ਕਲ ਅਮਾਰੀ ਕੋਰਟ ਮੇਂ ਆਏਗਾ ?" ਮੈਂ ਕਿਹਾ ਜ਼ਰੂਰ ਆਵਾਂਗਾ ਜੇਕਰ ਤੁਸੀਂ ਆਖਦੇ ਹੋ। ਮੇਰੇ ਇਸ ਉਤਰ ਤੇ ਮਿਸਟਰ ਟਾਲਨਟਨ ਨੇ ਬਸ ਇਨਸਪੈਕਟਰ ਨੂੰ ਕਿਹਾ, "ਖੋਹਲ ਦੋ ਹਥਕੜੀ" ਅਤੇ ਮੈਨੂੰ ਕਿਹਾ ਕਿ ਜਾਓ ਕਲ ਸਾਡੀ ਕੋਰਟ ਵਿਚ ਹਾਜ਼ਰ ਹੋ ਜਾਣਾ। ਡਿਪਟੀ ਕਮਿਸ਼ਨਰ ਤਾਂ ਇਹ ਹੁਕਮ ਦੇ ਕੇ ਬਰਾਂਡੇ 'ਚੋਂ ਆਪਣੇ ਕਮਰੇ 'ਚ ਚਲੇ ਗਏ, ਪਰ ਸਬ ਇਨਸਪੈਕਟਰ ਹੈਰਾਨ ਕਿ ਡੀਫੈਂਸ ਆਫ਼ ਇੰਡੀਆ ਐਕਟ ਦਾ ਮੁਕਦਮਾ ਹੈ। ਦੋ ਸਪਤਾਹ ਭਿੰਨ-ਭਿੰਨ ਥਾਵਾਂ ਤੇ ਲਭਣ ਪਿਛੋਂ ਮੁਸ਼ਕਲ ਨਾਲ ਮੁਲਜ਼ਮ ਮਿਲਿਆ ਹੈ ਅਤੇ ਡਿਪਟੀ ਕਮਿਸ਼ਨਰ ਨੇ ਸ਼ਰਾਬ ਦੇ ਨਸ਼ੇ ਵਿਚ ਹੀ ਛਡ ਦਿਤਾ ਹੈ। ਕੀ ਕੀਤਾ ਜਾਏ। ਸਬ ਇਨਸਪੈਕਟਰ ਮਜਬੂਰ ਸੀ ਉਸ ਨੇ ਹਥਕੜੀ ਖੋਹਲ ਦਿਤੀ ਅਤੇ ਉਹ ਤਾਂ ਵਾਪਸ ਮਿਸਟਰ ਕਲਾਰਕ ਪਾਸ ਚਲਾ ਗਿਆ ਅਤੇ ਮੈਂ ਹੋਟਲ ਵਿਚ ਆ ਗਿਆ।

ਅਗਲੇ ਦਿਨ ਸੋਮਵਾਰ ਨੂੰ ਮੈਂ ਮਿਸਟਰ ਟਾਲਨਟਨ ਦੀ ਅਦਾਲਤ ਵਿਚ ਗਿਆ ਅਤੇ ਜਦ ਪੇਸ਼ ਹੋਇਆ ਤਾਂ ਮਿਸਟਰ ਟਾਲਨਟਨ ਕਛਾਂ ਝਾਕਣ ਲਗੇ। ਬੜੇ ਘਬਰਾਏ ਵਿਖਾਈ ਦਿੰਦੇ ਸਨ ਕਿ ਕਲ ਨਸ਼ੇ ਵਿਚ ਕੀ ਹੁਕਮ ਦੇ ਚੁਕੇ ਹਨ। ਕਦੀ ਕਾਗਜ਼ਾਂ ਨੂੰ ਉਲਟਾਂਦੇ, ਕਦੀ ਮੇਰੀ ਵਲ ਵੇਖਦੇ। ਕਈ ਸੋਚਦੇ ਆਖ਼ਰ ਉਹਨਾਂ ਮੈਨੂੰ ਸੰਬੋਧਨ ਕਰਦਿਆਂ ਹੁਕਮ ਦਿਤਾ :

"ਵੈਲ ਜੇਕਰ ਤੂੰ ਮੁਆਫ਼ੀ ਮੰਗੇ ਅਤੇ ਇਹ ਇਕਰਾਰ ਕਰੇਂ ਕਿ ਅਗੇ ਤੋਂ



Digitized by Panjab Digital Library | www.panjabdigilib.org

ਕਦੇ ਕੋਈ ਅਜਿਹਾ ਪੈਂਫਲਟ ਨਾ ਲਿਖੇਂਗਾ ਤਾਂ ਮੈਂ ਤੈਨੂੰ ਛਡ ਦਿੰਦਾ ਹਾਂ।"

ਚੜ੍ਹਦੀ ਜਵਾਨੀ ਅਤੇ ਜੋਸ਼ ਦਾ ਜ਼ਮਾਨਾ ਸੀ ਮੈਂ ਉਤਰ ਦਿਤਾ ਕਿ ਮੈਂ ਕੋਈ ਇਕਰਾਰ ਨਹੀਂ ਕਰਦਾ, ਨਾ ਮੈਂ ਮੁਆਫ਼ੀ ਮੰਗਦਾ ਹਾਂ ਅਤੇ ਨਾ ਹੀ ਮੈਂ ਕੋਈ ਅਜਿਹਾ ਕੋਈ ਪਾਪ ਕੀਤਾ ਹੈ ਤੁਸੀਂ ਮੁਕੱਦਮਾ ਚਲਾਉ।

ਮੇਰਾ ਇਸ ਆਸ ਵਿਰੁਧ ਉਤਰ ਸੁਣ ਕੇ ਮਿਸਟਰ ਟਾਲਨਟਨ ਹੋਰ ਵੀ ਘਬਰਾਇਆ ਅਤੇ ਆਪ ਨੇ ਚਪੜਾਸੀ ਨੂੰ ਸੰਬੋਧਨ ਕਰਦਿਆਂ ਆਖਿਆ :

"ਇਸ ਛੋਕਰੇ ਨੂੰ ਅਦਾਲਤ 'ਚੋਂ ਬਾਹਰ ਕਢ ਦੇ, ਅਜੇ ਬਾਲ ਹੈ ਇਹ ਨਹੀਂ ਜਾਣਦਾ ਕਿ ਮੁਕੱਦਮਾ ਕੀ ਹੁੰਦਾ ਹੈ ?"

ਚਪੜਾਸੀ ਨੇ ਮੇਰੀ ਪਿਠ ਤੇ ਹਥ ਰਖ ਕੇ ਮੈਨੂੰ ਬਾਹਰ ਜਾਣ ਲਈ ਕਿਹਾ। ਮੈਂ ਅਦਾਲਤ 'ਚੋਂ ਬਾਹਰ ਆ ਗਿਆ। ਪਿਛੋਂ ਪਤਾ ਲਗਾ ਕਿ ਮਿਸਟਰ ਟਾਲਨਟਨ ਨੇ ਇਹ ਲਿਖ ਕੇ ਮੁਕੱਦਮਾ ਦਾਖਲ ਦਫ਼ਤਰ ਕਰ ਦਿਤਾ ਕਿ ਮੁਲਜ਼ਮ ਨੌਜਵਾਨ ਮੁੰਡਾ ਹੈ, ਅੰਞਾਨ ਹੈ। ਇਸਨੂੰ ਤਾੜਨਾ ਕਰ ਦਿਤੀ ਗਈ ਹੈ ਅਗੇ ਤੋਂ ਸਰਕਾਰ ਅਤੇ ਮਹਾਰਾਜਾ ਪਟਿਆਲਾ ਵਿਰੁਧ ਕਦੇ ਕੁਝ ਨਾ ਲਿਖੇ। ਕਿਉਂਕਿ ਜੁਰਮ ਪਹਿਲੀ ਵਾਰ ਕੀਤਾ ਗਿਆ ਹੈ ਇਸ ਲਈ ਤਾੜਨਾ ਹੀ ਕਾਫ਼ੀ ਸਮਝੀ ਗਈ ਹੈ।

ਇਹ ਮੇਰੀ ਪਹਿਲੀ ਗਰਿਫ਼ਤਾਰੀ ਸੀ। ਇਸ ਪਿਛੋਂ ਮੇਰੇ ਤੇ ਦਰਜਨਾਂ ਮੁਕੱਦਮੇ ਬਣਾਏ ਗਏ। ਜੇ ਤਾਂ ਕਿਸੇ ਸਮਾਜੀ ਜੁਰਮਾਂ ਦਾ ਕਰਤਾ ਹੁੰਦਾ ਤਾਂ ਤੇ ਸ਼ਾਇਦ ਦੁਨੀਆਂ ਵਿਚ ਕਿਸੇ ਨੂੰ ਮੂੰਹ ਵਖਾਉਣ ਜੋਗਾ ਵੀ ਨਾ ਰਹਿੰਦਾ, ਪਰ ਸਿਆਸੀ ਜੁਰਮ ਦਾ ਇਹ ਮੁੱਢ ਆਉਂਦੇ ਜੀਵਨ ਲਈ ਪਕਿਆਈ ਦਾ ਕਾਰਨ ਹੋਇਆ ਅਤੇ ਜਦ ਵੀ ਕੋਈ ਨਵਾਂ ਮੁਕੱਦਮਾ ਬਣਿਆ। ਭਾਵੇਂ ਤਕਲੀਫ਼ਾਂ ਤਾਂ ਉਸ ਵਿਚ ਬਹੁਤ ਹੋਈਆਂ, ਪਰ ਉਤਸ਼ਾਹ, ਉਮਾਹ ਅਤੇ ਇਰਾਦੇ ਦੀ ਪਕਿਆਈ ਵਿਚ ਸਦਾ ਹੀ ਵਾਧਾ ਹੋਇਆ। ਇਸ ਪਰਕਾਰ ਦੁਨੀਆਂ ਵਿਚ ਸਿਆਸਤ ਦੇ ਰਾਹ ਵਿਚ ਪਕੜਾਂ ਅਤੇ ਡੰਡ ਕਦੇ ਵੀ ਕੰਨਾਂ ਨੂੰ ਹਥ ਲਾਉਣ ਦਾ ਕਾਰਨ ਨਾ ਹੋ ਸਕੀਆਂ, ਪਰ ਇਹ ਜ਼ਰੂਰੀ ਹੈ ਕਿ ਮੁਲਜ਼ਮ ਦੇਸ ਦੇ ਨਿਸ਼ਕਾਮ ਅਤੇ ਸਚੇ ਸੇਵਕ ਹੋਣ।



Digitized by Panjab Digital Library | www.panjabdigilib.org

# ਉਪਕਾਰ ਕਰਨਾ ਅਤੇ ਉਪਕਾਰ ਜਤਾਉਣਾ

ਰਾਏ ਬਹਾਦਰ ਡਾਕਟਰ ਮਥਰਾ ਦਾਸ, ਜਿਹੜੇ ਭਾਰਤ ਦੇ ਅਤਿ ਸਿਆਣੇ ਆਈ-ਸਪੈਸ਼ਲਿਸਟ ਮੰਨੇ ਜਾਂਦੇ ਹਨ, ਜਦ ਸਰਕਾਰੀ ਨੌਕਰੀ ਵਿਚ ਦਾਖ਼ਲ ਹੋਏ ਤਾਂ ਉਹਨਾਂ ਦੀ ਤਨਖਾਹ ਪੰਝੀ ਰੁਪਏ ਮਾਸਕ ਸੀ ਅਤੇ ਇਕ ਹਸਪਤਾਲ ਐਸਿਸਟੈਂਟ—ਜਿਨ੍ਹਾਂ ਨੂੰ ਹੁਣ ਸਬ ਅਸਿਸਟੈਂਟ ਸਰਜਨ ਆਖਿਆ ਜਾਂਦਾ ਹੈ—ਸਨ। ਆਪ ਭਾਰਤ ਭਰ ਵਿਚ ਸਭ ਤੋਂ ਪਹਿਲੇ ਹਸਪਤਾਲ ਐਸਿਸਟੈਂਟ ਸਨ, ਜਿਹੜੇ ਮੈਡੀਕਲ ਕਾਲਜ ਵਿਚ ਵਿਦਿਆ ਪ੍ਰਾਪਤ ਕੀਤੇ ਬਿਨਾਂ ਐਸਿਸਟੈਂਟ ਸਰਜਨ ਬਣੇ ਅਤੇ ਪਿਛੋਂ ਸਿਵਲ ਸਰਜਨ ਦੀ ਪਦਵੀ ਤੇ ਪਹੁੰਚੇ। ਆਪ ਨੇ ਆਪਣੇ ਜੀਵਨ ਵਿਚ ਮੋਤੀਆ ਬਿੰਦ ਦੇ ਏਡੀ ਵਡੀ ਗਿਣਤੀ ਵਿਚ ਆਪ੍ਰੇਸ਼ਨ ਕੀਤੇ ਕਿ ਸ਼ਾਇਦ ਦੁਨੀਆਂ ਦੇ ਸਾਰੇ ਡਾਕਟਰਾਂ ਦੇ ਆਪ੍ਰੇਸ਼ਨਾਂ ਦਾ ਕੁਲ ਜੋੜ ਵੀ ਇਸ ਤੋਂ ਘਟ ਹੈ। ਆਪ ਨੇ ਆਪਣੇ ਜੀਵਨ ਵਿਚ ਲਖਾਂ ਰੁਪਏ ਕਮਾਏ ਅਤੇ ਲਖਾਂ ਹੀ ਦਾਨ ਵਿਚ ਦਿਤੇ। ਆਪ ਦੇ ਰੁਪਏ ਨਾਲ ਇਸ ਵੇਲੇ ਇਕ ਕਾਲਜ ਅਤੇ ਕਈ ਸਕੂਲ ਚਲ ਰਹੇ ਹਨ ਅਤੇ ਜੇਕਰ ਮੇਰਾ ਅਨੁਮਾਨ ਗ਼ਲਤ ਨਹੀਂ ਤਾਂ ਆਪ ਪੰਜ ਛੇ ਹਜ਼ਾਰ ਰੁਪਿਆ ਮਹੀਨਾ ਲਗਾਤਾਰ ਦਾਨ ਵਿਚ ਖ਼ਰਚ ਕਰਦੇ ਰਹੇ ਅਤੇ ਆਪ ਨੂੰ ਸਾਰੇ ਭਾਰਤ ਵਿਚ ਵਡਿਆਈ ਪ੍ਰਾਪਤ ਹੈ। ਇਸ ਤਰ੍ਹਾਂ ਕਾਫ਼ੀ ਚਿਰ ਹੋਇਆ ਕਿ ਮਹਾਤਮਾ ਗਾਂਧੀ ਨੇ ਵੀ ਆਪਣੇ ਅਖ਼ਬਾਰ ਵਿਚ ਇਹਨਾਂ ਦੀ ਉਪਮਾ ਵਿਚ ਇਕ ਲੇਖ ਲਿਖਿਆ ਸੀ। ਡਾਕਟਰ ਮਥਰਾ ਦਾਸ ਨਾ ਕੇਵਲ ਡਾਕਟਰ ਦੇ ਤੌਰ ਤੇ ਬੜੇ ਸਫ਼ਲ ਹਨ ਸਗੋਂ ਇਕ ਮਨੁਖ ਦੇ ਤੌਰ ਤੇ ਵੀ ਉਹਨਾਂ ਵਿਚ ਮਿਤ੍ਰਤਾ ਅਤੇ ਨੇਕਨੀਤੀ ਆਦਿ ਦੇ ਕਈ ਅਜਿਹੇ ਗੁਣ ਸੁਭਾਇਮਾਨ ਹਨ ਜੋ ਉਹਨਾਂ ਦੀ ਸਫਲਤਾ ਦਾ ਸਭ ਤੋਂ ਵਡਾ ਕਾਰਨ ਆਖੇ ਜਾ ਸਕਦੇ ਹਨ, ਜਿਨ੍ਹਾਂ ਦੇ ਕਾਰਨ ਆਪ ਨੂੰ ਸੰਸਾਰ ਵਿਆਪੀ ਪ੍ਰਸਿਧੀ ਤੇ ਹਰ-ਮਨ-ਪਿਆਰਤਾ ਪ੍ਰਾਪਤ ਹੋਈ। ਡਾਕਟਰ ਮਥਰਾ ਦਾਸ ਦੇ ਮੁੱਢਲੇ ਜੀਵਨ ਵਿਚ ਜਦੋਂ ਕਿ ਆਪ ਮੋਗਾ ਦੇ ਹਸਪਤਾਲ ਵਿਚ ਨੀਅਤ ਹੋਏ, ਫ਼ੀਰੋਜ਼ਪੁਰ ਦੇ ਸਿਵਲ ਸਰਜਨ ਕਰਨਲ ਐਡੀ ਸਨ। ਕਰਨਲ ਐਡੀ ਬੜੇ ਸ਼ਾਹੀ ਤੇ ਝੋਲੀ ਚੁਕਾਊ ਸੁਭਾਉ ਦੇ ਅੰਗਰੇਜ਼ ਸਨ, ਪਰ ਬੜੇ ਨੇਕ ਅਤੇ ਭਲੇਮਾਨਸ। ਜਿਸ ਤੇ ਦਿਆਲਤਾ ਕਰਦੇ ਸਦਾ ਹੀ ਉਸ ਦੀ ਸਹਾਇਤਾ ਲਈ ਤਤਪਰ ਰਹਿੰਦੇ। ਇਹ ਡਾਕਟਰ ਮਥਰਾਦਾਸ ਤੇ ਬੜੇ ਦਿਆਲ ਸਨ ਅਤੇ ਆਪ ਨੇ ਡਾਕਟਰ ਮਥਰਾ ਦਾਸ ਦੀ ਪੈਰ ਪੈਰ ਤੇ ਸਹਾਇਤਾ ਕੀਤੀ। ਇਹ ਕਈ ਵਰ੍ਹੇ ਫ਼ੀਰੋਜ਼ਪੁਰ ਵਿਚ ਸਿਵਿਲ ਸਰਜਨ ਟਿਕੇ ਰਹੇ। ਉਥੋਂ ਪੰਜਾਬ ਦੇ ਚੀਫ਼ ਮਲੇਰੀਅਲ ਮੈਡੀਕਲ ਅਫ਼ਸਰ ਹੋ ਗਏ ਅਤੇ ਰੀਟਾਇਰ



Digitized by Panjab Digital Library | www.panjabdigilib.org

ਹੋਣ ਪਿਛੋਂ ਮੁੜ ਫ਼ੀਰੋਜ਼ਪੁਰ ਵਿਚ ਹੀ ਪਕੇ ਤੌਰ ਤੇ ਰਿਹਾਇਸ਼ ਅਪਣਾ ਲਈ। ਕਿਉਂਕਿ ਫ਼ੀਰੋਜ਼ਪੁਰ ਦਾ ਪੌਣ ਪਾਣੀ ਉਹਨਾਂ ਦੇ ਅਨੁਕੂਲ ਸੀ ਅਤੇ ਉਥੇ ਉਹਨਾਂ ਦੇ ਸਜਨਾਂ ਮਿਤਰਾਂ ਦਾ ਘੇਰਾ ਵੀ ਕਾਫ਼ੀ ਉਤਪੰਨ ਹੋ ਚੁਕਾ ਸੀ।

ਕਰਨਲ ਐਡੀ ਨੂੰ ਰੀਟਾਇਰ ਹੋਣ ਪਿਛੋਂ ਫ਼ੀਰੋਜ਼ਪੁਰ ਵਿਚ ਰਹਿੰਦਿਆਂ ਕਈ ਵਰ੍ਹੇ ਹੋ ਗਏ। ਡਾਕਟਰ ਮਥਰਾ ਦਾਸ ਦੀ ਆਦਤ ਸੀ ਕਿ ਜਦ ਕਦੀ ਫ਼ੀਰੋਜ਼ਪੁਰ ਕਿਸੇ ਕੰਮ ਲਈ ਜਾਂਦੇ ਤਾਂ ਕਰਨਲ ਐਡੀ ਨੂੰ ਮਿਲਣ ਉਹਨਾਂ ਦੀ ਕੋਠੀ ਜ਼ਰੂਰ ਪਹੁੰਚਦੇ। ਇਕ ਦਿਨ ਕਰਨਲ ਐਡੀ ਨੇ ਡਾਕਟਰ ਮਥਰਾ ਦਾਸ ਨੂੰ ਕਿਹਾ ਕਿ ਇਕ ਗਾਂ ਦੀ ਲੋੜ ਹੈ। ਮੋਗੇ ਤੋਂ ਮੁਲ ਲੈ ਕੇ ਭਿਜਵਾ ਦਿਤੀ ਜਾਏ। ਡਾਕਟਰ ਮਥਰਾ ਦਾਸ ਨੇ ਵਾਪਸ ਮੋਗੇ ਪਹੁੰਚ ਕੇ ਇਕ ਬੜੀ ਚੰਗੀ ਗਾਂ ਅੱਸੀ ਰੁਪਏ ਤੋਂ ਖ਼ਰੀਦੀ ਅਤੇ ਆਪਣੇ ਆਦਮੀ ਨਾਲ ਫ਼ੀਰੋਜ਼ਪੁਰ ਕਰਨਲ ਐਡੀ ਨੂੰ ਭੇਜ ਦਿਤੀ। ਇਕ ਮਹੀਨੇ ਪਿਛੋਂ ਡਾਕਟਰ ਮਥਰਾ ਦਾਸ ਨੂੰ ਫ਼ੀਰੋਜ਼ਪੁਰ ਜਾਣ ਦਾ ਫੇਰ ਅਵਸਰ ਮਿਲਿਆ ਤਾਂ ਆਪ ਸੁਭਾਉ ਅਨੁਸਾਰ ਕਰਨਲ ਐਡੀ ਨੂੰ ਮਿਲਣ ਗਏ। ਗਲਾਂ ਗਲਾਂ ਵਿਚ ਕਰਨਲ ਐਡੀ ਨੇ ਕਿਹਾ ਕਿ ਗਾਂ ਬੜੀ ਚੰਗੀ ਹੈ ਇਹ ਕਿੰਨੇ ਤੋਂ ਮੁਲ ਲਈ ਸੀ। ਡਾਕਟਰ ਮਥਰਾ ਦਾਸ ਨੇ ਉਤਰ ਦਿਤਾ ਕਿ ਮੁਲ ਦਾ ਕੀ ਪੁਛਦੇ ਹੋ ਸਭ ਕੁਝ ਤੁਹਾਡਾ ਹੀ ਹੈ। ਕਰਨਲ ਐਡੀ ਹਾਕਮਾਨਾ ਸਪਿਰਟ ਦੇ ਅੰਗਰੇਜ਼ ਸਨ। ਆਪ ਨੇ ਕਿਹਾ "ਨਹੀਂ ਹਮ ਹੁਕਮ ਦੇਤਾ ਹੈ,ਬਤਾਓ ਗਾਏ ਕਿਤਨੇ ਮੇਂ ਖ਼ਰੀਦੀ ਗਈ ?" ਡਾਕਟਰ ਮਥਰਾ ਦਾਸ ਕਰਨਲ ਐਡੀ ਦੀ ਨਾੜ ਪਛਾਣਦੇ ਸਨ ਅਤੇ ਜਾਣਦੇ ਸਨ ਕਿ ਜਦ ਉਹ ਹੁਕਮ ਦਾ ਸ਼ਬਦ ਵਰਤਦੇ ਹਨ ਅਤੇ ਫੇਰ ਵੀ ਜ਼ਿਦ ਕੀਤੀ ਜਾਏ ਤਾਂ ਉਹ ਨਾਰਾਜ਼ ਹੋ ਜਾਂਦੇ ਹਨ। ਆਪ ਨੇ ਉਤਰ ਦਿਤਾ ਕਿ ਅੱਸੀ ਰੁਪਏ ਤੋਂ। ਕਰਨਲ ਐਡੀ ਨੇ ਝਟ ਅੱਸੀ ਰੁਪਏ ਦਾ ਚੈੱਕ ਡਾਕਟਰ ਮਥਰਾ ਦਾਸ ਨੂੰ ਦੇ ਦਿਤਾ ਅਤੇ ਡਾਕਟਰ ਸਾਹਿਬ ਚਲੇ ਆਏ।

ਚੈੱਕ ਲਿਆਉਣ ਪਿਛੋਂ ਇਹ ਚੈੱਕ ਡਾਕਟਰ ਮਥਰਾ ਦਾਸ ਕੋਲ ਕਈ ਦਿਨ ਪਿਆ ਰਿਹਾ। ਡਾਕਟਰ ਸਾਹਿਬ ਸੋਚਦੇ ਕਿ ਇਸ ਚੈੱਕ ਦਾ ਕੀ ਕੀਤਾ ਜਾਏ। ਡਾਕਟਰ ਐਡੀ ਦੇ ਉਪਕਾਰ ਇਹਨਾਂ ਤੇ ਬਹੁਤ ਸਨ। ਇਹਨਾਂ ਦਾ ਮਨ ਇਹ ਸਹਾਰਦਾ ਨਹੀਂ ਸੀ ਕਿ ਏਡੇ ਵਡੇ ਉਪਕਾਰੀ ਤੋਂ ਗਾਂ ਦਾ ਮੁਲ ਲਿਆ ਜਾਏ। ਕਰਨਲ ਐਡੀ ਆਪਣੀ ਵਲੋਂ ਰੁਪਿਆ ਦੇ ਚੁਕੇ ਸਨ ਉਹਨਾਂ ਦੇ ਬੈਂਕ ਵਿਚ ਕਈ ਲਖ ਰੁਪਏ ਸਨ ਅਤੇ ਉਹਨਾਂ ਨੂੰ ਇਹ ਚੇਤਾ ਵੀ ਨਾ ਰਿਹਾ ਹੋਏਗਾ ਕਿ ਚੈੱਕ ਕੈਸ਼ ਹੋਇਆ ਹੈ ਜਾਂ ਨਹੀਂ। ਡਾਕਟਰ ਮਥਰਾ ਦਾਸ ਕਈ ਦਿਨ ਸੋਚਦੇ ਰਹੇ ਕਿ ਕੀ ਕੀਤਾ ਜਾਏ। ਆਖ਼ਰ ਉਹਨਾਂ ਨੇ ਆਪਣੇ ਮਿਹਰਬਾਨ ਤੋਂ ਗਾਂ ਦਾ ਮੁਲ ਲੈਣਾ ਪਸੰਦ ਨਾ ਕੀਤਾ ਅਤੇ ਚੈੱਕ ਬਿਨਾਂ ਕਰਨਲ ਐਡੀ ਨੂੰ ਦਸੇ ਦੇ ਪਾੜ ਦਿਤਾ।



Digitized by Panjab Digital Library | www.panjabdigilib.org

ਅਤੇ ਸਵਾਦ ਦੀ ਗਲ ਇਹ ਕਿ ਕਰਨਲ ਐਡੀ ਜਦ ਤਕ ਜੀਉਂਦੇ ਰਹੇ ਉਹ ਇਹੋ ਸਮਝਦੇ ਰਹੇ ਕਿ ਉਹ ਗਾਂ ਦਾ ਮੁਲ ਮਥਰਾ ਦਾਸ ਨੂੰ ਦੇ ਚੁਕੇ ਹਨ ।

ਇਸ ਘਟਨਾ ਤੋਂ ਡਾਕਟਰ ਮਥਰਾ ਦਾਸ ਦੀ ਦੋਸਤੀ, ਕ੍ਰਿਤਗਯਤਾ ਅਤੇ ਨੇਕ ਨੀਤੀ ਦਾ ਅਨੁਮਾਨ ਹੋ ਸਕਦਾ ਹੈ । ਮੇਰਾ ਵਿਸ਼ਵਾਸ ਹੈ ਕਿ ਜੇਕਰ ਇਹ ਸਿਫਤਾਂ ਡਾਕਟਰ ਮਥਰਾ ਦਾਸ ਵਿਚ ਨਾ ਹੁੰਦੀਆਂ ਤਾਂ ਉਹ ਵੀ ਸਾਧਾਰਨ ਡਾਕਟਰਾਂ ਵਾਂਗ ਗੁੰਮਨਾਮੀ ਦਾ ਜੀਵਨ ਜੀਉਂਦੇ ਅਤੇ ਵਰਤਮਾਨ ਉੱਚਤਾ ਪ੍ਰਾਪਤ ਕਰਨੀ ਉਹਨਾਂ ਲਈ ਸੌਖਾ ਕੰਮ ਨਾ ਹੁੰਦਾ । ਜਦ ਕੋਈ ਮਨੁਖ ਮਿਤਰਤਾ ਅਤੇ ਨੇਕੀ ਦਾ ਸਲੂਕ ਕਰਦਾ ਹੈ ਤਾਂ ਪ੍ਰਕਿਰਤੀ ਅਵੱਸ਼ਕ ਤੌਰ ਤੇ ਸਚੇ ਮਿਤਰ ਅਤੇ ਨੇਕ ਮਨੁਖ ਨੂੰ ਉਸ ਦਾ ਬਦਲਾ ਦਿੰਦੀ ਹੈ । ਇਹੋ ਕਾਰਨ ਹੈ ਕਿ ਸੰਸਾਰ ਦਾ ਹਰ ਭਲਾ ਪੁਰਸ਼ ਸਦਾ ਮਾਲਾ ਮਾਲ ਰਿਹਾ ।

ਇਹ ਘਟਨਾ ਉਹਨਾਂ ਆਦਮੀਆਂ ਲਈ ਅੱਖਾਂ ਖੋਹਲਣ ਦਾ ਕਾਰਨ ਹੋਣੀ ਚਾਹੀਦੀ ਹੈ ਜੋ ਜੇਕਰ ਉਪਕਾਰ ਕਰਦੇ ਹਨ ਤਾਂ ਜਤਾ ਕੇ ਅਤੇ ਹਿੰਦੀ ਦੇ ਪ੍ਰਸਿਧ ਕਵੀ ਬਿਹਾਰੀ ਦੇ ਕਥਨ ਅਨੁਸਾਰ "ਜੇਕਰ ਦਾਨ ਦੇਣ ਵਾਲੇ ਨੇ ਦਾਨ ਦੇ ਕੇ ਉਸ ਦਾ ਢੰਡੋਰਾ ਪਿਟਾ ਦਿਤਾ ਤਾਂ ਉਸ ਨੇਕੀ ਨੂੰ ਆਪ ਆਪਣੇ ਹਥੀਂ ਖੇਹ 'ਚ ਮਿਲਾ ਦਿਤਾ ।"

## ਖ਼ਬਰਾਂ ਪ੍ਰਾਪਤ ਕਰਨ ਵਿਚ ਔਖਿਆਈਆਂ

ਸੁਰਗਵਾਸੀ ਮਹਾਰਾਜਾ ਅਲਵਰ ਰਾਜ ਕਾਲ ਦੇ ਭੈੜੇ ਪ੍ਰਬੰਧ ਅਤੇ ਆਪਣੀਆਂ ਕਰਤੂਤਾਂ ਕਾਰਨ ਆਪਣੀ ਰਿਆਸਤ 'ਚੋਂ ਕਢ ਦਿਤੇ ਗਏ ਸਨ । ਪੁਲੀਟੀਕਲ ਡੀਪਾਰਟਮੈਂਟ ਨੇ ਆਪ ਨੂੰ ਹੁਕਮ ਦਿਤਾ ਸੀ ਕਿ ਆਪ ਰਿਆਸਤ ਅਲਵਰ ਦੀਆਂ ਹਦਾਂ ਤੋਂ ਇਕ ਸੌ ਮੀਲ ਦੂਰ ਰਹਿਣ, ਤਾਕਿ ਅਲਵਰ ਦੇ ਨੌਕਰਾਂ ਜਾਂ ਪਰਜਾ ਨਾਲ ਮਿਲ ਕੇ ਕੋਈ ਸਾਜ਼ਸ਼ ਨਾ ਕਰ ਸਕਣ । ਇਸ ਪ੍ਰਕਾਰ ਆਪ ਬੰਬਈ ਤਸ਼ਰੀਫ਼ ਲੈ ਗਏ ਅਤੇ ਉਥੇ ਹੀ ਆਪ ਨੇ ਰਿਹਾਇਸ਼ ਅਪਣਾ ਲਈ ।

ਰਜਵਾੜਿਆਂ ਦੇ ਵਾਲੀ ਗੱਦੀ ਤੇ ਹੋਣ ਜਾਂ ਲਾਹੀ ਹੋਈ ਅਵਸਥਾ 'ਚ ਕਿਉਂਕਿ ਇਹਨਾਂ ਨੂੰ ਲਖਾਂ ਰੁਪਏ ਸਾਲਾਨਾ ਅਲਾਊਂਸ ਮਿਲਦਾ ਹੈ, ਸਵਾਰਥੀ ਮਨੁਖ ਹਰ ਹਾਲਤ ਵਿਚ ਇਹਨਾਂ ਨਾਲ ਚੰਬੜੇ ਰਹਿੰਦੇ ਹਨ । ਮਹਾਰਾਜਾ ਦੇ ਬੰਬਈ ਪਹੁੰਚਣ ਤੇ ਬਹੁਤ ਸਾਰੇ ਲੀਡਰਾਂ ਅਤੇ ਹੋਰ ਆਦਮੀਆਂ ਨੇ ਇਹਨਾਂ ਨੂੰ ਘੇਰ ਲਿਆ । ਕੋਈ ਗੱਦੀ ਤੇ ਮੁੜ ਬਠਾਉਣ ਦਾ ਚਾਨਣ ਵਖਾਉਂਦਾ, ਕੋਈ



Digitized by Panjab Digital Library | www.panjabdigilib.org

ਅਧਿਕਾਰੀ ਬਣਾਉਣ ਦਾ ਇਕਰਾਰ ਕਰਦਾ ਅਤੇ ਕੋਈ ਆਪਣਾ ਪ੍ਰਭਾਵ ਪ੍ਰਗਟਾਂਦਿਆਂ ਹੋਇਆ ਸਾਰਿਆਂ ਫੱਟਾਂ ਨੂੰ ਮੇਲ ਦੇਣ ਦਾ ਭਰੋਸਾ ਦਵਾਉਂਦਾ। ਅਜਿਹੇ ਹੀ ਆਦਮੀਆਂ ਵਿਚੋਂ ਇਕ ਸ੍ਰੀ ਮਾਨ ਮਿਸਟਰ ਜਮਨਾਦਾਸ ਦਵਾਰਕਾ ਦਾਸ ਵੀ ਸਨ। ਜਿਹੜੇ ਥਿਆਸੋਫਿਸਟ ਅਤੇ ਮਿਸਿਜ਼ ਐਨੀ ਬੇਸੈਂਟ ਦੇ ਅਸਾਧਾਰਨ ਚੇਲਿਆਂ 'ਚੋਂ ਗਿਣੇ ਜਾਂਦੇ ਸਨ। ਜਦ ਮਿਸਿਜ਼ ਐਨੀ ਬੇਸੈਂਟ ਇੰਗਲਸਤਾਨ ਗਈ ਅਤੇ ਲੰਦਨ ਵਿਚ ਲੇਡੀ ਵਲਿੰਗਡਨ ਦੀ ਭੈਣ ਭਾਵ ਲਾਰਡ ਵਲਿੰਗਡਨ ਵਾਇਸਰਾਏ ਹਿੰਦ ਦੀ ਸਾਲੀ ਦੇ ਘਰ ਪ੍ਰਾਹੁਣੇ ਦੇ ਤੌਰ ਤੇ ਟਿਕੀ ਸੀ ਤਾਂ ਉਸ ਵੇਲੇ ਇਹ ਮਿਸਟਰ ਜਮਨਾਦਾਸ ਦਵਾਰਕਾਦਾਸ ਵੀ ਮਿਸਿਜ਼ ਐਨੀ ਬੇਸੈਂਟ ਨੂੰ ਮਿਲਿਆ ਕਰਦੇ ਸਨ, ਭਾਵ ਮਿਸਟਰ ਜਮਨਾਦਾਸ ਦਵਾਰਕਾਦਾਸ ਦੀ ਕਵਾਲੀਫੀਕੇਸ਼ਨ ਕੇਵਲ ਇਹ ਸੀ ਕਿ ਆਪ ਲਾਰਡ ਵਲਿੰਗਡਨ ਵਾਇਸਰਾਏ ਦੀ ਵਹੁਟੀ ਦੇ ਪੁਰਾਣੇ ਜਾਣੂ ਸਨ। ਇਸੇ ਸਰਟੀਫੀਕੇਟ ਦੇ ਆਧਾਰ ਤੇ ਆਪ ਨੇ ਸੁਰਗਵਾਸੀ ਮਹਾਰਾਜਾ ਅਲਵਰ ਨੂੰ ਭਰੋਸਾ ਦਿਵਾਇਆ ਕਿ ਮਹਾਰਾਜਾ ਨੂੰ ਗੱਦੀ ਤੇ ਬਿਠਾ ਦੇਣਗੇ ਅਤੇ ਮਹਾਰਾਜਾ ਗੱਦੀ ਤੇ ਬੈਠਣ ਦੀ ਹਾਲਤ ਵਿਚ ਪੰਝੀ ਤੀਹ ਲਖ ਰੁਪਿਆ ਖ਼ਰਚ ਕਰਨ ਤੇ ਤਿਆਰ ਵੀ ਹੋ ਗਏ। ਇਸ ਤਰ੍ਹਾਂ ਮਿਸਟਰ ਜਮਨਾਦਾਸ ਦਵਾਰਕਾਦਾਸ ਇਸ ਮਿਸ਼ਨ ਤੇ ਦਿੱਲੀ ਪਧਾਰੇ। ਮਿਸਟਰ ਮੇਵਲ ਪ੍ਰਾਈਵੇਟ ਸਕੱਤਰ ਵਾਇਸਰਾਏ ਨੂੰ ਮਿਲੇ। ਫੇਰ ਲੇਡੀ ਵਲਿੰਗਡਨ ਨਾਲ ਭੇਂਟ ਹੋਈ ਅਤੇ ਪਿਛੋਂ ਲਾਰਡ ਵਲਿੰਗਡਨ ਦੀ ਸੇਵਾ ਵਿਚ ਹਾਜ਼ਰ ਹੋ ਕੇ ਆਪ ਨੇ ਬੇਨਤੀ ਕੀਤੀ ਕਿ ਮਹਾਰਾਜਾ ਅਲਵਰ ਨੂੰ ਵਾਪਸ ਅਲਵਰ ਜਾਣ ਦੀ ਆਗਿਆ ਦਿਤੀ ਜਾਏ। ਲਾਰਡ ਵਲਿੰਗਡਨ ਨੇ ਸਭ ਕੁਝ ਸੁਣਨ ਉਪਰੰਤ ਉਤਰ ਦਿਤਾ ਕਿ ਜੇਕਰ ਪੁਲੀਟੀਕਲ ਡੀਪਾਰਟਮੈਂਟ ਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਆਪ ਮਹਾਰਾਜਾ ਨੂੰ ਵਾਪਸ ਅਲਵਰ ਜਾਣ ਦੀ ਆਗਿਆ ਦੇ ਦੇਣਗੇ। ਇਸ ਉਤਰ ਨੂੰ ਸੁਣ ਕੇ ਆਪ ਪੁਲੀਟੀਕਲ ਸਕਤਰ ਨੂੰ ਮਿਲੇ। ਪੁਲੀਟੀਕਲ ਸਕਤਰ ਨੇ ਟਾਲਦਿਆਂ ਹੋਇਆ ਆਖਿਆ ਕਿ ਜੇਕਰ ਮੇਜਰ ਕੈਂਬਲ ਐਡਮਨਿਸਟਰੇਟਿਵ ਅਲਵਰ ਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਆਪ ਨੂੰ ਵੀ ਕੋਈ ਇਤਰਾਜ਼ ਨਹੀਂ। ਇਸ ਪ੍ਰਕਾਰ ਮਿਸਟਰ ਜਮਨਾਦਾਸ ਦਵਾਰਕਾਦਾਸ ਪੁਲੀਟੀਕਲ ਸਕੱਤਰ ਦੇ ਇਸ ਉਤਰ ਤੋਂ ਪ੍ਰਸੰਨ ਹੋ ਕੇ ਮੇਜਰ ਕੈਂਬਲ ਨੂੰ ਮਿਲਣ ਅਲਵਰ ਤਸ਼ਰੀਫ਼ ਲੈ ਗਏ।

ਐਡੀਟਰ "ਰਿਆਸਤ" ਨੂੰ ਇਹਨਾਂ ਸਾਰੀਆਂ ਗਲਾਂ ਦਾ ਪਤਾ ਵਾਇਸਰਾਏ ਹਾਊਸ ਦੇ ਇਕ ਮਿਤਰ ਰਾਹੀਂ ਹੁੰਦਾ ਰਿਹਾ ਅਤੇ ਲੇਖਕ ਵੇਖਦਾ ਰਿਹਾ ਕਿ ਇਹ ਓਠ ਕਿਹੜੇ ਪਾਸੇ ਬਹਿੰਦਾ ਹੈ। ਇਸ ਤਰ੍ਹਾਂ ਇਸ ਦੋਸਤ ਨੇ ਖ਼ਬਰ ਦਿਤੀ ਕਿ ਮਿਸਟਰ ਜਮਨਾਦਾਸ ਦਵਾਰਕਾਦਾਸ ਅਲਵਰ ਤੋਂ ਵਾਪਸ ਤਸ਼ਰੀਫ਼ ਲੈ ਆਏ



Digitized by Panjab Digital Library | www.panjabdigilib.org

ਹਨ ਅਤੇ ਸਵਿਸ ਹੋਟਲ ਵਿਚ ਠਹਿਰੇ ਹਨ। ਐਡੀਟਰ "ਰਿਆਸਤ" ਨੇ ਸਵਿਸ ਹੋਟਲ ਟੈਲੀਫ਼ੂਨ ਕੀਤਾ ਅਤੇ ਮਿਸਟਰ ਜਮਨਾਦਾਸ ਦਵਾਰਕਾਦਾਸ ਨੂੰ ਫ਼ੂਨ ਤੇ ਬੁਲਾ ਕੇ ਪੁਛਿਆ ਕਿ ਮੈਂ ਕਦੋਂ ਮਿਲ ਸਕਦਾ ਹਾਂ। ਮਿਸਟਰ ਜਮਨਾਦਾਸ ਦਵਾਰਕਾਦਾਸ ਮਿਲਣ ਤੋਂ ਘਬਰਾਂਦੇ ਸਨ, ਪਰ ਐਡੀਟਰ "ਰਿਆਸਤ" ਵੀ ਜਮਦੂਤ ਦੀ ਨਿਆਈਂ ਦਿਸ ਰਿਹਾ ਸੀ। ਆਪ ਨੇ ਫ਼ਰਮਾਇਆ ਕਿ ਲੰਚ ਪਿਛੋਂ ਦੋ ਵਜੇ ਆ ਜਾਓ। ਐਡੀਟਰ "ਰਿਆਸਤ" ਦੋ ਵਜੇ ਸਵਿਸ ਹੋਟਲ ਪਹੁੰਚ ਗਿਆ। ਮਿਸਟਰ ਜਮਨਾਦਾਸ ਦਵਾਰਕਾਦਾਸ ਹੋਟਲ ਦੇ ਡਾਈਨਿੰਗ ਰੂਮ ਦੇ ਬਰਾਂਡੇ ਵਿਚ ਬੈਂਤ ਦੀ ਇਕ ਕੁਰਸੀ ਤੇ ਬੈਠੇ ਮੈਨੂੰ ਉਡੀਕ ਰਹੇ ਸਨ। ਮੇਲ ਹੋਇਆ। ਐਡੀਟਰ "ਰਿਆਸਤ" ਨੇ ਰਾਜ਼ੀ ਖ਼ੁਸ਼ੀ ਪੁਛਣ ਉਪ੍ਰੰਤ ਪ੍ਰਸ਼ਨ ਕੀਤਾ "ਸੁਣਾਓ ਮਿਸਟਰ ਜਮਨਾਦਾਸ ਦਵਾਰਕਾਦਾਸ ਜੀ ਤੁਸੀਂ ਅਲਵਰ ਵਿਚ ਕੀ ਕੁਝ ਕਰ ਕੇ ਆਏ ਹੋ?" ਇਸ ਪ੍ਰਸ਼ਨ ਦਾ ਪੁਛਣਾ ਸੀ ਕਿ ਆਪ ਦਾ ਰੰਗ ਫੱਕ ਹੋ ਗਿਆ। ਕਿਉਂਕਿ ਆਪ ਸਾਰੀ ਕਾਰਵਾਈ ਲੁਕਾ ਕੇ ਕਰ ਰਹੇ ਸਨ। ਆਪ ਨੇ ਝਟ ਉਤਰ ਦਿਤਾ "ਤੁਹਾਨੂੰ ਪੁਛਣ ਦਾ ਕੀ ਅਧਿਕਾਰ ਪ੍ਰਾਪਤ ਹੈ।" ਮੈਂ ਉਤਰ ਦਿਤਾ, "ਇਕ ਪਤਰ ਦੇ ਪਤਰਕਾਰ ਵਜੋਂ ਮੈਨੂੰ ਅਧਿਕਾਰ ਪ੍ਰਾਪਤ ਹੈ ਕਿ ਮੈਂ ਪਤਾ ਕਰਾਂ ਕਿ ਅਲਵਰ ਦੀ ਗ਼ਰੀਬ ਪਰਜਾ ਅਗੋਂ ਕਿਸ ਬਘਿਆੜ ਦੇ ਹਵਾਲੇ ਕੀਤੀ ਜਾਏਗੀ। ਤੁਸੀਂ ਦਸੋ ਅਲਵਰ ਜਾ ਕੇ ਮੇਜਰ ਕੈਂਬਲ ਨੂੰ ਮਹਾਰਾਜਾ ਅਲਵਰ ਲਈ ਚਾਰਟਰ ਲੈ ਆਏ ਹੋ ਜਾਂ ਨਹੀਂ?" ਮਿਸਟਰ ਜਮਨਾਦਾਸ ਦਵਾਰਕਾਦਾਸ ਦੇ ਮੂੰਹੋਂ ਗਲ ਨਹੀਂ ਸੀ ਨਿਕਲਦੀ। ਅਚੰਭਾ ਸਨ ਕਿ ਐਡੀਟਰ "ਰਿਆਸਤ" ਨੂੰ ਕਿਵੇਂ ਸਾਰੀਆਂ ਗਲਾਂ ਦਾ ਪਤਾ ਲਗ ਗਿਆ। ਆਪ ਨੇ ਟਾਲਦਿਆਂ ਹੋਇਆਂ ਉਤਰ ਦਿਤਾ,"ਮਹਾਰਾਜਾ ਅਲਵਰ ਅਖ਼ਬਾਰ 'ਰਿਆਸਤ' ਦੇ ਬੜੇ ਪ੍ਰਸੰਸਕ ਹਨ ਅਤੇ ਇਸ ਗਲ ਦੇ ਹੁੰਦਿਆਂ ਵੀ ਕਿ "ਰਿਆਸਤ" ਨੇ ਮਹਾਰਾਜਾ ਦੇ ਵਿਰੁਧ ਕਰੜੇ ਲੇਖ ਲਿਖੇ ਹਨ ਅਤੇ ਐਜੀਟੇਸ਼ਨ ਕਰਨ ਵਿਚ ਭਾਗ ਲਿਆ ਹੈ ਤਾਂ ਵੀ ਮਹਾਰਾਜਾ ਅਖ਼ਬਾਰ "ਰਿਆਸਤ" ਨੂੰ ਚਾਹੁੰਦੇ ਹਨ। ਕਈ ਵਾਰ ਤੁਹਾਡੇ ਬਾਰੇ ਗਲਾਂ ਛਿੜੀਆਂ ਸਦਾ ਤੁਹਾਡੀ ਉਪਮਾ ਕਰਦੇ ਸਨ। ਤੁਸੀਂ ਬੰਬਈ ਚਲੋ। ਮਹਾਰਾਜਾ ਨੂੰ ਮਿਲੋ, ਉਹ ਆਪ ਤੁਹਾਨੂੰ ਸਭ ਕੁਝ ਦਸ ਦੇਣਗੇ।" ਮੈਂ ਉਤਰ ਦਿਤਾ ਕਿ ਮੈਂ ਬੰਬਈ ਜਾਣ ਅਤੇ ਮਹਾਰਾਜਾ ਨੂੰ ਮਿਲਣ ਦੀ ਲੋੜ ਅਨੁਭਵ ਨਹੀਂ ਕਰਦਾ, ਤੁਸੀਂ ਕੇਵਲ ਇਹ ਦਸ ਦਿਓ ਕਿ ਮੇਜਰ ਕੈਂਬਲ ਨੇ ਤੁਹਾਨੂੰ ਕੀ ਜੁਆਬ ਦਿਤਾ ਹੈ। ਮਿਸਟਰ ਜਮਨਾਦਾਸ ਦਵਾਰਕਾਦਾਸ ਭਲਾ ਕੀ ਉੱਤਰ ਦਿੰਦੇ ਬਸ ਇਹੋ ਕਹਿੰਦੇ ਰਹੇ ਅਖ਼ਬਾਰ "ਰਿਆਸਤ" ਬੜਾ ਚੰਗਾ ਹੈ। ਐਡੀਟਰ "ਰਿਆਸਤ" ਬਹੁਤ ਭਲੇ ਪੁਰਸ਼ ਹਨ। ਮਹਾਰਾਜਾ ਅਲਵਰ



Digitized by Panjab Digital Library | www.panjabdigilib.org

ਅਖ਼ਬਾਰ "ਰਿਆਸਤ" ਦੀ ਲੇਖਨੀ ਦੇ ਜ਼ੋਰ ਦੇ ਪ੍ਰਸੰਸਕ ਹਨ। ਮੈਂ ਅਲਵਰ ਗਿਆ ਤਾਂ ਸਾਂ, ਪਰ ਮੈਂ ਕੁਝ ਕਹਿ ਨਹੀਂ ਸਕਦਾ। ਕੁਝ ਕਹਿਣਾ ਸਮੇਂ ਤੋਂ ਪਹਿਲਾਂ ਹੈ। ਤੁਸੀਂ ਬੰਬਈ ਚਲੋ। ਉਥੇ ਮਹਾਰਾਜਾ ਨਾਲ ਸਲਾਹ ਕਰਾਂਗੇ ਆਦਿ।

ਮਿਸਟਰ ਜਮਨਾਦਾਸ ਦਵਾਰਕਾਦਾਸ ਨੂੰ ਮਿਲ ਕੇ ਮੈਂ ਵਾਪਸ ਆਇਆ ਅਤੇ ਮੈਂ ਵਾਇਸਰਾਏ ਹਾਊਸ ਵਾਲੇ ਮਿਤਰ ਨੂੰ ਟੈਲੀਫੂਨ ਕੀਤਾ ਕਿ ਉਹ ਹੋਰ ਜਾਣਕਾਰੀ ਪੁਚਾਂਦੇ ਰਹਿਣ। ਅਗਲੇ ਦਿਨ ਮਿਸਟਰ ਜਮਨਾਦਾਸ ਦਵਾਰਕਾਦਾਸ ਹੋਟਲ ਵਾਲਿਆਂ ਨੂੰ ਕੁਝ ਦਸੇ ਬਿਨਾਂ ਬਾਰਾਂ ਖੰਬਾ ਰੋਡ ਤੇ ਆਨਰੇਬਲ ਮਿਸਟਰ ਆਸਕਰੀਆ ਮੈਂਬਰ ਕੌਂਸਲ ਆਫ਼ ਸਟੇਟ ਦੇ ਘਰ ਚਲੇ ਗਏ। ਹੋਟਲ ਵਿਚ ਟੈਲੀਫੂਨ ਕੀਤਾ, ਪਤਾ ਲਗਾ ਕਿ ਆਪ ਵਾਪਸ ਬੰਬਈ ਚਲੇ ਗਏ ਹਨ। ਵਾਇਸਰਾਏ ਹਾਊਸ ਵਿਚ ਟੈਲੀਫੂਨ ਕੀਤਾ ਤਾਂ ਪਤਾ ਲਗਾ ਕਿ ਮਿਸਟਰ ਆਸਕਰੀਆ ਦੇ ਘਰ ਬਾਰਾਂ ਖੰਬਾ ਰੋਡ ਤੇ ਠਹਿਰੇ ਹੋਏ ਹਨ।

ਮਿਸਟਰ ਜਮਨਾਦਾਸ ਦਵਾਰਕਾਦਾਸ ਮਿਸਟਰ ਆਸਕਰੀਆ ਦੇ ਘਰ ਪੰਜ ਛੇ ਦਿਨ ਰਹੇ। ਇਸ ਸਮੇਂ ਵਿਚ ਆਪ ਕਈ ਵਾਰ ਮਿਸਟਰ ਮੇਵਲ ਪ੍ਰਾਈਵੇਟ ਸਕੱਤਰ ਨੂੰ ਮਿਲੇ, ਕਈ ਚਿਠੀਆਂ ਲਿਖੀਆਂ। ਆਖ਼ਰ ਆਪ ਨੂੰ ਲਾਰਡ ਵਲਿੰਗਡਨ ਨੇ ਉੱਤਰ ਲਿਖਿਆ ਕਿ ਕਿਉਂਕਿ ਮੇਜਰ ਕੈਂਬਲ ਮਹਾਰਾਜਾ ਅਲਵਰ ਦਾ ਵਾਪਸ ਜਾਣਾ ਚੰਗਾ ਨਹੀਂ ਸਮਝਦੇ ਅਤੇ ਪੁਲੀਟੀਕਲ ਡੀਪਾਰਟਮੈਂਟ ਨੂੰ ਇਤਰਾਜ਼ ਹੈ ਇਸ ਲਈ ਵਾਇਸਰਾਏ ਦਖ਼ਲ ਦੇਣਾ ਚੰਗਾ ਨਹੀਂ ਚਾਹੁੰਦੇ। ਅਤੇ ਉਹ ਮਹਾਰਾਜਾ ਅਲਵਰ ਲਈ ਕੁਝ ਨਹੀਂ ਕਰ ਸਕਦੇ। ਇਹ ਚਿਠੀ ਵਾਇਸਰਾਏ ਨੇ ਲਿਖ ਕੇ ਮਿਸਟਰ ਮੇਵਲ ਦੇ ਹਵਾਲੇ ਕੀਤੀ। ਮਿਸਟਰ ਮੇਵਲ ਨੇ ਇਹ ਚਿਠੀ ਵਾਇਸਰਾਏ ਹਾਊਸ ਦੇ ਇਕ ਚਪੜਾਸੀ ਨੂੰ ਦਿਤੀ ਕਿ ਆਸਕਰੀਆ ਸਾਹਿਬ ਦੀ ਕੋਠੀ ਮਿਸਟਰ ਜਮਨਾਦਾਸ ਦਵਾਰਕਾਦਾਸ ਨੂੰ ਪਹੁੰਚਾ ਆਵੇ, ਪਰ ਮਿਸਟਰ ਜਮਨਾਦਾਸ ਦਵਾਰਕਾਦਾਸ ਨੂੰ ਇਹ ਚਿਠੀ ਨਾ ਮਿਲੀ। ਆਪ ਉਤਰ ਲਈ ਦੋ ਦਿਨ ਉਡੀਕਦੇ ਰਹੇ ਤਾਂ ਆਪ ਨੇ ਮਿਸਟਰ ਮੇਵਲ ਨੂੰ ਜੁਆਬ ਲਈ ਟੈਲੀਫੂਨ ਕੀਤਾ। ਮਿਸਟਰ ਮੇਵਲ ਨੇ ਉਤਰ ਦਿਤਾ ਕਿ ਦੋ ਦਿਨ ਹੋਏ ਜੁਆਬ ਤਾਂ ਇਕ ਲਫ਼ਾਫ਼ੇ ਵਿਚ ਭੇਜਿਆ ਜਾ ਚੁਕਿਆ ਹੈ। ਵਾਇਸਰਾਏ ਦੀ ਚਿਠੀ ਦਾ ਗਵਾਚਨਾ ਸਾਰਿਆਂ ਆਦਮੀਆਂ ਲਈ ਪ੍ਰੇਸ਼ਾਨੀ ਦਾ ਕਾਰਨ ਹੋਇਆ। ਇਕ ਹਫੜਾ ਦਫੜੀ ਜਿਹੀ ਮਚ ਗਈ। ਮਿਸਟਰ ਜਮਨਾਦਾਸ ਦਵਾਰਕਾਦਾਸ ਮਿਸਟਰ ਮੇਵਲ ਕੋਲ ਝਟ ਪਹੁੰਚੇ। ਚਿਠੀ ਲੈ ਜਾਣ ਵਾਲੇ ਚਪੜਾਸੀ ਨੂੰ ਸਦਿਆ ਗਿਆ। ਚਿਠੀ ਡਲਿਵਰ ਕਰਨ ਵਾਲੀ ਪੀਓਨ ਬੁਕ ਵੇਖੀ ਗਈ। ਉਸ ਵਿਚ



Digitized by Panjab Digital Library | www.panjabdigilib.org

ਉਰਦੂ ਅਖਰਾਂ ਵਿਚ ਦੇਵੀ ਦਾਸ ਦੇ ਦਸਖ਼ਤ ਸਨ ਜਿਸ ਨੇ ਚਿਠੀ ਵਸੂਲੀ। ਚਪੜਾਸੀ ਨੇ ਕਿਹਾ ਕਿ ਜਦ ਉਹ ਮਿਸਟਰ ਆਸਕਰੀਆ ਦੀ ਕੋਠੀ ਤੇ ਪੁਜਾ ਤਾਂ ਉਥੇ ਇਕ ਆਦਮੀ ਤੋਂ ਪੁਛਿਆ ਕਿ ਮਿਸਟਰ ਜਮਨਾਦਾਸ ਦਵਾਰਕਾਦਾਸ ਕਿਥੇ ਹਨ। ਉਸ ਆਦਮੀ ਨੇ ਕਿਹਾ ਕਿ ਉਹੋ ਹੀ ਹਨ। ਦਸਖ਼ਤ ਕਰਕੇ ਚਿਠੀ ਲੈ ਲਈ। ਸਾਰੇ ਆਦਮੀ ਹੈਰਾਨ ਸਨ ਕਿ ਮਾਮਲਾ ਕੀ ਹੈ, ਚਿਠੀ ਕੌਣ ਉਡਾ ਕੇ ਲੈ ਗਿਆ। ਮਿਸਟਰ ਜਮਨਾਦਾਸ ਦਵਾਰਕਾਦਾਸ ਨੇ ਮਿਸਟਰ ਮੇਵਲ ਨੂੰ ਦਸਿਆ ਕਿ ਐਡੀਟਰ "ਰਿਆਸਤ" ਸਵਿਸ ਹੋਟਲ ਵਿਚ ਉਨ੍ਹਾਂ ਨੂੰ ਮਿਲਿਆ ਸੀ। ਉਹੀ ਪਿਛਾ ਕਰ ਰਿਹਾ ਹੈ ਉਸ ਨੇ ਹੀ ਖਤ ਉਡਾਇਆ ਹੋਵੇਗਾ। ਉਸੇ ਦਾ ਕੋਈ ਆਦਮੀ ਹੈ ਜਿਸ ਨੇ ਉਰਦੂ ਵਿਚ ਦਸਖ਼ਤ ਕਰਕੇ ਇਹ ਚਿਠੀ ਵਸੂਲੀ ਹੈ।

ਵਾਇਸਰਾਏ ਹਾਊਸ ਵਿਚ ਹੇਠਲੀ ਉਤੇ ਆ ਗਈ। ਮਿਸਟਰ ਮੇਵਲ ਨੇ ਸੀਨੀਅਰ ਸੁਪ੍ਰਿੰਟੈਂਡੈਂਟ ਪੁਲੀਸ ਨੂੰ ਟੈਲੀਫੂਨ ਕੀਤਾ। ਸੀਨੀਅਰ ਸੁਪ੍ਰਿੰਟੈਂਡੈਂਟ ਪੁਲੀਸ ਆਇਆ। ਸਾਰੇ ਹਾਲ ਦਸੇ ਗਏ। ਸੀਨੀਅਰ ਸੁਪ੍ਰਿੰਟੈਂਡੈਂਟ ਪੁਲੀਸ ਨੇ ਸੁਪ੍ਰਿੰਟੈਂਡੈਂਟ ਪੁਲੀਸ ਸੀ.ਆਈ.ਡੀ. ਨੂੰ ਸਦਿਆ। ਉਹ ਸਮੇਤ ਡਿਪਟੀ ਸੁਪ੍ਰਿੰਟੈਂਡੈਂਟ ਖ਼ਾਨ ਬਹਾਦਰ ਮੀਆਂ ਮੁਹੰਮਦ ਸਾਦਿਕ ਆਦਿ ਦੇ ਪਹੁੰਚੇ। ਕਾਨਫ੍ਰੰਸ ਹੋਈ, ਸਲਾਹਾਂ ਹੋਈਆਂ ਤਾਂ ਸਾਰੇ ਲੋਕ ਇਸ ਗਲ ਤੇ ਸਹਿਮਤ ਹੋ ਗਏ ਕਿ ਦੀਵਾਨ ਸਿੰਘ ਮਿਸਟਰ ਜਮਨਾਦਾਸ ਦਵਾਰਕਾਦਾਸ ਦਾ ਪਿਛਾ ਕਰ ਰਿਹਾ ਸੀ, ਏਸੇ ਨੇ ਹੀ ਕੋਈ ਆਪਣਾ ਆਦਮੀ ਛਡ ਛਡਿਆ ਹੈ ਜਿਸ ਰਾਹੀਂ ਇਹ ਚਿਠੀ ਉਡਾਈ ਗਈ। ਇਸ ਪ੍ਰਕਾਰ ਦੋਵੇਂ ਸੁਪ੍ਰਿੰਟੈਂਡੈਂਟਾਂ ਨੇ ਫ਼ੈਸਲਾ ਕੀਤਾ ਕਿ ਐਡੀਟਰ "ਰਿਆਸਤ" ਨੂੰ ਗ੍ਰਿਫ਼ਤਾਰ ਕੀਤਾ ਜਾਏ ਅਤੇ ਦਫ਼ਤਰ "ਰਿਆਸਤ" ਦੀ ਤਲਾਸ਼ੀ ਲਈ ਜਾਏ। ਇਹਨਾਂ ਸਾਰੀਆਂ ਘਟਨਾਵਾਂ ਦੀ ਐਡੀਟਰ "ਰਿਆਸਤ" ਨੂੰ ਵੀ ਵਾਇਸਰਾਏ ਹਾਊਸ ਦੇ ਮਿਤਰ ਤੋਂ ਟੈਲੀਫੂਨ ਰਾਹੀਂ ਖ਼ਬਰ ਮਿਲਦੀ ਰਹੀ ਅਤੇ ਐਡੀਟਰ "ਰਿਆਸਤ" ਗਰਿਫ਼ਤਾਰੀ ਤੇ ਤਲਾਸ਼ੀ ਨੂੰ ਉਡੀਕਦਾ ਰਿਹਾ।

ਖ਼ਾਨ ਬਹਾਦਰ ਮੀਆਂ ਮੁਹੰਮਦ ਸਾਦਿਕ ਡਿਪਟੀ ਸੁਪ੍ਰਿੰਟੈਂਡੈਂਟ ਪੁਲੀਸ ਸੀ.ਆਈ. ਡੀ.—ਜੋ ਹੁਣ ਰੀਟਾਇਰਡ ਹੋ ਚੁਕੇ ਹਨ—ਲਾਹੌਰ ਦੀ ਅਹਿਮਦੀਆ ਜਮਾਤ ਨਾਲ ਸੰਬੰਧ ਰਖਦੇ ਹਨ। ਮਜ਼ਹਬੀ ਕਿਸਮ ਦੇ ਬੜੇ ਭਲੇ ਮਾਨਸ ਅਤੇ ਨੇਕ ਬਜ਼ੁਰਗ ਹਨ। ਆਪ ਨੇ ਸ਼ਾਇਦ ਆਪਣੇ ਸਾਰੇ ਜੀਵਨ ਵਿਚ ਇਕ ਪੈਸਾ ਵੀ ਵੱਢੀ ਨਹੀਂ ਲਈ ਅਤੇ ਨਾ ਝੂਠੇ ਮੁਕੱਦਮੇ ਹੀ ਬਣਾਏ। ਆਪ ਮੋਗਾ (ਜ਼ਿਲ੍ਹਾ ਫ਼ੀਰੋਜ਼ਪੁਰ) ਦੇ ਇਲਾਕੇ ਵਿਚ ਕਈ ਵਰ੍ਹੇ ਸਬ ਇਨਸਪੈਕਟਰ ਅਤੇ ਇਨਸਪੈਕਟਰ ਪੁਲੀਸ ਰਹੇ। ਉਥੇ ਆਪ ਦੇ ਰਾਏ ਬਹਾਦਰ ਡਾਕਟਰ ਮਥਰਾ ਦਾਸ ਨਾਲ ਬੜੇ ਡੂੰਘੇ



Digitized by Panjab Digital Library | www.panjabdigilib.org

ਸੰਬੰਧ ਸਨ। ਇਸ ਤਰ੍ਹਾਂ ਡਾਕਟਰ ਮਥਰਾ ਦਾਸ ਜਦ ਕਦੀ ਦਿੱਲੀ ਪਧਾਰਦੇ ਅਤੇ ਐਡੀਟਰ "ਰਿਆਸਤ" ਦੇ ਮਕਾਨ ਤੇ ਠਹਿਰਦੇ ਤਾਂ ਮੀਆਂ ਮੁਹੰਮਦ ਸਾਦਿਕ ਵੀ ਡਾਕਟਰ ਸਾਹਿਬ ਨੂੰ ਮਿਲਣ ਐਡੀਟਰ "ਰਿਆਸਤ" ਦੇ ਮਕਾਨ ਤੇ ਤਸ਼ਰੀਫ ਲਿਆਉਂਦੇ। ਇਸ ਵਸੀਲੇ ਐਡੀਟਰ "ਰਿਆਸਤ" ਦੀ ਮੀਆਂ ਮੁਹੰਮਦ ਸਾਦਕ ਨਾਲ ਨਿਜੀ ਜਾਣ ਪਛਾਣ ਸੀ ਅਤੇ ਮੀਆਂ ਸਾਹਿਬ ਐਡੀਟਰ "ਰਿਆਸਤ" ਦੇ ਸਮਾਚਾਰ, ਜੀਵਨ ਅਤੇ ਗੁਣਾਂ ਜਾਂ ਔਗੁਣਾਂ ਤੋਂ ਚੰਗੀਤਰ੍ਹਾਂ ਜਾਣੂੰ ਸਨ। ਜਦ ਪੁਲੀਸ ਦੇ ਦੋ ਸੁਪ੍ਰੰਟੰਡੰਟਾਂ ਨੇ ਐਡੀਟਰ "ਰਿਆਸਤ" ਦੀ ਗਰਿਫ਼ਤਾਰੀ ਅਤੇ ਤਲਾਸ਼ੀ ਦਾ ਫ਼ੈਸਲਾ ਕੀਤਾ ਤਾਂ ਮੀਆਂ ਸਾਹਿਬ ਨੇ ਉਹਨਾਂ ਨੂੰ ਕਿਹਾ ਕਿ ਜੇਕਰ ਇਹ ਚਿਠੀ ਦੀਵਾਨ ਸਿੰਘ ਨੇ ਉਡਾਈ ਹੈ ਤਾਂ ਉਹ ਬੜਾ ਹੁਸ਼ਿਆਰ ਮਨੁਖ ਹੈ। ਉਸ ਨੇ ਇਹ ਚਿਠੀ ਆਪਣੇ ਘਰ ਕਦੀ ਨਾ ਰਖੀ ਹੋਵੇਗੀ। ਉਸ ਦੀਆਂ ਦਰਜਨਾਂ ਵਾਰ ਤਲਾਸ਼ੀਆਂ ਹੋਈਆਂ, ਪਰ ਕਦੇ ਇਕ ਪੁਰਜ਼ਾ ਵੀ ਨਹੀਂ ਮਿਲ ਸਕਿਆ। ਇਹ ਢੰਗ ਗ਼ਲਤ ਹੈ। ਇਸ ਸ਼ਕਲ ਵਿਚ ਚਿਠੀ ਦਾ ਮਿਲਣਾ ਅਸੰਭਵ ਹੋਵੇਗਾ ਅਤੇ ਸੰਬੰਧ ਵਧੇਰੇ ਵਿਗੜ ਜਾਣਗੇ। ਚੰਗਾ ਹੋਵੇ ਕਿ ਇਸ ਮਾਮਲੇ ਨੂੰ ਭਲੀ ਪ੍ਰਕਾਰ ਨਿਬੇੜਿਆ ਜਾਏ। ਦੀਵਾਨ ਸਿੰਘ ਆਪਣੇ ਨਿਜੀ ਮਿਤਰਾਂ ਕੋਲ ਕਦੇ ਝੂਠ ਨਹੀਂ ਬੋਲਦਾ। ਜੇਕਰ ਉਹਨੇ ਨਾ ਦਸਣਾ ਹੋਵੇ ਤਾਂ ਕਹਿ ਦਏਗਾ ਕਿ ਉਹ ਦਸਣਾ ਨਹੀਂ ਚਾਹੁੰਦਾ। ਜੇਕਰ ਚਿਠੀ ਉਸ ਨੇ ਲਈ ਹੈ ਅਤੇ ਉਹ ਦਸਣ ਵਿਚ ਹਰਜ ਨਹੀਂ ਸਮਝੇਗਾ ਤਾਂ ਝਟ ਦਸ ਦਏਗਾ। ਜੇਕਰ ਉਹਨੇ ਚਿਠੀ ਨੂੰ ਅਖਬਾਰ ਵਿਚ ਛਾਪਣਾ ਹੈ ਤਾਂ ਕਿਸੇ ਦੀ ਪਰਵਾਹ ਨਹੀਂ ਕਰੇਗਾ। ਉਹ ਗੀਦੀ ਨਹੀਂ ਕਿ ਇਹਨਾਂ ਗਲਾਂ ਤੋਂ ਭੈਭੀਤ ਹੋ ਜਾਏ। ਇਸ ਪਰਕਾਰ ਦੋ ਤਿੰਨ ਘੰਟੇ ਦੀ ਬਹਿਸ ਅਤੇ ਮਤੇ ਪਕਾਉਣ ਦੇ ਪਿਛੋਂ ਇਹ ਪੜਤਾਲ ਮੀਆਂ ਮੁਹੰਮਦ ਸਾਦਿਕ ਦੇ ਹਵਾਲੇ ਕਰ ਦਿਤੀ ਗਈ। ਮੀਆਂ ਸਾਹਿਬ ਮੋਟਰ ਵਿਚ ਬੈਠ ਕੇ ਆਪਣੇ ਦਫ਼ਤਰ ਪੁਜੇ। ਏਧਰ ਮੈਨੂੰ ਵਾਇਸਰਾਏ ਹਾਊਸ ਤੋਂ ਸਭ ਮਤਿਆਂ ਅਤੇ ਸਿੱਟੇ ਦਾ ਟੈਲੀਫ਼ੂਨ ਤੇ ਪਤਾ ਲਗ ਗਿਆ। ਮੈਂ ਉਡੀਕ ਵਿਚ ਹੀ ਸਾਂ ਕਿ ਮੀਆਂ ਸਾਹਿਬ ਨੇ ਆਪਣੇ ਦਫ਼ਤਰ ਪਹੁੰਚ ਕੇ ਮੈਨੂੰ ਟੈਲੀਫ਼ੂਨ ਕੀਤਾ ਅਤੇ ਇਸ ਤਰ੍ਹਾਂ ਗਲ ਬਾਤ ਸ਼ੁਰੂ ਹੋਈ :

ਮੀਆਂ ਸਾਹਿਬ—ਸੁਣਾਓ ਕੀ ਹਾਲ ਹੈ, ਤਬੀਅਤ ਠੀਕ ਹੈ ?

ਐਡੀਟਰ "ਰਿਆਸਤ"—ਤੁਹਾਡੀ ਮਿਹਰਬਾਨੀ ਹੈ ਮੀਆਂ ਸਾਹਿਬ।

ਮੀਆਂ ਸਾਹਿਬ—ਕੀ ਡਾਕਟਰ ਸਾਹਿਬ ਦਾ ਕੋਈ ਖਤ ਆਇਐ ?

ਐਡੀਟਰ "ਰਿਆਸਤ"—ਹੁਣ ਤਾਂ ਕੋਈ ਨਹੀਂ ਆਇਆ। ਪੰਦਰਾਂ ਵੀਹ ਦਿਨ ਹੋਏ ਆਇਆ ਸੀ।

ਮੀਆਂ ਸਾਹਿਬ—ਡਾਕਟਰ ਸਾਹਿਬ ਦਿੱਲੀ ਤਾਂ ਨਹੀਂ ਆਉਣ ਵਾਲੇ।



Digitized by Panjab Digital Library | www.panjabdigilib.org

ਐਡੀਟਰ "ਰਿਆਸਤ"—ਮੀਆਂ ਸਾਹਿਬ ਉਹਨਾਂ ਦੀ ਕਿਹੜੀ ਗਲ ਹੈ ਕੰਮ ਹੋਇਆ ਤਾਂ ਝਟ ਆ ਗਏ ਨਾ ਕੰਮ ਹੋਇਆ ਮਹੀਨਿਆਂ ਬੱਧੀ ਨਹੀਂ ਆਉਂਦੇ।

ਮੀਆਂ ਸਾਹਿਬ—ਮੇਰਾ ਦਿਲ ਅਜ ਬੜਾ ਉਦਾਸ ਸੀ, ਕੰਮ ਕਰਨ ਨੂੰ ਜੀਅ ਨਹੀਂ ਸੀ ਕਰਦਾ ਮੈਂ ਕਿਹਾ ਤੁਹਾਨੂੰ ਟੈਲੀਫ਼ੂਨ ਹੀ ਕਰ ਲਵਾਂ।

ਐਡੀਟਰ "ਰਿਆਸਤ"—ਅਜ ਕਲ ਬਹਾਰ ਹੀ ਇਹੋ ਜਿਹੀ ਹੈ, ਸ਼ਾਇਦ ਮਲੇਰੀਏ ਦਾ ਆਗਮਨ ਹੋਵੇ।

ਮੀਆਂ ਸਾਹਿਬ—ਹਾਂ ਸ਼ਾਇਦ। ਤੁਸੀਂ ਕੀ ਕਰ ਰਹੇ ਹੋ ?

ਐਡੀਟਰ "ਰਿਆਸਤ"—ਮੀਆਂ ਸਾਹਿਬ ਕੰਮ ਕਰ ਰਿਹਾ ਹਾਂ। ਅਸੀਂ ਮਜ਼ਦੂਰ ਆਦਮੀ ਹੋਏ। ਸਵੇਰ ਤੋਂ ਰਾਤ ਤਕ ਕੰਮ ਕਰਦੇ ਹਾਂ। ਤੁਹਾਡੀ ਤਰ੍ਹਾਂ ਤਾਂ ਨਹੀਂ ਕਿ ਕੋਈ ਕੰਮ ਨਹੀਂ ਅਤੇ ਹੁਕਮ ਚਲਾਉਂਦੇ ਰਹੇ।

ਮੀਆਂ ਸਾਹਿਬ—ਜੇਕਰ ਤੁਹਾਨੂੰ ਵਿਹਲ ਹੋਵੇ ਤਾਂ ਏਥੇ ਆ ਜਾਓ। ਥੋੜਾ ਚਿਰ ਗੱਪਾਂ ਮਾਰਾਂਗੇ। ਜਾਂ ਮੈਨੂੰ ਕਹੋ ਮੈਂ ਉਥੇ ਆ ਜਾਵਾਂ।

ਮੈਂ ਉਤਰ ਦਿਤਾ ਮੈਂ ਹੀ ਆਉਂਦਾ ਹਾਂ ਕਿਉਂਕਿ ਜਾਣਦਾ ਸਾਂ ਕਿ ਇਸ ਤਰ੍ਹਾਂ ਨਾ ਜਾਵਾਂਗਾ ਤਾਂ ਸਿਪਾਹੀ ਜਾਂ ਥਾਨੇਦਾਰ ਨੂੰ ਭੇਜ ਕੇ ਬੁਲਾ ਲੈਣਗੇ। ਪੁਲੀਸ ਦੇ ਅਫ਼ਸਰ ਹਨ ਭਾਵੇਂ ਕਿੰਨੇ ਹੀ ਮਿਤਰ ਕਿਉਂ ਨਾ ਹੋਣ। ਵੇਲੇ ਸਿਰ ਨਾ ਪਿਓ ਦੇ ਹਨ ਤੇ ਨਾ ਭਰਾ ਦੇ ਅਤੇ ਨਾ ਹੀ ਮਿਤਰਾਂ ਦੇ। ਮੈਂ ਆਪਣੀ ਕਾਰ ਵਿਚ ਮੀਆਂ ਸਾਹਿਬ ਦੇ ਦਫ਼ਤਰ ਗਿਆ। ਮੀਆਂ ਸਾਹਿਬ ਇਕੱਲੇ ਬੈਠੇ ਮੇਰੀ ਉਡੀਕ ਕਰ ਰਹੇ ਸਨ। ਮੈਂ ਤਾਂ ਸਾਰੀਆਂ ਗਲਾਂ ਤੋਂ ਜਾਣੂੰ ਸਾਂ ਕਿ ਵਾਇਸਰਾਇ ਹਾਊਸ ਵਿਚ ਕੀ ਮਤੇ ਪਕਦੇ ਰਹੇ ਹਨ, ਪਰ ਮੀਆਂ ਸਾਹਿਬ ਸਮਝਦੇ ਸਨ ਕਿ ਮੈਂ ਬਿਲਕੁਲ ਅਗਿਆਤ ਹਾਂ। ਮੇਰੇ ਪਹੁੰਚਣ ਤੇ ਗਲਾਂ ਸ਼ੁਰੂ ਹੋਈਆਂ। ਡਾਕਟਰ ਮਥਰਾ ਦਾਸ ਬਾਰੇ, ਮੌਸਮ ਬਾਰੇ, ਮਲੇਰੀਏ ਸੰਬੰਧੀ, ਅਖ਼ਬਾਰ "ਰਿਆਸਤ" ਦੇ ਕੰਮ ਧੰਦੇ ਸੰਬੰਧੀ। ਪੰਜ ਸਤ ਮਿੰਟ ਹੋਰ ਏਧਰ ਉਧਰ ਦੀਆਂ ਗਲਾਂ ਕਰਨ ਉਪਰੰਤ ਮੀਆਂ ਸਾਹਿਬ ਨੇ ਪੁਛਿਆ ਕਿ ਮਹਾਰਾਜਾ ਅਲਵਰ ਅਜ ਕਲ ਕਿਥੇ ਹਨ। ਇਹ ਸੁਣ ਕੇ ਮੈਥੋਂ ਰਿਹਾ ਨਾ ਗਿਆ। ਮੈਂ ਮੁਸਕਰਾ ਪਿਆ ਅਤੇ ਉਤਰ ਦਿਤਾ ਕਿ ਮੀਆਂ ਸਾਹਿਬ ਇਹ ਨਾ ਪੁਛੋ ਕਿ ਮਹਾਰਾਜਾ ਅਲਵਰ ਕਿਥੇ ਹਨ, ਸਗੋਂ ਇਹ ਪੁਛੋ ਕਿ ਲਾਰਡ ਵਲਿੰਗਡਨ ਦੇ ਹੱਥਾਂ ਦੀ ਲਿਖੀ ਹੋਈ ਉਹ ਚਿਠੀ ਕਿਥੇ ਹੈ ਜਿਹੜੀ ਮਹਾਰਾਜਾ ਅਲਵਰ ਸੰਬੰਧੀ ਵਾਇਸਰਾਏ ਨੇ ਮਿਸਟਰ ਜਮਨਾ ਦਾਸ ਦਵਾਰਕਾਦਾਸ ਨੂੰ ਮਿਸਟਰ ਅਸਕਰੀਆ ਦੀ ਕੋਠੀ ਤੇ ਭੇਜੀ ਅਤੇ ਜਿਹੜੀ ਗਵਾਚੀ ਹੋਈ ਹੈ। ਮੀਆਂ ਸਾਹਿਬ ਇਹ ਸੁਣ ਕੇ ਦੰਗ ਰਹਿ ਗਏ। ਹੈਰਾਨ ਸਨ



Digitized by Panjab Digital Library | www.panjabdigilib.org

ਕਿ ਮਨੂੰ ਸਭ ਗੱਲਾਂ ਦਾ ਪਤਾ ਕਿਵੇਂ ਲੱਗਾ। ਆਖ਼ਰ ਮੀਆਂ ਸਾਹਿਬ ਨੇ ਇਹ ਮੰਨ ਲਿਆ ਕਿ ਹਾਂ ਏਸੇ ਚਿਠੀ ਦੀ ਪੜਤਾਲ ਸੰਬੰਧੀ ਹੀ ਮੈਨੂੰ ਏਥੇ ਦਫ਼ਤਰ ਵਿਚ ਬੁਲਾਇਆ ਗਿਆ ਹੈ।

ਮੈਂ ਮੀਆਂ ਸਾਹਿਬ ਨੂੰ ਕਿਹਾ ਕਿ ਤੁਹਾਡੇ ਬਤੌਰ ਡਿਪਟੀ ਸੁਪ੍ਰੰਟੰਡੰਟ ਪੁਲੀਸ ਸੀ. ਆਈ. ਡੀ. ਦੇ ਮੈਂ ਤੁਹਾਨੂੰ ਕੋਈ ਉਤਰ ਦੇਣਾ ਨਹੀਂ ਚਾਹੁੰਦਾ, ਪਰ ਕਿਉਂਕਿ ਤੁਸੀਂ ਮੇਰੇ ਨਿਜੀ ਮਿਤਰ ਹੋ ਇਸ ਲਈ ਮੈਂ ਤੁਹਾਨੂੰ ਦਸਦਾ ਹਾਂ ਕਿ ਚਿਠੀ ਮੇਰੇ ਕੋਲ ਨਹੀਂ ਪਹੁੰਚੀ, ਨਾ ਮੈਂ ਉਡਾਈ ਹੈ ਅਤੇ ਨਾ ਮੈਨੂੰ ਕੋਈ ਪਤਾ ਹੀ ਹੈ। ਮੈਨੂੰ ਬੜਾ ਅਫ਼ਸੋਸ ਹੈ ਕਿ ਅਜਿਹੀ ਚਿਠੀ ਮੇਰੇ ਹਥ ਕਿਉਂ ਨਾ ਲਗੀ। ਜਿਸ ਵਿਚ ਵਾਇਸਰਾਏ ਨੇ ਪੁਲੀਟੀਕਲ ਡੀਪਾਰਟਮੈਂਟ ਦੇ ਸਾਹਮਣੇ ਆਪਣੀ ਬੇ-ਵਸੀ ਦਾ ਪ੍ਰਗਟਾਵਾ ਕੀਤਾ ਹੈ। ਜੇਕਰ ਇਹ ਚਿਠੀ ਮੈਨੂੰ ਮਿਲ ਜਾਂਦੀ ਤਾਂ ਭਾਵੇਂ ਇਸ ਦਾ ਸਿੱਟਾ ਕੁਝ ਵੀ ਕਿਉਂ ਨਾ ਹੁੰਦਾ ਮੈਂ ਉਸ ਚਿਠੀ ਨੂੰ "ਰਿਆਸਤ" ਵਿਚ ਜ਼ਰੂਰ ਛਾਪ ਦਿੰਦਾ।

ਮੀਆਂ ਸਾਹਿਬ ਨੂੰ ਮੇਰੇ ਇਸ ਉਤਰ ਤੋਂ ਨਿਸਚਾ ਹੋ ਗਿਆ ਕਿ ਚਿਠੀ ਉਡਾਉਣ ਵਿਚ ਮੇਰਾ ਹਥ ਨਹੀਂ। ਆਪ ਨੇ ਵਾਇਸਰਾਏ ਹਾਊਸ ਜਾ ਕੇ ਉਸ ਚਪੜਾਸੀ ਤੋਂ ਫੇਰ ਪੁਛਣਾ ਸ਼ੁਰੂ ਕੀਤਾ। ਪ੍ਰਸ਼ਨ ਹੋਏ ਅਤੇ ਉਹ ਕੁਝ ਹੋਇਆ ਜਿਸ ਨੂੰ ਪੁਲੀਸ ਆਪਣੇ ਕੋਸ਼ ਵਿਚ "ਇਨਟੈਰੋਗੇਸ਼ਨ" ਆਖਦੀ ਹੈ। ਸਿੱਟਾ ਇਹ ਨਿਕਲਿਆ ਕਿ ਚਪੜਾਸੀ ਨੇ ਮੰਨ ਲਿਆ ਕਿ ਉਸ ਦਾ ਲੜਕਾ ਸਖ਼ਤ ਬੀਮਾਰ ਸੀ ਇਸ ਬੀਮਾਰੀ ਕਾਰਨ ਉਹ ਚਿਠੀ ਨਹੀਂ ਲੈ ਜਾ ਸਕਿਆ। ਅਗਲੀ ਭਲਕ ਏਸ ਡਰੋਂ ਕਿ ਚਿਠੀ ਕਿਉਂ ਲੇਟ ਹੋਈ ਉਸ ਨੇ ਚਿਠੀ ਨੂੰ ਚੁਲ੍ਹੇ ਵਿਚ ਆਪਣੀ ਹਥੀਂ ਸਾੜ ਦਿਤਾ।ਇਸ ਪ੍ਰਕਾਰ ਚੁਲ੍ਹੇ ਵਿਚ ਵੇਖਿਆ ਗਿਆ ਤਾਂ ਸੜੇ ਹੋਏ ਉਸ ਚਿਠੀ ਦੇ ਟੋਟੇ ਮੌਜੂਦ ਸਨ। ਚਪੜਾਸੀ ਜਿਹੜਾ ਪੰਜਾਬ ਦਾ ਰਹਿਣ ਵਾਲਾ ਮੁਸਲਮਾਨ ਸੀ। ਏਸ ਅਪਰਾਧ ਵਿਚ ਨੌਕਰੀਉਂ ਹਟਾ ਦਿਤਾ ਗਿਆ ਅਤੇ ਮਿਸਟਰ ਮੇਵਲ ਨੂੰ ਨਿਸਚਾ ਹੋ ਗਿਆ ਕਿ ਚਿਠੀ ਦੀਵਾਨ ਸਿੰਘ ਨੇ ਨਹੀਂ ਉਡਾਈ ਅਤੇ ਨਾ ਹੀ ਦੀਵਾਨ ਸਿੰਘ ਤੋਂ ਵਾਇਸਰਾਏ ਹਾਊਸ ਬਚਿਆ ਹੋਇਆ ਹੈ।—ਮਿਸਟਰ ਮੇਵਲ ਨੇ ਪੁਲੀਸ ਦੇ ਸੁਪ੍ਰਟੰਡੰਟਾਂ ਨੂੰ ਕਿਹਾ ਸੀ ਕਿ ਦੀਵਾਨ ਸਿੰਘ ਐਡੀਟਰ "ਰਿਆਸਤ" ਦੇ ਹਥੋਂ ਰਿਆਸਤਾਂ ਤੋਂ ਇਲਾਵਾ ਵਾਇਸਰਾਏ ਹਾਊਸ ਵੀ ਬਚਿਆ ਹੋਇਆ ਨਹੀਂ— ਇਸ ਘਟਨਾ ਤੋਂ ਅਨੁਮਾਨ ਹੋ ਸਕਦਾ ਹੈ ਕਿ ਅਖ਼ਬਾਰਾਂ ਲਈ ਸਮਾਚਾਰ ਪ੍ਰਾਪਤ ਕਰਨੇ ਕਿੰਨੇ ਅਸੰਭਵ ਹਨ ਅਤੇ ਇਹਨਾਂ ਨੂੰ ਕਿਵੇਂ ਪੈਰ ਪੈਰ ਤੇ ਆਏ ਖ਼ਤਰੇ ਸਹੇੜਨੇ ਪੈਂਦੇ ਹਨ।



Digitized by Panjab Digital Library | www.panjabdigilib.org

# ਇਕ ਪਾਗ਼ਲ ਦੀ "ਰਿਆਸਤ" ਨੂੰ ਆਰਥਕ ਸਹਾਇਤਾ

ਐਡੀਟਰ "ਰਿਆਸਤ" ਅਤੇ ਮਿਸਟਰ ਹਾਰਨੀਮਨ "ਬੰਬਈ ਸੈਂਟੀਨਲ" ਦੋਹਾਂ ਨੇ ਦਿਲੀ ਤੋਂ ਇਕ ਸਪਤਾਹਕ ਅਖ਼ਬਾਰ "ਹੈਰਲਡ" ਚਾਲੂ ਕੀਤਾ। "ਰਿਆਸਤ" ਅਤੇ "ਹੈਰਲਡ" ਦੋਹਾਂ ਦੇ ਦਫ਼ਤਰ ਅਜਮੇਰੀ ਦਰਵਾਜ਼ੇ ਤੋਂ ਬਾਹਰ ਲਾਲਾ ਦੀਵਾਨ ਚੰਦ ਦੀ ਬਿਲਡਿੰਗ ਵਿਚ ਸਨ। ਮਿਸਟਰ ਹਾਰਨੀਮਨ ਕੰਮ ਤਾਂ ਦਫ਼ਤਰ ਵਿਚ ਕਰਦੇ ਸਨ, ਪਰ ਰਹਿੰਦੇ ਸਨ ਨਵੀਂ ਦਿੱਲੀ ਰਾਏ ਬਹਾਦਰ ਸਰਦਾਰ ਨਰਾਇਣ ਸਿੰਘ ਠੇਕੇਦਾਰ ਦੀ ਕੋਠੀ ਦੇ ਇਕ ਹਿਸੇ ਵਿਚ। ਜਦ "ਹੈਰਲਡ" ਨੂੰ ਚਾਲੂ ਹੋਇਆਂ ਦੋ ਸਾਤੇ ਲੰਘ ਗਏ ਤਾਂ ਇਕ ਦਿਨ ਸਵੇਰੇ ਨੌਂ ਵਜੇ ਦੇ ਲਗ ਪਗ ਇਕ ਗੁਜਰਾਤੀ ਯੁਵਕ ਖਦਰ ਦੇ ਕਪੜੇ ਪਾਏ ਹੋਏ ਦਫ਼ਤਰ ਵਿਚ ਆਏ ਅਤੇ ਆਪ ਨੇ ਪੁਛਿਆ ਕਿ ਮਿਸਟਰ ਹਾਰਨੀਮਨ ਕਿਥੇ ਹਨ। ਐਡੀਟਰ "ਰਿਆਸਤ" ਨੇ ਉਤਰ ਦਿਤਾ ਕਿ ਉਹ ਨਵੀਂ ਦਿੱਲੀ ਰਹਿੰਦੇ ਹਨ ਕੋਈ ਜ਼ਰੂਰੀ ਕੰਮ ਧੰਦਾ ਹੋਵੇ ਤਾਂ ਦਸੋ ਮੈਂ ਆਦਮੀ ਨਾਲ ਭੇਜ ਦਿੰਦਾ ਹਾਂ। ਉਹਨਾਂ ਨੇ ਦਸਿਆ ਕਿ ਮਿਸਟਰ ਹਾਰਨੀਮਨ ਨੇ ਆਪ ਨਾਲ ਇਕਰਾਰ ਕੀਤਾ ਸੀ ਕਿ ਬੰਬਈ ਵਿਚ ਇਕ ਨਵੇਂ ਚਾਲੂ ਹੋਣ ਵਾਲੇ ਅੰਗਰੇਜ਼ੀ ਅਖ਼ਬਾਰ ਨੂੰ ਐਡਿਟ ਕਰਨਗੇ। ਇਸ ਇਕਰਾਰ ਤੇ ਆਪ ਨੇ ਢਾਈ ਤਿੰਨ ਲਖ ਰੁਪਏ ਦੀ ਮਸ਼ੀਨਰੀ ਦਾ ਆਰਡਰ ਵਲਾਇਤ ਦਿਤਾ ਸੀ ਅਤੇ ਹੁਣ ਜਦ ਕਿ ਮਸ਼ੀਨਰੀ ਬੰਬਈ ਪਹੁੰਚ ਗਈ ਹੈ ਤਾਂ ਮਿਸਟਰ ਹਾਰਨੀਮਨ ਦਿੱਲੀ ਆ ਗਏ ਹਨ। ਮੈਂ ਉਹਨਾਂ ਸ੍ਰੀ ਮਾਨ ਜੀ ਹੁਰਾਂ ਲਈ ਚਾਹ ਮੰਗਵਾਈ। ਚਾਹ ਪੀਂਦੇ ਸਮੇਂ ਗਲਾਂ ਬਾਤਾਂ ਹੋਈਆਂ ਤਾਂ ਆਪ ਨੇ ਫ਼ਰਮਾਇਆ ਕਿ ਆਪ ਇਕ ਕਰੋੜਪਤੀ ਸੇਠ ਹਨ। ਅਖ਼ਬਾਰਾਂ ਕਢਣ ਦਾ ਆਪ ਨੂੰ ਸ਼ੌਕ ਹੈ। ਬੰਬਈ ਅਤੇ ਕਰਾਚੀ ਵਿਚ ਆਪ ਦਾ ਕਾਰੋਬਾਰ ਹੈ ਅਤੇ ਚਾਲੂ ਕੀਤੇ ਜਾਣ ਵਾਲੇ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਲਈ ਆਪ ਦਸ ਲਖ ਰੁਪਿਆ ਖ਼ਰਚ ਕਰ ਦੇਣਗੇ ਤਾਕਿ ਉਹ ਅਖ਼ਬਾਰ ਨਿਰੋਲ ਭਾਰਤੀਆਂ ਦਾ ਹੋਵੇ ਅਤੇ "ਸਟੇਟਸਮੈਨ" ਅਤੇ "ਟਾਈਮਜ਼ ਆਫ਼ ਇੰਡੀਆ" ਦਾ ਟਾਕਰਾ ਕਰ ਸਕੇ। ਇਸ ਤਰ੍ਹਾਂ ਆਪ ਨੇ ਇਹ ਵੀ ਵਿਚਾਰ ਪ੍ਰਗਟ ਕੀਤਾ ਕਿ ਇਸ ਅੰਗਰੇਜ਼ੀ ਅਖ਼ਬਾਰ ਦੇ ਨਾਲ "ਰਿਆਸਤ" ਨੂੰ ਵੀ ਬੰਬਈ ਤੋਂ ਪ੍ਰਕਾਸ਼ਤ ਕੀਤਾ ਜਾਏ ਅਤੇ ਇਸ ਲਈ ਆਪ ਲਖ ਦੋ ਲਖ ਰੁਪਏ ਖ਼ਰਚ ਕਰ ਦੇਣਗੇ।

ਇਸ ਗੁਜਰਾਤੀ ਸੇਠ ਦੀਆਂ ਗਲਾਂ ਸੁਣ ਕੇ ਐਡੀਟਰ "ਰਿਆਸਤ" ਨੂੰ ਇਕ ਨਵਾਂ ਸੰਸਾਰ ਉਸਰਦਾ ਦਿਸ ਰਿਹਾ ਸੀ ਅਤੇ ਉਹ ਸੋਚ ਰਿਹਾ ਸੀ ਕਿ



Digitized by Panjab Digital Library | www.panjabdigilib.org

ਜੇਕਰ ਏਨਾ ਰੁਪਿਆ ਖ਼ਰਚ ਕੀਤਾ ਜਾਏ ਤਾਂ "ਰਿਆਸਤ" "ਟਾਈਮਜ਼ ਆਫ਼ ਇੰਡੀਆ" ਦੇ "ਇਲਸਟ੍ਰੇਟਿਡ ਵੀਕਲੀ ਆਫ਼ ਇੰਡੀਆ" ਵਾਂਗ ਸਾਰੇ ਦਾ ਸਾਰਾ ਉਰਦੂ ਟਾਈਪ ਅਤੇ ਤਸਵੀਰਾਂ ਵਿਚ ਪ੍ਰਕਾਸ਼ਤ ਕੀਤਾ ਜਾ ਸਕਦਾ ਹੈ। ਐਡੀਟਰ "ਰਿਆਸਤ" ਨੇ ਇਸ ਗੁਜਰਾਤੀ ਨੂੰ ਆਪਣੀ ਕਾਰ ਵਿਚ ਨਾਲ ਲਿਆ ਅਤੇ ਉਹਨੂੰ ਮਿਸਟਰ ਹਾਰਨੀਮਨ ਕੋਲ ਨਵੀਂ ਦਿੱਲੀ ਲੈ ਗਿਆ। ਮਿਸਟਰ ਹਾਰਨੀਮਨ ਲੇਖ ਲਿਖ ਰਹੇ ਸਨ ਅਤੇ ਬੜੇ ਰੁਝੇ ਹੋਏ ਸਨ। ਸਾਧਾਰਨ ਗਲ ਬਾਤ ਉਪਰੰਤ ਆਪ ਨੇ ਫ਼ਰਮਾਇਆ ਕਿ ਲੰਚ ਵੇਲੇ ਦਫ਼ਤਰ ਵਿਚ ਗਲ ਬਾਤ ਕਰਾਂਗੇ। ਮੈਂ ਸੇਠ ਸਾਹਿਬ ਨੂੰ ਲੈ ਕੇ ਵਾਪਸ ਆ ਗਿਆ। ਇਹਨਾਂ ਨੂੰ ਡਰਾਇੰਗ ਰੂਮ ਵਿਚ ਬਠਾਇਆ। ਰਸੋਈਏ ਨੂੰ — ਜਿਸਦਾ ਨਾਂ ਕੋਇਲੂ ਸੀ, ਗਵਾ ਦਾ ਰਹਿਣ ਵਾਲਾ ਸੀ ਅਤੇ ਅੰਗਰੇਜ਼ੀ ਖਾਣਾ ਬੜਾ ਵਧੀਆ ਬਣਾਂਦਾ ਸੀ — ਆਖਿਆ ਕਿ ਅਜ ਲੰਚ ਅਸਾਧਾਰਨ ਤੌਰ ਤੇ ਵਧੇਰੇ ਅਤੇ ਵਿੱਤੋਂ ਬਾਹਰਾ ਚੰਗਾ ਹੋਵੇ। ਮੈਂ ਇਕ ਵਜੇ ਤਕ ਸ੍ਰੀ ਮਾਨ ਗੁਜਰਾਤੀ ਸਾਹਿਬ ਨਾਲ ਹੀ ਗਲਾਂ ਕਰਦਾ ਰਿਹਾ। ਇਕ ਵਜੇ ਮਿਸਟਰ ਹਾਰਨੀਮਨ ਆਏ। ਉਹਨੀਂ ਦਿਨੀਂ ਮੇਰੇ ਘਰ ਲੰਚ ਅਤੇ ਡਿਨਰ ਤੇ ਪੰਜ ਸਤ ਦੋਸਤ ਜ਼ਰੂਰ ਹੁੰਦੇ ਸਨ। ਲੰਚ ਖਾਧਾ, ਗਲਾਂ ਹੁੰਦੀਆਂ ਰਹੀਆਂ ਅਤੇ ਇਹ ਨਿਸਚਿਤ ਹੋਇਆ ਕਿ ਜਿਹੜੀ ਮਸ਼ੀਨਰੀ ਵਲਾਇਤ ਤੋਂ ਆਈ ਹੈ ਉਹ ਹਾਲੇ ਬੰਬਈ ਹੀ ਰਖੀ ਜਾਏ। ਨਵਾਂ ਅਖ਼ਬਾਰ ਬੰਬਈ ਤੋਂ ਚਾਲੂ ਕੀਤਾ ਜਾਏ ਅਤੇ ਫੇਰ ਅਨਕੂਲ ਸਮੇਂ ਅਨੁਸਾਰ "ਰਿਆਸਤ" ਨੂੰ ਵੀ ਬੰਬਈ ਲੈ ਆਂਦਾ ਜਾਏ ਕਿਉਂਕਿ ਉਥੇ ਪ੍ਰੈਸ ਦੇ ਬਾਰੇ ਵਧੇਰੇ ਸਹੂਲਤਾਂ ਹੋਣਗੀਆਂ।

ਮਿਸਟਰ ਹਾਰਨੀਮਨ ਸ਼ਾਮ ਤਕ ਕੰਮ ਕਰਦੇ ਰਹੇ। ਸ਼ਾਮ ਨੂੰ ਇਹਨਾਂ ਗੁਜਰਾਤੀ ਸੇਠ ਸਾਹਿਬ ਦੇ ਮਾਣ ਵਿਚ ਵਿੱਤੋਂ ਵਧ ਚਾਹ ਦਾ ਪ੍ਰਬੰਧ ਕੀਤਾ ਗਿਆ। ਅਧੀ ਦਰਜਨ ਦੇ ਲਗ ਪਗ ਸਜਨ ਮਿਤਰ ਚਾਹ ਤੇ ਹਾਜ਼ਰ ਸਨ। ਚਾਹ ਪਿਛੋਂ ਸਾਰੇ ਦੋਸਤ ਅਤੇ ਮਿਸਟਰ ਹਾਰਨੀਮਨ ਆਪਣੇ ਆਪਣੇ ਘਰਾਂ ਨੂੰ ਚਲੇ ਗਏ। ਗੁਜਰਾਤੀ ਸੇਠ ਸਾਹਿਬ ਬੈਠੇ ਰਹੇ। ਦੋ ਘੰਟਿਆਂ ਪਿਛੋਂ ਮੈਂ ਉਹਨਾਂ ਨੂੰ ਦਿਲੀ ਦੀ ਸੈਰ ਕਰਾਉਣ ਕਾਰ ਵਿਚ ਲੈ ਗਿਆ। ਰਸਤੇ ਵਿਚ ਆਪ ਨੇ ਪੁਛਿਆ ਕਿ "ਰਿਆਸਤ" ਦੀ ਆਰਥਕ ਅਵਸਥਾ ਕਿਹੋ ਜਿਹੀ ਹੈ। ਮੈਂ ਉਤਰ ਦਿਤਾ ਕਿ ਕਾਰੋਬਾਰ ਚੰਗਾ ਤੁਰਿਆ ਜਾ ਰਿਹਾ ਹੈ। ਆਪ ਨੇ ਉਚਾਰਨ ਕੀਤਾ ਕਿ ਅਖ਼ਬਾਰਾਂ ਨੂੰ ਆਰਥਕ ਸੰਕਟ ਤਾਂ ਰਹਿੰਦੇ ਹੀ ਹਨ। ਮੈਂ ਉਤਰ ਦਿਤਾ ਹਾਂ ਭਾਰਤ ਵਿਚ ਜਰਨਲਿਜ਼ਮ ਦੀ ਅਵਸਥਾ ਅਜਿਹੀ ਹੀ ਹੈ। ਸੈਰ ਤੋਂ ਵਾਪਸ ਆਏ ਤਾਂ ਆਪ ਨੇ ਪਹੁੰਚਦਿਆਂ ਹੀ ਆਪਣੀ ਚੈੱਕ ਬੁਕ ਕਢੀ ਇਸ



Digitized by Panjab Digital Library | www.panjabdigilib.org

ਵਿਚੋਂ ਦਸ ਹਜ਼ਾਰ ਰੁਪਏ ਦਾ ਇਕ ਚੈੱਕ ਕਰਾਚੀ ਬੈਂਕ ਦਾ "ਰਿਆਸਤ" ਲਈ ਲੇਖਕ ਨੂੰ ਦਿਤਾ ਅਤੇ ਆਖਿਆ ਕਿ ਹਾਲਾਂ ਇਹ ਦਸ ਹਜ਼ਾਰ ਰੁਪਿਆ ਤਾਂ ਲਓ ਖਾਂ ਜੇਕਰ ਹੋਰ ਲੋੜ ਪਈ ਤਾਂ ਦਸ ਵੀਹ ਜਾਂ ਪੰਜਾਹ ਹਜ਼ਾਰ ਰੁਪਏ ਤਕ ਹੋਰ "ਰਿਆਸਤ" ਦੀ ਸਹਾਇਤਾ ਕਰਨਗੇ। ਇਹ ਗੁਜਰਾਤੀ ਸੇਠ ਰਾਤ ਨੂੰ ਡਿਨਰ ਖਾਣ ਉਪਰੰਤ ਤਸ਼ਰੀਫ਼ ਲੈ ਗਏ। ਆਪ ਨੇ ਫ਼ਰਮਾਇਆ ਕਿ ਆਪ ਲਾਹੌਰ, ਰਾਵਲਪਿੰਡੀ ਅਤੇ ਪਸ਼ਾਵਰ ਆਦਿ ਸੈਰ ਲਈ ਜਾ ਰਹੇ ਹਨ। ਅਗਲੇ ਦਿਨ ਉਹ ਚੈੱਕ ਕੈਸ਼ ਕਰਨ ਲਈ ਮੁਸਲਮ ਬੈਂਕ —ਜਿਥੇ ਕਿ ਉਸ ਸਮੇਂ "ਰਿਆਸਤ"ਦਾ ਹਿਸਾਬ ਸੀ — ਨੂੰ ਭੇਜਿਆ ਗਿਆ। ਇਸ ਦਸ ਹਜ਼ਾਰ ਰੁਪਏ ਦੇ ਖ਼ਰਚ ਕਰਨ ਦੀ ਸਕੀਮ ਤੇ ਵਿਚਾਰ ਹੋਣ ਲਗੀ। ਏਨਾ ਰੁਪਿਆ ਮਿਸਟਰ ਹਾਰਨੀਮਨ ਨੂੰ ਦਿਤਾ ਜਾਏਗਾ। ਏਨਾ ਅਮਕੇ ਦੋਸਤ ਦਾ ਕਰਜ਼ ਚੁਕਾਇਆ ਜਾਏਗਾ, ਏਨੇ ਰੁਪਏ ਦੀ ਅਮਕੀ ਅਮਕੀ ਸ਼ੈ ਮੰਗਾਈ ਜਾਏਗੀ ਆਦਿ। ਇਕ ਸਾਤਾ ਇਹਨਾਂ ਸ਼ੇਖ਼ ਚਿਲੀ ਦੇ ਮਨ ਹੁਲਸਾਉ ਵਿਚਾਰਾਂ ਵਿਚ ਡੁਬਿਆ ਰਿਹਾ। ਇਕ ਸਾਤੇ ਪਿਛੋਂ ਉਹ ਚੈੱਕ ਮੁਸਲਮ ਬੈਂਕ ਤੋਂ ਵਾਪਸ ਆਇਆ ਜਿਸ ਨਾਲ ਇਕ ਸਲਿਪ ਲਗੀ ਹੋਈ ਸੀ ਕਿ ਇਸ ਚੈੱਕ ਕਟਣ ਵਾਲੇ ਦਾ ਏਸ ਬੈਂਕ ਵਿਚ ਕੋਈ ਹਿਸਾਬ ਨਹੀਂ। ਜਦ ਇਹ ਚੈੱਕ ਵਾਪਸ ਆਇਆ ਤਾਂ ਯਕੀਨ ਨਹੀਂ ਆਉਂਦਾ ਸੀ ਕਿ ਗੁਜਰਾਤੀ ਸੇਠ ਸਾਹਿਬ ਦਾ ਬੈਂਕ ਵਿਚ ਹਿਸਾਬ ਨਹੀਂ। ਮੈਂ ਕਦੇ ਚੈੱਕ ਨੂੰ ਸਿਧੇ ਪਾਸਿਓਂ ਵੇਖਦਾ, ਕਦੇ ਪੁਠੇ ਪਾਸਿਓਂ, ਕਦੇ ਨਾਲ ਵਾਲੀ ਸਲਿਪ ਨੂੰ। ਸਮਝ 'ਚ ਨਹੀਂ ਆਉਂਦਾ ਸੀ ਕਿ ਮਾਮਲਾ ਕੀ ਹੈ। ਘੜੀ ਮੁੜੀ ਵਿਚਾਰ ਉਠਦਾ ਕਿ ਕਰਾਚੀ ਵਾਲੇ ਬੈਂਕ ਨੇ ਸ਼ਾਇਦ ਭੁਲੇਖੇ ਨਾਲ ਅਜਿਹਾ ਲਿਖ ਦਿਤਾ ਹੋਵੇ। ਇਹ ਕਿਵੇਂ ਹੋ ਸਕਦਾ ਹੈ ਕਿ ਬੈਂਕ ਵਿਚ ਹਿਸਾਬ ਹੀ ਨਾ ਹੋਵੇ। ਵਾਪਸ ਆਏ ਹੋਏ ਚੈੱਕ ਤੇ ਮੈਂ ਅਤੇ ਮਿਸਟਰ ਹਾਰਨੀਮਨ ਦੋ ਦਿਨ ਸੋਚਦੇ ਰਹੇ। ਕਦੇ ਵਿਚਾਰ ਉਠਦਾ ਕਿ ਕਰਾਚੀ ਦੇ ਕਿਸੇ ਦੋਸਤ ਨੂੰ ਅਸਲ ਹਾਲ ਪਤਾ ਕਰਨ ਲਈ ਲਿਖਿਆ ਜਾਏ। ਇਹਨਾਂ ਹੀ ਸੋਚਾਂ ਵਿਚ ਸਾਂ ਕਿ ਕੁਤਵਾਲੀ ਤੋਂ ਇਨਸਪੈਕਟਰ ਪੁਲੀਸ ਦਾ ਟੈਲੀਫ਼ੂਨ ਆਇਆ ਕਿ ਇਕ ਸ੍ਰੀ ਮਾਨ ਜੀ ਜੋ ਆਪਣੇ ਆਪ ਨੂੰ ਐਡੀਟਰ "ਰਿਆਸਤ" ਦਾ ਨਿਜੀ ਦੋਸਤ ਪ੍ਰਗਟ ਕਰਦੇ ਹਨ ਹਵਾਲਾਤ ਵਿਚ ਬੰਦ ਹਨ ਅਤੇ ਮਿਲਣਾ ਚਾਹੁੰਦੇ ਹਨ। ਮੈਂ ਹੈਰਾਨ ਸਾਂ ਕਿ ਕਿਹੜੇ ਦੋਸਤ ਹਵਾਲਾਤ ਵਿਚ ਭੇਜ ਦਿਤੇ ਗਏ। ਝਟ ਕਾਰ ਵਿਚ ਬੈਠ ਕੇ ਕੁਤਵਾਲੀ ਪੁਜਾ। ਹਵਾਲਾਤ ਵਿਚ ਵੇਖਿਆ ਤਾਂ ਉਹੀ ਸੇਠ ਸਾਹਿਬ ਜੰਗਲੇ ਦੇ ਅੰਦਰ ਸੁਭਾਇਮਾਨ ਹਨ। ਮੈਨੂੰ ਵੇਖ ਕੇ ਬੜੀ ਆਓ ਭਗਤ ਅਤੇ ਗਰਮਜੋਸ਼ੀ ਵਿਚ ਕਿਹਾ "ਹੈਲੋ ਦੀਵਾਨ ਸਿੰਘ।" ਮੈਂ



Digitized by Panjab Digital Library | www.panjabdigilib.org

ਪੁਛਿਆ "ਏਥੇ ਕਿਵੇਂ ਆ ਪਧਾਰੇ ?" ਆਪ ਜੀ ਨੇ ਉਚਾਇਆ ਕਿ ਕੁਝ ਭੁਲੇਖਾ ਜਿਹਾ ਹੈ। ਇਨਸਪੈਕਟਰ ਪੁਲੀਸ ਨੂੰ ਮਿਲਿਆ, ਪੁਛਿਆ ਕਿ ਕੀ ਮਾਮਲਾ ਹੈ। ਤਾਂ ਇਨਸਪੈਕਟਰ ਨੇ ਦਸਿਆ ਕਿ ਸੇਠ ਸਾਹਿਬ ਇਕ ਹੋਟਲ ਵਿਚ ਟਿਕੇ ਹੋਏ ਸਨ ਫ੍ਰੈਂਚ ਮੋਟਰਕਾਰ ਕੰਪਨੀ ਨੂੰ ਪੰਜ ਹਜ਼ਾਰ ਰੁਪਏ ਦਾ ਜਾਅਲੀ ਚੈੱਕ ਦੇ ਕੇ ਮੋਟਰ ਖ਼ਰੀਦੀ, ਪੱਥਰ ਵਾਲੇ ਬਾਈਸਕੋਪ ਦੇ ਪਾਸ ਇਕ ਘੜੀ ਸਾਜ਼ ਨੂੰ ਚੈਕ ਦੇ ਕੇ ਘੜੀਆਂ ਖ਼ਰੀਦੀਆਂ ਬਜ਼ਾਜ ਦੀ ਹਟੀਓਂ ਕਪੜਾ ਖ਼ਰੀਦਿਆ ਅਤੇ ਇਸ ਪਰਕਾਰ ਇਕ ਦਰਜਨ ਦੇ ਲਗ ਪਗ ਜਾਅਲੀ ਚੈੱਕ ਦੇ ਕੇ ਅਡ ਅਡ ਲੋਕਾਂ ਤੋਂ ਸਾਮਾਨ ਖ਼ਰੀਦਿਆ ਹੈ, ਪਰ ਸਾਮਾਨ ਇਸ ਤੋਂ ਮਿਲਿਆ ਨਹੀਂ, ਇਨਸਪੈਕਟਰ ਦੀਆਂ ਗਲਾਂ ਸੁਣ ਕੇ ਭਰੋਸਾ ਹੋ ਗਿਆ ਕਿ ਦਸ ਹਜ਼ਾਰ ਰੁਪਏ ਵਾਲਾ ਚੈੱਕ ਵੀ ਅਜਿਹਾ ਹੀ ਹੈ ਜੋ ਕੈਸ਼ ਨਹੀਂ ਹੋ ਸਕਦਾ।

ਤਿੰਨ ਦਿਨ ਉਪਰੰਤ ਸੇਠ ਸਾਹਿਬ ਦੀ ਪੇਸ਼ੀ ਮਿਸਟਰ ਰਸ਼ੀਦ ਮੈਜਿਸਟਰੇਟ ਦੀ ਅਦਾਲਤ ਵਿਚ ਸੀ। ਮੁਕੱਦਮਾ ਚਾਰ ਸੌ ਵੀਹ ਭਾਵ ਧੋਖਾ ਕਾਬਲੇ ਜ਼ਮਾਨਤ ਸੀ। ਮੈਜਿਸਟਰੇਟ ਨੇ ਅਪਰਾਧੀ ਨੂੰ ਕਿਹਾ ਕਿ ਜੇਕਰ ਜ਼ਮਾਨਤ ਦੇਵੇਂ ਤਾਂ ਰਿਹਾ ਹੋ ਸਕਦਾ ਏਂ। ਕੀ ਕੋਈ ਜ਼ਾਮਨ ਹੈ, ਜਿਹੜਾ ਜ਼ਮਾਨਤ ਦੇਵੇ। ਸੇਠ ਸਾਹਿਬ ਨੇ ਫ਼ਰਮਾਇਆ ਕਿ ਦੀਵਾਨ ਸਿੰਘ ਉਹਨਾਂ ਦਾ ਬੜਾ ਡੂੰਘਾ ਦੋਸਤ ਹੈ। ਮਿਸਟਰ ਰਸ਼ੀਦ ਨੇ ਐਡੀਟਰ 'ਰਿਆਸਤ' ਨੂੰ ਟੈਲੀਫ਼ੂਨ ਕਰਕੇ ਅਦਾਲਤ ਵਿਚ ਬੁਲ-ਵਾਇਆ ਅਤੇ ਆਖਿਆ ਕਿ ਸੇਠ ਸਾਹਿਬ ਤੁਹਾਡੇ ਮਿਤ੍ਰ ਹਨ ਜੇਕਰ ਜ਼ਮਾਨਤ ਦਿਓ ਤਾਂ ਰਿਹਾ ਹੋ ਸਕਦੇ ਹਨ। ਇਹ ਸੁਣ ਕੇ ਮੈਂ ਮੁਸਕਰਾ ਪਿਆ ਅਤੇ ਆਖਿਆ ਕਿ ਜੇਕਰ ਤੁਸੀਂ ਹੁਕਮ ਕਰੋ ਤਾਂ ਮੈਂ ਸਾਰੇ ਸਮਾਚਾਰ ਦਸਾਂ। ਮੈਂ ਜਿਉਂ ਦੇ ਤਿਉਂ ਸਾਰੇ ਸਮਾਚਾਰ ਦਸੇ ਕਿ ਕਿਵੇਂ ਮੈਨੂੰ ਵੀ ਦਸ ਹਜ਼ਾਰ ਰੁਪਏ ਦਾ ਚੈੱਕ ਦਿਤਾ ਗਿਆ ਅਤੇ ਲੰਚ ਤੇ ਡਿਨਰ ਦੀਆਂ ਫ਼ੀਸਟਾਂ ਉਡੀਆਂ। ਅਦਾਲਤ ਵਿਚ ਮੁਸਕਾਨਾਂ ਤੇ ਹਾਸਿਆਂ ਦੀ ਛਨਕਾਰ ਜਿਹੀ ਸੀ। ਆਖ਼ਰ ਮੈਂ ਕਿਹਾ ਕਿ ਸੇਠ ਸਾਹਿਬ ਦੇ ਦਿਮਾਗ਼ ਵਿਚਲੇ ਪੁਰਜ਼ੇ ਕੁਝ ਢਿਲੇ ਹਨ, ਇਹਨਾਂ ਦੀ ਨੀਤ ਖੋਟੀ ਨਹੀਂ। ਕੇਵਲ ਚੈੱਕ ਕਟਣ ਦਾ ਚਾਅ ਤੇ ਸ਼ੁਦਾਪੁਣਾ ਹੈ। ਨਹੀਂ ਤਾਂ ਮੈਨੂੰ ਦਸ ਹਜ਼ਾਰ ਦਾ ਚੈੱਕ ਕਿਉਂ ਦਿੰਦੇ ਕਿਉਂਕਿ ਮੈਥੋਂ ਤਾਂ ਇਹਨਾਂ ਕੋਈ ਚੀਜ਼ ਇਸ ਦੇ ਬਦਲੇ ਵਿਚ ਨਹੀਂ ਲਈ। ਮੈਂ ਸਾਰੇ ਸਮਾਚਾਰ ਲਿਖਾਏ ਅਤੇ ਸੇਠ ਸਾਹਿਬ ਦਿਮਾਗ਼ੀ ਦੌਰੇ ਦੇ ਮਰੀਜ਼ ਮਿਥੇ ਜਾ ਕੇ ਬਰੀ ਹੋ ਗਏ। ਵਾਪਸ ਬੰਬਈ ਪਧਾਰ ਗਏ ਅਤੇ ਉਹ ਦਸ ਹਜ਼ਾਰ ਰੁਪਏ ਦਾ ਚੈੱਕ ਜਿਹੜਾ ਕਿ ਇਕ ਸਾਤੇ ਦੇ ਲਗ ਪਗ ਮਨ ਦੇ ਹਵਾਈ ਕਿਲ੍ਹੇ ਉਸਾਰਣ ਤੇ ਨਵੀਆਂ ਨਵੀਆਂ ਘਾੜਤਾਂ ਘੜਣ ਦਾ ਕਾਰਨ ਬਣਿਆ ਰਿਹਾ, ਪਾੜ ਦਿਤਾ ਗਿਆ।



Digitized by Panjab Digital Library | www.panjabdigilib.org

# ਜਨਤਕ ਜੀਵਨ ਅਤੇ ਵਿਆਹ

"ਰਿਆਸਤ" ਚਾਲੂ ਹੋ ਚੁਕਾ ਸੀ। ਮੈਂ ਮਹਾਰਾਜਾ ਨਾਭਾ ਕੋਲ ਮਨਸੂਰੀ ਪਹਾੜ ਤੇ ਰਹਿੰਦਾ ਸਾਂ। ਮਹਾਰਾਜਾ ਅਤੇ ਮਹਾਰਾਣੀ ਮੈਨੂੰ ਆਪਣੇ ਕੁਟੰਬ ਦੇ ਇਕ ਪ੍ਰਤੀਨਿਧ ਦੀ ਤਰ੍ਹਾਂ ਸਮਝਦੇ ਸਨ। ਮਹਾਰਾਜਾ ਨਾਲ ਕਈ ਵਰ੍ਹਿਆਂ ਤੋਂ ਸੰਬੰਧ ਸਨ ਅਤੇ ਮਹਾਰਾਣੀ ਵੀ ਆਪਣੇ ਭਰਾਵਾਂ ਵਾਂਗ ਪਿਆਰਾ ਜਾਣਦੀ ਸੀ। ਮੈਨੂੰ ਮਨਸੂਰੀ ਗਿਆਂ ਪੰਦਰਾਂ ਵੀਹ ਦਿਨ ਹੋਏ ਸਨ। ਹਾਫ਼ਿਜ਼ਾਬਾਦ ਤੋਂ ਮੇਰੀ ਮਾਤਾ ਦਾ ਖ਼ਤ ਆਇਆ ਕਿ ਵਿਆਹ ਦੀ ਸਾਰੀ ਤਿਆਰੀ ਪੂਰਨ ਹੋ ਚੁਕੀ ਹੈ ਅਤੇ ਤਰੀਕ ਨੀਅਤ ਕੀਤੀ ਜਾ ਰਹੀ ਹੈ। ਰੁਪਏ ਦਾ ਪ੍ਰਬੰਧ ਕਰੋ। ਮੇਰੇ ਕੋਲ ਰੁਪਿਆ ਕਿਥੇ ਸੀ। ਸਾਰਾ ਜੀਵਨ ਭਰ ਕਦੀ ਵੀ ਰੁਪਿਆ ਇਕੱਤ੍ਰ ਨਾ ਹੋ ਸਕਿਆ ਸਗੋਂ ਸਦਾ ਕਰਜ਼ਾਈ ਹੀ ਰਿਹਾ। ਰੁਪਿਆ ਇਕੱਤ੍ਰ ਵੀ ਕਿਵੇਂ ਹੋਵੇ ਜਦ ਕਿ ਰੁਪਿਆ ਆਉਣ ਤੋਂ ਪਹਿਲਾਂ ਹੀ ਉਸ ਦੀ ਵਰਤੋਂ ਦੇ ਬਾਨ੍ਹਣੂ ਬੰਨ੍ਹੇ ਜਾ ਚੁਕੇ ਹੋਣ। ਏਸ ਖ਼ਤ ਨੂੰ ਪੜ੍ਹ ਕੇ ਸੋਚਦਾ ਰਿਹਾ ਕਿ ਕੀ ਕਰਾਂ। ਦੋ ਦਿਨ ਸੋਚਣ ਪਸ਼ਚਾਤ ਮੈਂ ਇਹ ਖਤ ਮਹਾਰਾਣੀ ਨੂੰ ਵਿਖਾਇਆ। ਦੁਪਹਿਰ ਨੂੰ ਜਦੋਂ ਅਸੀਂ ਲੰਚ ਖਾ ਰਹੇ ਸਾਂ ਤਾਂ ਮਹਾਰਾਣੀ ਨੇ ਮਹਾਰਾਜਾ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਦੀਵਾਨ ਸਿੰਘ ਦੇ ਵਿਆਹ ਦੀ ਤ੍ਰੀਕ ਨੀਅਤ ਹੋ ਰਹੀ ਹੈ। ਇਸ ਕੋਲ ਰੁਪਿਆ ਹੈ ਨਹੀਂ। ਗਹਿਣਾ ਕਪੜਾ ਤਾਂ ਤਿਆਰ ਹੈ, ਪਰ ਦੂਜੇ ਖ਼ਰਚਾਂ ਲਈ ਰੁਪਏ ਦੀ ਲੋੜ ਹੈ। ਮਹਾਰਾਜਾ ਨੇ ਪੁਛਿਆ ਕਿੰਨਾ ਰੁਪਿਆ ਚਾਹੀਦੈ। ਮਹਾਰਾਣੀ ਨੇ ਉੱਤਰ ਦਿਤਾ ਦੋ ਹਜ਼ਾਰ ਰੁਪਿਆ ਕਾਫ਼ੀ ਹੋਵੇਗਾ। ਮਹਾਰਾਜਾ ਇਹ ਸੁਣ ਕੇ ਚੁਪ ਕਰ ਗਏ।

ਲੰਚ ਪਿਛੋਂ ਅਸੀਂ ਸਾਰੇ ਡਰਾਇੰਗ ਰੂਮ ਵਿਚ ਆ ਗਏ। ਉਥੇ ਬੈਠੇ ਸਾਂ ਕਿ ਮਹਾਰਾਜਾ ਨੇ ਫਿਰ ਮੇਰੇ ਵਿਆਹ ਦੀ ਗਲ ਤੋਰ ਦਿਤੀ। ਮਹਾਰਾਜਾ ਨੇ ਕਿਹਾ ਕਿ ਜਿਹੜੇ ਆਦਮੀ ਜਨਤਕ ਸੇਵਾ ਕਰਨ, ਉਹਨਾਂ ਨੂੰ ਵਿਆਹ ਨਹੀਂ ਕਰਾਉਣਾ ਚਾਹੀਦਾ। ਮੈਂ ਉਤਰ ਦਿਤਾ ਕਿ ਮੈਂ ਇਕੱਲਪੁਣੇ ਦੇ ਜੀਵਨ ਤੋਂ ਤੰਗ ਆ ਗਿਆ ਹਾਂ, ਦਿਲ ਕਰਦੈ ਕਿ ਵਿਆਹ ਕਰਾ ਲਾਂ। ਇਹ ਪ੍ਰਸ਼ਨੋਤਰੀ ਕਾਫ਼ੀ ਚਿਰ ਤਕ ਚਲਦੀ ਰਹੀ। ਮਹਾਰਾਜਾ ਘੜੀ ਮੁੜੀ ਜ਼ੋਰ ਪਾਉਂਦੇ ਕਿ ਮੈਂ ਵਿਆਹ ਨਾ ਕਰਾਂ। ਮੈਂ ਆਖਦਾ ਕਿ ਵਿਆਹ ਕਰਨਾ ਚਾਹੁੰਦਾ ਹਾਂ। ਮਹਾਰਾਣੀ ਮੇਰੇ ਨਾਲ ਸਹਿਮਤ ਸੀ ਅਤੇ ਆਖਦੀ ਕਿ ਵਿਆਹ ਕਰ ਲੈਣਾ ਚਾਹੀਦੈ। ਕੋਈ ਫ਼ੈਸਲਾ ਨਾ ਹੋ ਸਕਿਆ, ਰਾਤ ਨੂੰ ਫੇਰ ਡਿਨਰ ਤੇ ਬਹਿਸ ਹੋਈ ਤਾਂ ਮਹਾਰਾਜਾ ਨੇ ਆਪਣੇ ਸੰਬੰਧੀ ਇੰਜ ਆਖਿਆ :—



Digitized by Panjab Digital Library | www.panjabdigilib.org

"ਜੇਕਰ ਮੇਰਾ ਵਿਆਹ ਨਾ ਹੁੰਦਾ। ਇਸਤ੍ਰੀ, ਬੱਚੇ ਨਾ ਹੁੰਦੇ ਤਾਂ ਅਜ ਵਾਤਾਵਰਨ ਬਿਲਕੁਲ ਹੋਰ ਹੁੰਦਾ। ਇਹ ਵਹੁਟੀ ਤੇ ਬੱਚੇ ਹੀ ਹਨ ਜਿਨ੍ਹਾਂ ਦੇ ਕਾਰਨ ਮੈਂ ਸਰਕਾਰ ਅਗੇ ਗੋਡੇ ਨਿਵਾਂ ਦਿਤੇ ਹਨ ਅਤੇ ਨਾਭੇ ਦੀ ਗੱਦੀ ਤੋਂ ਹਥ ਧੋ ਬੈਠਾ ਹਾਂ। ਜੇਕਰ ਇਹ ਜੰਜਾਲ ਨਾ ਹੁੰਦਾ ਤਾਂ ਮੈਂ ਕਦੇ ਵੀ ਗੱਦੀ ਹਥੋਂ ਨਾ ਛਡਦਾ ਅਤੇ ਜੀਵਨ ਦੇ ਆਖ਼ਰੀ ਪਲਾਂ ਤਕ ਡਟਿਆ ਰਹਿੰਦਾ।"

ਮਹਾਰਾਜਾ ਦੇ ਇਹਨਾਂ ਅਖਰਾਂ ਦਾ ਵੀ ਮੇਰੇ ਤੇ ਕੋਈ ਪ੍ਰਭਾਵ ਨਾ ਪਿਆ ਕਿਉਂਕਿ ਮੈਂ ਵਿਆਹ ਦੇ ਸੁਹਾਵਨੇ ਸੁਪਨੇ ਤਕ ਰਿਹਾ ਸਾਂ। ਤਿੰਨ ਚਾਰ ਦਿਨ ਇਹ ਝਗੜਾ ਚਲਦਾ ਰਿਹਾ। ਮਹਾਰਾਜਾ ਘੜੀ ਮੁੜੀ ਦਬਾਅ ਪਾਂਦਾ ਸੀ ਕਿ ਮੈਂ ਵਿਆਹ ਨਾ ਕਰਾਂ। ਜਨਤਕ ਜੀਵਨ ਗ੍ਰਹਿਣ ਕਰਨ ਵਾਲੇ ਲੋਕਾਂ ਦੇ ਰਾਹਾਂ ਵਿਚ ਵਿਆਹ ਅਤੇ ਬਾਲ ਬੱਚੇ ਬੜੀ ਵਡੀ ਰੁਕਾਵਟ ਹਨ ਅਤੇ ਮਨੁਖ ਵਿਆਹ ਪਿਛੋਂ ਦਲੇਰੀ, ਬਹਾਦਰੀ ਅਤੇ ਮਰਦਊਪਣੇ ਤੋਂ ਵਾਂਜਿਆ ਜਾਂਦਾ ਹੈ, ਪਰ ਮੇਰੇ ਤੇ ਇਹਨਾਂ ਨਸੀਹਤਾਂ ਦਾ ਕੋਈ ਅਸਰ ਨਹੀਂ ਹੁੰਦਾ ਸੀ। ਮਹਾਰਾਣੀ ਵਿਚਾਰੀ ਕਦੇ ਤਾਂ ਨਿਰਪਖ ਬਣ ਕੇ ਚੁਪ ਸਾਧ ਲੈਂਦੀ ਤੇ ਕਦੇ ਆਖਦੀ ਕਿ ਦੀਵਾਨ ਸਿੰਘ ਨੂੰ ਵਿਆਹ ਕਰਾਉਣਾ ਚਾਹੀਦੈ। ਆਖ਼ਰ ਕਈ ਦਿਨ ਰਾਤ ਏਸ ਵਿਸ਼ੇ ਤੇ ਟੀਕਾ ਟਿਪਣੀ ਹੋਣ ਪਸ਼ਚਾਤ ਜਦ ਮੈਂ ਨਾ ਮੰਨਿਆ ਤਾਂ ਮਹਾਰਾਜਾ ਨੇ ਮਜਬੂਰ ਹੋ ਕੇ ਆਪਣੀ ਚੈੱਕ ਬੁਕ ਮੰਗਾਈ। ਚੈੱਕ ਕਟਣ ਲਗੇ ਤਾਂ ਫ਼ਰਮਾਇਆ :

"ਸਰਦਾਰ ਦੀਵਾਨ ਸਿੰਘ, ਤੁਸੀਂ ਨਹੀਂ ਮੰਨਦੇ। ਸਾਰਾ ਜੀਵਨ ਪਛਤਾਓਗੇ ਕਿਉਂਕਿ ਤੁਸੀਂ ਨਹੀਂ ਮੰਨਦੇ ਇਸ ਲਈ ਮੈਂ ਤੁਹਾਨੂੰ ਵਿਆਹ ਲਈ ਦੋ ਹਜ਼ਾਰ ਰੁਪਏ ਦਿੰਦਾ ਹਾਂ।"

ਜਦ ਆਪ ਦੋ ਹਜ਼ਾਰ ਰੁਪਏ ਦਾ ਚੈੱਕ ਕਟ ਚੁਕੇ ਤਾਂ ਆਪ ਨੇ ਫੇਰ ਚੈੱਕ ਦਿੰਦਿਆਂ ਹੋਇਆਂ ਮੁੜ ਆਖਿਆ :

"ਦੀਵਾਨ ਸਿੰਘ ਜੀ ਤੁਸੀਂ ਜੀਵਨ ਭਰ ਪਛਤਾਓਗੇ। ਮੈਂ ਫੇਰ ਤੁਹਾਨੂੰ ਆਖਦਾ ਹਾਂ। ਵਿਆਹ ਨਾ ਕਰੋ। ਜਨਤਕ ਜੀਵਨ ਅਪਨਾਉਣ ਵਾਲੇ ਮਨੁਖ਼ਾਂ ਨੂੰ ਵਿਆਹ ਨਹੀਂ ਕਰਨਾ ਚਾਹੀਦਾ। ਤੁਹਾਨੂੰ ਵਿਆਹ ਲਈ ਦੋ ਹਜ਼ਾਰ ਰੁਪਏ ਦੇ ਚੁਕਿਆ ਹਾਂ। ਹੁਣ ਵੀ ਜੇਕਰ ਵਿਆਹ ਨਾ ਕਰਨ ਦਾ ਇਕਰਾਰ ਕਰੋ ਤਾਂ ਮੈਂ ਦੋ ਹਜ਼ਾਰ ਰੁਪਏ ਦਾ ਇਕ ਹੋਰ ਚੈੱਕ ਤੁਹਾਨੂੰ ਦਿੰਦਾ ਹਾਂ। ਭਾਵ ਵਿਆਹ ਕਰੋ ਤਾਂ ਦੋ ਹਜ਼ਾਰ ਅਤੇ ਜੇਕਰ ਵਿਆਹ ਨਾ ਕਰੋ ਤਾਂ ਚਾਰ ਹਜ਼ਾਰ।"

ਮੈਂ ਦੋ ਹਜ਼ਾਰ ਰੁਪਿਆ ਲੈ ਕੇ ਦਿੱਲੀ ਵਾਪਸ ਆ ਗਿਆ ਅਤੇ ਕੁਝ ਦਿਨਾਂ ਉਪ੍ਰੰਤ ਆਪਣੀ ਜਨਮ ਭੂਮੀ ਹਾਫ਼ਿਜ਼ਾਬਾਦ ਵਿਆਹ ਲਈ ਚਲਾ ਗਿਆ। ਵਿਆਹ ਹੋ ਗਿਆ, ਪਰ ਮੇਰੇ ਕੰਨਾਂ ਵਿਚ ਹੁਣ ਤਕ ਮਹਾਰਾਜਾ ਨਾਭਾ ਦੇ ਉਹ



Digitized by Panjab Digital Library | www.panjabdigilib.org

ਸ਼ਬਦ ਸੁਣਾਈ ਦੇ ਰਹੇ ਹਨ :

"ਵਿਆਹ ਨਾ ਕਰੋ, ਸਾਰੀ ਉਮਰ ਪਛਤਾਓਗੇ। ਜਨਤਕ ਜੀਵਨ ਗ੍ਰਹਿਣ ਕਰਨ ਵਾਲਿਆਂ ਨੂੰ ਵਿਆਹ ਨਹੀਂ ਕਰਨਾ ਚਾਹੀਦਾ।"

* * * *

੧੯੪੨ ਵਿਚ ਜਦ ਕਾਂਗਰਸੀ ਨੇਤਾਵਾਂ ਨਾਲ ਲੇਖਕ ਵੀ ਨਜ਼ਰਬੰਦ ਕਰ ਦਿਤਾ ਗਿਆ। ਜੇਲ੍ਹ ਵਿਚ ਸਿਵਾਏ ਕਿਤਾਬਾਂ ਪੜ੍ਹਨ ਦੇ ਦੂਜਾ ਕੋਈ ਕੰਮ ਨਹੀਂ ਸੀ ਤਾਂ ਦਿੱਲੀ ਦੇ ਇਕ ਕਾਂਗਰਸੀ ਬਜ਼ੁਰਗ ਸ਼੍ਰੀ ਬ੍ਰਿਜ ਕਿਸ਼ਨ ਜੀ ਚਾਂਦੀ ਵਾਲੇ —ਜਿਹੜੇ ਮਹਾਤਮਾ ਗਾਂਧੀ ਜੀ ਦੇ ਸਚੇ ਭਗਤ ਅਤੇ ਸ਼ਾਇਦ ਦਿੱਲੀ ਦੇ ਸਾਰੇ ਕਾਂਗਰਸੀਆਂ ਤੋਂ ਵਧੇਰੇ ਨੇਕ ਹਨ ਅਤੇ ਜਨਤਾ ਦੇ ਨਿਸ਼ਕਾਮ ਸੇਵਕ ਹਨ—ਨੇ ਇਕ ਨਿਕੀ ਜਿਹੀ ਕਿਤਾਬ "ਮੰਗਲ ਪ੍ਰਭਾਤ" ਦਿਤੀ ਜਿਹੜੀ ਮਹਾਤਮਾ ਗਾਂਧੀ ਦੀ ਲਿਖਤ ਹੈ। ਇਹ ਕਿਤਾਬ ਮਨੁਖ ਦੇ ਜੀਵਨ ਨੂੰ ਉਚਿਆਂ ਕਰਨ ਦੇ ਲਿਹਾਜ਼ ਨਾਲ ਇਕ ਅਦੁੱਤੀ ਲਿਖਤ ਹੈ। ਸ਼ਾਇਦ ਸੋਲਾਂ ਜਾਂ ਵੀਹ ਸਫ਼ੇ ਦਾ ਨਿਕਾ ਜਿਹਾ ਟ੍ਰੈਕਟ ਹੈ, ਪਰ ਜਿਸ ਦੇ ਇਕ ਇਕ ਸਫ਼ੇ, ਇਕ ਇਕ ਸਤਰ, ਇਕ ਇਕ ਸ਼ਬਦ ਤੇ ਇਕ ਇਕ ਅੱਖਰ ਤੇ ਹੀਰੇ ਪੰਨੇ ਵਾਰੇ ਜਾ ਸਕਣ। ਇਸ ਲਿਖਤ ਵਿਚ ਇਕ ਥਾਂ ਲਿਖਿਆ ਹੈ ਕਿ ਜਨਤਕ ਜੀਵਨ ਗ੍ਰਹਿਣ ਕਰਨ ਵਾਲੇ ਆਦਮੀ ਨੂੰ ਵਿਆਹ ਨਹੀਂ ਕਰਨਾ ਚਾਹੀਦਾ ਅਤੇ ਜੇਕਰ ਉਸ ਦਾ ਵਿਆਹ ਹੋ ਚੁਕਿਆ ਹੋਵੇ ਤਾਂ ਫਿਰ ਵੀ ਉਸ ਦਾ ਧਰਮ ਹੈ ਕਿ ਉਹ ਆਪਣੀ ਵਹੁਟੀ ਨੂੰ ਭੈਣ ਬਰਾਬਰ ਸਮਝੇ ਅਤੇ ਵਹੁਟੀ ਗਭਰੂ ਵਾਲੇ ਸੰਬੰਧ ਨਾ ਰਖੇ।

ਪਿਛਲੇ ਨਰੀਖਣਾਂ ਉਪ੍ਰੰਤ ਮੇਰੀ ਰਾਏ ਇਹ ਹੈ ਕਿ ਮਨੁਖ ਦੀ ਉੱਨਤੀ ਦੇ ਰਾਹ 'ਚ ਵਹੁਟੀ ਬੱਚੇ ਅਤੇ ਰੁਪਿਆ ਇਕ ਕੋੜ੍ਹ ਹਨ। ਵਹੁਟੀ, ਬੱਚੇ ਅਤੇ ਰੁਪਏ ਦੇ ਕਾਰਨ ਮਨੁਖ ਦਲੇਰੀ ਅਤੇ ਬਹਾਦਰੀ ਤੋਂ ਸਖਣਾ ਰਹਿ ਜਾਂਦਾ ਹੈ ਤੇ ਸੰਕਟਾਂ ਦਾ ਟਾਕਰਾ ਨਹੀਂ ਕਰ ਸਕਦਾ। ਉਹ ਲੋਕ ਧੰਨਤਾ ਦੇ ਯੋਗ ਹਨ ਜਿਹੜੇ ਜੇਕਰ ਜਨਤਕ ਜੀਵਨ ਅਪਨਾਉਣ ਤੇ ਉਹਨਾਂ ਦੇ ਬਾਲ, ਬੱਚੇ, ਵਹੁਟੀ ਨਾ ਹੋਵੇ ਅਤੇ ਰੁਪਏ ਪੈਸੇ ਵਲੋਂ ਵੀ ਬੋਲੋ ਰਾਮ ਹੀ ਹੋਣ। ਵਿਆਹ ਕੇਵਲ ਉਹਨਾਂ ਲੋਕਾਂ ਨੂੰ ਕਰਾਉਣਾ ਚਾਹੀਦਾ ਹੈ ਜਿਹੜੇ ਕਲਰਕ ਮਾਰਕਾ ਹੋਣ ਅਤੇ ਜਿਨ੍ਹਾਂ ਦੇ ਜੀਵਨ ਦਾ ਉਦੇਸ਼ ਕੇਵਲ ਖਾਣਾ, ਪੀਣਾ, ਪਹਿਨਣਾ, ਵਿਆਹ ਕਰਨਾ, ਬਚੇ ਪੈਦਾ ਕਰਨੇ, ਬਚਿਆਂ ਨੂੰ ਖਵਾਉਣਾ, ਨੌਕਰੀ ਕਰਨਾ ਅਤੇ ਜੇਕਰ ਉਹਨਾਂ ਦਾ ਅਫ਼ਸਰ ਮੁਸਕਰਾ ਦੇਵੇ ਤਾਂ ਖ਼ੁਸ਼ ਹੋ ਜਾਣਾ ਅਤੇ ਜੇਕਰ ਅਫ਼ਸਰ ਦੇ ਮੱਥੇ ਤੇ ਵਟ ਪੈ ਜਾਣ ਤਾਂ ਰਾਤ ਜਗਰਾਤੇ ਕਟਣਾ ਹੋਵੇ।



Digitized by Panjab Digital Library | www.panjabdigilib.org

# ਐਡੀਟਰ "ਰਿਆਸਤ" ਤੇ ਚੋਰੀ ਦਾ ਮੁਕੱਦਮਾ

ਮੈਂ ਨਵਾਬ ਭੁਪਾਲ ਵਾਲੇ ਮੁਕੱਦਮੇ ਦੀ ਪੇਸ਼ੀ ਤੇ ਮਿਸਟਰ ਬ੍ਰਿਜ ਬਿਹਾਰੀ ਤੌਕਲੀ ਅਤੇ ਸਰਦਾਰ ਬਹਾਦਰ ਭਗਵਾਨ ਸਿੰਘ ਵਕੀਲਾਂ ਨਾਲ ਹੋਸ਼ੰਗਾਬਾਦ ਗਿਆ ਹੋਇਆ ਸਾਂ। ਵਾਪਸ ਆਇਆ ਤਾਂ ਦਫ਼ਤਰ ਦੇ ਬੰਦਿਆਂ ਨੇ ਦਸਿਆ ਕਿ ਸੁਰਗਵਾਸੀ ਨਵਾਬ ਸਾਹਿਬ ਰਾਮਪੁਰ ਦੇ ਏ. ਡੀ. ਸੀ ਕਰਨਲ ਮੁਹੰਮਦ ਅਲੀ ਆਏ ਸਨ ਅਤੇ ਆਖਦੇ ਸਨ ਕਿ ਨਵਾਬ ਸਾਹਿਬ ਰਾਮਪੁਰ ਦੀ ਸਕੀ ਭੈਣ ਸ਼ਹਿਜ਼ਾਦੀ ਬੇਗਮ ਸਾਹਿਬਾ ਦਿੱਲੀ ਆਈ ਹੈ। ਰਾਮ ਕਿਸ਼ੋਰ ਲੇਨ ਦੀ ਇਕ ਕੋਠੀ ਵਿਚ ਠਹਿਰੀ ਹੋਈ ਹੈ ਅਤੇ ਮਿਲਣਾ ਚਾਹੁੰਦੀ ਹੈ। ਮੈਂ ਸ਼ਾਮ ਨੂੰ ਕਾਰ ਵਿਚ ਉਹਨਾਂ ਨੂੰ ਮਿਲਣ ਗਿਆ ਤਾਂ ਜਿਸ ਕੋਠੀ ਦਾ ਪਤਾ ਦਸਿਆ ਗਿਆ ਸੀ ਉਹ ਖ਼ਾਲੀ ਸੀ। ਕੋਠੀ ਦੇ ਚੌਕੀਦਾਰ ਤੋਂ ਪਤਾ ਲਗਾ ਕਿ ਦੋ ਤਿੰਨ ਦਿਨ ਹੋਏ ਬੇਗਮ ਸਾਹਿਬਾ ਨਵੀਂ ਦਿੱਲੀ ਦੀ ਕਿਸੇ ਕੋਠੀ ਵਿਚ ਚਲੀ ਗਈ ਹੈ। ਮੈਂ ਗਵਾਂਢੀਆਂ ਤੋਂ ਪੁਛਿਆ ਕਿ ਨਵੀਂ ਦਿੱਲੀ ਵਿਚ ਕਿਹੜੀ ਸੜਕ ਤੇ ਉਹ ਕੋਠੀ ਹੈ ਤਾਂ ਕੁਝ ਪਤਾ ਨਾ ਲਗਾ। ਵਾਪਸ ਆ ਗਿਆ। ਡਾਕਖ਼ਾਨੇ ਨੂੰ ਟੈਲੀਫ਼ੂਨ ਕੀਤਾ ਕਿ ਬੇਗਮ ਸਾਹਿਬਾ ਦੀ ਡਾਕ ਕਿਥੇ ਜਾਂਦੀ ਹੈ ਤਾਂ ਉਹਨਾਂ ਨੇ ਦਸਿਆ ਕਿ ਉਹਨਾਂ ਪਾਸ ਕੋਈ ਹਦਾਇਤ ਨਹੀਂ। ਦੋ ਦਿਨਾਂ ਪਿਛੋਂ ਕਰਨਲ ਮੁਹੰਮਦ ਅਲੀ ਫੇਰ ਆਏ, ਉਹਨਾਂ ਦਸਿਆ ਕਿ ਸ਼ਹਿਜ਼ਾਦੀ ਬੇਗਮ ਸਾਹਿਬਾ ਨਵੀਂ ਦਿੱਲੀ ਯਾਰਕ ਰੋਡ ਦੀ ਇਕ ਕੋਠੀ ਵਿਚ ਠਹਿਰੀ ਹੋਈ ਹੈ ਅਤੇ ਕਈ ਵਾਰ ਯਾਦ ਕਰ ਚੁਕੀ ਹੈ। ਸ਼ਾਮ ਨੂੰ ਜਦ ਸੈਰ ਲਈ ਗਿਆ ਤਾਂ ਯਾਰਕ ਰੋਡ ਵਾਲੀ ਉਸ ਕੋਠੀ 'ਚ ਪਹੁੰਚਿਆ ਜਿਸਦਾ ਪਤਾ ਦਸਿਆ ਗਿਆ ਸੀ। ਕਰਨਲ ਮੁਹੰਮਦ ਅਲੀ ਉਡੀਕ ਵਿਚ ਸਨ। ਮੈਨੂੰ ਡਰਾਇੰਗ ਰੂਮ ਵਿਚ ਲੈ ਗਏ। ਬੇਗਮ ਸਾਹਿਬਾ ਦੇ ਦੋਵੇਂ ਸਾਹਿਬਜ਼ਾਦੇ — ਵਰਤਮਾਨ ਨਵਾਬ ਰਾਮਪੁਰ ਦੇ ਸਕੇ ਭਨੇਵੇਂ — ਵੀ ਬੈਠੇ ਹੋਏ ਸਨ। ਥੋੜੇ ਚਿਰ ਪਿਛੋਂ ਨਾਲ ਵਾਲੇ ਕਮਰੇ 'ਚ ਬੇਗਮ ਸਾਹਿਬਾ ਆਈ, ਕਮਰੇ ਦੀ ਆੜ ਵਿਚ ਪੜਦੇ ਉਹਲੇ ਬਹਿਕੇ ਆਪ ਨੇ ਗਲਾਂ ਸ਼ੁਰੂ ਕੀਤੀਆਂ। ਆਪ ਨੇ ਪੁਛਿਆ ਕਿ ਕੀ ਦਫ਼ਤਰ "ਰਿਆਸਤ" ਵਿਚ ਰਾਮਪੁਰ ਤੋਂ ਗੁੰਮਨਾਮ ਖ਼ਤ ਮਿਲਿਆ ਕਰਦੇ ਸਨ। ਮੈਂ ਕਿਹਾ ਮੈਨੂੰ ਚੇਤੇ ਨਹੀਂ ਸ਼ਾਇਮ ਮਿਲੇ ਹੋਣ। ਆਪ ਨੇ ਦਸਿਆ ਕਿ ਰਾਮਪੁਰ ਦੇ ਸ਼ਾਹੀ ਮਹੱਲਾਂ 'ਚੋਂ ਆਪ ਬਿਨਾਂ ਨਾਂ ਲਿਖੇ ਦੇ ਉਥੋਂ ਦੀਆਂ ਬੇਇਨਸਾਫ਼ੀਆਂ ਬਾਰੇ ਖ਼ਤ ਲਿਖਿਆ ਕਰਦੀ ਸੀ ਅਤੇ ਨੌਕਰਾਂ ਨੂੰ ਦੇ ਕੇ ਸਟੇਸ਼ਨ ਤੋਂ ਡਾਕੇ ਪਵਾਇਆ ਕਰਦੀ ਸੀ। ਮੈਂ ਚੇਤੇ ਤੇ ਜ਼ੋਰ ਦਿਤਾ ਤਾਂ ਮੈਨੂੰ ਯਾਦ ਆਇਆ ਕਿ ਕਈ ਗੁੰਮਨਾਮ ਖ਼ਤ ਰਾਮਪੁਰ ਤੋਂ ਮਿਲੇ ਸਨ।



Digitized by Panjab Digital Library | www.panjabdigilib.org

ਜਿਨ੍ਹਾਂ ਵਿਚ ਰਾਮਪੁਰ ਮਹਲਾਂ ਦੇ ਅੰਦਰਲੇ ਜ਼ੁਲਮ ਭਰੇ ਸਮਾਚਾਰਾਂ ਦਾ ਵਰਣਨ ਹੁੰਦਾ ਸੀ। ਆਪ ਨੇ ਦਸਿਆ ਕਿ ਆਪ ਨੇ ਇਕ ਲੰਮਾ ਸਮਾਂ ਇਕ ਕੈਦੀ ਦੀ ਤਰ੍ਹਾਂ ਮਹਲਾਂ ਵਿਚ ਬਤੀਤ ਕੀਤਾ ਹੈ। ਆਪ ਨੂੰ ਮਹਲਾਂ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਸੀ। ਆਪ ਨਵਾਬ ਸਾਹਿਬ ਅਤੇ ਆਪਣੀ ਭਰਜਾਈ ਆਦਿ ਅਤੇ ਹੋਰ ਸੰਬੰਧੀਆਂ ਨਾਲ ਮਨਸੂਰੀ ਗਈ ਅਤੇ ਜਦ ਸਾਰੇ ਜਣੇ ਮਨਸੂਰੀ ਤੋਂ ਵਾਪਸ ਡੇਹਰਾਦੂਨ ਜਾ ਰਹੇ ਸਨ ਤਾਂ ਆਪ ਰਸਤੇ ਵਿਚ ਡੇਹਰਾਦੂਨ ਰਾਮਪੁਰ ਵਾਲੀ ਗਡੀ ਦੀ ਬਜਾਏ ਦਿੱਲੀ ਵਿਚ ਇਸ ਮਤਲਬ ਲਈ ਆਈ ਹੈ ਕਿ ਪੁਲੀਟੀਕਲ ਡੀਪਾਰਟਮੈਂਟ ਆਪ ਨਾਲ ਨਿਆਂ ਕਰੇ ਅਤੇ ਜਨਤਾ ਨੂੰ ਦਸਿਆ ਜਾਏ ਕਿ ਇਕ ਭਰਾ ਨੇ ਸਕੀ ਭੈਣ ਨਾਲ ਕਿਵੇਂ ਵਧੀਕੀਆਂ ਕੀਤੀਆਂ ਹਨ। ਮੈਂ ਦੋ ਘੰਟੇ ਦੇ ਆਨ ਮਾਨ ਬੇਗਮ ਸਾਹਿਬਾ ਨਾਲ ਗਲਾਂ ਕਰਦਾ ਰਿਹਾ। ਮੈਂ ਡਰਾਇੰਗ ਰੂਮ ਵਿਚ ਸਾਂ ਅਤੇ ਉਹ ਪੜਦੇ ਪਿਛੇ ਦਰਵਾਜ਼ੇ ਦੀ ਆੜ ਵਿਚ ਦੂਜੇ ਕਮਰੇ ਦੇ ਅੰਦਰ। ਗੱਲਾਂ ਹੋ ਚੁਕਣ ਪਿਛੋਂ ਮੈਂ ਇਹ ਇਕਰਾਰ ਕਰਕੇ ਤੁਰ ਆਇਆ ਕਿ ਹਾਜ਼ਰ ਹੋਇਆ ਕਰਾਂਗਾ।

ਸ਼ਹਿਜ਼ਾਦੀ ਬੇਗਮ ਸਾਹਿਬਾ ਦੇ ਆਉਣ ਦੀ ਖ਼ਬਰ ਸਾਰੇ ਸ਼ਹਿਰ ਵਿਚ ਧੁੰਮ ਗਈ ਅਤੇ ਭਰਾ ਦੀਆਂ ਭੈਣ ਨਾਲ ਕੀਤੀਆਂ ਗਈਆਂ ਵਧੀਕੀਆਂ ਦੇ ਚਰਚੇ ਸ਼ੁਰੂ ਹੋਏ। ਖਵਾਜਾ ਹਸਨ ਨਿਜ਼ਾਮੀ ਨੂੰ ਜਦ ਪਤਾ ਲਗਾ ਤਾਂ ਆਪ ਝਟ ਰਾਮਪੁਰ ਪੁਜੇ। ਉਥੋਂ ਵੀਹ ਹਜ਼ਾਰ ਰੁਪਿਆ ਏਸ ਲਈ ਨਾਲ ਲਿਆਏ ਕਿ ਸ਼ਹਿਜ਼ਾਦੀ ਬੇਗਮ ਸਾਹਿਬਾ ਨੂੰ ਦਿੱਲੀ ਵਿਚ ਬਦਨਾਮ ਕੀਤਾ ਜਾਏ। ਆਪ ਨੇ ਇਕ ਰੋਜ਼ਾਨਾ ਪਤਰ "ਆਦਲ" ਸ਼ੁਰੂ ਕੀਤਾ। ਇਸ ਵਿਚ ਹਰ ਰੋਜ਼ ਸ਼ਹਿਜ਼ਾਦੀ ਬੇਗਮ ਸਾਹਿਬਾ ਦੇ ਵਿਰੁਧ ਕਈ ਕਈ ਕਾਲਮਾਂ ਦੇ ਲੇਖ ਸ਼ੁਰੂ ਹੋਏ। ਆਪ ਨੇ ਕੁਝ ਭਾੜੇ ਦੇ ਟੱਟੂ ਥੋੜ੍ਹੇ ਜਿਹੇ ਰੁਪਏ ਨਾਲੇ ਖ਼ਰੀਦੇ ਅਤੇ ਬਾਕੀ ਰੁਪਿਆ ਜਿਹੜਾ ਦੂਜੇ ਬੰਦਿਆਂ ਦੇ ਨਾਂ ਤੇ ਲਿਆਏ ਸਨ ਉਹ ਵੀ ਡਕਾਰ ਗਏ। ਕੁਝ ਦਿਨਾਂ ਪਿਛੋਂ ਫੇਰ ਰਾਮਪੁਰ ਤਸ਼ਰੀਫ਼ ਲੈ ਗਏ। ਇਸ ਤਰ੍ਹਾਂ ਹੇਰੀ ਫੇਰੀ ਕਰਕੇ ਆਪ ਨੇ ਕਾਫ਼ੀ ਰੁਪਿਆ ਅਖ਼ਬਾਰ "ਆਦਲ" ਨੂੰ ਚਲਾਉਣ ਅਤੇ ਦੂਜੇ ਲੋਕਾਂ ਦਾ ਈਮਾਨ ਖ਼ਰੀਦਣ ਦੇ ਨਾਂ ਤੇ ਪ੍ਰਾਪਤ ਕੀਤਾ ਅਤੇ ਨਵਾਬ ਰਾਮਪੁਰ ਨੂੰ ਭਰੋਸਾ ਦਵਾਇਆ ਕਿ ਆਪ ਪੁਲੀਟੀਕਲ ਡੀਪਾਰਟਮੈਂਟ ਤੇ ਵੀ ਆਪਣਾ ਪਰਭਾਵ ਵਰਤ ਕੇ ਸ਼ਹਿਜ਼ਾਦੀ ਬੇਗਮ ਸਾਹਿਬਾ ਨੂੰ ਜ਼ਬਰਦਸਤੀ ਦਿੱਲੀ ਤੋਂ ਰਾਮ ਪੁਰ ਭਿਜਵਾ ਦੇਣਗੇ। ਹਾਲਾਂ ਕਿ ਪੁਲੀਟੀਕਲ ਡੀਪਾਰਟਮੈਂਟ ਆਪ ਨੂੰ ਜੋ ਕੁਝ ਸਮਝਦਾ ਸੀ ਉਸ ਨੂੰ ਵੇਖ ਕੇ ਹਾਸਾ ਆਉਂਦਾ ਸੀ ਕਿ ਨਵਾਬ ਸਾਹਿਬ ਰਾਮ ਪੁਰ ਨੂੰ ਕਿਵੇਂ ਉਲੂ ਬਣਾਇਆ ਜਾ ਰਿਹਾ ਹੈ।



Digitized by Panjab Digital Library | www.panjabdigilib.org

ਏਧਰ ਤਾਂ ਖਵਾਜਾ ਹਸਨ ਨਿਜ਼ਾਮੀ ਨੇ ਸ਼ਹਿਜ਼ਾਦੀ ਬੇਗ਼ਮ ਸਾਹਿਬਾ ਵਿਰੁਧ ਅਖ਼ਬਾਰ "ਆਦਲ" ਅਤੇ ਹੋਰ ਦੂਜੇ ਕੁਝ ਅਖ਼ਬਾਰਾਂ ਵਿਚ ਗੰਦਾ ਪ੍ਰਾਪੇਗੰਡਾ ਸ਼ੁਰੂ ਕੀਤਾ। ਉਧਰ ਸ਼ਹਿਜ਼ਾਦੀ ਬੇਗ਼ਮ ਸਾਹਿਬਾ ਦੇ ਘਰ ਸਵਾਰਥੀ ਆਦਮੀਆਂ ਨੇ ਆਉਣਾ ਸ਼ੁਰੂ ਕਰ ਦਿਤਾ। ਕੋਈ ਟ੍ਰੈਕਟ ਲਿਖਣ ਦੀ ਸਲਾਹ ਦਿੰਦਾ, ਕੋਈ ਇਸ਼ਤਿਹਾਰ ਲਿਖਣ ਦੀ, ਕੋਈ ਨਵਾਂ ਅਖ਼ਬਾਰ ਕਢਣ ਲਈ ਸਹਾਇਤਾ ਚਾਹੁੰਦਾ ਅਤੇ ਕੋਈ ਆਪਣੇ ਅਖ਼ਬਾਰ ਵਿਚ ਹਮਾਇਤ ਕਰਨ ਦਾ ਇਕਰਾਰ ਕਰਦਾ। ਬੇਗ਼ਮ ਸਾਹਿਬਾ ਕਿਸੇ ਨੂੰ ਕੁਝ ਜੁਆਬ ਨਾ ਦਿੰਦੀ ਕੇਵਲ ਇਹ ਆਖ ਕੇ ਸਭ ਨੂੰ ਟਾਲ ਦਿਤਾ ਜਾਂਦਾ ਕਿ ਅੱਛਾ, ਸੋਚਾਂਗੀ। ਮੈਂ ਕੰਮ ਤੋਂ ਵਿਹਲਾ ਹੋਣ ਪਿਛੋਂ ਜਦ ਕਾਰ ਤੇ ਸੈਰ ਨੂੰ ਜਾਂਦਾ ਤਾਂ ਤ੍ਰਿਕਾਲਾਂ ਨੂੰ ਬੇਗ਼ਮ ਸਾਹਿਬਾ ਦੇ ਘਰ ਵੀ ਹਰ ਰੋਜ਼ ਪਹੁੰਚਦਾ। ਬੇਗ਼ਮ ਸਾਹਿਬਾ ਦਸਦੀ ਕਿ ਕਿਹੜੇ ਕਿਹੜੇ ਸਜਨ ਆਏ ਸਨ ਅਤੇ ਕੀ ਆਖਦੇ ਸਨ। ਮੈਂ ਮੁਨਾਸਬ ਰਾਏ ਦੇ ਦਿੰਦਾ ਕਿਉਂਕਿ ਮੈਂ ਇਹਨਾਂ ਸੇਵਾਆਂ ਪੇਸ਼ ਕਰਨ ਵਾਲਿਆਂ ਦੇ ਸਾਰੇ ਹਾਲਾਂ ਤੋਂ ਜਾਣੂ ਸਾਂ। ਇਹ ਸਮਾਂ ਵੀ ਮੇਰੇ ਅਤੇ ਮੇਰਿਆਂ ਮਿਤਰਾਂ ਲਈ ਪ੍ਰੀਖਿਆ ਦਾ ਸੀ। ਇਸ ਤੋਂ ਪਹਿਲਾਂ ਮੇਰੇ ਅਤੇ ਖਵਾਜਾ ਹਸਨ ਨਿਜ਼ਾਮੀ ਵਿਚਕਾਰ ਬੜੇ ਡੂੰਘੇ ਮਿਤਰਾਨਾ ਸੰਬੰਧ ਸਨ। ਆਪ ਨੇ ਨਵਾਬ ਰਾਮਪੁਰ ਨੂੰ ਪ੍ਰਸੰਨ ਕਰਨ ਲਈ ਮੇਰੇ ਵਿਰੁਧ ਲਿਖਣ ਦਾ ਸ੍ਰੀ ਗਣੇਸ਼ ਏਸ ਅਖ਼ਬਾਰ "ਆਦਲ" ਤੋਂ ਕੀਤਾ। ਜਦ ਖਵਾਜਾ ਹਸਨ ਨਿਜ਼ਾਮੀ ਨੇ ਮੇਰੇ ਵਿਰੁਧ ਪਹਿਲਾ ਲੇਖ ਲਿਖਿਆ ਤਾਂ ਮੈਂ ਵਾਹਦੀ ਸਾਹਿਬਾ ਅਤੇ ਭਈਆ ਸ਼ੇਖ ਅਹਿਸਾਨ ਜੋ ਦੋਹਾਂ ਦੇ ਸਾਂਝੇ ਮਿਤਰ ਸਨ ਦੀਰਾਹੀਂ ਆਪ ਨੂੰ ਕਿਹਾ ਕਿ ਮੇਰੇ ਵਿਰੁਧ ਬਿਨਾਂ ਕਿਸੇ ਕਾਰਨ ਕੇਵਲ ਨਵਾਬ ਰਾਮਪੁਰ ਨੂੰ ਪ੍ਰਸੰਨ ਕਰਨ ਹਿਤ ਨਾ ਲਿਖੋ। ਇਹ ਸਜਨਤਾਈ ਦੇ ਨੇਮ ਵਿਰੁਧ ਹੈ। ਜ਼ਬਾਨੀ ਤਾਂ ਆਪ ਨੇ ਵਾਹਦੀ ਸਾਹਿਬ ਅਤੇ ਭਈਆ ਅਹਿਸਾਨ ਦੋਹਾਂ ਨਾਲ ਕੌਲ ਕੀਤਾ, ਪਰ ਲੇਖਾਂ ਦੀ ਲੜੀ ਚਾਲੂ ਰਖੀ ਕਿਉਂਕਿ ਉਹਨਾਂ ਦਾ ਖੀਸਾ ਉਹਨਾਂ ਨੂੰ ਮਜਬੂਰ ਕਰ ਰਿਹਾ ਸੀ ਕਿ ਨਵਾਬ ਰਾਮਪੁਰ ਨੂੰ ਵਧੇਰੇ ਪ੍ਰਸੰਨ ਕਰੇ। ਆਖ਼ਰ ਮੈਂ ਵਾਹਦੀ ਸਾਹਿਬ ਨੂੰ ਟੈਲੀਫ਼ੂਨ ਤੇ ਆਖਿਆ ਕਿ ਹੁਣ ਮੈਂ ਖਵਾਜਾ ਸਾਹਿਬ ਨੂੰ ਅਜਿਹਾ ਸਿਧਾ ਤੀਰ ਕਰਾਂਗਾ ਜਿਵੇਂ...—ਇਸ ਪਿਛੋਂ ਪੰਜਾਬੀ ਵਿਚ ਉਹ ਕਿਹਾ ਜਿਸਦਾ ਏਥੇ ਲਿਖਣਾ ਸਭਿਅਤਾ ਆਗਿਆ ਨਹੀਂ ਦਿੰਦੀ — ਵਾਹਦੀ ਸਾਹਿਬ ਵਿਚਾਰੇ ਪੰਜਾਬੀ ਜ਼ਬਾਨ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਸਕਦੇ ਸਨ ਅਤੇ ਅਸਾਧਾਰਨ ਤੇ ਲੋੜੋਂ ਵਧੀਕ ਨੇਕ ਸਨ। ਆਪ ਨੇ ਜਦ ਮੈਨੂੰ ਅਤਿ ਕਰੋਧ ਦੀ ਅਵਸਥਾ 'ਚ ਟੈਲੀਫ਼ੂਨ ਤੇ ਪੰਜਾਬੀ ਦੇ ਵਧੇਰੇ ਕਰੜੇ ਅਤੇ ਜ਼ੋਰਦਾਰ ਅੱਖਰ ਕਹਿੰਦਿਆਂ ਸੁਣਿਆ ਤਾਂ ਆਪ ਨੇ ਕਿਹਾ "ਕੀ ਫ਼ਰਮਾਇਆ ਸਰਦਾਰ

ਸਾਹਿਬ, ਕੀ ਫ਼ਰਮਾਇਆ, ਮੈਂ ਸਮਝਿਆ ਨਹੀਂ ਆਪ ਨੇ ਕੀ ਫ਼ਰਮਾਇਆ ?" ਮੈਂ ਪੰਜਾਬੀ ਦੇ ਉਹਨਾਂ ਵਾਕਾਂ ਦਾ ਉਰਦੂ ਵਿਚ ਉਲਥਾ ਕੀਤਾ ਤਾਂ ਵਾਹਦੀ ਸਾਹਿਬ ਸੁਣ ਕੇ ਸੁੰਨ ਹੋ ਗਏ । ਮੈਂ ਟੈਲੀਫ਼ੂਨ ਬੰਦ ਕਰ ਦਿਤਾ ਅਤੇ ਜਾਣ ਗਿਆ ਕਿ ਖਵਾਜਾ ਹਸਨ ਨਿਜ਼ਾਮੀ ਰੁਪਏ ਦੇ ਲਾਲਚ ਪਿਛੇ ਦੋਸਤਾਂ ਨੂੰ ਵੀ ਕੁਰਬਾਨ ਕਰ ਸਕਦਾ ਹੈ । ਇਸ ਪਰਕਾਰ ਉਸ ਪਿਛੋਂ ਕਦੀ ਉਹਨਾਂ ਨਾਲ ਸੰਬੰਧ ਚੰਗੇ ਨਹੀਂ ਹੋ ਸਕੇ ਹਾਲਾਂ ਕਿ ਉਹਨਾਂ ਨੇ ਦਰਜਨਾਂ ਵਾਰ ਸੰਬੰਧਾਂ ਨੂੰ ਚੰਗਿਆਂ ਕਰਨ ਦਾ ਯਤਨ ਕੀਤਾ — ਇਹਨਾਂ ਸਾਰਿਆਂ ਸਮਾਚਾਰਾਂ ਦਾ ਗਿਆਨ ਵਾਹਦੀ ਸਾਹਿਬ ਅਤੇ ਭਈਆ ਅਹਿਸਾਨ ਦੋਹਾਂ ਨੂੰ ਹੈ ਅਤੇ ਇਹੀ ਕਾਰਨ ਹੈ ਕਿ ਖਵਾਜਾ ਸਾਹਿਬ ਦੀ ਵਿਰੋਧਤਾ ਦਾ ਇਹਨਾਂ ਦੋਹਾਂ ਤੇ ਕੋਈ ਪ੍ਰਭਾਵ ਨਹੀਂ ਪਿਆ ਅਤੇ ਮੇਰੇ ਇਹਨਾਂ ਦੋਹਾਂ ਨਾਲ ਸਦਾ ਹੀ ਡੂੰਘੇ ਪਿਆਰ ਤੇ ਦੋਸਤੀ ਦੇ ਸੰਬੰਧ ਕਾਇਮ ਰਹੇ । ਇਸ ਤਰ੍ਹਾਂ ਕਿ ਭਈਆ ਸਾਹਿਬ ਨੇ ਤਾਂ ਦੋ ਸਾਲ ਹੋਏ ਮੇਰੇ ਜੇਲ੍ਹ ਜਾਣ ਪਿਛੋਂ ਮੇਰੀ ਗ਼ੈਰ ਹਾਜ਼ਰੀ ਵਿਚ ਦਫ਼ਤਰ "ਰਿਆਸਤ" ਦਾ ਅਤੇ ਮੇਰਾ ਨਿਜੀ ਸਾਰਾ ਪ੍ਰਬੰਧ ਵੀ ਆਪਣੇ ਜ਼ਿੰਮੇਂ ਲੈ ਲਿਆ ਅਤੇ ਮੇਰੇ ਹੁਣ ਤਕ ਦੋਹਾਂ ਮਿਤਰਾਂ ਨਾਲ ਭਰਾਵਾਂ ਵਾਂਗ ਡੂੰਘੇ ਸੰਬੰਧ ਹਨ — ਖਵਾਜਾ ਹਸਨ ਨਿਜ਼ਾਮੀ ਦੇ ਇਲਾਵਾ ਉਸ ਜ਼ਮਾਨੇ 'ਚ ਕਈ ਹੋਰ ਦੋਸਤ ਵੀ ਸਦਾ ਲਈ ਵਖ ਹੋ ਗਏ । ਮੇਰਠ ਦੇ ਇਕ ਜਰਨਲਿਸਟ ਇਹਨਾਂ ਸਮਾਚਾਰਾਂ ਤੋਂ ਪਹਿਲਾਂ ਜਦ ਕਦੀ ਦਿੱਲੀ ਆਉਂਦੇ ਤਾਂ ਐਡੀਟਰ "ਰਿਆਸਤ" ਦੇ ਮਕਾਨ ਤੇ ਠਹਿਰਦੇ । ਬੜੇ ਡੂੰਘੇ ਵਿਹਾਰ ਸਨ । ਏਸ ਖਿਚ ਖਿਚਾਈ ਨੂੰ ਵੇਖ ਕੇ ਉਹਨਾਂ ਦੇ ਮੂੰਹ ਵਿਚ ਵੀ ਪਾਣੀ ਭਰ ਆਇਆ । ਖਵਾਜਾ ਹਸਨ ਨਿਜ਼ਾਮੀ ਕੋਲ ਚਲੇ ਗਏ ਅਤੇ ਕੁਝ ਸਹਾਇਤਾ ਮੰਗੀ, ਪਰ ਉਥੇ ਮੰਗਤਿਆਂ ਕੋਲ ਦੂਜਿਆਂ ਲਈ ਕੀ ਰਖਿਆ ਪਿਆ ਸੀ, ਉਹਨਾਂ ਦੀ ਝੋਲੀ ਵਿਚ ਤਾਂ ਆਪਣੇ ਲਈ ਵੀ ਕਾਫ਼ੀ ਨਾ ਹੁੰਦਾ । ਅਸਫ਼ਲ ਮੁੜ ਮੇਰਠ ਚਲੇ ਗਏ । ਕੁਝ ਦਿਨਾਂ ਪਿਛੋਂ ਫੇਰ ਦਫ਼ਤਰ "ਰਿਆਸਤ" ਵਿਖੇ ਤਸ਼ਰੀਫ਼ ਲਿਆਏ । ਮੈਨੂੰ ਉਹਨਾਂ ਦਾ ਖਵਾਜਾ ਹਸਨ ਨਿਜ਼ਾਮੀ ਨੂੰ ਮਿਲਣਾ ਅਤੇ ਆਪਣੀਆਂ ਸੇਵਾਆਂ ਭੇਟਾ ਕਰਨ ਦੀ ਸੂਚਨਾ ਮਿਲ ਚੁਕੀ ਸੀ । ਮੈਂ ਕਿਹਾ ਤਸ਼ਰੀਫ਼ ਦਾ ਟੋਕਰਾ ਲੈ ਜਾਓ ਤੇ ਫੇਰ ਸਦਾ ਲਈ ਕਦੀ ਨਾ ਆਉਣਾ । ਇਸ ਤਰ੍ਹਾਂ ਉਸ ਪਿਛੋਂ ਉਹਨਾਂ ਸ੍ਰੀ ਮਾਨ ਜੀ ਦਾ ਏਧਰ ਮੂੰਹ ਕਰਨ ਦਾ ਕਦੀ ਹੌਸਲਾ ਨਹੀਂ ਪਿਆ । ਏਸੇ ਤਰ੍ਹਾਂ ਕਈ ਹੋਰ ਦੋਸਤਾਂ ਨਾਲੋਂ ਵੀ ਸੰਬੰਧ ਟੁਟ ਗਏ, ਜਿਨ੍ਹਾਂ ਬਾਰੇ ਵੇਖ ਲਿਆ ਕਿ ਇਹ ਲੋਕ ਰੁਪਏ ਤੇ ਮਿਤਰਾਂ ਨੂੰ ਕੁਰਬਾਨ ਕਰ ਸਕਦੇ ਹਨ ।

ਮੈਂ ਇਕ ਦਿਨ ਸ਼ਾਮ ਨੂੰ ਸ਼ਹਿਜ਼ਾਦੀ ਬੇਗ਼ਮ ਸਾਹਿਬਾ ਦੇ ਘਰ ਗਿਆ ਤਾਂ ਉਹਨਾਂ ਨੇ ਫ਼ਰਮਾਇਆ ਕਿ ਇਕ ਸ੍ਰੀ ਮਾਨ ਜੀ ਖ਼ਵਾਜਾ ਹਸਨ ਨਿਜ਼ਾਮੀ ਕੋਲ



Digitized by Panjab Digital Library | www.panjabdigilib.org

ਕੰਮ ਕਰਦੇ ਹਨ ਆਏ ਸਨ ਤੇ ਕਹਿੰਦੇ ਸਨ ਕਿ ਜੇਕਰ ਰੁਪਿਆ ਦਿਓ ਤਾਂ ਖ਼ਵਾਜਾ ਹਸਨ ਨਿਜ਼ਾਮੀ ਦੇ ਕੁਝ ਕਾਗਜ਼ ਦਿਤੇ ਜਾ ਸਕਦੇ ਹਨ ਜਿਹੜੇ ਕਿ ਰਾਮਪੁਰ ਤੋਂ ਆਏ ਹਨ। ਕਿਉਂਕਿ ਤੁਹਾਡੇ ਨਾਲ ਸਲਾਹ ਕਰਨੀ ਸੀ ਇਸ ਲਈ ਉਸ ਆਦਮੀ ਨੂੰ ਕਲ ਆਉਣ ਲਈ ਕਹਿ ਦਿਤਾ ਹੈ। ਮੈਂ ਕਿਹਾ ਕਿ ਕਲ ਜਦ ਉਹ ਆਦਮੀ ਆਏ ਤਾਂ ਉਸ ਨੂੰ ਕਹਿਣਾ ਕਿ ਪਹਿਲਾਂ ਕਾਗਜ਼ ਵਿਖਾਏ ਫੇਰ ਰੁਪਏ ਦਾ ਫ਼ੈਸਲਾ ਹੋ ਸਕਦਾ ਹੈ। ਅਗਲੇ ਦਿਨ ਉਸ ਕਲਰਕ ਨੂੰ ਇਹੋ ਕਿਹਾ ਗਿਆ। ਤੀਜੇ ਦਿਨ ਉਹ ਆਦਮੀ ਕਾਗਜ਼ਾਂ ਦਾ ਇਕ ਨਿਕਾ ਜਿਹਾ ਬੰਡਲ ਲੈ ਕੇ ਆਇਆ ਤਾਂ ਉਸ ਨੂੰ ਕਿਹਾ ਗਿਆ ਕਿ ਦੋ ਦਿਨਾਂ ਪਿਛੋਂ ਉਤਰ ਦਿਤਾ ਜਾਏਗਾ। ਮੈਂ ਉਸੇ ਦਿਨ ਜਦ ਬੇਗਮ ਸਾਹਿਬਾ ਪਾਸ ਗਿਆ ਤਾਂ ਆਪ ਨੇ ਬਿਨਾਂ ਉਸ ਬੰਡਲ ਨੂੰ ਖੋਹਲੇ ਉਹ ਕਾਗ਼ਜ਼ ਮੈਨੂੰ ਵੇਖਣ ਲਈ ਦਿਤੇ। ਮੈਂ ਕਾਗ਼ਜ਼ ਲੈ ਕੇ ਦਫ਼ਤਰ ਚਲਾ ਆਇਆ ਉਥੇ ਉਸ ਬੰਡਲ ਨੂੰ ਖੋਹਲਿਆ ਤਾਂ ਵਧੇਰੇ ਕਰਕੇ ਉਸ ਵਿਚ ਖ਼ਵਾਜਾ ਹਸਨ ਨਿਜ਼ਾਮੀ ਦੇ ਆਪਣੇ ਲਿਖੇ ਹੋਏ ਲੇਖਾਂ ਦੇ ਰਦੀ ਖਰੜੇ ਸਨ ਜਿਨ੍ਹਾਂ ਨਾਲ ਸਾਨੂੰ ਕੋਈ ਲਾਗ ਨਹੀਂ ਸੀ। ਕੰਮ ਦੇ ਜਿਹੜੇ ਕਾਗ਼ਜ਼ ਮਿਲੇ ਉਹਨਾਂ 'ਚੋਂ ਚਾਰ ਪੰਜ ਬਹੁਤ ਜ਼ਰੂਰੀ ਸਨ। ਇਕ ਖ਼ਤ ਮਸਊਦ ਸਾਹਿਬ—ਮੇਰਾ ਖ਼ਿਆਲ ਹੈ ਇਹੋ ਨਾਂ ਸੀ। ਉਹਨਾਂ ਸਮਿਆਂ 'ਚ "ਰਿਆਸਤ" ਵਿਚ ਇਸ ਖ਼ਤ ਦਾ ਬਲਾਕ ਛਪਿਆ ਸੀ—ਰੈਵੀਨਿਊ ਮਨਿਸਟਰ ਰਾਮਪੁਰ ਦਾ, ਇਕ ਉਥੋਂ ਦੇ ਪਬਲਿਸਿਟੀ ਆਫ਼ੀਸਰ ਦਾ ਅਤੇ ਇਕ ਹੋਰ ਸ੍ਰੀ ਮਾਨ ਜੀ ਦਾ ਸੀ। ਇਹਨਾਂ ਖ਼ਤਾਂ ਵਿਚ ਲਿਖਿਆ ਗਿਆ ਸੀ ਕਿ ਸ਼ਹਿਜ਼ਾਦੀ ਬੇਗਮ ਸਾਹਿਬਾ ਵਿਰੁਧ ਅਖ਼ਬਾਰਾਂ ਵਿਚ ਅਤੇ ਪੁਲੀਟੀਕਲ ਡੀਪਾਰਟਮੈਂਟ ਤੇ ਆਪਣਾ ਰਸੂਖ ਵਰਤਦਿਆਂ ਹੋਇਆਂ ਖ਼ੂਬ ਪ੍ਰਾਪੇਗੰਡਾ ਕਰੋ ਤਾਕਿ ਇਹ ਔਰਤ ਬਦਨਾਮ ਤੇ ਬੇਇਜ਼ਤ ਹੋਵੇ। ਇਹਨਾਂ ਖ਼ਤਾਂ ਤੋਂ ਇਲਾਵਾ ਅਖ਼ਬਾਰੀ ਦ੍ਰਿਸ਼ਟੀਕੋਨ ਨਾਲ ਕੁਝ ਲੇਖਾਂ ਦੇ ਖਰੜੇ ਬੜੇ ਕੀਮਤੀ ਸਨ ਜਿਹੜੇ ਖ਼ਵਾਜਾ ਸਾਹਿਬ ਨੇ ਆਪਣੇ ਅਖ਼ਬਾਰ ਵਿਚ ਛਪਣ ਲਈ ਹੈਦਰਾਬਾਦ ਤੋਂ ਭੇਜੇ ਸਨ ਅਤੇ ਜਿਨ੍ਹਾਂ ਵਿਚ ਘੜੀ ਮੁੜੀ ਉਹਨਾਂ ਨੇ ਆਪਣੇ ਆਪ ਨੂੰ "ਹਜ਼ਰਤ ਖ਼ਵਾਜਾ ਸਾਹਿਬ" ਲਿਖਿਆ ਹੋਇਆ ਸੀ। ਭਾਵ ਹਸਨ ਨਿਜ਼ਾਮੀ ਨੂੰ ਆਪਣੇ ਨਾਂ ਨਾਲ ਆਪ "ਹਜ਼ਰਤ ਖ਼ਵਾਜਾ ਸਾਹਿਬ" ਲਿਖਦੇ ਹੋਇਆਂ ਸ਼ਰਮ ਮਹਿਸੂਸ ਨਾ ਹੋਈ। ਹਾਲਾਂ ਕਿ ਘਟੀਆ ਤੋਂ ਘਟੀਆ ਦਿਮਾਗ਼ ਦੇ ਮਾਲਕ ਤੋਂ ਵੀ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਉਹ ਆਪਣੇ ਨਾਂ ਨਾਲ ਲਾਲਾ, ਬਾਬੂ, ਜਾਂ ਸਰਦਾਰ ਆਦਿ ਲਿਖੇ। ਮੈਂ ਜਦ ਇਹ ਕਾਗ਼ਜ਼ ਵੇਖੇ ਤਾਂ ਇੰਜ ਅਨੁਭਵ ਕੀਤਾ ਕਿ ਜਿਵੇਂ ਇਕ ਨਿਆ-ਮਤ ਹਥ ਆ ਗਈ ਹੋਵੇ ਅਤੇ ਇਹਨਾਂ ਨਾਲ ਖ਼ਵਾਜਾ ਹਸਨ ਨਿਜ਼ਾਮੀ ਦੀ



Digitized by Panjab Digital Library | www.panjabdigilib.org

ਜਨਤਾ ਵਿਚ ਅਖ਼ਲਾਕੀ ਮੌਤ ਕੀਤੀ ਜਾ ਸਕੇਗੀ । ਮੈਂ ਘੜੀ ਮੁੜੀ ਇਹਨਾਂ ਖ਼ਤਾਂ ਅਤੇ ਖਰੜਿਆਂ ਨੂੰ ਵੇਖਦਾ ਰਿਹਾ । ਮੈਨੂੰ ਨੀਂਦ ਨਾ ਆਈ—ਮੇਰਾ ਸੁਭਾਉ ਹੈ ਕਿ ਜਦ ਤਕ ਕਿਸੇ ਗਲ ਬਾਰੇ ਇਕ ਟੁਕ ਫ਼ੈਸਲਾ ਨਾ ਕਰ ਲਵਾਂ ਜਾਂ ਪ੍ਰੋਗਰਾਮ ਤਿਆਰ ਨਾ ਕਰ ਲਵਾਂ ਜਾਂ ਕੰਮ ਖ਼ਤਮ ਨਾ ਹੋ ਜਾਏ ਮੈਂ ਸੌਂ ਨਹੀਂ ਸਕਦਾ—ਅਧੇ ਘੰਟੇ ਦੇ ਆਨ ਮਾਨ ਇਹਨਾਂ ਕਾਗਜ਼ਾਂ ਨੂੰ ਵੇਖਦਾ ਰਿਹਾ ਅਤੇ ਰੋਟੀ ਵੀ ਖਾਂਦਾ ਰਿਹਾ । ਬੇਚੈਨੀ ਜਿਹੀ ਮਹਿਸੂਸ ਕਰ ਰਿਹਾ ਸਾਂ । ਸੋਚਦਾ ਰਿਹਾ । ਫੇਰ ਖ਼ਿਆਲ ਕੀਤਾ ਕਿ ਕਿਹੜਾ ਆਦਮੀ ਅਜਿਹਾ ਹੋਵੇਗਾ ਜੋ ਮਸਊਦ ਸਾਹਿਬ ਦੇ ਖ਼ਤ ਤੋਂ ਵਾਕਫ਼ ਹੋਵੇ । ਕੁਝ ਮਿੰਟ ਸੋਚਣ ਪਿਛੋਂ ਮਕਾਨ ਤੋਂ ਹੇਠਾਂ ਉਤਰਿਆ । ਦਫ਼ਤਰ ਦੇ ਪਿਛਲੇ ਪਾਸੇ ਮੋਟਰ ਗੈਰਾਜ ਸੀ । ਉਸ 'ਚੋਂ ਕਾਰ ਕਢੀ ਅਤੇ ਨਵੀਂ ਦਿੱਲੀ ਖ਼ਾਨ ਬਹਾਦਰ ਮੌਲਵੀ ਮੁਹੰਮਦ ਮਜ਼ਹਰ ਸਾਹਿਬ —ਜੋ ਦਿੱਲੀ ਆਉਣ ਤੋਂ ਪਹਿਲਾਂ ਯੂ. ਪੀ. ਵਿਚ ਨੌਕਰ ਸਨ, ਭਾਰਤ ਦੇ ਪ੍ਰਸਿਧ ਮੁਫਤੀ ਮੌਲਾਨਾ ਅਸ਼ਰਫ਼ ਅਲੀ ਥਾਨਵੀ ਦੇ ਸਕੇ ਛੋਟੇ ਭਰਾ ਸਨ ਅਤੇ ਬਾਅਦ ਵਿਚ ਰਿਆਸਤ ਹੈਦਰਾਬਾਦ ਵਿਚ ਇਕ ਬਹੁਤ ਵਡੀ ਪਦਵੀ ਤੇ ਸਨ—ਦੇ ਮਕਾਨ ਤੇ ਗਿਆ । ਰਾਤ ਦੇ ਸਾਢੇ ਦਸ ਵਜ ਚੁਕੇ ਸਨ, ਪਰ ਉਹ ਅਜੇ ਇਕ ਦੋਸਤ ਨਾਲ ਡਰਾਇੰਗ ਰੂਮ ਵਿਚ ਬੈਠੇ ਪਾਨ ਖਾ ਰਹੇ ਸਨ । ਮੈਨੂੰ ਵੇਖ ਕੇ ਹੈਰਾਨ ਰਹਿ ਗਏ । ਆਖਣ ਲਗੇ ਇਸ ਵੇਲੇ ਕਿਵੇਂ ਆਉਣਾ ਹੋਇਆ ਸੁਖ ਤਾਂ ਹੈ । ਮੈਂ ਕਿਹਾ "ਸਲਾਮੇ ਦਹਿਕਾਨੀ ਖ਼ਾਲੀ ਅਜ਼ ਮਤਲਬ ਨੇਸਤ" (ਜਟ ਦੀ ਸਲਾਮ ਬਿਨਾਂ ਮਤਲਬ ਤੋਂ ਨਹੀਂ ਹੁੰਦੀ) ਕੀ ਤੁਸੀਂ ਮਸਊਦ ਸਾਹਿਬ ਨੂੰ ਜਾਣਦੇ ਹੋ, ਜੋ ਪਹਿਲਾਂ ਯੂ. ਪੀ. ਵਿਚ ਡਿਪਟੀ ਕਲਕਟਰ ਸਨ ਅਤੇ ਅਜ ਕਲ ਰਾਮਪੁਰ ਵਿਚ ਹਨ । ਆਪ ਨੇ ਕਿਹਾ ਬੜੀ ਚੰਗੀ ਤਰ੍ਹਾਂ । ਮੈਂ ਖੀਸੇ 'ਚੋਂ ਮਸਊਦ ਸਾਹਿਬ ਵਾਲਾ ਖ਼ਤ ਕਢਿਆ ਅਤੇ ਪੁਛਿਆ ਕੀ ਤੁਸੀਂ ਇਹ ਲਿਖਤ ਪਛਾਣਦੇ ਹੋ । ਆਪ ਨੇ ਖ਼ਤ ਵੇਖ ਕੇ ਕਿਹਾ ਕਿ ਆਪ ਏਨੇ ਵਧੇਰੇ ਵਾਕਫ਼ ਨਹੀਂ, ਪਰ ਇਹ ਸਜਨ —ਜੋ ਨਾਲ ਬੈਠੇ ਸਨ ਉਹਨਾਂ ਵਲ ਸੰਕੇਤ ਕਰਕੇ—ਕਈ ਵਰ੍ਹੇ ਮਸਊਦ ਸਾਹਿਬ ਨਾਲ ਮੁਰਾਦਾਬਾਦ ਵਿਚ ਇਕੱਠੇ ਰਹੇ ਹਨ ਅਤੇ ਉਹਨਾਂ ਦੇ ਡੂੰਘੇ ਮਿਤ੍ਰ ਹਨ । ਖ਼ਤ ਉਹਨਾਂ ਸਜਨਾਂ ਨੂੰ ਵਿਖਾਇਆ ਗਿਆ ਤਾਂ ਉਹਨਾਂ ਨੇ ਵੇਂਹਦਿਆਂ ਹੀ ਝਟ ਕਿਹਾ ਕਿ ਇਹ ਲਿਖਤ ਮਸਊਦ ਸਾਹਿਬ ਦੇ ਹਥ ਦੀ ਹੈ । ਮਜ਼ਹਰ ਸਾਹਿਬ ਨੇ ਪੁਛਿਆ ਕਿ ਮਾਮਲਾ ਕੀ ਹੈ । ਮੈਂ ਕਿਹਾ ਕੋਈ ਖ਼ਾਸ ਗਲ ਨਹੀਂ ਕੇਵਲ ਪੁਛਣਾ ਸੀ ਕਿ ਇਹ ਲਿਖਤ ਕਿਸ ਦੀ ਹੈ । ਮੈਂ ਵਾਪਸ ਆ ਗਿਆ ਦਫ਼ਤਰ ਪਹੁੰਚਿਆ, ਨੀਂਦ ਕਿਸ ਨੂੰ ਆਉਂਦੀ । ਮੇਜ਼ ਤੇ ਬਹਿ ਗਿਆ । ਸਾਰੀ ਬਣਤਰ ਤਿਆਰ ਕੀਤੀ ਕਿ ਇਨ੍ਹਾਂ ਨੂੰ ਕਦ ਤੇ ਕਿਵੇਂ ਪ੍ਰਕਾਸ਼ਤ ਕੀਤਾ ਜਾਏ । ਮੁਖ ਲੇਖ ਲਿਖਿਆ



Digitized by Panjab Digital Library | www.panjabdigilib.org

ਅਤੇ ਸਾਰਾ ਪ੍ਰੋਗਰਾਮ ਤਿਆਰ ਕਰਕੇ ਸੌਂ ਗਿਆ। ਸਵੇਰੇ ਉਠਦਿਆਂ ਹੀ ਇਹਨਾਂ ਖ਼ਤਾਂ ਨੂੰ ਫ਼ੋਟੋਗਰਾਫ਼ਰ ਕੋਲ ਇਸ ਤਾਕੀਦ ਦੇ ਨਾਲ ਆਦਮੀ ਦੇ ਹਥ ਭੇਜਿਆ ਕਿ ਜਦ ਉਹ ਫ਼ੋਟੋ ਲੈ ਚੁਕੇ ਤਾਂ ਅਸਲ ਖ਼ਤ ਵਾਪਸ ਲੈ ਆਵੇ। ਸ਼ਾਮ ਨੂੰ ਬੇਗਮ ਸਾਹਿਬਾ ਕੋਲ ਗਿਆ। ਉਹਨਾਂ ਨੂੰ ਕਿਹਾ ਕਿ ਪੰਜ ਛੇ ਖ਼ਤ ਕੰਮ ਦੇ ਹਨ ਬਾਕੀ ਸਾਰੇ ਵਾਪਸ ਕਰ ਦਿਓ ਅਤੇ ਆਖਿਆ ਕਿ ਇਹਨਾਂ ਪੰਜ ਛੇ ਖ਼ਤਾਂ ਦਾ ਇਕ ਜਾਂ ਦੋ ਸੌ ਰੁਪਿਆ ਦੇ ਦਿਤਾ ਜਾਵੇ। ਇਸ ਤਰ੍ਹਾਂ ਅਗਲੇ ਦਿਨ ਜਦ ਚਿਠੀਆਂ ਲਿਆਉਣ ਵਾਲਾ ਆਇਆ ਤਾਂ ਉਸ ਨੂੰ ਦੋ ਸੌ ਰੁਪਏ ਦੇ ਦਿਤੇ ਗਏ।

ਇਹਨਾਂ ਚਿਠੀਆਂ ਦੇ ਬਲਾਕ ਬਣੇ। ਬਲਾਕਾਂ ਦੇ ਪਰੂਫ਼ ਕਢਾਏ ਗਏ ਅਤੇ "ਰਿਆਸਤ" ਵਿਚ ਇਹਨਾਂ ਪਰੂਫ਼ਾਂ ਦੇ ਨਾਲ ਮੁਖ ਲੇਖ ਪ੍ਰਕਾਸ਼ਤ ਹੋਇਆ। ਇਸ ਪਰਚੇ ਦਾ ਛਪਣਾ ਸੀ ਕਿ ਖ਼ਵਾਜਾ ਹਸਨ ਨਿਜ਼ਾਮੀ ਦੇ ਕੈਂਪ ਵਿਚ ਭੁਚਾਲ ਆ ਗਿਆ। ਹਦ ਦਰਜੇ ਦੀ ਘਬਰਾਹਟ, ਭਜ ਦੌੜ ਕਿ ਹੁਣ ਕੀ ਹੋਵੇ। ਖ਼ਵਾਜਾ ਐਂਡ ਕੋ ਦੀ ਕਾਨਫ਼ਰੰਸ ਅਤੇ ਸਲਾਹਾਂ ਆਦਿ ਹੋਈਆਂ। ਖ਼ਵਾਜਾ ਹਸਨ ਨਿਜ਼ਾਮੀ ਨੂੰ ਜਿਹੜੇ ਆਦਮੀ ਨਿਜੀ ਤੌਰ ਤੇ ਜਾਣਦੇ ਸਨ ਉਹਨਾਂ ਨੂੰ ਪਤਾ ਸੀ ਕਿ ਇਹ ਸ੍ਰੀ ਮਾਨ ਜੀ ਅਕਲ ਅਤੇ ਹੁਸ਼ਿਆਰੀ ਦੇ ਲਿਹਾਜ਼ ਦੂਜਿਆਂ ਦੇ ਰਹਿਮ ਤੇ ਹਨ। ਇਹਨਾਂ ਦੀ ਉਪਰਲੀ ਛਤ ਦਾ ਹਿਸਾ (ਦਿਮਾਗ) ਬਿਲਕੁਲ ਟੂ ਲੈਟ (ਖ਼ਾਲੀ) ਰਹਿੰਦਾ ਹੈ। ਇਹਨਾਂ ਦੇ ਸਲਾਹਕਾਰਾਂ ਨੇ ਰਾਏ ਦਿਤੀ ਕਿ ਪੁਲੀਸ ਅਫ਼ਸਰਾਂ ਨੂੰ ਮਿਲ ਕੇ ਥਾਨੇ ਰੀਪੋਰਟ ਦਰਜ ਕਰਾਓ ਅਤੇ ਕਾਗਜ਼ਾਂ ਦੀ ਚੋਰੀ ਕਰਾਉਣ ਦੇ ਅਪਰਾਧ ਵਿਚ ਦੀਵਾਨ ਸਿੰਘ ਨੂੰ ਕੈਦ ਕਰਾ ਦਿਓ। ਹਿੰਦ ਵਿਧਾਨ ਦੀ ਦਫ਼ਾ ਅਮਕੀ ਅਨੁਸਾਰ ਚੋਰੀ ਦਾ ਮਾਲ ਲੈਣਾ ਵੀ ਅਪਰਾਧ ਹੈ। ਦੀਵਾਨ ਸਿੰਘ ਝਟ ਕੈਦ ਹੋ ਜਾਏਗਾ। ਇਸ ਤਰ੍ਹਾਂ ਆਪ ਸਮੇਤ ਆਪਣੇ ਲਾਣੇ ਦੇ ਪੁਲੀਸ ਅਫ਼ਸਰਾਂ ਕੋਲ ਪਹੁੰਚੇ। ਲੇਖਕ ਨੇ ਵੀ ਸੂਚਨਾਵਾਂ ਲਈ ਇਹਨਾਂ ਦੇ ਕੈਂਪ ਵਿਚ ਆਦਮੀ ਛਡ ਛਡਿਆ ਸੀ। ਉਸ ਨੇ ਟੈਲੀਫ਼ੂਨ ਕੀਤਾ ਕਿ ਐਹ ਸਕੀਮ ਹੈ ਚੋਰੀ ਦਾ ਮੁਕੱਦਮਾ ਬਣਨ ਲਗੈ ਅਤੇ ਦਫ਼ਤਰ "ਰਿਆਸਤ" ਦੀ ਤਲਾਸ਼ੀ ਹੋਵੇਗੀ। ਮੈਂ ਟੈਲੀਫ਼ੂਨ ਤੇ ਇਸ ਸੂਚਨਾ ਦੇ ਮਿਲਦਿਆਂ ਹੀ ਝਟ ਸਾਰੇ ਕਾਗ਼ਜ਼ਾਂ ਅਤੇ ਬਲਾਕਾਂ ਨੂੰ ਇਕ ਅਟੈਚੀ ਕੇਸ ਵਿਚ ਬੰਦ ਕੀਤਾ, ਜੰਦਰਾ ਮਾਰਿਆ ਅਤੇ ਨਵੀਂ ਦਿੱਲੀ ਇਕ ਮਿਤ੍ਰ ਦੇ ਘਰ ਗਿਆ। ਉਹ ਆਪਣੇ ਸਹੁਰੇ ਦੇ ਘਰ ਰਹਿੰਦੇ ਸਨ। ਉਹਨਾਂ ਦਾ ਸਹੁਰਾ ਹੋਮ ਡੀਪਾਰਟਮੈਂਟ ਵਿਚ ਇਕ ਉਚੀ ਪਦਵੀ ਤੇ ਸੀ। ਮੈਂ ਉਸ ਮਿਤ੍ਰ ਨੂੰ ਅਟੈਚੀ ਕੇਸ ਦਿਤਾ ਅਤੇ ਆਖਿਆ ਕਿ ਇਸ ਵਿਚ ਕੁਝ ਜ਼ਰੂਰੀ ਕਾਗ਼ਜ਼ ਹਨ ਇਹਨਾਂ ਨੂੰ ਆਪਣੇ ਘਰ



Digitized by Panjab Digital Library | www.panjabdigilib.org

ਸੰਭਾਲ ਕੇ ਰਖ ਛਡੋ। ਉਸ ਮਿਤ੍ਰ ਨੇ ਕਿਹਾ ਸੰਭਾਲ ਕੇ ਰਖ ਛਡਾਂਗਾ ਮਾਮੂਲੀ ਗੱਲ ਹੈ। ਜੇਕਰ ਬਹੁਤ ਹੀ ਵਧੇਰੇ ਸੰਭਾਲ ਦੀ ਲੋੜ ਹੈ ਤਾਂ ਉਹ ਆਪਣੇ ਸਹੁਰੇ ਹਥ ਦਫ਼ਤਰ ਭੇਜ ਦਿੰਦੇ ਹਨ ਉਥੇ ਉਹ ਕਾਨਫ਼ੀਡੈਂਸ਼ਲ ਕਾਗ਼ਜ਼ਾਂ ਦੀ ਅਲਮਾਰੀ ਵਿਚ ਰਖ ਸਕਦੇ ਹਨ। ਇਸ ਪ੍ਰਕਾਰ ਮੈਂ ਤਾਂ ਵਾਪਸ ਆ ਗਿਆ ਅਤੇ ਉਹ ਕਾਗ਼ਜ਼ ਸਰਕਾਰ ਹਿੰਦ ਦੇ ਹੋਮ ਡੀਪਾਰਟਮੈਂਟ ਦੀ ਕਾਨਫ਼ੀਡੈਂਸ਼ਲ ਅਲਮਾਰੀ ਵਿਚ ਪਹੁੰਚ ਗਏ। ਜਿਥੋਂ ਦੋ ਸਾਤਿਆਂ ਪਿਛੋਂ ਮੰਗਵਾਏ ਗਏ। ਅਟੈਚੀ ਕੇਸ ਉਸ ਮਿਤ੍ਰ ਕੋਲ ਛਡ ਕੇ ਮੈਂ ਵਾਪਸ ਆ ਗਿਆ। ਆਪਣੇ ਕੰਮ ਵਿਚ ਰੁਝਿਆ ਪਿਆ ਸਾਂ ਕਿ ਪੁਲੀਸ ਦੀ ਫ਼ੌਜ ਦੇ ਨਾਲ ਅਠ ਦਸ ਆਦਮੀ, ਇਕ ਥਾਨੇਦਾਰ ਖ਼ਵਾਜਾ ਹਸਨ ਨਿਜ਼ਾਮੀ ਦੇ ਸਾਲੇ ਅਬਨ ਅਰਬੀ, ਇਕ ਅਖ਼ਬਾਰ ਨਵੀਸ ਜੋ ਉਹਨੀਂ ਦਿਨੀਂ ਖ਼ਵਾਜਾ ਹਸਨ ਨਿਜ਼ਾਮੀ ਦੇ ਅਖ਼ਬਾਰ ਵਿਚ ਕੰਮ ਕਰਦੇ ਸਨ—ਪਰ ਹੁਣ ਖ਼ਵਾਜਾ ਹਸਨ ਨਿਜ਼ਾਮੀ ਨੂੰ ਘ੍ਰਿਣਾ ਯੋਗ, ਪਰ ਨਾਲ ਹੀ ਤਰਸ ਯੋਗ ਸਮਝਦੇ ਹਨ — ਅਤੇ ਕਈ ਦੂਜੇ ਆਦਮੀ ਤਲਾਸ਼ੀ ਖ਼ਾਤਰ ਆਏ। ਮੈਂ ਨਿਸਚਿੰਤ ਸਾਂ। ਤਲਾਸ਼ੀ ਹੋਈ, ਇਕ ਇਕ ਨੁਕਰ ਫੋਲ ਮਾਰੀ। ਕੋਈ ਕਿਸੇ ਬੰਨੇ ਤਲਾਸ਼ੀ ਵਿਚ ਰੁਝਿਆ ਪਿਆ ਸੀ ਤੇ ਕੋਈ ਕਿਸੇ ਪਾਸੇ। ਇਸ ਪ੍ਰਕਾਰ ਉਹਨਾਂ 'ਚੋਂ ਇਕ ਜਣੇ ਨੇ ਦੂਰੋਂ ਆਵਾਜ਼ ਦਿਤੀ ਕਿ ਔਹ ਵੇਖੋ ਦਰੀ ਹੇਠੋਂ ਖ਼ਵਾਜਾ ਸਾਹਿਬ ਦੀ ਲਿਖਤ ਨਿਕਲ ਆਈ ਹੈ। ਅਸੀਂ ਸਾਰੇ ਉਥੇ ਗਏ ਤਾਂ ਕਾਗਜ਼ ਦਾ ਇਕ ਪੁਰਜ਼ਾ ਉਹਨਾਂ ਦੇ ਹਥ ਵਿਚ ਸੀ ਜਿਹੜਾ ਖ਼ਵਾਜਾ ਹਸਨ ਨਿਜ਼ਾਮੀ ਦੇ ਕਿਸੇ ਲੇਖ ਦੇ ਖਰੜੇ ਦੀ ਇਕ ਸਲਿਪ ਸੀ। ਮੈਂ ਥਾਨੇਦਾਰ ਨੂੰ ਦਸਿਆ ਕਿ ਇਸ ਆਦਮੀ ਨੇ ਆਪ ਆਪਣੇ ਖੀਸੇ 'ਚੋਂ ਇਹ ਪੁਰਜ਼ਾ ਕਢ ਕੇ ਰਖਿਆ ਹੈ। ਨਹੀਂ ਤਾਂ ਦਰੀ ਦੇ ਹੇਠਾਂ ਜੇਕਰ ਮੈਂ ਰਖਿਆ ਹੁੰਦਾ ਤਾਂ ਅਸਲ ਕਾਗ਼ਜ਼ ਵੀ ਏਥੇ ਹੁੰਦੇ ਜਿਨ੍ਹਾਂ ਦੀ ਭਾਲ ਹੋ ਰਹੀ ਹੈ। ਥਾਨੇਦਾਰ ਨੂੰ ਵੀ ਇਸ ਆਦਮੀ ਦੇ ਇਸ ਕਾਰੇ ਤੇ ਅਫ਼ਸੋਸ ਹੋਇਆ ਕਿਉਂਕਿ ਉਹ ਪੁਰਜ਼ਾ ਅਕਾਰਥ ਸੀ। ਦਰਅਸਲ ਇਹ ਲੋਕ ਬੇਈਮਾਨੀ ਕਰਨੀ ਚਾਹੁੰਦੇ ਸਨ, ਪਰ ਉਹਨਾਂ ਅੰਦਰ ਬੇਈਮਾਨੀ ਕਰਨ ਦੀ ਕਾਬਲੀਅਤ ਨਹੀਂ ਸੀ। ਜੇਕਰ ਇਸ ਤਰ੍ਹਾਂ ਨਾਲ ਕੋਈ ਸ਼ੈ ਰਖਣੀ ਚਾਹੁੰਦੇ ਸਨ ਤਾਂ ਕੋਈ ਪਸਤੌਲ ਜਾਂ ਕੁਕੀਨ ਆਦਿ ਰਖਵਾਂਦੇ। ਇਕ ਕਾਗ਼ਜ਼ ਦਾ ਪੁਰਜ਼ਾ ਤੇ ਉਹ ਵੀ ਹਾਨੀ ਹੀਨ ਭਾਵ ਸਾਰੀ ਰਾਤ ਰੋਂਦੇ ਰਹੇ ਤੇ ਮਰਿਆ ਇਕ ਵੀ ਨਾ। ਤਲਾਸ਼ੀ ਸਮਾਪਤ ਹੋਈ, ਕੁਝ ਪ੍ਰਾਪਤ ਨਾ ਹੋਇਆ। "ਰਿਆਸਤ" ਦੇ ਜਿਸ ਪਰਚੇ ਵਿਚ ਬਲਾਕ ਛਪਿਆ ਸੀ ਪੁਲੀਸ ਉਹ ਪਰਚਾ ਲੈ ਕੇ ਚਲੀ ਗਈ। ਖ਼ਵਾਜਾ ਹਸਨ ਨਿਜ਼ਾਮੀ ਨੇ ਬੜੀ ਕੋਸ਼ਸ਼ ਕੀਤੀ ਕਿ ਇਸ ਪਰਚੇ ਨੂੰ ਚੋਰੀ ਦਾ ਪ੍ਰਮਾਣ ਜਾਣ ਕੇ ਐਡੀਟਰ "ਰਿਆਸਤ" ਨੂੰ ਗਰਿਫ਼ਤਾਰ ਕੀਤਾ ਜਾਵੇ, ਪਰ ਉਹ ਵਿਚਾਰਾ ਨਾ

ਕਾਨੂੰਨ ਤੋਂ ਜਾਣੂ ਸੀ ਤੇ ਨਾ ਹੀ ਰਬ ਨੇ ਅਕਲ ਪ੍ਰਦਾਨ ਕੀਤੀ ਸੀ । ਮੁਕੱਦਮਾ ਕਿਵੇਂ ਚਲਦਾ । ਜਦ ਕਿ "ਚੋਰੀ ਦਾ ਮਾਲ" ਹੀ ਨਾ ਫੜਿਆ ਗਿਆ ਕਿਉਂਕਿ ਕਿਸੇ ਚੋਰੀ ਹੋਈ ਸ਼ੈ ਦਾ ਫ਼ੋਟੋ ਤਾਂ ਚੋਰੀ ਨਹੀਂ ਆਖਿਆ ਜਾ ਸਕਦਾ । ਜਿਸ ਤਰ੍ਹਾਂ ਨਸੇ ਹੋਏ ਅਪਰਾਧੀ ਦਾ ਫ਼ੋਟੋ ਪਕੜ ਯੋਗ ਨਹੀਂ ਸਗੋਂ ਖ਼ੁਦ ਨਸਿਆ ਹੋਇਆ ਅਪਰਾਧੀ ਪਕੜ ਯੋਗ ਹੈ । ਇਹ ਵਿਚਾਰੇ ਠੰਢੇ ਹੋ ਕੇ ਅਤੇ ਆਪਣਾ ਸਿਰ ਫੜ ਕੇ ਬਹਿ ਗਏ । ਇਸ ਤਰ੍ਹਾਂ ਇਸ ਪਿਛੋਂ "ਰਿਆਸਤ" ਵਿਚ ਇਹ ਬਲਾਕ ਛਪੇ ਅਤੇ ਉਹਨਾਂ ਤੇ ਵੇਰਵੇ ਸਹਿਤ ਟੀਕਾ ਟਿਪਨੀ ਹੋਈ । ਖ਼ਵਾਜਾ ਹਸਨ ਨਿਜ਼ਾਮੀ ਦੇ ਪ੍ਰੇਸ਼ਾਨ ਸਲਾਹਕਾਰਾਂ ਦੀ ਫਿਰ ਕਾਨਫਰੰਸ ਹੋਈ । ਇਕ ਜਣੇ ਨੇ ਆਪ ਨੂੰ ਰਾਏ ਦਿਤੀ ਕਿ ਜਨਤਾ 'ਚ ਆਪਣੀ ਪੁਜ਼ੀਸ਼ਨ ਸਾਫ਼ ਕਰਨ ਲਈ ਇਹ ਐਲਾਨ ਕਰ ਦਿਓ ਕਿ ਇਹ ਚਿਠੀਆਂ ਜਾਅਲੀ ਸਨ । ਰਾਮ ਪੁਰ ਦੇ ਭਦਰ ਪੁਰਸ਼ਾਂ ਦੀਆਂ ਲਿਖੀਆਂ ਹੋਈਆਂ ਨਹੀਂ ਤਾਕਿ ਲੋਕੀ "ਰਿਆਸਤ" ਦੇ ਪ੍ਰਾਪੇਗੰਡੇ ਤੇ ਇਤਬਾਰ ਨਾ ਕਰਨ । ਖ਼ਵਾਜਾ ਹਸਨ ਨਿਜ਼ਾਮੀ ਲੋਕਾਂ ਦੀ ਰਾਏ ਗ੍ਰਹਿਣ ਕਰਨ ਦੇ ਲਿਹਾਜ਼ ਬੜੇ ਮੂਰਖ ਸਾਬਤ ਹੋਏ ਹਨ । ਆਪ ਨੇ ਕੁਝ ਨਾ ਸੋਚਿਆ ਵਿਚਾਰਿਆ, ਝਟ ਅਖ਼ਬਾਰਾਂ ਵਿਚ ਐਲਾਨ ਕਰ ਦਿਤਾ ਕਿ ਜਿਹੜੇ ਖ਼ਤ "ਰਿਆਸਤ" ਵਿਚ ਛਪੇ ਹਨ ਉਹ ਜਾਅਲੀ ਹਨ । ਰਾਮ ਪੁਰ ਦੇ ਮਨਿਸਟਰਾਂ ਦੇ ਲਿਖੇ ਹੋਏ ਨਹੀਂ । ਖ਼ਵਾਜਾ ਹਸਨ ਨਿਜ਼ਾਮੀ ਦੇ ਇਸ ਐਲਾਨ ਦਾ ਛਪਣਾ ਸੀ ਕਿ ਸਾਡੇ ਹਥ ਹੋਰ ਵਧੇਰੇ ਪੱਕੇ ਹੋ ਗਏ । ਅਸਾਂ ਚੈਲੰਜ ਕੀਤਾ ਕਿ ਖ਼ਵਾਜਾ ਹਸਨ ਨਿਜ਼ਾਮੀ ਮੈਦਾਨ ਵਿਚ ਨਿਤਰੇ ਅਤੇ ਦਸੇ ਕਿ ਅਸਲ ਪੁਜ਼ੀਸ਼ਨ ਕੀ ਹੈ ਇਹ ਖਤ ਜਾਅਲੀ ਹਨ ਜਾਂ ਅਸਲੀ । ਕਿਉਂਕਿ ਕੇਵਲ ਦੋ ਗੱਲਾਂ ਹੀ ਠੀਕ ਹਨ ਜਾਂ ਤੇ ਇਹ ਜਾਅਲੀ ਹਨ ਜਾਂ ਅਸਲੀ । ਜੇਕਰ ਇਹ ਖ਼ਤ ਜਾਅਲੀ ਹਨ ਤਾਂ ਉਸ ਨੇ ਪੁਲੀਸ ਵਿਚ ਚੋਰੀ ਦੀ ਝੂਠੀ ਰੀਪੋਰਟ ਦਿਤੀ ਕਿਉਂਕਿ ਜਾਅਲੀ ਖਤਾਂ ਦਾ ਚੋਰੀ ਨਾਲ ਕੀ ਸੰਬੰਧ । ਉਸ ਦਾ ਸੰਬੰਧ ਤਾਂ ਜਾਅਲਸਾਜ਼ੀ ਨਾਲ ਹੈ. ਅਤੇ ਜੇਕਰ ਚੋਰੀ ਦੀ ਰੀਪੋਰਟ ਸੱਚੀ ਸੀ ਅਤੇ ਖਵਾਜਾ ਹਸਨ ਨਿਜ਼ਾਮੀ ਨੇ ਇਹ ਰੀਪੋਰਟ ਪੁਲੀਸ ਨੂੰ ਈਮਾਨਦਾਰੀ ਨਾਲ ਸਚੀ ਦਰਜ ਕਰਾਈ, ਭਾਵ ਖਤ ਚੋਰੀ ਹੋਏ ਤਾਂ ਫਿਰ ਇਹ ਜਾਅਲੀ ਕਿਵੇਂ ਆਖੇ ਜਾ ਸਕਦੇ ਹਨ । ਇਸ ਚੈਲੰਜ ਨੂੰ ਪੜ੍ਹ ਕੇ "ਹਜ਼ਰਤ ਖ਼ਵਾਜਾ ਨਿਜ਼ਾਮੀ" ਦੇ ਛਕੇ ਛੁਟ ਗਏ । ਕੀ ਉਤਰ ਦਿੰਦੇ ? ਇਸ ਜ਼ਹਿਰ ਨੂੰ ਆਪਣੀ ਸਤਿਕਾਰ ਯੋਗ ਮਾਂ ਦਾ ਮਿਠਾ ਦੁਧ ਸਮਝ ਕੇ ਸਬਰ ਨਾਲ ਛਕ ਗਏ ਅਤੇ ਬਿਲਕੁਲ ਚੁਪ ਹੋ ਗਏ । ਕੋਈ ਜਾਣੇ ਆਪ ਦੀ ਜੀਭ ਵਿਚ ਰੀਂਗ ਸੀ । ਇਸ ਪ੍ਰਕਾਰ ਇਸ ਪਿਛੋਂ ਇਸ ਵਿਸ਼ੇ ਤੇ ਫੇਰ ਕਦੇ ਵੀ ਆਪ ਨੇ ਕੁਝ ਨਾ ਉਚਾਰਨ ਕੀਤਾ ।



Digitized by Panjab Digital Library | www.panjabdigilib.org

ਚੈਲੰਜ ਪ੍ਰਕਾਸ਼ਤ ਹੋਇਆ। ਦਫ਼ਤਰ "ਰਿਆਸਤ" ਵਿਚ ਖ਼ਬਰ ਪੁਜੀ ਕਿ ਨਵਾਬ ਸਾਹਿਬ ਰਾਮ ਪੁਰ ਦੇ ਸਹੁਰਾ ਸਾਹਿਬ ਸਾਹਿਬਜ਼ਾਦਾ ਅਬਦੁਲ ਸਮੱਦ — ਜਿਹੜੇ ਪਿਛੋਂ ਰਿਆਸਤ ਕਸ਼ਮੀਰ ਵਿਚ ਹੋਮ ਮਨਿਸਟਰ ਨੀਅਤ ਹੋਏ — ਦਿੱਲੀ ਆਏ ਅਤੇ ਮੈਡਨ ਹੋਟਲ ਵਿਚ ਠਹਿਰੇ ਹਨ। ਉਨ੍ਹਾਂ ਸਮਿਆਂ ਚ' ਮਿਸਟਰ ਮੁਹੱਮਦ ਮੁਹਸਨ ਸਾਬਕ ਐਡੀਟਰ ਰੋਜ਼ਾਨਾ "ਅਵਧ ਅਖ਼ਬਾਰ" ਲਖਨਊ ਦਿੱਲੀ ਵਿਚ ਸਨ ਅਤੇ ਦਫ਼ਤਰ "ਰਿਆਸਤ" ਵਿਚ ਆਇਆ ਕਰਦੇ ਸਨ। ਉਹ ਸਾਹਿਬਜ਼ਾਦਾ ਸਾਹਿਬ ਦੇ ਦੋਸਤ ਸਨ। ਮੈਂ ਉਹਨਾਂ ਨੂੰ ਕਿਹਾ ਕਿ ਮੈਡਨ ਹੋਟਲ ਵਿਚ ਜਾ ਕੇ ਪਤਾ ਤਾਂ ਕਰੋ ਕਿ ਸਾਹਿਬਜ਼ਾਦਾ ਸਾਹਿਬ ਤੇ ਇਸ ਚੈਲੰਜ ਦਾ ਕੀ ਅਸਰ ਹੈ। ਉਹ ਗਏ। ਸਾਹਿਬਜ਼ਾਦਾ ਸਾਹਿਬ ਨੂੰ ਮਿਲੇ ਅਤੇ ਉਸ ਚੈਲੰਜ, ਅਖ਼ਬਾਰ "ਰਿਆਸਤ" ਅਤੇ ਖ਼ਵਾਜਾ ਹਸਨ ਨਿਜ਼ਾਮੀ ਦਾ ਜ਼ਿਕਰ ਛੇੜ ਦਿਤਾ। ਤਾਂ ਸਾਹਿਬਜ਼ਾਦਾ ਸਾਹਿਬ ਨੇ ਆਪਣੇ ਮੱਥੇ ਤੇ ਹੱਥ ਮਾਰ ਕੇ ਮੁਹਸਨ ਸਾਹਿਬ ਨੂੰ ਕਿਹਾ :

"ਮੁਹਸਨ ਸਾਹਿਬ ਕੀ ਪੁਛਦੇ ਓ, ਨਵਾਬ ਸਾਹਿਬ ਕੁਰਾਹੇ ਪੈ ਗਏ ਹਨ ਕਿਸੇ ਦੀ ਨਹੀਂ ਸੁਣਦੇ। ਖ਼ਵਾਜਾ ਹਸਨ ਨਿਜ਼ਾਮੀ ਵਰਗੇ ਗ਼ੈਰ ਜ਼ਿਮੇਂਵਾਰ ਅਤੇ ਮੂਰਖ ਦੋਸਤਾਂ ਦੇ ਕ਼ਾਰਨ ਰਿਆਸਤ ਰਾਮ ਪੁਰ ਦੀ ਮਿਟੀ ਪਲੀਤ ਹੋ ਰਹੀ ਹੈ। ਜ਼ਿੰਮੇਂਵਾਰ ਮਨਿਸਟਰਾਂ ਨੇ ਹਸਨ ਨਿਜ਼ਾਮੀ ਵਰਗੇ ਗ਼ੈਰ ਜ਼ਿੰਮੇਂਵਾਰ ਆਦਮੀ ਨੂੰ ਖਤ ਲਿਖਣ ਦੀ ਮੂਰਖਤਾ ਕੀਤੀ। ਮੈਂ ਤਾਂ ਅਜਿਹੇ ਮਾਮਲਿਆਂ 'ਚ ਦਖ਼ਲ ਨਹੀਂ ਦਿੰਦਾ, ਖ਼ੁਦਾ ਇਹਨਾਂ ਨੂੰ ਅਕਲ ਦੇਵੇ।"

ਇਹ ਖਤ ਹੁਣ ਵੀ ਐਡੀਟਰ "ਰਿਆਸਤ" ਕੋਲ ਮੌਜੂਦ ਹਨ। ਜਿਨ੍ਹਾਂ ਦੀ ਹਸਤੀ ਰਦੀ ਦੇ ਟੁਕੜਿਆਂ ਤੋਂ ਵਧ ਨਹੀਂ। ਜਦ ਕਦੀ ਪਿਛਲੇ ਕਾਗ਼ਜ਼ਾਂ ਨੂੰ ਛਾਂਟਦਾ ਹਾਂ ਅਤੇ ਰਿਆਸਤ ਰਾਮ ਪੁਰ ਦੀ ਫ਼ਾਈਲ ਵਿਚ ਇਹਨਾਂ ਖਤਾਂ ਅਤੇ ਸ਼ਹਿਜ਼ਾਦੀ ਬੇਗ਼ਮ ਸਾਹਿਬਾ ਦੇ ਖਤ — ਜਿਸ ਵਿਚ ਉਹਨਾਂ ਲਿਖਿਆ ਸੀ ਕਿ ਉਹ ਐਡੀਟਰ "ਰਿਆਸਤ" ਦਾ ਆਪਣੇ ਸਕੇ ਭਰਾਵਾਂ ਵਰਗਾ ਸਤਿਕਾਰ ਤੇ ਇਜ਼ਤ ਕਰਦੀ ਹੈ — ਨੂੰ ਵੇਖਦਾ ਹਾਂ ਤਾਂ ਗੁਣਗੁਣਾਂਦਿਆਂ ਹੋਇਆਂ ਇਹ ਸ਼ੇਅਰ ਜੀਭ ਤੋਂ ਨਿਕਲ ਜਾਂਦਾ :

ਗਾਹੇ ਗਾਹੇ ਬਾਜ਼ ਖਵਾਂ ਈਂ ਦਫ਼ਤਰ ਪਾਰੀਨਾ ਰਾ
ਤਾਜ਼ਾ ਖਵਾਹੀ ਦਾਸ਼ਤਨ ਗਰਦ ਅਗਹਾਏ ਸੀਨਾ ਰਾ



Digitized by Panjab Digital Library | www.panjabdigilib.org

# ਐਡੀਟਰ "ਰਿਆਸਤ" ਤੇ ਕੁਕੀਨ ਦਾ ਮੁਕੱਦਮਾ

ਐਡੀਟਰ "ਰਿਆਸਤ" ਲਾਹੌਰ ਦੇ ਇਕ ਰੋਜ਼ਾਨਾ ਉਰਦੂ ਅਖ਼ਬਾਰ "ਪੰਥ" ਨੂੰ ਐਡਿਟ ਕਰਦਾ ਸੀ। ਇਸ ਅਖ਼ਬਾਰ ਵਿਚ ਦਬੇ ਅੱਖਰਾਂ 'ਚ ਪਟਿਆਲੇ ਦੇ ਸਰਦਾਰ ਲਾਲ ਸਿੰਘ ਦੇ ਕਤਲ ਦਾ ਵਰਣਨ ਹੋਇਆ। ਇਸ ਤੋਂ ਪਹਿਲਾਂ ਕਿਸੇ ਅਖ਼ਬਾਰ ਵਿਚ ਕਦੇ ਵੀ ਸੁਰਗਵਾਸੀ ਮਹਾਰਾਜਾ ਪਟਿਆਲਾ ਵਿਰੁਧ ਅਜਿਹਾ ਦੂਸ਼ਨ ਪ੍ਰਕਾਸ਼ਤ ਨਹੀਂ ਸੀ ਹੋਇਆ। ਇਸ ਲੇਖ ਦਾ ਛਪਣਾ ਸੀ ਕਿ ਪਟਿਆਲੇ ਦੇ ਕੈਂਪ ਵਿਚ ਭੁਚਾਲ ਆ ਗਿਆ। ਸਰ ਦਇਆ ਕਿਸ਼ਨ ਕੌਲ ਪਰਧਾਨ ਮੰਤਰੀ ਪਟਿਆਲਾ ਲਾਹੌਰ ਤਸ਼ਰੀਫ਼ ਲਿਆਏ ਅਤੇ ਇਹ ਲੇਖ ਡਾਕਟਰ ਗੋਕਲ ਚੰਦ ਨਾਰੰਗ ਬੈਰਿਸਟਰ — ਜਿਹੜੇ ਪਿਛੋਂ ਪੰਜਾਬ ਦੇ ਵਜ਼ੀਰ ਬਣੇ ਅਤੇ ਹੁਣ ਸਰ ਗੋਕਲ ਚੰਦ ਹਨ — ਨੂੰ ਵਿਖਾ ਕੇ ਕਾਨੂੰਨੀ ਰਾਏ ਮੰਗੀ। ਇਸ ਲੇਖ ਵਿਚ ਦਬਿਆਂ ਲਫ਼ਜ਼ਾਂ ਨਾਲ ਕਤਲ ਦਾ ਸੰਕੇਤਨ ਵਰਣਨ ਸੀ। ਸਪਸ਼ਟ ਸ਼ਬਦਾਂ ਵਿਚ ਨਹੀਂ ਸੀ। ਮੈਂ ਨਹੀਂ ਆਖ ਸਕਦਾ ਕਿ ਡਾਕਟਰ ਨਾਰੰਗ ਨੇ ਕੀ ਰਾਏ ਦਿਤੀ। ਤਬ ਸਬੱਬੀ ਉਸ ਵੇਲੇ ਡਾਕਟਰ ਨਾਰੰਗ ਕੋਲ ਲਾਲਾ ਦੀਨਾ ਨਾਥ ਸੁਰਗਵਾਸੀ ਐਡੀਟਰ "ਹਿੰਦੁਸਤਾਨ" ਜਿਹੜੇ ਡਾਕਟਰ ਸਾਹਿਬ ਦੇ ਬੜੇ ਗੂੜ੍ਹੇ ਮਿਤਰ ਸਨ, ਬੈਠੇ ਹੋਏ ਸਨ। ਇਹਨਾਂ ਨੂੰ ਪਤਾ ਲਗਾ ਕਿ ਸਰ ਦਇਆ ਕਿਸ਼ਨ ਕੌਲ ਇਸ ਲੇਖ ਤੇ ਮੁਕੱਦਮਾ ਚਲਾਉਣ ਦੀ ਰਾਏ ਲੈ ਰਹੇ ਹਨ ਤਾਂ ਆਪ ਸਿਧੇ ਦਫ਼ਤਰ "ਪੰਥ" ਵਿਚ ਆਏ ਅਤੇ ਦਸਿਆ ਕਿ ਸਰ ਦਇਆ ਕਿਸ਼ਨ ਕੌਲ ਡਾਕਟਰ ਨਾਰੰਗ ਤੋਂ ਸਲਾਹ ਲੈਣ ਲਈ ਪਟਿਆਲੇ ਤੋਂ ਤਸ਼ਰੀਫ਼ ਲਿਆਏ ਹਨ ਅਤੇ ਮੁਕੱਦਮਾ ਚਲਾਇਆ ਜਾਏਗਾ। ਲੇਖਕ ਦੀ ਇਹ ਜੀਵਨ ਭਰ ਆਦਤ ਰਹੀ ਹੈ ਕਿ ਉਸ ਵੇਲੇ ਤਕ ਕਿਸੇ ਮਾਮਲੇ ਨੂੰ ਅਖ਼ਬਾਰ ਵਿਚ ਸ਼ੁਰੂ ਨਹੀਂ ਕਰਦਾ ਜਦ ਤਕ ਕਿ ਹੱਥ ਪੱਕੇ ਨਾ ਹੋਣ ਅਤੇ ਫਿਰ ਮੈਂ ਪੈਰ ਚੁਕਣ ਬਾਅਦ ਡਰ ਜਾਂ ਧਮਕੀ ਰਾਹੀਂ ਕਦਮ ਪਿਛੇ ਲੈ ਜਾਣਾ ਗੀਦੀਪੁਣਾ ਸਮਝਦਾ ਹਾਂ। ਲਾਲਾ ਦੀਨਾ ਨਾਥ ਗੱਲਾਂ ਕਰਦੇ ਅਤੇ ਮੈਨੂੰ ਪੈਰ ਸੋਚ ਸਮਝ ਕੇ ਧਰਨ ਦੀ ਪ੍ਰੇਰਨਾ ਕਰਦੇ ਰਹੇ। ਮੈਂ ਸੁਣਦਾ ਰਿਹਾ। ਲਾਲਾ ਜੀ ਦੇ ਜਾਣ ਪਿਛੋਂ ਮੈਂ ਥੋੜ੍ਹਾ ਚਿਰ ਸੋਚਦਾ ਰਿਹਾ ਫਿਰ ਇਕ ਮੁਖ ਲੇਖ ਲਿਖਿਆ ਜਿਹੜਾ ਬੜਾ ਜ਼ੋਰਦਾਰ ਸੀ। ਇਸ ਲੇਖ ਵਿਚ ਸੁਰਗਵਾਸੀ ਮਹਾਰਾਜਾ ਪਟਿਆਲਾ ਤੇ ਖੁਲ੍ਹੇ ਤੇ ਸਾਫ਼ ਲਫ਼ਜ਼ਾਂ ਵਿਚ ਲਾਲ ਸਿੰਘ ਨੂੰ ਕਤਲ ਕਰਨ ਦਾ ਦੂਸ਼ਨ ਲਾਇਆ ਗਿਆ ਅਤੇ ਚੈਲੰਜ ਕੀਤਾ ਗਿਆ ਕਿ ਜੇਕਰ ਮਹਾਰਾਜਾ ਪਟਿਆਲਾ ਵਿਚ ਅਣਖ ਹੈ ਤਾਂ ਮੇਰੇ ਇਸ ਦੂਸ਼ਨ ਪੁਰ ਮੁਕੱਦਮਾ ਚਲਾਇਆ ਜਾਏ। ਮੈਂ ਸਾਬਤ ਕਰਨ ਨੂੰ ਤਿਆਰ ਹਾਂ ਕਿ ਕਤਲ ਦੀ



Digitized by Panjab Digital Library | www.panjabdigilib.org

ਜ਼ਿੰਮੇਂਵਾਰੀ ਮਹਾਰਾਜਾ ਪਟਿਆਲਾ ਦੀ ਧੌਣ ਤੇ ਹੈ। ਅਨੁਮਾਨ ਲਾਇਆ ਜਾ ਸਕਦਾ ਹੈ ਕਿ ਪਟਿਆਲੇ ਦੀ ਕੀ ਹਾਲਤ ਹੋਈ ਹੋਵੇਗੀ, ਜਿਸ ਸ਼ਕਲ ਵਿਚ ਕਿ ਸੰਕੇਤ ਅਤੇ ਦਬੇ ਲਫ਼ਜ਼ਾਂ ਤੋਂ ਹੀ ਘਬਰਾਹਟ ਪੈਦਾ ਹੋ ਰਹੀ ਸੀ । ਮੁਖ ਲੇਖ ਦੇ ਪਿਛੋਂ ਲੇਖਕ ਨੇ ਅਖ਼ਬਾਰ "ਪੰਥ" ਵਿਚ ਹਰ ਰੋਜ਼ ਇਸੇ ਦੂਸ਼ਨ ਬਾਰੇ ਲਿਖਣਾ ਸ਼ੁਰੂ ਕਰ ਦਿਤਾ ਅਤੇ ਕਈ ਦਿਨਾਂ ਤਕ ਲੇਖਾਂ ਦੀ ਇਹ ਲੜੀ ਚਲਦੀ ਰਹੀ । ਇਸ ਘਟਨਾ ਤੋਂ ਲਗ ਪਗ ਡੇਢ ਮਹੀਨੇ ਪਿਛੋਂ ਦੀ ਗਲ ਹੈ ਮੈਂ ਸ਼ਾਮ ਨੂੰ ਕੁਝ ਸੌਦਾ ਖ਼ਰੀਦਣ ਬਾਜ਼ਾਰ ਗਿਆ ਹੋਇਆ ਸਾਂ। ਜਦ ਮੁੜ ਕੇ ਆਇਆ ਤਾਂ ਵੇਖਿਆ ਕਿ ਦਫ਼ਤਰ "ਪੰਥ" ਦੇ ਸਾਹਮਣੇ ਇਕ ਐਕਸਾਈਜ਼ ਇਨਸਪੈਕਟਰ, ਇਕ ਸਬ-ਇਨਸਪੈਕਟਰ ਪੁਲੀਸ ਅਤੇ ਇਕ ਦਰਜਨ ਦੇ ਲਾਗੇ ਐਕਸਾਈਜ਼ ਤੇ ਪੁਲੀਸ ਮਹਿਕਮੇ ਦੇ ਮੁਲਾਜ਼ਮ ਅਤੇ ਗਵਾਹ ਖੜੇ ਹਨ। ਮੈਂ ਆਉਂਦਿਆਂ ਹੀ ਪੁਛਿਆ ਕਿ ਫ਼ਰਮਾਓ ਕੀ ਹੁਕਮ ਹੈ ? ਉਨ੍ਹਾਂ ਨੇ ਦਸਿਆ ਕਿ ਕੁਕੀਨ ਰਖਣ ਦੇ ਅਪਰਾਧ ਵਿਚ ਤਲਾਸ਼ੀ ਹੋਵੇਗੀ। ਪੁਲੀਸ ਨੂੰ ਖ਼ਬਰ ਮਿਲੀ ਹੈ ਕਿ ਦੀਵਾਨ ਸਿੰਘ ਕੁਕੀਨ ਵੇਚਦਾ ਹੈ ।

ਤਲਾਸ਼ੀ ਹੋਈ, ਤਲਾਸ਼ੀ ਵਿਚ ਮੇਰੀ ਮੇਜ਼ ਤੇ ਜਿਹੜਾ ਕਾਗਜ਼ਾਂ ਵਾਲਾ ਡਿਸਪੈਚ ਬਕਸ ਸੀ। ਇਸ ਵਿਚੋਂ ਨਾਰਥ ਵੈਸਟਰਨ ਰੇਲਵੇ ਦੇ ਦੋ ਟਾਈਮ ਟੇਬਲ ਨਿਕਲੇ। ਇਕ ਟਾਈਮ ਟੇਬਲ ਜਿਸ ਤੇ ਮੇਰਾ ਨਾਂ ਲਿਖਿਆ ਹੋਇਆ ਸੀ ਅਤੇ ਮੇਰਾ ਨਿਜੀ ਸੀ। ਦੂਜਾ ਜਿਸ ਦੇ ਲਫ਼ਾਫ਼ੇ ਵਿਚ—ਜਿਹੜਾ ਟਾਈਮ ਟੇਬਲ ਦੇ ਨਾਲ ਪਿਛਲੇ ਹਿਸੇ ਵਿਚ ਰੇਲਵੇ ਦੇ ਨਕਸ਼ੇ ਲਈ ਹੁੰਦਾ ਹੈ—ਕੁਕੀਨ ਦੀ ਇਕ ਛੋਟੀ ਜਿਹੀ ਪੁੜੀ ਅਤੇ ਇਕ ਕਾਰਡ ਸੀ ਜਿਹੜਾ ਗੁਜਰਾਂਵਾਲੇ ਤੋਂ ਦੀਵਾਨ ਸਿੰਘ ਐਡੀਟਰ "ਪੰਥ" ਦੇ ਨਾਂ ਭੇਜਿਆ ਗਿਆ ਸੀ ਅਤੇ ਜਿਸ ਵਿਚ ਲਿਖਿਆ ਹੋਇਆ ਸੀ ਕਿ ਕੁਕੀਨ ਭੇਜੀ ਜਾ ਰਹੀ ਹੈ ਰੁਪਿਆ ਝਬਦੇ ਹੀ ਭੇਜ ਦਿਓ। ਇਸ ਕਾਰਡ ਦੇ ਲਿਖਣ ਵਾਲੇ ਦਾ ਨਾਂ ਗੁਰਬਖਸ਼ ਸਿੰਘ ਸੀ—ਸ਼ਾਇਦ ਏਹੋ ਨਾਂ ਸੀ ਮੈਨੂੰ ਠੀਕ ਯਾਦ ਨਹੀਂ—ਤਲਾਸ਼ੀ ਵਿਚ ਕੁਕੀਨ ਤੇ ਇਹ ਖਤ ਨਿਕਲ ਆਇਆ। ਮੈਂ ਹੈਰਾਨ ਸਾਂ ਕਿ ਇਹ ਇਸ ਬਕਸੇ ਵਿਚ ਕਿਵੇਂ ਆ ਗਿਆ। ਇਸ ਖਤ ਅਤੇ ਕੁਕੀਨ ਦੇ ਨਿਕਲਣ ਉਪ੍ਰੰਤ ਮੈਨੂੰ ਕੁਤਵਾਲੀ ਅਨਾਰਕਲੀ ਲੈ ਜਾਇਆ ਗਿਆ। ਉਥੇ ਡਿਪਟੀ ਸੁਪ੍ਰੰਟੈਂਡੈਂਟ ਪੁਲੀਸ ਚੌਧਰੀ ਰਾਮ ਚੰਦ ਸਨ। ਮੇਰੀ ਗਰਿਫ਼ਤਾਰੀ ਦੀ ਖ਼ਬਰ ਅਖ਼ਬਾਰਾਂ ਅਤੇ ਮਿਤਰਾਂ ਦੇ ਘੇਰੇ ਵਿਚ ਪਹੁੰਚੀ ਤਾਂ ਅਖ਼ਬਾਰਾਂ ਦੇ ਐਡੀਟਰ ਹੈਰਾਨ ਸਨ। ਕਈ ਮਿਤਰਾਂ ਨੇ ਕੁਤਵਾਲੀ ਪਹੁੰਚ ਕੇ ਜ਼ਮਾਨਤ ਵਾਸਤੇ ਕੋਸ਼ਿਸ਼ ਕੀਤੀ ਅਤੇ ਬਾਵਜੂਦ ਇਸ ਗਲ ਦੇ ਕਿ ਅਪਰਾਧ ਜ਼ਮਾਨਤ ਯੋਗ ਸੀ ਪੁਲੀਸ ਵਾਲਿਆਂ ਜ਼ਮਾਨਤ ਨਾ ਲਈ ਅਤੇ ਰਾਤ ਨੂੰ ਮੈਨੂੰ



Digitized by Panjab Digital Library | www.panjabdigilib.org

ਹਵਾਲਾਤ ਵਿਚ ਬੰਦ ਕਰ ਦਿਤਾ ਗਿਆ ।

ਅਗਲੀ ਭਲਕ ਸਵੇਰੇ ਵੀ ਮੇਰੇ ਮਿਤਰ, ਅਖ਼ਬਾਰਾਂ ਦੇ ਐਡੀਟਰ ਅਤੇ ਸੰਬੰਧੀ ਜ਼ਮਾਨਤ ਦਾ ਉਪਰਾਲਾ ਕਰਦੇ ਰਹੇ, ਪਰ ਪੁਲੀਸ ਵਾਲਿਆਂ ਨੇ ਕਿਸੇ ਦੀ ਗਲ ਤਕ ਨਾ ਸੁਣੀ । ਦੁਪਹਿਰ ਨੂੰ ਪੁਲੀਸ ਮੈਨੂੰ ਲਾਲਾ ਸ਼ੰਕਰ ਲਾਲ ਮੈਜਿਸਟ੍ਰੇਟ ਦੇ ਘਰ ਗਵਾਲ ਮੰਡੀ ਰੀਮਾਂਡ ਲਈ ਲੈ ਗਈ । ਉਥੇ ਕਈ ਅਖ਼ਬਾਰਾਂ ਦੇ ਐਡੀਟਰ, ਮਿਤਰ ਅਤੇ ਰਿਸ਼ਤੇਦਾਰ ਹਾਜ਼ਰ ਸਨ । ਉਹਨਾਂ ਨੇ ਦਸਿਆ ਕਿ ਰਾਤ ਨੂੰ ਅਤੇ ਸਵੇਰੇ ਵੀ ਜ਼ਮਾਨਤ ਲਈ ਕੋਸ਼ਿਸ਼ ਕੀਤੀ ਗਈ, ਪਰ ਕਿਸੇ ਨੇ ਪਰਵਾਹ ਨਹੀਂ ਕੀਤੀ । ਮੈਜਿਸਟ੍ਰੇਟ ਨੇ ਇਕ ਦਮ ਜ਼ਮਾਨਤ ਤੇ ਰਿਹਾ ਕਰਨ ਦਾ ਹੁਕਮ ਦਿਤਾ ਅਤੇ ਆਪ ਪੁਲੀਸ ਵਾਲਿਆਂ ਤੇ ਨਾਰਾਜ਼ ਹੋਏ ਤੇ ਪੁਛਿਆ ਕਿ ਜਿਸ ਹਾਲਤ ਵਿਚ ਕਿ ਅਪਰਾਧ ਜ਼ਮਾਨਤ ਯੋਗ ਸੀ ਕਿਉਂ ਜ਼ਮਾਨਤ ਨਹੀਂ ਲਈ ਗਈ । ਪੁਲੀਸ ਦੇ ਜਿਹੜੇ ਆਦਮੀ ਨਾਲ ਆਏ ਸਨ ਉਹ ਕੋਈ ਉਤਰ ਨਾ ਦੇ ਸਕੇ । ਕੇਵਲ ਇਹੀ ਕਿਹਾ ਕਿ ਡਿਪਟੀ ਸੁਪ੍ਰੰਟੈਂਡੰਟ ਸਾਹਿਬ ਉਤਰ ਦੇ ਸਕਦੇ ਹਨ, ਉਹਨਾਂ ਨੂੰ ਕੁਝ ਪਤਾ ਨਹੀਂ ਕਿ ਕਿਉਂ ਜ਼ਮਾਨਤ ਨਹੀਂ ਲਈ ਗਈ ।

ਕੁਕੀਨ ਦਾ ਮੁਕੱਦਮਾ ਚਲਿਆ । ਲੇਖਕ ਨੇ ਡਾਕਟਰ ਗੋਕਲ ਚੰਦ ਨਾਰੰਗ ਨੂੰ ਵਕੀਲ ਕੀਤਾ । ਡਾਕਟਰ ਸਾਹਿਬ ਲਾਹੌਰ ਦੇ ਚੋਟੀ ਦੇ ਵਕੀਲਾਂ 'ਚੋਂ ਸਨ । ਆਪ ਕੇਵਲ ਹਾਈ ਕੋਰਟ ਵਿਚ ਪ੍ਰੈਕਟਿਸ ਕਰਦੇ ਸਨ । ਛੋਟੀਆਂ ਅਦਾਲਤਾਂ 'ਚ ਨਹੀਂ ਜਾਂਦੇ ਸਨ । ਆਪ ਨੇ ਕਾਫ਼ੀ ਫ਼ੀਸ ਮੰਗੀ ਜੋ ਦੇ ਦਿਤੀ ਗਈ । ਮੁਕੱਦਮੇ ਦੀ ਕਾਰਵਾਈ ਸ਼ੁਰੂ ਹੋਈ ਅਤੇ ਮਿਸਲ ਨੂੰ ਗਹੁ ਨਾਲ ਵੇਖਿਆ ਗਿਆ । ਤਾਂ ਪਤਾ ਲਗਾ ਕਿ ਕੁਕੀਨ ਦੇ ਨਾਲ ਜਿਹੜਾ ਪੋਸਟ ਕਾਰਡ ਰਖਿਆ ਹੋਇਆ ਮਿਲਿਆ ਉਸ ਤੇ ਜਿਹੜੀਆਂ ਸਤਰਾਂ ਲਿਖੀਆਂ ਹਨ ਉਸ ਵਿਚ ਕਾਰਡ ਲਿਖਣ ਦੀ ਥਾਂ ਗੁਜਰਾਂਵਾਲਾ ਅੰਕਿਤ ਹੈ, ਪਰ ਕਾਰਡ ਦੇ ਚਲਣ ਦਾ ਵੇਲਾ ਸਵੇਰੇ ਅਠ ਵਜੇ ਹੈ । ਦੂਜੀ ਮੋਹਰ ਲਾਹੌਰ ਪਹੁੰਚਣ ਦੀ ਲਗੀ ਹੋਈ ਸੀ ਜਿਸ ਤੇ ਲਾਹੌਰ ਅਤੇ ਉਹੀ ਤ੍ਰੀਕ ਜਿਹੜੀ ਡਿਸਪੈਚ ਦੀ ਸੀ ਅਤੇ ਵੇਲਾ ਨੌਂ ਵਜੇ ਦਾ ਸੀ । ਮਤਲਬ ਕਿ ਇਹ ਕਾਰਡ ਮੁਹਰਾਂ ਅਨੁਸਾਰ—ਜੇਕਰ ਗੁਜਰਾਂਵਾਲੇ ਤੋਂ ਚਲਿਆ ਹੈ ਤਾਂ—ਗੁਜਰਾਂਵਾਲਾ ਦੇ ਡਾਕਖ਼ਾਨੇ ਤੋਂ ਅਠ ਵਜੇ ਦੇ ਪਿਛੋਂ ਚਲਿਆ ਅਤੇ ਨੌਂ ਵਜੇ ਲਾਹੌਰ ਦੇ ਡਾਕਖ਼ਾਨੇ ਵਿਚ ਪੁਜਾ । ਇਸ ਕਾਰਡ ਨੂੰ ਵੇਖ ਕੇ ਅਸੀਂ ਸਾਰੇ ਹੈਰਾਨ ਸਾਂ । ਇਸ ਤਰ੍ਹਾਂ ਡਾਕਟਰ ਨਾਰੰਗ ਨੇ ਮੈਜਿਸਟ੍ਰੇਟ ਦਾ ਧਿਆਨ ਇਸ ਵਲ ਦੁਆਇਆ ਕਿ ਸਵੇਰੇ ਅਠ ਵਜੇ ਗੁਜਰਾਂਵਾਲਾ ਤੋਂ ਕੋਈ ਗਡੀ ਲਾਹੌਰ ਵਲ ਨਹੀਂ ਆਉਂਦੀ ਅਤੇ ਜੇਕਰ ਆਏ ਵੀ ਤਾਂ ਗਡੀ ਜਲਦੀ ਤੋਂ ਜਲਦੀ ਦੋ ਘੰਟਿਆਂ ਵਿਚ ਗੁਜਰਾਂਵਾਲਾ ਤੋਂ ਲਾਹੌਰ ਪਹੁੰਚ ਸਕਦੀ ਹੈ । ਫੇਰ ਇਹ ਕਾਰਡ ਕਿਵੇਂ ਅਤੇ



Digitized by Panjab Digital Library | www.panjabdigilib.org

ਕਿਸ ਰਾਹੀਂ ਅਠ ਵਜੇ ਗੁਜਰਾਂਵਾਲਾ ਦੇ ਡਾਕਖ਼ਾਨੇ ਤੋਂ ਚਲ ਕੇ ਨੌਂ ਵਜੇ ਲਾਹੌਰ ਦੇ ਡਾਕਖ਼ਾਨੇ ਵਿਚ ਪਹੁੰਚ ਗਿਆ। ਦਾਅਵੇ ਦੀ ਜਾਅਲਸਾਜ਼ੀ ਸਪਸ਼ਟ ਪ੍ਰਗਟ ਸੀ ਅਤੇ ਇਸ ਕਾਰਡ ਦੇ ਵੇਖਣ ਤੋਂ ਸਪਸ਼ਟ ਪਤਾ ਲਗਦਾ ਸੀ ਕਿ ਲਾਹੌਰ ਦੇ ਡਾਕਖ਼ਾਨੇ ਵਿਚ ਕਿਸੇ ਮੋਹਰਾਂ ਲਾਉਣ ਵਾਲੇ ਨੂੰ ਪੰਜ ਦਸ ਰੁਪਏ ਦੇ ਕੇ ਦੋਵੇਂ ਮੋਹਰਾਂ ਲਵਾ ਲਈਆਂ ਗਈਆਂ ਹਨ ਅਤੇ ਕਾਹਲੀ ਵਿਚ ਉਹੀ ਮੋਹਰਾਂ ਲਗ ਗਈਆਂ ਜਿਹੜੀਆਂ ਤਰੀਕ ਅਤੇ ਸਮੇਂ ਦੀਆਂ ਤਿਆਰ ਰਖੀਆਂ ਸਨ। ਇਸ ਪ੍ਰਕਾਰ ਇਸ ਮੁਕੱਦਮੇ ਵਿਚ ਠਾਕਰ ਲਲਿਤ ਚੰਦ ਮੈਜਿਸਟ੍ਰੇਟ—ਜਿਹੜੇ ਪਿਛੋਂ ਪੰਜਾਬ ਦੇ ਤਿੰਨ ਜ਼ਿਲ੍ਹਿਆਂ 'ਚ ਡਿਪਟੀ ਕਮਿਸ਼ਨਰ ਅਤੇ ਰਿਆਸਤ ਜੈ ਪੁਰ ਵਿਚ ਰੈਵੀਨਿਉ ਮਨਿਸਟਰ ਰਹੇ—ਨੇ ਲੇਖਕ ਨੂੰ ਬਰੀ ਕਰਦੇ ਹੋਇਆਂ ਆਪਣੇ ਫ਼ੈਸਲੇ ਵਿਚ ਲਿਖਿਆ ਕਿ ਇਹ ਮੁਕੱਦਮਾ ਇਕ ਸਾਜ਼ਸ਼ ਦਾ ਸਿੱਟਾ ਹੈ ਜਿਸ ਦੀ ਤਹਿ ਵਿਚ ਰਿਆਸਤ ਪਟਿਆਲੇ ਦਾ ਹੱਥ ਹੈ ਅਤੇ ਬਿਨਾਂ ਸ਼ਕ ਦੇ ਇਹ ਜਾਅਲਸਾਜ਼ੀ ਕੀਤੀ ਗਈ ਹੈ।

ਮੈਂ ਬਰੀ ਹੋ ਗਿਆ। ਅਖ਼ਬਾਰ "ਪੰਥ" ਬੰਦ ਹੋ ਚੁਕਿਆ ਸੀ ਅਤੇ ਮੈਂ ਰਿਆਸਤ ਨਾਭੇ ਵਿਚ ਚਲਾ ਗਿਆ ਜਿਥੇ ਮਹਾਰਾਜਾ ਦੇ ਤਖਤ ਤੋਂ ਲਹਿਣ ਪਿਛੋਂ ਨਜ਼ਰਬੰਦ ਕਰ ਦਿਤਾ ਗਿਆ। ਨਾਭੇ ਵਿਚ ਤਿੰਨ ਮਹੀਨਿਆਂ ਦੇ ਲਗ ਪਗ ਪੁਲੀਸ ਦੀ ਨਿਗਰਾਨੀ ਵਿਚ ਨਜ਼ਰ ਬੰਦ ਰਿਹਾ। ਕਿਸੇ ਨੂੰ ਮੈਨੂੰ ਮਿਲਣ ਅਤੇ ਗਲ ਕਰਨ ਦੀ ਵੀ ਆਗਿਆ ਨਹੀਂ ਸੀ। ਮੇਰੇ ਮਿਤਰਾਂ ਨੇ ਨਾਭੇ ਦੀ ਗਰਿਫ਼ਤਾਰੀ ਅਤੇ ਨਜ਼ਰਬੰਦੀ ਨੂੰ ਵਾਇਸਰਾਏ ਤਕ ਪੁਚਾਇਆ। ਲਾਰਡ ਰੀਡਿੰਗ ਵਾਇਸਰਾਏ ਸਨ। ਉਨ੍ਹਾਂ ਨੇ ਕਾਗ਼ਜ਼ ਮੰਗਵਾਏ। ਕੋਈ ਦੂਸ਼ਨ ਨਹੀਂ ਸੀ ਉਹਨਾਂ ਦੇ ਹੁਕਮ ਨਾਲ ਤਿੰਨ ਮਹੀਨੇ ਦੀ ਨਜ਼ਰ ਬੰਦੀ ਪਿਛੋਂ ਖਲਾਸੀ ਹੋਈ ਅਤੇ ਜਦ ਮੈਂ ਰਿਹਾ ਹੋ ਕੇ ਲਾਹੌਰ ਪਹੁੰਚਿਆ ਤਾਂ ਪਤਾ ਲਗਾ ਕਿ ਮੇਰੀ ਨਜ਼ਰਬੰਦੀ ਦੇ ਦੌਰਾਨ ਵਿਚ ਹੀ ਸਰਕਾਰ ਹਿੰਦ ਦੇ ਹੁਕਮ ਨਾਲ ਮੇਰੇ ਕੁਕੀਨ ਦੇ ਮੁਕੱਦਮੇ ਦੀ ਪੜਤਾਲ ਹੋਈ ਹੈ। ਪੜਤਾਲ ਦਾ ਕੰਮ ਖ਼ਾਨ ਬਹਾਦਰ ਅਬਦੁਲ ਅਜ਼ੀਜ਼ ਸੁਪ੍ਰੰਟੈਂਡੰਟ ਪੁਲੀਸ—ਜੋ ਪਿਛੋਂ ਪੰਜਾਬ ਵਿਚ ਡਿਪਟੀ ਇਨਸਪੈਕਟਰ ਜਨਰਲ ਪੁਲੀਸ ਨੀਯਤ ਹੋਏ—ਦੇ ਜ਼ਿਮੇਂ ਕੀਤਾ ਗਿਆ। ਖਾਨ ਬਹਾਦਰ ਅਬਦੁਲ ਅਜ਼ੀਜ਼ ਨੇ ਸਰਕਾਰ ਹਿੰਦ ਨੂੰ ਜਿਉਂ ਦੇ ਤਿਉਂ ਅਸਲ ਸਮਾਚਾਰਾਂ ਦੀ ਰੀਪੋਰਟ ਕਰ ਦਿਤੀ। ਇਸ ਰੀਪੋਰਟ ਪਿਛੋਂ ਲਾਹੌਰ ਪੁਲੀਸ ਤੇ ਐਕਸਾਈਜ਼ ਡੀਪਾਰਟਮੈਂਟ ਦੇ ਕਈ ਅਫ਼ਸਰਾਂ ਦੇ ਘਰਾਂ ਦੀ ਤਲਾਸ਼ੀ ਹੋਈ। ਤਲਾਸ਼ੀ ਵਿਚ ਕੁਕੀਨ ਦਾ ਖੁਰਾ ਨਿਕਲ ਆਇਆ ਅਤੇ ਉਹਨਾਂ ਅਫ਼ਸਰਾਂ ਵਿਚੋਂ ਕਈਆਂ ਤੇ ਮੁਕੱਦਮੇ ਬਣੇ, ਕਈ ਕਢੇ ਗਏ ਅਤੇ ਕਈਆਂ ਦੀਆਂ ਤਬਦੀਲੀਆਂ ਕੀਤੀਆਂ ਗਈਆਂ।



Digitized by Panjab Digital Library | www.panjabdigilib.org

ਮੁਕੱਦਮੇ ਦੇ ਵਿਚ ਹੀ ਪਤਾ ਲਗ ਗਿਆ ਸੀ ਕਿ ਕੁਕੀਨ ਰਖਣ ਅਤੇ ਮੁਕੱਦਮਾ ਬਣਾਉਣ ਵਿਚ ਮਹਾਰਾਜਾ ਪਟਿਆਲਾ ਦਾ ਪੰਜਾਹ ਹਜ਼ਾਰ ਰੁਪਏ ਦੇ ਲਗ ਪਗ ਖ਼ਰਚ ਹੋਇਆ ਹੈ। ਕੁਕੀਨ ਵਾਲਾ ਟਾਈਮ ਟੇਬਲ ਰਖਣ ਲਈ ਦਫ਼ਤਰ "ਪੰਥ" ਦੇ ਇਕ ਕਲਰਕ ਦੀ ਸੇਵਾ ਦੋ ਸੌ ਰੁਪਿਆ ਦੇਕੇ ਪ੍ਰਾਪਤ ਕੀਤੀ ਗਈ। ਇਹ ਮੁਕੱਦਮਾ ਮੇਰੇ ਅੰਦਰ ਆਤਮਕ ਬਲ ਅਤੇ ਮੁਸੀਬਤਾਂ ਲਈ ਸਹਿਨ ਸ਼ਕਤੀ ਨੂੰ ਵਧੇਰੇ ਵਧਾਉਣ ਦਾ ਕਾਰਨ ਹੋਇਆ ਅਤੇ ਮੇਰਾ ਵਿਚਾਰ ਹੈ ਕਿ ਹਰ ਮੁਸੀਬਤ ਮਨੁਖ ਨੂੰ ਵਧੇਰੇ ਬਲਵਾਨ ਬਣਾਉਣ ਦਾ ਕਾਰਨ ਹੁੰਦੀ ਹੈ।

## ਇਸਤਰੀ ਅਤੇ ਸ਼ਿੰਗਾਰ

"ਰਿਆਸਤ" ਦਾ ਦਫ਼ਤਰ ਅਜਮੇਰੀ ਦਰਵਾਜ਼ੇ ਦੇ ਬਾਹਰ ਸੀ। ਸਰਦਾਰ ਗੁਪਾਲ ਸਿੰਘ ਮੈਂਬਰ ਪੰਜਾਬ ਅਸੈਂਬਲੀ — ਜਿਹੜੇ ਅਜ ਕਲ ਪੰਜਾਬ ਅਸੈਂਬਲੀ ਵਿਚ ਵਿਰੋਧੀ ਦਲ ਦੇ ਨੇਤਾ ਹਨ ਅਤੇ ਓ. ਬੀ. ਈ. ਦੀ ਪਦਵੀ ਵੀ ਪ੍ਰਾਪਤ ਕਰ ਚੁਕੇ ਹਨ — ਆਪਣੀ ਅਮਰੀਕਨ ਵਹੁਟੀ ਮਿਸਿਜ਼ ਆਇਰਸ ਗੁਪਾਲ ਸਿੰਘ ਨਾਲ ਤਸ਼ਰੀਫ਼ ਲਿਆਏ ਅਤੇ ਸ਼ਾਇਦ ਤਿੰਨ ਮਹੀਨੇ ਦੇ ਲਗ ਪਗ ਮਹਿਮਾਨ ਦੇ ਤੌਰ ਤੇ ਰਹੇ। ਅਮਰੀਕਨ ਅਤੇ ਅੰਗਰੇਜ਼ ਇਸਤਰੀਆਂ ਦੀ ਸੁਸਾਇਟੀ ਬੜੀ ਮਜ਼ੇਦਾਰ ਹੁੰਦੀ ਹੈ ਜੇਕਰ ਉਹਨਾਂ ਨਾਲ ਖੁਲ੍ਹੇ ਡੁਲ੍ਹੇ, ਪਰ ਭੈਣਾਂ ਭਰਾਵਾਂ ਵਰਗੇ ਪਵਿਤਰ ਸੰਬੰਧ ਹੋਣ ਅਤੇ ਇਹਨਾਂ ਸੰਬੰਧਾਂ ਵਿਚ ਬਦਨੀਤੀ ਦੀ ਕੋਈ ਥਾਂ ਨਾ ਹੋਵੇ। ਇਹ ਇਸਤਰੀਆਂ ਕੋਮਲ ਮਸਖ਼ਰੀ ਤੋਂ ਬਹੁਤ ਸੰਤੁਸ਼ਟ ਹੁੰਦੀਆਂ ਹਨ। ਇਹਨਾਂ ਵਹੁਟੀ ਗਭਰੂ ਦੀ ਸੁਸਾਇਟੀ ਨੂੰ ਮੈਂ ਜੀਵਨ ਭਰ ਭੁਲ ਨਹੀਂ ਸਕਿਆ ਅਤੇ ਸ਼ਾਇਦ ਇਹ ਤਿੰਨ ਮਹੀਨੇ ਮੇਰੇ ਜੀਵਨ ਦਾ ਇਕ ਅਤਿ ਚੰਗਾ ਭਾਗ ਸਨ। ਉਪਰ ਦੀ ਮੰਜ਼ਲ 'ਚ ਮੇਰੇ ਨਿਜੀ ਦਫ਼ਤਰ ਦੇ ਨਾਲ ਵਾਲੇ ਕਮਰੇ ਵਿਚ ਇਹ ਠਹਿਰੇ ਹੋਏ ਸਨ। ਮੇਰੇ ਨਿਜੀ ਦਫ਼ਤਰ ਵਿਚ ਹੀ ਮੇਰੇ ਸੌਣ ਦੀ ਥਾਂ ਸੀ ਤਾਕਿ ਜਦ ਕੰਮ ਤੋਂ ਵਿਹਲਾ ਹੋਵਾਂ ਤਾਂ ਸੌਂ ਜਾਵਾਂ ਅਤੇ ਜਦ ਜਾਗਾਂ ਤਾਂ ਝਟ ਕੰਮ ਅਰੰਭ ਦਿਆਂ। ਇਸ ਪਰਕਾਰ ਜਦ ਰਾਤ ਨੂੰ ਅਸੀਂ ਖਾਣੇ ਤੋਂ ਉਠਦੇ ਤਾਂ ਇਹ ਵਹੁਟੀ ਗਭਰੂ ਮੇਰੇ ਕਮਰੇ ਵਿਚ ਆ ਜਾਂਦੇ। ਮੈਂ ਥਕੇਵੇਂ ਕਾਰਨ ਪਲੰਘ ਤੇ ਲੇਟ ਜਾਂਦਾ ਅਤੇ ਇਹ ਦੋਵੇਂ ਕੋਲ ਪਈਆਂ ਕੁਰਸੀਆਂ ਤੇ ਬੈਠ ਕੇ ਗਲਾਂ ਕਰਦੇ। ਇਸ ਤਰ੍ਹਾਂ ਰਾਤ ਦੇ ਬਾਰਾਂ ਇਕ ਵਜ ਜਾਂਦੇ। ਕਈ ਵਾਰ ਅਜਿਹਾ ਵੀ ਹੋਇਆ ਕਿ ਸਰਦਾਰ ਗੁਪਾਲ ਸਿੰਘ ਮੇਰਠ ਆਦਿ ਦਿੱਲੀ ਤੋਂ



Digitized by Panjab Digital Library | www.panjabdigilib.org

ਬਾਹਰ ਚਲੇ ਜਾਂਦੇ, ਰਾਤ ਨੂੰ ਵੀ ਵਾਪਸ ਨਾ ਮੁੜਦੇ ਅਤੇ ਮਿਸਿਜ਼ ਗੁਪਾਲ ਸਿੰਘ ਨੇਮ ਅਨੁਸਾਰ ਉਸੇ ਤਰ੍ਹਾਂ ਰਾਤ ਨੂੰ ਬਾਰਾਂ ਇਕ ਵਜੇ ਤਕ ਮੇਰੇ ਕੋਲ ਬੈਠੀ ਗਲਾਂ ਕਰਦੀ ਰਹਿੰਦੀ ਅਤੇ ਇੰਜ ਪ੍ਰਤੀਤ ਹੁੰਦਾ ਕਿ ਇਕ ਭੈਣ ਇਕਾਂਤ ਵਿਚ ਆਪਣੇ ਭਰਾ ਕੋਲ ਬੈਠੀ ਗਲਾਂ ਕਰ ਰਹੀ ਹੈ। ਮਿਸਿਜ਼ ਗੁਪਾਲ ਸਿੰਘ ਸੁੰਦਰ ਸੀ, ਵੀਹ ਬਾਈ ਸਾਲ ਦੀ ਉਮਰ। ਅਮਰੀਕੀ ਲਾਲ ਚਿੱਟਾ ਰੰਗ ਅਤੇ ਫੇਰ ਜਵਾਨ ਕੁੜੀਆਂ ਵਾਲਾ ਹਾਰ ਸ਼ਿੰਗਾਰ। ਦਿਨ ਵਿਚ ਕਈ ਕਈ ਵਾਰ ਸਾੜ੍ਹੀ ਬਦਲਦੀ ਅਤੇ ਆਪਣੇ ਸੁਹਪਣ ਨੂੰ ਸ਼ੀਸ਼ੇ ਵਿਚ ਵੇਖਦੀ। ਇਕ ਦਿਨ ਅਸੀਂ ਸ਼ਾਮ ਨੂੰ ਮੋਟਰ ਵਿਚ ਸੈਰ ਨੂੰ ਜਾਣ ਵਾਲੇ ਸਾਂ। ਮਿਸਿਜ਼ ਗੁਪਾਲ ਸਿੰਘ ਨੇ ਹਾਰ ਸ਼ਿੰਗਾਰ ਕਰਕੇ ਬੜੀ ਸੁੰਦਰ ਸਾੜ੍ਹੀ ਬੰਨ੍ਹੀ ਅਤੇ ਵਾਰ ਵਾਰ ਕਦ-ਆਦਮ ਸ਼ੀਸ਼ੇ ਸਾਹਮਣੇ ਕਦੀ ਸਿਧੀ ਖੜੀ ਹੋ ਕੇ, ਕਦੀ ਇਕ ਪਾਸੇ ਦਾ ਹਿਸਾ ਅਤੇ ਕਦੀ ਦੂਜੇ ਪਾਸੇ ਦਾ ਕਰਕੇ ਵੇਖਦੀ। ਮੈਂ ਮਖੌਲ ਨਾਲ ਆਖਿਆ ਕਿ ਤੁਹਾਡਾ ਰੂਪ ਤਾਂ ਰਬੋਂ ਹੀ ਦਿੱਲੀ ਦੇ ਲੋਕਾਂ ਲਈ ਕਾਫ਼ੀ ਖ਼ਤਰੇ ਦਾ ਕਾਰਨ ਹੈ। ਏਨੇ ਵਧੇਰੇ ਹਾਰ ਸ਼ਿੰਗਾਰ ਅਤੇ ਸੁੰਦਰ ਸਾੜ੍ਹੀ ਦੀ ਕੀ ਲੋੜ ਸੀ ਅਤੇ ਫੇਰ ਤੁਹਾਡੇ ਪਤੀ ਦੇਵ ਤਾਂ ਦਿਨ ਭਰ ਤੁਹਾਡੇ ਕੋਲ ਰਹਿੰਦੇ ਹਨ ਜਿਨ੍ਹਾਂ ਨੂੰ ਸ਼ਿੰਗਾਰ ਦਖਾਉਣ ਦੀ ਲੋੜ ਹੈ। ਹੁਣ ਬਾਹਰ ਜਾਂਦੀ ਵਾਰੀ ਕਿਉਂ ਇਹ ਰੂਪ ਦੀ ਸੰਜੋਅ ਪਾਈ ਜਾ ਰਹੀ ਹੈ, ਕੀ ਸ਼ਹਿਰ ਲਈ ਘਲੂਘਾਰੇ ਦਾ ਹੁਕਮ ਜਾਰੀ ਹੋਣੈਂ। ਸਰਦਾਰ ਗੁਪਾਲ ਸਿੰਘ ਅਤੇ ਉਹਨਾਂ ਦੀ ਇਸਤਰੀ ਦੋਵੇਂ ਮੁਸਕ੍ਰਾ ਪਏ। ਮੁਸਕ੍ਰਾਉਣ ਪਿਛੋਂ ਮਿਸਿਜ਼ ਗੁਪਾਲ ਸਿੰਘ ਨੇ ਹਾਰ ਸ਼ਿੰਗਾਰ ਦੇ ਵਿਸ਼ੇ ਤੇ ਟੀਕਾ ਟਿਪਣੀ ਅਰੰਭ ਦਿਤੀ ਤੇ ਆਖਿਆ ਕਿ ਕੀ ਇਸ ਹਾਰ ਸ਼ਿੰਗਾਰ ਦਾ ਕਾਰਨ ਆਚਰਣ ਦੀ ਕਮਜ਼ੋਰੀ ਹੈ ਜਾਂ ਉਸ ਦੀ ਤਹਿ ਵਿਚ ਭੈੜੇ ਵਿਚਾਰ ਹਨ? ਉਹ ਭੁਲ ਕਰਦੇ ਹਨ, ਇਸਤਰੀ ਹਾਰ ਸ਼ਿੰਗਾਰ ਕਿਸੇ ਨੂੰ ਖ਼ੁਸ਼ ਕਰਨ ਲਈ ਨਹੀਂ ਕਰਦੀ ਸਗੋਂ ਮਨੁਖੀ ਸੁਭਾਉ ਹੈ ਕਿ ਮਨੁਖ ਜਦ ਆਪਣੇ ਆਪ ਨੂੰ ਰੂਪਵਾਨ ਵੇਖਦਾ ਹੈ ਤਾਂ ਪ੍ਰਸੰਨ ਹੁੰਦਾ ਹੈ ਅਤੇ ਇਹ ਪ੍ਰਸੰਨਤਾ ਕੇਵਲ ਇਸਤਰੀਆਂ ਦੇ ਘੇਰੇ ਤਕ ਹੀ ਬਸ ਨਹੀਂ, ਮਰਦ ਬਚੇ ਅਤੇ ਜਨੌਰ ਵੀ ਇਸ ਤੋਂ ਖ਼ੁਸ਼ੀ ਤੇ ਅਨੰਦ ਪ੍ਰਾਪਤ ਕਰਦੇ ਹਨ। ਮਰਦ ਸ਼ੀਸ਼ੇ ਸਾਹਮਣੇ ਕਾਲਰ ਟਾਈ ਲਾਉਂਦਾ ਹੈ। ਵਾਲਾਂ ਨੂੰ ਸੰਵਾਰ ਕੇ ਟੋਪੀ ਪਾਉਂਦਾ ਹੈ ਜਾਂ ਸੰਵਾਰ ਸੰਵਾਰ ਕੇ ਪੱਗ ਬੰਨ੍ਹਦਾ ਹੈ ਤਾਂ ਕੀ ਉਹ ਆਪਣੀ ਟਾਈ, ਕਾਲਰ ਜਾਂ ਪਗੜੀ ਦੂਜੀਆਂ ਇਸਤਰੀਆਂ ਨੂੰ ਵਿਖਾਉਣ ਜਾਂ ਉਹਨਾਂ ਨੂੰ ਪਿਆਰ ਦਾ ਸੱਦਾ ਦੇਣ ਲਈ ਪਹਿਨਦਾ ਹੈ। ਤੁਸੀਂ ਇਕ ਬਚੇ ਨੂੰ ਲਓ। ਉਸ ਨੂੰ ਨੁਹਾ ਧੁਆ ਕੇ ਚੰਗੇ ਸੋਹਣੇ ਕਪੜੇ ਪਵਾਓ ਅਤੇ ਫੇਰ ਵੇਖੋ ਉਹ ਕਿੰਨਾ ਵਧੇਰੇ ਪ੍ਰਸੰਨ ਹੁੰਦਾ ਹੈ। ਏਨਾਂ ਵਧੇਰੇ ਪ੍ਰਸੰਨ ਕਿ ਦੂਜੇ ਮੈਲੇ ਕੁਚੈਲੇ ਬਚਿਆਂ ਨਾਲ ਗਲ ਕਰਨੀ



Digitized by Panjab Digital Library | www.panjabdigilib.org

ਵੀ ਪਸੰਦ ਨਹੀਂ ਕਰਦਾ। ਇਸਤਰੀ ਜੇਕਰ ਹਾਰ ਸ਼ਿੰਗਾਰ ਕਰਦੀ ਹੈ ਤਾਂ ਉਹ ਕੇਵਲ ਆਪਣੇ ਆਪ ਨੂੰ ਪ੍ਰਸੰਨ ਕਰਨ ਲਈ ਕਿਉਂਕਿ ਤੀਵੀਂ ਹੋਣ ਦੇ ਨਾਤੇ ਸੁਭਾਵਕ ਹੀ ਇਸ ਨੂੰ ਸੁੰਦਰਤਾ ਦੀ ਵਧੇਰੇ ਲੋੜ ਹੈ ਅਤੇ ਜਦ ਉਹ ਸ਼ੀਸ਼ੇ ਦੇ ਸਾਹਮਣੇ ਜਾਂ ਦੂਜੇ ਲੋਕਾਂ ਦੀਆਂ ਅੱਖਾਂ ਵਿਚ ਆਪਣੇ ਆਪ ਨੂੰ ਬਹੁਤ ਸੁੰਦਰ ਅਨੁਭਵ ਕਰਦੀ ਹੈ ਤਾਂ ਉਹ ਅਤਿਅੰਤ ਪ੍ਰਸੰਨ ਹੁੰਦੀ ਹੈ ਇਸ ਵਿਚ ਭੈੜੇ ਵਿਚਾਰਾਂ ਦਾ ਕੋਈ ਸੰਬੰਧ ਨਹੀਂ ਹੁੰਦਾ।

ਮਿਸਿਜ਼ ਗੁਪਾਲ ਸਿੰਘ ਦੇ ਇਸ ਉਤਰ ਨੇ ਮੇਰੀਆਂ ਅੱਖਾਂ ਖੋਲ੍ਹ ਦਿਤੀਆਂ। ਇਸ ਤੋਂ ਪਹਿਲਾਂ ਮੈਂ ਹਰ ਉਸ ਜ਼ਨਾਨੀ ਨੂੰ ਬਦਚਲਨ ਸਮਝਦਾ ਸਾਂ ਜਿਹੜੀ ਹਾਰ ਸ਼ਿੰਗਾਰ ਕਰਨ ਉਪਰੰਤ ਬਾਜ਼ਾਰ ਵਿਚ ਆਪਣੇ ਰੂਪ ਦੀਆਂ ਕਿਰਨਾਂ ਸੁਟਦੀ ਹੋਈ ਲੰਘਦੀ ਸੀ, ਪਰ ਹੁਣ ਪ੍ਰਤੀਤ ਕਰਦਾ ਹਾਂ ਕਿ ਮੇਰਾ ਵਿਚਾਰ ਗ਼ਲਤ ਸੀ। ਏਸ ਰੂਪ ਪਰਦਰਸ਼ਨੀ ਦਾ ਬਦਚਲਣੀ ਨਾਲ ਕੋਈ ਮੇਲ ਨਹੀਂ। ਇਸਤਰੀ, ਮਰਦ ਦੇ ਮੁਕਾਬਲੇ ਤੇ ਸੁਭਾਵਕ ਹੀ ਵਧੇਰੇ ਉਸਤਤ-ਪਸੰਦ ਹੈ ਅਤੇ ਉਹ ਚਾਹੁੰਦੀ ਹੈ ਕਿ ਉਸ ਦਾ ਘਰ ਵਾਲਾ ਉਸ ਦੀਆਂ ਸਹੇਲੀਆਂ, ਉਹਦੇ ਰਿਸ਼ਤੇਦਾਰ ਅਤੇ ਦੂਜੇ ਹੋਰ ਜੇਕਰ ਮੂੰਹੋਂ ਨਹੀਂ ਤਾਂ ਆਪਣੇ ਹਿਰਦੇ 'ਚ ਜ਼ਰੂਰ ਉਸਦੇ ਰੂਪ ਅਤੇ ਉਸ ਦੇ ਸੁਹੱਪਣ ਦੀ ਉਸਤਤ ਕਰਨ ਅਤੇ ਉਸ ਦੇ ਰੂਪ ਦੀ ਖਿਚ ਨੂੰ ਅਨੁਭਵ ਕਰਨ। ਇਸ ਤਰ੍ਹਾਂ ਇਸ ਦੇ ਪ੍ਰਮਾਣ ਵਿਚ ਸੈਆਂ ਘਟਨਾਵਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ ਕਿ ਕੋਈ ਸੁੰਦਰ ਇਸਤਰੀ ਹਾਰ ਸ਼ਿੰਗਾਰ ਪਿਛੋਂ ਲੋਕਾਂ ਤੋਂ ਆਪਣੀ ਸੁੰਦਰਤਾ ਦੀ ਉਸਤਤ ਕਰਵਾਂਦੀ ਹੋਈ ਮੁਸਕੈਰਾ ਪਈ। ਕਈ ਮੂਰਖਾਂ ਨੇ ਇਸ ਰੂਪ ਪਰਦਰਸ਼ਨੀ ਨੂੰ ਪ੍ਰੇਮ ਦਾ ਨਿਉਤਾ ਜਾਣਿਆਂ ਅਤੇ ਉਸ ਰੂਪਵਤੀ ਦੇ ਮਨ ਨੂੰ ਟੋਹਣ ਲਈ ਮਖੌਲ ਕੀਤਾ ਤਾਂ ਉਸ ਕਾਮਨੀ ਨੇ ਉਸ "ਪ੍ਰੇਮੀ" ਦੀ ਛਿੱਤਰਾਂ ਨਾਲ ਮੁਰੰਮਤ ਕਰ ਦਿਤੀ।

ਮੈਂ ਆਪਣੇ ਤਜਰਬਿਆਂ ਦੇ ਆਧਾਰ ਤੇ ਆਖ ਸਕਦਾ ਹਾਂ ਕਿ ਜਿਹੜੇ ਲੋਕ ਇਸਤਰੀ ਦੇ ਅਸਲੇ ਤੋਂ ਅਣਜਾਣ ਹੁੰਦੇ ਹਨ ਉਹ ਇਸ ਦੇ ਹਾਰ ਸ਼ਿੰਗਾਰ ਅਤੇ ਇਸ ਦੀ ਰੂਪ ਪ੍ਰਦਰਸ਼ਨੀ ਨੂੰ ਬਦਚਲਣੀ ਜਾਣਦੇ ਹਨ,ਉਹ ਭੁਲੇਖੇ ਵਿਚ ਹਨ ਅਤੇ ਜਿਹੜੀ ਇਸਤਰੀ ਇਹ ਆਖਦੀ ਹੈ ਕਿ ਉਹ ਹਾਰ ਸ਼ਿੰਗਾਰ ਕੇਵਲ ਆਪਣੇ ਪਤੀ ਨੂੰ ਰੀਝਾਉਣ ਲਈ ਕਰਦੀ ਹੈ ਅਤੇ ਉਸ ਦਾ ਨਿਜਤਵ ਜਾਂ ਲੋਕਾਂ ਤੋਂ ਸਲਾਹੁਤਾ ਰੂਪੀ ਕਰ ਪ੍ਰਾਪਤ ਕਰਨ ਦਾ ਇਸ ਨਾਲ ਕੋਈ ਲਗ ਲਬੇੜ ਨਹੀਂ, ਉਹ ਮਕਰ ਦਾ ਪ੍ਰਮਾਣ ਪੇਸ਼ ਕਰਦੀ ਹੈ ਅਤੇ ਆਪਣੇ ਪਤੀ ਨੂੰ ਮੂਰਖ ਬਣਾਉਂਦੀ ਹੈ। ਕਿਉਂਕਿ ਇਸਤਰੀ ਸੁਭਾਵਕ ਇਹ ਚਾਹੁੰਦੀ ਹੈ ਕਿ ਦੁਨੀਆਂ ਉਸ ਨੂੰ ਸੁੰਦਰ ਸਮਝੇ। ਉਸ ਦੇ ਇਸ ਸੁਭਾ ਨਾਲ ਬਦਚਲਣੀ ਜਾਂ ਬਦਮਾਸ਼ੀ ਦਾ ਕੋਈ ਸੰਬੰਧ



Digitized by Panjab Digital Library | www.panjabdigilib.org

ਨਹੀਂ ਅਤੇ ਇਸਤਰੀ ਦੇ ਹਾਰ ਸ਼ਿੰਗਾਰ ਨੂੰ ਦੁਰਾਚਾਰਜਾਨਣਾ ਇਸਤਰੀ ਨਾਲ ਬੜਾ ਵਡਾ ਧੱਕਾ ਹੈ।

## ਬੇ-ਦਿਲਾ ਨੌਕਰ ਸ਼ਤਰੂ ਤੋਂ ਵੀ ਅਤਿ ਭੈੜਾ

ਸੁਰਗਵਾਸੀ ਮਹਾਰਾਜਾ ਦੇਵਾਸ ਆਪਣੇ ਅਸਲੇ ਦੇ ਲਿਹਾਜ਼ ਸਚੇ ਅਰਥਾਂ ਵਿਚ ਮਰਹੱਟੇ ਸਨ। ਸ਼ਤਰੂ ਸਾਹਮਣੇ ਨਾ ਨਿਊਣਾ ਅਤੇ ਸ੍ਵੈ-ਮਾਨ ਤੇ ਜਾਨ ਵਾਰਨ ਨੂੰ ਤਤਪਰ ਰਹਿਣਾ ਆਪ ਦਾ ਜੀਵਨ ਸੀ। ਇਸ ਚਲਨ ਦੇ ਕਾਰਨ ਆਪ ਜੀਵਨ ਭਰ ਪੁਲੀਟੀਕਲ ਡੀਪਾਰਟਮੈਂਟ ਦੀਆਂ ਅੱਖਾਂ 'ਚ ਰੋੜੇ ਵਾਂਗ ਰਹੇ ਅਤੇ ਸਰਕਾਰ ਸਦਾ ਇਸ ਜਤਨ ਵਿਚ ਰਹੀ ਕਿ ਆਪ ਨੂੰ ਤਖਤੋਂ ਲਾਹਿਆ ਜਾਏ। ਆਪ ਜਦ ਰਾਜਨੀਤਕ ਕਸ਼ਟਾਂ ਵਿਚ ਘਿਰੇ ਹੋਏ ਸਨ ਤਾਂ ਆਪ ਦਾ ਇਕ ਨਿਜੀ ਨੌਕਰ ਐਡੀਟਰ "ਰਿਆਸਤ" ਪਾਸ ਸੁਨੇਹਾ ਲਿਆਇਆ ਅਤੇ ਆਖਿਆ ਕਿ ਮਹਾਰਾਜਾ ਮਿਲਣਾ ਚਾਹੁੰਦੇ ਹਨ। ਮੈਂ ਉਸ ਆਦਮੀ ਨਾਲ ਦੇਵਾਸ ਗਿਆ। ਬਰਸਾਤ ਦਾ ਮੌਸਮ ਸੀ। ਗੈਸਟ ਹਾਊਸ ਬੜੀ ਚੰਗੀ ਥਾਂ ਤੇ ਹੈ। ਸਾਹਮਣੇ ਨਿੱਕੇ ਨਿੱਕੇ ਪਹਾੜ ਨਜ਼ਰ ਆਉਂਦੇ ਹਨ। ਮਧ ਪ੍ਰਦੇਸ਼ ਦੀ ਬਰਸਾਤ, ਅਜਿਹਾ ਲੁਭਾਉਣਾ ਦ੍ਰਿਸ਼, ਸਿਵਾਏ ਮਨਸੂਰੀ, ਸ਼ਿਮਲਾ ਆਦਿ ਪਹਾੜਾਂ ਦੇ ਉੱਤਰੀ ਭਾਰਤ ਵਿਚ ਘਟ ਹੀ ਨਸੀਬ ਹੁੰਦਾ ਹੈ। ਇਸ ਗੈਸਟ ਹਾਊਸ ਵਿਚ ਤਿੰਨ ਦਿਨ ਰਿਹਾ। ਮਹਾਰਾਜਾ ਨੂੰ ਦਿਨ ਵਿਚ ਕਈ ਕਈ ਵਾਰ ਮਿਲਦਾ ਅਤੇ ਵਟਾਂਦਰਾ ਗੱਲ ਬਾਤ ਹੁੰਦਾ ਕਿ ਪੁਲੀਟੀਕਲ ਡੀਪਾਰਟਮੈਂਟ ਦੀ ਵਿਰੋਧਤਾ ਦਾ ਕੀ ਇਲਾਜ ਹੋਵੇ।

ਗੈਸਟ ਹਾਊਸ ਦੇ ਕਮਰੇ ਵਿਚ ਮੇਰੇ ਪਲੰਘ ਕੋਲ ਮੇਰਾ ਕੋਟ ਟੰਗਿਆ ਹੋਇਆ ਸੀ ਅਤੇ ਮੈਂ ਬਰਸਾਤ ਦੇ ਸੁਹਾਵਣੇ ਮੌਸਮ ਦਾ ਆਨੰਦ ਮਾਨਣ ਲਈ ਬਾਹਰ ਗੈਲਰੀ ਵਿਚ ਟਹਿਲ ਰਿਹਾ ਸਾਂ। ਇਕ ਘੰਟੇ ਦੇ ਕਰੀਬ ਟਹਿਲਦਾ ਰਿਹਾ। ਏਨੇ ਵਿਚ ਮਹਾਰਾਜੇ ਦੀ ਮੋਟਰ ਮੈਨੂੰ ਲੈਣ ਲਈ ਆਈ। ਮੈਂ ਕੋਟ ਪਾਉਣ ਅੰਦਰ ਕਮਰੇ ਵਿਚ ਗਿਆ। ਕੋਟ ਪਾਇਆ ਅਤੇ ਪਾਕਟ ਬੁਕ ਨੂੰ ਕੋਟ ਵਿਚੋਂ ਕਢ ਕੇ ਉਸ 'ਚ ਆਪਣੇ ਵਿਜ਼ਿਟਿੰਗ ਕਾਰਡ ਸੰਭਾਲਣ ਲੱਗਾ ਤਾਂ ਵੇਖਿਆ ਕਿ ਦਸ ਰੁਪਏ ਦਾ ਨੋਟ ਗੁੰਮ ਹੈ, ਜਿਹੜਾ ਵੇਲੇ ਕੁਵੇਲੇ ਲਈ ਇਸ ਪਾਕਟ ਬੁਕ ਵਿਚ ਸਦਾ ਪਿਆ ਰਹਿੰਦਾ ਸੀ। ਜਦ ਇਹ ਨੋਟ ਗੁੰਮ ਵੇਖਿਆ ਤਾਂ ਮੈਨੂੰ ਬੜਾ ਗੁਸਾ ਆਇਆ। ਮੇਰੇ ਵਿਚ ਕਮਜ਼ੋਰੀ ਹੈ ਕਿ ਜਦ ਮੇਰੇ ਘਰ



Digitized by Panjab Digital Library | www.panjabdigilib.org

ਵਿਚ ਜਾਂ ਦਫ਼ਤਰ ਵਿਚ ਚੋਰੀ ਹੋਵੇ ਜਾਂ ਕੋਈ ਝੂਠ ਮਾਰੇ ਤਾਂ ਮੈਂ ਜੇਰਾ ਨਹੀਂ ਕਰ ਸਕਦਾ। ਚੋਰੀ ਕਰਨ ਅਤੇ ਝੂਠ ਮਾਰਨ ਵਾਲੇ ਚਪੜਾਸੀ ਜਾਂ ਨੌਕਰ ਨੂੰ ਕੁਟਣਾ ਸ਼ੁਰੂ ਕਰ ਦਿੰਦਾ ਹਾਂ ਅਤੇ ਮਾਰਨ ਕੁਟਣ ਪਿਛੋਂ ਆਮ ਤੌਰ ਤੇ ਕਢ ਦਿੰਦਾ ਹਾਂ। ਇਸ ਦਸ ਰੁਪਏ ਦੇ ਨੋਟ ਨੂੰ ਗੁੰਮ ਹੋਇਆ ਵੇਖ ਕੇ ਵੀ ਮੈਂ ਚੁਪ ਨਾ ਰਹਿ ਸਕਿਆ। ਗੈਸਟ ਹਾਊਸ ਦੇ ਇਨਚਾਰਜ ਨੂੰ ਬੁਲਾਇਆ ਅਤੇ ਆਖਿਆ ਕਿ ਹੁਣੇ ਦੋ ਤਿੰਨ ਘੰਟੇ ਦੇ ਅੰਦਰ ਖੀਸੇ ਵਿਚੋਂ ਦਸ ਰੁਪਏ ਦਾ ਨੋਟ ਉਡ ਗਿਆ ਹੈ। ਮੇਰੀ ਇਸ ਸ਼ਕਾਇਤ ਨੂੰ ਸੁਣ ਕੇ ਗੈਸਟ ਹਾਊਸ ਦੇ ਇਨਚਾਰਜ ਨੇ ਉੱਤਰ ਦਿਤਾ :

"ਸਰਕਾਰ ਕੀ ਦਸਾਂ, ਇਸ ਤੋਂ ਪਹਿਲਾਂ ਵੀ ਕਈ ਮਹਿਮਾਨਾਂ ਦੇ ਖੀਸਿਆਂ 'ਚੋਂ ਰੁਪਏ ਨਿਕਲ ਚੁਕੇ ਹਨ। ਇਹਨਾਂ ਨੌਕਰਾਂ ਨੂੰ ਛੇ ਛੇ ਮਹੀਨੇ ਤਕ ਤਨਖ਼ਾਹਾਂ ਨਹੀਂ ਮਿਲਦੀਆਂ। ਇਹ ਲੋਕ ਆਖ਼ਰ ਕਿਥੋਂ ਖਾਣ ? ਮੈਂ ਬਥੇਰਾ ਯਤਨ ਕਰਦਾ ਹਾਂ ਕਿ ਇਹ ਲੋਕ ਬੇਈਮਾਨੀ ਨਾ ਕਰਨ, ਪਰ ਬਾਜ਼ ਨਹੀਂ ਆਉਂਦੇ। ਖਾਣ ਪੀਣ ਦੀਆਂ ਚੀਜ਼ਾਂ ਵਿਚੋਂ ਵੀ ਚੋਰੀ ਕਰਦੇ ਹਨ ਅਤੇ ਜਿਹੜੇ ਮਹਿਮਾਨ ਆਉਂਦੇ ਹਨ, ਉਹਨਾਂ ਦੇ ਖੀਸਿਆਂ ਵਿਚੋਂ ਵੀ ਰੁਪਏ ਕਢ ਲੈਂਦੇ ਹਨ। ਇਹਨਾਂ ਨੂੰ ਖ਼ਿਆਲ ਨਹੀਂ ਆਉਂਦਾ ਕਿ ਇਸ ਤਰ੍ਹਾਂ ਰਿਆਸਤ ਦੀ ਅਤੇ ਮਹਾਰਾਜੇ ਦੀ ਬਦਨਾਮੀ ਹੁੰਦੀ ਹੈ।"

ਦਸ ਰੁਪਏ ਬੜੀ ਸਾਧਾਰਨ ਰਕਮ ਸੀ। ਮੈਂ ਇਸ ਦਾ ਤਾਂ ਕੋਈ ਖ਼ਿਆਲ ਨਾ ਕੀਤਾ, ਨਾ ਰਿਆਸਤ ਦੇ ਕਿਸੇ ਅਫ਼ਸਰ ਕੋਲ ਹੀ ਗਲ ਕਰਨੀ ਚੰਗੀ ਸਮਝੀ, ਪਰ ਉਸ ਸੁਪ੍ਰੰਟੰਡੰਟ ਗੈਸਟ ਹਾਊਸ ਦੇ ਇਹ ਅੱਖਰ ਇਸ ਦੇ ਪਿਛੋਂ ਸਦਾ ਹੀ ਮੇਰੇ ਕੰਨਾਂ ਵਿਚ ਗੂੰਜਦੇ ਰਹੇ।

"ਛੇ ਛੇ ਮਹੀਨੇ ਤਕ ਤਨਖ਼ਾਹਾਂ ਨਹੀਂ ਮਿਲਦੀਆਂ।"

"ਇਹ ਲੋਕ ਆਖ਼ਰ ਖਾਣ ਕਿਥੋਂ ?"

ਇਹਨਾਂ ਸ਼ਬਦਾਂ ਦਾ ਅਸਰ ਇਹ ਹੋਇਆ ਕਿ ਮੈਂ ਉਸ ਪਿਛੋਂ ਸਦਾ ਇਹ ਯਤਨ ਕੀਤਾ ਕਿ ਨੌਕਰ ਬੇ-ਦਿਲੇ ਨਾ ਹੋਣ, ਇਹਨਾਂ ਨੂੰ ਢਿਡ ਭਰਣ ਲਈ ਕਾਫ਼ੀ ਅਤੇ ਸਮੇਂ ਸਿਰ ਤਨਖ਼ਾਹ ਦਿਤੀ ਜਾਏ—ਭਾਵੇਂ ਕਈ ਵਾਰ ਮਜਬੂਰੀਆਂ ਕਾਰਨ ਦੇਰ ਹੁੰਦੀ ਰਹੀ—ਜਿਸ ਦਾ ਸਿੱਟਾ ਇਹ ਹੈ ਕਿ ਦਫ਼ਤਰ "ਰਿਆਸਤ" ਦੇ ਨੌਕਰ ਏਥੋਂ ਚਲੇ ਜਾਣ ਪਿਛੋਂ ਵੀ ਫੇਰ ਏਸੇ ਕੋਸ਼ਿਸ਼ ਵਿਚ ਰਹਿੰਦੇ ਹਨ ਕਿ ਉਹ ਦਫ਼ਤਰ "ਰਿਆਸਤ" ਦੀ ਨੌਕਰੀ ਕਰਨ। ਹੁਣ "ਰਿਆਸਤ" ਦੇ ਇਸ ਨਵੇਂ ਗੇੜ ਵਿਚ ਤਾਂ ਫ਼ੈਸਲਾ ਕੀਤਾ ਗਿਆ ਹੈ ਅਤੇ ਹੁਣ ਤਕ ਉਸੇ ਤੇ ਵਰਤੋਂ ਕੀਤੀ ਜਾ ਰਹੀ ਹੈ ਕਿ ਨੌਕਰਾਂ ਨੂੰ ਸਮੇਂ ਸਿਰ ਅਤੇ ਵਧੇਰੀ ਤਨਖ਼ਾਹ ਦਿਤੀ



Digitized by Panjab Digital Library | www.panjabdigilib.org

ਜਾਏ ਤਾਕਿ ਮੁਲਾਜ਼ਮ ਨੂੰ ਖੁਦ ਨੌਕਰੀ ਦੀ ਇੱਛਾ ਹੋਵੇ ਨਾ ਕਿ ਨੌਕਰ ਨੂੰ ਨੌਕਰੀ ਨਾ ਛਡਣ ਲਈ ਆਖਿਆ ਜਾਵੇ।

ਮੇਰਾ ਵਿਚਾਰ ਹੈ ਕਿ ਸਧਾਰਨ ਤਨਖ਼ਾਹ ਤੇ ਨਿਕੰਮੇ ਦਸ ਨੌਕਰਾਂ ਦੀ ਥਾਂ ਚੰਗੇ ਮਿਹਨਤੀ ਅਤੇ ਕੰਮ ਕਰਨ ਵਾਲੇ ਪੰਜ ਨੌਕਰ ਵਧੇਰੀ ਤਨਖ਼ਾਹ ਤੇ ਰਖ ਲੈਣੇ ਚੰਗਾ ਹੈ ਅਤੇ ਯਤਨ ਕਰਨਾ ਚਾਹੀਦਾ ਹੈ ਕਿ ਨੌਕਰ ਖ਼ੁਸ਼ ਅਤੇ ਸੰਤੁਸ਼ਟ ਰਹਿਣ ਤੇ ਉਹਨਾਂ ਨੂੰ ਵੇਲੇ ਸਿਰ ਤਨਖ਼ਾਹ ਮਿਲਦੀ ਰਹੇ। ਅਸੰਤੁਸ਼ਟ ਅਤੇ ਬੇ-ਦਿਲਾ ਨੌਕਰ ਕਿਸੇ ਹਾਲਤ ਵਿਚ ਵੀ ਨਾ ਰਖਿਆ ਜਾਏ ਕਿਉਂਕਿ ਉਹ ਸ਼ਤਰੂਆਂ ਦੀ ਤਰ੍ਹਾਂ ਹਾਨੀ ਦਾ ਕਾਰਨ ਹੁੰਦਾ ਹੈ।

## "ਰਿਆਸਤ"–ਸਰ ਜਾਨ ਥਾਂਪਸਨ ਅਤੇ ਰਜਵਾੜਿਆਂ ਦੇ ਰਾਜੇ

ਜਦ "ਰਿਆਸਤ" ਵਿਚ ਰਜਵਾੜਿਆਂ ਦੇ ਰਾਜਿਆਂ ਨੂੰ ਸਖ਼ਤੀ ਨਾਲ ਨੰਗਿਆਂ ਕੀਤਾ ਜਾ ਰਿਹਾ ਸੀ ਅਤੇ ਸਰ ਜਾਨ ਥਾਂਪਸਨ ਸਰਕਾਰ ਹਿੰਦ ਦੇ ਪੁਲੀਟੀਕਲ ਸਕੱਤ੍ਰ ਸਨ ਤਾਂ ਸਰ ਜਾਨ ਨੇ ਸਾਰਿਆਂ ਰਜਵਾੜਿਆਂ ਨੂੰ ਇਕ ਸਰਕੁਲਰ ਭੇਜਿਆ ਜਿਸ ਵਿਚ ਲਿਖਿਆ ਕਿ "ਰਿਆਸਤ" ਦੇ ਪ੍ਰਤੀਨਿਧ ਅਤੇ ਪਤ੍ਰ ਪ੍ਰੇਰਕ ਰਿਆਸਤਾਂ ਵਿਚ ਫਿਰ ਕੇ ਸਮਾਚਾਰ ਪ੍ਰਾਪਤ ਕਰਨ ਦੇ ਯਤਨਾਂ ਵਿਚ ਰਹਿੰਦੇ ਹਨ ਅਤੇ ਡਰ ਹੈ ਕਿ ਇਹ ਲੋਕ ਕੋਈ ਅਜਿਹੀ ਭੇਦ-ਭਰੀ ਚਿਠੀ ਪੱਤ੍ਰ ਪ੍ਰਾਪਤ ਨਾ ਕਰ ਲੈਣ ਜਿਹੜੀ ਰਿਆਸਤ ਦੇ ਰਾਜੇ ਅਤੇ ਪੁਲੀਟੀਕਲ ਡੀਪਾਰਟਮੈਂਟ ਵਿਚਕਾਰ ਹੋਈ ਹੋਵੇ। ਬੜੇ ਧਿਆਨ ਦੀ ਵਰਤੋਂ ਕੀਤੀ ਜਾਵੇ।

ਇਸ ਸਰਕੁਲਰ ਦੀ ਸੂਚਨਾ ਮੈਨੂੰ ਇਕ ਰਿਆਸਤ ਦੇ ਪ੍ਰਧਾਨ ਮੰਤਰੀ ਨੇ ਦਿਤੀ ਮੇਰਾ ਗੂੜ੍ਹਾ ਮਿਤਰ ਸੀ। ਇਸ ਸੂਚਨਾ ਪਿਛੋਂ ਮੇਰੀਆਂ ਸੋਚਾਂ ਤੇ ਇਹ ਪ੍ਰਭਾਵ ਰਿਹਾ ਕਿ ਕੀ ਸਰ ਜਾਨ ਥਾਂਪਸਨ ਵੀ "ਰਿਆਸਤ" ਦੇ ਵਿਰੋਧੀ ਹਨ।

ਸਰ ਜਾਨ ਥਾਂਪਸਨ ਦੇ ਪੁਲੀਟੀਕਲ ਸਕੱਤ੍ਰ ਦੀ ਪਦਵੀ ਤੋਂ ਵਖ ਹੋਣ ਦੀ ਕਹਾਣੀ ਵੀ ਬੜੀ ਮਜ਼ੇਦਾਰ ਹੈ। ਆਪ ਬੜੇ ਸ਼ਰੀਫ਼, ਅਸਧਾਰਨ ਦਿਆਨਤ-ਦਾਰ,ਬੜੇ ਲਾਇਕ, ਨਿਆਂਕਾਰੀ, ਮਾਨਸਕ ਸ਼ਕਤੀ ਦੇ ਪੱਕੇ ਅਤੇ ਇਕ ਸਿਆਣੇ ਸਿਵਲੀਅਨ ਸਨ। ਜਦ ਆਪ ਮਾਰਸ਼ਲ ਲਾਅ ਪਿਛੋਂ ਚੀਫ਼ ਸਕੱਤ੍ਰ ਪੰਜਾਬ ਸਰਕਾਰ ਦੀ ਪਦਵੀ ਤੋਂ ਬਦਲ ਕੇ ਪੁਲੀਟੀਕਲ ਸਕੱਤ੍ਰ ਸਰਕਾਰ ਹਿੰਦ ਨੀਅਤ ਕੀਤੇ ਗਏ ਅਤੇ ਆਪ ਨੇ ਰਿਆਸਤਾਂ ਦੇ ਸਮਾਚਾਰ ਵੇਖੇ ਤਾਂ ਆਪ ਦੀਆਂ ਅੱਖਾਂ

ਖੁਲ੍ਹ ਗਈਆਂ ਅਤੇ ਆਪ ਨੂੰ ਅਚੰਭਾ ਹੋਇਆ ਕਿ ਇਸ ਜ਼ਮਾਨੇ ਵਿਚ ਵੀ ਰਿਆਸਤਾਂ ਅੰਦਰ ਅਜਿਹੇ ਅਸਹਿ ਜ਼ੁਲਮ ਹੋ ਰਹੇ ਹਨ। ਇਸ ਪ੍ਰਕਾਰ ਇਸ ਹੈਰਾਨੀ ਦਾ ਸਿੱਟਾ ਸੀ ਕਿ ਆਪ ਦਿਲੋਂ ਰਿਆਸਤਾਂ ਦੇ ਰਾਜਿਆਂ ਵਿਰੁਧ ਹੋ ਗਏ । ਇਹ ਜਜ਼ਬੇ ਹੀ ਮਹਾਰਾਜਾ ਨਾਭਾ ਅਤੇ ਮਹਾਰਾਜਾ ਇੰਦੌਰ ਆਦਿ ਨੂੰ ਗੱਦੀਆਂ ਤੋਂ ਵਖ ਕਰਨ ਅਤੇ ਨਿਜ਼ਾਮ ਦੱਖਣ ਨੂੰ ਇਤਿਹਾਸਕ ਚਿਠੀ ਲਿਖਣ ਦਾ ਕਾਰਨ ਬਣੇ ਅਤੇ ਇਹ ਸਚਾਈ ਹੈ ਕਿ ਜੇਕਰ ਆਪ ਪੰਜ ਵਰ੍ਹੇ ਹੋਰ ਪੁਲੀਟੀਕਲ ਸਕੱਤ੍ਰ ਰਹਿੰਦੇ ਤਾਂ ਸੁਰਗਵਾਸੀ ਮਹਾਰਾਜਾ ਪਟਿਆਲਾ ਅਤੇ ਮਹਾਰਾਜਾ ਅਲਵਰ ਆਦਿ ਇਕ ਦਰਜਨ ਦੇ ਲਗ ਪਗ ਹੋਰ ਰਿਆਸਤਾਂ ਦੇ ਰਾਜੇ ਗੱਦੀਆਂ ਤੋਂ ਵਖ ਕਰ ਦਿਤੇ ਜਾਂਦੇ।

ਸਰ ਜਾਨ ਥਾਂਪਸਨ ਜਦ ਪੁਲੀਟੀਕਲ ਸਕੱਤ੍ਰ ਦੀ ਪਦਵੀ ਤੋਂ ਵਖ ਹੋਏ ਅਤੇ ਦਿੱਲੀ ਵਿਚ ਚੀਫ਼ ਕਮਿਸ਼ਨਰ ਨੀਅਤ ਹੋਏ ਤਾਂ ਰਿਆਸਤ ਅਲਵਰ ਦੇ ਇਕ ਜਾਣੂ ਅਹਿਲਕਾਰ ਨੇ ਐਡੀਟਰ "ਰਿਆਸਤ" ਨੂੰ ਦਸਿਆ ਕਿ ਸਰ ਜਾਨ ਥਾਂਪਸਨ ਦੀ ਏਸ ਬਦਲੀ ਤੇ ਸਠ ਲਖ ਰੁਪਿਆ ਖ਼ਰਚ ਹੋਇਆ ਹੈ। ਇਸ ਸਠ ਲਖ ਰੁਪਏ ਵਿਚ ਮਹਾਰਾਜਾ ਪਟਿਆਲਾ, ਮਹਾਰਾਜਾ ਅਲਵਰ ਅਤੇ ਜਾਮ ਸਾਹਿਬ ਨਵਾਂ ਨਗਰ ਨੇ ਵੀਹ ਵੀਹ ਲਖ ਰੁਪਏ ਚੰਦਾ ਦਿਤਾ।

ਸਰ ਜਾਨ ਥਾਂਪਸਨ ਚੀਫ਼ ਕਮਿਸ਼ਨਰ ਨੀਅਤ ਹੋ ਕੇ ਜਦ ਦਿੱਲੀ ਆਏ ਤਾਂ ਐਡੀਟਰ "ਰਿਆਸਤ" ਦੇ ਦਿਮਾਗ਼ ਵਿਚ ਉਸ ਸਰਕੁਲਰ ਚਿਠੀ—ਜਿਹੜੀ ਆਪ ਨੇ "ਰਿਆਸਤ" ਬਾਰੇ ਰਜਵਾੜਿਆਂ ਨੂੰ ਭੇਜੀ ਸੀ — ਕਾਰਨ ਇਹ ਅਸਰ ਸੀ ਕਿ ਸਰ ਜਾਨ ਥਾਂਪਸਨ "ਰਿਆਸਤ" ਦੇ ਵਿਰੁਧ ਹਨ । ਇਹ ਬੜੇ ਪੱਕੇ ਇਰਾਦਿਆਂ ਦੇ ਮਨੁਖ ਹਨ ਜੇਕਰ ਦੁਸ਼ਮਨ ਹੋਏ ਤਾਂ ਨੁਕਸਾਨ ਪਹੁੰਚਾਣਗੇ। ਇਸ ਤਰ੍ਹਾਂ ਦੋ ਤਿੰਨ ਸਾਤੇ ਐਡੀਟਰ "ਰਿਆਸਤ" ਸੋਚਦਾ ਰਿਹਾ ਕਿ ਸਰ ਜਾਨ ਥਾਂਪਸਨ ਦੇ "ਰਿਆਸਤ" ਬਾਰੇ ਵਿਚਾਰਾਂ ਦਾ ਕਿਵੇਂ ਪਤਾ ਲਿਆ ਜਾਏ। ਆਖ਼ਰ ਇਕ ਸ਼ਰਾਰਤ ਸੁਝੀ। ਇਕ ਮਿਤ੍ਰ ਮਿਸਟਰ ਗੋਪਾਲ ਪਲੇ ਐਡੀਟਰ "ਪ੍ਰਿੰਸਲੀ ਇੰਡੀਆ" — ਇਹ ਅਖ਼ਬਾਰ ਵੀ ਰਿਆਸਤਾਂ ਸੰਬੰਧੀ ਸੀ । ਅਜ ਕਲ ਖੰਡਵਾ (ਸੀ. ਪੀ.) ਤੋਂ ਨਿਕਲਦਾ ਹੈ। ਉਹਨਾਂ ਵੇਲਿਆਂ 'ਚ ਦਿੱਲੀਓਂ ਨਿਕਲਦਾ ਸੀ — ਨੂੰ ਬੁਲਾਇਆ ਅਤੇ ਉਸ ਨੂੰ ਸਮਝਾ ਕੇ ਭੇਜਿਆ ਕਿ ਉਹ ਸਰ ਜਾਨ ਥਾਂਪਸਨ ਨੂੰ ਮਿਲਣ ਲਈ ਜਾਵੇ ਅਤੇ ਗੱਲਾਂ ਗੱਲਾਂ ਵਿਚ ਐਡੀਟਰ "ਰਿਆਸਤ" ਦੀ ਗਲ ਇਸ ਤਰੀਕੇ ਨਾਲ ਕਰੇ ਕਿ ਮਹਾਰਾਜਾ ਪਟਿਆਲਾ ਦੇ ਐਕਸਟਰਾਡੇਸ਼ਨ ਵਾਰੰਟਾਂ ਦੀ ਵਿਰੋਧਤਾ ਕਰ ਕੇ ਸਰ ਜਾਨ ਥਾਂਪਸਨ ਨੇ ਅਖ਼ਬਾਰ "ਰਿਆਸਤ" ਦੀ ਬੜੀ ਸਹਾਇਤਾ ਕੀਤੀ। ਤਾਕਿ ਉਹਨਾਂ ਦੇ ਦਿਮਾਗ਼



Digitized by Panjab Digital Library | www.panjabdigilib.org

ਵਿਚ "ਰਿਆਸਤ" ਸੰਬੰਧੀ ਜੋ ਜਜ਼ਬੇ ਹੋਣ ਉਹ ਉਹਨਾਂ ਨੂੰ ਆਪਣੀ ਜ਼ਬਾਨ ਰਾਹੀਂ ਕਢ ਦੇਣ। ਮਿਸਟਰ 'ਗੋਪਾਲ ਪਲੇ ਨੇ ਮੇਰੀਆਂ ਹਦਾਇਤਾਂ ਅਨੁਸਾਰ ਵਰਤੋਂ ਕੀਤੀ। ਉਹ ਸਰ ਜਾਨ ਨੂੰ ਮਿਲੇ ਤਾਂ ਉਹਨਾਂ ਨੇ ਉਸੇ ਤਰੀਕੇ ਨਾਲ ਹੀ "ਰਿਆਸਤ" ਦੀ ਗਲ ਛੇੜੀ। ਸਰ ਜਾਨ ਨੇ "ਰਿਆਸਤ" ਬਾਰੇ ਸੁਣਦਿਆਂ ਹੀ ਮਿਸਟਰ ਪਲੇ ਤੋਂ ਪੁਛਿਆ ਕਿ ਦੀਵਾਨ ਸਿੰਘ ਅਜ ਕਲ ਕਿਥੇ ਹੈ। ਮਿਸਟਰ ਪਲੇ ਨੇ ਉਤਰ ਦਿਤਾ ਕਿ ਏਥੇ ਦਿੱਲੀ ਵਿਚ ਹੀ ਹੈ। ਸਰ ਜਾਨ ਨੇ ਕਿਹਾ ਕਿ "ਰਿਆਸਤ" ਬੜਾ ਚੰਗਾ ਅਖ਼ਬਾਰ ਹੈ, ਮੈਂ ਉਸਨੂੰ ਬਹੁਤ ਪਸੰਦ ਕਰਦਾ ਹਾਂ ਅਤੇ ਦੀਵਾਨ ਸਿੰਘ ਜੇਕਰ ਮਿਲੇ ਤਾਂ ਉਸ ਨੂੰ ਆਖਣਾ ਕਿ ਉਹ ਕਿਸੇ ਦਿਨ ਮੈਨੂੰ ਮਿਲਣ ਆਵੇ।

ਮਿਸਟਰ ਪਲੇ ਸਰ ਜਾਨ ਨੂੰ ਮਿਲਣ ਪਿਛੋਂ ਸਿਧੇ ਦਫ਼ਤਰ "ਰਿਆਸਤ" ਵਿਚ ਆਏ ਉਨ੍ਹਾਂ ਨੇ ਸਮਾਚਾਰ ਦਸੇ ਤਾਂ ਪਤਾ ਲਗਾ ਕਿ ਸਰ ਜਾਨ "ਰਿਆਸਤ" ਦੇ ਵਿਰੋਧੀ ਨਹੀਂ ਸਗੋਂ ਇਸ ਦੇ ਸ਼ੁਭ ਇੱਛਕ ਹਨ ਅਤੇ ਆਪ ਐਡੀਟਰ "ਰਿਆਸਤ" ਨੂੰ ਮਿਲਣਾ ਚਾਹੁੰਦੇ ਹਨ।

ਇਸ ਘਟਨਾ ਤੋਂ ਦੋ ਸਾਤੇ ਬਾਅਦ ਐਡੀਟਰ "ਰਿਆਸਤ" ਸਰ ਜਾਨ ਨੂੰ ਮਿਲਣ ਵਾਸਤੇ ਚੀਫ਼ ਕਮਿਸ਼ਨਰ ਦੀ ਕੋਠੀ ਗਿਆ। ਇਸ ਤੋਂ ਪਹਿਲਾਂ ਚੀਫ਼ ਕਮਿਸ਼ਨਰ ਦੀ ਕੋਠੀ ਤੇ ਜਾਣ ਦਾ ਕਦੇ ਅਵਸਰ ਨਹੀਂ ਸੀ ਮਿਲਿਆ। ਉਥੇ ਕੋਠੀ ਦੇ ਹਾਤੇ ਅੰਦਰ ਹੀ ਲਕੜੀ ਦਾ ਇਕ ਬਰਾਂਡਾ ਬਣਿਆ ਹੋਇਆ ਸੀ ਜਿਸ ਅੰਦਰ ਦਸ ਪੰਦਰਾਂ ਕੁਰਸੀਆਂ ਪਈਆਂ ਸਨ।ਉਹਨਾਂ ਕੁਰਸੀਆਂ ਤੇ ਰਾਏ ਬਹਾਦਰ, ਖ਼ਾਨ ਬਹਾਦਰ, ਪਦਵੀਆਂ ਵਾਲੇ, ਆਨਰੇਰੀ ਮੈਜਿਸਟ੍ਰੇਟ ਅਤੇ ਮਿਉਨਿਸਪਲ ਕਮਿਸ਼ਨਰ ਆਦਿ ਬੈਠੇ ਸਨ। ਮੇਰੀ ਇਹਨਾਂ 'ਚੋਂ ਕਿਸੇ ਨਾਲ ਵੀ ਜਾਣ ਪਛਾਣ ਨਹੀਂ ਸੀ ਕਿਉਂਕਿ ਮੈਂ ਬਿਨਾਂ ਕੰਮ ਕਦੇ ਕਿਸੇ ਨੂੰ ਨਹੀਂ ਮਿਲਦਾ ਅਤੇ ਨਾ ਪਾਰਟੀਆਂ ਵਿਚ ਜਾਂਦਾ ਹਾਂ। ਦਫ਼ਤਰ, ਘਰ ਅਤੇ ਮਟਰ ਦੀ ਸੈਰ ਤੋਂ ਸਿਵਾ ਕਿਸੇ ਨਾਲ ਕੋਈ ਸਾਂਝ ਨਹੀਂ ਰਖਦਾ ਅਤੇ ਦੋਸਤਾਂ ਦਾ ਘੇਰਾ ਵੀ ਯਤਨ ਕਰਕੇ ਜੀਵਨ ਭਰ ਬੜਾ ਸੀਮਤ ਰਖਿਆ। ਮੈਂ ਇਕ ਨੁਕਰੇ ਹਰੀਜਨ ਦੀ ਤਰ੍ਹਾਂ ਕੁਰਸੀ ਤੇ ਬਹਿ ਗਿਆ। ਚਪੜਾਸੀ ਮੇਰਾ ਵਿਜ਼ਿਟਿੰਗ ਕਾਰਡ ਮੈਥੋਂ ਲੈ ਗਿਆ। ਦੂਜੇ ਲੋਕਾਂ ਦੇ ਵਿਜ਼ਿਟਿੰਗ ਕਾਰਡ ਪਹਿਲਾਂ ਹੀ ਜਾ ਚੁਕੇ ਸਨ। ਇਕ ਸ੍ਰੀ ਮਾਨ ਜੀ ਚੀਫ਼ ਕਮਿਸ਼ਨਰ ਕੋਲ ਕਮਰੇ ਅੰਦਰ ਮੁਲਾਕਾਤ ਕਰ ਰਹੇ ਸਨ। ਮੈਨੂੰ ਵਿਜ਼ਿਟਿੰਗ ਕਾਰਡ ਭੇਜਿਆਂ ਦੋ ਮਿੰਟ ਹੀ ਹੋਏ ਸਨ ਕਿ ਚੀਫ਼ ਕਮਿਸ਼ਨਰ ਦੇ ਮੁਲਾਕਾਤੀ ਦੀ ਮੁਲਾਕਾਤ ਖ਼ਤਮ ਹੋਈ ਅਤੇ ਚਪੜਾਸੀ ਨੇ ਆ ਕੇ ਕਿਹਾ ਕਿ ਚਲੋ ਸ੍ਰੀ ਮਾਨ ਜੀ ਸਾਹਿਬ ਬੁਲਾ ਰਹੇ ਹਨ। ਮੈਂ ਜਾਣ ਲਈ ਖਲੋ ਗਿਆ ਤਾਂ ਉਚ ਪਦਵੀਆਂ



Digitized by Panjab Digital Library | www.panjabdigilib.org

ਵਾਲੇ ਆਨਰੇਰੀ ਮੈਜਿਸਟ੍ਰੇਟ ਅਤੇ ਮਿਉਨਿਸਪਲ ਕਮਿਸ਼ਨਰ ਹੈਰਾਨੀ ਨਾਲ ਮੇਰੇ ਵਲ ਵੇਖਣ ਲਗ ਪਏ ਕਿ ਇਹ ਬੰਦਾ ਸਾਰਿਆਂ ਤੋਂ ਪਿਛੋਂ ਹੁਣੇ ਆਇਆ ਤੇ ਸਭ ਤੋਂ ਪਹਿਲਾਂ ਬੁਲਾ ਲਿਆ ਗਿਐ । ਇਹ ਮਾਮਲਾ ਕੀ ਹੈ । ਇਹਨਾਂ ਲੋਕਾਂ ਦੇ ਚੇਹਰਿਆਂ ਨੂੰ ਵੇਖ ਕੇ ਮੈਂ ਵੀ ਕੁਝ ਥੋੜ੍ਹਾ ਜਿਹਾ ਝੇਪ ਜਿਹਾ ਗਿਆ ਕਿ ਇਹ ਲੋਕੀ ਆਪਣੇ ਦਿਲਾਂ ਵਿਚ ਸੋਚਦੇ ਹੋਣਗੇ ਕਿ ਸ਼ਾਇਦ ਮੈਂ ਵੀ ਕੋਈ ਅੰਦਰੇ ਅੰਦਰ ਸਰਕਾਰੀ ਜਾਂ ਨੀਮ ਸਰਕਾਰੀ ਬੰਦਾ ਹਾਂ । ਖ਼ੈਰ ਮੈਂ ਚੀਫ਼ ਕਮਿਸ਼ਨਰ ਨੂੰ ਮਿਲਣ ਅੰਦਰ ਲੰਘ ਗਿਆ । ਸਰ ਜਾਨ ਖੜੇ ਹੋ ਗਏ । ਹਥ ਮਿਲਾਇਆ । ਰਿਵਾਜੀ ਗੱਲਾਂ ਬਾਤਾਂ ਸ਼ੁਰੂ ਹੋਈਆਂ ਤਾਂ ਆਪ ਨੇ ਦਸਿਆ ਕਿ ਜਦੋਂ ਆਪ ਪੁਲੀਟੀਕਲ ਸਕੱਤ੍ਰ ਸਨ "ਰਿਆਸਤ" ਨੂੰ ਨੇਮ ਨਾਲ ਪੜ੍ਹਦੇ ਸਨ ਅਤੇ ਆਪ "ਰਿਆਸਤ" ਦੀ ਪਾਲੀਸੀ ਨੂੰ ਬਹੁਤ ਹੀ ਪਸੰਦ ਕਰਦੇ ਹਨ । ਸਰ ਜਾਨ ਪੰਜ ਸਾਲ ਤਕ ਪੁਲੀਟੀਕਲ ਸਕੱਤ੍ਰ ਰਹੇ । ਆਪ ਨੂੰ ਰਿਆਸਤਾਂ ਨਾਲ ਹੁਣ ਵੀ ਬੜਾ ਲਗਾਉ ਸੀ । ਕਈ ਰਿਆਸਤਾਂ ਅਤੇ ਰਾਜਿਆਂ ਬਾਰੇ ਪੁਛਦੇ ਰਹੇ ਕਿ ਅਮਕੇ ਦਾ ਕੀ ਹਾਲ ਹੈ ਅਤੇ ਅਮਕੀ ਰਿਆਸਤ ਵਿਚ ਕੀ ਕੀ ਜ਼ੁਲਮ ਹੁੰਦੇ ਹਨ ਇਤਿ ਆਦਿ...। ਇਹ ਮੁਲਾਕਾਤ ਛੋਟੀ ਜਿਹੀ ਸੀ ਸ਼ਾਇਦ ਅਧੇ ਘੰਟੇ ਦੇ ਕਰੀਬ ਗਲਾਂ ਕਰਨ ਪਿਛੋਂ ਇਹ ਕਹਿ ਕੇ ਮੈਂ ਖੜਾ ਹੋ ਗਿਆ ਕਿ ਤੁਹਾਡਾ ਬਹੁਤ ਸਮਾਂ ਗਵਾਇਆ । ਇਸ ਤੇ ਸਰ ਜਾਨ ਨੇ ਕਿਹਾ ਕਿ ਉਹਨਾਂ ਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ ਹੈ ਅਤੇ ਅਗੋਂ ਵੀ ਮੈਂ ਮਹੀਨੇ 'ਚ ਇਕ ਦੋ ਵਾਰ ਜ਼ਰੂਰ ਮਿਲਿਆ ਕਰਾਂ ।

ਮੈਂ ਚੀਫ਼ ਕਮਿਸ਼ਨਰ ਨੂੰ ਮਿਲਣ ਦੀ ਲੋੜ ਨਹੀਂ ਸਮਝਦਾ ਸਾਂ ਕਿਉਂਕਿ ਮੈਨੂੰ ਅਫ਼ਸਰਾਂ ਦੀ ਮਿਤ੍ਰਤਾ ਦੀ ਲੋੜ ਨਹੀਂ ਸੀ । ਮੈਂ ਇਹ ਚਾਹੁੰਦਾ ਸਾਂ ਕਿ ਇਹ ਲੋਕ ਬਿਨਾਂ ਕਾਰਨ ਦੁਸ਼ਮਨ ਬਣ ਕੇ ਹਾਨੀ ਨਾ ਪਹੁੰਚਾਣ ਅਤੇ ਇਸੇ ਭਾਵ ਲਈ ਇਕ ਵਾਰ ਮਿਲਣਾ ਹੀ ਕਾਫ਼ੀ ਸਮਝਦਾ ਸਾਂ । ਸੋ ਇਸ ਮੁਲਾਕਾਤ ਪਿਛੋਂ ਮੈਨੂੰ ਯਕੀਨ ਹੋ ਗਿਆ ਕਿ ਸਰ ਜਾਨ ਮੇਰੇ ਵਿਰੁਧ ਨਹੀਂ ਸਗੋਂ ਮੇਰੇ ਹਿਤੈਸ਼ੀ ਹਨ । ਮੈਂ ਸਰ ਜਾਨ ਨੂੰ ਫੇਰ ਮਿਲਣ ਦੀ ਲੋੜ ਅਨੁਭਵ ਨਾ ਕੀਤੀ ਅਤੇ ਡੇਢ ਮਹੀਨੇ ਦੇ ਕਰੀਬ ਸਮਾਂ ਹੋ ਗਿਆ । ਇਕ ਦਿਨ ਸ਼ਾਮ ਨੂੰ ਸਰ ਜਾਨ ਨੇ ਚਪੜਾਸੀਆਂ ਨੂੰ ਕਿਹਾ ਕਿ ਦੀਵਾਨ ਸਿੰਘ ਐਡੀਟਰ "ਰਿਆਸਤ" ਨੂੰ ਸੂਚਨਾ ਦਿਤੀ ਜਾਵੇ ਕਿ ਉਹ ਸਵੇਰੇ ਸਾਢੇ ਨੌਂ ਵਜੇ ਉਹਨਾਂ ਨੂੰ ਮਿਲ ਜਾਏ । ਅਗਲੇ ਦਿਨ ਚਪੜਾਸੀ ਨੇ ਨੌਂ ਵਜੇ ਦੇ ਕਰੀਬ ਟੈਲੀਫ਼ੂਨ ਕੀਤਾ ਕਿ ਚੀਫ਼ ਕਮਿਸ਼ਨਰ ਸਾਹਿਬ ਮੁਲਾਕਾਤ ਲਈ ਬੁਲਾਂਦੇ ਹਨ । ਉਹਨਾਂ ਦਿਨਾਂ ਵਿਚ ਲਾਲਾ ਸ਼ਿਵ ਨਰਾਇਣ ਭਟਨਾਗਰ ਐਡੀਟਰ "ਵਤਨ" ਅਤੇ ਐਡੀਟਰ "ਰਿਆਸਤ" ਵਿਚਕਾਰ ਟੈਲੀਫ਼ੂਨ ਤੇ ਬੜਾ ਮਖੌਲ ਹੋਇਆ ਕਰਦਾ ਸੀ



Digitized by Panjab Digital Library | www.panjabdigilib.org

ਅਤੇ ਅਸੀਂ ਇਕ ਦੂਜੇ ਨੂੰ ਆਵਾਜ਼ ਬਦਲ ਕੇ ਜਾਂ ਕਿਸੇ ਦੂਜੇ ਆਦਮੀ ਤੋਂ ਟੈਲੀਫ਼ੂਨ ਕਰਾ ਕੇ ਉਲੂ ਬਣਾਉਂਦੇ ਹੁੰਦੇ ਸਾਂ। ਜਿਹਾ ਕਿ ਦੂਜੇ ਆਦਮੀ ਵਲੋਂ ਟੈਲੀਫ਼ੂਨ ਤੇ ਇਹ ਕਹਿਣਾ ਕਿ ਅਮਕੀ "ਰਿਆਸਤ" ਦੇ ਪ੍ਰਧਾਨ ਮੰਤਰੀ ਆਏ ਹੋਏ ਹਨ। ਮੇਡਨ ਹੋਟਲ ਵਿਚ ਠਹਿਰੇ ਹਨ ਅਤੇ ਮਿਲਣ ਵਾਸਤੇ ਬੁਲਾਉਂਦੇ ਹਨ। ਜਦ ਉਥੇ ਜਾਂਦਾ ਤਾਂ ਪਤਾ ਲਗਦਾ ਕਿ ਉਹ ਤਾਂ ਉਥੇ ਆਏ ਹੀ ਨਹੀਂ। ਪਿਛੋਂ ਟੈਲੀਫ਼ੂਨ ਤੇ ਦਸਦੇ ਕਿ ਉਲੂ ਬਣਾਇਆ ਸੀ। ਇਸ ਚਪੜਾਸੀ ਦਾ ਆਸ ਵਿਰੁਧ ਇਹ ਆਖਣਾ ਕਿ ਚੀਫ਼ ਕਮਿਸ਼ਨਰ ਸਾਹਿਬ ਬੁਲਾਂਦੇ ਹਨ। ਮੈਂ ਸਮਝਿਆ ਕਿ ਇਹ ਸ਼ਰਾਰਤ ਲਾਲਾ ਸ਼ਿਵ ਨਰਾਇਣ ਭਟਨਾਗਰ ਦੀ ਹੈ ਤਾਕਿ ਮੈਂ ਕੰਮ ਛਡ ਕੇ ਚੀਫ਼ ਕਮਿਸ਼ਨਰ ਦੀ ਕੋਠੀ ਜਾਵਾਂ ਅਤੇ ਸ਼ਰਮਿੰਦਾ ਹੋ ਕੇ ਵਾਪਸ ਆਵਾਂ। ਮੈਂ ਚਪੜਾਸੀ ਨੂੰ ਜਵਾਬ ਦਿਤਾ ਕਿ ਮੈਂ ਨਹੀਂ ਆਉਂਦਾ। ਚਪੜਾਸੀ ਹੈਰਾਨ ਕਿ ਲੋਕੀ ਤਾਂ ਚਿੱਠੀਆਂ ਲਿਖ ਲਿਖ ਕੇ ਮੁਲਾਕਾਤਾਂ ਲਈ ਬੇਨਤੀਆਂ ਕਰਦੇ ਹਨ ਅਤੇ ਇਹ ਆਦਮੀ ਕਹਿੰਦਾ ਹੈ ਕਿ ਮੈਂ ਚੀਫ਼ ਕਮਿਸ਼ਨਰ ਸਾਹਿਬ ਨੂੰ ਮਿਲਣਾ ਨਹੀਂ ਚਾਹੁੰਦਾ। ਉਸ ਨੇ ਫੇਰ ਕਿਹਾ ਕਿ ਥਾਂਪਸਨ ਸਾਹਿਬ ਚੀਫ਼ ਕਮਿਸ਼ਨਰ ਤੁਹਾਨੂੰ ਮਿਲਣਾ ਚਾਹੁੰਦੇ ਹਨ। ਤੁਸੀਂ ਸਾਢੇ ਨੌਂ ਵਜੇ ਚੀਫ਼ ਕਮਿਸ਼ਨਰ ਸਾਹਿਬ ਦੀ ਕੋਠੀ ਪਹੁੰਚ ਜਾਓ। ਮੈਂ ਫੇਰ ਉਤਰ ਦਿਤਾ ਕਿ ਮੈਂ ਨਹੀਂ ਆਉਂਦਾ। ਉਸ ਨੇ ਫੇਰ ਆਖਿਆ ਕਿ ਉਹ ਚੀਫ਼ ਕਮਿਸ਼ਨਰ ਨੂੰ ਕੀ ਜਵਾਬ ਦੇਵੇ। ਮੈਂ ਗ਼ੁਸੇ ਵਿਚ ਆਖਿਆ ਕਿ ਕਹਿ ਦੇ ਮੈਂ ਚੀਫ਼ ਕਮਿਸ਼ਨਰ ਦੇ ਪਿਓ ਦਾ ਨੌਕਰ ਨਹੀਂ ਹਾਂ, ਮੈਂ ਨਹੀਂ ਆਉਂਦਾ। ਇਹ ਕਹਿਕੇ ਮੈਂ ਗੁਸੇ ਵਿਚ ਟੈਲੀਫ਼ੂਨ ਬੰਦ ਕਰ ਦਿਤਾ ਕਿਉਂਕਿ ਕੰਮ ਕਰ ਰਿਹਾ ਸਾਂ ਅਤੇ ਟੈਲੀਫ਼ੂਨ ਕੰਮ ਵਿਚ ਵਿਘਨਕਾਰੀ ਹੋਇਆ। ਉਧਰ ਚਪੜਾਸੀ ਨੇ ਤਾਂ ਸਰ ਜਾਨ ਨੂੰ ਇਹੋ ਸ਼ਬਦ ਕਹਿ ਦਿਤੇ ਕਿ ਦੀਵਾਨ ਸਿੰਘ ਆਖਦਾ ਹੈ ਮੈਂ ਚੀਫ਼ ਕਮਿਸ਼ਨਰ ਦੇ ਪਿਓ ਦਾ ਨੌਕਰ ਨਹੀਂ ਹਾਂ। ਕਹਿ ਦੇ ਕਿ ਮੈਂ ਮੈਂ ਨਹੀਂ ਆਉਂਦਾ। ਓਧਰ ਏਸ ਟੈਲੀਫ਼ੂਨ ਦੇ ਪੰਜਾਂ ਮਿੰਟਾਂ ਪਿਛੋਂ ਚੀਫ਼ ਕਮਿਸ਼ਨਰ ਦੇ ਦਫ਼ਤਰ ਦਾ ਦੂਜਾ ਚਪੜਾਸੀ ਆਪ ਆ ਗਿਆ — ਉਸ ਦੇ ਆਪ ਆਉਣ ਦਾ ਭਾਵ ਇਹ ਸੀ ਕਿ ਇਨਾਮ ਵਜੋਂ ਜਾਂ ਰਿਵਾਜੀ ਇਕ ਦੋ ਰੁਪਏ ਪ੍ਰਾਪਤ ਕਰਨਾ ਚਾਹੁੰਦਾ ਸੀ — ਉਸ ਨੇ ਦਸਿਆ ਕਿ ਕਲ ਸ਼ਾਮ ਨੂੰ ਚੀਫ਼ ਕਮਿਸ਼ਨਰ ਸਾਹਿਬ ਨੇ ਚਪੜਾਸੀਆਂ ਨੂੰ ਕਿਹਾ ਸੀ ਕਿ ਦਫ਼ਤਰ "ਰਿਆਸਤ" ਵਿਚ ਸੂਚਨਾ ਦਿਤੀ ਜਾਵੇ ਕਿ ਐਡੀਟਰ ਸਾਹਿਬ ਸਾਢੇ ਨੌਂ ਵਜੇ ਮਿਲ ਜਾਣ। ਇਸ ਚਪੜਾਸੀ ਦੇ ਦਸਣ ਤੇ ਪਤਾ ਲਗਾ ਕਿ ਲਾਲਾ ਸ਼ਿਵ ਨਰਾਇਣ ਨੇ ਇਹ ਮਖੌਲ ਨਹੀਂ ਕੀਤਾ ਸੀ ਸਗੋਂ ਸਚ ਮੁਚ ਸਰ ਜਾਨ ਥਾਂਪਸਨ ਨੇ ਬੁਲਾਇਆ ਹੈ। ਮੈਂ ਝਟ ਕਪੜੇ ਬਦਲੇ ਅਤੇ ਕਾਰ

ਵਿਚ ਚੀਫ਼ ਕਮਿਸ਼ਨਰ ਦੀ ਕੋਠੀ ਪਹੁੰਚਿਆ। ਵਿਜ਼ਿਟਿੰਗ ਕਾਰਡ ਭੇਜਿਆ। ਸਰ ਜਾਨ ਨੇ ਬੁਲਾਇਆ। ਅੰਦਰ ਗਿਆ ਤਾਂ ਸਰ ਜਾਨ ਦੇ ਮਥੇ ਤੇ ਨਾਰਾਜ਼ਗੀ ਦੇ ਵਟ ਸਨ, ਪਰ ਆਚਾਰ ਦਾ ਪ੍ਰਮਾਣ ਦਿੰਦਿਆਂ ਹੋਇਆਂ ਖੜੇ ਹੋ ਗਏ, ਹਥ ਮਿਲਾਇਆ ਤਾਂ ਮੈਂ ਝਟ ਆਖਿਆ ਕਿ ਮੈਂ ਸਭ ਤੋਂ ਪਹਿਲਾਂ ਇਸ ਸ਼ਰਮਿੰਦਗੀ ਨੂੰ ਗ੍ਰਹਿਣ ਕਰਦਾ ਹਾਂ ਕਿ ਮੈਂ ਤੁਹਾਡੇ ਚਪੜਾਸੀ ਨੂੰ ਸਖਤ ਅਤੇ ਕੋਝੇ ਲਫ਼ਜ਼ਾਂ ਵਿਚ ਉਤਰ ਦਿਤਾ। ਜਿਸ ਦਾ ਕਾਰਨ ਭੁਲੇਖਾ ਸੀ। ਲਾਲਾ ਸ਼ਿਵ ਨਰਾਇਣ ਭਟਨਾਗਰ ਆਵਾਜ਼ ਬਦਲ ਕੇ ਕਈ ਵਾਰ ਧੋਖਾ ਦੇ ਚੁਕੇ ਹਨ ਅਤੇ ਮੈਂ ਵੀ ਉਹਨਾਂ ਨੂੰ ਮੂਰਖ ਬਣਾ ਚੁਕਿਆ ਹਾਂ। ਮੈਂ ਸਮਝਿਆ ਕਿ ਇਹ ਟੈਲੀਫ਼ੂਨ ਵੀ ਲਾਲਾ ਸ਼ਿਵ ਨਰਾਇਣ ਨੇ ਮਖੌਲ ਵਜੋਂ ਕੀਤਾ ਹੈ। ਕਿਉਂਕਿ ਤੁਹਾਡੇ ਟੈਲੀਫ਼ੂਨ ਦੀ ਕੋਈ ਆਸ਼ਾ ਨਹੀਂ ਸੀ। ਹੁਣ ਚਪੜਾਸੀ ਤੋਂ ਪਤਾ ਲਗਾ ਕਿ ਤੁਸਾਂ ਸਚ ਮੁਚ ਬੁਲਾਇਆ ਹੈ ਤਾਂ ਮੈਂ ਹਾਜ਼ਰ ਹੋ ਗਿਆ ਹਾਂ। ਮੈਨੂੰ ਇਸ ਗਲ ਦਾ ਬਹੁਤ ਅਫ਼ਸੋਸ ਹੈ। ਸਰ ਜਾਨ ਇਹ ਸੁਣ ਕੇ ਖੁਲ੍ਹ ਕੇ ਹਸ ਪਏ ਅਤੇ ਉਹਨਾਂ ਕਿਹਾ ਕਿ ਉਹ ਹੈਰਾਨ ਸਨ ਕਿ ਜਿਸ ਹਾਲਤ ਵਿਚ ਐਡੀਟਰ "ਰਿਆਸਤ" ਨੂੰ ਉਹਨਾਂ ਨਾਲ ਕੋਈ ਸ਼ਕਾਇਤ ਨਹੀਂ ਅਜਿਹਾ ਸਖਤ ਅਤੇ ਆਚਾਰ ਵਿਰੁਧ ਅਸੰਭਵ ਉਤਰ ਕਿਉਂ ਦਿਤਾ। ਕਿਉਂਕਿ ਤੁਹਾਨੂੰ ਮਿਲਣ ਨੂੰ ਦਿਲ ਕਰਦਾ ਸੀ ਇਸ ਲਈ ਮੈਂ ਆਉਣ ਲਈ ਸੱਦਾ ਭੇਜਿਆ ਸੀ।

ਸਰ ਜਾਨ ਥਾਂਪਸਨ ਨਾਲ ਇਕ ਘੰਟੇ ਦੇ ਲਗ ਪਗ ਗਲਾਂ ਹੋਈਆਂ। ਗਲਾਂ ਇਹੋ ਕਿ ਅਮਕੀ ਰਿਆਸਤ ਦਾ ਕੀ ਹਾਲ ਹੈ। ਫਲਾਣੇ ਮਹਾਰਾਜਾ ਨੇ ਜਿਹੜਾ ਕਤਲ ਕੀਤਾ, ਉਸ ਵਿਚ ਕੌਣ ਕੌਣ ਨਾਲ ਸੀ, "ਰਿਆਸਤ" ਦੇ ਫਲਾਣੇ ਲੇਖ ਵਿਚ ਬੜੀ ਦਲੇਰੀ ਵਿਖਾਈ ਗਈ। ਰਿਆਸਤਾਂ ਖ਼ਤਮ ਹੋ ਜਾਣ ਤਾਂ ਚੰਗਾ ਹੈ। ਸਰ ਜਾਨ ਮੇਰੇ ਨਾਲ ਰਿਆਸਤਾਂ ਬਾਰੇ ਪ੍ਰਸ਼ਨ ਕਰਦੇ ਅਤੇ ਰਿਆਸਤਾਂ ਦੇ ਰਾਜਿਆਂ ਦੇ ਜ਼ੁਲਮ ਸਵਾਦ ਲੈ ਲੈ ਕੇ ਪੁਛਦੇ ਕਿਉਂਕਿ ਉਹ ਦਿਲੋਂ ਨਵਾਬਾਂ ਅਤੇ ਮਹਾਰਾਜਿਆਂ ਦੇ ਦੁਸ਼ਮਨ ਸਨ ਅਤੇ "ਰਿਆਸਤ" ਵਿਚ ਉਹਨਾਂ ਜ਼ੁਲਮਾਂ ਨੂੰ ਨੰਗਿਆਂ ਕੀਤਾ ਜਾਂਦਾ ਸੀ। ਮੈਂ ਬੜਾ ਯਤਨ ਕੀਤਾ ਕਿ ਉਹ ਆਪ ਵੀ ਕੁਝ ਘਟਨਾਵਾਂ ਦਾ ਪ੍ਰਗਟਾਅ ਕਰਨ ਅਤੇ ਖੁਲ੍ਹਣ, ਪਰ ਆਪਣੀ ਜ਼ਿੰਮੇਂਵਾਰੀ ਨੂੰ ਅਨੁਭਵ ਕਰਦਿਆਂ ਹੋਇਆਂ ਨਾ ਖੁਲ੍ਹੇ ਕਿਉਂਕਿ ਮੈਂ ਜਰਨਲਿਸਟ ਸਾਂ। ਉਹਨਾਂ ਨੂੰ ਖ਼ਿਆਲ ਸੀ ਮੂੰਹੋਂ ਗਲ ਨਿਕਲੀ ਨਹੀਂ ਕਿ ਅਖ਼ਬਾਰ ਵਿਚ ਛਪੀ ਨਹੀਂ। ਗਲਾਂ ਕਰਕੇ ਮੈਂ ਆ ਗਿਆ। ਆਉਂਦਿਆਂ ਹੋਇਆ ਉਹਨਾਂ ਫੇਰ ਪੱਕੀ ਕੀਤੀ ਕਿ ਮੈਂ ਦਸਾਂ ਪੰਦਰਾਂ ਦਿਨਾਂ ਪਿਛੋਂ ਉਹਨਾਂ ਨੂੰ ਮਿਲ ਜਾਇਆ ਕਰਾਂ। ਉਹਨਾਂ ਇਹ ਵੀ ਕਿਹਾ ਕਿ ਅਖ਼ਬਾਰ ਉਹਨਾਂ ਨੂੰ ਜ਼ਰੂਰ ਭੇਜਿਆ ਜਾਏ।



Digitized by Panjab Digital Library | www.panjabdigilib.org

ਹਰ ਸਪਤਾਹ ਪੜ੍ਹਨਾ ਚਾਹੁੰਦੇ ਹਨ। ਉਹ ਉਰਦੂ ਫ਼ਾਰਸੀ ਬੜੀ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਇਹਨਾਂ ਭਾਸ਼ਾਵਾਂ ਦੀਆਂ ਆਪ ਨੇ ਪ੍ਰੀਖਿਆਵਾਂ ਵੀ ਪਾਸ ਕੀਤੀਆਂ ਹੋਈਆਂ ਸਨ।

ਇਸ ਪਿਛੋਂ ਮੈਂ ਸਰ ਜਾਨ ਥਾਂਪਸਨ ਨੂੰ ਕਦੇ ਕਦੇ ਮਿਲਦਾ। ਇਕ ਵਾਰ ਰਿਆਸਤਾਂ ਦੇ ਰਾਜਿਆਂ ਅਤੇ ਮੇਰੇ ਮੁਕੱਦਮਿਆਂ ਸੰਬੰਧੀ ਗੱਲਾਂ ਹੋ ਰਹੀਆਂ ਸਨ ਤਾਂ ਮੈਂ ਉਹਨਾਂ ਨੂੰ ਕਿਹਾ ਕਿ ਤੁਹਾਨੂੰ ਵੀ ਤਾਂ ਰਿਆਸਤਾਂ ਦੇ ਰਾਜਿਆਂ ਨੇ ਹੀ ਪੁਲੀਟੀ-ਕਲ ਸਕੱਤ੍ਰ ਦੀ ਪਦਵੀ ਤੋਂ ਵਖ ਕਰਾਇਆ ਹੈ,ਉਹਨਾਂ ਬੜੇ ਅਚੰਭੇ ਨਾਲ ਪੁਛਿਆ, ਉਹ ਕਿਵੇਂ ? ਮੈਂ ਕਿਹਾ ਕਿ ਪਟਿਆਲਾ, ਅਲਵਰ ਅਤੇ ਨਵਾਂ ਨਗਰ ਨੇ ਸਠ ਲਖ ਰੁਪਏ ਜਮ੍ਹਾਂ ਕੀਤੇ। ਏਨਾਂ ਰੁਪਿਆ ਅਮਕੇ ਆਦਮੀ ਨੂੰ ਦਿਤਾ ਗਿਆ ਅਤੇ ਏਨਾਂ ਰੁਪਿਆ ਅਮਕਾ ਆਦਮੀ ਵਿਚਕਾਰ ਖਾ ਗਿਆ। ਸਰ ਜਾਨ ਨੇ ਕਿਹਾ ਕਿ ਇਸ ਵਿਚ ਕੋਈ ਸ਼ਕ ਨਹੀਂ ਕਿ ਰਿਆਸਤਾਂ ਦੇ ਰਾਜੇ, ਛੋਟੇ ਤੋਂ ਲੈ ਕੇ ਨਿਜ਼ਾਮ ਹੈਦਰਾਬਾਦ ਤਕ ਉਹਨਾਂ ਦੇ ਵਿਰੁਧ ਹਨ ਕਿਉਂਕਿ ਉਹਨਾਂ ਲੋਕਾਂ ਦੀ ਮਨ ਆਈ ਕਰਨ ਨੂੰ ਉਹਨਾਂ ਨੇ ਹਾਨੀ ਪੁਚਾਈ ਅਤੇ ਕਈ ਨਵਾਬਾਂ ਤੇ ਮਹਾਰਾਜਿਆਂ ਦੇ ਅਧਿਕਾਰ ਘਟ ਕੀਤੇ, ਪਰ ਇਹਨਾਂ ਲੋਕਾਂ ਅੰਦਰ ਏਨੀ ਸ਼ਕਤੀ ਕਿਥੇ ਕਿ ਇਹ ਪੁਲੀਟੀਕਲ ਸਕੱਤਰ ਨੂੰ ਤਬਦੀਲ ਕਰ ਸਕਣ। ਮੈਂ ਕਿਹਾ ਕਿ ਇੰਡੀਆ ਆਫ਼ਿਸ ਵਿਚ ਤੁਹਾਡਾ ਕੋਈ ਡੂੰਘਾ ਮਿਤਰ ਹੈ। ਆਪ ਨੇ ਕਿਹਾ ਕਿ ਹਾਂ ਅਮਕਾ ਆਦਮੀ — ਮੇਰਾ ਖ਼ਿਆਲ ਹੈ ਕਿ ਉਹਨਾਂ ਨੇ ਕਰਨਲ ਹਾਲੈਂਡ ਸਾਬਕ ਰੈਜ਼ੀਡੰਟ ਰਾਜਪੂਤਾਨਾ ਦਾ ਨਾਂ ਲਿਆ ਸੀ। ਮੈਨੂੰ ਠੀਕ ਚੇਤੇ ਨਹੀਂ ਰਿਹਾ — ਜਿਹੜਾ ਵਜ਼ੀਰ ਹਿੰਦ ਦਾ ਪੁਲੀਟੀਕਲ ਐਡਵਾਈਜ਼ਰ ਹੈ ਮੇਰਾ ਡੂੰਘਾ ਦੋਸਤ ਹੈ। ਮੈਂ ਕਿਹਾ ਉਹਨਾਂ ਤੋਂ ਇਹ ਸਾਰੇ ਹਾਲ ਲਿਖ ਪੁਛੋ ਕਿ ਇਹ ਸਮਾਚਾਰ ਗ਼ਲਤ ਤਾਂ ਨਹੀਂ। ਆਪ ਨੇ ਕਿਹਾ ਬਹੁਤ ਚੰਗਾ। ਇਸ ਪਰਕਾਰ ਉਹਨਾਂ ਨੇ ਹਵਾਈ ਡਾਕ ਰਾਹੀਂ ਆਪਣੇ ਮਿਤਰ ਨੂੰ ਖ਼ੁਫੀਆ ਖ਼ਤ ਲਿਖਿਆ। ਜਿਸ ਦਾ ਦੋ ਸਪਤਾਹ ਪਿਛੋਂ ਉੱਤਰ ਆ ਗਿਆ ਕਿ ਜੋ ਕੁਝ ਦਸਿਆ ਗਿਆ ਹੈ, ਅੱਖਰ ਅੱਖਰ ਸੱਚ ਹੈ। ਇਸ ਖ਼ਤ ਦੇ ਪਹੁੰਚਣ ਪਿਛੋਂ ਸਰ ਜਾਨ ਨੇ ਫੇਰ ਟੈਲੀਫ਼ੂਨ ਕਰਕੇ ਮੈਨੂੰ ਸਦਿਆ ਅਤੇ ਕਿਹਾ ਕਿ ਲੰਦਨ ਤੋਂ ਉੱਤਰ ਆ ਗਿਆ ਹੈ। ਉਹ ਸਮਾਚਾਰ ਬਿਲਕੁਲ ਸੱਚ ਹਨ। ਇਸ ਉੱਤਰ ਪਿਛੋਂ ਤਾਂ ਸਰ ਜਾਨ "ਰਿਆਸਤ" ਦੀਆਂ ਖ਼ਬਰਾਂ ਤੇ ਬਹੁਤ ਭਰੋਸਾ ਕਰਨ ਲਗ ਪਏ ਅਤੇ ਰਜਵਾੜਿਆਂ ਦੇ ਹੋਰ ਵਧੇਰੇ ਦੁਸ਼ਮਨ ਬਣ ਗਏ। ਇਕ ਦਿਨ ਆਪ ਨੇ ਗੱਲਾਂ ਗੱਲਾਂ ਵਿਚ ਕਿਹਾ :

"ਸਰਦਾਰ ਸਾਹਿਬ ਹੁਣ ਸ਼ਾਇਦ ਜੀਵਨ ਵਿਚ ਮੌਕਾ ਨਾ ਮਿਲ ਸਕੇ, ਪਰ ਮੇਰੀ ਇੱਛਾ ਹੈ ਕਿ ਜੇਕਰ ਇਕ ਵਾਰ ਫੇਰ ਮੈਨੂੰ ਰਿਆਸਤਾਂ ਦੇ ਰਾਜਿਆਂ



Digitized by Panjab Digital Library | www.panjabdigilib.org

ਤੇ ਅਧਿਕਾਰ ਪ੍ਰਾਪਤ ਹੋਣ ਤਾਂ ਮੈਂ ਇਹਨਾਂ 'ਚੋਂ ਅਧਿਆਂ ਨੂੰ ਪੰਜਾਂ ਵਰ੍ਹਿਆਂ ਵਿਚ ਖ਼ਤਮ ਕਰ ਦਿਆਂ। ਇਹ ਲੋਕ ਇਸ ਯੋਗ ਨਹੀਂ ਕਿ ਜਨਤਾ ਇਹਨਾਂ ਦੇ ਰਹਿਮ ਤੇ ਛਡੀ ਜਾਏ।"

ਸਰ ਜਾਨ ਥਾਂਪਸਨ ਨੇ ਪਟਿਆਲਾ ਅਤੇ ਭੂਪਾਲ ਆਦਿ ਦੇ ਮੁਕੱਦਮਿਆਂ ਵਿਚ ਮੇਰੀ ਬੜੀ ਸਹਾਇਤਾ ਕੀਤੀ। ਇਹ ਰਜਵਾੜੇ ਜਦ ਵੀ ਮੇਰੇ ਤੇ ਕਦੀ ਵਾਰ ਕਰਦੇ ਤਾਂ ਵਾਰ ਨੂੰ ਨਕਾਰਿਆਂ ਕਰਨ ਲਈ ਆਪ ਸਦਾ ਮੇਰੀ ਪਿਠ ਤੇ ਖਲੋ ਜਾਂਦੇ ਕਿਉਂਕਿ ਮੈਂ ਉਹਨਾਂ ਦੇ ਸੂਬੇ ਵਿਚ ਸਾਂ ਅਤੇ ਉਹਨਾਂ ਦੀ ਮਰਜ਼ੀ ਵਿਰੁਧ ਕੋਈ ਰਜਵਾੜਾ ਮੈਨੂੰ ਹਾਨੀ ਨਹੀਂ ਪੁਚਾ ਸਕਦਾ ਸੀ।

ਸਰ ਜਾਨ ਬੜੇ ਲਾਇਕ, ਇਨਸਾਫ਼ ਪਸੰਦ ਅਤੇ ਵਿਗਿਆਨੀ ਸਨ ਅਤੇ ਮੇਰਾ ਤਾਂ ਵਿਚਾਰ ਹੈ ਕਿ ਸ਼ਾਇਦ ਅਜ ਤਕ ਕੋਈ ਪੁਲੀਟੀਕਲ ਸਕੱਤ੍ਰ ਆਪ ਦੇ ਬਰਾਬਰ ਦਾ ਨਹੀਂ ਹੋਇਆ। ਮਾਰਸ਼ਲ ਲਾਅ ਦੇ ਜ਼ਮਾਨੇ ਵਿਚ ਆਪ ਪੰਜਾਬ ਦੇ ਚੀਫ਼ ਸਕੱਤ੍ਰ ਸਨ ਅਤੇ ਜਨਤਾ ਵਿਚ ਮਾਰਸ਼ਲ ਲਾਅ ਦੇ ਕਾਨੂੰਨ ਵਿਰੁਧ ਅਤੇ ਸਖ਼ਤ ਕਾਰਵਾਈਆਂ ਕਰਨ ਦੀ ਜ਼ਿਮੇਂਵਾਰੀ ਆਪ ਦੀ ਧੌਣ ਤੇ ਵੀ ਦਸੀ ਜਾਂਦੀ ਹੈ, ਪਰ ਜਿਹੜੇ ਲੋਕ ਅਸਲ ਹਾਲਾਂ ਤੋਂ ਜਾਣੂ ਹਨ, ਉਹ ਜਾਣਦੇ ਹਨ ਕਿ ਸਰ ਮਾਇਕਲ ਓਡਵਾਇਰ ਵਰਗਾ ਆਪ ਮਤੀਆ ਆਦਮੀ ਕਿਸੇ ਸਕੱਤ੍ਰ ਦੇ ਹੱਥਾਂ ਵਿਚ ਕਦੇ ਵੀ ਨਹੀਂ ਰਿਹਾ, ਸਗੋਂ ਉਸ ਨੇ ਆਪਣੇ ਜੀਵਨ ਵਿਚ ਆਪਣੇ ਸਕੱਤ੍ਰਾਂ ਨੂੰ ਸਦਾ ਹੀ ਇਕ ਕਲਰਕ ਸਮਝਿਆ ਅਤੇ ਜੋ ਕੁਝ ਵੀ ਉਹ ਕਰਦਾ ਆਪਣੀ ਮਨ ਮਰਜ਼ੀ ਨਾਲ। ਸਰ ਜਾਨ ਬਿਲਕੁਲ ਬੇਕਸੂਰ ਅਤੇ ਸਰ ਮਾਇਕਲ ਓਡਵਾਇਰ ਦੇ ਹੁਕਮਾਂ ਦੀ ਪਾਲਨਾ ਕਰਨ ਵਾਲੇ ਸਨ।

ਰੀਟਾਇਰ ਹੋਣ ਪਿਛੋਂ ਵੀ ਉਹਨਾਂ ਨਾਲ ਚਿੱਠੀ ਪੱਤ੍ਰ ਦਾ ਸਿਲਸਲਾ ਐਡੀਟਰ "ਰਿਆਸਤ" ਦਾ ਜਾਰੀ ਰਿਹਾ। ਜਦ ਕਦੀ ਦਿੱਲੀ ਦਾ ਕੋਈ ਆਦਮੀ ਓਧਰ ਜਾਂਦਾ ਅਤੇ ਆਪ ਨੂੰ ਮਿਲਦਾ ਤਾਂ ਆਪ "ਰਿਆਸਤ" ਅਤੇ ਐਡੀਟਰ "ਰਿਆਸਤ" ਬਾਰੇ ਜ਼ਰੂਰ ਪੁਛਦੇ।

ਇਹ ਲੇਖ ਬੜਾ ਲੰਮਾ ਹੋ ਗਿਆ ਹੈ। ਛਬਦੇ ਹੀ ਸਰ ਜਾਨ ਥਾਂਪਪਨ ਬਾਰੇ ਉਹ ਗੱਲਾਂ ਲਿਖਾਂਗਾ ਜਿਨ੍ਹਾਂ ਨੂੰ ਮੈਂ ਜੀਵਨ ਭਰ ਭੁਲ ਨਹੀਂ ਸਕਿਆ ਅਤੇ ਜੋ "ਰਿਆਸਤ" ਨੂੰ ਮੌਤ ਦੇ ਮੂੰਹ 'ਚੋਂ ਬਚਾਉਣ ਦਾ ਕਾਰਨ ਹੋਈਆਂ। ਇਸ ਗਲ ਨੂੰ ਮੰਨਣਾ ਪੈਂਦਾ ਹੈ ਕਿ ਉਸ ਜ਼ਮਾਨੇ ਵਿਚ ਜੇਕਰ ਸਰ ਜਾਨ ਥਾਂਪਸਨ ਦਿੱਲੀ ਦੇ ਚੀਫ਼ ਕਮਿਸ਼ਨਰ ਨਾ ਹੁੰਦੇ, ਜਾਂ ਆਪ ਰਿਆਸਤਾਂ ਦੇ ਰਾਜਿਆਂ ਦੀਆਂ ਆਪ ਹੁਦਰੀਆਂ ਨੂੰ ਘ੍ਰਿਣਾ ਨਾਲ ਨਾ ਵੇਖਦੇ ਤਾਂ "ਰਿਆਸਤ" ਨੂੰ ਸ਼ਾਇਦ ਅਜਿ-ਹੀਆਂ ਮੁਸੀਬਤਾਂ ਦਾ ਟਾਕਰਾ ਕਰਨਾ ਪੈਂਦਾ ਜੋ ਉਸ ਲਈ ਅਸਹਿ ਹੁੰਦੀਆਂ।



Digitized by Panjab Digital Library | www.panjabdigilib.org

# ਜਰਨਲਿਜ਼ਮ ਦੀ ਚਾਟ ਅਤੇ ਇਸ਼ਕ

ਮੈਂ "ਰਿਆਸਤ" ਵਿਚ "ਨਾਕਾਬਲੇ ਫ਼ਰਾਮੋਸ਼" ਦੇ ਅਨੁਵਾਨ ਹੇਠ ਜਿਹੜੇ ਆਪਣੇ ਸਮਾਚਾਰ ਲਿਖੇ। ਉਹ ਜਨਤਾ ਵਿਚ ਨਾ ਕੇਵਲ ਦਿਲ ਲਾ ਕੇ ਪੜ੍ਹੇ ਗਏ ਸਗੋਂ ਇਹਨਾਂ ਦਾ ਪ੍ਰਭਾਵ ਵੀ ਪਿਆ। ਇਸ ਪਰਕਾਰ ਦੋ ਦਰਜਨਾਂ ਦੇ ਲਗ ਪਗ ਨੌਜਵਾਨਾਂ ਨੇ ਖਤ ਲਿਖੇ ਕਿ ਉਹ ਦਿੱਲੀ ਆ ਕੇ ਉਸੇ ਤਰ੍ਹਾਂ ਹੀ ਛੋਟੇ ਤੋਂ ਛੋਟਾ ਕੰਮ ਕਰਦਿਆਂ ਹੋਇਆਂ ਜਰਨਲਿਜ਼ਮ ਸਿਖਣਾ ਚਾਹੁੰਦੇ ਹਨ ਜਿਸ ਤਰ੍ਹਾਂ ਐਡੀਟਰ "ਰਿਆਸਤ" ਸੱਯਦ ਜਾਲਬ ਦੇ ਕੋਲ "ਹਮਦਮ" ਵਿਚ ਕੰਮ ਕਰਨ ਲਈ ਲਖਨਊ ਗਿਆ ਸੀ। ਇਸ ਪਰਕਾਰ ਇਕ ਸਿਖ ਲੜਕਾ ਤਾਂ ਮਰਦਾਨ — ਸਰਹਦ — ਤੋਂ ਬਿਨਾਂ ਚਿੱਠੀ ਪੱਤਰ ਦੇ ਹੀ ਆ ਧਮਕਿਆ। ਇਹਨਾਂ ਸਾਰਿਆਂ ਯੁਵਕਾਂ ਵਿਚ ਇਕ ਵੀ ਅਜਿਹਾ ਨਹੀਂ ਸੀ ਜਿਹੜਾ ਕਿ ਜਰਨਲਿਜ਼ਮ ਦੇ ਫਿਟ ਹੁੰਦਾ। ਕਿਉਂਕਿ ਇਸ ਧੰਦੇ ਲਈ ਅਖ਼ਬਾਰਾਂ, ਰਸਾਲੇ, ਤੇ ਸਾਹਿਤ ਦੀ ਚਾਟ ਜਾਂ ਇਸ਼ਕ ਦਾ ਹੋਣਾ ਜ਼ਰੂਰੀ ਹੈ ਅਤੇ ਇਹਨਾਂ ਲੋਕਾਂ ਵਿਚ ਚਾਅ ਸੀ ਕਿ ਉਹ ਉਚਾਈ ਤੇ ਪਹੁੰਚਣ ਅਤੇ ਅਗੋਂ ਐਡੀਟਰ ਬਣ ਸਕਣ। ਮੈਨੂੰ ਅਫ਼ਸੋਸ ਹੈ ਕਿ ਇਹਨਾਂ ਨੌਜਵਾਨਾਂ ਵਿਚੋਂ ਮੈਂ ਕਿਸੇ ਵਾਸਤੇ ਵੀ ਲਾਭਦਾਇਕ ਨਾ ਹੋ ਸਕਿਆ। ਅਜ ਉਹ ਗਲਾਂ ਦਸਦਾ ਹਾਂ ਜਿਨ੍ਹਾਂ ਦੇ ਪੜ੍ਹਨ ਤੋਂ ਅੰਦਾਜ਼ਾ ਹੋ ਸਕੇਗਾ ਕਿ ਕਿਸੇ ਕੰਮ ਵਿਚ ਸਫ਼ਲ ਹੋਣ ਵਾਸਤੇ ਉਸ ਕੰਮ ਦਾ ਇਸ਼ਕ ਹੋਣਾ ਕਿੰਨਾ ਲਾਜ਼ਮੀ ਹੈ।

ਮੇਰੀ ਤਾਲੀਮ ਕੁਝ ਨਹੀਂ ਸੀ। ਪੰਜਵੀਂ ਜਮਾਤ ਪਾਸ ਕਰਨ ਪਿਛੋਂ ਖਾਲਸਾ ਹਾਈ ਸਕੂਲ ਗੁਜਰਾਂਵਾਲਾ ਵਿਚ ਛੇਵੀਂ ਜਮਾਤ ਵਿਚ ਦਾਖ਼ਲ ਹੋਇਆ। ਸਕੂਲੇ ਤਿੰਨ ਦਿਨ ਗਿਆ ਤਾਂ ਮਾਸਟਰ ਨੇ ਫੀਸ ਦੀ ਮੰਗ ਕੀਤੀ। ਦੋ ਦਿਨ ਤਾਂ ਇਹ ਕਹਿ ਕੇ ਜਾਂਦਾ ਰਿਹਾ ਕਿ ਫੀਸ ਲਿਆ ਦਿਆਂਗਾ। ਇਸ ਪਿਛੋਂ ਸਕੂਲ ਨਹੀਂ ਗਿਆ ਕਿਉਂਕਿ ਘਰੇਲੂ ਹਾਲਾਤ ਇਸ ਯੋਗ ਨਹੀਂ ਸਨ ਕਿ ਫੀਸ ਦੇ ਸਕਦਾ। ਆਖ਼ਰ ਮਜਬੂਰ ਹੋ ਕੇ ਸਕੂਲ ਛਡਣਾ ਪਿਆ। ਉਸ ਪਿਛੋਂ ਸਕੂਲੇ ਪੜ੍ਹਨ ਦਾ ਜੀਵਨ ਭਰ ਕਦੀ ਸਮਾਂ ਨਹੀਂ ਮਿਲਿਆ ਭਾਵ ਮੇਰੀ ਤਾਲੀਮ ਕੇਵਲ ਪੰਜਵੀਂ ਜਮਾਤ ਤਕ ਹੀ ਰਹੀ। ਹੁਣ ਜੇਕਰ ਗਲੀਂ ਬਾਤੀਂ ਕੋਈ ਸਜਨ ਤਾਲੀਮ ਬਾਰੇ ਪੁਛੇ ਤਾਂ ਮੈਂ ਉਹਨਾਂ ਨੂੰ ਦਸਦਾ ਹਾਂ ਕਿ ਪੰਜਵੀਂ ਜਮਾਤ ਪਾਸ ਕੀਤੀ ਹੈ ਅਤੇ ਛੇਵੀਂ ਜਮਾਤ ਵਿਚ ਚਾਰ ਪੰਜ ਦਿਨ ਪੜ੍ਹਿਆਂ ਹਾਂ ਤਾਂ ਉਹ ਇਸ ਤੇ ਯਕੀਨ ਨਹੀਂ ਕਰਦੇ। ਇਕ ਮਖੌਲ ਸਮਝਦੇ ਹਨ ਅਤੇ ਘੜੀ ਮੁੜੀ ਯਕੀਨ ਦਿਵਾਉਣ ਤੇ ਵੀ ਮੇਰੀ ਸਚਾਈ ਨੂੰ ਨਹੀਂ ਮੰਨਦੇ।

ਤਾਲੀਮ ਦੀ ਹਾਲਤ ਤਾਂ ਇਹ ਸੀ, ਪਰ ਅਧਿਅਨ ਦੇ ਸ਼ੌਕ ਦੀ ਹਾਲਤ ਇਹ



Digitized by Panjab Digital Library | www.panjabdigilib.org

ਸੀ ਕਿ ਫ਼ੀਰੋਜ਼ਪੁਰ ਦੇ ਸਿਵਿਲ ਹਸਪਤਾਲ ਵਿਚ ਕੰਪਾਊਂਡਰ ਸਾਂ। ਛੇ ਰੁਪਏ ਮਹੀਨਾ ਤਨਖ਼ਾਹ ਸੀ। ਆਯੂ ਸੋਲਾਂ ਜਾਂ ਸਤਾਰਾਂ ਵਰ੍ਹਿਆਂ ਦੀ ਸੀ, ਪਰ ਰਸਾਲਾ "ਜ਼ਮਾਨਾ" ਕਾਨਪੁਰ ਦਾ ਗਾਹਕ ਸਾਂ ਅਤੇ ਰਿਸਾਲਾ "ਮਖਜ਼ਨ" ਦਿੱਲੀ ਦੂਜੇ ਲੋਕਾਂ ਤੋਂ ਲੈ ਕੇ ਪੜ੍ਹਿਆ ਕਰਦਾ ਸਾਂ। ਇਸ ਤੋਂ ਪਹਿਲਾਂ ਦੀ ਗਲ ਮੈਨੂੰ ਯਾਦ ਨਹੀਂ ਕਿ ਮੈਂ ਕਦੀ ਸਾਹਿਤਕ ਰਿਸਾਲਾ ਵੇਖਿਆ ਹੋਵੇ। ਭਾਵ ਮੇਰੀ ਸਾਹਿਤਕ ਲਗਨ ਦਾ ਸਿਲਸਲਾ ਸੋਲਾਂ ਸਤਾਰਾਂ ਸਾਲ ਦੀ ਆਯੂ ਤੋਂ ਸ਼ੁਰੂ ਹੁੰਦਾ ਹੈ। ਇਸ ਪਿਛੋਂ ਅਬੋਹਰ ਦੇ ਹਸਪਤਾਲ ਵਿਚ ਰਿਹਾ। ਉਥੇ ਵੀ ਸਾਹਿੱਤਕ ਰਿਸਾਲੇ ਪੜ੍ਹਦਾ ਰਹਿੰਦਾ ਅਤੇ ਪੜ੍ਹਨ ਦੀ ਹਾਲਤ ਇਹ ਕਿ ਇਕ ਇਕ ਲੇਖ, ਇਕ ਇਕ ਸਤਰ, ਅਤੇ ਇਕ ਇਕ ਕਵਿਤਾ ਨੂੰ ਵਾਰ ਵਾਰ ਪੜ੍ਹਦਾ। ਇਸ ਪਰਕਾਰ ਆਪਣੀ ਮੂਰ-ਖਤਾ ਦਾ ਇਕ ਕਿੱਸਾ ਦਸਦਾ ਹਾਂ। ਅਬੋਹਰ ਵਿਚ ਹੀ ਇਕ ਦਿਨ ਫੁਰਨਾ ਫੁਰਿਆ ਕਿ ਜੇਕਰ ਮੈਂ ਉਰਦੂ ਸਾਹਿੱਤ ਵਿਚ ਨਿਪੁੰਨਤਾ ਪ੍ਰਾਪਤ ਕਰਨੀ ਚਾਹੁੰਦਾ ਹਾਂ ਤਾਂ ਇਹਨਾਂ ਰਸਾਲਿਆਂ ਦੇ ਪੜ੍ਹਨ ਦੀ ਕੀ ਅਵੱਸ਼ਕਤਾ ਹੈ। ਕੇਵਲ ਇਕ ਕਿਤਾਬ ਭਾਵ ਉਰਦੂ ਦਾ ਕੋਈ ਕੋਸ਼ (ਡਿਕਸ਼ਨਰੀ) ਕਿਉਂ ਨਾ ਯਾਦ ਕਰ ਲਵਾਂ ਤਾਕਿ ਕੋਈ ਅੱਖਰ ਵੀ ਅਜਿਹਾ ਨਾ ਰਹੇ ਜਿਸ ਤੋਂ ਮੈਂ ਜਾਣੂ ਨਾ ਹੋਵਾਂ। ਏਸ ਸ਼ੁਦਾਅ ਨੂੰ ਪੂਰਿਆਂ ਕਰਨ ਲਈ ਮੈਂ ਛੇ ਆਨੇ ਦੀ "ਕਰੀਮ ਉਲ ਲੁਗਾਤ" ਦੀ ਇਕ ਜਿਲਦ ਖ਼ਰੀਦੀ ਅਤੇ ਅਲਫ਼ ਦੇ ਅੱਖਰ ਤੋਂ ਸ਼ੁਰੂ ਕੀਤੀ। ਇਹਨਾਂ ਅੱਖਰਾਂ ਨੂੰ ਯਾਦ ਕਰਦਾ ਸਾਂ, ਪਰ ਯਾਦ ਨਹੀਂ ਸੀ ਹੁੰਦੇ। ਯਾਦ ਹੁੰਦੇ ਤੇ ਅਗੇ ਚਲਦਾ ਤਾਂ ਪਿਛਲੇ ਯਾਦ ਕੀਤੇ ਹੋਏ ਭੁਲ ਜਾਂਦੇ। ਆਖ਼ਰ ਕਈਆਂ ਦਿਨਾਂ ਦੀ ਇਸ ਰੱਟ ਪਿਛੋਂ ਆਪਣੀ ਮੂਰਖਤਾ ਨੂੰ ਅਨੁਭਵ ਕੀਤਾ ਅਤੇ "ਡਾਕਟਰ ਆਫ਼ ਲੁਗ਼ਾਤ" (ਕੋਸ਼ ਦਾ ਡਾਕਟਰ) ਦੀ ਡਿਗਰੀ ਦੇ ਵਿਚਾਰ ਨੂੰ ਤਿਲਾਂਜਲੀ ਦੇ ਦਿੱਤੀ ਕਿਉਂਕਿ ਇਹ ਰਾਹ ਗ਼ਲਤ, ਅਯੋਗ ਅਤੇ ਅਕਾਰਥ ਸੀ।

ਅਬੋਹਰ ਪਿਛੋਂ ਮੈਂ ਫੇਰ ਫੀਰੋਜ਼ਪੁਰ ਦੇ ਹਸਪਤਾਲ ਵਿਚ ਆ ਗਿਆ। ਉਥੇ ਛੇ ਮਹੀਨਿਆਂ ਦੇ ਕਰੀਬ ਰਿਹਾ ਸਾਂ ਕਿ ਮੋਗੇ ਦੇ ਹਸਪਤਾਲ ਵਿਚ ਬਦਲੀ ਹੋ ਗਈ, ਪਰ ਰਸਾਲਿਆਂ ਤੇ ਕਿਤਾਬਾਂ ਦਾ ਪੜ੍ਹਨਾ ਚਾਲੂ ਰਿਹਾ। ਮੋਗੇ ਪਹਿਲਾਂ ਮੈਨੂੰ ਨੌਂ ਰੁਪਏ ਤੇ ਪਿਛੋਂ ਬਾਰਾਂ ਰੁਪਏ ਤਨਖ਼ਾਹ ਮਿਲਦੀ ਸੀ। ਉਹਨੀਂ ਦਿਨੀਂ ਮੇਰੇ ਕੋਲ "ਅਦੀਬ" ਅਲਾਹਬਾਦ — ਜਿਸ ਨੂੰ ਨੌਬਤ ਰਾਏ ਸਾਹਿਬ ਐਡਿਟ ਕਰਦੇ ਸਨ — ਅਤੇ "ਜ਼ਮਾਨਾ" ਕਾਨ੍ਹਪੁਰ — ਜਿਸਦੇ ਐਡੀਟਰ ਮੁਨਸ਼ੀ ਦਯਾ ਰਾਮ ਨਰਾਇਣ ਨਿਗਮ ਸਨ — ਆਇਆ ਕਰਦੇ। ਇਹਨਾਂ ਤੋਂ ਬਿਨਾਂ ਰੋਜ਼ਾਨਾ ਪਤਰ "ਆਮ" ਦਾ ਵੀ ਗਾਹਕ ਸਾਂ ਕਿਉਂਕਿ ਉਸ ਜ਼ਮਾਨੇ ਵਿਚ ਸਾਰੇ ਹਿੰਦ ਅੰਦਰ ਕੇਵਲ ਏਹੀ ਰੋਜ਼ਾਨਾ ਉਰਦੂ ਪਤਰ ਸੀ। ਇਸ ਦਾ ਚੰਦਾ ਬਾਰਾਂ ਰੁਪਏ

ਸਾਲ ਸੀ। ਮੇਰੀ ਆਰਥਕ ਪੁਜ਼ੀਸ਼ਨ ਇਹਨਾਂ ਦੋ ਰਸਾਲਿਆਂ ਅਤੇ ਇਕ ਰੋਜ਼ਾਨਾ ਅਖ਼ਬਾਰ ਤੋਂ ਵਧ ਖ਼ਰੀਦਣ ਦੀ ਆਗਿਆ ਨਹੀਂ ਦਿੰਦੀ ਸੀ। ਦੂਜੀਆਂ ਅਖ਼ਬਾਰਾਂ ਰਸਾਲੇ ਅਤੇ ਕਿਤਾਬਾਂ ਲੋਕਾਂ ਤੋਂ ਲੈ ਕੇ ਪੜ੍ਹਦਾ ਅਤੇ ਸ਼ਾਇਦ ਹੀ ਉਰਦੂ ਦੀ ਕੋਈ ਕਿਤਾਬ ਜਾਂ ਅਖ਼ਬਾਰ ਅਜਿਹਾ ਹੋਵੇਗਾ ਜਿਸ ਨੂੰ ਮੈਂ ਉਸ ਜ਼ਮਾਨੇ 'ਚ ਨਾ ਪੜ੍ਹਿਆ ਹੋਵੇ।

ਉਨ੍ਹਾਂ ਸਮਿਆਂ 'ਚ ਮੇਰੇ ਵਿਚਾਰ ਸੀਮਤ, ਉਪਜੀਵਕਾ ਸੀਮਤ, ਪੁਜ਼ੀਸ਼ਨ ਸੀਮਤ, ਜਾਣਕਾਰੀ ਸੀਮਤ, ਅਤੇ ਮਿੱਤਰਾਂ ਦੇ ਸੰਬੰਧਾਂ ਦਾ ਘੇਰਾ ਵੀ ਸੀਮਤ ਸੀ। ਇਸ ਤਰ੍ਹਾਂ ਵਿਚਾਰਾਂ ਦੇ ਸੀਮਤ ਹੋਣ ਦੀ ਤਾਂ ਇਹ ਹਾਲਤ ਸੀ ਕਿ ਜਦ ਅਖ਼ਬਾਰ "ਆਮ" ਆਉਂਦਾ ਅਤੇ ਉਸ ਉਤੇ ਸਿਰਨਾਵੇਂ ਦੀ ਛਪੀ ਹੋਈ ਚਿਟ ਆਪਣੇ ਨਾਂ ਦੀ ਵੇਖਦਾ ਤਾਂ ਇਕ ਪ੍ਰਸੰਨਤਾ ਜਿਹੀ ਅਨੁਭਵ ਹੁੰਦੀ ਕਿ ਮੇਰਾ ਨਾਂ ਵੀ ਛਪਿਆ ਹੋਇਐ।

ਮੋਗੇ ਵਿਚ ਇਕ ਸਾਹਿਤ ਪ੍ਰੇਮੀ ਸਜਣ ਪੰਡਤ ਵਿਸ਼ਨੂੰ ਦੱਤ ਵਕੀਲ ਸਨ। ਚੰਗੇ ਲਿਖਾਰੀ, ਉਰਦੂ ਸਾਹਿੱਤ ਵਿਚ ਰੁਚੀ, ਆਰੀਆ ਸਮਾਜ ਦੇ ਲੀਡਰ ਅਤੇ ਆਰੀਆ ਸਮਾਜੀ ਰਸਾਲਾ "ਆਰੀਆ ਮੁਸਾਫ਼ਰ" ਦੇ ਐਡੀਟਰ ਸਨ। ਇਹ "ਆਰੀਆ ਮੁਸਾਫ਼ਰ" ਤਾਂ ਸ਼ਾਇਦ ਆਗਰੇ ਜਾਂ ਲਾਹੌਰ ਤੋਂ ਛਪਦਾ ਸੀ, ਪਰ ਪੰਡਤ ਜੀ ਇਸ ਨੂੰ ਮੋਗੇ ਵਿਚ ਹੀ ਐਡਿਟ ਕਰਦੇ ਅਤੇ ਉਥੋਂ ਹੀ ਲੇਖ ਭੇਜਦੇ ਸਨ। ਪੰਡਤ ਵਿਸ਼ਨੂੰ ਦੱਤ ਮੇਰੀ ਸਾਹਿਤਕ ਰੁਚੀ ਨੂੰ ਵੇਖ ਕੇ ਮੇਰੇ ਤੇ ਬੜੀ ਮਿਹਰਬਾਨੀ ਕਰਦੇ। ਆਪਣੇ ਬੱਚਿਆਂ ਜਾਂ ਛੋਟੇ ਭਰਾਵਾਂ ਵਾਂਗ ਹੀ ਸਮਝਦੇ ਅਤੇ ਮੈਂ ਕਿਤਾਬਾਂ ਤੇ ਰਸਾਲੇ ਉਹਨਾਂ ਤੋਂ ਹੀ ਕਾਫ਼ੀ ਗਿਣਤੀ ਵਿਚ ਪੜ੍ਹਨ ਵਾਸਤੇ ਲੈਂਦਾ।

ਅਖ਼ਬਾਰ "ਆਮ" ਅਤੇ ਰਸਾਲੇ ਹਸਪਤਾਲ ਦੀ ਡਾਕ ਵਿਚ ਆਉਂਦੇ ਕਿਉਂਕਿ ਇਕ ਡਾਕੀਆ ਹਰ ਰੋਜ਼ ਸਵੇਰੇ ਡਾਕਖ਼ਾਨੇ ਤੋਂ ਡਾਕ ਲਿਆਇਆ ਕਰਦਾ ਸੀ। ਇਹ ਡਾਕ ਡਾਕਟਰ ਮਥਰਾ ਦਾਸ ਦੇ ਹਥਾਂ ਵਿਚ ਜਾਂਦੀ ਅਤੇ ਉਹ ਜਿਸ ਕਿਸੇ ਦਾ ਕੋਈ ਖ਼ਤ ਜਾਂ ਅਖ਼ਬਾਰ ਹੁੰਦਾ ਉਹਨੂੰ ਦੇ ਦਿੰਦੇ। ਮੇਰੇ ਰਸਾਲੇ ਅਤੇ ਅਖ਼ਬਾਰ ਨੂੰ ਵੇਖ ਕੇ ਉਹ ਆਪਣੇ ਮਥੇ ਵਟ ਪਾਉਂਦੇ ਅਤੇ ਮੇਰੀ ਇਸ ਫ਼ਜ਼ੂਲ ਖਰਚੀ ਨੂੰ ਬੁਰਾ ਸਮਝਦੇ, ਪਰ ਮੂੰਹੋਂ ਕੁਝ ਨਾ ਆਖਦੇ ਕਿਉਂਕਿ ਮੈਂ ਨਾ ਕੇਵਲ ਉਹਨਾਂ ਦੇ ਅਧੀਨ ਹੀ ਸਾਂ ਸਗੋਂ ਉਹਨਾਂ ਦੇ ਮੇਰੇ ਤੇ ਅਹਿਸਾਨ ਵੀ ਸਨ। ਖ਼ਾਨਦਾਨੀ ਸੰਬੰਧਾਂ ਦੇ ਕਾਰਨ ਮੇਰੇ ਬਜ਼ੁਰਗ ਸਨ ਅਤੇ ਉਹਨਾਂ ਨੂੰ ਅਧਿਕਾਰ ਪ੍ਰਾਪਤ ਸੀ ਕਿ ਮੇਰੇ ਚਜ ਆਚਾਰ ਦੀ ਹਰ ਪਰਕਾਰ ਵੇਖ ਭਾਲ ਕਰਨ।



Digitized by Panjab Digital Library | www.panjabdigilib.org

ਜਦੋਂ ਅਖ਼ਬਾਰ "ਆਮ" ਮੇਰੇ ਨਾਂ ਚਾਲੂ ਹੋਇਆ ਤਾਂ ਡਾਕਟਰ ਸਾਹਿਬ ਨੇ ਸਮਝਿਆ ਕਿ ਸ਼ਾਇਦ ਇਕ ਰੁਪਿਆ ਦੇ ਕੇ ਇਕ ਮਹੀਨੇ ਲਈ ਇਹ ਸਾਹਿਤਕ ਅਯਾਸ਼ੀ ਕੀਤੀ ਗਈ ਹੋਵੇਗੀ। ਉਹਨਾਂ ਨੇ ਆਈ ਗਈ ਕਰ ਛਡੀ, ਪਰ ਅਖ਼ਬਾਰ ਨੂੰ ਵੇਖ ਕੇ ਉਹਨਾਂ ਦੇ ਮੱਥੇ ਦੇ ਵਟ ਪਰਗਟ ਕਰਦੇ ਸਨ ਕਿ ਉਹ ਮੇਰੀ ਇਸ "ਫਜ਼ੂਲ ਖ਼ਰਚੀ" ਨੂੰ ਪਸੰਦ ਨਹੀਂ ਕਰਦੇ। ਇਸ ਤਰ੍ਹਾਂ ਇਕ ਮਹੀਨੇ ਪਿਛੋਂ ਉਹਨਾਂ ਨੂੰ ਅਨੁਭਵ ਹੋਇਆ ਕਿ ਮੈਂ ਤਾਂ ਇਕ ਮਹੀਨੇ ਤੋਂ ਵਧ ਸਮੇਂ ਲਈ ਚੰਦਾ ਭੇਜ ਦਿਤਾ ਹੈ ਤਾਂ ਉਹ ਮੇਰੇ ਤੇ ਬਹੁਤ ਵਰ੍ਹੇ ਅਤੇ ਆਖਿਆ ਕਿ ਨੌਂ ਰੁਪਏ ਮਹੀਨਾ ਤਨਖ਼ਾਹ ਅਤੇ ਰੋਜ਼ਾਨਾ ਅਖ਼ਬਾਰ ਦੀ ਗਾਹਕੀ। ਇਸ ਫਜ਼ੂਲ ਖ਼ਰਚੀ ਤੇ ਸ਼ਰਮ ਆਉਣੀ ਚਾਹੀਦੀ ਹੈ। ਇਸ ਤਾੜਨਾ ਪਿਛੋਂ ਮੈਂ ਉਹਨਾਂ ਨੂੰ ਤਾਂ ਆਖਿਆ ਕਿ ਬੰਦ ਕਰ ਦਿਆਂਗਾ, ਪਰ ਸ਼ਾਮ ਨੂੰ ਡਾਕਖ਼ਾਨੇ ਪੁਜਾ। ਉਥੇ ਡਾਕੀਏ ਅਤੇ ਪੋਸਟ ਮਾਸਟਰ ਨੂੰ ਮਿਲਿਆ ਅਤੇ ਉਹਨਾਂ ਨੂੰ ਕਿਹਾ ਕਿ ਮੇਰੇ ਨਾਂ ਦਾ ਕੋਈ ਖ਼ਤ ਜਾਂ ਅਖ਼ਬਾਰ ਡਾਕਟਰ ਸਾਹਿਬ ਦੀ ਡਾਕ ਵਿਚ ਨਾ ਭੇਜਿਆ ਜਾਏ ਸਗੋਂ ਡਾਕੀਏ ਹਥ ਮੇਰੇ ਕੁਆਰਟਰ ਵਿਚ ਭੇਜਿਆ ਜਾਏ ਜਿਥੇ ਕਿ ਮੈਂ ਰਹਿੰਦਾ ਸਾਂ। ਇਸ ਪ੍ਰਕਾਰ ਅਖ਼ਬਾਰ "ਆਮ" ਅਤੇ ਰਸਾਲੇ ਮੈਨੂੰ ਮੇਰੇ ਕੁਆਟਰ ਵਿਚ ਮਿਲਣੇ ਸ਼ੁਰੂ ਹੋ ਗਏ ਅਤੇ ਡਾਕਟਰ ਸਾਹਿਬ ਨੇ ਸਮਝਿਆ ਕਿ ਹੁਣ ਮੈਂ ਫ਼ਜ਼ੂਲ ਖ਼ਰਚ ਨਹੀਂ ਰਿਹਾ ਸਗੋਂ ਭਲਾ ਮਾਨਸ ਬਣ ਗਿਆ ਹਾਂ।

ਇਕ ਜਾਂ ਡੇਢ ਮਹੀਨੇ ਤਕ ਮੈਂ ਅਖਬਾਰ "ਆਮ" ਡਾਕਟਰ ਸਾਹਿਬ ਤੋਂ ਚੋਰੀ ਪੜ੍ਹਦਾ ਰਿਹਾ। ਇਕ ਦਿਨ ਪਹਿਲਾ ਡਾਕੀਆ ਬੀਮਾਰ ਹੋ ਗਿਆ ਤੇ ਉਸ ਦੀ ਥਾਂ ਦੂਜਾ ਡਾਕੀਆ ਡਾਕ ਵੰਡਣ ਲਈ ਆਇਆ ਤਾਂ ਉਸ ਨਿਹਾਲੇ ਜਿਹੇ ਨੇ ਮੇਰੀ ਅਖਬਾਰ ਮੇਰੇ ਕੁਆਟਰ ਵਿਚ ਦੇਣ ਦੀ ਥਾਂ ਮੇਰੇ ਹਥ ਫੜਾ ਦਿਤੀ ਜਦ ਕਿ ਮੈਂ ਡਾਕਟਰ ਸਾਹਿਬ ਦੇ ਕੋਲ ਖਲੋਤਾ ਆਊਟ ਡੋਰ ਰੋਗੀਆਂ ਦਾ ਰਜਿਸਟਰ ਲਿਖ ਰਿਹਾ ਸਾਂ। ਅਖ਼ਬਾਰ ਵੇਖ ਕੇ ਡਾਕਟਰ ਸਾਹਿਬ ਸਮਝ ਗਏ ਕਿ ਉਹਨਾਂ ਨੂੰ ਧੋਖਾ ਦਿਤਾ ਗਿਆ ਸੀ। ਅਖ਼ਬਾਰ ਲਗਾਤਾਰ ਆ ਰਿਹਾ ਹੈ ਅਤੇ ਇਹ ਫ਼ਜ਼ੂਲ ਖ਼ਰਚੀ ਉਵੇਂ ਹੀ ਜਾਰੀ ਹੈ। ਡਾਕਟਰ ਸਾਹਿਬ ਫੇਰ ਬਹੁਤ ਠੰਡੇ ਤੱਤੇ ਹੋਏ। ਮੈਂ ਫੇਰ ਵਾਅਦਾ ਕੀਤਾ ਕਿ ਅਖ਼ਬਾਰ ਬੰਦ ਕਰ ਦਿਆਂਗਾ। ਫੇਰ ਸੋਚਦਾ ਰਿਹਾ ਕਿ ਹੁਣ ਕੀ ਕੀਤਾ ਜਾਏ। ਆਖ਼ਰ ਏਸ ਸਿੱਟੇ ਤੇ ਪੁਜਾ ਕਿ ਹਸਪਤਾਲ ਤੋਂ ਵਿਥ ਤੇ ਕਿਸੇ ਦੂਜੇ ਬੰਦੇ ਦੇ ਨਾਂ ਅਖ਼ਬਾਰ ਚਾਲੂ ਕਰਾ ਦਿਤਾ ਜਾਏ ਅਤੇ ਮੈਂ ਉਥੋਂ ਮੰਗਵਾ ਕੇ ਪੜ੍ਹਿਆ ਕਰਾਂ। ਇਸ ਪ੍ਰਕਾਰ ਅਖ਼ਬਾਰ ਮੋਗੇ ਦੇ ਨਗਰ ਵਿਚ ਹਕੀਮ ਮੁਹੰਮਦ ਉਮਰ ਸਾਹਿਬ ਸੁਰਗਵਾਸੀ – ਜਿਹੜੇ ਮੇਰੇ ਭਰਾਵਾਂ ਦੀ ਤਰ੍ਹਾਂ ਮਿੱਤਰ ਸਨ। ਦੇਵ ਸਮਾਜੀ ਖ਼ਿਆਲਾਂ ਦੇ ਨਾਸਤਕ, ਰੱਬ ਦੀ



Digitized by Panjab Digital Library | www.panjabdigilib.org

ਹੋਂਦ ਤੋਂ ਇਨਕਾਰੀ, ਪਰ ਬੜੇ ਉਚੇ ਚਲਨ ਦੇ ਅਤੇ ਸੱਚੇ ਦੋਸਤ ਸਨ – ਦੇ ਨਾਂ ਚਾਲੂ ਕਰਾ ਦਿਤਾ ਗਿਆ। ਅਖ਼ਬਾਰ ਉਹਨਾਂ ਦੇ ਨਾਂ ਤੇ ਪੁਜਦਾ। ਹਰ ਰੋਜ਼ ਛਪੀ ਹੋਈ ਸਿਰਨਾਵੇਂ ਦੀ ਚਿੱਟ ਵੇਖਣ ਦੀ ਖ਼ੁਸ਼ੀ ਅਤੇ ਅਖ਼ਬਾਰ ਨੂੰ ਆਪ ਖੋਹਲਣ ਦੇ ਸਵਾਦ ਤੋਂ ਵਾਂਜਿਆ ਗਿਆ। ਅਖ਼ਬਾਰ ਦੇ ਪਹੁੰਚਦਿਆਂ ਹੀ ਹਕੀਮ ਸਾਹਿਬ ਉਸ ਨੂੰ ਖੋਹਲਦੇ ਅਤੇ ਪੜ੍ਹਦੇ ਅਤੇ ਮੈਂ ਰਾਤ ਨੂੰ ਕੰਮ ਤੋਂ ਵਿਹਲਾ ਹੋ ਕੇ ਉਹਨਾਂ ਦੇ ਘਰ ਜਾਂਦਾ ਅਤੇ ਖੁਲ੍ਹਿਆ ਹੋਇਆ ਤੇ ਪੜ੍ਹਿਆ ਹੋਇਆ ਅਖ਼ਬਾਰ ਲੈਂਦਿਆਂ ਹੋਇਆਂ ਇੰਜ ਪ੍ਰਤੀਤ ਹੁੰਦਾ ਜਿਵੇਂ ਕਿ ਗਰਮ ਗਰਮ ਪਰਾਂਉਠਿਆਂ ਤੋਂ ਵਾਂਜਿਆਂ ਜਾ ਕੇ ਹੁਣ ਬਹੀ ਰੋਟੀ ਖਾਣ ਲਈ ਮਜਬੂਰ ਹਾਂ। ਪਰ ਕੀ ਕਰ ਸਕਦਾ ਸਾਂ ਇਸ "ਅਪਰਾਧ" ਨੂੰ ਚਾਲੂ ਰਖਣ ਦਾ ਹੋਰ ਰਾਹ ਹੀ ਕਿਹੜਾ ਸੀ ਕਿਉਂਕਿ ਅਖ਼ਬਾਰਾਂ ਅਤੇ ਰਸਾਲਿਆਂ ਬਾਰੇ ਉਸ ਵੇਲੇ ਮੇਰੇ ਚਸਕੇ ਅਤੇ ਇਸ਼ਕ ਦੀ ਉਹੀ ਹਾਲਤ ਸੀ ਜਿਹੜੀ ਅਜ ਜੋਸ਼ ਮਲੀਹਆਬਾਦੀ ਅਤੇ ਅਖ਼ਤਰ ਸ਼ੀਰਾਨੀ ਦੀ ਸਕਾਚ ਵਿਸਕੀ ਬਾਰੇ ਹੈ। ਸੋ ਜਦ ਤਕ ਮੈਂ ਮੋਗੇ ਰਿਹਾ ਮੇਰੇ ਨਾਂ ਦੀਆਂ ਅਖ਼ਬਾਰਾਂ ਤਾਂ ਹਕੀਮ ਮੁਹੰਮਦ ਉਮਰ ਸਾਹਿਬ ਦੇ ਨਾਂ ਆਉਂਦੀਆਂ ਰਹੀਆਂ ਅਤੇ ਰਸਾਲੇ ਮੇਰੇ ਕੁਆਟਰ 'ਚ ਮੇਰੇ ਨਾਂ ਤੇ। ਮੇਰੀ ਮੋਗੇ 'ਚ ਤਿੰਨ ਸਾਲ ਦੀ ਠਾਹਰ ਵਿਚ ਪੰਡਤ ਵਿਸ਼ਨੂੰ ਦਤ ਮੇਰੀ ਬਹੁਤ ਅਗਵਾਈ ਕਰਦੇ ਰਹੇ। ਰਸਾਲੇ, ਅਖ਼ਬਾਰਾਂ ਅਤੇ ਕਿਤਾਬਾਂ ਦਿੰਦੇ ਅਤੇ ਇਸ ਗਲ ਦਾ ਉਸ ਸਮੇਂ 'ਚ ਕਈ ਵਾਰ ਉਹਨਾਂ ਨੇ ਮਖ਼ੌਲ ਨਾਲ ਪ੍ਰਗਟਾਅ ਕੀਤਾ ਕਿ ਮੈਂ ਐਡੀਟਰ ਬਣਨਾ ਚਾਹੁੰਦਾ ਹਾਂ। ਮੈਂ ਇਹ ਸੁਣਦਾ ਅਤੇ ਸ਼ਰਮਾ ਕੇ ਸਿਰ ਨੀਵਾਂ ਕਰ ਲੈਂਦਾ ਅਤੇ ਮੂੰਹੋਂ ਆਖਦਾ ਕਿ ਨਹੀਂ ਕੇਵਲ ਮਨ ਪਰਚਾਵੇ ਲਈ ਹੀ ਪੜ੍ਹਦਾ ਹਾਂ। ਆਹ! ਉਹ ਪਿਆਰ, ਮੁਹੱਬਤ ਦੇ ਨਿਰਇੱਛਕ ਪੁਤਲੇ ਅਜ ਇਸ ਸੰਸਾਰ ਵਿਚ ਨਹੀਂ ਰਹੇ ਅਤੇ ਸਮਾਂ ਦਿਨੋਂ ਦਿਨ ਸੁਆਰਥੀ ਬਣਦਾ ਜਾ ਰਿਹਾ ਹੈ।

ਮੇਰੇ ਅਖ਼ਬਾਰ ਪੜ੍ਹਨ ਅਤੇ ਅਖ਼ਬਾਰ ਨਵੀਸੀ ਦੇ ਜੀਵਨ ਵਿਚ ਮੈਨੂੰ ਸਫ਼ਲ ਬਣਾਉਣ ਲਈ ਇਕ ਹੋਰ ਗਲ ਨੇ ਵੀ ਬੜਾ ਪਾਰਟ ਅਦਾ ਕੀਤਾ। ਮੈਂ ਪੰਜਵੀਂ ਜਮਾਤ ਤਕ ਪੜ੍ਹਿਆ। ਪੰਜਾਬ ਦਾ ਰਹਿਣ ਵਾਲਾ ਸਿਖ। ਉਰਦੂ ਭਾਸ਼ਾ ਦੇ ਜਾਨਣ ਦਾ ਜਿਸ ਵਿਚ ਪ੍ਰਸ਼ਨ ਹੀ ਨਹੀਂ ਪੈਦਾ ਹੁੰਦਾ। ਜੀਵਨ ਭਰ ਘਾਲਨਾ ਘਾਲ ਕੇ ਬੋਲੀ ਨੂੰ ਸਿਖਿਆ। ਪੰਜਾਬ ਦੀਆਂ ਕਈ ਦੈਨਿਕ ਅਤੇ ਸਪਤਾਹਕ ਅਖ਼ਬਾਰਾਂ ਨੂੰ ਐਡਿਟ ਕਰਦਾ ਰਿਹਾ ਅਤੇ ਦਿੱਲੀ ਵਰਗੇ ਉਰਦੂ ਦੇ ਕੇਂਦਰ ਤੋਂ ਉਰਦੂ ਬੋਲੀ ਵਿਚ ਅਜਿਹਾ ਸਫ਼ਲ ਅਖ਼ਬਾਰ ਚਾਲੂ ਰਖਿਆ ਜਿਸ ਦੀ ਉਦਾਹਰਣ ਵੀ ਉਰਦੂ ਜਰਨਲਿਜ਼ਮ ਵਿਚ ਨਹੀਂ ਮਿਲ ਸਕਦੀ। ਪ੍ਰੰਤੂ ਈਮਾਨਦਾਰੀ ਦੇ ਨਾਲ ਮੰਨਦਾ ਹਾਂ ਕਿ ਮੈਂ ਹੁਣ ਤਕ ਆਪਣੇ ਆਪ ਨੂੰ ਮੂਰਖ ਸਮਝਦਾ ਹਾਂ ਅਤੇ



Digitized by Panjab Digital Library | www.panjabdigilib.org

ਜਦ ਕਦੇ ਮਿੱਤਰਾਂ ਵਿਚ ਗਲ ਛਿੜਦੀ ਹੈ ਤਾਂ ਮਖ਼ੌਲ ਨਾਲ ਏਹੋ ਆਖਦਾ ਹਾਂ ਕਿ ਬਾਰਾਂ ਵਰ੍ਹੇ ਦਿੱਲੀ 'ਚ ਰਹੇ, ਪਰ ਭੱਠ ਹੀ ਝੋਕਦੇ ਰਹੇ। ਮੇਰਾ ਵਿਚਾਰ ਹੈ ਕਿ ਜੇਕਰ ਮੇਰੇ ਦਿਮਾਗ਼ ਦੀ ਇਹ ਹਾਲਤ – ਭਾਵ ਆਪਣੇ ਆਪ ਨੂੰ ਸਦਾ ਇਕ ਵਿਦਿਆਰਥੀ ਸਮਝਣਾ, ਆਪਣੀ ਸਫ਼ਲਤਾ ਨੂੰ ਸਫ਼ਲਤਾ ਨਾ ਜਾਨਣਾ ਅਤੇ ਜਤਨ ਵਿਚ ਦਿਨ ਰਾਤ ਲਗਿਆਂ ਰਹਿਣਾ – ਨਾ ਹੁੰਦੀ ਅਤੇ ਮੈਂ ਆਪਣੇ ਆਪ ਨੂੰ ਸਿਆਣਾ ਸਮਝਦਾ ਤਾਂ ਅਜ ਅਖ਼ਬਾਰ "ਰਿਆਸਤ" ਨੂੰ ਚਲਾਉਣ ਦੀ ਥਾਂ ਕਿਸੇ ਹਸਪਤਾਲ ਵਿਚ ਬੋਤਲਾਂ ਧੋਣ ਦਾ ਹੀ ਕੰਮ ਕਰਦਾ ਰਹਿੰਦਾ। ਜਿਹੜੇ ਆਦਮੀ ਸਫ਼ਲ ਹੋਣਾ ਚਾਹੁੰਦੇ ਹਨ ਕਦੇ ਵੀ ਆਪਣੇ ਆਪ ਨੂੰ ਉਸ ਕੰਮ ਵਿਚ ਨਿਪੁੰਨ ਨਾ ਸਮਝਣ ਸਗੋਂ ਸਦਾ ਅਧੂਰੇ ਹੀ ਜਾਣਦੇ ਰਹਿਣ ਅਤੇ ਵਧੇਰੇ ਸਿਖਣ ਦਾ ਜਤਨ ਕਰਨ ਤੇ ਅਜਿਹਾ ਇਸ਼ਕ ਉਤਪਨ ਕਰਨ ਜਿਹਾ ਕਿ ਸਾਹਿਤ ਅਤੇ ਅਖ਼ਬਾਰਾਂ ਨਾਲ ਐਡੀਟਰ "ਰਿਆਸਤ" ਨੇ ਜੀਵਨ ਭਰ ਕਰੀ ਰਖਿਆ।

## *ਮਿੱਤਰਾਂ ਲਈ ਕੁਰਬਾਨੀ ਕਰੋ*

ਰਿਆਸਤ ਭੂਪਾਲ ਨੇ ਐਡੀਟਰ "ਰਿਆਸਤ" ਤੇ ਇਕ ਮੁਕੱਦਮਾ ਹਤਕ ਦਾ ਦਿੱਲੀ ਵਿਚ ਵੀ ਕੀਤਾ ਸੀ। ਇਹ ਮੁਕੱਦਮਾ ਐਡੀਸ਼ਨਲ ਡਿਸਟ੍ਰਿਕਟ ਮੈਜਿਸਟ੍ਰੇਟ ਮਿਸਟਰ ਪੋਲ ਦੀ ਅਦਾਲਤ ਵਿਚ ਸੀ। ਮਿਸਟਰ ਪੋਲ ਐਂਗਲੋ ਇੰਡੀਅਨ ਸਨ ਜਿਹੜੇ ਕਿ ਭਾਰਤ ਦੀ ਸੁਤੰਤਰਤਾ ਦੇ ਅੰਗਰੇਜ਼ਾਂ ਨਾਲੋਂ ਵਧੇਰੇ ਸ਼ਤਰੂ ਸਨ। ਏਧਰ ਅਪਰਾਧੀ ਇਕ ਸੰਪਾਦਕ ਜਿਹੜਾ ਸਰਕਾਰ ਦੀਆਂ ਨਜ਼ਰਾਂ ਵਿਚ ਦਸ ਨੰਬਰੀਏ ਬਦਮਾਸ਼ਾਂ ਤੋਂ ਵੀ ਵਧੇਰੇ ਭਿਆਨਕ ਅਤੇ ਲੁੱਚਾ — ਮੈਂ ਲੁਚਾ ਇਸ ਲਈ ਲਿਖ ਰਿਹਾ ਹਾਂ ਕਿ ਸਰਕਾਰ ਦਿਆਂ ਹੁਕਮਾਂ ਵਿਚ ਆਮ ਤੌਰ ਤੇ ਇਹ ਲਿਖਿਆ ਜਾਂਦਾ ਹੈ ਕਿ ਅਮਕੇ ਪੁਲੀਟੀਕਲ ਵਰਕਰ ਦਾ ਚਾਲ ਚਲਣ ਇਤਰਾਜ਼ ਯੋਗ ਰਿਹੈ — ਅਤੇ ਖ਼ਾਨ ਬਹਾਦਰ ਅਬਦੁਲ ਰਹਿਮਾਨ ਐਡਵੋਕੇਟ — ਜਿਹੜੇ ਅਜ ਕਲ ਸਰ ਅਬਦੁਲ ਰਹਿਮਾਨ ਜੱਜ ਹਾਈ ਕੋਰਟ ਲਾਹੌਰ ਹਨ — ਨਵਾਬ ਭੂਪਾਲ ਦੇ ਵਕੀਲ, ਜਿਹੜੇ ਕਿ ਮਿਸਟਰ ਪੋਲ ਦੇ ਮਿੱਤਰ ਸਨ। ਇਸ ਤਰ੍ਹਾਂ ਇਸ ਮੁਕਦਮੇ ਵਿਚ ਮੇਰੇ ਵਾਸਤੇ ਪ੍ਰਗਟ ਤੌਰ ਤੇ ਖ਼ਤਰਾ ਅਨੁਭਵ ਕੀਤਾ ਜਾ ਰਿਹਾ ਸੀ ਅਤੇ ਕਈ ਪਰਕਾਰ ਦੀ ਚਰਚਾ ਵੀ ਮਿਸਟਰ ਪੋਲ ਬਾਰੇ ਜਨਤਾ ਵਿਚ ਮਸ਼ਹੂਰ ਸੀ ਜਿਨ੍ਹਾਂ ਤੇ ਮੈਂ ਕਦੀ ਵਿਸ਼ਵਾਸ ਨਹੀਂ ਕੀਤਾ, ਪਰ ਅਨੁਭਵ ਕਰਦਾ ਸਾਂ ਕਿ



Digitized by Panjab Digital Library | www.panjabdigilib.org

ਅਦਾਲਤ ਵਿਚ ਜਦ ਜਾਂਦਾ ਹਾਂ ਤਾਂ ਮਿਸਟਰ ਪੋਲ ਦਾ ਚਿਹਰਾ ਪ੍ਰਗਟ ਕਰਦਾ ਹੈ ਕਿ ਉਹ ਐਡੀਟਰ "ਰਿਆਸਤ" ਦੇ ਵਿਰੁਧ ਹੈ, ਜਾਂ ਘਟੋ ਘਟ ਉਹ ਐਡੀਟਰ "ਰਿਆਸਤ" ਨੂੰ ਅਪਰਾਧੀ ਸਾਬਤ ਹੋਣ ਤੋਂ ਬਿਨਾਂ ਹੀ — ਹਰ ਮੈਜਿਸਟ੍ਰੇਟ ਦਾ ਅਖ਼ਲਾਕੀ ਫ਼ਰਜ਼ ਹੁੰਦਾ ਹੈ ਕਿ ਜਦ ਤਕ ਦੋਸ਼ੀ ਦਾ ਅਪਰਾਧ ਸਾਬਤ ਨਾ ਹੋ ਜਾਏ ਉਸ ਨੂੰ ਬੇ-ਗੁਨਾਹ ਸਮਝੇ — ਹਮਦਰਦੀ ਦਾ ਪਾਤਰ ਨਹੀਂ ਸਮਝਦਾ। ਮੈਂ ਸੋਚਦਾ ਰਿਹਾ ਕਿ ਇਸ ਮੈਜਿਸਟ੍ਰੇਟ ਦਾ ਕੀ ਕੀਤਾ ਜਾਵੇ, ਕੁਝ ਸਮਝ ਨਹੀਂ ਆਉਂਦਾ ਸੀ ਅਤੇ ਮਿਸਟਰ ਪੋਲ ਦਾ ਵਤੀਰਾ ਦਿਨੋਂ ਦਿਨ ਵਿਰੁਧ ਹੁੰਦਾ ਜਾ ਰਿਹਾ ਸੀ।

ਇਹਨਾਂ ਘਟਨਾਵਾਂ ਤੋਂ ਪਹਿਲਾਂ ਸਰ ਜਾਨ ਥਾਂਪਸਨ ਚੀਫ਼ ਕਮਿਸ਼ਨਰ ਦਿੱਲੀ ਮਿਤਰ ਬਣ ਚੁਕੇ ਸਨ। ਮੈਂ ਉਹਨਾਂ ਕੋਲ ਗਿਆ ਅਤੇ ਆਖਿਆ ਕਿ ਮੈਨੂੰ ਮਿਸਟਰ ਪੋਲ ਤੋਂ ਨਿਆਂ ਦੀ ਆਸ ਨਹੀਂ ਅਤੇ ਸ਼ਹਿਰ ਵਿਚ ਮਿਸਟਰ ਪੋਲ ਸੰਬੰਧੀ ਭਿੰਨ-ਭਿੰਨ ਅਵਾਈਆਂ ਹਨ। ਸਰ ਜਾਨ ਅਸਾਧਾਰਨ ਦਿਆਨਤਦਾਰ ਸਨ ਅਤੇ ਉਹਨਾਂ ਦੇ ਜੀਵਨ ਵਿਚ ਇਕ ਉਦਾਹਰਣ ਵੀ ਅਜਿਹੀ ਨਹੀਂ ਸੀ ਕਿ ਉਹਨਾਂ ਨੇ ਕਦੇ ਕਿਸੇ ਰਿਆਸਤ ਜਾਂ ਜਨਤਾ ਤੋਂ ਇਕ ਪੈਸਾ ਲਿਆ ਹੋਵੇ। ਆਪ ਇਸ ਗਲ ਦੇ ਸਦਾ ਇੱਛਕ ਰਹੇ ਕਿ ਉਹਨਾਂ ਦਾ ਹਰ ਅਧੀਨ ਅਫ਼ਸਰ ਦਿਆਨਤਦਾਰ ਹੋਵੇ। ਸਰ ਜਾਨ ਨੇ ਉਤਰ ਦਿਤਾ ਕਿ ਮਿਸਟਰ ਪੋਲ ਦਿਆਨਤਦਾਰ ਆਦਮੀ ਹੈ ਕੋਈ ਚਿੰਤਾ ਨਾ ਕਰੋ। ਮੈਂ ਕਿਹਾ ਕਿ ਮਿਸਟਰ ਪੋਲ ਤੇ ਕੋਈ ਦੂਸ਼ਨ ਨਹੀਂ ਲਾ ਰਿਹਾ ਅਤੇ ਜਦ ਤਕ ਕੋਈ ਪ੍ਰਮਾਨ ਨਾ ਹੋਵੇ ਦੋਸ਼ ਥਪਨਾ ਇਕ ਪਾਪ ਹੈ। ਪਰੰਤੂ ਮਿਸਟਰ ਪੋਲ ਰੇਲਵੇ ਗਾਰਡ ਸ਼੍ਰੇਣੀ ਦੇ ਆਦਮੀ ਹਨ। ਪਹਿਲਾਂ ਕਲਰਕ ਸਨ, ਫੇਰ ਡਿਪਟੀ ਕਮਿਸ਼ਨਰ ਦੇ ਦਫ਼ਤਰ ਦੇ ਸੁਪ੍ਰੰਟੰਡੰਟ ਹੋ ਗਏ। ਗਵਰਨਰ ਦੇ ਦਫ਼ਤਰ ਜਾ ਪੁਜੇ, ਉਥੋਂ ਮੈਜਿਸਟ੍ਰੇਟ ਹੋ ਗਏ, ਤੇ ਹੌਲੀ ਹੌਲੀ ਹੁਣ ਐਡੀਸ਼ਨਲ ਡਿਸਟ੍ਰਿਕਟ ਮੈਜਿਸਟ੍ਰੇਟ ਹਨ। ਦੁਨੀਆਂ ਵਿਚ ਹਰ ਆਦਮੀ ਦਾ ਮੁਲ ਹੁੰਦਾ ਹੈ ਅਤੇ ਬਹੁਤ ਘਟ ਮਨੁਖ ਹਨ ਜਿਹੜੇ ਕਿਸੇ ਮੁਲ ਤੇ ਵੀ ਖ਼ਰੀਦੇ ਨਾ ਜਾ ਸਕਣ। ਮੈਂ ਉਹਨਾਂ ਤੇ ਦੂਸ਼ਨ ਤਾਂ ਨਹੀਂ ਲਾਉਂਦਾ, ਪਰ ਨਿਸ਼ਚਿੰਤ ਵੀ ਨਹੀਂ ਹਾਂ। ਸਰ ਜਾਨ ਨੇ ਵਾਅਦਾ ਕੀਤਾ ਕਿ ਉਹ ਇਸ ਗਲ ਦਾ ਖ਼ਿਆਲ ਰਖਣਗੇ ਕਿ ਮੇਰੇ ਨਾਲ ਅਨਿੱਆਂ ਨਾ ਹੋਵੇ। ਇਸ ਪਰਕਾਰ ਅਗਲੇ ਦਿਨ ਹੀ ਮਿਸਟਰ ਪੋਲ ਨੂੰ ਸਦ ਕੇ ਹਦਾਇਤ ਕੀਤੀ ਕਿ ਨਵਾਬ ਭੂਪਾਲ ਭਾਵੇਂ ਕਿੱਡੀ ਪੁਜ਼ੀਸ਼ਨ ਦਾ ਕਿਉਂ ਨਾ ਹੋਵੇ, ਪਰ ਐਡੀਟਰ "ਰਿਆਸਤ" ਨਾਲ ਅਨਿੱਆਂ ਨਾ ਹੋਵੇ।

ਏਧਰ ਤਾਂ ਸਰ ਜਾਨ ਥਾਂਪਸਨ ਨੇ ਮਿਸਟਰ ਪੋਲ ਨੂੰ ਇਹ ਆਖਿਆ ਤੇ



Digitized by Panjab Digital Library | www.panjabdigilib.org

ਉਧਰ ਇਕ ਦਿਨ ਸੁਰਗਵਾਸੀ ਖ਼ਾਨ ਬਹਾਦਰ ਤਸੱਦਕ ਹੁਸੈਨ ਮਿਲੇ। ਉਹਨਾਂ ਨੇ ਪੁਛਿਆ ਕਿ ਮੁਕੱਦਮੇ ਦਾ ਕੀ ਹਾਲ ਹੈ। ਤਾਂ ਮੈਂ ਦਸਿਆ ਕਿ ਮਿਸਟਰ ਪੋਲ ਦਾ ਵਤੀਰਾ ਅਜਿਹਾ ਹੈ ਜਿਹਾ ਕਿ ਜਵਾਰੀਆਂ ਤੇ ਚੋਰਾਂ ਨਾਲ ਹੁੰਦਾ ਹੈ। ਖ਼ਾਨ ਬਹਾਦਰ ਬੜੇ ਸਚੇ ਮਿੱਤਰ, ਬੜੇ ਉਚੇ ਅਤੇ ਮਿੱਤਰਾਂ ਵਾਸਤੇ ਜਾਨ ਵਾਰ ਦੇਣ ਵਾਲੇ ਬੰਦੇ ਸਨ। ਉਹਨਾਂ ਮੈਨੂੰ ਤਾਂ ਕੁਝ ਨਾ ਆਖਿਆ, ਪਰ ਦੋ ਦਿਨਾਂ ਪਿਛੋਂ ਮੈਨੂੰ ਟੈਲੀਫ਼ੂਨ ਕੀਤਾ ਕਿ ਮੈਂ ਅਜ ਰਾਤ ਨੂੰ ਪ੍ਰਸ਼ਾਦ ਉਹਨਾਂ ਨਾਲ ਛਕਾਂ। ਸੋ ਰਾਤ ਨੂੰ ਮੈਂ ਉਹਨਾਂ ਦੇ ਘਰ ਖਾਣੇ ਵਾਸਤੇ ਗਿਆ ਤਾਂ ਵੇਖਿਆ ਕਿ ਉਥੇ ਡਿਨਰ ਤੇ ਇਕ ਦਰਜਨ ਦੇ ਕਰੀਬ ਭਦਰ ਮਹਿਮਾਨ ਹਾਜ਼ਰ ਹਨ। ਜਿਨ੍ਹਾਂ ਵਿਚ ਕੁਝ ਅਸੈਂਬਲੀ ਦੇ ਮੈਂਬਰ ਅਤੇ ਮਿਸਟਰ ਪੋਲ ਵੀ ਹਨ। ਖ਼ਾਨ ਬਹਾਦਰ ਨੇ ਮੇਰੇ ਪਹੁੰਚਦਿਆਂ ਹੀ ਮਿਸਟਰ ਪੋਲ ਨਾਲ ਵਾਕਫ਼ੀ ਕਰਾਈ ਕਿ ਇਹ ਮਿਸਟਰ ਪੋਲ ਐਡੀਸ਼ਨਲ ਡਿਸਟ੍ਰਿਕਟ ਮੈਜਿਸਟ੍ਰੇਟ ਦਿੱਲੀ ਅਤੇ ਇਹ ਸਰਦਾਰ ਦੀਵਾਨ ਸਿੰਘ ਐਡੀਟਰ "ਰਿਆਸਤ" ਮੇਰੇ ਡੂੰਘੇ ਤੇ ਪਿਆਰੇ ਮਿੱਤਰ, ਜਿਹੜੇ ਕਿ ਮੈਨੂੰ ਸਕੇ ਭਰਾਵਾਂ ਵਾਂਗ ਪਿਆਰੇ ਹਨ। ਮਿਸਟਰ ਪੋਲ ਅਤੇ ਐਡੀਟਰ "ਰਿਆਸਤ" ਨੇ ਰਿਵਾਜ ਅਨੁਸਾਰ ਹਥ ਮਿਲਾਇਆ।

ਸਰ ਜਾਨ ਥਾਂਪਸਨ ਅਤੇ ਖ਼ਾਨ ਬਹਾਦਰ ਤਸੱਦਕ ਹੁਸੈਨ ਦੀਆਂ ਇਹਨਾਂ ਦੋਹਾਂ ਘਟਨਾਵਾਂ ਦਾ ਅਸਰ ਇਹ ਹੋਇਆ ਕਿ ਪਹਿਲਾਂ ਤਾਂ ਮਿਸਟਰ ਪੋਲ ਐਡੀਟਰ "ਰਿਆਸਤ" ਨੂੰ ਇੰਜ ਸਮਝਦੇ ਸਨ, ਜਿਵੇਂ ਕਿ ਸਨਾਤਨ ਧਰਮੀ ਮਹਾਸ਼ੇ ਅਛੂਤਾਂ ਅਤੇ ਹਰੀਜਨਾਂ ਨੂੰ, ਪਰ ਹੁਣ ਐਡੀਟਰ "ਰਿਆਸਤ" ਜਦ ਅਦਾਲਤ ਵਿਚ ਜਾਂਦਾ ਤਾਂ ਪਹੁੰਚਦਿਆਂ ਹੀ ਮਿਸਟਰ ਪੋਲ ਆਖਦੇ "ਹੈਲੋ ਸਰਦਾਰ ਦੀਵਾਨ ਸਿੰਘ ਕੀ ਹਾਲ ਚਾਲ ਹੈ। ਅਜ ਮੌਸਮ ਤਾਂ ਬਹੁਤ ਚੰਗਾ ਹੈ। ਦਿੱਲੀ ਵਿਚ ਬਰਸਾਤ ਦਾ ਮੌਸਮ ਪੰਜਾਬ ਦੇ ਮੁਕਾਬਲੇ ਤੇ ਬਹੁਤ ਚੰਗਾ ਹੁੰਦਾ ਹੈ। ਇਸ ਸਾਲ ਸਰਦੀ ਵੀ ਬਹੁਤ ਪਵੇਗੀ" ਆਦਿ। ਐਡੀਟਰ "ਰਿਆਸਤ" ਇਸ ਅਖ਼ਲਾਕ ਦੇ ਸਲੂਕ ਦਾ ਮੁਸਕਰਾ ਕੇ ਮਿਸਟਰ ਪੋਲ ਨੂੰ ਉਤਰ ਦਿੰਦਾ ਅਤੇ ਜਦ ਵਕੀਲਾਂ ਕੋਲ ਬਾਰ ਰੂਮ ਵਿਚ ਜਾ ਕੇ ਬੈਠਦਾ ਤਾਂ ਮੈਂ, ਮਿਸਟਰ ਤੋਕਲੀ ਐਡਵੋਕੇਟ ਅਤੇ ਸਰਦਾਰ ਬਹਾਦਰ ਭਗਵਾਨ ਸਿੰਘ ਬੈਰਿਸਟਰ ਅਸੀਂ ਤਿੰਨੇ ਹੌਲੀ ਹੌਲੀ ਗਲਾਂ ਕਰਦੇ ਹੋਏ ਆਖਦੇ ਕਿ ਸਰ ਜਾਨ ਅਤੇ ਤਸੱਦਕ ਹੁਸੈਨ ਦਾ ਤੀਰ ਤਾਂ ਨਿਸ਼ਾਨੇ ਤੇ ਵਜਿਐ ਹੁਣ ਵੇਖੋ ਭੂਪਾਲ ਕਿਵੇਂ ਮਿਸਟਰ ਪੋਲ ਨੂੰ ਹਥਾਂ ਤੇ ਪਾਉਂਦੈ। ਇਸ ਵਿਰੋਧਤਾ ਨੂੰ ਤਾਂ ਸਿਧਿਆਂ ਕਰ ਲਿਐ। ਟਾਕਰੇ ਦਾ ਹੁਣ ਸਵਾਦ ਆਇਗਾ।

ਵਿਚਾਰੇ ਭੂਪਾਲ ਵਾਲਿਆਂ ਨੂੰ ਕੁਝ ਪਤਾ ਨਹੀਂ ਸੀ ਕਿ ਏਸ ਕਾਂਟੇ ਦੇ ਬਦਲਣ ਦਾ ਕਾਰਨ ਕੀ ਹੈ। ਉਹ ਏਸੇ ਵਹਿਮ ਵਿਚ ਸਨ ਕਿ ਮਿਸਟਰ ਪੋਲ ਦਾ



Digitized by Panjab Digital Library | www.panjabdigilib.org

ਵਤੀਰਾ ਕੇਵਲ ਉਪਰੋਂ ਉਪਰੋਂ ਹੀ ਹੈ ਅਤੇ ਹਰ ਮੈਜਿਸਟ੍ਰੇਟ ਜਦ ਕਿਸੇ ਅਪਰਾਧੀ ਨੂੰ ਡੰਡ ਦੇਣਾ ਚਾਹੁੰਦਾ ਹੈ ਤਾਂ ਦੋਸ਼ੀ ਨਾਲ ਮੁਸਕਰਾ ਕੇ ਗਲਾਂ ਕਰਦਾ ਹੈ ਤਾਕਿ ਉਹ ਉਹਨੂੰ ਆਪਣਾ ਵਿਰੋਧੀ ਨਾ ਸਮਝੇ ਅਤੇ ਮੁਕੱਦਮਾ ਬਦਲਵਾ ਨਾ ਲਏ। ਉਂਜ ਤਾਂ ਅੰਦਰੋਂ ਉਹ ਭੂਪਾਲ ਦਾ ਹਿਤੈਸ਼ੀ ਹੈ। ਏਨੇ ਵਿਚ ਮਿਸਟਰ ਪੋਲ ਤਾਂ ਆਰਜ਼ੀ ਡਿਪਟੀ ਕਮਿਸ਼ਨਰ ਬਣ ਗਏ ਅਤੇ ਮਿਸਟਰ ਐਸਰ ਉਹਨਾਂ ਦੀ ਥਾਂ ਐਡੀਸ਼ਨਲ ਡਿਸਟ੍ਰਿਕਟ ਮੈਜਿਸਟ੍ਰੇਟ ਹੋ ਗਏ। ਮਿਸਟਰ ਐਸਰ ਆਪਣੀ ਦਲੇਰੀ ਅਤੇ ਦਿਆਨਤਦਾਰੀ ਲਈ ਬੜੇ ਮਸ਼ਹੂਰ ਸਨ। ਉਹਨਾਂ ਨੇ ਸ਼ਿਮਲੇ ਵਿਚ ਇਕ ਬਹੁਤ ਵਡੇ ਫ਼ੌਜੀ ਅਫ਼ਸਰ ਨੂੰ ਇਕ ਕੁੱਲੀ ਨੂੰ ਮਾਰਨ ਦੇ ਦੋਸ਼ ਵਿਚ ਕਈ ਵਰ੍ਹੇ ਕੈਦ ਦੀ ਸਜ਼ਾ ਦਿਤੀ ਸੀ ਅਤੇ ਦਿੱਲੀ ਵਿਚ ਵੀ ਪਿਛਲੇ ਸਾਰੇ ਮੈਜਿਸਟ੍ਰੇਟਾਂ ਵਿਚ ਇਕ ਚੰਗੀ ਹੈਸੀਅਤ ਦੇ ਅਫ਼ਸਰ ਸਨ। ਭੂਪਾਲ ਵਾਲੇ ਮਿਸਟਰ ਐਸਰ ਦੇ ਨਾਂ ਤੋਂ ਬੜਾ ਤ੍ਰਭਕੇ। ਉਹਨਾਂ ਨੇ ਚਾਹਿਆ ਕਿ ਮਿਸਟਰ ਪੋਲ ਇਸ ਮੁਕੱਦਮੇ ਨੂੰ ਆਪਣੇ ਨਾਲ ਹੀ ਆਪਣੀ ਨਵੀਂ ਪੱਦਵੀ ਭਾਵ ਡਿਪਟੀ ਕਮਿਸ਼ਨਰ ਦੀ ਅਦਾਲਤ ਵਿਚ ਲੈ ਜਾਣ। ਸੋ ਉਹਨਾਂ ਨੇ ਮਿਸਟਰ ਪੋਲ ਦੀ ਅਦਾਲਤ ਵਿਚ ਇਹ ਅਰਜ਼ੀ ਦਿਤੀ ਕਿ ਕਿਉਂਕਿ ਤੁਸੀਂ ਮੁਕੱਦਮੇ ਦੇ ਪਿਛਲੇ ਹਾਲਾਂ ਤੋਂ ਭਲੀ ਪਰਕਾਰ ਜਾਣੂ ਹੋ ਇਸ ਲਈ ਮੁਕੱਦਮਾ ਨਵੇਂ ਏ. ਡੀ. ਐਮ. ਮਿਸਟਰ ਐਸਰ ਦੀ ਅਦਾਲਤ ਵਿਚ ਨਾ ਰਹੇ ਅਤੇ ਤੁਸੀਂ ਹੀ ਸੁਣੋ। ਜਦ ਮੁਕੱਦਮਾ ਪੇਸ਼ ਹੋਇਆ, ਮੇਰੀ ਵਲੋਂ ਮਿਸਟਰ ਤੋਕਲੀ ਅਤੇ ਸਰਦਾਰ ਬਹਾਦਰ ਭਗਵਾਨ ਸਿੰਘ ਵਕੀਲ ਸਨ ਅਤੇ ਨਵਾਬ ਭੂਪਾਲ ਵਲੋਂ ਖ਼ਾਨ ਬਹਾਦਰ ਅਬਦੁਲ ਰਹਿਮਾਨ। ਮੁਕੱਦਮੇ ਦੇ ਦਾਅਵੇਦਾਰ ਖਵਾਜਾ ਮੁਹੰਮਦ ਅਕਰਮ ਇਨਸਪੈਕਟਰ ਜਨਰਲ ਪੁਲੀਸ ਭੂਪਾਲ ਵੀ ਆਪਣੀ ਇਨਸਪੈਕਟਰ ਜਨਰਲ ਪੁਲੀਸ ਦੀ ਪੂਰੀ ਵਰਦੀ ਪਾਈ ਅਦਾਲਤ ਵਿਚ ਬਿਰਾਜ-ਮਾਨ ਸਨ ਅਤੇ ਇਹਨਾਂ ਲੋਕਾਂ ਨੂੰ ਪੂਰਾ ਭਰੋਸਾ ਸੀ ਕਿ ਮਿਸਟਰ ਪੋਲ ਇਹ ਮੁਕੱਦਮਾ ਆਪ ਹੀ ਆਪਣੀ ਅਦਾਲਤ ਵਿਚ ਰਖਣਗੇ, ਪਰ ਉਹਨਾਂ ਲੋਕਾਂ ਦੀ ਭੰਬੀਰੀ ਭੌਂ ਗਈ ਜਦੋਂ ਮਿਸਟਰ ਪੋਲ ਨੇ ਇਸ ਅਰਜ਼ੀ ਦਾ ਫ਼ੈਸਲਾ ਕਰਦੇ ਹੋਏ ਲਿਖਿਆ ਕਿ ਇਹ ਮਿਸਲ ਭੂਤ ਵਾਂਗ ਉਹਨਾਂ ਦੇ ਪਿਛੇ ਪਿਛੇ ਕਿਉਂ ਫਿਰਦੀ ਰਹੇ ਅਤੇ ਕਿਉਂ ਨਾ ਮਿਸਟਰ ਐਸਰ ਇਸ ਮੁਕੱਦਮੇ ਦਾ ਫ਼ੈਸਲਾ ਕਰਨ।

ਭੂਪਾਲ ਦੇ ਪ੍ਰਤੀਨਿਧ ਮਿਸਟਰ ਐਸਰ ਦੀ ਜ਼ਬਰਦਸਤ ਪਕੇ ਇਰਾਦੇ ਅਤੇ ਫ਼ੈਸਲੇ ਦੀ ਸ਼ਕਤੀ ਤੋਂ ਘਬਰਾਉਂਦੇ ਸਨ ਅਤੇ ਅਸੀਂ ਚਾਹੁੰਦੇ ਸਾਂ ਕਿ ਉਹੋ ਹੀ ਫ਼ੈਸਲਾ ਕਰਨ ਕਿਉਂਕਿ ਸਾਡੇ ਵਾਸਤੇ ਤਾਂ ਉਹੀ ਮੈਜਿਸਟਰੇਟ ਚੰਗਾ ਹੋ ਸਕਦਾ ਸੀ ਜਿਹੜਾ ਕਿ ਨਵਾਬ ਭੂਪਾਲ ਤਾਂ ਕੀ ਨਿਜ਼ਾਮ ਦਖਣ ਦੀ ਵੀ ਪਰਵਾਹ ਨਾ ਕਰੇ। ਇਸ ਪਰਕਾਰ ਮੁਕੱਦਮਾ ਸ਼ੁਰੂ ਹੋਇਆ ਤਾਂ ਭੂਪਾਲ ਵਾਲਿਆਂ ਨੇ ਮੁਕੱਦਮਾ



Digitized by Panjab Digital Library | www.panjabdigilib.org

ਬਦਲਵਾਉਣ ਲਈ ਦਰਖ਼ਾਸਤ ਦਿਤੀ ਅਤੇ ਮੁਕੱਦਮਾ ਬਦਲਾਉਣ ਦਾ ਕਾਰਨ ਇਹ ਲਿਖਿਆ ਕਿ ਮਿਸਟਰ ਐਸਰ ਅਤੇ ਦੀਵਾਨ ਸਿੰਘ ਦੇ ਡੂੰਘੇ ਮਿੱਤਰਾਨਾ ਸੰਬੰਧ ਹਨ। ਹਾਲਾਂ ਕਿ ਅਸਲੀਅਤ ਇਹ ਸੀ ਕਿ ਮੈਂ ਇਸ ਤੋਂ ਪਹਿਲਾਂ ਮਿਸਟਰ ਐਸਰ ਨੂੰ ਕਦੇ ਵੀ ਅਦਾਲਤ ਤੋਂ ਬਾਹਰ ਨਹੀਂ ਮਿਲਿਆ ਸਾਂ। ਸੰਬੰਧਾਂ ਦਾ ਤਾਂ ਪ੍ਰਸ਼ਨ ਹੀ ਨਹੀਂ ਉਠਦਾ। ਭੂਪਾਲ ਦੇ ਪ੍ਰਤੀਨਿਧ ਨੇ ਆਪਣੇ ਇਸ ਦੂਸ਼ਨ ਦੀ ਪਕਿਆਈ ਵਿਚ ਮਿਸਟਰ ਐਸਰ ਦੇ ਇਕ ਹਟਾਏ ਹੋਏ ਮੋਟਰ ਡਰਾਈਵਰ ਦਾ ਬਿਆਨ ਸ਼ਾਮਲ ਕੀਤਾ। ਜਿਸ ਨੇ ਆਖਿਆ ਕਿ ਉਸ ਨੇ ਦੀਵਾਨ ਸਿੰਘ ਨੂੰ ਮਿਸਟਰ ਐਸਰ ਦੀ ਕੋਠੀ ਇਕ ਵਾਰ ਵੇਖਿਆ ਸੀ। ਭੂਪਾਲ ਵਾਲਿਆਂ ਦੀ ਏਸ ਦਰਖਾਸਤ ਦਾ ਵੀ ਉਹੀ ਹਾਲ ਹੋਇਆ ਜਿਸ ਦੇ ਕਿ ਉਹ ਯੋਗ ਸੀ ਭਾਵ ਖ਼ਾਰਜ ਹੋ ਗਈ। ਅਤੇ ਮੁਕੱਦਮਾ ਮਿਸਟਰ ਐਸਰ ਦੀ ਅਦਾਲਤ ਵਿਚ ਹੀ ਰਿਹਾ। ਨਵਾਬ ਭੂਪਾਲ ਵਲੋਂ ਚੁਤਾਲੀ ਗਵਾਹ ਪੇਸ਼ ਹੋਏ ਜਿਨ੍ਹਾਂ ਵਿਚੋਂ ਕਈ ਦਫ਼ਤਰ "ਰਿਆਸਤ" ਦੇ ਕਢੇ ਹੋਏ ਜਾਂ ਖ਼ਰੀਦੇ ਹੋਏ ਗ਼ਦਾਰ ਨੌਕਰ ਹੀ ਸਨ।

ਇਹ ਮੁਕੱਦਮਾ ਕਈਆਂ ਗੱਲਾਂ ਤੋਂ ਬੜਾ ਮਜ਼ੇਦਾਰ ਹੈ। ਨਵਾਬ ਭੂਪਾਲ ਵਲੋਂ ਇਕ ਪ੍ਰਮਾਣ ਪੱਤਰ ਪੇਸ਼ ਕੀਤਾ ਗਿਆ ਜਿਹੜਾ ਕਿ ਜਾਅਲੀ ਸੀ ਅਤੇ ਸਾਡੀ ਸੂਚਨਾ ਅਨੁਸਾਰ ਇਹ ਬਣਾਉਟ ਚਾਂਦਨੀ ਚੌਂਕ ਦੇ ਇਕ ਕਮਰੇ ਵਿਚ ਨਵਾਬ ਭੂਪਾਲ ਦੇ ਪ੍ਰਤੀਨਿਧਾਂ ਦੀ ਵੇਖ ਭਾਲ ਵਿਚ ਬਦਾਯੂੰ ਦੇ ਇਕ ਜਾਅਲਸਾਜ਼ ਨੇ ਤਿਆਰ ਕੀਤੀ। ਇਹ ਪ੍ਰਮਾਣ ਪੱਤਰ ਪ੍ਰਗਟ ਕਰਦਾ ਸੀ ਕਿ ਦੀਵਾਨ ਸਿੰਘ ਨੇ ਨਵਾਬ ਭੂਪਾਲ ਵਿਰੁਧ ਇਕ ਪੈਂਫਲਟ ਲਿਖਵਾਇਆ ਭਾਵ ਦੀਵਾਨ ਸਿੰਘ ਦਾ ਇਸ ਵਿਚ ਹਥ ਹੈ। ਭੂਪਾਲ ਦੇ ਪ੍ਰਤੀਨਿਧ ਇਸ ਪ੍ਰਮਾਣ ਪੱਤਰ ਨੂੰ ਲੈ ਕੇ ਕਈ ਹਥ ਲਿਖਤ ਐਕਸਪਰਟਾਂ ਕੋਲ ਗਏ। ਜੇਕਰ ਭੁਪਾਲ ਵਾਲੇ ਆਪਣੀ ਪੁਜ਼ੀਸ਼ਨ ਨੂੰ ਬਿਨਾਂ ਦਸਿਆਂ ਨਿਰਪਖ ਰਾਏ ਲੈਂਦੇ ਤਾਂ ਤੇ ਹਥ ਲਿਖਤ ਐਕਸਪਰਟ ਉਹਨਾਂ ਨੂੰ ਦਸਦੇ ਕਿ ਇਹ ਬਣਾਉਟੀ ਹੈ। ਇਹ ਲੋਕ ਜਿਥੇ ਵੀ ਗਏ ਇਹਨਾਂ ਨੇ ਆਪਣੀ ਮੂਰਖਤਾ ਦਾ ਪ੍ਰਮਾਣ ਦਿੰਦਿਆਂ ਦਸਿਆ ਕਿ ਉਹ ਨਵਾਬ ਭੂਪਾਲ ਦੇ ਪ੍ਰਤੀਨਿਧ ਹਨ। ਸਿੱਟਾ ਇਹ ਕਿ ਸਭ ਨੇ ਆਪਣੀ ਗਵਾਹੀ ਦੇ ਲੋਭ ਵਿਚ ਇਹੋ ਹੀ ਆਖਿਆ ਕਿ ਇਹ ਦੀਵਾਨ ਸਿੰਘ ਦੀ ਲਿਖਤ ਸਾਬਤ ਹੋ ਸਕਦੀ ਹੈ। ਇਸ ਪਰਕਾਰ ਇਕ ਐਕਸਪਰਟ ਨੇ ਨਿੱਜੀ ਤੌਰ ਤੇ ਸਾਨੂੰ ਦਸਿਆ ਕਿ ਭੂਪਾਲ ਦੇ ਪ੍ਰਤੀਨਿਧ ਜਦ ਉਸ ਕੋਲ ਗਏ ਅਤੇ ਪ੍ਰਮਾਣ ਪੱਤਰ ਵੇਖਿਆ ਤਾਂ ਪਤਾ ਲਗਾ ਕਿ ਉਹ ਘਟੀਆ ਪਰਕਾਰ ਦੀ ਫੋਰਜਰੀ ਭਾਵ ਜਾਅਲਸਾਜ਼ੀ ਹੈ ਅਤੇ ਹਰ ਆਦਮੀ ਸਹਿਜੇ ਹੀ ਇਸ ਜਾਅਲਸਾਜ਼ੀ ਦੀਆਂ ਘਾਟਾਂ ਨੂੰ ਪ੍ਰਤੀਤ ਕਰ ਸਕਦਾ ਹੈ, ਪਰ ਉਹਨੇ ਇਸ ਵਿਚਾਰ ਨਾਲ ਕਿ ਇਹ ਵਡੀ ਮੁਰਗ਼ੀ ਹੈ ਹਥੋਂ ਨਾ ਨਿਕਲ ਜਾਏ,

ਉਹਨਾਂ ਨੂੰ ਆਖਿਆ ਕਿ ਬਹੁਤ ਚੰਗਾ ਪ੍ਰਮਾਣ ਪੱਤਰ ਹੈ ਅਤੇ ਇਹ ਸਾਬਤ ਕੀਤਾ ਜਾ ਸਕਦਾ ਹੈ ਕਿ ਇਹ ਦੀਵਾਨ ਸਿੰਘ ਦੇ ਹਥ ਦਾ ਲਿਖਿਆ ਹੋਇਆ ਹੈ। ਇਸ ਪਰਕਾਰ ਇਕ ਇਕ ਹਥ ਲਿਖਤ ਐਕਸਪਰਟ ਨੇ ਪੰਜ ਪੰਜ ਦਸ ਦਸ ਹਜ਼ਾਰ ਰੁਪਿਆ ਫ਼ੀਸ ਅਤੇ ਗਵਾਹੀ ਦੇ ਖ਼ਰਚੇ ਦਾ ਭੂਪਾਲ ਦੇ ਖ਼ਜ਼ਾਨੇ ਤੋਂ ਪ੍ਰਾਪਤ ਕੀਤਾ। ਪਰੰਤੂ ਅਖ਼ੀਰ ਇਹਨਾਂ ਹਥ ਲਿਖਤ ਐਕਸਪਰਟਾਂ ਦੇ ਵਿਰੁਧ ਵੀ ਬੜੇ ਕਰੜੇ ਸ਼ਬਦਾਂ ਨਾਲ ਰੀਮਾਰਕ ਪਾਸ ਕੀਤੇ ਅਤੇ ਉਹਨਾਂ ਦੀ ਗਵਾਹੀ ਨੂੰ ਮੰਨਣ ਦੇ ਅਯੋਗ ਠਹਿਰਾਇਆ। ਭੂਪਾਲ ਦੇ ਇਹ ਆਦਮੀ ਇਸ ਪ੍ਰਮਾਣ ਪੱਤਰ ਨੂੰ ਅਦਾਲਤ ਵਿਚ ਪੇਸ਼ ਕਰਨ ਦੀ ਮੂਰਖਤਾ ਤਾਂ ਕਰ ਬੈਠੇ, ਪਰ ਇਹ ਉਹਨਾਂ ਲਈ ਅਸਹਿ ਮੁਸੀਬਤਾਂ ਦਾ ਕਾਰਨ ਹੋਈ।

ਭੂਪਾਲ ਵਾਲਿਆਂ ਨੇ ਦਫ਼ਤਰ "ਰਿਆਸਤ" ਦੇ ਕਈ ਆਦਮੀ ਖ਼ਰੀਦ ਕੇ ਉਹਨਾਂ ਨੂੰ ਗ਼ਦਾਰ ਤੇ ਲੂਣ ਹਰਾਮੀ ਬਣਾਇਆ। ਉਹ ਇਹਨਾਂ ਆਦਮੀਆਂ ਤੋਂ ਮੇਰੇ ਬਾਰੇ ਖ਼ਬਰਾਂ ਲੈਂਦੇ ਅਤੇ ਉਹਨਾਂ ਨੂੰ ਗਵਾਹਾਂ ਦੇ ਤੌਰ ਤੇ ਪੇਸ਼ ਕਰਦੇ। ਮੈਂ ਇਹਨਾਂ ਆਦਮੀਆਂ ਦੇ ਹਾਲਾਂ ਤੋਂ ਜਾਣੂ ਹੋਣ ਲਈ ਖਵਾਜਾ ਮੁਹੰਮਦ ਅਕਰਮ ਇਨਸਪੈਕਟਰ ਜਨਰਲ ਪੁਲੀਸ ਜਿਹੜੇ ਇਹਨਾਂ ਮੁਕੱਦਮਿਆਂ ਦੇ ਇਨਚਾਰਜ ਸਨ ਦੇ ਦਫ਼ਤਰ ਦੇ ਇਕ ਮਾਤਹਿਤ ਨੂੰ ਜਿਸ ਦਾ ਇਹਨਾਂ ਮੁਕੱਦਮਿਆਂ ਨਾਲ ਸੰਬੰਧ ਸੀ, ਲਗ ਪਗ ਇਕ ਸੌ ਰੁਪਿਆ ਮਹੀਨਾ ਦਿਆ ਕਰਦਾ ਸਾਂ। ਉਹ ਆਦਮੀ ਮੈਨੂੰ ਦਿੱਲੀ ਅਤੇ ਭੂਪਾਲ ਦੀਆਂ ਹਰ ਦੂਜੇ ਤੀਜੇ ਦਿਨ ਸਾਰੀਆਂ ਸੂਚਨਾਵਾਂ ਦਿੰਦਾ। ਇਸ ਤੋਂ ਮੈਨੂੰ ਪਤਾ ਲਗਦਾ ਰਹਿੰਦਾ ਕਿ ਮੇਰੇ ਦਫ਼ਤਰ ਦਾ ਕਿਹੜਾ ਕਿਹੜਾ ਆਦਮੀ ਵਿਕ ਗਿਆ ਹੈ। ਮੇਰਾ ਕਿਹੜਾ ਕਿਹੜਾ ਮਿੱਤਰ ਖਵਾਜਾ ਮੁਹੰਮਦ ਅਕਰਮ ਨੂੰ ਮਿਲਿਆ ਅਤੇ ਉਸ ਨੇ ਆਪਣੀਆਂ ਸੇਵਾਆਂ ਸਨਮੁਖ ਰਖੀਆਂ ਅਤੇ ਕਿਹੜੇ ਕਿਹੜੇ ਆਦਮੀ ਰੁਪਏ ਦੇ ਲੋਭ ਪਿਛੇ ਮਿੱਤਰ ਹੁੰਦਿਆਂ ਹੋਇਆਂ ਵੀ ਸ਼ਤਰੂ ਬਣਨ ਨੂੰ ਤਿਆਰ ਸਨ। ਇਸ ਤਰ੍ਹਾਂ ਪੰਜਾਬ ਦੇ ਇਕ ਲੰਗੜੇ ਜਰਨਲਿਸਟ ਲਾਹੌਰ ਤੋਂ ਆਏ। ਮੇਰੇ ਕੋਲ ਠਹਿਰੇ ਹੋਏ ਸਨ ਅਤੇ ਮੈਥੋਂ ਚੋਰੀ ਖਵਾਜਾ ਮੁਹੰਮਦ ਅਕਰਮ ਨੂੰ ਮਿਲੇ ਤੇ ਆਖਿਆ ਕਿ ਦੀਵਾਨ ਸਿੰਘ ਦੇ ਮੁਕਾਬਲੇ ਤੇ ਹਰ ਸੇਵਾ ਕਰਨ ਲਈ ਤਿਆਰ ਹਨ। ਏਥੋਂ ਤਕ ਕਿ ਗਵਾਹੀ ਵੀ ਦੇਣਗੇ। ਭੂਪਾਲ ਵਾਲਿਆਂ ਦੇ ਕੈਂਪ ਦਾ ਮੇਰਾ ਉਹ ਸੂਹੀਆ ਸਾਰਿਆਂ ਕੰਮਾਂ ਤੋਂ ਵਿਹਲਾ ਹੋ ਕੇ ਰਾਤ ਨੂੰ ਯਾਰਾਂ ਵਜੇ ਸਬਜ਼ੀ ਮੰਡੀ ਦੇ ਬਰਫ਼ ਖ਼ਾਨੇ ਕੋਲ ਪਹੁੰਚ ਜਾਂਦਾ। ਮੈਂ ਆਪਣੇ ਘਰੋਂ ਮੋਟਰ 'ਚ ਉਥੇ ਜਾਂਦਾ। ਬਰਫ਼ ਖ਼ਾਨੇ ਕੋਲ ਪਹਾੜੀ ਤੇ ਅਸੀਂ ਘੰਟਾ ਅੱਧਾ ਘੰਟਾ ਬੈਠਦੇ ਅਤੇ ਉਹ ਮੈਨੂੰ ਦਿਨ ਭਰ ਦੀਆਂ ਸਾਰੀਆਂ ਸੂਚਨਾਵਾਂ ਤੋਂ ਜਾਣੂ ਕਰਵਾਂਦਾ। ਗਵਾਹਾਂ ਦੇ ਬਿਆਨ ਜਿਹੜੇ ਅਗਲੀ



Digitized by Panjab Digital Library | www.panjabdigilib.org

ਭਲਕ ਹੋਣੇ ਹੁੰਦੇ ਉਹਨਾਂ ਦੀ ਇਕ ਕਾਰਬਨ ਕਾਪੀ ਦਿੰਦਾ ਅਤੇ ਬਾਰਾਂ ਵਜੇ ਮੁੜ ਵਾਪਸ ਚਲਿਆ ਜਾਂਦਾ। ਇਸ ਆਦਮੀ ਨੇ ਹੀ ਮੈਨੂੰ ਇਕ ਦਿਨ ਦਸਿਆ ਕਿ ਅਮਕਾ ਜਰਨਲਿਸਟ ਜਿਸ ਦੀ ਟੰਗ ਟੁੱਟੀ ਹੋਈ ਹੈ ਅਤੇ ਲੱਕੜੀ ਦੇ ਸਹਾਰੇ ਤੁਰਦਾ ਹੈ। ਕਾਰੋਨੇਸ਼ਨ ਹੋਟਲ ਵਿਚ ਇਨਸਪੈਕਟਰ ਜਨਰਲ ਪੁਲੀਸ ਭੂਪਾਲ ਨੂੰ ਮਿਲਣ ਲਈ ਆਇਆ ਸੀ ਅਤੇ ਉਹਨੇ ਆਪਣੀਆਂ ਸੇਵਾਆਂ ਪੇਸ਼ ਕੀਤੀਆਂ ਹਨ, ਪਰ ਕਿਉਂਕਿ ਉਨ੍ਹਾਂ ਕੋਲ ਕੋਈ ਖ਼ਾਸ ਭੇਤ ਨਹੀਂ ਸੀ ਅਤੇ ਲਾਭਦਾਇਕ ਸਿਧ ਨਹੀਂ ਹੋ ਸਕਦੇ ਸਨ ਇਸ ਲਈ ਉਹਨਾਂ ਨੂੰ ਖ਼ਰੀਦਿਆ ਨਹੀਂ ਗਿਆ ਅਤੇ ਵਾਪਸ ਕਰ ਦਿਤਾ ਗਿਆ ਹੈ। ਇਸ ਤਰ੍ਹਾਂ ਅਗਲੇ ਦਿਨ ਉਹਨਾਂ ਲੰਗੜੇ ਜਰਨਲਿਸਟ ਸਾਹਿਬ – ਜਿਹੜੇ ਮੇਰੇ ਮਕਾਨ ਤੇ ਹੀ ਬਤੌਰ ਮਹਿਮਾਨ ਠਹਿਰੇ ਹੋਏ ਸਨ – ਨੂੰ ਬੇਨਤੀ ਕੀਤੀ ਗਈ ਕਿ ਤੁਸੀਂ ਏਥੋਂ ਚਲੇ ਜਾਓ। ਉਹਨਾਂ ਪੁਛਿਆ ਕਿ ਕੀ ਗਲ ਹੈ ਜੋ ਏਦਾਂ ਦਾ ਵਰਤਾਉ ਕਰਨ ਲੱਗ ਪਏ ਓ। ਤਾਂ ਉਹਨਾਂ ਨੂੰ ਆਖਿਆ ਗਿਆ ਕਿ ਨਹੀਂ ਗਲ ਤਾਂ ਕੋਈ ਨਹੀਂ, ਪਰ ਮੈਨੂੰ ਡਰ ਲਗਦਾ ਹੈ ਕਿ ਤੁਸੀਂ ਕੋਈ ਗ਼ਦਾਰੀ ਨਾ ਕਰ ਬਹੋ। ਏਸ ਲੰਗੜੇ ਜਰਨਲਿਸਟ ਦੀ ਤਰ੍ਹਾਂ ਲਾਹੌਰ ਦੇ ਕਈ ਹੋਰ ਅਖ਼ਬਾਰ ਨਵੀਸ ਵੀ ਭੂਪਾਲ ਵਾਲਿਆਂ ਕੋਲ ਪਹੁੰਚੇ ਅਤੇ ਸੇਵਾਆਂ ਪੇਸ਼ ਕੀਤੀਆਂ, ਪਰ ਉਹਨਾਂ ਦੀਆਂ ਸੇਵਾਆਂ ਪਰਵਾਨ ਨਾ ਕੀਤੀਆਂ ਗਈਆਂ ਕਿਉਂਕਿ ਉਹਨਾਂ ਕੋਲ ਦੀਵਾਨ ਸਿੰਘ ਨੂੰ ਹਰਜ ਪਹੁੰਚਾਣ ਲਈ ਕੋਈ ਮਸਾਲਾ ਨਹੀਂ ਸੀ।

ਭੂਪਾਲ ਦੇ ਉਸ ਆਦਮੀ ਨੇ ਹੀ ਮੈਨੂੰ ਖ਼ਬਰ ਦਿਤੀ ਕਿ ਭੂਪਾਲ ਵਾਲੇ ਜਤਨ ਕਰ ਰਹੇ ਹਨ ਕਿ ਸਰਕਾਰ ਹਿੰਦ ਦਾ ਹਥ-ਲਿਖਤ ਐਕਸਪਰਟ ਵੀ ਪ੍ਰਮਾਣ-ਪੱਤਰ ਬਾਰੇ ਇਹ ਫਤਵਾ ਦੇਵੇ ਕਿ ਇਹ ਬਣਾਉਟ ਨਹੀਂ ਅਤੇ ਦੀਵਾਨ ਸਿੰਘ ਦੇ ਹਥ ਦਾ ਲਿਖਿਆ ਹੋਇਆ ਹੈ ਅਤੇ ਇਹ ਪ੍ਰਮਾਣ-ਪੱਤਰ ਪੁਲੀਟੀਕਲ ਏਜੰਟ ਭੂਪਾਲ ਰਾਹੀਂ ਸਰਕਾਰ ਹਿੰਦ ਦੇ ਹਥ ਲਿਖਤ ਐਕਸਪਰਟ ਨੂੰ ਭੇਜਿਆ ਜਾਵੇਗਾ ਤਾਕਿ ਸਿਧਾ ਭੇਜਣ ਦੀ ਹਾਲਤ ਵਿਚ ਪਖਪਾਤ ਦਾ ਸੰਦੇਹ ਨਾ ਹੋਏ। ਇਸ ਸੂਚਨਾ ਤੋਂ ਮੈਂ ਬੜਾ ਚਿੰਤਾਵਾਨ ਸਾਂ ਕਿ ਜੇਕਰ ਸਰਕਾਰ ਹਿੰਦ ਦੇ ਐਕਸਪਰਟ ਨੇ ਇਹ ਕਹਿ ਦਿਤਾ ਕਿ ਇਹ ਬਣਾਉਟੀ ਨਹੀਂ, ਦੀਵਾਨ ਸਿੰਘ ਦੇ ਹਥ ਦੀ ਲਿਖੀ ਹੋਈ ਲਿਖਤ ਹੈ ਤਾਂ ਇਸ ਦਾ ਸਿੱਟਾ ਸਾਡੇ ਲਈ ਬੜਾ ਹਾਨੀਕਾਰਕ ਹੋਵੇਗਾ ਅਤੇ ਅਦਾਲਤ ਨੂੰ ਵੀ ਮੰਨਣਾ ਪਏਗਾ ਕਿ ਇਹ ਪ੍ਰਮਾਣ-ਪੱਤਰ ਦੀਵਾਨ ਸਿੰਘ ਦਾ ਹੀ ਲਿਖਿਆ ਹੋਇਆ ਹੈ ਅਤੇ ਉਹ ਅਪਰਾਧੀ ਹੈ। ਮੈਂ ਕਈ ਦਿਨ ਸੋਚਦਾ ਰਿਹਾ ਕਿ ਇਸ ਔਕੜ ਨੂੰ ਕਿਵੇਂ ਸੋਧਿਆ ਜਾਏ। ਆਖ਼ਰ ਇਕ ਰਾਤ ਨੂੰ ਫੁਰਨਾ ਫੁਰਿਆ ਕਿ ਇਸ ਸਰਕਾਰੀ ਹਥ ਲਿਖਤ ਐਕਸਪਰਟ ਮਹਿਕਮੇ



Digitized by Panjab Digital Library | www.panjabdigilib.org

ਦੇ ਵਡੇ ਅਫ਼ਸਰ ਨੂੰ ਮਿਲਣਾ ਚਾਹੀਦਾ ਹੈ ਤਾਕਿ ਇਸ ਮਾਮਲੇ 'ਚ ਕੋਈ ਬੇਈਮਾਨੀ ਨਾ ਹੋਵੇ। ਇਸ ਮਹਿਕਮੇ ਦੇ ਸਭ ਤੋਂ ਵਡੇ ਅਧਿਕਾਰੀ ਸਰ ਡੇਵਿਡ ਪੈਟਰੀ ਸਨ। ਸਰ ਡੇਵਿਡ ਪੈਟਰੀ ਇਕ ਅਸਾਧਾਰਨ ਕਾਬਲੀਅਤ ਦੇ ਅਫ਼ਸਰ ਸਨ। ਹਦੋਂ ਪਰੇ ਦਿਆਨਤਦਾਰ ਬਹੁਤ ਨੇਕ ਅਤੇ ਨਿਆਂਕਾਰੀ ਸਨ। ਇਸ ਤਰ੍ਹਾਂ ਆਪਣੀਆਂ ਇਹਨਾਂ ਸਿਫ਼ਤਾਂ ਦੇ ਕਾਰਨ ਹੀ ਆਪ ਮਗਰੋਂ ਫ਼ੈਡਰਲ ਪਬਲਿਕ ਸਰਵਿਸ ਕਮਿਸ਼ਨ ਦੇ ਪ੍ਰੈਜ਼ੀਡੈਂਟ ਬਣ ਗਏ – ਇਹ ਫ਼ੈਡਰਲ ਪਬਲਿਕ ਸਰਵਿਸ ਕਮਿਸ਼ਨ ਵਡੇ ਵਡੇ ਅਹੁਦੇ ਜਿਹਾ ਕਿ ਆਲ ਇੰਡੀਆ ਸਰਵਿਸ ਲਈ ਉਮੀਦਵਾਰਾਂ ਨੂੰ ਚੁਣਦਾ ਹੈ – ਮੈਂ ਦਿਨ ਦੇ ਦਸ ਵਜੇ ਪਿਛੋਂ ਸਰ ਡੇਵਿਡ ਪੈਟਰੀ ਨੂੰ ਟੈਲੀਫ਼ੂਨ ਕੀਤਾ ਕਿ ਮੈਂ ਮਿਲਣਾ ਚਾਹੁੰਦਾ ਹਾਂ। ਉਹਨਾਂ ਉੱਤਰ ਦਿਤਾ ਕਿ ਲੰਚ ਪਿਛੋਂ ਉਹਨਾਂ ਦੇ ਦਫ਼ਤਰ ਵਿਚ ਦੋ ਵਜੇ ਮਿਲਾਂ। ਮੈਂ ਕਿਹਾ ਕਿ ਮੈਂ ਤੁਹਾਡੇ ਘਰ ਮਿਲਣਾ ਚਾਹੁੰਦਾ ਹਾਂ ਕਿਉਂਕਿ ਤੁਹਾਡੇ ਦਫ਼ਤਰ ਵਿਰੁਧ ਸ਼ਕਾਇਤ ਹੈ। ਸਰ ਡੇਵਿਡ ਹੈਰਾਨ ਹੋਏ ਕਿ ਇਹ ਕੀ ਆਖ ਰਿਹਾ ਹੈ। ਉਹਨਾਂ ਦੇ ਦਫ਼ਤਰ ਵਿਰੁਧ ਸ਼ਕਾਇਤ ! ਜਿਥੇ ਕਿ ਇਕ ਇਕ ਹਜ਼ਾਰ ਰੁਪਏ ਮਹੀਨੇ ਤੋਂ ਵਧ ਤਨਖ਼ਾਹ ਲੈਣ ਵਾਲੇ ਇਕ ਦਰਜਨ ਤੋਂ ਵਧੇਰੇ ਆਦਮੀ ਹਨ। ਮੈਂ ਕਿਹਾ ਕਿ ਇਹ ਸੱਚ ਹੈ ਕਿ ਤੁਹਾਡੇ ਦਫ਼ਤਰ ਵਿਰੁਧ ਸ਼ਕਾਇਤ ਹੈ। ਤਾਂ ਉਹਨਾਂ ਨੇ ਸ਼ਾਮ ਨੂੰ ਸਤ ਵਜੇ ਆਪਣੀ ਕੋਠੀ ਆਉਣ ਲਈ ਆਖਿਆ ਜਿਹੜੀ ਕਿ ਅਕਬਰ ਰੋਡ ਤੇ ਨਵੀਂ ਦਿੱਲੀ ਵਿਚ ਸੀ। ਮੈਂ ਸਤ ਵਜੇ ਉਥੇ ਪਹੁੰਚ ਗਿਆ। ਸਰ ਡੇਵਿਡ ਦੀ ਕੋਠੀ ਦੇ ਬਾਹਰ ਸੜਕ ਤੇ ਦੋ ਆਦਮੀ ਵਰਦੀ ਵਿਚ ਅਤੇ ਦੋ ਆਦਮੀ ਚਿਟੇ ਕਪੜਿਆਂ 'ਚ ਪਹਿਰਾ ਦੇ ਰਹੇ ਸਨ ਅਤੇ ਚਹੁੰਆਂ ਕੋਲ ਸਾਈਕਲ ਤੇ ਪਸਤੌਲ ਸਨ। ਮੈਂ ਉਹਨਾਂ ਨੂੰ ਆਖਿਆ ਕਿ ਮੈਂ ਸਾਹਿਬ ਨੂੰ ਮਿਲਣ ਲਈ ਆਇਆ ਹਾਂ। ਉਹਨਾਂ ਨੇ ਉੱਤਰ ਦਿਤਾ ਕਿ ਕਿਸੇ ਨੂੰ ਕੋਠੀ ਅੰਦਰ ਜਾਣ ਦੀ ਆਗਿਆ ਨਹੀਂ। ਮੈਂ ਕਿਹਾ ਕਿ ਬਹਿਰੇ ਨੂੰ ਬੁਲਾ ਦਿਉ ਜੋ ਕਿ ਸਾਹਿਬ ਕੋਲ ਮੇਰਾ ਪਛਾਣ-ਪੱਤਰ ਲੈ ਜਾਏ। ਉਹਨਾਂ 'ਚੋਂ ਇਕ ਜਣਾ ਕੋਠੀ ਅੰਦਰ ਗਿਆ। ਬਹਿਰੇ ਨੂੰ ਸੱਦ ਲਿਆਇਆ। ਉਹ ਮੇਰਾ ਕਾਰਡ ਲੈ ਗਿਆ। ਸਰ ਡੇਵਿਡ ਨੇ ਕੋਠੀ ਅੰਦਰ ਲੈ ਆਉਣ ਲਈ ਕਿਹਾ ਤੇ ਮੈਂ ਗਿਆ ਅਤੇ ਉਹਨਾਂ ਨਾਲ ਗਲ ਬਾਤ ਸ਼ੁਰੂ ਹੋਈ। ਮੈਂ ਕਿਹਾ ਕਿ ਭੂਪਾਲ ਵਾਲਿਆਂ ਨੇ ਜਾਅਲਸਾਜ਼ੀ ਕੀਤੀ ਹੈ ਅਤੇ ਉਸ ਜਾਅਲੀ ਪ੍ਰਮਾਣ ਪੱਤਰਾਂ ਦੇ ਆਧਾਰ ਤੇ ਉਹ ਮੈਨੂੰ ਫਸਾਉਣਾ ਚਾਹੁੰਦੇ ਹਨ ਅਤੇ ਇਸ ਯਤਨ ਵਿਚ ਹਨ ਕਿ ਤੁਹਾਡੇ ਅਧੀਨ ਜਿਹੜੇ ਸਰਕਾਰ ਹਿੰਦ ਦੇ ਹਥ ਲਿਖਤ ਐਕਸਪਰਟ ਹਨ ਉਹ ਵੀ ਇਹ ਫ਼ਤਵਾ ਦੇ ਦੇਣ ਕਿ ਇਹ ਜਾਅਲੀ ਪ੍ਰਮਾਣ ਪੱਤਰ ਅਸਲੀ ਅਤੇ ਦੀਵਾਨ ਸਿੰਘ ਦੇ ਹਥ ਦੇ



Digitized by Panjab Digital Library | www.panjabdigilib.org

ਲਿਖੇ ਹੋਏ ਹਨ । ਮੇਰੇ ਇਸ ਦੂਸ਼ਨ ਤੇ ਸਰ ਡੇਵਿਡ ਹੈਰਾਨ ਹੋਏ ਅਤੇ ਉਹਨਾਂ ਨੇ ਆਖਿਆ ਕਿ ਇਹ ਸੰਭਵ ਨਹੀਂ ਕਿ ਉਹਨਾਂ ਦੇ ਦਫ਼ਤਰ ਦਾ ਕੋਈ ਆਦਮੀ ਰਿਸ਼ਵਤ ਲਵੇ ਜਾਂ ਬੇਈਮਾਨ ਹੋਵੇ । ਮੈਂ ਕਿਹਾ ਮੈਂ ਤਾਂ ਦੁਨੀਆਂ ਵਿਚ ਬਹੁਤ ਘਟ ਆਦਮੀਆਂ ਨੂੰ ਈਮਾਨਦਾਰ ਸਮਝਦਾ ਹਾਂ । ਹਰ ਆਦਮੀ ਦਾ ਮੁਲ ਹੁੰਦਾ ਹੈ । ਤੁਸੀਂ ਤਿੰਨ ਹਜ਼ਾਰ ਰੁਪਏ ਮਹੀਨਾ ਤਨਖ਼ਾਹ ਲੈਂਦੇ ਹੋ ਜੇਕਰ ਤੁਹਾਨੂੰ ਤਿੰਨ ਲੱਖ ਰੁਪਿਆ ਦਿਤਾ ਜਾਏ ਤਾਂ ਹੋ ਸਕਦੈ ਤੁਸੀਂ ਵੀ ਬਦ-ਦਿਆਨਤ ਹੋ ਜਾਓ । ਵਾਇਸਰਾਏ ਬਾਈ ਹਜ਼ਾਰ ਰੁਪਿਆ ਮਹੀਨਾ ਤਨਖ਼ਾਹ ਲੈਂਦਾ ਹੈ, ਵਾਇਸਰਾਏ ਨੂੰ ਇਕ ਕਰੋੜ ਰਿਸ਼ਵਤ ਦਿਤੀ ਜਾਏ ਤਾਂ ਸ਼ਾਇਦ ਵਾਇਸਰਾਏ ਵੀ ਦਿਆਨਤਦਾਰੀ ਨੂੰ ਤਿਆਗ ਦੇਵੇ । ਇਸ ਤਰ੍ਹਾਂ ਇਹ ਸੌ ਦੋ ਸੌ ਰੁਪਏ ਦਾ ਪ੍ਰਸ਼ਨ ਨਹੀਂ ਨਵਾਬ ਭੂਪਾਲ ਦੇ ਖ਼ਜ਼ਾਨੇ ਦੇ ਹਜ਼ਾਰਾਂ ਰੁਪਿਆਂ ਦਾ ਪ੍ਰਸ਼ਨ ਹੈ । ਮੈਂ ਦੂਸ਼ਨ ਨਹੀਂ ਲਾਉਂਦਾ ਤੁਹਾਨੂੰ ਕੇਵਲ ਚੌਕਸੀ ਦੀ ਖ਼ਾਤਰ ਆਖ ਰਿਹਾ ਹਾਂ ਕਿ ਤੁਹਾਡੇ ਦਫ਼ਤਰ ਵਿਚ ਝੂਠ ਨੂੰ ਸਚ ਅਤੇ ਸਚ ਨੂੰ ਝੂਠ ਨਾ ਬਣਾ ਦਿਤਾ ਜਾਏ ਕਿਉਂਕਿ ਇਸ ਮੁਕੱਦਮੇ ਵਿਚ ਨਵਾਬ ਭੂਪਾਲ ਦੀ ਅਣਖ ਦਾ ਪ੍ਰਸ਼ਨ ਹੈ ਅਜਿਹਾ ਨਾ ਹੋਵੇ ਕਿ ਕੋਈ ਆਦਮੀ ਦਸ ਵੀਹ ਜਾਂ ਪੰਜਾਹ ਹਜ਼ਾਰ ਰੁਪਿਆ ਲੈ ਕੇ ਇਸ ਨਕਲੀ ਪ੍ਰਮਾਣ-ਪੱਤਰ ਨੂੰ ਅਸਲੀ ਮੇਰੇ ਹਥ ਦਾ ਲਿਖਿਆ ਹੋਇਆ ਕਹਿ ਦੇਵੇ । ਸਰ ਡੇਵਿਡ ਨੇ ਕਿਹਾ ਕਿ ਜੇਕਰ ਇਹ ਪ੍ਰਮਾਣ-ਪੱਤਰ ਅਸਲੀ ਹੋਇਆ ਤਾਂ ਮੇਰੇ ਦਫ਼ਤਰ ਵਲੋਂ ਉਸ ਦੇ ਅਸਲੀ ਹੋਣ ਦਾ ਫ਼ਤਵਾ ਦਿਤਾ ਜਾਏਗਾ । ਮੈਂ ਕਿਹਾ ਮੈਂ ਵੰਗਾਰਦਾ ਹਾਂ ਕਿ ਤੁਸੀਂ ਉਸ ਪ੍ਰਮਾਣ ਪੱਤਰ ਬਾਰੇ ਉਹੀ ਫ਼ੈਸਲਾ ਦਿਓ ਜੋ ਕਿ ਉਹ ਅਸਲ ਵਿਚ ਹੈ ਅਤੇ ਇਹ ਪ੍ਰਬੰਧ ਕਰ ਦਿਤਾ ਜਾਏ ਕਿ ਨਾ ਨਵਾਬ ਭੂਪਾਲ ਦਾ ਹੀ ਪ੍ਰਭਾਵ ਵਰਤਿਆ ਜਾਏ ਅਤੇ ਨਾ ਮੇਰੀ ਹੀ ਕੋਈ ਰਈ ਕੀਤੀ ਜਾਏ । ਸਰ ਡੇਵਿਡ ਨੇ ਇਸ ਨੂੰ ਪ੍ਰਵਾਨ ਕਰ ਲਿਆ ।

ਸਰ ਡੇਵਿਡ ਪੈਟਰੀ ਨੇ ਅਗਲੇ ਦਿਨ ਆਪਣੇ ਦਫ਼ਤਰ ਵਿਚ ਹੁਕਮ ਦਿਤਾ ਕਿ ਜੇਕਰ ਕੋਈ ਪ੍ਰਮਾਣ ਪੱਤਰ ਹਥ ਲਿਖਤ ਬਾਰੇ ਉਹਨਾਂ ਦੇ ਦਫ਼ਤਰ ਵਿਚ ਭੂਪਾਲ ਤੋਂ ਆਏ ਤਾਂ ਉਸ ਲਫ਼ਾਫ਼ੇ ਨੂੰ ਕੋਈ ਨਾ ਖੋਹਲੇ ਅਤੇ ਬੰਦ ਦਾ ਬੰਦ ਉਹਨਾਂ ਨੂੰ ਦਿਤਾ ਜਾਏ ।

ਬਦੇਸ-ਮੰਤ੍ਰੀ ਭੂਪਾਲ ਨੇ ਪ੍ਰਮਾਣ ਪੱਤਰ ਪੁਲੀਟੀਕਲ ਏਜੰਟ ਭੂਪਾਲ ਨੂੰ ਭੇਜਿਆ । ਪੁਲੀਟੀਕਲ ਏਜੰਟ ਨੇ ਸਕੱਤਰ ਪੁਲੀਟੀਕਲ ਡੀਪਾਰਟਮੈਂਟ ਨੂੰ ਅਤੇ ਪੁਲੀਟੀਕਲ ਸਕੱਤ੍ਰ ਨੇ ਸਰ ਡੇਵਿਡ ਦੇ ਦਫ਼ਤਰ ਵਿਚ ਸਰਕਾਰ ਹਿੰਦ ਦੇ ਹਥ ਲਿਖਤ ਐਕਸਪਰਟ ਨੂੰ ਭੇਜਿਆ ਕਿ ਇਹ ਲਿਖਤ ਪਤਾ ਕੀਤਾ ਜਾਏ ਅਸਲੀ ਹੈ ਜਾਂ ਕਿ ਬਣਾਉਟੀ । ਜਦ ਇਹ ਲਿਖਤ ਸਰ ਡੇਵਿਡ ਦੇ ਦਫ਼ਤਰ ਵਿਚ ਪੁਜੀ ਤਾਂ ਬੰਦ



Digitized by Panjab Digital Library | www.panjabdigilib.org

ਲਫ਼ਾਫ਼ਾ ਸਰ ਡੇਵਿਡ ਦੇ ਸਾਹਮਣੇ ਪੇਸ਼ ਕੀਤਾ ਗਿਆ । ਉਹ ਇਹ ਲਫ਼ਾਫ਼ਾ ਲੈ ਕੇ ਆਪ ਖ਼ੁਦ ਹਥ ਲਿਖਤ ਐਕਸਪਰਟ ਦੀ ਲੈਬਾਰਟਰੀ ਵਿਚ ਗਏ ਅਤੇ ਉਥੇ ਆਪ ਹਾਜ਼ਰ ਰਹੇ। ਮਿਸਟਰ ਸਟਾਟ ਸੀਨੀਅਰ ਹਥ ਲਿਖਤ ਵਿਗਿਆਨੀ, ਮਿਸਟਰ ਹਾਜਸਨ ਮੀਤ ਹਥ ਲਿਖਤ ਵਿਗਿਆਨੀ ਅਤੇ ਦੂਜੇ ਹੋਰ ਇਸ ਵਿਗਿਆਨ ਦੇ ਜਾਣੂ ਅਧਿਕਾਰੀਆਂ ਨੂੰ ਆਖਿਆ ਕਿ ਬੜੇ ਧਿਆਨ ਨਾਲ ਪਤਾ ਕਰਕੇ ਦਸਿਆ ਜਾਏ ਕਿ ਇਹ ਲਿਖਤ ਅਸਲੀ ਹੈ ਜਾਂ ਕਿ ਨਕਲੀ। ਸਰ ਡੇਵਿਡ ਕਾਫ਼ੀ ਦੇਰ ਉਥੇ ਹਾਜ਼ਰ ਰਹੇ। ਉਹਨਾਂ ਦੀ ਹਾਜ਼ਰੀ ਵਿਚ ਪ੍ਰਮਾਣ ਪੱਤਰ ਦੀਆਂ ਤਸਵੀਰਾਂ ਲਾਹੀਆਂ ਗਈਆਂ ਅਤੇ ਹੋਰ ਦੂਜੇ ਵਿਗਿਆਨਕ ਢੰਗ ਵਰਤੇ ਗਏ। ਆਖ਼ਰ ਸਾਰਿਆਂ ਨੇ ਇਹ ਕਿਹਾ ਕਿ ਇਹ ਪ੍ਰਮਾਣ-ਪੱਤਰ ਬਿਲਕੁਲ ਜਾਅਲੀ ਹੈ ਅਤੇ ਬਣਾਉਟ ਵੀ ਕਿਸੇ ਘਟੀਆ ਸ਼੍ਰੇਣੀ ਦੇ ਬਣਾਉਟਕਾਰ ਨੇ ਕੀਤੀ ਹੈ ਜਿਹੜਾ ਕਿ ਏਸ ਵਿਦਿਆ 'ਚ ਪੂਰੀ ਤਰ੍ਹਾਂ ਨਿਪੁੰਨ ਨਹੀਂ। ਸਰ ਡੇਵਿਡ ਇਹ ਸੁਣ ਕੇ ਹੈਰਾਨ ਰਹਿ ਗਏ ਕਿ ਏਡੀ ਵਡੀ ਰਿਆਸਤ ਵਲੋਂ ਬਣਾਉਟੀ ਪ੍ਰਮਾਣ-ਪੱਤਰ ਅਦਾਲਤ ਵਿਚ ਪੇਸ਼ ਕੀਤੇ ਗਏ ਹਨ। ਸਰ ਡੇਵਿਡ ਪੈਟਰੀ ਨੇ ਝਟ ਸਰ ਚਾਰਲਸ ਵਾਟਸਨ ਪੁਲੀਟੀਕਲ ਸਕੱਤਰ ਸਰਕਾਰ ਹਿੰਦ ਨੂੰ ਟੈਲੀਫ਼ੂਨ ਕੀਤਾ। ਪੁਲੀਟੀਕਲ ਸਕੱਤਰ ਨੇ ਆਖਿਆ ਕਿ ਝਟ ਸਾਰੇ ਹਥ-ਲਿਖਤ ਐਕਸਪਰਟਾਂ ਦੇ ਬਿਆਨ ਲਿਖ ਲਏ ਜਾਣ। ਇਸ ਪ੍ਰਕਾਰ ਉਹਨਾਂ ਦੇ ਬਿਆਨ ਲੈ ਲਏ ਗਏ ਅਤੇ ਪ੍ਰਮਾਣ-ਪੱਤਰ ਇਹ ਲਿਖ ਕੇ ਵਾਪਸ ਭੂਪਾਲ ਦੇ ਬਦੇਸ ਮੰਤ੍ਰੀ ਨੂੰ ਭੇਜ ਦਿਤਾ ਗਿਆ ਕਿ ਇਹ ਜਾਅਲੀ ਹੈ। ਏਸ ਪ੍ਰਮਾਣ-ਪੱਤਰ ਦੇ ਪਹੁੰਚਣ ਤੇ ਮੇਰੇ ਉਸ ਸੂਹੀਏ ਨੇ – ਜਿਹੜਾ ਇਨਸਪੈਕਟਰ ਜਨਰਲ ਭੂਪਾਲ ਦੇ ਦਫ਼ਤਰ ਵਿਚ ਨੌਕਰ ਸੀ – ਖ਼ਬਰ ਦਿਤੀ ਕਿ ਪ੍ਰਮਾਣ-ਪੱਤਰ ਵਾਪਸ ਆ ਗਿਆ ਹੈ ਅਤੇ ਉਸ ਬਾਰੇ ਜਾਅਲੀ ਹੋਣ ਦਾ ਫ਼ਤਵਾ ਲਗ ਗਿਆ ਹੈ ਅਤੇ ਭੂਪਾਲ ਵਾਲਿਆਂ ਨੇ ਫ਼ੈਸਲਾ ਕੀਤਾ ਹੈ ਕਿ ਸਰਕਾਰ ਹਿੰਦ ਦੇ ਹਥ ਲਿਖਤ ਐਕਸਪਰਟਾਂ ਦੀ ਇਸ ਰਾਏ ਨੂੰ ਪੜਦੇ 'ਚ ਹੀ ਰਖਿਆ ਜਾਏ ਤੇ ਇਸ ਭੇਤ ਨੂੰ ਕਿਸੇ ਕੋਲ ਖੋਹਲਿਆ ਨਾ ਜਾਏ। ਅਦਾਲਤ ਨੂੰ ਨਾ ਦਸਿਆ ਜਾਵੇ ਅਤੇ ਕੇਵਲ ਦੂਜੇ ਭਾੜੇ ਦੇ ਗ਼ੈਰ ਸਰਕਾਰੀ ਹਥ ਲਿਖਤ ਵਿਗਿਆਨੀਆਂ ਦੀ ਰਾਏ ਅਤੇ ਗਵਾਹੀ ਹੀ ਅਦਾਲਤ ਵਿਚ ਪੇਸ਼ ਕੀਤੀ ਜਾਏ।

ਅਸੀਂ ਹਰ ਆਦਮੀ ਬਾਰੇ ਸੂਚਨਾਵਾਂ ਪ੍ਰਾਪਤ ਕਰਦੇ ਰਹਿੰਦੇ ਸਾਂ। ਸਾਨੂੰ ਖ਼ਬਰ ਮਿਲੀ ਕਿ ਇਕ ਮਹੀਨੇ ਤਕ ਮਿਸਟਰ ਸਟਾਟ ਸਰਕਾਰ ਹਿੰਦ ਦੇ ਸੀਨੀਅਰ ਹਥ ਲਿਖਤ ਵਿਗਿਆਨੀ ਇਕ ਸਾਲ ਦੀ ਲੰਮੀ ਛੁਟੀ ਤੇ ਵਲਾਇਤ ਜਾਣ ਵਾਲੇ ਹਨ ਅਤੇ ਕਿਉਂਕਿ ਉਹਨਾਂ ਨੇ ਇਸ ਪ੍ਰਮਾਣ-ਪੱਤਰ ਦੇ ਜਾਅਲੀ ਹੋਣ ਦੀ ਬਤੌਰ



Digitized by Panjab Digital Library | www.panjabdigilib.org

ਸੀਨੀਅਰ ਹਥ ਲਿਖਤ ਵਿਗਿਆਨੀ ਦੇ ਤਸਦੀਕ ਕੀਤੀ ਹੈ,ਉਹ ਜੇਕਰ ਵਲਾਇਤ ਚਲੇ ਗਏ ਅਤੇ ਉਹਨਾਂ ਦੀ ਗ਼ੈਰ ਹਾਜ਼ਰੀ ਵਿਚ ਮੁਕੱਦਮੇ ਦਾ ਫ਼ੈਸਲਾ ਹੋਇਆ ਤਾਂ ਉਹਨਾਂ ਦੀ ਗਵਾਹੀ ਨਾ ਹੋ ਸਕੇਗੀ। ਸਰਦਾਰ ਬਹਾਦਰ ਭਗਵਾਨ ਸਿੰਘ ਅਤੇ ਮਿਸਟਰ ਤੋਕਲੀ ਨੇ ਮਤਾ ਪਕਾ ਕੇ ਫ਼ੈਸਲਾ ਕੀਤਾ ਕਿ ਅਦਾਲਤ ਵਿਚ ਦਰਖਾਸਤ ਦੇ ਕੇ ਮਿਸਟਰ ਸਟਾਟ ਦੀ ਗਵਾਹੀ ਕਰਾ ਲਈ ਜਾਏ। ਦੋ ਚਾਰ ਦਿਨਾਂ ਪਿਛੋਂ ਮੁਕੱਦਮੇ ਦੀ ਅਦਾਲਤ ਵਿਚ ਪੇਸ਼ੀ ਸੀ, ਅਸਾਂ ਇਕ ਦਰਖਾਸਤ ਦਿਤੀ ਕਿ ਭਾਵੇਂ ਦਾਅਵੇਦਾਰ ਦੀਆਂ ਸਾਰੀਆਂ ਗਵਾਹੀਆਂ ਖ਼ਤਮ ਨਹੀਂ ਹੋਈਆਂ, ਪਰ ਮਿਸਟਰ ਸਟਾਟ — ਜਿਸ ਨੇ ਭੂਪਾਲ ਵਾਲਿਆਂ ਦੀ ਦਰਖ਼ਾਸਤ ਤੇ ਇਸ ਪ੍ਰਮਾਣ-ਪੱਤਰ ਦਾ ਨਿਰੀਖਣ ਕੀਤਾ ਹੈ — ਦੀ ਗਵਾਹੀ ਲੈ ਲਈ ਜਾਏ, ਕਿਉਂ ਕਿ ਉਹ ਇਕ ਲੰਮੀ ਛੁਟੀ ਤੇ ਵਲਾਇਤ ਜਾ ਰਹੇ ਹਨ ਅਤੇ ਮੁਕੱਦਮਾ ਖ਼ਤਮ ਹੋਣ ਤੋਂ ਪਹਿਲਾਂ ਵਲਾਇਤੋਂ ਵਾਪਸ ਨਹੀਂ ਆ ਸਕਣਗੇ। ਸਾਡੀ ਇਸ ਦਰਖ਼ਾਸਤ ਦੇ ਦੇਣ ਤੋਂ ਪਹਿਲਾਂ ਭੂਪਾਲ ਨੂੰ ਮੇਰੇ ਸਰ ਡੇਵਿਡ ਨੂੰ ਮਿਲਣ ਆਦਿ ਬਾਰੇ ਬਿਲਕੁਲ ਕੋਈ ਗਿਆਨ ਨਹੀਂ ਸੀ ਅਤੇ ਉਹ ਇਹੀ ਸਮਝੀ ਬੈਠੇ ਸਨ ਕਿ ਦੋਸ਼ੀ ਜਾਂ ਦੋਸ਼ੀ ਦੇ ਵਕੀਲਾਂ ਨੂੰ ਮਿਸਟਰ ਸਟਾਟ ਦੀ ਰਾਏ ਦਾ ਕੋਈ ਗਿਆਨ ਨਹੀਂ ਤੇ ਉਸ ਰਾਏ ਨੂੰ ਉਹ ਪਚਾ ਜਾਣਗੇ ਅਤੇ ਅਦਾਲਤ ਪਾਸੋਂ ਉਹਨੂੰ ਲੁਕਾਈ ਰਖਿਆ ਜਾਏਗਾ ਤਾਕਿ ਉਸ ਰਾਏ ਤੋਂ ਕੋਈ ਨਵੀਂ ਬਲਾ ਨਾ ਜੰਮ ਪਏ। ਇਸ ਪਰਕਾਰ ਜਦ ਇਹ ਦਰਖ਼ਾਸਤ ਦਿਤੀ ਗਈ ਤਾਂ ਇਸ ਦਰਖ਼ਾਸਤ ਨੂੰ ਮੈਜਿਸਟ੍ਰੇਟ ਨੇ ਪੜ੍ਹਿਆ। ਪੜ੍ਹਨ ਪਿਛੋਂ ਮੈਜਿਸਟ੍ਰੇਟ ਨੇ ਉਹਨੂੰ ਖ਼ਾਨ ਬਹਾਦਰ ਅਬਦੁਲ ਰਹਿਮਾਨ ਨੂੰ ਦਿਤਾ ਕਿ ਇਸ ਬਾਰੇ ਤੁਹਾਡਾ ਕੀ ਜਵਾਬ ਹੈ। ਇਸ ਪਲ ਤੋਂ ਪਹਿਲਾਂ ਭੂਪਾਲ ਦੇ ਵਕੀਲ ਅਤੇ ਇਨਸਪੈਕਟਰ ਜਨਰਲ ਪੁਲੀਸ ਸਾਡਿਆਂ ਯਤਨਾਂ ਤੋਂ ਬਿਲਕੁਲ ਅਗਿਆਤ ਅਤੇ ਹਨੇਰੇ ਵਿਚ ਹੀ ਸਨ। ਇਸ ਦਰਖਾਸਤ ਨੂੰ ਵੇਖ ਕੇ ਖ਼ਾਨ ਬਹਾਦਰ ਅਬਦੁਲ ਰਹਿਮਾਨ ਵੀ ਬੜੇ ਹੈਰਾਨ ਹੋਏ ਅਤੇ ਖਵਾਜਾ ਮੁਹੰਮਦ ਅਕਰਮ ਇਨਸਪੈਕਟਰ ਜਨਰਲ ਪੁਲੀਸ ਭੂਪਾਲ — ਜਿਹੜੇ ਕਿ ਮੁਕੱਦਮੇ ਦੇ ਇਨਚਾਰਜ ਸਨ — ਦੇ ਮੱਥੇ ਤੇ ਤਾਂ ਮੁੜ੍ਹਕਾ ਆ ਗਿਆ। ਹੁਣ ਤਾਂ ਅਸੀਂ ਕਹਿ ਰਹੇ ਹਾਂ ਕਿ ਮਿਸਟਰ ਸਟਾਟ ਦੀ ਗਵਾਹੀ ਭੂਪਾਲ ਦੇ ਗਵਾਹਾਂ ਦੇ ਤੌਰ ਤੇ ਹੋਵੇ ਕਿਉਂਕਿ ਉਸ ਨੇ ਭੂਪਾਲ ਦੀ ਦਰਖ਼ਾਸਤ ਤੇ ਪ੍ਰਮਾਣ-ਪਤਰ ਦਾ ਨਿਰੀਖਣ ਕੀਤਾ ਹੈ। ਪਰੰਤੂ ਭੂਪਾਲ ਵਾਲਿਆਂ ਕਿਹਾ ਕਿ ਉਹ ਮਿਸਟਰ ਸਟਾਟ ਦੀ ਗਵਾਹੀ ਦੀ ਲੋੜ ਹੀ ਨਹੀਂ ਸਮਝਦੇ ਅਤੇ ਉਸ ਨੂੰ ਪੇਸ਼ ਕਰਨਾ ਨਹੀਂ ਚਾਹੁੰਦੇ। ਇਹ ਘਟਨਾ ਅਦਾਲਤ ਵਿਚ ਇਕ ਬੜੀ ਵਡੀ ਹਲਚਲ ਉਤਪੰਨ ਕਰਨ ਦਾ ਕਾਰਨ ਹੋਈ ਅਤੇ ਮੈਜਿਸਟ੍ਰੇਟ ਦੀਆਂ ਵੀ ਅੱਖਾਂ ਖੁਲ੍ਹ ਗਈਆਂ ਕਿ ਭੂਪਾਲ ਦੀ ਦਰਖ਼ਾਸਤ ਤੇ ਸਰਕਾਰ ਹਿੰਦ ਦੇ



Digitized by Panjab Digital Library | www.panjabdigilib.org

ਹਥ ਲਿਖਤ ਵਿਗਿਆਨੀ ਨੇ ਪ੍ਰਮਾਣ-ਪੱਤਰ ਦਾ ਨਿਰੀਖਣ ਕੀਤਾ ਅਤੇ ਉਸ ਨੇ ਵੀ ਇਸ ਨੂੰ ਜਾਅਲੀ ਆਖਿਆ ਹੈ। ਇਸ ਪਰਕਾਰ ਆਖ਼ਰ ਮਿਸਟਰ ਸਟਾਟ ਦੇ ਨਾਂ ਮੈਜਿਸਟ੍ਰੇਟ ਨੇ ਅਦਾਲਤ ਵਲੋਂ ਸੰਮਨ ਜਾਰੀ ਕੀਤੇ। ਮਿਸਟਰ ਸਟਾਟ ਅਦਾਲਤ ਵਿਚ ਆਏ। ਆਪ ਦੀ ਗਵਾਹੀ ਹੋਈ ਅਤੇ ਆਪ ਨੇ ਇਹ ਫ਼ੈਸਲਾ ਦਿਤਾ ਕਿ ਇਹ ਪ੍ਰਮਾਣ-ਪੱਤਰ ਜਿਹੜਾ ਨਵਾਬ ਭੂਪਾਲ ਦੇ ਪ੍ਰਤੀਨਿਧਾਂ ਨੇ ਅਦਾਲਤ ਵਿਚ ਪੇਸ਼ ਕੀਤਾ ਹੈ ਸੌ ਪ੍ਰਤੀ ਸੈਂਕੜਾ ਜਾਅਲੀ ਹੈ। ਇਸ ਪਰਕਾਰ ਭੂਪਾਲ ਦੇ ਚੁਤਾਲੀ ਗਵਾਹਾਂ ਅਤੇ ਇਸ ਵਿਗਿਆਨੀ ਦੀ ਗਵਾਹੀ ਪਿਛੋਂ ਇਸ ਮੁਕੱਦਮੇ ਦਾ ਮੈਜਿਸਟ੍ਰੇਟ ਮਿਸਟਰ ਐਸਰ ਨੇ ਫ਼ੈਸਲਾ ਦਿਤਾ ਕਿ ਇਹ ਪ੍ਰਮਾਣ-ਪੱਤਰ ਜਾਅਲੀ ਹੈ ਅਤੇ ਅਖ਼ਬਾਰ "ਰਿਆਸਤ" ਅਤੇ ਉਸਦੇ ਐਡੀਟਰ ਨੂੰ ਕੁਚਲਣ ਅਤੇ ਫਸਾਉਣ ਲਈ ਝੂਠੇ ਮੁਕੱਦਮੇ ਦੀ ਸਾਜ਼ਸ਼ ਕੀਤੀ ਗਈ ਹੈ। ਉਸ ਫ਼ੈਸਲੇ ਤੋਂ ਭੂਪਾਲ ਵਾਲਿਆਂ ਦੀ ਜਿਹੜੀ ਹਾਲਤ ਹੋਈ ਉਹ ਪ੍ਰਗਟ ਹੈ। ਅਪੀਲ ਕੀਤੀ ਗਈ ਜਿਹੜੀ ਹਾਈ ਕੋਰਟ ਵਿਚੋਂ ਵੀ ਖ਼ਾਰਜ ਹੋਈ ਅਤੇ ਐਡੀਟਰ "ਰਿਆਸਤ" ਬਰੀ ਹੀ ਨਹੀਂ ਸਗੋਂ ਡਿਸਚਾਰਜ ਹੋਇਆ।

ਇਸ ਮੁਕੱਦਮੇ ਦੇ ਫ਼ੈਸਲੇ ਤਕ ਐਡੀਟਰ "ਰਿਆਸਤ" ਦਾ ਮਿਸਟਰ ਐਸਰ ਨਾਲ ਕੋਈ ਸੰਬੰਧ ਨਹੀਂ ਸੀ। ਕਦੇ ਵੀ ਐਡੀਟਰ "ਰਿਆਸਤ" ਨੂੰ ਮਿਸਟਰ ਐਸਰ ਨੂੰ ਨਿਜੀ ਤੌਰ ਤੇ ਮਿਲਣ ਜਾਂ ਉਹਨਾਂ ਦੇ ਘਰ ਜਾਣ ਦਾ ਅਵਸਰ ਨਹੀਂ ਸੀ ਮਿਲਿਆ।

ਮੁਕਦਮੇ ਦੇ ਫ਼ੈਸਲੇ ਤੋਂ ਢੇਰ ਚਿਰ ਪਿਛੋਂ ਮਿਸਟਰ ਐਸਰ ਬੀਮਾਰ ਹੋ ਗਏ। ਉਹਨਾਂ ਦੀਆਂ ਅੰਤੜੀਆਂ ਵਿਚ ਜ਼ਖ਼ਮ ਸੀ ਅਤੇ ਲਹੂ ਵਗਦਾ ਸੀ। ਉਹ ਹਿੰਦੂ ਰਾਓ ਹਸਪਤਾਲ — ਜਿਥੇ ਅੰਗਰੇਜ਼ ਅਫ਼ਸਰਾਂ ਆਦਿ ਦਾ ਇਲਾਜ ਹੁੰਦਾ ਸੀ— ਦਾਖ਼ਲ ਕੀਤੇ ਗਏ। ਉਹਨਾਂ ਦੇ ਜੀਉਣ ਦੀ ਕੋਈ ਆਸ ਨਹੀਂ ਸੀ। ਮੈਨੂੰ ਜਦ ਇਸ ਅਵਸਥਾ ਦਾ ਪਤਾ ਲਗਾ ਤਾਂ ਮੈਂ ਬਤੌਰ ਹਮਦਰਦੀ ਉਹਨਾਂ ਦੇ ਘਰ ਗਿਆ। ਉਹਨਾਂ ਦੀ ਮੇਮ ਸਾਹਿਬਾ ਦੁਖ ਦੀ ਹਾਲਤ ਵਿਚ ਬਹੁਤ ਗ਼ਮਗੀਨ ਸੀ। ਮੈਂ ਪੁਛਿਆ ਕੀ ਹਾਲਤ ਹੈ। ਤਾਂ ਉਹਨਾਂ ਦੀਆਂ ਅੱਖਾਂ 'ਚ ਅੱਥਰੂ ਆ ਗਏ ਅਤੇ ਉਹਨਾਂ ਨੇ ਆਖਿਆ ਕਿ ਰਬ ਮਿਹਰ ਕਰੇ, ਹਾਲਤ ਬਹੁਤ ਭੈੜੀ ਹੈ। ਕਿਸੇ ਨੂੰ ਮਿਸਟਰ ਐਸਰ ਕੋਲ ਜਾਣ ਦੀ ਆਗਿਆ ਨਹੀਂ। ਆਖਿਆ ਨਹੀਂ ਜਾ ਸਕਦਾ ਕਿ ਕੀ ਭਾਣਾ ਵਰਤੇ ਅਤੇ ਉਹ ਆਪ ਵੀ ਕੇਵਲ ਕੁਝ ਮਿੰਟਾਂ ਲਈ ਹੀ ਸ਼ਾਮ ਨੂੰ ਆਪਣੇ ਪਤੀ ਨੂੰ ਵੇਖਣ ਜਾਂਦੀ ਹੈ। ਇਸ ਤੋਂ ਵਧੇਰੇ ਉਥੇ ਠਹਿਰਣ ਅਤੇ ਗਲ ਬਾਤ ਕਰਨ ਦੀ ਆਗਿਆ ਨਹੀਂ। ਇਹ ਪਹਿਲੀ ਵਾਰ ਸੀ ਕਿ ਮੈਂ ਮੈਜਿਸਟ੍ਰੇਟ ਐਸਰ ਦੇ ਮਕਾਨ ਤੇ ਗਿਆ।



Digitized by Panjab Digital Library | www.panjabdigilib.org

ਮਿਸਟਰ ਐਸਰ ਕੁਝ ਨਰੋਏ ਹੋ ਗਏ ਅਤੇ ਡਾਕਟਰਾਂ ਨੇ ਕਿਹਾ ਕਿ ਉਹ ਇੰਗਲੈਂਡ ਜਾ ਕੇ ਉਥੇ ਓਪਰੇਸ਼ਨ ਕਰਾਉਣ। ਸੋ ਉਸ ਰੋਗ ਅਤੇ ਕਮਜ਼ੋਰੀ ਦੀ ਹਾਲਤ ਵਿਚ ਹੀ ਉਹ ਵਲਾਇਤ ਗਏ। ਉਥੇ ਹਸਪਤਾਲ ਵਿਚ ਦਾਖ਼ਲ ਹੋਏ ਅਤੇ ਕਈ ਮਹੀਨਿਆਂ ਤਕ ਇਲਾਜ ਕਰਵਾਉਂਦੇ ਰਹੇ। ਉਹਨਾਂ ਦੀ ਗ਼ੈਰ ਹਾਜ਼ਰੀ ਵਿਚ ਵੀ ਮਿਸਟਰ ਐਸਰ ਦੀ ਹਾਲਤ ਬਾਰੇ ਪੁਛਣ ਉਹਨਾਂ ਦੇ ਘਰ ਕਦੇ ਕਦੇ ਜਾਇਆ ਕਰਦਾ ਸਾਂ। ਇਕ ਦਿਨ ਮੈਂ ਮਿਸਿਜ਼ ਐਸਰ ਤੋਂ ਗਲਾਂ ਬਾਤਾਂ ਵਿਚ ਪੁਛਿਆ ਕਿ ਮਿਸਟਰ ਐਸਰ ਦਾ ਇਸ ਰੋਗ ਵਿਚ ਰੁਪਿਆ ਤਾਂ ਬਥੇਰਾ ਖ਼ਰਚ ਹੋ ਗਿਆ ਹੋਵੇਗਾ,ਮਿਸਿਜ਼ ਐਸਰ ਨੇ ਸਾਧਾਰਨ ਜਿਹਾ ਹਾਂ ਕਹਿ ਦਿਤਾ,ਪਰ ਮੈਂ ਅਨੁਭਵ ਕੀਤਾ ਕਿ ਉਹਨਾਂ ਦੇ ਕਈ ਬੱਚੇ ਹਨ ਜਿਹੜੇ ਉਚ-ਵਿਦਿਆ ਪ੍ਰਾਪਤ ਕਰ ਰਹੇ ਹਨ। ਰਿਸ਼ਵਤ ਨਾ ਲੈਣ ਵਾਲਾ, ਦਿਆਨਤਦਾਰ ਆਦਮੀ, ਪੁਜ਼ੀਸ਼ਨ ਦਾ ਸਥਿਰ ਰਖਣਾ, ਕੋਠੀ, ਮੋਟਰ, ਨੌਕਰ ਅਤੇ ਉਸ ਤੇ ਰੋਗ ਦੀ ਇਹ ਮੁਸੀਬਤ ਅਤੇ ਇੰਗ-ਲੈਂਡ ਦਾ ਖ਼ਰਚ, ਮੈਂ ਸੋਚਦਾ ਰਿਹਾ ਕਿ ਇਹ ਵਿਚਾਰੇ ਕੀ ਕਰਦੇ ਹੋਣਗੇ। ਇਸ ਤਰ੍ਹਾਂ ਮੈਨੂੰ ਪਤਾ ਲਗਾ ਕਿ ਛੁਟੀ ਦੀ ਅਧੀ ਤਨਖ਼ਾਹ ਤਾਂ ਮੇਮ ਸਾਹਿਬਾ ਆਪਣੇ ਕੋਲ ਰਖਦੀ ਹੈ ਅਤੇ ਅਧੀ ਆਪਣੇ ਪਤੀ ਨੂੰ ਵਲਾਇਤ ਖ਼ਰਚ ਲਈ ਭੇਜ ਦਿੰਦੀ ਹੈ।

ਮੈਂ ਇਹ ਅਵਸਥਾ ਸੁਣ ਕੇ ਵਾਪਸ ਆ ਗਿਆ, ਪਰ ਕੁਝ ਬੇਚੈਨੀ ਜਿਹੀ ਅਨੁਭਵ ਕਰਦਾ ਰਿਹਾ। ਰਾਤ ਨੂੰ ਵੀ ਇਹੀ ਵਿਚਾਰ ਕਿ ਜੇਕਰ ਵਲੈਤ ਵਿਚ ਮਿਸਟਰ ਐਸਰ ਕੋਲ ਖ਼ਰਚ ਲਈ ਕਾਫ਼ੀ ਰੁਪਿਆ ਨਾ ਹੋਵੇਗਾ ਤਾਂ ਕੀ ਕਰਨਗੇ। ਅਜਿਹੇ ਨੇਕ ਆਦਮੀ ਲਈ ਏਨੀ ਮੁਸੀਬਤ। ਜੇਕਰ ਮਿਸਟਰ ਐਸਰ ਨਾ ਬਚਿਆ ਤਾਂ ਉਹਦੇ ਬੱਚੇ ਕੀ ਕਰਨਗੇ। ਇਹਨਾਂ ਜੀਆਂ ਨੂੰ ਇਹ ਕਿਹੜੇ ਅਪਰਾਧ ਦੀ ਸਜ਼ਾ ਮਿਲੇਗੀ ਅਤੇ ਕੀ ਨੇਕ ਬੰਦਿਆਂ ਲਈ ਦੁਖ ਜ਼ਰੂਰੀ ਹਨ। ਇਹਨਾਂ ਹੀ ਸੋਚਾਂ ਵਿਚ ਨੀਂਦ ਆ ਗਈ। ਸਵੇਰੇ ਉਠਿਆ ਤਾਂ ਰਾਤ ਦੀਆਂ ਸੋਚਾਂ ਦਾ ਪ੍ਰਭਾਵ ਅਜੇ ਹੈ ਸੀ।

ਮੇਰਾ ਸੁਭਾਅ ਹੈ ਕਿ ਜੇਕਰ ਕੋਈ ਮੁਸ਼ਕਲ ਸਾਹਮਣੇ ਆ ਜਾਏ ਤਾਂ ਜਦ ਤਕ ਮੈਂ ਉਸ ਮੁਸ਼ਕਲ ਦਾ ਕੋਈ ਹੱਲ ਨਾ ਲਭ ਲਵਾਂ ਮੈਨੂੰ ਬੇਚੈਨੀ ਜਿਹੀ ਰਹਿੰਦੀ ਹੈ ਅਤੇ ਕੰਮ ਨਹੀਂ ਕਰ ਸਕਦਾ। ਨੌਂ ਵਜੇ ਦਫ਼ਤਰ ਦੇ ਕਰਮਚਾਰੀ ਆਏ। ਮੈਂ ਇਕ ਚਿੱਠੀ ਲੰਦਨ ਦੀ ਐਡਵਰਟਾਈਜ਼ਿੰਗ ਫ਼ਰਮ ਡੀ. ਜੇ. ਕੈਮਰ ਐਂਡ ਕੋ. ਨੂੰ ਲਿਖਵਾਈ ਕਿ ਸਾਡੇ ਖਾਤੇ 'ਚੋਂ ਇਕ ਸੌ ਪੌਂਡ ਮਿਸਟਰ ਐਸਰ ਆਫ਼ ਦਿੱਲੀ ਨੂੰ ਥਾਮਸ ਕੁੱਕ ਐਂਡ ਕੰਪਨੀ ਰਾਹੀਂ ਲੰਦਨ ਭੇਜ ਦਿਤਾ ਜਾਏ। ਇਹ ਚਿਠੀ ਪਹੁੰਚਦਿਆਂ ਹੀ ਕੈਮਰ ਐਂਡ ਕੋ ਨੇ ਇਕ ਸੌ ਪੌਂਡ ਦਾ ਚੈੱਕ ਮਿਸਟਰ ਐਸਰ



Digitized by Panjab Digital Library | www.panjabdigilib.org

ਨੂੰ ਥਾਮਸ ਕੁੱਕ ਦੀ ਰਾਹੀਂ ਭੇਜ ਦਿਤਾ। ਮਿਸਟਰ ਐਸਰ ਉਸ ਵੇਲੇ ਹਸਪਤਾਲ ਵਿਚ ਬੀਮਾਰ ਪਏ ਹੋਏ ਸਨ ਅਤੇ ਭਾਗ ਵਸ ਉਹਨਾਂ ਕੋਲ ਉਸ ਵੇਲੇ ਕੇਵਲ ਪੰਜ ਪੌਂਡ ਬਾਕੀ ਸਨ ਅਤੇ ਸੋਚ ਰਹੇ ਸਨ ਕਿ ਕਿਸੇ ਮਿੱਤਰ ਤੋਂ ਕਰਜ਼ ਲੈਣ। ਮਿਸਟਰ ਐਸਰ ਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਦੀਵਾਨ ਸਿੰਘ ਦਾ ਭੇਜਿਆ ਹੋਇਆ ਇਕ ਸੌ ਪੌਂਡ ਦਾ ਚੈੱਕ ਉਹਨਾਂ ਕੋਲ ਆਏਗਾ। ਹਸਪਤਾਲ ਵਿਚ ਹੀ ਰੋਗ ਸੇਜਾ ਤੇ ਉਹਨਾਂ ਨੂੰ ਇਹ ਚੈੱਕ ਮਿਲਿਆ।

ਮਿਸਟਰ ਐਸਰ ਸ਼ਾਇਦ ਚਹੁੰ ਮਹੀਨਿਆਂ ਬਾਅਦ ਇੰਗਲੈਂਡ ਤੋਂ ਮੁੜੇ। ਉਹਨਾਂ ਦਾ ਓਪ੍ਰੇਸ਼ਨ ਸਫ਼ਲ ਰਿਹਾ ਅਤੇ ਉਹ ਨਵੇਂ ਨਰੋਏ ਹੋ ਗਏ। ਜਦ ਉਹ ਦਿੱਲੀ ਪੁਜੇ ਤਾਂ ਮੈਂ ਸੁਖ ਸਾਂਦ ਪੁਛਣ ਲਈ ਦੂਜੇ ਤੀਜੇ ਦਿਨ ਉਹਨਾਂ ਕੋਲ ਗਿਆ। ਸੁਖ ਸਾਂਦ ਪੁਛੀ ਗੱਲਾਂ ਬਾਤਾਂ ਹੋਈਆਂ ਤਾਂ ਉਹਨਾਂ ਨੇ ਇੰਪੀਰੀਅਲ ਬੈਂਕ ਦਿੱਲੀ ਦਾ ਮੇਰੇ ਨਾਂ ਇਕ ਹਜ਼ਾਰ ਤਿੰਨ ਸੌ ਤੇਤੀ ਰੁਪਿਆਂ ਦਾ ਚੈੱਕ ਦਿਤਾ ਅਤੇ ਆਖਿਆ ਕਿ ਉਹਨਾਂ ਦੇ ਦਿਲ ਵਿਚ ਐਡੀਟਰ "ਰਿਆਸਤ" ਦੀਆਂ ਉਮੰਗਾਂ ਅਤੇ ਸਦਾਚਾਰਕ ਮਿਤ੍ਰਤਾ ਦੀ ਹਦੋਂ ਵਧੇਰੇ ਕਦਰ ਅਤੇ ਸਤਿਕਾਰ ਹੈ, ਪਰ ਉਹ ਇਹ ਰਕਮ ਨਹੀਂ ਲੈ ਸਕਦੇ ਕਿਉਂਕਿ ਐਡੀਟਰ "ਰਿਆਸਤ" ਦਾ ਮੁਕੱਦਮਾ ਉਹਨਾਂ ਨੇ ਕੀਤਾ ਹੈ ਅਤੇ ਇਸ ਨੂੰ ਆਪਣੇ ਮਨ ਤੇ ਇਕ ਭਾਰ ਸਮਝਦੇ ਹਨ। ਮੈਂ ਬਥੇਰਾ ਆਖਿਆ ਅਤੇ ਵਾਰ ਵਾਰ ਬੇਨਤੀ ਕੀਤੀ ਕਿ ਇਹ ਬੀਮਾਰੀ ਦੀ ਹਾਲਤ ਵਿਚ ਇਕ ਦੋਸਤਾਨਾ ਭੇਟ ਸੀ। ਇਸ ਨੂੰ ਪ੍ਰਵਾਨ ਕੀਤਾ ਜਾਏ। ਮੁਕੱਦਮਾ ਮੁਕਿਆਂ ਢੇਰ ਚਿਰ ਹੋ ਗਿਐ। ਉਸ ਦਾ ਹਾਈਕੋਰਟ ਵਿਚ ਵੀ ਫ਼ੈਸਲਾ ਹੋ ਚੁਕਿਆ ਹੈ। ਹੁਣ ਅਹਿਸਾਨ ਜਾਂ ਬਦਲੇ ਦਾ ਪ੍ਰਸ਼ਨ ਹੀ ਕੀ ਹੈ, ਪਰ ਉਹ ਨਾ ਮੰਨੇ ਅਤੇ ਉਹਨਾਂ ਨੇ ਚੈੱਕ ਦੇ ਦਿਤਾ ਜਿਹੜਾ ਬੈਂਕ 'ਚੋਂ ਕੈਸ਼ ਕਰਾ ਲਿਆ ਗਿਆ।

ਇਸ ਘਟਨਾ ਤੋਂ ਕੁਝ ਚਿਰ ਪਿਛੋਂ ਉਸ ਮੁਕੱਦਮੇ ਦਾ ਵੀ ਆਖ਼ਰੀ ਫ਼ੈਸਲਾ ਨਾਗਪੁਰ ਹਾਈਕੋਰਟ ਚੋਂ ਹੋ ਗਿਆ ਜਿਹੜਾ ਨਵਾਬ ਭੁਪਾਲ ਨੇ ਹੋਸ਼ੰਗਆਬਾਦ ਵਿਚ ਚਲਾਇਆ ਹੋਇਆ ਸੀ ਅਤੇ ਦਿੱਲੀ ਦੇ ਮੁਕੱਦਮੇ ਦੀ ਜਾਅਲਸਾਜ਼ੀ ਦੇ ਸਿਲਸਲੇ ਵਿਚ ਸਾਰੇ ਪ੍ਰਬੰਧ ਮੁਕੰਮਲ ਸਨ ਕਿ ਭੁਪਾਲ ਦੇ ਪ੍ਰਤੀਨਿਧਾਂ ਤੇ ਜਾਅਲਸਾਜ਼ੀ ਦੇ ਅਪਰਾਧ ਵਿਚ ਫ਼ੌਜਦਾਰੀ ਅਤੇ ਇਕ ਲੱਖ ਰੁਪਿਆ ਹਰਜਾਨੇ ਦਾ ਦੀਵਾਨੀ ਮੁਕੱਦਮਾ ਚਲਾਇਆ ਜਾਏ, ਪ੍ਰੰਤੂ ਕੇਵਲ ਏਸ ਖ਼ਿਆਲ ਨਾਲ ਦੋਵਾਂ ਮੁਕੱਦਮਿਆਂ ਦਾ ਵਿਚਾਰ ਛਡ ਦਿਤਾ ਗਿਆ ਕਿ ਕਿਉਂਕਿ ਮਿਸਟਰ ਐਸਰ ਨੂੰ ਇਕ ਸੌ ਪੌਂਡ ਉਹਨਾਂ ਦੀ ਬੀਮਾਰੀ ਵੇਲੇ ਐਡੀਟਰ "ਰਿਆਸਤ" ਨੇ ਭੇਜਿਆ ਸੀ। ਜੇਕਰ ਮੁਕੱਦਮਾ ਚਲਿਆ ਤਾਂ ਸ਼ਾਇਦ ਇਸ

ਮੁਕੱਦਮੇ ਵਿਚ ਬੇਕਸੂਰ, ਭੋਲੇ ਅਤੇ ਨੇਕ ਸੁਭਾਅ ਮਿਸਟਰ ਐਸਰ ਦਾ ਨਾਂ ਵੀ ਇਸ ਰੁਪਏ ਦੇ ਸਿਲਸਲੇ ਵਿਚ ਟੀਕਾ ਟਿਪਣੀ ਦਾ ਕਾਰਨ ਬਣੇ। ਉਹਨਾਂ ਤੇ ਕੋਈ ਝੂਠਾ ਦੂਸ਼ਨ ਲਾਇਆ ਜਾਵੇ ਤੇ ਉਹਨਾਂ ਦੇ ਨਾਂ ਨੂੰ ਵਟਾ ਲਾਉਣ ਦਾ ਕਾਰਨ ਐਡੀਟਰ "ਰਿਆਸਤ" ਬਣੇ।

ਮਿਸਰ ਐਸਰ ਦੇ ਰੁਪਿਆ ਮੋੜਨ ਪਿਛੋਂ ਮੇਰੇ ਅਤੇ ਮਿਸਟਰ ਐਸਰ ਦੇ ਸੰਬੰਧ ਕਾਫ਼ੀ ਡੂੰਘੇ ਦੋਸਤੀ ਭਰੇ ਹੋ ਗਏ ਅਤੇ ਇਹ ਸੰਬੰਧ ਮੇਰੇ ਵਾਸਤੇ ਹਾਨੀ ਦਾ ਕਾਰਨ ਵੀ ਹੋਏ। ਪਾਠਕਾਂ ਨੂੰ ਯਾਦ ਹੋਏਗਾ ਕਿ ਨੋਟਾਂ ਦਾ ਮੁਕੱਦਮਾ ਪੰਜਾਬ ਹਾਈਕੋਰਟ ਦੇ ਚੀਫ਼ ਜਸਟਿਸ ਸਰ ਡਗਲਸ ਯੰਗ ਨੇ ਮਿਸਟਰ ਐਸਰ ਨੂੰ ਅਸਾਧਾਰਨ ਦਿਆਨਤਦਾਰ ਅਤੇ ਮਾਨਸਕ ਸ਼ਕਤੀ ਦਾ ਤਗੜਾ ਅਤੇ ਨਿਆਂਕਾਰ ਮੈਜਿਸਟ੍ਰੇਟ ਸਮਝ ਕੇ ਇਹਨਾਂ ਦੀ ਅਦਾਲਤ ਵਿਚ ਭੇਜਿਆ ਅਤੇ ਲਿਖਿਆ ਕਿ ਮਿਸਟਰ ਐਸਰ ਹੀ ਇਸ ਦਾ ਫ਼ੈਸਲਾ ਕਰਨ, ਪਰੰਤੂ ਮਿਸਟਰ ਐਸਰ ਦਾ ਮਨ ਆਗਿਆ ਨਹੀਂ ਦਿੰਦਾ ਸੀ। ਉਹਨਾਂ ਨੇ ਉਸ ਹੁਕਮ ਦੀ ਪਿਠ ਪਿਛੇ ਹੀ ਲਿਖ ਕੇ ਇਹ ਹੁਕਮ ਵਾਪਸ ਕਰ ਦਿਤਾ ਕਿ ਦੀਵਾਨ ਸਿੰਘ ਨਾਲ ਉਹਨਾਂ ਦੇ ਨਿਜੀ ਸੰਬੰਧ ਹਨ, ਇਸ ਲਈ ਉਹ ਮੁਕੱਦਮਾ ਸੁਣਨਾ ਨਹੀਂ ਚਾਹੁੰਦੇ। ਇਸ ਪਰਕਾਰ ਜੇਕਰ ਇਕ ਸੌ ਪੌਂਡ ਦਾ ਚੈੱਕ ਮਿਸਟਰ ਐਸਰ ਨੂੰ ਵਲਾਇਤ ਨਾ ਭੇਜਿਆ ਗਿਆ ਹੁੰਦਾ—ਜਿਹੜਾ ਉਹਨਾਂ ਨੇ ਭਾਰਤ ਆਉਂਦਿਆਂ ਹੀ ਮੋੜ ਦਿਤਾ ਸੀ—ਤਾਂ ਨੋਟਾਂ ਦੇ ਇਸ ਮੁਕੱਦਮੇ ਦਾ ਫ਼ੈਸਲਾ ਵੀ ਮਿਸਟਰ ਐਸਰ ਵਰਗੇ ਨਿਆਂਕਾਰ, ਮਾਨਸਕ ਸ਼ਕਤੀ ਦੇ ਤਗੜੇ ਮੈਜਿਸਟਰੇਟ ਦੇ ਹਥੋਂ ਹੁੰਦਾ ਅਤੇ ਜਾਅਲਸਾਜ਼ੀ ਵਾਲੇ ਭੂਪਾਲ ਦੇ ਮੁਕੱਦਮੇ ਵਿਚ ਭੂਪਾਲ ਦੇ ਪ੍ਰਤੀਨਿਧਾਂ 'ਚੋਂ ਕੋਈ ਨਾ ਕੋਈ ਅਜ ਜੇਲ੍ਹ ਵਿਚ ਹੋਣ ਤੋਂ ਇਲਾਵਾ ਐਡੀਟਰ "ਰਿਆਸਤ" ਇਕ ਤਗੜੀ ਰਕਮ ਹਰਜਾਨੇ ਵਜੋਂ ਭੂਪਾਲ ਦੇ ਖ਼ਜ਼ਾਨੇ 'ਚੋਂ ਪ੍ਰਾਪਤ ਕਰ ਲੈਂਦਾ।

ਇਹਨਾਂ ਸਾਰੀਆਂ ਘਟਨਾਵਾਂ ਪਿਛੋਂ ਜੇਕਰ ਐਡੀਟਰ "ਰਿਆਸਤ" ਦੇ ਦਿਲ ਦੀ ਅਸਲੀ ਆਵਾਜ਼ ਪਤਾ ਕੀਤੀ ਜਾਏ ਤਾਂ ਇਹ ਈਮਾਨਦਾਰੀ ਨਾਲ ਕਹਿਣ ਨੂੰ ਤਿਆਰ ਹੈ ਕਿ ਮਿਸਟਰ ਐਸਰ ਦੀ ਬੀਮਾਰੀ ਦੀ ਹਾਲਤ ਵਿਚ ਇਕ ਸੌ ਪੌਂਡ ਵਾਸਤੇ ਲੰਦਨ ਚਿਠੀ ਲਿਖਦੇ ਸਮੇਂ ਮੇਰੇ ਦਿਲ ਨੂੰ ਜਿਹੜੀ ਖ਼ੁਸ਼ੀ, ਤਸੱਲੀ ਅਤੇ ਆਨੰਦ ਦੀ ਪ੍ਰਾਪਤੀ ਹੋਈ ਉਸ ਉਤੇ ਦਰਜਨਾਂ ਸ਼ਤਰੂਆਂ ਦੀਆਂ ਜਾਅਲਸਾਜ਼ੀਆਂ ਨੂੰ ਖਿਮਾ ਅਤੇ ਲਖਾਂ ਰੁਪਏ ਵਾਰੇ ਜਾ ਸਕਦੇ ਹਨ ਕਿਉਂਕਿ ਦੋਸਤਾਂ ਅਤੇ ਲੋੜਵੰਦ ਲੋਕਾਂ ਦੀ ਲੋੜ ਵੇਲੇ ਸੇਵਾ ਕਰਨ ਵਿਚ ਉਹ ਸਵਾਦ ਹੈ ਜਿਹੜਾ ਸ਼ਾਇਦ ਸੂਫ਼ੀਆਂ ਦੀ ਖ਼ੁਦਾ ਨਾਲ ਇਕਸੁਰਤਾ ਅਤੇ ਹਿੰਦੂ ਭਗਤਾਂ ਨੂੰ ਅਨਹਦ ਸ਼ਬਦ—ਭਾਵ ਮਨ ਦਾ ਪ੍ਰਮਾਤਮਾ ਨਾਲ ਗਲ ਬਾਤ ਕਰਨਾ—ਵਿਚ ਵੀ



Digitized by Panjab Digital Library | www.panjabdigilib.org

ਪ੍ਰਾਪਤ ਨਹੀਂ ਅਤੇ ਮੇਰਾ ਨਿਜੀ ਤਜਰਬਾ ਹੈ ਕਿ ਮੈਂ ਅਤੇ ਲੋੜਵੰਦ ਲੋਕਾਂ ਦੀਆਂ ਲੋੜਾਂ ਵਿਚ ਉਹਨਾਂ ਦੀ ਸੇਵਾ ਕਰਦਾ ਰਿਹਾ ਮੇਰੇ ਕੋਲ ਬਹੁਤ ਰੁਪਿਆ ਆਇਆ। ਜਦ ਕਦੇ ਮੈਂ ਮਿਤਰਾਂ ਦੀ ਮਦਦ ਵਲੋਂ ਹਥ ਖਿਚਿਆ ਮੈਂ ਗ਼ਰੀਬੀ ਵਿਚ ਫਸ ਗਿਆ। ਹੁਣ ਵੀ "ਰਿਆਸਤ" ਦੇ ਵਰਤਮਾਨ ਨਵੇਂ ਦੌਰ ਵਿਚ ਇਸ ਅਸਧਾਰਨ ਸਫ਼ਲਤਾ ਦਾ ਸਭ ਤੋਂ ਵਡਾ ਕਾਰਨ ਮਿਤਰਾਂ ਅਤੇ ਦੂਜੇ ਸੁਪਾਤਰ ਲੋਕਾਂ ਦੀਆਂ ਅਸੀਸਾਂ ਹੀ ਹਨ।

## ਐਡੀਟਰ "ਰਿਆਸਤ" ਦੀ ਅਦਾਲਤੀ ਜੂਏਬਾਜ਼ੀ

ਇਸ ਤੋਂ ਪਹਿਲਾਂ "ਰਿਆਸਤ" ਵਿਚ ਦਿੱਲੀ ਵਾਲੇ ਮੁਕੱਦਮੇ ਨਵਾਬ ਭੁਪਾਲ ਬਨਾਮ ਐਡੀਟਰ "ਰਿਆਸਤ" ਦੇ ਸਮਾਚਾਰ ਮਿਸਟਰ ਐਸਰ ਦੇ ਫ਼ੈਸਲੇ ਤਕ ਲਿਖੇ ਗਏ ਸਨ। ਇਹਨਾਂ ਸਮਾਚਾਰਾਂ ਨੇ "ਰਿਆਸਤ" ਦੇ ਢਾਈ ਸਫ਼ਿਆਂ ਦੀ ਥਾਂ ਲੈ ਲਈ, ਹਾਲਾਂਕਿ ਇਸ "ਨਾਕਾਬਲੇ ਫ਼ਰਾਮੋਸ਼" ਕਾਲਮ ਵਾਸਤੇ ਪਕੇ ਤੌਰ ਤੇ ਕੇਵਲ ਦੋ ਕਾਲਮ ਨੀਯਤ ਹਨ। ਹੁਣ ਇਸ ਮੁਕੱਦਮੇ ਦੀ ਅਪੀਲ ਦੇ ਸਮਾਚਾਰ ਲਿਖੇ ਜਾਂਦੇ ਹਨ ਜੋ ਬੜੇ ਸਵਾਦੀ ਹਨ।

ਮਿਸਟਰ ਐਸਰ ਦੇ ਫ਼ੈਸਲੇ ਪਿਛੋਂ ਨਵਾਬ ਭੁਪਾਲ ਵਲੋਂ ਸੈਸ਼ਨ ਜੱਜ ਦਿੱਲੀ ਦੀ ਅਦਾਲਤ ਵਿਚ ਨਿਗਰਾਨੀ ਦਾਇਰ ਕੀਤੀ ਗਈ। ਜਿਸਦਾ ਭਾਵ ਇਹ ਸੀ ਕਿ ਦਾਅਵੇ ਦੇ ਚੁਤਾਲੀ ਗੁਆਹਾਂ ਦੇ ਭੁਗਤਾਉਣ ਪਿਛੋਂ ਦੀਵਾਨ ਸਿੰਘ ਵਿਰੁਧ ਫ਼ਰਦ ਜੁਰਮ ਲਗਣਾ ਚਾਹੀਦਾ ਹੈ। ਸਾਡੇ ਵਕੀਲ ਕਹਿੰਦੇ ਸਨ ਜਿਸ ਹਾਲਤ ਵਿਚ ਨਵਾਬ ਭੁਪਾਲ ਦੇ ਚੁਣੇ ਹੋਏ ਸਰਕਾਰ ਹਿੰਦ ਦੇ ਸਰਕਾਰੀ ਹਥਲਿਖਤ ਵਿਗਿਆਨੀ ਦੀ ਗਵਾਹੀ ਵੀ ਮੌਜੂਦ ਹੈ ਕਿ ਨਵਾਬ ਭੁਪਾਲ ਵਲੋਂ ਜਾਅਲੀ ਕਾਗਜ਼ ਅਦਾਲਤ ਵਿਚ ਪੇਸ਼ ਕੀਤੇ ਗਏ ਅਤੇ ਦਾਅਵੇਦਾਰ ਦੇ ਗਵਾਹ ਵੀ ਦੀਵਾਨ ਸਿੰਘ ਵਿਰੁਧ ਕੋਈ ਦੋਸ਼ ਸਾਬਤ ਨਹੀਂ ਕਰ ਸਕੇ ਇਸ ਲਈ ਕਾਨੂੰਨ ਦੇ ਜ਼ੋਰ ਦੀਵਾਨ ਸਿੰਘ ਨੂੰ ਡਿਸਚਾਰਜ ਹੋਣਾ ਚਾਹੀਦੈ। ਫਰਦ ਜੁਰਮ ਦੀ ਲੋੜ ਨਹੀਂ। ਇਹ ਮੁਕੱਦਮਾ ਮਿਸਟਰ ਬੈਕਟ ਆਈ. ਸੀ. ਐਸ. ਸੈਸ਼ਨ ਜੱਜ ਦੀ ਅਦਾਲਤ ਵਿਚ ਸੀ। ਮਿਸਟਰ ਐਸਰ ਦੀ ਅਦਾਲਤ ਵਿਚ ਤਾਂ ਭੁਪਾਲ ਵਲੋਂ ਮੁਕਦਮੇ ਦੇ ਇਨਚਾਰਜ ਵਕੀਲ ਖਾਨ ਬਹਾਦਰ ਅਬਦੁਲ ਰਹਿਮਾਨ ਸਨ, ਪਰ ਮਿਸਟਰ ਬੈਕਟ ਦੀ ਅਦਾਲਤ ਲਈ ਉਹਨਾਂ ਨੇ ਇਕ ਅੰਗਰੇਜ਼ ਮਿਸਟਰ ਕਾਰਡਨ ਨੋਡ



Digitized by Panjab Digital Library | www.panjabdigilib.org

ਬੈਰਿਸਟਰ ਨੂੰ ਢੇਰ ਸਾਰਾ ਰੁਪਿਆ ਦੇ ਕੇ ਵਕੀਲ ਕਰ ਲਿਆ। ਇਹ ਮਿਸਟਰ ਕਾਰਡਨ ਨੌਡ ਕਈ ਵਰ੍ਹਿਆਂ ਤਕ ਮਿਸਟਰ ਬੈਕਟ ਸੈਸ਼ਨ ਜੱਜ ਨਾਲ ਇਕੋ ਹੀ ਕੋਠੀ ਵਿਚ ਰਹਿੰਦੇ ਰਹੇ ਜਦ ਕਿ ਮਿਸਟਰ ਬੈਕਟ ਲਾਹੌਰ ਵਿਚ ਰਜਿਸਟਰਾਰ ਹਾਈ ਕੋਰਟ ਜਾਂ ਲੀਗਲ ਰੀਮੈਂਬਰੈਂਸਰ ਸਨ ਅਤੇ ਮਿਸਟਰ ਬੈਕਟ ਦੇ ਡੂੰਘੇ ਮਿਤ੍ਰ ਸਨ। ਮਿਸਟਰ ਕਾਰਡਨ ਨੌਡ ਦਾ ਵਕੀਲ ਹੋਣਾ ਸਾਡੇ ਦਿਲ ਵਿਚ ਸ਼ੰਕੇ ਉਤਪੰਨ ਕਰਨ ਦਾ ਕਾਰਨ ਹੋਣਾ ਚਾਹੀਦਾ ਸੀ, ਪ੍ਰੰਤੂ ਉਹਨਾਂ ਦਾ ਮਿਸਟਰ ਬੈਕਟ ਦੀ ਅਦਾਲਤ ਵਿਚ ਵਕੀਲ ਨੀਯਤ ਹੋਣਾ ਕਾਨੂੰਨ ਵਿਰੁਧ ਨਹੀਂ ਸੀ। ਅਸੀਂ ਕੀ ਕਰ ਸਕਦੇ ਸਾਂ। ਚੁਪ ਰਹੇ। ਮਿਸਟਰ ਬੈਕਟ ਤੇ ਕੋਈ ਦੂਸ਼ਨ ਥਪਨਾ ਵੀ ਠੀਕ ਨਹੀਂ ਸੀ। ਮੁਕਦਮਾ ਅਦਾਲਤ ਵਿਚ ਪੇਸ਼ ਹੋਇਆ ਅਤੇ ਮਿਸਟਰ ਕਾਰਡਨ ਨੌਡ ਮਿਸਟਰ ਬੈਕਟ ਦੀ ਅਦਾਲਤ ਵਿਚ ਆਏ ਤਾਂ ਮਿਸਟਰ ਬੈਕਟ ਨੇ ਅਦਾਲਤ ਵਿਚ ਹੀ ਕਿਹਾ ਕਿ ਮਿਸਟਰ ਕਾਰਡਨ ਨੌਡ ਉਹਨਾਂ ਦੇ ਮਿਤ੍ਰ ਹਨ ਅਤੇ ਉਹ ਚਾਹੁੰਦੇ ਹਨ ਕਿ ਰਾਤ ਨੂੰ ਮਿਸਟਰ ਕਾਰਡਨ ਨੌਡ ਨੂੰ ਆਪਣੇ ਘਰ ਡਿਨਰ ਤੇ ਬੁਲਾਉਣ। ਕਿਸੇ ਧਿਰ ਨੂੰ ਕਿੰਤੂ ਤਾਂ ਨਹੀਂ। ਜਿਥੋਂ ਤਕ ਸਾਡੇ ਸ਼ੰਕਿਆਂ ਦਾ ਸੰਬੰਧ ਸੀ ਮਿਸਟਰ ਬੈਕਟ ਦਾ ਮਿਸਟਰ ਕਾਰਡਨ ਨੌਡ ਨੂੰ ਆਪਣੀ ਕੋਠੀ ਨਿਉਤਾ ਦੇਣਾ ਨਹਿਲੇ ਤੇ ਦਹਿਲੇ ਵਾਲੀ ਗਲ ਸੀ। ਸਾਡੇ ਸ਼ੰਕਿਆਂ 'ਚ ਹੋਰ ਵਾਧਾ ਹੋਇਆ, ਪਰ ਮੁਕੱਦਮਾ ਅਦਾਲਤ ਵਿਚ ਪੇਸ਼ ਸੀ, ਸੈਸ਼ਨ ਜੱਜ ਤੇ ਦੂਸ਼ਨ ਕਿਵੇਂ ਲਾਉਂਦੇ ਅਸਾਂ ਵੀ ਬੇਦਿਲਿਆਂ ਜਿਹਾਂ ਆਖ ਦਿਤਾ ਕਿ ਸਾਨੂੰ ਮਿਸਟਰ ਕਾਰਡਨ ਨੌਡ ਦਾ ਤੁਹਾਡੇ ਘਰ ਡਿਨਰ ਤੇ ਜਾਣ ਦਾ ਕੀ ਇਤਰਾਜ਼ ਹੋ ਸਕਦਾ ਹੈ।

ਮਿਸਟਰ ਕਾਰਡਨ ਨੌਡ ਮਿਸਟਰ ਬੈਕਟ ਦੇ ਘਰ ਡਿਨਰ ਤੇ ਗਏ। ਮੁਕੱਦਮਾ ਉਸ ਪਿਛੋਂ ਕਈ ਦਿਨਾਂ ਤਕ ਚਲਦਾ ਰਿਹਾ, ਬਹਿਸ ਹੋਈ। ਬਹਿਸ ਪਿਛੋਂ ਮਿਸਟਰ ਬੈਕਟ ਨੇ ਮੁਕੱਦਮੇ ਦਾ ਫ਼ੈਸਲਾ ਐਡੀਟਰ "ਰਿਆਸਤ" ਦੇ ਵਿਰੁਧ ਦਿਤਾ ਅਤੇ ਫ਼ੈਸਲੇ ਵਿਚ ਲਿਖਿਆ ਕਿ ਦੀਵਾਨ ਸਿੰਘ ਤੇ ਚਾਰਜ ਸ਼ੀਟ —ਭਾਵ ਫ਼ਰਦ ਜੁਰਮ—ਲਾਇਆ ਜਾਏ ਅਤੇ ਫੇਰ ਦੀਵਾਨ ਸਿੰਘ ਵਲੋਂ ਸਫ਼ਾਈ ਪੇਸ਼ ਹੋ ਕੇ ਮੁਕੱਦਮੇ ਦਾ ਫ਼ੈਸਲਾ ਹੋਵੇ।

ਮਿਸਟਰ ਬੈਕਟ ਦੇ ਇਸ ਫ਼ੈਸਲੇ ਵਿਰੁਧ ਅਸੀਂ ਹਾਈ ਕੋਰਟ ਵਿਚ ਪਹੁੰਚੇ। ਉਥੇ ਨਿਗਰਾਨੀ ਦਾਖਲ ਕੀਤੀ। ਰਜਿਸਟਰਾਰ ਨੇ ਇਹ ਮੁਕੱਦਮਾ ਬਖਸ਼ੀ ਸਰ ਟੇਕ ਚੰਦ ਜੱਜ ਹਾਈ ਕੋਰਟ ਦੀ ਅਦਾਲਤ ਵਿਚ ਚਲਣ ਲਈ ਭੇਜ ਦਿਤਾ। ਉਨ੍ਹਾਂ ਦਿਨਾਂ ਵਿਚ ਹਾਈ ਕੋਰਟ ਦੇ ਪਕੇ ਚੀਫ਼ ਜੱਜ ਸਰ ਸ਼ਾਦੀ ਲਾਲ ਇਕ ਕਾਨੂੰਨੀ ਕਮਿਸ਼ਨ ਦੇ ਸਿਲਸਲੇ ਵਿਚ ਵਲਾਇਤ ਗਏ ਹੋਏ ਸਨ ਅਤੇ ਆਰਜ਼ੀ



Digitized by Panjab Digital Library | www.panjabdigilib.org

ਚੀਫ਼ ਜਸਟਿਸ ਇਕ ਅੰਗਰੇਜ਼ ਸਰ ਐਲਨ ਬਰਾਡਵੇ ਸਨ। ਜਿਨ੍ਹਾਂ ਬਾਰੇ ਸਾਡੇ ਕੋਲ ਇਤਲਾਹ ਸੀ ਕਿ ਉਹ ਵੀ ਮਿਸਟਰ ਕਾਰਡਨ ਨੌਡ ਦੇ ਮਿਤ੍ਰ ਹਨ, ਪਰ ਸਾਨੂੰ ਕੀ ਪ੍ਰਵਾਹ ਸੀ ਜਦ ਕਿ ਮੁਕੱਦਮਾ ਬਖ਼ਸ਼ੀ ਟੇਕ ਚੰਦ ਦੀ ਅਦਾਲਤ ਵਿਚ ਲਗ ਚੁਕਾ ਸੀ ਅਤੇ ਨਿਆਂ ਤੇ ਸਿਆਣਪ ਦੇ ਲਿਹਾਜ਼ ਨਾਲ ਬਖਸ਼ੀ ਸਾਹਿਬ ਸ਼ਾਇਦ ਸਾਰੇ ਜੱਜਾਂ ਵਿਚੋਂ ਇਕ ਖਾਸੀ ਚੰਗੀ ਹੈਸੀਅਤ ਦੇ ਮਾਲਕ ਸਨ। ਭੂਪਾਲ ਵਾਲਿਆਂ ਨੂੰ ਜਦ ਇਹ ਪਤਾ ਲਗਾ ਕਿ ਮੁਕੱਦਮਾ ਬਖਸ਼ੀ ਟੇਕ ਚੰਦ ਦੀ ਅਦਾਲਤ ਵਿਚ ਲਗ ਚੁਕਾ ਹੈ ਤਾਂ ਉਹਨਾਂ ਨੇ ਕੋਸ਼ਸ਼ ਕਰਕੇ ਮੁਕੱਦਮਾ ਸਰ ਐਲਨ ਬਰਾਡਵੇ ਦੀ ਅਦਾਲਤ ਵਿਚ ਲਗਵਾ ਲਿਆ ਅਤੇ ਅਦਾਲਤ ਦੀ ਇਸ ਬਦਲੀ ਦਾ ਹੁਕਮ ਸਰ ਐਲਨ ਬਰਾਡਵੇ ਨੇ ਆਪ ਬਤੌਰ ਆਰਜ਼ੀ ਚੀਫ਼ ਜਸਟਿਸ ਦੇ ਦਿਤਾ। ਚੀਫ਼ ਜਸਟਿਸ ਦਾ ਹੁਕਮ ਹਾਈ ਕੋਰਟ ਵਿਚ ਰਬੀ ਹੁਕਮ ਦੀ ਹੈਸੀਅਤ ਰਖਦਾ ਹੈ ਕਿਉਂਕਿ ਉਸ ਪਿਛੋਂ ਅਪੀਲ ਲਈ ਕੋਈ ਰਤੀ ਮਾਸਾ ਥਾਂ ਨਹੀਂ ਰਹਿ ਜਾਂਦੀ। ਹਰ ਅਪਰਾਧੀ ਭਾਵੇਂ ਉਹ ਦਿਲ ਵਿਚ ਕੀ ਕੁਝ ਸਮਝਦਾ ਹੋਵੇ ਇਸ ਹੁਕਮ ਅਗੇ ਸਿਰ ਨਿਵਾਉਣ ਲਈ ਮਜਬੂਰ ਹੈ। ਸੋ ਅਸੀਂ ਵੀ ਬੇਵਸ ਸਾਂ। ਦਿੱਲੀ ਵਿਚ ਅਪੀਲ ਹੋਈ ਤਾਂ ਮਿਸਟਰ ਬੈਕਟ ਸੈਸ਼ਨ ਜੱਜ ਦੇ ਨਿਜੀ ਮਿਤ੍ਰ ਮਿਸਟਰ ਕਾਰਡਨ ਨੌਡ, ਅਤੇ ਹੁਣ ਹਾਈ ਕੋਰਟ ਵਿਚ ਆਏ ਹਾਂ ਤਾਂ ਮੁਕੱਦਮਾ ਬਖਸ਼ੀ ਟੇਕ ਚੰਦ ਦੀ ਅਦਾਲਤ ਵਿਚੋਂ ਸਰ ਐਲਨ ਬਰਾਡਵੇ ਆਪਣੀ ਅਦਾਲਤ ਵਿਚ ਲੈ ਗਏ ਅਤੇ ਮਿਸਟਰ ਕਾਰਡਨ ਨੌਡ ਸਰ ਐਲਨ ਦੇ ਮਿਤ੍ਰ। ਹੁਣ ਅਸੀਂ ਕੀ ਕਰ ਸਕਦੇ ਸਾਂ। ਬੜਾ ਸੋਚਿਆ ਇਸ ਰੋਗ ਦਾ ਦਾਰੂ ਸਮਝ 'ਚ ਨਹੀਂ ਸੀ ਆਉਂਦਾ। ਆਖਰ ਮਜਬੂਰ ਹੋ ਕੇ ਅਸਾਂ ਇਹ ਫ਼ੈਸਲਾ ਕੀਤਾ ਕਿ ਮੁਕੱਦਮਾ ਅੰਗਰੇਜ਼ ਜੱਜ ਦੀ ਅਦਾਲਤ ਵਿਚ ਹੋਵੇਗਾ, ਦਾਅਵਾ ਕਰਨ ਵਾਲਿਆਂ ਦੇ ਵਕੀਲ ਅੰਗਰੇਜ਼। ਇਸ ਲਈ ਇਸ ਅੰਗਰੇਜ਼ੀ ਵਿਸ਼ ਦੇ ਅਸਰ ਨੂੰ ਕੁਝ ਨਰਮ ਕਰਨ ਲਈ ਅਸੀਂ ਵੀ ਕੋਈ ਅੰਗਰੇਜ਼ ਵਕੀਲ ਕਰ ਲਈਏ ਤਾਕਿ ਮਿਸਟਰ ਕਾਰਡਨ ਨੌਡ ਦਾ ਕੇਵਲ ਅੰਗਰੇਜ਼ ਹੋਣ ਦੇ ਨਾਤੇ ਪ੍ਰਭਾਵ ਸੰਭਵ ਹੋਵੇ—ਮੈਂ ਮਿਸਟਰ ਕਾਰਡਨ ਨੌਡ ਤੇ ਕੋਈ ਦੂਸ਼ਨ ਨਹੀਂ ਥਪ ਰਿਹਾ ਕੇਵਲ ਆਪਣੇ ਮਨ ਦੀ ਹਾਲਤ ਅਤੇ ਸ਼ੰਕੇ ਦਸ ਰਿਹਾ ਹਾਂ—ਤਾਂ ਉਹ ਪ੍ਰਭਾਵ ਕਿਸੇ ਹਦ ਤਕ ਘਟ ਸਕੇ। ਉਸ ਜ਼ਮਾਨੇ 'ਚ ਅੰਗਰੇਜ਼ ਵਕੀਲਾਂ 'ਚੋਂ ਸਭ ਤੋਂ ਵਧੇਰੇ ਸਿਆਣਾ ਵਕੀਲ ਮਿਸਟਰ ਪਿਟਮੈਨ ਸਤ੍ਹਰ ਸਾਲ ਦੇ ਬ੍ਰਿਧ, ਪਰ ਬੜੇ ਮਿਹਨਤੀ, ਬੜੇ ਸਿਆਣੇ ਅਤੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸਨ। ਉਹ ਪੰਜਾਬ ਦੇ ਸਾਜ਼ਸ਼ ਆਦਿ ਦੇ ਵਡੇ ਮੁਕੱਦਮਿਆਂ ਵਿਚ ਸਰਕਾਰੀ ਵਕੀਲ ਦੇ ਤੌਰ ਤੇ ਅਪਰਾਧੀਆਂ ਦੇ ਵਕੀਲ ਦੀ ਹੈਸੀਅਤ ਵਿਚ ਪੈਰਵਾਈ ਕਰ ਚੁਕੇ ਸਨ ਅਤੇ ਸ਼ਾਇਦ ਜੱਜ ਹਾਈ



Digitized by Panjab Digital Library | www.panjabdigilib.org

ਕੋਰਟ ਵੀ ਰਹੇ । ਮਿਸਟਰ ਪਿਟਮੈਨ ਉਹਨਾਂ ਦਿਨਾਂ ਵਿਚ ਫਲੈਟੀ ਹੋਟਲ ਦੀ ਉਪਰਲੀ ਛਤ ਦੇ ਕਮਰਿਆਂ ਵਿਚ ਪਕੀ ਰਿਹਾਇਸ਼ ਰਖਦੇ ਸਨ । ਐਡੀਟਰ "ਰਿਆਸਤ" ਅਤੇ ਸਰਦਾਰ ਬਹਾਦਰ ਭਗਵਾਨ ਸਿੰਘ ਫਲੈਟੀ ਹੋਟਲ ਪਹੁੰਚੇ । ਮਿਸਟਰ ਪਿਟਮੈਨ ਨੂੰ ਮਿਲੇ । ਮਿਸਟਰ ਪਿਟਮੈਨ ਦੀ ਫੀਸ ਪੰਜ ਸੌ ਰੁਪਏ ਪ੍ਰਤੀ ਦਿਨ ਸੀ । ਉਹਨਾਂ ਪੁਛਿਆ ਕਿ ਮੁਕੱਦਮਾ ਕੀ ਹੈ ਤਾਂ ਉਤਰ ਦਿਤਾ ਗਿਆ, ਹਤਕ ਦਾ ਮੁਕੱਦਮਾ ਹੈ ਅਤੇ ਉਸ ਦੀ ਹਾਈ ਕੋਰਟ ਵਿਚ ਨਿਗਰਾਨੀ ਹੈ । ਮਿਸਟਰ ਪਿਟ-ਮੈਨ ਨੇ ਜਾਤਾ ਇਕ ਦੋ ਘੰਟਿਆਂ ਦਾ ਕੰਮ ਹੈ ਅਤੇ ਕੁਝ ਮਿੰਟ ਮਿਸਲ ਨੂੰ ਵੇਖਣ ਤੇ ਲਗਣਗੇ । ਉਹਨਾਂ ਕਿਹਾ ਪੰਜ ਸੌ ਰੁਪਏ ਫੀਸ ਹੋਵੇਗੀ । ਅਸਾਂ ਕਿਹਾ ਬਹੁਤ ਚੰਗਾ । ਪੰਜ ਸੌ ਰੁਪਏ ਫ਼ੀਸ ਅਤੇ ਪੰਜਾਹ ਰੁਪਏ ਮੁਨਸ਼ੀਆਨਾ ਅਸਾਂ ਦੇ ਦਿਤਾ । ਅਤੇ ਇਹ ਇਕਰਾਰ ਕਰਕੇ ਤੁਰ ਆਏ ਕਿ ਸ਼ਾਮ ਤਕ ਮਿਸਲ ਦੀ ਨਕਲ ਭੇਜ ਦਿਆਂਗੇ । ਸਰਦਾਰ ਬਹਾਦਰ ਭਗਵਾਨ ਸਿੰਘ—ਬੈਰਿਸਟਰ ਅਜਮੇਰ – ਜਿਹੜੇ ਮਿਸਟਰ ਤੋਕਲੀ ਨਾਲ ਮੇਰੇ ਵਕੀਲ ਸਨ । ਮੁਕੱਦਮੇ ਦੀ ਮਿਸਲ ਦੇ ਕੀੜੇ ਹਨ ਅਤੇ ਸ਼ਾਇਦ ਸਾਰੇ ਭਾਰਤ ਵਿਚ ਕੋਈ ਵਕੀਲ ਵੀ ਏਨਾ ਹੁਸ਼ਿਆਰ, ਦੀਰਘ ਦਰਿਸ਼ਟੀ ਵਾਲਾ ਤੇ ਮਿਹਨਤੀ ਨਾ ਹੋਵੇਗਾ । ਇਹ ਅਨਹੋਣੀ ਗਲ ਸੀ ਕਿ ਇਕ ਕਾਗਜ਼ ਦਾ ਪੁਰਜ਼ਾ ਵੀ ਅਦਾਲਤ ਦੀ ਮਿਸਲ ਵਿਚ ਹੋਵੇ ਅਤੇ ਉਸ ਦੀ ਪੜਤਾਲੀ ਹੋਈ ਨਕਲ ਸਾਡੇ ਕੋਲ ਨਾ ਹੋਵੇ । ਇਸ ਮੁਕਦਮੇ ਦੀ ਮਿਸਲ ਵੀ ਇਕ ਹਜ਼ਾਰ ਸਫ਼ਿਆਂ ਤੋਂ ਵਧੇਰੇ ਸੀ ਕਿਉਂਕਿ ਮੁਕੱਦਮੇ ਦੀ ਕਾਰਗੁਜ਼ਾਰੀ, ਚੁਤਾਲੀ ਗਵਾਹਾਂ ਦੇ ਬਿਆਨ ਅਤੇ ਇਕ ਇਕ ਗਵਾਹ ਤੇ ਕਈ ਕਈ ਸਾਤੇ ਟੀਕਾ ਟਿਪਣੀ । ਸ਼ਾਮ ਨੂੰ ਅਸਾਂ ਮਿਸਲ ਦੀ ਪੂਰੀ ਪੂਰੀ ਨਕਲ ਮਿਸਟਰ ਪਿਟਮੈਨ ਨੂੰ ਭੇਜ ਦਿਤੀ । ਤਾਕਿ ਉਹ ਪੰਜਾਂ ਸਤਾਂ ਦਿਨਾਂ ਵਿਚ ਆਰਾਮ ਨਾਲ ਇਸ ਦਾ ਅਧਿਅਨ ਕਰ ਲੈਣ । ਅਸੀਂ ਵਾਪਸ ਦਿੱਲੀ ਮੁੜ ਆਏ ਕਿਉਂਕਿ ਮੁਕੱਦਮੇ ਦੀ ਪੇਸ਼ੀ ਵਿਚ ਅਜੇ ਕੁਝ ਦਿਨ ਰਹਿੰਦੇ ਸਨ ।

ਦਿੱਲੀ ਪਹੁੰਚ ਕੇ ਐਡੀਟਰ "ਰਿਆਸਤ" ਸਰ ਐਲਨ ਬਰਾਡਵੇ ਦੀ ਅਦਾ-ਲਤ ਵਲੋਂ ਨਿਸਚਿੰਤ ਨਹੀਂ ਸੀ । ਸੋਚਦਾ ਰਿਹਾ ਕਿ ਕੀ ਕਰਨਾ ਚਾਹੀਦਾ ਹੈ । ਆਖਰ ਮੈਂ ਆਪਣੇ ਇਰਾਦੇ ਦੀ ਪੂਰੀ ਸ਼ਕਤੀ ਨਾਲ ਫ਼ੈਸਲਾ ਕੀਤਾ ਕਿ ਸਿੱਟਾ ਭਾਵੇਂ ਕੁਝ ਨਿਕਲੇ ਭਾਵੇਂ ਅਦਾਲਤ ਦੀ ਹਤਕ ਦੇ ਦੋਸ਼ ਵਿਚ ਵੀ ਕੈਦ ਹੋ ਜਾਏ, ਜਦੋਂ ਸਰ ਐਲਨ - ਬਰਾਡਵੇ ਦੀ ਅਦਾਲਤ ਵਿਚ ਜਾਵਾਂਗਾ ਤਾਂ ਮੁਕਦਮੇ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਖੁਲ੍ਹਿਆਂ ਸ਼ਬਦਾਂ ਵਿਚ ਅਦਾਲਤ ਨੂੰ ਸੰਬੋਧਨ ਕਰਕੇ ਆਖਾਂਗਾ ਕਿ ਕਿਉਂਕਿ ਸਰ ਐਲਨ ਬਰਾਡਵੇ ਨੇ ਆਪ ਹੀ ਮੁਕੱਦਮਾ ਜਸਟਿਸ ਬਖ਼ਸ਼ੀ ਟੇਕ ਚੰਦ ਦੀ ਅਦਾਲਤ 'ਚੋਂ ਬਦਲਾ ਕੇ ਆਪਣੀ ਅਦਾਲਤ

ਵਿਚ ਲੈ ਆਂਦਾ ਹੈ, ਮੈਨੂੰ ਇਸ ਅਦਾਲਤ ਦੇ ਨਿਆਂ ਤੇ ਭਰੋਸਾ ਨਹੀਂ। ਮੈਂ ਅਦਾਲਤ ਕੋਲ ਬੇਨਤੀ ਕਰਦਾ ਹਾਂ ਕਿ ਮੁਕੱਦਮਾ ਹਾਈ ਕੋਰਟ ਦੇ ਕਿਸੇ ਦੂਜੇ ਜੱਜ ਕੋਲ ਭੇਜਿਆ ਜਾਏ। ਜੇਕਰ ਇਹ ਅਦਾਲਤ ਨੂੰ ਪ੍ਰਵਾਨ ਨਹੀਂ ਤਾਂ ਮੈਂ ਸਹਿਯੋਗ ਨਹੀਂ ਕਰਾਂਗਾ। ਅਦਾਲਤ ਜੋ ਚਾਹੇ ਮੁਕੱਦਮੇ ਦਾ ਫ਼ੈਸਲਾ ਦੇ ਦੇਵੇ। ਮੈਂ ਮੁਕੱਦਮੇ ਦੀ ਕਾਰਵਾਈ ਵਿਚ ਹਿਸਾ ਨਹੀਂ ਲਵਾਂਗਾ ਅਤੇ ਮੈਂ ਇਸ ਹੱਤਕ-ਅਦਾਲਤ ਦੇ ਅਪਰਾਧ ਦਾ ਡੰਡ ਭੁਗਤਾਣ ਲਈ ਵੀ ਤਿਆਰ ਹਾਂ।

ਮੈਂ ਇਹ ਪਲਾਂਘ ਪੁਟਣ ਦੀ ਪਕੀ ਧਾਰ ਲਈ ਹਾਲਾਂਕਿ ਜਾਣਦਾ ਸਾਂ ਕਿ ਹਾਈ ਕੋਰਟ ਹਤਕ ਅਦਾਲਤ ਦੇ ਅਪਰਾਧ ਵਿਚ ਬੜਾ ਕਰੜਾ ਡੰਡ ਦੇ ਸਕਦੀ ਹੈ। —ਪਾਠਕਾਂ ਨੂੰ ਚੇਤੇ ਹੋਵੇਗਾ ਸੁਰਗਵਾਸੀ ਲਾਲਾ ਹਰਕਿਸ਼ਨ ਲਾਲ ਨੂੰ ਚੀਫ਼ ਜਸਟਿਸ ਹਾਈ ਕੋਰਟ ਲਾਹੌਰ ਨੇ ਹੱਤਕ ਅਦਾਲਤ ਦੇ ਅਪਰਾਧ ਵਿਚ ਉਮਰ ਕੈਦ ਦਾ ਡੰਡ ਦਿਤਾ ਸੀ—।

ਅਜੇ ਮੁਕੱਦਮੇ ਦੀ ਪੇਸ਼ੀ ਵਿਚ ਇਕ ਸਾਤੇ ਦੇ ਲਗ ਪਗ ਦਿਨ ਸਨ। ਚੰਗੇ ਭਾਗਾਂ ਦੀ ਨਿਸ਼ਾਨੀ ਸਮਝੋ ਜਾਂ ਕੁਦਰਤ ਦੀ ਖੇਡ ਕਿ ਸਵੇਰੇ ਮੈਂ "ਸਟੇਟਸਮੈਨ" ਵੇਖਿਆ, ਉਸ ਵਿਚ ਐਸੋਸੀਏਟਡ ਪ੍ਰੈਸ ਦੀ ਇਕ ਤਾਰ ਸੀ ਕਿ ਲੰਦਨ ਦੇ ਉਸ ਕਾਨੂੰਨੀ ਕਮਿਸ਼ਨ ਦਾ ਕੰਮ ਆਸ ਵਿਰੁਧ ਛੇਤੀ ਮੁਕ ਗਿਆ ਹੈ ਜਿਸ ਵਿਚ ਸਰ ਸ਼ਾਦੀ ਲਾਲ ਚੀਫ ਜਸਟਿਸ ਮੈਂਬਰ ਸਨ ਅਤੇ ਸਰ ਸ਼ਾਦੀ ਲਾਲ ਜਹਾਜ਼ ਰਾਹੀਂ ਅਜ ਵਾਪਸ ਬੰਬਈ ਪਹੁੰਚ ਗਏ ਹਨ। ਸ਼ਾਮ ਨੂੰ ਫਰੰਟੀ-ਅਰ ਮੇਲ ਵਿਚ ਪੰਜਾਬ ਚਲ ਪੈਣਗੇ। ਇਸ ਖ਼ਬਰ ਨੂੰ ਪੜ੍ਹਦਿਆਂ ਹੀ ਮਨ ਵਿਚ ਕਈ ਪ੍ਰਕਾਰ ਦੇ ਵਿਚਾਰਾਂ ਦਾ ਝਖੜ ਝੁਲਣਾ ਸ਼ੁਰੂ ਹੋ ਗਿਆ ਕਿ ਹੁਣ ਕੀ ਕਰਨਾ ਚਾਹੀਦਾ ਹੈ। ਸਰ ਸ਼ਾਦੀ ਲਾਲ ਵਾਪਸ ਆ ਗਏ ਹਨ। ਮੁਕੱਦਮਾ ਸਰ ਐਲਨ ਬਰਾਡਵੇ ਦੀ ਅਦਾਲਤ ਚੋਂ ਕਢਵਾਇਆ ਜਾ ਸਕਦਾ ਹੈ ਜਾਂ ਨਹੀਂ ਆਦਿ। ਮੈਂ ਇਸ ਤੋਂ ਪਹਿਲਾਂ ਲਿਖ ਚੁਕਾ ਹਾਂ ਕਿ ਜਦ ਕੋਈ ਵੀ ਮੁਸ਼ਕਲ ਸਾਹਮਣੇ ਆਵੇ ਮੈਨੂੰ ਉਸ ਵੇਲੇ ਤਕ ਬੜੀ ਬੇਚੈਨੀ ਜਿਹੀ ਰਹਿੰਦੀ ਹੈ ਜਦ ਤਕ ਕਿ ਉਸ ਮੁਸ਼ਕਲ ਦਾ ਹਲ ਅਤੇ ਉਸ ਹਲ ਦਾ ਪ੍ਰੋਗਰਾਮ ਨਾ ਤਿਆਰ ਕਰ ਲਵਾਂ। ਇਸ ਅਵਸਥਾ ਵਿਚ ਮੈਥੋਂ ਨਾ ਕੋਈ ਕੰਮ ਹੋ ਸਕਦਾ ਹੈ ਅਤੇ ਨਾ ਮੈਂ ਕੋਈ ਲੇਖ ਲਿਖ ਸਕਦਾ ਹਾਂ। ਜਦ ਕੋਈ ਸੁਝਾਉ ਲਭ ਲਵਾਂ ਅਤੇ ਉਸ ਸੁਝਾਉ ਨੂੰ ਨੇਪਰੇ ਚਾੜ੍ਹਨ ਦੀ ਬਣਤ ਬਣਾ ਲਵਾਂ ਤਾਂ ਫਿਰ ਪੂਰੀ ਤਰ੍ਹਾਂ ਅਰਾਸਤਾ ਹੋ ਕੇ ਆਪਣਾ ਕੰਮ ਸ਼ੁਰੂ ਕਰ ਦਿੰਦਾ ਹਾਂ। ਮੈਂ ਇਸ ਖ਼ਬਰ ਨੂੰ ਸਵੇਰੇ ਛੇ ਵਜੇ ਦੇ ਲਗ ਪਗ ਪੜ੍ਹਿਆ। ਦੁਪਹਿਰ ਦੇ ਦੋ ਵਜੇ ਤਕ ਚਿੰਤਾਤੁਰ ਰਿਹਾ ਅਤੇ ਵਿਚਾਰਦਾ ਰਿਹਾ ਕਿ ਕੀ ਕਰਨਾ ਚਾਹੀਦਾ ਹੈ। ਆਖਰ ਨਿਸ਼ਚਾ ਕੀਤਾ ਕਿ ਸਾਰੀਆਂ ਘਟਨਾਵਾਂ ਬਾਰੇ



Digitized by Panjab Digital Library | www.panjabdigilib.org

ਸਰ ਸ਼ਾਦੀ ਲਾਲ ਨੂੰ ਸੂਚਨਾ ਭੇਜੀ ਜਾਏ। ਇਸ ਪ੍ਰਕਾਰ ਮੈਂ ਸਰ ਸ਼ਾਦੀ ਲਾਲ ਨੂੰ ਇਕ ਚਿਠੀ ਲਿਖੀ ਜਿਸ ਵਿਚ ਮੁਕੱਦਮੇ ਦੇ ਵੇਰਵੇ ਸਹਿਤ ਸਮਾਚਾਰ ਸਨ। ਮਿਸਟਰ ਐਸਰ ਦਾ ਫ਼ੈਸਲਾ, ਚੁਤਾਲੀ ਗਵਾਹਾਂ ਦੀਆਂ ਗਵਾਹੀਆਂ। ਸਰਕਾਰ ਹਿੰਦ ਦੇ ਹਥ ਲਿਖਤ ਵਿਗਿਆਨੀ ਦੀ ਗਵਾਹੀ। ਮਿਸਟਰ ਬੈਕਟ ਦੀ ਅਦਾਲਤ ਵਿਚ ਮਿਸਟਰ ਕਾਰਡਨ ਨੋਡ ਦਾ ਵਕੀਲ ਨੀਯਤ ਹੋਣਾ। ਅਦਾਲਤ ਵਿਚ ਡਿਨਰ ਦਾ ਵਰਣਨ। ਹਾਈ ਕੋਰਟ ਵਿਚ ਮੁਕੱਦਮਾ ਬਖ਼ਸ਼ੀ ਟੇਕ ਚੰਦ ਦੀ ਅਦਾਲਤ ਵਿਚ ਜਾਣਾ ਅਤੇ ਉਥੋਂ ਮੁਕੱਦਮਾ ਮਿਸਟਰ ਐਲਨ ਬਰਾਡਵੇ ਦਾ ਚੀਫ ਜਸਟਿਸ ਦੇ ਤੌਰ ਤੇ ਆਪਣੀ ਅਦਾਲਤ ਵਿਚ ਮੰਗਵਾਉਣਾ ਆਦਿ ਅਤੇ ਨਾਲ ਇਹ ਵੀ ਲਿਖਿਆ ਕਿ ਪੇਸ਼ੀ ਵਾਲੇ ਦਿਨ ਅਦਾਲਤ ਦੀ ਹੱਤਕ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਅਤੇ ਅਦਾਲਤ ਨੂੰ ਸੰਬੋਧਨ ਕਰਦਿਆਂ ਹੋਇਆਂ ਜਸਟਿਸ ਐਲਨ ਤੇ ਖੁਲ੍ਹੇ ਸ਼ਬਦਾਂ ਵਿਚ ਪਖਪਾਤੀ ਦਾ ਦੂਸ਼ਨ ਲਾਵਾਂਗਾ ਅਤੇ ਆਖਾਂਗਾ ਕਿ ਇਸ ਅਦਾਲਤ ਜਾਂ ਹਾਈ ਕੋਰਟ ਤੋਂ ਮੈਨੂੰ ਨਿਆਂ ਦੀ ਆਸ ਨਹੀਂ। ਇਹ ਚਿਠੀ ਸ਼ਾਇਦ ਸੋਲਾਂ ਸਫ਼ਿਆਂ ਦੀ ਸੀ ਅਤੇ "ਰਿਆਸਤ" ਦੇ ਫ਼ਾਰਮਾਂ ਤੇ ਸੀ। ਮੈਂ ਚਿਠੀ ਲਿਖਣ ਉਪ੍ਰੰਤ ਫੇਰ ਪੜ੍ਹਿਆ, ਬੰਦ ਕੀਤਾ, ਉਸ ਤੇ ਟਿਕਟਾਂ ਲਾਈਆਂ ਅਤੇ ਆਦਮੀ ਹਥ ਸਾਢੇ ਤਿੰਨ ਵਜੇ ਦੇ ਕਰੀਬ ਰਜਿਸਟਰੀ ਲਈ ਡਾਕਖਾਨੇ ਭੇਜ ਦਿਤੀ। ਉਸ ਦੀ ਰਸੀਦ ਮੇਰੇ ਕੋਲ ਆ ਗਈ। ਭਾਵ ਜਿਸ ਸ਼ਾਮ ਨੂੰ ਅਤੇ ਜਿਸ ਫਰੰਟੀਅਰ ਮੇਲ ਵਿਚ ਜਸਟਿਸ ਸਰ ਸ਼ਾਦੀ ਲਾਲ ਦਿੱਲੀ ਤੋਂ ਲੰਘੇ, ਉਸੇ ਸ਼ਾਮ ਅਤੇ ਉਸੇ ਫਰੰਟੀਅਰ ਮੇਲ ਵਿਚ ਮੇਰੀ ਰਜਿਸਟਰੀ ਲਾਹੌਰ ਗਈ। ਸਰ ਸ਼ਾਦੀ ਲਾਲ ਅਠ ਨੌਂ ਵਜੇ ਦੇ ਕਰੀਬ ਲਾਹੌਰ ਪਹੁੰਚੇ ਅਤੇ ਦੁਪਹਿਰ ਨੂੰ ਬਾਰਾਂ ਵਜੇ ਇਹ ਰਜਿਸਟਰੀ ਚਿਠੀ ਉਹਨਾਂ ਦੇ ਹਥਾਂ 'ਚ ਪਹੁੰਚ ਗਈ।

ਜਸਟਿਸ ਸਰ ਸ਼ਾਦੀ ਲਾਲ ਨੇ ਅਗਲੇ ਦਿਨ ਚੀਫ਼ ਜਸਟਿਸ ਦੀ ਪਦਵੀ ਦਾ ਚਾਰਜ ਸਰ ਐਲਨ ਬਰਾਡਵੇ ਤੋਂ ਲਿਆ। ਚਾਰਜ ਲੈਣ ਪਿਛੋਂ ਉਹਨਾਂ ਨੇ ਡਿਪਟੀ ਰਜਿਸਟਰਾਰ—ਜਿਹੜਾ ਅੰਗਰੇਜ਼ ਸੀ ਅਤੇ ਜੋ ਮੁਕੱਦਮਿਆਂ ਨੂੰ ਅਦਾਲਤਾਂ ਦੇ ਹਵਾਲੇ ਕਰਨ ਅਤੇ ਬਦਲਣ ਦਾ ਜ਼ਿਮੇਂਵਾਰ ਸੀ। ਮੈਂ ਉਸ ਡਿਪਟੀ ਰਜਿਸ-ਟਰਾਰ ਦਾ ਨਾਂ ਭੁਲ ਗਿਆ ਹਾਂ—ਨੂੰ ਆਪਣੇ ਕੋਲ ਬੁਲਾਇਆ ਅਤੇ ਇਸ ਮੁਕੱਦਮੇ ਬਾਰੇ ਅਦਾਲਤ ਦੀ ਤਬਦੀਲੀ ਦੇ ਸਮਾਚਾਰ ਪਤਾ ਕੀਤੇ। ਡਿਪਟੀ ਰਜਿਸਟਰਾਰ ਨੇ ਸਾਰੇ ਸਮਾਚਾਰ ਭਾਵ ਪਹਿਲਾਂ ਇਹ ਮੁਕੱਦਮਾ ਬਖਸ਼ੀ ਟੇਕ ਚੰਦ ਦੀ ਅਦਾਲਤ ਵਿਚ ਲਗਨਾ ਅਤੇ ਪਿਛੋਂ ਸਰ ਐਲਨ ਦੇ ਹੁਕਮ ਨਾਲ ਸਰ ਐਲਨ ਬਰਾਡਵੇ ਦੀ ਅਦਾਲਤ ਵਿਚ ਚਲੇ ਜਾਣਾ ਆਦਿ ਦਸੇ। ਇਹ ਸਮਾਚਾਰ ਸੁਣਨ ਪਿਛੋਂ ਸਰ ਸ਼ਾਦੀ ਲਾਲ ਨੇ ਹੁਕਮ ਦਿਤਾ ਕਿ ਮਿਸਲ ਉਹਨਾਂ ਕੋਲ ਭੇਜੀ



Digitized by Panjab Digital Library | www.panjabdigilib.org

ਜਾਏ ਉਹ ਮਿਸਲ ਦੇਖਣਾ ਚਾਹੁੰਦੇ ਹਨ। ਸਰ ਸ਼ਾਦੀ ਲਾਲ ਤਿੰਨ ਦਿਨ ਤਕ ਮਿਸਲ ਨੂੰ ਵੇਖਦੇ ਰਹੇ ਅਤੇ ਵੇਖਣ ਪਿਛੋਂ ਮਿਸਲ ਤੇ ਹੁਕਮ ਲਿਖਿਆ ਕਿ ਮੁਕੱਦਮਾ ਜਸਟਿਸ ਸਰ ਐਲਨ ਬਰਾਡਵੇ ਦੀ ਅਦਾਲਤ 'ਚੋਂ ਫਿਰ ਜਸਟਿਸ ਬਖਸ਼ੀ ਟੇਕ ਚੰਦ ਦੀ ਅਦਾਲਤ ਵਿਚ ਹੀ ਤਬਦੀਲ ਕਰ ਦਿਤਾ ਜਾਏ। ਇਸ ਪ੍ਰਕਾਰ ਮਿਸਲ ਬਖਸ਼ੀ ਟੇਕ ਚੰਦ ਦੀ ਅਦਾਲਤ ਵਿਚ ਭੇਜ ਦਿਤੀ ਗਈ।

ਮੁਕੱਦਮੇ ਦੀ ਪੇਸ਼ੀ ਤੋਂ ਦੋ ਦਿਨ ਪਹਿਲਾਂ ਮੈਂ, ਮਿਸਟਰ ਤੋਕਲੀ ਅਤੇ ਸਰਦਾਰ ਬਹਾਦਰ ਭਗਵਾਨ ਸਿੰਘ ਲਾਹੌਰ ਪਹੁੰਚ ਗਏ। ਇੰਪੀਰੀਅਲ ਹੋਟਲ ਵਿਚ ਠਹਿਰੇ। ਮਿਸਟਰ ਪਿਟਮੈਨ ਨੂੰ ਮਿਲੇ ਤਾਂ ਮਿਸਟਰ ਪਿਟਮੈਨ ਨੇ ਆਖਿਆ ਕਿ ਉਹਨਾਂ ਨੂੰ ਪਤਾ ਨਹੀਂ ਸੀ ਕਿ ਮਿਸਲ ਇਕ ਹਜ਼ਾਰ ਸਫ਼ਿਆਂ ਤੋਂ ਵੀ ਵਧੇਰੇ ਹੈ ਅਤੇ ਇਸ ਦਾ ਅਧਿਅਨ ਕਰਦੇ ਹੋਇਆਂ ਉਹਨਾਂ ਨੂੰ ਸਤ ਦਿਨ ਲਗੇ ਹਨ। ਜੇਕਰ ਇਹ ਪਤਾ ਹੁੰਦਾ ਕਿ ਮਿਸਲ ਏਨੀ ਨਿਗਰ ਹੈ ਅਤੇ ਏਨੀ ਮਿਹਨਤ ਕਰਨੀ ਪਵੇਗੀ ਤਾਂ ਉਹ ਘਟ ਤੋਂ ਘਟ ਪੰਜ ਹਜ਼ਾਰ ਰੁਪਿਆ ਮਿਹਨਤਾਨੇ ਦੀ ਮੰਗ ਕਰਦੇ। ਕਿਥੇ ਪੰਜ ਸੌ ਤੇ ਕਿਥੇ ਪੰਜ ਹਜ਼ਾਰ ਅਸੀਂ ਹੈਰਾਨ ਸਾਂ ਕਿ ਇਹਨਾਂ ਇਤਰਾਜ਼ਾਂ ਦਾ ਕੀ ਉਤਰ ਦਿਤਾ ਜਾਏ। ਐਡੀਟਰ "ਰਿਆਸਤ" ਆਪਣੇ ਸਾਰੇ ਜੀਵਨ ਵਿਚ ਡਾਕਟਰਾਂ ਅਤੇ ਵਕੀਲਾਂ ਬਾਰੇ ਬੜਾ ਚੌਕੰਨਾ ਰਿਹਾ ਹੈ ਅਤੇ ਸਦਾ ਇਹ ਅਸੂਲ ਸਨਮੁਖ ਰਖਿਆ ਕਿ ਇਹਨਾਂ ਨੂੰ ਅਸੰਤੁਸ਼ਟ ਨਹੀਂ ਹੋਣਾ ਚਾਹੀਦਾ ਅਤੇ ਭਾਵੇਂ ਕਿੰਨੇ ਡੂੰਘੇ ਸੰਬੰਧ ਹੋਣ ਇਹਨਾਂ ਨੂੰ ਸਦਾ ਫੀਸ ਦਿਤੀ ਜਾਵੇ—ਸਿਵਾਏ ਮਿਸਟਰ ਤੋਕਲੀ ਦੇ ਜਿਹੜੇ ਫੀਸ ਪ੍ਰਵਾਨ ਨਹੀਂ ਕਰਦੇ ਅਤੇ ਜੇਕਰ ਕਰਦੇ ਹਨ ਤਾਂ ਕਦੇ ਕਦਾਈਂ ਉਹ ਵੀ ਨਾਂ ਮਾਤਰ। ਜੇਕਰ ਕੋਈ ਡਿਗਰੀ ਹੋਵੇ ਤਾਂ ਆਪਣੇ ਪਾਸੋਂ ਉਸ ਡਿਗਰੀ ਦਾ ਰੁਪਿਆ ਵੀ ਦੇ ਦਿੰਦੇ ਹਨ। ਇਸ ਤਰ੍ਹਾਂ ਹੁਣ ਵੀ ਉਹਨਾਂ ਦਾ ਮੇਰੇ ਜ਼ਿਮੇਂ ਡੇਢ ਹਜ਼ਾਰ ਰੁਪਏ ਦੇ ਕਰੀਬ ਬਾਕੀ ਹੈ ਜਿਹੜਾ ਉਹਨਾਂ ਨੇ ਇਕ ਅਦਾਲਤ ਵਿਚ ਮੇਰੀ ਥਾਂ ਦਿਤਾ ਸੀ। ਪ੍ਰਮਾਤਮਾ ਕਰੇ ਕਿ ਮੈਂ ਇਹ ਰੁਪਿਆ ਉਹਨਾਂ ਨੂੰ ਜਲਦੀ ਵਾਪਸ ਮੋੜ ਸਕਾਂ ਭਾਵੇਂ ਉਹਨਾਂ ਨੇ ਕਦੀ ਮੰਗ ਨਹੀਂ ਕੀਤੀ। ਸਗੋਂ ਸਦਾ ਇਹੀ ਆਖਦੇ ਹਨ ਕਿ ਉਹ ਇਹ ਰੁਪਿਆ ਨਹੀਂ ਲੈਣਗੇ, ਪਰ ਮੈਂ ਇਹ ਕਹਿੰਦਾ ਹਾਂ ਕਿ ਨਹੀਂ ਮੈਂ ਜ਼ਰੂਰ ਵਾਪਸ ਕਰਾਂਗਾ—ਮੈਨੂੰ ਖਿਆਲ ਆਇਆ ਕਿ ਮਿਸਟਰ ਪਿਟਮੈਨ ਪੰਜ ਸੌ ਰੁਪਏ ਨਾਲ ਸੰਤੁਸ਼ਟ ਨਹੀਂ, ਸ਼ਾਇਦ ਸਾਡੇ ਮੁਕੱਦਮੇ ਵਿਚ ਦਿਲਚਸਪੀ ਨਾ ਲੈਣ। ਹੱਤਕ ਅਦਾਲਤ ਦੀ ਕਾਰਵਾਈ ਵੀ ਹੋਵੇਗੀ ਨਾ ਜਾਣੀਏ ਅਦਾਲਤ ਵਿਚ ਕੀ ਵਾਪਰੇ। ਪੰਜ ਸੌ ਰੁਪਿਆ ਦੇ ਚੁਕਾ ਹਾਂ ਇਹਨਾਂ ਨੂੰ ਹੋਰ ਫੀਸ ਜਿਹੜੀ ਮੰਗਣ ਭੇਟ ਕੀਤੀ ਜਾਵੇ। ਇਸ ਪ੍ਰਕਾਰ ਐਡੀਟਰ "ਰਿਆਸਤ" ਨੇ ਕਿਹਾ



Digitized by Panjab Digital Library | www.panjabdigilib.org

ਕਿ ਤੁਸੀਂ ਹੋਰ ਘਟ ਤੋਂ ਘਟ ਕੀ ਚਾਹੁੰਦੇ ਹੋ ਤਾਕਿ ਉਹ ਛੋਟ ਕੀਤਾ ਜਾਏ। ਮਿਸਟਰ ਪਿਟਮੈਨ ਬੜੇ ਉਚੇ ਸੁਚੇ ਮਨੁਖ ਸਨ ਉਹਨਾਂ ਦਾ ਸਦਾਚਾਰ ਵੇਖਣਾ। ਉਹਨਾਂ ਨੇ ਆਖਿਆ :

"ਦੀਵਾਨ ਸਿੰਘ ਇਹ ਜ਼ਬਾਨ ਅਤੇ ਸਦਾਚਾਰ ਦਾ ਪ੍ਰਸ਼ਨ ਹੈ। ਮੇਰੀ ਭੁਲ ਸੀ ਜੋ ਮੈਂ ਮਿਸਲ ਨੂੰ ਵੇਖੇ ਬਿਨਾਂ ਤੁਹਾਥੋਂ ਪੰਜ ਸੌ ਰੁਪਏ ਫੀਸ ਦੀ ਮੰਗ ਕੀਤੀ। ਹੁਣ ਜਦ ਕਿ ਮੈਂ ਇਸ ਫੀਸ ਵਿਚ ਮੁਕਦੱਮਾ ਲੈ ਚੁਕਿਆ ਹਾਂ ਤਾਂ ਮੇਰਾ ਧਰਮ ਹੈ ਕਿ ਮੈਂ ਲਾਲਚ ਨਾ ਕਰਾਂ ਅਤੇ ਏਸੇ ਫੀਸ ਵਿਚ ਹੀ ਪੂਰੀ ਮਿਹਨਤ ਅਤੇ ਯਤਨ ਨਾਲ ਤਿਆਰੀ ਕਰਾਂ। ਤੁਸੀਂ ਹੁਣ ਜੇਕਰ ਇਕ ਲਖ ਰੁਪਿਆ ਵੀ ਮੈਨੂੰ ਦਿਓ ਤਾਂ ਮੈਂ ਉਸ ਵਿਚੋਂ ਇਕ ਪੈਸਾ ਵੀ ਨਹੀਂ ਲਵਾਂਗਾ।"

ਕਿਹੇ ਉਚੇ ਜੀਵਨ ਦੇ ਬੰਦੇ ਸਨ। ਮਿਸਟਰ ਪਿਟਮੈਨ ਦਾ ਦਿਹਾਂਤ ਹੋ ਚੁਕਿਆ ਹੈ ਅਤੇ ਹੁਣ ਉਹ ਇਸ ਸੰਸਾਰ ਵਿਚ ਮੌਜੂਦ ਨਹੀਂ ਹਨ, ਪਰ ਜਦ ਕਦੀ ਉਹਨਾਂ ਦਾ ਖਿਆਲ ਆਉਂਦਾ ਹੈ ਤਾਂ ਸਤਿਕਾਰ ਨ ਦਿਲ ਦੀਆਂ ਅੱਖਾਂ ਨਿਉਂ ਜਾਂਦੀਆਂ ਹਨ। ਮਿਸਟਰ ਪਿਟਮੈਨ ਨੇ ਕੋਈ ਹੋਰ ਫੀਸ ਪ੍ਰਵਾਨ ਨਾ ਕੀਤੀ।

ਮਿਸਟਰ ਪਿਟਮੈਨ ਤੋਂ ਵੇਹਲੇ ਹੋਣ ਪਿਛੋਂ ਅਸੀਂ ਸਾਰੇ ਰਜਿਸਟਰਾਰ ਦੇ ਦਫ਼ਤਰ ਵਿਚ ਗਏ ਤਾਕਿ ਪਤਾ ਕਰੀਏ ਕਿ ਮੇਰੀ ਉਸ ਚਿਠੀ ਦਾ ਕੀ ਸਿੱਟਾ ਨਿਕਲਿਆ ਜਿਹੜੀ ਮੈਂ ਸਰ ਸ਼ਾਦੀ ਲਾਲ ਨੂੰ ਰਜਿਸਟਰੀ ਰਾਹੀਂ ਭੇਜੀ ਸੀ। ਉਥੋਂ ਦੇ ਕਲਰਕਾਂ ਤੋਂ ਪਤਾ ਲਗਾ ਕਿ ਚੀਫ ਜਸਟਿਸ ਸਰ ਸ਼ਾਦੀ ਲਾਲ ਨੇ ਮਿਸਲ ਮੰਗਵਾਈ, ਤਿੰਨ ਦਿਨ ਤਕ ਮਿਸਲ ਦਾ ਅਧਿਅਨ ਕਰਦੇ ਰਹੇ ਅਤੇ ਆਗਿਆ ਦਿਤੀ ਕਿ ਮੁਕੱਦਮਾ ਫੇਰ ਜਸਟਿਸ ਬਖਸ਼ੀ ਟੇਕ ਚੰਦ ਦੀ ਅਦਾਲਤ ਵਿਚ ਜਾਏ। ਇਹ ਸੁਣ ਕੇ ਅਸੀਂ ਸੰਤੁਸ਼ਟ ਹੋ ਗਏ ਅਤੇ ਮਿਸਟਰ ਪਿਟਮੈਨ ਨੂੰ ਖਬਰ ਦੇ ਦਿਤੀ ਕਿ ਮੁਕੱਦਮਾ ਬਖ਼ਸ਼ੀ ਟੇਕ ਚੰਦ ਦੀ ਅਦਾਲਤ ਵਿਚ ਹੋਵੇਗਾ।

ਤੀਜੇ ਦਿਨ ਪੇਸ਼ੀ ਸੀ। ਭੂਪਾਲ ਵਾਲਿਆਂ ਨੂੰ ਜਾਂ ਮਿਸਟਰ ਕਾਰਡਨ ਨੌਡ ਨੂੰ ਮੁਕੱਦਮੇ ਦੀ ਇਸ ਤਬਦੀਲੀ ਦਾ ਕੋਈ ਪਤਾ ਨਹੀਂ ਸੀ। ਨੌਂ ਵਜੇ ਦੇ ਕਰੀਬ ਅਸੀਂ ਹਾਈ ਕੋਰਟ ਪਹੁੰਚੇ। ਰਜਿਸਟਰਾਰ ਦੇ ਦਫਤਰ ਦੇ ਬਰਾਂਡੇ ਵਿਚ ਖੜੇ ਸਾਂ ਕਿ ਭੂਪਾਲ ਦੇ ਇਨਸਪੈਕਟਰ ਜਨਰਲ ਪੁਲੀਸ ਖਵਾਜਾ ਮੁਹੰਮਦ ਅਕਰਮ ਆਪਣੀ ਪੂਰੀ ਵਰਦੀ ਵਿਚ, ਖਾਨ ਬਹਾਦਰ ਅਬਦੁਲ ਰਹਿਮਾਨ ਤੁਰਕੀ ਟੋਪੀ ਅਤੇ ਸੂਟ ਪਾਈ ਅਤੇ ਮਿਸਟਰ ਕਾਰਡਨ ਨੌਡ ਜੇਤੂ ਲਹਿਜੇ ਵਿਚ ਮੁਸਕਰਾਂਦੇ ਹੋਏ ਸਾਡੇ ਕੋਲੋਂ ਦੀ ਲੰਘੇ। ਇਸ ਪਲ ਤਕ ਉਹਨਾਂ ਵਿਚਾਰਿਆਂ ਨੂੰ ਨਾ ਤਾਂ ਮੇਰੀ ਉਸ ਚਿਠੀ ਦਾ ਪਤਾ ਸੀ ਜਿਹੜੀ ਕਿ ਮੈਂ ਸਰ ਸ਼ਾਦੀ ਲਾਲ ਨੂੰ ਲਿਖੀ



Digitized by Panjab Digital Library | www.panjabdigilib.org

ਸੀ ਅਤੇ ਨਾ ਇਹ ਹੀ ਇਹ ਖ਼ਬਰ ਸੀ ਕਿ ਮਾਮਲਾ ਚੌੜ ਚੁਪੱਟ ਹੋ ਚੁਕਿਆ ਹੈ ਅਤੇ ਮੁਕੱਦਮਾ ਚੀਫ ਜਸਟਿਸ ਦੇ ਹੁਕਮ ਨਾਲ ਸਰ ਐਲਨ ਦੀ ਅਦਾਲਤ 'ਚੋਂ ਬਖਸ਼ੀ ਟੇਕ ਚੰਦ ਦੀ ਅਦਾਲਤ ਵਿਚ ਤਬਦੀਲ ਹੋ ਚੁਕਿਆ ਹੈ। ਹਾਈ ਕੋਰਟ ਦੇ ਵਕੀਲਾਂ ਦਾ ਸੁਭਾਅ ਹੈ ਕਿ ਉਹ ਜਦ ਹਾਈ ਕੋਰਟ ਵਿਚ ਪਹੁੰਚਦੇ ਹਨ ਤਾਂ ਇਕ ਚਕਰ ਰਜਿਸਟਰਾਰ ਦੇ ਦਫਤਰ ਦਾ ਜ਼ਰੂਰ ਕਟਦੇ ਹਨ ਤਾਕਿ ਮੁਕੱਦਮਿਆਂ ਦੇ ਸਮਾਚਾਰ ਪਤਾ ਕਰ ਸਕਨ। ਇਹ ਵੀ ਰਜਿਸਟਰਾਰ ਦੇ ਦਫ਼ਤਰ ਵਿਚ ਗਏ ਤਾਂ ਉਹਨਾਂ ਨੂੰ ਪਤਾ ਲਗਾ ਕਿ ਮੁਕੱਦਮਾ ਬਖਸ਼ੀ ਟੇਕ ਚੰਦ ਦੀ ਅਦਾਲਤ ਵਿਚ ਹੋਵੇਗਾ। ਮਿਸਟਰ ਕਾਰਡਨ ਨੋਡ ਬੜੇ ਤਿੱਖੇ ਸੁਭਾਅ ਦੇ ਅੰਗਰੇਜ਼ ਸਨ। ਉਹ ਬੜੇ ਰੋਹ ਵਿਚ ਆ ਗਏ। ਝਟ ਸਰ ਐਲਨ ਬਰਾਡਵੇ ਦੀ ਅਦਾਲਤ ਵਿਚ ਪਹੁੰਚੇ। ਸਰ ਐਲਨ ਅਜੇ ਤਕ ਅਦਾਲਤ ਵਿਚ ਨਹੀਂ ਆਏ ਸਨ, ਆਪਣੇ ਨਿਜੀ ਚੇਂਬਰ ਵਿਚ ਹੀ ਸਨ। ਉਹਨਾਂ ਨੂੰ ਮਿਲੇ ਅਤੇ ਦਸਿਆ ਕਿ ਕਿਵੇਂ ਮੁਕੱਦਮਾ ਤੁਹਾਡੀ ਅਦਾਲਤ 'ਚੋਂ ਬਦਲ ਗਿਆ ਹੈ। ਸਰ ਐਲਨ ਲਈ ਵੀ ਇਹ ਸੂਚਨਾ ਆਸ ਵਿਰੁਧ ਸੀ। ਕਿਉਂਕਿ ਦਸ ਵਜੇ ਉਹਨਾਂ ਦੀ ਅਦਾਲਤ ਵਿਚ ਮੁਕੱਦਮਾ ਪੇਸ਼ ਹੋਣਾ ਸੀ ਅਤੇ ਉਹ ਮੁਕੱਦਮਾ ਸੁਣਨ ਦੀਆਂ ਤਿਆਰੀਆਂ ਅਰੰਭ ਚੁਕੇ ਸਨ। ਉਹਨਾਂ ਤੇ ਵੀ ਬੜੀ ਕ੍ਰੋਧ ਤੇ ਜੋਸ਼ ਦੀ ਅਵਸਥਾ ਛਾ ਗਈ। ਡਿਪਟੀ ਰਜਿਸਟਰਾਰ ਨੂੰ ਬੁਲਾਇਆ। ਸਮਾਚਾਰ ਪੁਛੇ ਅਤੇ ਸਮਾਚਾਰ ਪੁਛਣ ਉਪ੍ਰੰਤ ਉਹਨਾਂ ਨੇ ਡਿਪਟੀ ਰਜਿਸਟਰਾਰ ਨੂੰ ਸਰ ਸ਼ਾਦੀ ਲਾਲ ਕੋਲ ਇਹ ਅਖਵਾ ਕੇ ਭੇਜਿਆ ਕਿ ਸਰ ਐਲਨ ਨੇ ਇਹ ਮੁਕੱਦਮਾ ਬਤੌਰ ਚੀਫ ਜਸਟਿਸ ਦੇ ਆਪਣੀ ਅਦਾਲਤ ਵਿਚ ਬਦਲਿਆ ਹੈ। ਸਰ ਸ਼ਾਦੀ ਲਾਲ ਨੂੰ ਅਧਿਕਾਰ ਪ੍ਰਾਪਤ ਨਹੀਂ ਕਿ ਉਹ ਇਸ ਮੁਕੱਦਮੇ ਨੂੰ ਉਹਨਾਂ ਦੀ ਅਦਾਲਤ 'ਚੋਂ ਬਦਲਣ ਅਤੇ ਮੁਕੱਦਮੇ ਦਾ ਫੇਰ ਜਸਟਿਸ ਬਖਸ਼ੀ ਟੇਕ ਚੰਦ ਦੀ ਅਦਾਲਤ ਵਿਚ ਜਾਣਾ ਸਰ ਐਲਨ ਦੀ ਹੇਠੀ ਹੈ। ਡਿਪਟੀ ਰਜਿਸਟਰਾਰ ਇਹ ਸੁਨੇਹਾ ਲੈ ਕੇ ਚੀਫ਼ ਜਸਟਿਸ ਸਰ ਸ਼ਾਦੀ ਲਾਲ ਦੇ ਨਿਜੀ ਚੇਂਬਰ ਵਿਚ ਪਹੁੰਚੇ। ਸੁਨੇਹਾ ਦਿਤਾ ਤਾਂ ਸਰ ਸ਼ਾਦੀ ਲਾਲ ਨੇ ਡਿਪਟੀ ਰਜਿਸਟਰਾਰ ਦੀ ਰਾਹੀਂ ਸਰ ਐਲਨ ਨੂੰ ਉਤਰ ਭੇਜਿਆ ਕਿ ਜੇਕਰ ਬਤੌਰ ਚੀਫ਼ ਜਸਟਿਸ ਸਰ ਐਲਨ ਇਹ ਮੁਕੱਦਮਾ ਆਪਣੀ ਅਦਾਲਤ ਵਿਚ ਲੈ ਗਏ ਹਨ ਤਾਂ ਮੈਂ ਹੁਣ ਬਤੌਰ ਚੀਫ਼ ਜਸਟਿਸ ਹੀ ਫਿਰ ਹੁਕਮ ਦਿੰਦਾ ਹਾਂ ਕਿ ਇਹ ਮੁਕੱਦਮਾ ਸਰ ਐਲਨ ਦੀ ਅਦਾਲਤ ਵਿਚ ਨਾ ਰਹੇ। ਇਸ ਦੀ ਸੁਣਵਾਈ ਬਖਸ਼ੀ ਟੇਕ ਚੰਦ ਦੀ ਅਦਾਲਤ ਵਿਚ ਹੋਵੇ ਅਤੇ ਇਹ ਸਰ ਐਲਨ ਦੇ ਵੀ ਲਾਭ ਵਾਸਤੇ ਹੈ ਕਿ ਉਹ ਇਸ ਮੁਕੱਦਮੇ ਨੂੰ ਨਾ ਸੁਣਨ, ਨਹੀਂ ਤਾਂ ਦੀਵਾਨ ਸਿੰਘ ਸਰ ਐਲਨ ਦੀ ਅਦਾਲਤ ਵਿਚ ਆਖੇ ਗਾ ਕਿ ਉਹਨੂੰ ਇਸ ਅਦਾਲਤ



Digitized by Panjab Digital Library | www.panjabdigilib.org

ਤੋਂ ਨਿਆਂ ਦੀ ਕੋਈ ਆਸ ਨਹੀਂ ਕਿਉਂਕਿ ਮੁਕੱਦਮਾ ਇਸ ਤਰ੍ਹਾਂ ਬਖਸ਼ੀ ਟੇਕ ਚੰਦ ਦੀ ਅਦਾਲਤ ਵਿਚੋਂ ਬਦਲਿਆ ਗਿਆ ਹੈ ਜਿਸ ਦਾ ਸਿੱਟਾ ਇਹ ਹੋਵੇਗਾ ਕਿ ਸਰ ਐਲਨ ਬਰਾਡਵੇ ਅਤੇ ਲਾਹੌਰ ਹਾਈ ਕੋਰਟ ਦੋਹਾਂ ਦੀ ਸਾਰੇ ਭਾਰਤ ਦੀਆਂ ਅਖਬਾਰਾਂ ਅਤੇ ਜਨਤਾ ਵਿਚ ਮਿਟੀ ਪਲੀਤ ਹੋਵੇਗੀ ।

ਸਰ ਸ਼ਾਦੀ ਲਾਲ ਦਾ ਇਹ ਉਤਰ ਸੁਣ ਕੇ ਸਰ ਐਲਨ ਬਰਾਡਵੇ ਦੀ ਹੋਸ਼ ਟਿਕਾਣੇ ਆ ਗਈ । ਮੁਕੱਦਮਾ ਬਖਸ਼ੀ ਟੇਕ ਚੰਦ ਦੀ ਅਦਾਲਤ ਵਿਚ ਹੀ ਰਿਹਾ । ਥੋੜ੍ਹੇ ਚਿਰ ਪਿਛੋਂ ਅਸੀਂ ਬਖਸ਼ੀ ਟੇਕ ਚੰਦ ਦੀ ਅਦਾਲਤ ਵਿਚ ਪਹੁੰਚੇ । ਮੁਕੱਦਮਾ ਸ਼ੁਰੂ ਹੋਇਆ । ਨਵਾਬ ਭੂਪਾਲ ਵਲੋਂ ਮਿਸਟਰ ਕਾਰਡਨ ਨੋਡ, ਖਾਨ ਬਹਾਦਰ ਅਬਦੁਲ ਰਹਿਮਾਨ ਆਦਿ ਵਕੀਲ ਸਨ ਅਤੇ ਐਡੀਟਰ "ਰਿਆਸਤ" ਵਲੋਂ ਮਿਸਟਰ ਪਿਟਮੈਨ, ਸਰਦਾਰ ਬਹਾਦਰ ਭਗਵਾਨ ਸਿੰਘ ਅਤੇ ਮਿਸਟਰ ਤੋਕਲੀ । ਤਿੰਨ ਦਿਨ ਬਹਿਸ ਹੋਈ । ਤਿੰਨਾਂ ਦਿਨਾਂ ਦੀ ਕਾਰਵਾਈ ਪਿਛੋਂ ਜਸਟਿਸ ਬਖਸ਼ੀ ਟੇਕ ਚੰਦ ਨੇ ਐਡੀਟਰ "ਰਿਆਸਤ" ਦੀ ਅਪੀਲ ਪ੍ਰਵਾਨ ਕਰਦਿਆਂ ਹੋਇਆਂ ਮਿਸਟਰ ਐਸਰ ਦਾ ਉਹ ਫ਼ੈਸਲਾ ਸਥਿਰ ਰਖਿਆ ਜਿਸ ਵਿਚ ਮਿਸਟਰ ਐਸਰ ਨੇ ਲਿਖਿਆ ਸੀ ਕਿ ਮੁਕੱਦਮਾ ਝੂਠਾ ਤੇ ਬਿਨਾਂ ਨੀਹਾਂ ਤੋਂ ਹੈ ਅਤੇ ਨਵਾਬ ਭੂਪਾਲ ਦੇ ਪ੍ਰਤੀਨਿਧਾਂ ਨੇ ਨਵਾਬ ਭੂਪਾਲ ਵਲੋਂ ਦੀਵਾਨ ਸਿੰਘ ਨੂੰ ਹਾਨੀ ਪਹੁੰਚਾਣ ਅਤੇ ਅਖ਼ਬਾਰ "ਰਿਆਸਤ" ਨੂੰ ਮਿਧਣ ਲਈ ਮੁਕੱਦਮੇ ਦਾ ਖੜਯੰਤਰ ਰਚਿਆ ਅਤੇ ਜਾਅਲੀ ਪ੍ਰਮਾਣ ਪਤ੍ਰ ਅਦਾਲਤ ਵਿਚ ਪੇਸ਼ ਕੀਤੇ ।

ਅੰਗਰੇਜ਼ੀ ਭਾਖਾ ਦੇ ਪ੍ਰਸਿੱਧ ਲੇਖਕ ਨੇ ਆਪਣੀ ਇਕ ਕਿਤਾਬ ਵਿਚ ਲਿਖਿਆ ਹੈ :

"ਸਫਲ ਮਨੁਖਾਂ ਦਾ ਜੀਵਨ ਸੰਸਾਰ ਵਿਚ ਜੂਏਬਾਜ਼ੀ ਦੀ ਹੈਸੀਅਤ ਰਖਦਾ ਹੈ ਜਿਸ ਵਿਚ ਅਪਾਰ ਲਾਭ ਅਤੇ ਅਪਾਰ ਹਾਨੀ ਦੋਵੇਂ ਸੰਭਵ ਹਨ" ।

ਅੰਗਰੇਜ਼ੀ ਦੇ ਇਸ ਲੇਖਕ ਦੇ ਕਥਨ ਅਨੁਸਾਰ ਐਡੀਟਰ "ਰਿਆਸਤ" ਦਾ ਸਾਰਾ ਜੀਵਨ ਹੀ ਜੂਏਬਾਜ਼ੀ ਵਿਚ ਲੰਘਿਆ ਭਾਵੇਂ ਇਹ ਸਿਆਸੀ ਸੀ ਜਾਂ ਅਦਾਲਤੀ ਅਤੇ ਇਸ ਜੂਏ ਬਾਜ਼ੀ ਵਿਚ ਪੈਰ ਪੈਰ ਤੇ ਖਤਰੇ ਨੂੰ ਜੀ ਆਇਆਂ ਕਿਹਾ । ਇਸ ਤੋਂ ਲਾਭ ਵੀ ਪੁਜੇ ਅਤੇ ਹਾਨੀਆਂ ਵੀ । ਇਸਤਰ੍ਹਾਂ ਜੇਕਰ ਜਸਟਿਸ ਸਰ ਸ਼ਾਦੀ ਲਾਲ ਨੂੰ ਚਿਠੀ ਲਿਖਣ ਅਤੇ ਸਰ ਐਲਨ ਬਰਾਡਵੇ ਦੀ ਅਦਾਲਤ ਵਿਚ ਸਹਿਯੋਗ ਨਾ ਕਰਨ ਦੇ ਫ਼ੈਸਲੇ ਦੀ ਅਦਾਲਤੀ ਜੂਏਬਾਜ਼ੀ ਨਾ ਕੀਤੀ ਜਾਂਦੀ ਅਤੇ ਐਡੀਟਰ "ਰਿਆਸਤ" ਖਤਰੇ ਵਿਚ ਨਾ ਕੁਦਦਾ ਤਾਂ ਇਸ ਮੁਕੱਦਮੇ ਦਾ ਬਖਸ਼ੀ ਸਰ ਟੇਕ ਚੰਦ ਦੇ ਹਥੋਂ ਫ਼ੈਸਲਾ ਨਾ ਹੁੰਦਾ ਅਤੇ ਇਹ ਸਰ ਐਲਨ ਬਰਾਡਵੇ ਦੀ ਅਦਾਲਤ ਵਿਚ ਰਹਿੰਦਾ ਜਿਸ ਦਾ ਰਬ ਜਾਣੇ ਸਿੱਟਾ ਕੀ ਹੁੰਦਾ ।



Digitized by Panjab Digital Library | www.panjabdigilib.org

ਜਿਹੜੇ ਆਦਮੀ ਦੁਨੀਆਂ ਵਿਚ ਸਫ਼ਲਤਾ ਪ੍ਰਾਪਤ ਕਰਨਾ ਚਾਹੁੰਦੇ ਹਨ ਉਹ ਥਾਂ ਥਾਂ ਜੂਏਬਾਜ਼ੀ ਦਾ ਪ੍ਰਮਾਣ ਦੇਣ ਅਤੇ ਆਪਣੇ ਲਈ ਖਤਰੇ ਸਹੇੜਨ। ਕਿਉਂਕਿ ਭਾਵੇਂ ਇਹਨਾਂ ਜੂਏਬਾਜ਼ੀਆਂ ਵਿਚ ਹਾਨੀ ਦਾ ਵੀ ਭੈ ਹੈ, ਪਰ ਸਫ਼ਲਤਾ ਵੀ ਕੇਵਲ ਜੂਏਬਾਜ਼ੀ ਅਤੇ ਖਤਰਿਆਂ ਨੂੰ ਜੀ ਆਇਆਂ ਕਹਿਣ ਵਿਚ ਹੀ ਹੈ ਅਤੇ ਉਹ ਆਦਮੀ ਜੀਵਨ ਵਿਚ ਸਦਾ ਅਸਫਲ ਤੇ ਬੇਮੁਰਾਦੇ ਰਹਿਣਗੇ ਜਿਹੜੇ ਖਤਰਿਆਂ ਨੂੰ ਜੀ ਆਇਆਂ ਕਹਿਣ ਦੀ ਹਿੰਮਤ ਨਹੀਂ ਰਖਦੇ।

## ਗੁਨਾਹਾਂ ਦੀ ਸਜ਼ਾ

ਐਡੀਟਰ "ਰਿਆਸਤ" ਨਾ ਤੇ ਆਸਤਕ ਹੈ ਅਤੇ ਨਾ ਹੀ ਨਾਸਤਕ ਅਤੇ ਨਾ ਹੀ ਇਸ ਨੇ ਕਦੀ ਇਹ ਪਤਾ ਕਰਨ ਦਾ ਯਤਨ ਕੀਤਾ ਕਿ ਰਬ ਹੈ ਜਾਂ ਨਹੀਂ। ਜਾਂ ਇਸ ਦੁਨੀਆ ਨੂੰ ਚਲਾਉਣ ਵਾਲਾ ਰਬ ਹੀ ਹੈ ਜਾਂ ਕੋਈ ਹੋਰ ਕੁਦਰਤ, ਪਰ ਉਹ ਤਿੰਨ ਗਲਾਂ ਦਾ ਵਿਸ਼ਵਾਸੀ ਜ਼ਰੂਰ ਹੈ (੧) ਜੋਤਸ਼ ਭਾਵ ਸਤਾਰਿਆਂ ਦੇ ਚਕਰ ਦਾ ਪ੍ਰਭਾਵ ਮਨੁਖ ਤੇ (੨) ਪਿਛਲਾ ਅਤੇ ਅਗਲਾ ਜਨਮ ਭਾਵ ਆਵਾਗਉਣ ਅਤੇ (੩) ਅਸੀਸ ਜਾਂ ਬਦ ਅਸੀਸ ਦਾ ਅਸਰ। ਭਾਵ ਇਸ ਦੇ ਵਿਚਾਰ, ਵਿਸ਼ਵਾਸ਼ ਅਤੇ ਤਜਰਬੇ ਵਿਚ ਸਤਾਰਿਆਂ ਦਾ ਅਸਰ ਜ਼ਰੂਰ ਹੁੰਦਾ ਹੈ ਜਿਹੜਾ ਜੋਤਸ਼ ਰਾਹੀਂ ਜਾਣਿਆਂ ਜਾ ਸਕਦਾ ਹੈ। ਇਸ ਜੋਤਸ਼ ਰਾਹੀਂ ਹੀ ਮਨੁਖ ਜਾਣ ਸਕਦਾ ਹੈ ਕਿ ਉਹ ਪਿਛਲੇ ਜਨਮ ਵਿਚ ਕੌਣ ਸੀ ਅਤੇ ਕਿਥੋਂ ਦਾ ਰਹਿਣ ਵਾਲਾ ਸੀ ਅਤੇ ਅਗਲਾ ਜਨਮ ਕਿਥੇ ਹੋਵੇਗਾ ਅਸੀਸਾਂ ਤੇ ਬਦ ਅਸੀਸਾਂ ਦਾ ਪ੍ਰਭਾਵ ਵੀ ਜ਼ਰੂਰੀ ਹੈ ਭਾਵੇਂ ਉਹ ਕਿਸੇ ਸ਼ਕਲ ਵਿਚ ਅਤੇ ਕਦੋਂ ਹੋਣ। ਇਸ ਪ੍ਰਕਾਰ ਗੁਨਾਹਾਂ ਦੀ ਸਜ਼ਾ ਬਾਰੇ ਇਕ ਘਟਨਾ ਲਿਖਦਾ ਹਾਂ।

ਸੁਰਗਵਾਸੀ ਲਾਲਾ ਰਾਮ ਰਛਪਾਲ ਸਿੰਘ ਸ਼ੈਦਾ ਸਾਬਕ ਐਡੀਟਰ "ਹਿੰਦੁਸਤਾਨ" ਲਾਹੌਰ ਬੜੇ ਯਾਰਾਂ ਦੇ ਯਾਰ ਅਤੇ ਪਿਆਰ ਦੇ ਪੁਤਲੇ, ਮਿਤਰ ਪੂਜ ਬਜ਼ੁਰਗ ਹਸਤੀ ਸਨ ਅਤੇ ਐਡੀਟਰ "ਰਿਆਸਤ" ਤੇ ਸਦਾ ਬਖਸ਼ਸ਼ਾਂ ਕਰਦੇ ਸਨ ਏਥੋਂ ਤਕ ਕਿ ਆਪ ਆਪਣੇ ਬਾਲ ਬਚਿਆਂ ਦੀ ਪ੍ਰਵਾਹ ਨਾ ਕਰਦੇ ਹੋਏ ਵੀ ਦਿੱਲੀ ਆਉਂਦੇ ਅਤੇ ਐਡੀਟਰ "ਰਿਆਸਤ" ਦੇ ਕੋਲ ਛੇ ਛੇ ਮਹੀਨੇ ਤਕ ਰਹਿੰਦੇ ਅਤੇ ਉਹਨਾਂ ਦੇ ਲੜਕਿਆਂ ਨੂੰ ਇਹ ਸਦਾ ਹੀ ਸ਼ਿਕਾਇਤ ਰਹਿੰਦੀ ਕਿ ਉਹ ਏਨੇ ਚਿਰ ਤਕ ਬ੍ਰਿਧ ਅਵਸਥਾ ਵਿਚ ਪ੍ਰਵਾਰ ਦੇ ਦੂਜੇ ਮੈਂਬਰਾਂ ਤੋਂ ਦੂਰ



Digitized by Panjab Digital Library | www.panjabdigilib.org

ਦਿੱਲੀ ਰਹਿੰਦੇ ਹਨ। ਜਦ ਸ਼ੈਦਾ ਸਾਹਿਬ ਏਥੇ ਹੁੰਦੇ ਤਾਂ ਮੈਂ ਸ਼ਾਮ ਨੂੰ ਹਰ ਰੋਜ਼ ਉਹਨਾਂ ਨੂੰ ਮੋਟਰ ਵਿਚ ਸੈਰ ਕਰਨ ਲਈ ਦਿੱਲੀ, ਨਵੀਂ ਦਿੱਲੀ ਅਤੇ ਨੇੜੇ ਤੇੜੇ ਦੀਆਂ ਪੇਂਡੂ ਸੜਕਾਂ ਤੇ ਲੈ ਜਾਂਦਾ ਅਤੇ ਕਦੀ ਕਦੀ ਮਹੀਨੇ ਵਿਚ ਇਕ ਅਧ ਵਾਰ ਦੋ ਚਾਰ ਘੰਟਿਆਂ ਲਈ ਅਸੀਂ ਦਿੱਲੀ ਤੋਂ ਦੂਰ ਮੇਰਨ ਆਦਿ ਵੀ ਚਲੇ ਜਾਂਦੇ। ਇਕ ਦਿਨ ਸ਼ਾਮ ਦਾ ਵੇਲਾ ਸੀ। ਮੈਂ, ਸ਼ੈਦਾ ਸਾਹਿਬ, ਸਰਦਾਰ ਭਗਵਾਨ ਸਿੰਘ ਲੌਂਗੋਵਾਲੀਆ ਸਕੱਤਰ ਪੰਜਾਬ ਸਟੇਟਸ ਪੀਪਲਜ਼ ਕਾਨਫ੍ਰੰਸ, ਮਿਸਟਰ ਮੁਹੰਮਦ ਯੂਸਫ਼ ਜਮਾਲੀ ਅਤੇ ਅਮੀਰ ਚੰਦ ਖੰਨਾ ਸ਼ਾਮ ਨੂੰ ਬੈਠੇ ਚਾਹ ਪੀ ਰਹੇ ਸਾਂ ਕਿ ਇਹ ਫ਼ੈਸਲਾ ਹੋਇਆ ਕਿ ਅਜ ਮੇਰਠ ਸੈਰ ਲਈ ਚਲੀਏ। ਇਸ ਤਰ੍ਹਾਂ ਅਸੀਂ ਪੰਜੇ ਕਾਰ ਵਿਚ ਮੇਰਠ ਨੂੰ ਚਲ ਪਏ। ਮੇਰਠ ਦੇ ਰਸਤੇ ਵਿਚ ਜਦ ਵਡੀ ਨਹਿਰ ਦੇ ਦੂਜੇ ਬੰਨੇ ਪੁਜੇ ਤਾਂ ਕਿਸੇ ਕਿਹਾ ਕਿ ਜੰਗਲ ਦੀ ਤਾਜ਼ੀ ਹਵਾ ਦਾ ਅਨੰਦ ਮਾਨਣ ਲਈ ਥੋੜਾ ਚਿਰ ਸੜਕ ਦੇ ਕੰਢੇ ਬੈਠਿਆ ਜਾਏ। ਜਿਥੇ ਇਕ ਖਡਾ ਅਤੇ ਕੁਝ ਦਰਖਤ ਸਨ। ਅਸੀਂ ਅਧੇ ਘੰਟੇ ਦੇ ਕਰੀਬ ਏਥੇ ਬੈਠੇ ਸਾਂ ਕਿ ਲਾਗਲੀ ਝਾੜੀ 'ਚੋਂ ਇਕ ਸਹਿਆ ਨਿਕਲਿਆ। ਐਡੀਟਰ "ਰਿਆਸਤ" ਨੇ ਜਦ ਇਸ ਸਹੇ ਨੂੰ ਵੇਖਿਆ ਤਾਂ ਉਸ ਨੇ ਝਟ ਸ਼ੈਦਾ ਸਾਹਿਬ ਦੀ ਸੋਟੀ—ਜਿਹੜੀ ਕਾਫ਼ੀ ਮੋਟੀ ਸੀ—ਚੁਕ ਕੇ ਉਸ ਸਹੇ ਦੇ ਮਾਰ ਕਢੀ। ਇਹ ਸੋਟੀ ਸਹੇ ਨੂੰ ਵਜੀ ਅਤੇ ਸਹਿਆ ਲੰਗੜਾਉਂਦਾ ਹੋਇਆ ਇਕ ਦੂਜੀ ਝਾੜੀ ਵਿਚ ਲੁਕ ਗਿਆ ਅਤੇ ਆਖਿਆ ਨਹੀਂ ਜਾ ਸਕਦਾ ਕਿ ਉਹ ਇਸ ਸਟ ਨਾਲ ਕੇਵਲ ਲੰਗੜਾ ਹੋਇਆ ਜਾਂ ਉਸ ਦੀ ਕੋਈ ਹਡੀ ਟੁਟ ਗਈ ਜਾਂ ਉਹ ਮਰ ਗਿਆ।

ਇਸ ਪਿਛੋਂ ਅਸੀਂ ਮੇਰਠ ਗਏ। ਉਥੇ ਇਕ ਕਾਂਗਰਸੀ ਸਜਨ ਮਿਲ ਪਏ। ਸ਼ੈਦਾ ਸਾਹਿਬ ਨੂੰ ਗਾਣਾ ਸੁਣਨ ਦਾ ਬੜਾ ਸ਼ੌਕ ਸੀ ਅਤੇ ਉਹ ਕਈ ਰਾਗਾਂ ਤੇ ਰਾਗਨੀਆਂ ਤੋਂ ਜਾਣੂ ਸਨ। ਉਸ ਕਾਂਗਰਸੀ ਮਿਤਰ ਦੇ ਨਾਲ ਅਸੀਂ ਬਾਜ਼ਾਰ ਗਏ। ਸੈਰ ਕਰਦੇ ਰਹੇ ਅਤੇ ਇਕ ਥਾਂ ਗਾਣਾ ਸੁਣਿਆ। ਗਾਣਾ ਸੁਣਨ ਉਪਰੰਤ ਉਸ ਕਾਂਗਰਸੀ ਦੋਸਤ ਦੇ ਘਰ ਖਾਣਾ ਖਾਧਾ ਅਤੇ ਰਾਤ ਨੂੰ ਯਾਰਾਂ ਵਜੇ ਦੇ ਕਰੀਬ ਮੋਟਰ ਵਿਚ ਹੀ ਵਾਪਸ ਦਿੱਲੀ ਨੂੰ ਤੁਰ ਪਏ। ਸਰਦੀ ਦਾ ਮੌਸਮ ਸੀ ਅਤੇ ਸ਼ਾਇਦ ਨਵੰਬਰ ਜਾਂ ਦਸੰਬਰ ਦਾ ਮਹੀਨਾ ਸੀ। ਸੜਕ ਤੇ ਮੋਟਰਾਂ, ਬੈਲ ਗਡੀਆਂ ਤੇ ਲੋਕਾਂ ਦੀ ਆਵਾਜਾਈ ਘਟ ਸੀ। ਮੈਂ ਮੋਟਰ ਨੂੰ ਪੰਜਤਾਲੀ ਮੀਲ ਦੀ ਰਫ਼ਤਾਰ ਨਾਲ ਚਲਾ ਰਿਹਾ ਸਾਂ ਕਿਉਂਕਿ ਚਾਲ੍ਹੀ ਮੀਲਾਂ ਦਾ ਪੈਂਡਾ ਸੀ ਅਤੇ ਖਿਆਲ ਸੀ ਕਿ ਜਲਦੀ ਘਰ ਪਹੁੰਚ ਕੇ ਆਰਾਮ ਕਰੀਏ। ਮੋਟਰ ਤੇਜ਼ ਚਾਲੇ ਜਾ ਰਹੀ ਸੀ ਮੈਂ ਸਾਹਮਣੇ ਵੇਖਿਆ ਕਿ ਸੜਕ ਤੋਂ ਖਬੇ ਹਥ ਇਕ ਬੈਲ ਗਡੀ ਜਾ ਰਹੀ ਹੈ। ਕਿਉਂਕਿ ਉਹ ਬੈਲ ਗਡੀ ਸੜਕ ਦੇ ਖਬੇ ਪਾਸੇ ਸੀ ਮੈਂ ਉਸ ਦੀ



Digitized by Panjab Digital Library | www.panjabdigilib.org

ਪ੍ਰਵਾਹ ਨਾ ਕਰਦੇ ਹੋਇਆਂ ਗਡੀ ਦੀ ਚਾਲ ਘਟ ਨਾ ਕੀਤੀ, ਪਰ ਜਿਸ ਵੇਲੇ ਮੋਟਰ ਉਸ ਬੈਲ ਗਡੀ ਦੇ ਕੋਲ ਪਹੁੰਚੀ ਤਾਂ ਤੇਜ਼ ਚਾਨਣ ਨੂੰ ਵੇਖ ਕੇ ਬਲਦ ਡਰ ਗਏ ਅਤੇ ਉਹ ਗਡੀ ਚਲਾਉਣ ਵਾਲੇ ਤੋਂ ਬੇਕਾਬੂ ਹੋ ਕੇ ਮੱਜੇ ਭਾਵ ਸੜਕ ਦੇ ਵਿਚਕਾਰ ਵਲ ਨੂੰ ਮੁੜੇ। ਹੁਣ ਉਸ ਵੇਲੇ ਜੇਕਰ ਮੈਂ ਮੋਟਰ ਨੂੰ ਰੋਕਦਾ ਨਹੀਂ ਤਾਂ ਮੋਟਰ ਸਿਧੀ ਉਸ ਬੈਲ ਗਡੀ ਵਿਚ ਜਾ ਕੇ ਵਜਦੀ, ਸੋ ਮੈਂ ਝਟ ਬਰੇਕਾਂ ਨੂੰ ਜ਼ੋਰ ਨਾਲ ਦਬਾਇਆ। ਮੋਟਰ ਬਹੁਤ ਤੇਜ਼ ਚਾਲੇ ਜਾ ਰਹੀ ਸੀ ਸਿੱਟਾ ਇਹ ਕਿ ਬੈਲ ਗਡੀ ਤਾਂ ਬਚ ਗਈ, ਪਰ ਇਕ ਦਮ ਖੜੀ ਹੋਣ ਦੇ ਕਾਰਨ ਤਿਲਕ ਗਈ ਜਿਸ ਨੂੰ ਸਕਿਡ ਹੋਣਾ ਆਖਦੇ ਹਨ। ਕਾਰ ਨੂੰ ਸਖ਼ਤ ਧੱਕਾ ਵਜਾ। ਸ਼ੈਦਾ ਸਾਹਿਬ ਭੁੜਕ ਕੇ ਜ਼ਿਮੀਂ ਤੇ ਜਾ ਪਏ ਅਤੇ ਉਹਨਾਂ ਦੀ ਲਤ ਦੀ ਹੱਡੀ ਟੁਟ ਗਈ। ਮੇਰੇ ਦਿਮਾਗ਼ ਨੂੰ ਸੱਟ ਲਗੀ ਅਤੇ ਮੈਂ ਬੇ-ਸੁਰਤ ਹੋ ਗਿਆ। ਮੋਟਰ ਦੀਆਂ ਬਾਰੀਆਂ ਟੁੱਟ ਗਈਆਂ ਅਤੇ ਅਸੀਂ ਜਾ ਤਾਂ ਰਹੇ ਸਾਂ ਉੱਤਰ ਵਲੋਂ ਦਖਣ ਨੂੰ, ਪਰ ਸਕਿਡ ਹੋਣ ਦੇ ਕਾਰਨ ਮੋਟਰ ਦਾ ਮੂੰਹ ਉੱਤਰ ਵਲ ਨੂੰ ਭਉਂ ਗਿਆ। ਇਸ ਪਰਕਾਰ ਲਾਲਾ ਅਮੀਰ ਚੰਦ, ਯੂਸਫ਼ ਸਾਹਿਬ ਅਤੇ ਸਰਦਾਰ ਭਗਵਾਨ ਸਿੰਘ ਨੇ ਮੈਨੂੰ ਬੇ-ਸੁਰਤੀ ਦੀ ਹਾਲਤ ਵਿਚ ਹੀ ਮੋਟਰ ਹੇਠੋਂ ਕਢਿਆ। ਸ਼ੈਦਾ ਸਾਹਿਬ ਵਧੇਰੇ ਪੀੜ ਦੇ ਕਾਰਨ ਬਹੁਤ ਦੁਖੀ ਸਨ ਅਤੇ ਵੇਖਿਆ ਗਿਆ ਕਿ ਅਸੀਂ ਬਿਲਕੁਲ ਉਸੇ ਥਾਂ ਹੀ ਇਸ ਵੇਲੇ ਇਸ ਹਾਲਤ ਵਿਚ ਪਏ ਹਾਂ ਜਿਥੇ ਕਿ ਮੇਰਠ ਨੂੰ ਜਾਂਦੇ ਹੋਏ ਖੱਡੇ ਅਤੇ ਦਰਖ਼ਤਾਂ ਕੋਲ ਬੈਠੇ ਸਾਂ ਅਤੇ ਜਿਥੇ ਮੈਂ ਸ਼ੈਦਾ ਸਾਹਿਬ ਦੀ ਸੋਟੀ ਨਾਲ ਸਹੇ ਨੂੰ ਫਟੜ ਕੀਤਾ ਸੀ। ਅਸੀਂ ਇਸੇ ਭੈੜੀ ਹਾਲਤ ਵਿਚ ਅੱਧੇ ਘੰਟੇ ਤਕ ਉਥੇ ਹੀ ਰਹੇ। ਏਨੇ ਨੂੰ ਮੇਰਠ ਵਲੋਂ ਇਕ ਮੋਟਰ ਆਉਂਦੀ ਹੋਈ ਦਿਸੀ। ਯੂਸਫ਼ ਸਾਹਿਬ ਨੇ ਸੜਕ ਤੇ ਖਲੋ ਕੇ ਮੋਟਰ ਨੂੰ ਰੋਕਣ ਦਾ ਸੰਕੇਤ ਕੀਤਾ। ਮੋਟਰ ਰੁਕ ਗਈ। ਇਸ ਮੋਟਰ ਵਿਚ ਪੁਲੀਟੀਕਲ ਡੀਪਾਰਟਮੈਂਟ ਦੇ ਇਕ ਸ੍ਰੀ ਮਾਨ ਜੀ ਮਿਸਟਰ ਹਰੀਸ਼ ਚੰਦਰ ਸਨ। ਉਹਨਾਂ ਨੂੰ ਜਦ ਪਤਾ ਲਗਾ ਕਿ ਮੇਰੀ ਮੋਟਰ ਹੈ ਅਤੇ ਮੈਂ ਬੇ-ਸੁਰਤ ਪਿਆ ਹਾਂ ਤਾਂ ਉਹਨਾਂ ਨੇ ਮੈਨੂੰ ਆਪਣੀ ਮੋਟਰ ਵਿਚ ਪਾਇਆ, ਮੇਰੀ ਮੋਟਰ ਦੇ ਦਰਵਾਜ਼ੇ ਆਦਿ ਭਾਵੇਂ ਟੁੱਟ ਗਏ ਸਨ, ਪਰ ਇੰਜਣ ਠੀਕ ਹਾਲਤ ਵਿਚ ਸੀ ਅਤੇ ਮੋਟਰ ਚਲ ਸਕਦੀ ਸੀ। ਸ਼ੈਦਾ ਸਾਹਿਬ ਨੂੰ ਮੇਰੀ ਮੋਟਰ ਵਿਚ ਪਾਇਆ ਗਿਆ ਜਿਸਨੂੰ ਯੂਸਫ਼ ਸਾਹਿਬ ਨੇ ਚਲਾਉਣਾ ਸ਼ੁਰੂ ਕੀਤਾ ਅਤੇ ਦੋਵੇਂ ਮੋਟਰਾਂ ਹੌਲੀ ਹੌਲੀ ਦਿੱਲੀ ਪਹੁੰਚੀਆਂ। ਸ਼ੈਦਾ ਸਾਹਿਬ ਨੂੰ ਤਾਂ ਮੋਟਰ ਸਿਵਲ ਹਸਪਤਾਲ ਵਿਚ ਲੈ ਗਈ ਜਿਥੇ ਉਹਨਾਂ ਦੇ ਫ਼ਰੈਕਚਰ ਨੂੰ ਸੈੱਟ ਕੀਤਾ ਗਿਆ ਅਤੇ ਉਹ ਦੋ ਮਹੀਨੇ ਦੇ ਲਗ ਪਗ ਹਸਪਤਾਲ ਵਿਚ ਰਹੇ। ਮੈਨੂੰ ਹਰੀਸ਼ ਚੰਦਰ ਜੀ ਮੇਰੇ ਮਕਾਨ ਤੇ ਲੈ ਆਏ।



Digitized by Panjab Digital Library | www.panjabdigilib.org

ਮਕਾਨ ਤੇ ਪਹੁੰਚ ਕੇ ਮੈਨੂੰ ਮੰਜੀ ਤੇ ਲਿਟਾਇਆ ਗਿਆ। ਡਾਕਟਰ ਬੇਰੀ ਨੂੰ ਟੈਲੀਫ਼ੂਨ ਕੀਤਾ। ਰਾਤ ਨੂੰ ਦੋ ਤਿੰਨ ਵਜੇ ਦੇ ਕਰੀਬ ਡਾਕਟਰ ਸਾਹਿਬ ਆਏ। ਮੈਂ ਬੇਹੋਸ਼ ਸਾਂ। ਡਾਕਟਰ ਸਾਹਿਬ ਨੇ ਦੱਸਿਆ ਕਿ ਕਨੈਕਸ਼ਨ ਆਫ਼ ਬਰੇਨ (ਦਿਮਾਗ਼ੀ ਦੁਰਘਟਨਾ) ਹੈ। ਮੈਂ ਵੀ ਦੋ ਮਹੀਨੇ ਦੇ ਕਰੀਬ ਮੰਜੀ ਤੇ ਪਿਆ ਰਿਹਾ ਅਤੇ ਇਲਾਜ ਕਰਵਾਉਂਦਾ ਰਿਹਾ। ਦੋਂਹ ਮਹੀਨਿਆਂ ਪਿਛੋਂ ਅਸੀਂ ਦੋਵੇਂ ਰਾਜ਼ੀ ਹੋਏ। ਉਸ ਪਿਛੋਂ ਸ਼ੈਦਾ ਸਾਹਿਬ ਸੁਰਗਵਾਸੀ ਸਦਾ ਆਖਿਆ ਕਰਦੇ ਕਿ ਨਿਰਦੋਸ਼ ਸਹੇ ਨੂੰ ਦੀਵਾਨ ਸਿੰਘ ਨੇ ਮੇਰੀ ਸੋਟੀ ਨਾਲ ਫਟੜ ਕੀਤਾ ਜਿਸ ਦਾ ਸਾਨੂੰ ਦੋਹਾਂ ਨੂੰ ਡੰਡ ਮਿਲਿਆ।

ਹੁਣ ਪ੍ਰਸ਼ਨ ਇਹ ਹੈ ਕਿ ਜੇਕਰ ਸਹੇ ਨੂੰ ਫਟੜ ਕਰਨਾ ਜਾਂ ਮਾਰਨਾ ਅਪਰਾਧ ਨਹੀਂ ਅਤੇ ਇਹ ਦੁਰਘਟਨਾ ਵੀ ਚਾਣਚਕ ਹੋਈ ਤਾਂ ਇਸ ਦਾ ਕੀ ਕਾਰਨ ਹੈ ਕਿ ਇਹ ਦੁਰਘਟਨਾ ਠੀਕ ਉਸੇ ਥਾਂ ਵਾਪਰੀ ਜਿਥੇ ਕੁਝ ਘੰਟੇ ਪਹਿਲਾਂ ਅਸੀਂ ਸਾਰੇ ਬੈਠੇ ਸਾਂ ਅਤੇ ਜਿਸ ਥਾਂ ਸਹਿਆ ਫਟੜ ਕੀਤਾ ਗਿਆ ਸੀ।

ਐਡੀਟਰ "ਰਿਆਸਤ" ਦਾ ਵਿਸ਼ਵਾਸ਼ ਹੈ ਕਿ ਹਰ ਗੁਨਾਹ ਦੀ ਸਜ਼ਾ ਮਿਲਦੀ ਹੈ ਭਾਵੇਂ ਉਹ ਇਸ ਜਨਮ ਵਿਚ ਮਿਲੇ ਜਾਂ ਅਗਲੇ ਜਨਮ ਵਿਚ, ਝਬਦੇ ਹੀ ਮਿਲੇ ਜਾਂ ਚਿਰਾਕੀ, ਕੁਝ ਮਹੀਨਿਆਂ ਜਾਂ ਕੁਝ ਸਾਲਾਂ ਪਿਛੋਂ, ਪਰ ਇਹ ਹੋ ਨਹੀਂ ਸਕਦਾ ਕਿ ਮਨੁੱਖ ਅਤੇ ਪਸ਼ੂ —ਜਿਨ੍ਹਾਂ ਵਿਚ ਦੁਖ ਜਾਂ ਸੁਖ ਅਨੁਭਵ ਕਰਨ ਦਾ ਅਹਿਸਾਸ ਮੌਜੂਦ ਹੈ— ਦੀਆਂ ਅਸੀਸਾਂ ਜਾਂ ਬਦ-ਅਸੀਸਾਂ ਦਾ ਅਸਰ ਨਾ ਹੋਵੇ। ਜੇਕਰ ਅਸੀਂ ਕੋਈ ਗੁਨਾਹ ਕਰਦੇ ਹਾਂ —ਐਡੀਟਰ "ਰਿਆਸਤ" ਦੇ ਵਿਚਾਰ ਵਿਚ ਗੁਨਾਹ ਕੇਵਲ ਉਹ ਹੈ ਜੋ ਕਿਸੇ ਦਾ ਦਿਲ ਦੁਖਾਉਣ ਜਾਂ ਕਿਸੇ ਦਾ ਹੱਕ ਮਾਰ ਲੈਣ ਦੀ ਮਦ ਵਿਚ ਆਏ— ਤਾਂ ਉਸ ਦੀ ਸਜ਼ਾ ਲਈ ਸਾਨੂੰ ਤਤਪਰ ਰਹਿਣਾ ਚਾਹੀਦਾ ਹੈ।

## ਰਿਆਸਤੀ ਪਰਜਾ ਅਤੇ ਅਹਿਲਕਾਰਾਂ ਦੀ ਵਫ਼ਾਦਾਰੀ

ਮੈਂ ਰਿਆਸਤ ਨਾਭਾ ਵਿਚ ਨੌਕਰ ਸਾਂ। ਦੋ ਸੌ ਰੁਪਏ ਮਾਸਕ ਤਨਖ਼ਾਹ ਮਿਲਦੀ ਸੀ। ਮਹਾਰਾਜੇ ਦੇ ਦਿਲ ਵਿਚ ਨਾ ਕੇਵਲ ਮੇਰੇ ਪੱਤਰਕਾਰ ਹੋਣ ਦੇ ਕਾਰਨ ਸਤਿਕਾਰ ਸੀ ਸਗੋਂ ਉਹ ਇਕ ਹੱਦ ਤਕ ਮੈਨੂੰ ਆਪਣਾ ਹਿਤਕਾਰੀ ਮਿੱਤਰ ਵੀ ਸਮਝਦੇ ਸਨ। ਉਹਨਾਂ ਦਿਨਾਂ ਵਿਚ ਮਹਾਰਾਜੇ ਤੇ ਸਿਆਸੀ ਬਦਲਾਂ ਦੀਆਂ ਘਟਾਵਾਂ ਛਾਈਆਂ ਹੋਈਆਂ ਸਨ। ਇਕ ਪਾਸੇ ਪੁਲੀਟੀਕਲ ਡੀਪਾਰਟਮੈਂਟ ਦੀ



Digitized by Panjab Digital Library | www.panjabdigilib.org

ਕਰੋਪੀ ਦੂਜੇ ਪਾਸੇ ਮਹਾਰਾਜਾ ਪਟਿਆਲਾ ਸ਼ਤਰੂ, ਜੋ ਚਾਹੁੰਦੇ ਸਨ ਕਿ ਮਹਾਰਾਜਾ ਨਾਭਾ ਤੋਂ ਬਦਲਾ ਲੈਣ। ਜਨਤਾ ਨਿਰਾਸ ਕਿਉਂਕਿ ਮਹਾਰਾਜਾ ਪੁਲੀਟੀਕਲ ਡੀਪਾਰਟਮੈਂਟ ਅਤੇ ਦੂਜੇ ਝਗੜਿਆਂ ਕਾਰਨ ਰਿਆਸਤ ਦੇ ਰਾਜ ਕਾਜ ਵਿਚ ਮਨ ਨਹੀਂ ਲਾਉਂਦੇ ਸਨ। ਇਹ ਸਾਰੀਆਂ ਘਟਨਾਵਾਂ ਮਹਾਰਾਜਾ ਲਈ ਬੜੀ ਪ੍ਰੇਸ਼ਾਨੀ ਦਾ ਕਾਰਨ ਸਨ। ਇਕ ਦਿਨ ਮਹਾਰਾਜਾ ਨੂੰ ਖ਼ਬਰ ਮਿਲੀ ਕਿ ਜਸਟਿਸ ਸਟੂਅਰਟ —ਜਿਹੜਾ ਨਾਭੇ ਤੇ ਪਟਿਆਲੇ ਦਿਆਂ ਝਗੜਿਆਂ ਸੰਬੰਧੀ ਪੜਤਾਲ ਕਰਨ ਲਈ ਅੰਬਾਲੇ ਵਿਚ ਜੱਜ ਨੀਯਤ ਹੋਇਆ ਸੀ— ਦੀ ਰੀਪੋਰਟ ਤੇ ਸਰਕਾਰ ਮਹਾਰਾਜੇ ਨੂੰ ਗੱਦੀ ਤੋਂ ਲਾਹੁਣਾ ਚਾਹੁੰਦੀ ਹੈ। ਇਹ ਖ਼ਬਰ ਮਹਾਰਾਜਾ ਲਈ ਹੋਰ ਵੀ ਪਰੇਸ਼ਾਨੀ ਦਾ ਕਾਰਨ ਹੋਈ। ਮਹਾਰਾਜਾ ਨੇ ਆਪਣੇ ਪ੍ਰਾਈਵੇਟ ਸਕੱਤਰ, ਬਦੇਸ਼ ਮੰਤ੍ਰੀ, ਗ੍ਰਹਿ ਮੰਤ੍ਰੀ ਅਤੇ ਹੋਰ ਦੂਜੇ ਪੁਰਾਣੇ ਖ਼ਾਨਦਾਨੀ ਅਹਿਲਕਾਰਾਂ ਨੂੰ ਸਲਾਹ ਕਰਨ ਲਈ ਸੱਦਿਆ। ਰਿਆਸਤਾਂ ਦੇ ਇਹ ਬੰਦੇ ਬੁਧੂ, ਉਜੱਡ, ਸਾਜ਼ਸ਼ੀ ਅਤੇ ਪੁਰਾਣੇ ਮਾਰਕੇ ਦੇ ਜੀ ਹਜ਼ੂਰੀਏ, ਸਿਆਸੀ ਝਗੜਿਆਂ ਨੂੰ ਨਿਪਟਾਣ ਦੇ ਬਿਲਕੁਲ ਅਯੋਗ ਸਨ। ਉਹਨਾਂ ਵਿਚੋਂ ਜਿਨ੍ਹਾਂ ਦੀ ਪੁਲੀਟੀਕਲ ਡੀਪਾਰਟਮੈਂਟ ਦੇ ਅਫ਼ਸਰਾਂ ਨਾਲ ਨਿਜੀ ਵਾਕਫ਼ੀ ਸੀ ਉਹਨਾਂ ਨੇ ਤਾਂ ਰਾਇ ਦਿਤੀ ਕਿ ਪੁਲੀਟੀਕਲ ਏਜੰਟ ਦੇ ਪੈਰ ਫੜ ਲਏ ਜਾਣ। ਦੂਜੇ ਜਿਹੜੇ ਸਨ ਉਹਨਾਂ ਨੇ ਕਿਹਾ ਕਿ ਹਜ਼ੂਰ ਤੁਸੀਂ ਮਹਾਰਾਜਾ ਹੋ, ਨਿਜ ਅਧਿਕਾਰੀ ਹੋ, ਤੁਹਾਨੂੰ ਕਿਹੜਾ ਜੰਮਿਆ ਹਥ ਲਾਉਣ ਵਾਲਾ। ਪੁਲੀਟੀਕਲ ਏਜੰਟ ਦੀ ਹਸਤੀ ਹੀ ਕੀ ਹੈ। ਇੱਟ ਦਾ ਜਵਾਬ ਪੱਥਰ ਨਾਲ ਦਿਉ। ਸਰਕਾਰ ਨੂੰ ਹੀਆ ਨਹੀਂ ਪੈਣ ਲਗਾ ਕਿ ਉਹ ਤੁਹਾਡੀ ਵਲ ਅੱਖ ਚੁਕ ਕੇ ਵੇਖ ਵੀ ਸਕੇ। ਇਹ ਸਲਾਹਾਂ ਹੋ ਰਹੀਆਂ ਸਨ ਕਿ ਏਨੇ ਵਿਚ ਅਕਾਲੀ ਲੀਡਰਾਂ ਅਤੇ ਇਕ ਪੜ੍ਹੇ ਲਿਖੇ ਸੰਤ ਤੇਜਾ ਸਿੰਘ ਐਮ. ਏ. — ਜਿਹੜੇ ਮਹਾਰਾਜਾ ਦੇ ਮਿੱਤਰ ਸਨ — ਨੂੰ ਪਤਾ ਲਗਾ। ਇਹ ਲੋਕ ਹਾਲਤ ਜਾਨਣ ਲਈ ਨਾਭੇ ਪਹੁੰਚੇ। ਇਹਨਾਂ ਲੋਕਾਂ ਨੇ ਵੀ ਮਹਾਰਾਜੇ ਨੂੰ ਸਲਾਹ ਦਿਤੀ ਕਿ ਸਰਕਾਰ ਦੀ ਪਰਵਾਹ ਨਾ ਕੀਤੀ ਜਾਏ। ਸਾਰੀ ਸਿਖ ਜਾਤੀ ਤੁਹਾਡੇ ਲਈ ਮਰ ਮਿਟੇਗੀ। ਇਹਨਾਂ ਦੋ ਪਾਰਟੀਆਂ — ਇਕ ਸਰਕਾਰ ਨਾਲ ਸੁਲ੍ਹਾ ਕਰਨ ਦੇ ਪੱਖ ਵਿਚ ਅਤੇ ਦੂਜੀ ਸਰਕਾਰ ਦੀ ਪਰਵਾਹ ਨਾ ਕਰਨ ਦੀ ਸਲਾਹ ਦੇਣ ਵਾਲੀ — ਵਿਚਕਾਰ ਮਹਾਰਾਜਾ ਕੋਈ ਵੀ ਫ਼ੈਸਲਾ ਨਹੀਂ ਕਰ ਸਕਦੇ ਸਨ। ਸਵੇਰੇ ਸਰਕਾਰ ਨਾਲ ਸੁਲ੍ਹਾ ਕਰਨ ਦੇ ਪੱਖ ਵਿਚ ਹਨ ਤਾਂ ਸ਼ਾਮ ਨੂੰ ਉਸ ਦੇ ਵਿਰੁਧ। ਮਹਾਰਾਜਾ ਕਈ ਦਿਨਾਂ ਤਕ ਏਸ ਦਿਮਾਗ਼ੀ ਖਿਚੋਤਾਣ ਵਿਚ ਫਸੇ ਰਹੇ। ਆਖ਼ਰ ਇਹਨਾਂ ਸਾਰਿਆਂ ਲੋਕਾਂ ਤੇ ਉਹਨਾਂ ਦੇ ਸਾਬਕ ਅਧਿਆਪਕ ਸਰਦਾਰ ਬਹਾਦਰ ਭਾਈ ਕਾਹਨ ਸਿੰਘ ਦੀ ਰਾਇ ਭਾਰੂ ਹੋਈ ਕਿ



Digitized by Panjab Digital Library | www.panjabdigilib.org

ਪੁਲੀਟੀਕਲ ਏਜੰਟ ਵਲ ਮਿਤ੍ਰਤਾ ਦਾ ਹਥ ਵਧਾਇਆ ਜਾਏ । ਉਹਨਾਂ ਦੀ ਸਲਾਹ ਨਾਲ ਕਰਨਲ ਮਨਚਨ ਏਜੰਟ ਗਵਰਨਰ ਜਨਰਲ ਪੰਜਾਬ ਸਟੇਟਸ ਨੂੰ ਮਿਲਣ ਲਈ ਖਤ ਲਿਖਿਆ ਗਿਆ । ਕਰਨਲ ਮਨਚਨ ਉਸ ਵੇਲੇ ਕਸੌਲੀ ਰਹਿੰਦੇ ਸਨ । ਉਹਨਾਂ ਦਾ ਜੁਆਬ ਆਇਆ ਕਿ ਅਮਕੇ ਦਿਨ ਕਸੌਲੀ ਵਿਚ ਮਿਲ ਸਕਦੇ ਹੋ । ਇਸ ਉਤਰ ਦੇ ਪਿਛੋਂ ਅਕਾਲੀ ਲੀਡਰਾਂ ਦੀ ਸਲਾਹ ਫਿਰ ਭਾਰੂ ਹੋ ਗਈ ਅਤੇ ਮਹਾਰਾਜੇ ਨੇ ਧਾਰਿਆ ਕਿ ਕਰਨਲ ਮਨਚਨ ਨੂੰ ਨਾ ਮਿਲਣ । ਇਸ ਪਿਛੋਂ ਭਾਈ ਕਾਹਨ ਸਿੰਘ ਨੇ ਫੇਰ ਆਖਿਆ ਕਿ ਮਿਲਣ ਦੀ ਤ੍ਰੀਕ ਨੀਯਤ ਹੋ ਜਾਣ ਪਿਛੋਂ ਕਰਨਲ ਮਨਚਨ ਨੂੰ ਨਾ ਮਿਲਣਾ ਵਧੇਰੇ ਦੁਖਾਂ ਦਾ ਕਾਰਨ ਹੋਵੇਗਾ । ਮਹਾਰਾਜਾ ਨੇ ਫੇਰ ਆਪਣਾ ਵਿਚਾਰ ਪਲਟ ਲਿਆ । ਆਖ਼ਰ ਮੁਲਾਕਾਤ ਵਾਸਤੇ ਮਹਾਰਾਜਾ ਸਮੇਤ ਆਪਣੇ ਪ੍ਰਾਈਵੇਟ ਸਕੱਤਰ ਤੇ ਕੁਝ ਅਹਿਲਕਾਰਾਂ ਦੇ ਮੋਟਰ ਵਿਚ ਕਸੌਲੀ ਚਲੇ ਗਏ । ਕਸੌਲੀ ਜਦ ਪੁਜੇ ਅਤੇ ਮੁਲਾਕਾਤ ਹੋਈ ਤਾਂ ਕਰਨਲ ਮਨਚਨ ਨੇ ਬਿਨਾਂ ਕੁਝ ਸੁਣੇ ਸਭ ਤੋਂ ਪਹਿਲਾਂ ਮਹਾਰਾਜਾ ਨੂੰ ਕਿਹਾ ਕਿ ਉਹ ਪੰਜਾਬ ਦੀਆਂ ਰਿਆਸਤਾਂ ਦੇ ਏਜੰਟ ਗਵਰਨਰ ਜਨ-ਰਲ ਦੇ ਤੌਰ ਤੇ ਮਹਾਰਾਜਾ ਨੂੰ ਸੂਚਿਤ ਕਰਦੇ ਹਨ ਕਿ ਜਾਂ ਤਾਂ ਗੱਦੀ ਤੋਂ ਆਪਣੇ ਆਪ ਲਹਿ ਜਾਓ ਅਤੇ ਰਿਆਸਤ ਨਾਭਾ ਹੀ ਨਹੀਂ ਸਗੋਂ ਪੰਜਾਬ ਨੂੰ ਵੀ ਸਦਾ ਲਈ ਛਡ ਜਾਓ ਅਤੇ ਤਖਤੋਂ ਲਹਿਣ ਦੇ ਸਮੇਂ ਵਿਚ ਤੁਹਾਨੂੰ ਰਿਆਸਤ ਨਾਭਾ ਦੇ ਮਾਲੀਏ ਦਾ ਦਸ ਪ੍ਰਤੀ ਸੈਂਕੜਾ ਅਲੌਂਸ ਵਜੋਂ ਮਿਲੇਗਾ ਅਤੇ ਜੇਕਰ ਇਹ ਸ਼ਰਤਾਂ ਪ੍ਰਵਾਨ ਨਹੀਂ ਤਾਂ ਖੁਲ੍ਹੀ ਅਦਾਲਤ ਵਿਚ ਸਾਧਾਰਨ ਅਪਰਾਧੀਆਂ ਦੀ ਤਰ੍ਹਾਂ ਮੁਕੱਦਮਾ ਚਲਵਾਉਣ ਲਈ ਤਿਆਰ ਹੋ ਜਾਓ । ਉਸ ਅਦਾਲਤ ਵਿਚ ਤੁਹਾਡੇ ਜਿਹੜੇ ਅਪਰਾਧ ਸਾਬਤ ਹੋਣਗੇ ਉਹਨਾਂ ਦੀ ਤੁਹਾਨੂੰ ਸਾਧਾਰਨ ਅਪਰਾਧੀਆਂ ਵਾਂਗ ਹੀ ਸਜ਼ਾ ਦਿਤੀ ਜਾਏਗੀ । ਭਾਵੇਂ ਉਹ ਕਤਲ ਦੇ ਅਪਰਾਧ ਵਿਚ ਫ਼ਾਂਸੀ ਦੀ ਸਜ਼ਾ ਹੀ ਕਿਉਂ ਨਾ ਹੋਵੇ । ਮਹਾਰਾਜਾ ਨਾਭਾ ਉਸ ਸਮੇਂ ਤਕ ਅਵਸਥਾ ਨੂੰ ਕੋਈ ਵਧੇਰੇ ਮਹਾਨਤਾ ਨਹੀਂ ਦਿੰਦੇ ਸਨ । ਉਹਨਾਂ ਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਏਜੰਟ ਗਵਰਨਰ ਜਨਰਲ ਇਹ ਆਖੇਗਾ । ਇਸ ਪ੍ਰਕਾਰ ਏਜੰਟ ਗਵਰਨਰ ਜਨਰਲ ਦੇ ਇਸ ਨੋਟਿਸ ਤੇ ਵੀ ਉਹਨਾਂ ਨੇ ਇਹੀ ਜਾਣਿਆ ਕਿ ਕਰਨਲ ਮਨਚਨ ਕੇਵਲ ਡਰਾਵਾ ਦੇ ਰਹੇ ਹਨ ਅਤੇ ਉਹਨਾਂ ਨੂੰ ਭੈ-ਭੀਤ ਕਰਨਾ ਚਾਹੁੰਦੇ ਹਨ ਨਹੀਂ ਤਾਂ ਸਰਕਾਰ ਅਜਿਹਾ ਨਹੀਂ ਕਰੇਗੀ । ਮਹਾਰਾਜੇ ਨੇ ਉਤਰ ਦਿਤਾ ਕਿ ਤੁਹਾਨੂੰ ਇਹੋ ਜਿਹੀਆਂ ਗਲਾਂ ਕਰਨੀਆਂ ਸ਼ੋਭਾ ਨਹੀਂ ਦਿੰਦੀਆਂ ਮੈਂ ਤਾਂ ਤੁਹਾਡੇ ਨਾਲ ਮਿਤ੍ਰਤਾ ਵਾਲੇ ਸੰਬੰਧਾਂ ਲਈ ਹਥ ਵਧਾਉਣ ਆਇਆ ਹਾਂ । ਕਰਨਲ ਮਨਚਨ ਨੇ ਕਿਹਾ ਕਿ ਉਹ ਜੋ ਕੁਝ ਆਖ



Digitized by Panjab Digital Library | www.panjabdigilib.org

ਰਹੇ ਹਨ ਸਰਕਾਰ ਦੇ ਅਧਿਕਾਰਾਂ ਦੇ ਆਧਾਰ ਤੇ ਆਖ ਰਹੇ ਹਨ, ਠਠਾ ਨਹੀਂ ਕਰ ਰਹੇ ਜੇਕਰ ਤੁਸੀਂ ਚਾਹੋ ਤਾਂ ਸਰ ਜਾਨ ਥਾਂਪਸਨ ਪੁਲੀਟੀਕਲ ਸਕੱਤ੍ਰ ਨਾਲ ਟੈਲੀਫ਼ੂਨ ਤੇ ਗਲ ਕਰ ਲਓ । ਸੋ ਕਸੌਲੀ ਤੋਂ ਸਰ ਜਾਨ ਥਾਂਪਸਨ ਦਾ ਸ਼ਿਮਲੇ ਵਿਚ ਟੈਲੀਫ਼ੂਨ ਨੰਬਰ ਮਿਲਾਇਆ ਗਿਆ ਅਤੇ ਸਰ ਜਾਨ ਨਾਲ ਗਲ ਹੋਈ, ਤਾਂ ਸਰ ਜਾਨ ਨੇ ਕਿਹਾ ਕਿ ਕਰਨਲ ਮਨਚਨ ਜੋ ਕੁਝ ਆਖ ਰਹੇ ਹਨ ਉਹ ਲਾਰਡ ਰੀਡਿੰਗ ਵਾਇਸਰਾਏ ਦੇ ਹੁਕਮ ਅਨੁਸਾਰ ਕਹਿ ਰਹੇ ਹਨ । ਇਸ ਵਿਚ ਕੋਈ ਸੰਦੇਹ ਨਹੀਂ । ਸਰ ਜਾਨ ਥਾਂਪਸਨ ਨੂੰ ਟੈਲੀਫ਼ੂਨ ਕਰਨ ਉਪ੍ਰੰਤ ਮਹਾਰਾਜੇ ਨੂੰ ਵਿਸ਼ਵਾਸ ਹੋਇਆ ਕਿ ਵਾਤਾਵਰਣ ਬਦਲ ਚੁਕਿਆ ਹੈ ਅਤੇ ਤਬਾਹੀ ਬਿਲਕੁਲ ਲਾਗੇ ਹੈ । ਇਸ ਪ੍ਰਕਾਰ ਮਹਾਰਾਜੇ ਦੇ ਦਿਮਾਗ਼ ਤੇ ਇਸ ਗਲ ਬਾਤ ਦਾ ਬੜਾ ਭੈੜਾ ਪ੍ਰਭਾਵ ਪਿਆ ਅਤੇ ਨਾਭੇ ਵਾਪਸ ਆਉਂਦੇ ਹੋਏ ਸਾਥੀ ਅਹਿਲਕਾਰਾਂ ਨੇ ਅਨੁਭਵ ਕੀਤਾ ਕਿ ਮਹਾਰਾਜਾ ਆਪਣੀ ਦਿਮਾਗ਼ੀ ਸਥਿ-ਰਤਾ ਤੋਂ ਸਖਣੇ ਹੋ ਚੁਕੇ ਹਨ ।

ਨਾਭੇ ਪਹੁੰਚਣ ਪਿਛੋਂ ਸ਼ਹਿਰ ਵਿਚ ਸੋਗ ਦੀਆਂ ਘਟਾਵਾਂ ਛਾ ਗਈਆਂ । ਚਹੁੰ ਪਾਸੀਂ ਅਰਮਾਨ ਵਸ ਰਹੇ ਸਨ । ਅਹਿਲਕਾਰਾਂ ਦੇ ਫੇਰ ਸਲਾਹ ਮਸ਼ਵਰੇ ਸ਼ੁਰੂ ਹੋਏ । ਕੁਝ ਆਦਮੀ ਤਾਂ ਇਸ ਗਲ ਦੇ ਪਖ ਵਿਚ ਸਨ ਕਿ ਗਦੀ ਛਡਣ ਨੂੰ ਜੀ ਆਇਆਂ ਕਿਹਾ ਜਾਏ ਤੇ ਕੁਝ ਆਦਮੀ ਇਹ ਚਾਹੁੰਦੇ ਸਨ ਕਿ ਸਰਕਾਰ ਦੀ ਪ੍ਰਵਾਹ ਨਾ ਕੀਤੀ ਜਾਏ । ਇਸ ਤਰ੍ਹਾਂ ਕਸੌਲੀ ਜਾਣ ਤੋਂ ਪਹਿਲਾਂ ਤਾਂ ਮਹਾਰਾਜੇ ਦੀ ਰਾਇ ਦਿਨ ਵਿਚ ਦੋ ਵਾਰ ਬਦਲਦੀ ਸੀ ਭਾਵ ਸਵੇਰੇ ਕੁਝ ਤੇ ਸ਼ਾਮ ਨੂੰ ਕੁਝ । ਹੁਣ ਇਕ ਇਕ ਘੰਟੇ ਪਿਛੋਂ ਬਦਲਣੀ ਸ਼ੁਰੂ ਹੋਈ ਭਾਵ ਜੇਕਰ ਮਹਾਰਾਜਾ ਹੁਣ ਗੱਦੀ ਛਡਣ ਨੂੰ ਤਿਆਰ ਹੈ ਤਾਂ ਇਕ ਘੰਟੇ ਪਿਛੋਂ ਇਸ ਦੇ ਵਿਰੁਧ ਅਤੇ ਮੁਕੱਦਮਾ ਚਲਵਾਉਣ ਦੇ ਪਖ ਵਿਚ ਅਤੇ ਫਿਰ ਇਕ ਅਧ ਘੰਟੇ ਪਿਛੋਂ ਗੱਦੀ ਛਡਣ ਨੂੰ ਤਿਆਰ । ਕਰਨਲ ਮਨਚਨ ਨੇ ਉੱਤਰ ਲਈ ਕੁਝ ਦਿਨਾਂ ਦੀ ਮੋਹਲਤ ਦਿਤੀ ਸੀ । ਮਹਾਰਾਜਾ ਕਿਸੇ ਫ਼ੈਸਲੇ ਤੇ ਵੀ ਨਾ ਪਹੁੰਚ ਸਕੇ । ਇਹ ਮਿਆਦ ਖ਼ਤਮ ਹੋ ਰਹੀ ਸੀ । ਰੀਮਾਂਈਂਡਰ ਆਉਣੇ ਸ਼ੁਰੂ ਹੋਏ ਤਾਂ ਅਖੀਰ ਕਰਨਲ ਮਨਚਨ ਨੂੰ ਖ਼ਤ ਲਿਖਿਆ ਗਿਆ । ਜਿਸ ਵਿਚ ਮਹਾਰਾਜੇ ਨੇ ਸ਼ਰਤਾਂ ਪ੍ਰਵਾਨ ਕਰ ਲਈਆਂ । ਇਹ ਖ਼ਤ ਮਹਾਰਾਜਾ ਦੇ ਅੰਗਰੇਜ਼ ਮੋਟਰ ਗਰਾਜ ਸੁਪ੍ਰਿੰਟੈਂਡੈਂਟ ਮਿਸਟਰ ਓਗਰੇਡੀ—ਜਿਹੜੇ ਮਿਸਟਰ ਓਗਰੇਡੀ ਮੈਂਬਰ ਪਾਰਲੀਮੈਂਟ ਦੇ ਭਰਾ ਸਨ—ਨੂੰ ਦਿਤਾ ਗਿਆ ਕਿ ਉਹ ਮੋਟਰ ਵਿਚ ਕਸੌਲੀ ਜਾ ਕੇ ਕਰਨਲ ਮਨਚਨ ਨੂੰ ਦੇ ਦੇਣ । ਮਿਸਟਰ ਓਗਰੇਡੀ ਸ਼ਾਮ ਨੂੰ ਨਾਭਿਉਂ ਤੁਰੇ । ਰਾਤ ਨੂੰ ਉਹਨਾਂ ਅੰਬਾਲੇ ਛਾਉਣੀ ਦੇ ਕਿਸੇ ਹੋਟਲ ਵਿਚ

ਠਹਿਰਨਾ ਸੀ ਤੇ ਸਵੇਰੇ ਕਸੌਲੀ ਨੂੰ ਤੁਰਨਾ ਸੀ । ਮਿਸਟਰ ਓਗਰੇਡੀ ਦੇ ਨਾਭੇ ਤੋਂ ਤੁਰਣ ਪਿਛੋਂ ਮਹਾਰਾਜੇ ਦੇ ਖ਼ਿਆਲ ਵਿਚ ਫੇਰ ਪਲਟਾ ਆ ਗਿਆ । ਇਸ ਤਰ੍ਹਾਂ ਰਾਤ ਨੂੰ ਇਕ ਬਹੁਤ ਤੇਜ਼ ਚਲਣ ਵਾਲੀ ਮੋਟਰ ਵਿਚ ਦੋ ਅਹਿਲਕਾਰ ਅੰਬਾਲਾ ਛਾਉਣੀ ਭੇਜੇ ਗਏ ਕਿ ਉਹ ਓਗਰੇਡੀ ਨੂੰ ਸਮੇਤ ਖਤ ਦੇ ਵਾਪਸ ਲੈ ਆਉਣ । ਇਹ ਲੋਕ ਅੰਬਾਲੇ ਛਾਉਣੀ ਪਹੁੰਚੇ ਅਤੇ ਓਗਰੇਡੀ ਨੂੰ ਹੋਟਲ ਵਿਚ ਮਿਲੇ ਤਾਂ ਬਜਾਏ ਇਸ ਦੇ ਕਿ ਉਹ ਓਗਰੇਡੀ ਨੂੰ ਵਾਪਸ ਆਉਣ ਲਈ ਆਖਦੇ ਉਹਨਾਂ ਨੇ ਓਗਰੇਡੀ ਨੂੰ ਕਿਹਾ ਕਿ ਕਸੌਲੀ ਛੇਤੀ ਚਲੇ ਜਾਓ ਤਾਕਿ ਤੁਹਾਨੂੰ ਵਾਪਸ ਮੋੜਨ ਲਈ ਕੋਈ ਹੋਰ ਬੰਦਾ ਨਾ ਆ ਜਾਏ । ਓਗਰੇਡੀ ਸਵੇਰੇ ਸੂਰਜ ਨਿਕਲਣ ਤੋਂ ਪਹਿਲਾਂ ਅੰਬਾਲਾ ਛਾਉਣੀ ਤੋਂ ਤੁਰ ਪਿਆ ਤੇ ਤਿੰਨ ਚਾਰ ਘੰਟਿਆਂ ਵਿਚ ਕਸੌਲੀ ਪਹੁੰਚ ਗਿਆ ਤੇ ਮਹਾਰਾਜੇ ਦੇ ਹਥ ਦਾ ਲਿਖਿਆ ਹੋਇਆ ਗਦੀ ਛਡਣ ਦਾ ਇਕਰਾਰਨਾਮਾ ਕਰਨਲ ਮਨਚਨ ਦੇ ਹਵਾਲੇ ਕਰ ਦਿਤਾ । ਕਰਨਲ ਮਨਚਨ ਨਾਭੇ ਦੇ ਪਲ ਪਲ ਦੇ ਸਮਾਚਾਰਾਂ ਤੋਂ ਜਾਣੂ ਸਨ ਅਤੇ ਮਹਾਰਾਜੇ ਦੇ ਕਈ ਬੜੇ ਇਤਬਾਰੀ ਅਹਿਲਕਾਰ ਉਹਨਾਂ ਨਾਲ ਮਿਲੇ ਹੋਏ ਸਨ । ਉਹ ਇਸ ਖਤ ਦੀ ਉਡੀਕ ਵਿਚ ਤਿਆਰ ਬੈਠੇ ਸਨ । ਖਤ ਪਹੁੰਚਦਿਆਂ ਹੀ ਉਹਨਾਂ ਨੇ ਅੰਬਾਲਾ ਛਾਉਣੀ ਦੇ ਫ਼ੌਜੀ ਅਫ਼ਸਰਾਂ ਨੂੰ ਫ਼ੌਜ ਤਿਆਰ ਕਰਨ ਲਈ ਟੈਲੀਫ਼ੂਨ ਤੇ ਕਿਹਾ । ਸ਼ਿਮਲੇ ਪੁਲੀਟੀਕਲ ਡੀਪਾਰਟਮੈਂਟ ਨੂੰ ਟੈਲੀਫ਼ੂਨ ਕਰਕੇ ਮਿਸਟਰ ਓਗਲਦੀ—ਜਿਹੜੇ ਪਿਛੋਂ ਸਰਕਾਰ ਹਿੰਦ ਦੇ ਡੀਫ਼ੈਂਸ ਸਕੱਤਰ ਸਨ—ਨੂੰ ਅੰਬਾਲੇ ਭੇਜਣ ਲਈ ਕਿਹਾ । ਅੰਬਾਲਾ ਪਹੁੰਚਣ ਪਿਛੋਂ ਕਰਨਲ ਮਨਚਨ ਸਮੇਤ ਮਿਸਟਰ ਓਗਲਦੀ ਅਤੇ ਗੋਰਖਾ ਤੇ ਅੰਗਰੇਜ਼ੀ ਪਲਟਨ ਦੇ ਪਟਿਆਲੇ ਪਹੁੰਚੇ । ਉਥੇ ਕੁਝ ਚਿਰ ਠਹਿਰੇ ਅਤੇ ਸਲਾਹਾਂ ਹੋਈਆਂ । ਸਵੇਰੇ ਚਾਰ ਵਜੇ ਇਹ ਸਾਰਾ ਲਾਣਾ ਬਾਣਾ ਨਾਭੇ ਪਹੁੰਚ ਗਿਆ । ਨਾਭੇ ਪਹੁੰਚਣ ਪਿਛੋਂ ਗੋਰਖਾ ਤੇ ਅੰਗਰੇਜ਼ੀ ਪਲਟਨ ਸ਼ਹਿਰ ਦੇ ਦਰਵਾਜ਼ਿਆਂ, ਕਿਲ੍ਹੇ, ਖ਼ਜ਼ਾਨੇ, ਬਾਰੂਦਖਾਨੇ, ਨਾਭੇ ਦੀ ਰਿਆਸਤੀ ਪਲਟਨ ਦੀਆਂ ਬਾਰਕਾਂ ਅਤੇ ਹੀਰਾ ਮਹਲ—ਜਿਥੇ ਮਹਾਰਾਜਾ ਰਹਿੰਦਾ ਸੀ—ਦੇ ਆਲੇ ਦੁਆਲੇ ਬਿਠਾ ਦਿਤੀ ਗਈ ਕਿਉਂਕਿ ਕਰਨਲ ਮਨਚਨ ਨੂੰ ਮਹਾਰਾਜਾ ਨਾਭਾ ਦੇ ਕਈ ਧਰੋਹੀ ਅਹਿਲਕਾਰਾਂ ਨੇ ਖਬਰ ਦਿਤੀ ਸੀ ਕਿ ਅਕਾਲੀ ਬੜੀ ਵਡੀ ਗਿਣਤੀ ਵਿਚ ਮੁਕਾਬਲੇ ਲਈ ਨਾਭੇ ਪਹੁੰਚ ਚੁਕੇ ਹਨ । ਥਾਂ ਥਾਂ ਅੰਗਰੇਜ਼ੀ ਤੇ ਗੋਰਖਾ ਫ਼ੌਜ ਨੀਯਤ ਕਰਨ ਪਿਛੋਂ ਕਰਨਲ ਮਨਚਨ ਸਮੇਤ ਮਿਸਟਰ ਓਗਲਦੀ ਅਤੇ ਇਕ ਫ਼ੌਜੀ ਅਫ਼ਸਰ ਦੇ ਹੀਰਾ ਮਹਲ ਦੇ ਬਾਹਰਲੇ ਫ਼ਾਟਕ ਤੇ ਗਏ ਅਤੇ ਪਹਿਰੇ ਵਾਲੇ ਸਿਪਾਹੀ ਨੂੰ ਕਿਹਾ ਕਿ ਉਹ ਪੁਲੀਟੀਕਲ ਏਜੰਟ ਹਨ ਤੇ ਮਹਾਰਾਜੇ ਨੂੰ ਮਿਲਣ ਲਈ ਮਹੱਲ ਵਿਚ ਜਾਣਾ ਚਾਹੁੰਦੇ ਹਨ ।



Digitized by Panjab Digital Library | www.panjabdigilib.org

ਪਹਿਰੇ ਵਾਲੇ ਨੇ ਜੁਆਬ ਦਿਤਾ ਕਿ ਜਦ ਤਕ ਮਹਾਰਾਜੇ ਦਾ ਹੁਕਮ ਨਾ ਹੋਵੇ ਉਹ ਅੰਦਰ ਜਾਣ ਦੀ ਆਗਿਆ ਨਹੀਂ ਦੇ ਸਕਦਾ। ਇਸ ਤਰ੍ਹਾਂ ਉਸ ਪਹਿਰੇਦਾਰ ਨੇ ਮਹੱਲ ਦੇ ਅੰਦਰੋਂ ਮਹਾਰਾਜਾ ਦੇ ਏ. ਡੀ. ਸੀ. ਡਾਕਟਰ ਵਰਿਆਮ ਸਿੰਘ ਨੂੰ ਸਦਿਆ। ਏ. ਡੀ. ਸੀ. ਮਹਾਰਾਜੇ ਕੋਲ ਗਿਆ ਅਤੇ ਖ਼ਬਰ ਦਿਤੀ ਕਿ ਕਰਨਲ ਮਨਚਨ ਆਏ ਹਨ। ਮਹਾਰਾਜੇ ਨੇ ਕਿਹਾ ਲੈ ਆਓ। ਕਰਨਲ ਮਨਚਨ ਮਹਾਰਾਜੇ ਕੋਲ ਪਹੁੰਚੇ ਤਾਂ ਉਹਨਾਂ ਮਹਾਰਾਜੇ ਨੂੰ ਕਿਹਾ ਕਿ ਨਾਭਾ ਛਡਣ ਲਈ ਤਿਆਰ ਹੋ ਜਾਓ।

ਮੈਂ ਉਸ ਦਿਨ ਸਵੇਰੇ ਛੇ ਵਜੇ ਦੇ ਕਰੀਬ ਆਪਣੇ ਮਕਾਨ ਤੇ ਸ਼ੌਚ ਇਸ਼ਨਾਨ ਤੋਂ ਵਿਹਲਾ ਹੋਇਆ ਹੀ ਸਾਂ ਕਿ ਇਕ ਆਦਮੀ ਜੋ ਮੇਰੇ ਗਵਾਂਢ ਰਹਿੰਦਾ ਸੀ ਘਾਬਰਿਆ ਹੋਇਆ ਆਇਆ ਅਤੇ ਕਿਹਾ ਕਿ ਸ਼ਹਿਰ ਦੇ ਦਰ-ਵਾਜ਼ਿਆਂ ਤੇ ਅੰਗਰੇਜ਼ੀ ਫ਼ੌਜ ਦਾ ਪਹਿਰਾ ਹੈ ਅਤੇ ਸ਼ਹਿਰ ਵਿਚ ਵੀ ਗੋਰਖਾ ਫ਼ੌਜ ਬੰਦੂਕਾਂ ਨਾਲ ਫਿਰ ਰਹੀ ਹੈ। ਇਹ ਖ਼ਬਰ ਮੇਰੇ ਲਈ ਬਿਲਕੁਲ ਆਸ ਵਿਰੁਧ ਸੀ। ਮੈਂ ਝਟ ਕਪੜੇ ਪਾਏ ਅਤੇ ਸਾਰੇ ਸਮਾਚਾਰ ਜਾਣਨ ਲਈ ਬਾਜ਼ਾਰ 'ਚ ਗਿਆ ਤਾਂ ਵੇਖਿਆ ਕਿ ਥਾਂ ਥਾਂ ਲੋਕ ਇਕੱਠੇ ਹੋ ਰਹੇ ਹਨ ਅਤੇ ਅਚੰਭੇ ਤੇ ਘਬਰਾਹਟ ਦੀ ਹਾਲਤ ਵਿਚ ਹਨ। ਮੈਂ ਸੋਚਦਾ ਸਾਂ ਕਿ ਅਸਲ ਮਾਮਲੇ ਦਾ ਕਿਸ ਤੋਂ ਪਤਾ ਕਰਾਂ। ਇਕ ਮਿਤਰ ਦੇ ਘਰ ਗਿਆ ਤਾਂ ਉਥੋਂ ਪਤਾ ਲਗਾ ਕਿ ਕਰਨਲ ਮਨਚਨ ਅਠ ਵਜੇ ਕਿਲ੍ਹੇ ਵਿਚ ਇਕ ਸ਼ਾਹੀ ਦਰਬਾਰ ਕਰ ਰਹੇ ਹਨ ਜਿਥੇ ਕਿ ਸਰਕਾਰ ਦਾ ਐਲਾਨ ਸੁਣਾਇਆ ਜਾਏਗਾ ਅਤੇ ਹੁਕਮ ਦਿਤਾ ਗਿਆ ਹੈ ਕਿ ਹਰ ਸਰਕਾਰੀ ਮੁਲਾਜ਼ਮ ਉਸ ਦਰਬਾਰ ਵਿਚ ਹਾਜ਼ਰ ਹੋਵੇ ਅਤੇ ਹੀਰਾ ਮਹੱਲ ਵਿਚ ਕਿਸੇ ਆਦਮੀ ਨੂੰ ਵੀ ਜਾਣ ਦੀ ਆਗਿਆ ਨਹੀਂ। ਮੈਂ ਹੈਰਾਨ ਸਾਂ ਕਿ ਇਹ ਕੀ ਹੋ ਗਿਆ। ਆਪਣੇ ਮਕਾਨ ਤੇ ਵਾਪਸ ਆਇਆ। ਏਨੇ ਨੂੰ ਇਕ ਬੰਗਾਲੀ ਮਿਤਰ ਮਿਸਟਰ ਹਰੀ ਪ੍ਰਸ਼ਾਦਿ ਸੂਰ—ਜਿਹੜੇ ਨਾਭਾ ਸੈਕਰੇ-ਟੇਰੀਏਟ ਵਿਚ ਅਸਿਸਟੈਂਟ ਸਕੱਤਰ ਸਨ—ਆਏ। ਉਹ ਵੀ ਹੈਰਾਨ ਸਨ। ਉਹਨਾਂ ਪੁਛਿਆ ਕਿ ਹੁਣ ਕੀ ਬਣੇਗਾ। ਮੈਂ ਕਿਹਾ ਕਿ ਜਿਥੇ ਮਲਾਹ ਡੁਬ ਗਿਆ ਉਥੇ ਬੇੜੀ ਦੀਆਂ ਸਵਾਰੀਆਂ ਵੀ ਡੁਬਣਗੀਆਂ। ਮਹਾਰਾਜੇ ਦੀ ਨਿਜੀ ਮਿਤ੍ਰਤਾ ਅਤੇ ਮਿਹਰਬਾਨੀ ਦੇ ਕਾਰਨ ਅਸੀਂ ਏਥੇ ਸਾਂ ਹੁਣ ਏਥੋਂ ਟੁਰ ਚਲਾਂਗੇ। ਇਸ ਪਿਛੋਂ ਇਕ ਦੋ ਹੋਰ ਦੋਸਤ ਆਏ ਕਿਉਂਕਿ ਹੁਕਮ ਸੀ ਇਸ ਲਈ ਅਸੀਂ ਸਾਰੇ ਕਿਲ੍ਹੇ ਵਿਚ ਪਹੁੰਚੇ। ਉਥੇ ਰਿਆਸਤ ਦੇ ਸਾਰੇ ਮੁਲਾਜ਼ਮ ਜਮ੍ਹਾਂ ਹੋ ਰਹੇ ਸਨ ਅਤੇ ਦਰਬਾਰ ਹਾਲ ਵਿਚ ਕੁਰਸੀਆਂ ਡਾਹ ਦਿਤੀਆਂ ਗਈਆਂ ਸਨ। ਹਰ ਆਦਮੀ ਦਾ ਚਿਹਰਾ ਉਦਾਸ ਤੇ ਉਤਰਿਆ ਹੋਇਆ ਸੀ।



Digitized by Panjab Digital Library | www.panjabdigilib.org

ਕਰਨਲ ਮਨਚਨ, ਮਿਸਟਰ ਓਗਲਦੀ ਨਾਲ ਦਰਬਾਰ ਵਿਚ ਆਏ। ਦਰਬਾਰੀ ਕੁਰਸੀਆਂ ਤੇ ਬੈਠੇ ਤਾਂ ਉਹਨਾਂ ਦੇ ਬਹਿੰਦਿਆਂ ਹੀ ਉਸ ਨੇ ਝਟ ਐਲਾਨ ਕੀਤਾ ਕਿ ਮਾਹਾਰਾਜਾ ਨਾਭਾ ਗਦੀ ਤੋਂ ਹਟਾਏ ਜਾ ਚੁਕੇ ਹਨ। ਕੋਈ ਆਦਮੀ ਅਗੇ ਤੋਂ ਮਹਾਰਾਜਾ ਨੂੰ ਰਿਆਸਤ ਦਾ ਹਾਕਮ ਨਾ ਸਮਝੇ ਅਤੇ ਜਿਹੜਾ ਆਦਮੀ ਭਵਿਖਤ ਵਿਚ ਮਹਾਰਾਜੇ ਦਾ ਵਫ਼ਾਦਾਰ ਰਹੇਗਾ ਜਾਂ ਇਸ ਨਾਲ ਸੰਬੰਧ ਰਖੇਗਾ ਉਸ ਨੂੰ ਕਰੜਾ ਡੰਡ ਦਿਤਾ ਜਾਏਗਾ। ਇਸ ਦਰਬਾਰ ਵਿਚ ਹੀ ਅਹਿਲਕਾਰਾਂ ਤੋਂ ਪਤਾ ਲਗਾ ਕਿ ਮਹਾਰਾਜਾ ਨੌਂ ਵਜੇ ਦੇ ਕਰੀਬ ਹੀਰਾ ਮਹਲ ਤੋਂ ਮੋਟਰ ਰਾਹੀਂ ਸਦਾ ਲਈ ਨਾਭੇ ਤੋਂ ਚਲ ਪੈਣਗੇ।

ਕਿਲ੍ਹੇ 'ਚੋਂ ਨਿਕਲਣ ਉਪ੍ਰੰਤ ਮੈਂ ਹੈਰਾਨ ਸਾਂ ਕਿ ਹੁਣ ਕੀ ਕੀਤਾ ਜਾਏ। ਪੁਲੀਟੀਕਲ ਏਜੰਟ ਨੇ ਹੁਕਮ ਦਿਤਾ ਹੈ ਕਿ ਕੋਈ ਆਦਮੀ ਹੀਰਾ ਮਹਲ ਨਹੀਂ ਜਾ ਸਕਦਾ। ਮੈਂ ਮਹਾਰਾਜਾ ਨਾਭਾ ਦੇ ਕੇਵਲ ਨਿਜੀ ਸੰਬੰਧਾਂ ਕਾਰਨ ਨਾਭੇ ਆਇਆਂ ਸਾਂ ਅਤੇ ਨੌਕਰ ਹੋਇਆ ਸਾਂ। ਮੇਰਾ ਸਿਵਾਏ ਮਹਾਰਾਜੇ ਦੇ ਕਿਸੇ ਹੋਰ ਨਾਲ ਕੋਈ ਸੰਬੰਧ ਨਹੀਂ ਸੀ। ਮਹਾਰਾਜਾ ਇਸ ਹਾਲਤ ਵਿਚ ਜਲਾਵਤਨ ਕੀਤੇ ਜਾ ਰਹੇ ਹਨ, ਕਿੰਨੀ ਵਡੀ ਕਮੀਨਗੀ ਤੇ ਅਕ੍ਰਿਤਘਨਤਾ ਹੋਵੇਗੀ ਕਿ ਮੈਂ ਉਹਨਾਂ ਦੇ ਤੁਰਣ ਵੇਲੇ ਹਮਦਰਦੀ ਵਜੋਂ ਹੀਰਾ ਮਹਲ ਵੀ ਨਾ ਜਾਵਾਂ। ਮੈਂ ਕਿਲ੍ਹੇ 'ਚੋਂ ਆਪਣੇ ਘਰ ਤੁਰਿਆ ਆ ਰਿਹਾ ਸਾਂ ਅਤੇ ਮੇਰਾ ਦਿਮਾਗ਼ ਇਹਨਾਂ ਖ਼ਿਆਲਾਂ ਵਿਚ ਡੁਬਿਆ ਤੇ ਪੁਲੀਟੀਕਲ ਏਜੰਟ ਦੇ ਹੁਕਮ ਅਤੇ ਮਹਾਰਾਜੇ ਨੂੰ ਤੋਰਣ ਵੇਲੇ ਦੀ ਕਰਤੱਵ-ਪਾਲਨਾ ਦੀ ਖਿਚੋਤਾਨ ਵਿਚ ਫਸਿਆ ਹੋਇਆ ਸਾਂ। ਮੈਂ ਏਸੇ ਪ੍ਰੇਸ਼ਾਨੀ ਤੇ ਅਥਰੂਆਂ 'ਚ ਡੁਬੀਆਂ ਹੋਈਆਂ ਅੱਖਾਂ ਨਾਲ ਆਪਣੇ ਘਰ ਦੇ ਕੋਲ —ਜਿਹੜਾ ਹੀਰਾ ਮਹਲ ਦੇ ਰਾਹ ਵਿਚ ਸੀ—ਪਹੁੰਚਿਆ ਤਾਂ ਮੇਰੇ ਪੈਰਾਂ ਨੇ ਘਰ ਵਲ ਤੁਰਣ ਤੋਂ ਨਾਂਹ ਕਰ ਦਿਤੀ। ਮੈਂ ਸਿਧਾ ਹੀਰਾ ਮਹੱਲ ਨੂੰ ਜਾਣ ਲਈ ਮਜਬੂਰ ਹੋ ਗਿਆ। ਹੀਰਾ ਮਹਲ ਦੇ ਬਾਹਰਲੇ ਫਾਟਕ ਤੇ ਪੁਜਾ ਤਾਂ ਪਹਿਰੇ ਵਾਲੇ ਨੇ ਪਹਿਲਾਂ ਤਾਂ ਬੰਦੂਕ ਤੇ ਹਥ ਰਖ ਕੇ ਦਸਤੂਰ ਅਨੁਸਾਰ ਸਲੂਟ ਕੀਤਾ —ਰਿਆਸਤ ਵਿਚ ਦਸਤੂਰ ਸੀ ਕਿ ਪਹਿਰੇ ਵਾਲੇ ਹਰ ਅਹਿਲਕਾਰ ਅਤੇ ਵਡੀ ਤਨਖਾਹ ਦੇ ਮੁਲਾਜ਼ਮਾਂ ਨੂੰ ਸਲੂਟ ਕਰਦੇ ਸਨ—ਤੇ ਫਿਰ ਆਖਿਆ ਕਿ ਅੰਦਰ ਜਾਣ ਦੀ ਆਗਿਆ ਨਹੀਂ ਹੈ। ਮੈਂ ਕਿਹਾ ਮੈਂ ਜ਼ਰੂਰੀ ਕੰਮ ਲਈ ਜਾ ਰਿਹਾ ਹਾਂ ਅਤੇ ਮੈਨੂੰ ਮਹਲ 'ਚੋਂ ਆਦਮੀ ਭੇਜ ਕੇ ਬੁਲਾਇਆ ਗਿਆ ਹੈ। ਮੇਰੇ ਇਸ ਜੁਆਬ ਤੇ ਪਹਿਰੇ ਵਾਲੇ ਨੇ ਮੈਨੂੰ ਆਗਿਆ ਦੇ ਦਿਤੀ। ਮੈਂ ਅੰਦਰ ਚਲਾ ਗਿਆ। ਸਾਰਾ ਮਹੱਲ ਉਦਾਸੀ ਤੇ ਨਿਰਾਸ਼ਤਾ ਦਾ ਕੇਂਦਰ ਸੀ। ਹਰ ਆਦਮੀ ਦੁਖੀ ਤੇ ਭਵਿੱਖ ਤੋਂ ਅਗਿਆਨ ਸੀ ਜਿਵੇਂ ਕਿ ਘੁੰਮਣ ਘੇਰ ਵਿਚ ਫਸੀ ਬੇੜੀ ਹੋਵੇ ਅਤੇ



Digitized by Panjab Digital Library | www.panjabdigilib.org

ਉਸ ਬਾਰੇ ਕਿਹਾ ਨਹੀਂ ਜਾ ਸਕਦਾ ਕਿ ਸਿੱਟਾ ਕੀ ਹੋਵੇਗਾ। ਹੀਰਾ ਮਹਲ ਤੋਂ ਹੇਠਾਂ ਹੀ ਮਹਾਰਾਣੀ ਦੇ ਵਡੇ ਭਰਾਤਾ ਸਰਦਾਰ ਬਲਬੀਰ ਸਿੰਘ, ਸ: ਗੁਰਦਿਆਲ ਸਿੰਘ ਪ੍ਰਾਈਵੇਟ ਸਕੱਤਰ, ਮਹਾਰਾਜਾ ਦੇ ਟਾਈਪਿਸਟ ਬਾਬੂ ਫ਼ਤਹਿ ਸਿੰਘ ਅਤੇ ਮਹਾਰਾਜਾ ਦੇ ਕੁਝ ਨਿਜੀ ਮੁਲਾਜ਼ਮ ਖਲੋਤੇ ਹੋਏ ਸਨ। ਮੈਂ ਵੀ ਗ਼ਮਗੀਨ ਹਾਲਤ ਵਿਚ ਉਹਨਾਂ ਕੋਲ ਖਲੋ ਗਿਆ। ਮੈਥੋਂ ਪਹਿਲਾਂ ਕਰਨਲ ਮਨਚਨ ਅਤੇ ਮਿਸਟਰ ਓਗਲਦੀ ਆਦਿ ਮਹਲ ਦੇ ਉਪਰ ਮਹਾਰਾਜਾ ਕੋਲ ਪਹੁੰਚ ਚੁਕੇ ਸਨ। ਮੈਨੂੰ ਉਥੇ ਪੁਜਿਆਂ ਪੰਦਰਾਂ ਵੀਹ ਮਿੰਟ ਹੋਏ ਹੋਣਗੇ ਕਿ ਉਪਰ ਤੋਂ ਪਹਿਲਾਂ ਮਹਾਰਾਣੀ ਅਤੇ ਬੱਚੇ ਅਤੇ ਪਿਛੋਂ ਮਹਾਰਾਜਾ, ਕਰਨਲ ਮਨਚਲ ਅਤੇ ਮਿਸਟਰ ਓਗਲਦੀ ਆਦਿ ਅੰਗਰੇਜ਼ਾਂ ਨਾਲ ਹੇਠਾਂ ਉਤਰੇ। ਦੋ ਰੋਲਜ਼ ਰਾਈਸ ਮੋਟਰ ਗੱਡੀਆਂ ਤਿਆਰ ਸਨ। ਇਕ ਕਾਲੇ ਰੰਗ ਦੀ ਅਤੇ ਦੂਜੀ ਚਿਟੇ। ਪਹਿਲਾਂ ਮਹਾਰਾਣੀ ਅਤੇ ਬੱਚੇ ਉਤਰੇ ਜਿਹੜੇ ਚਿਟੇ ਰੰਗ ਦੀ ਗਡੀ ਵਿਚ ਸਵਾਰ ਹੋਏ। ਉਸ ਪਿਛੋਂ ਮਹਾਰਾਜਾ ਕਾਲੇ ਰੰਗ ਦੀ ਗਡੀ ਵਿਚ ਸਵਾਰ ਹੋਏ ਤਾਂ ਕਰਨਲ ਮਨਚਨ ਨੇ ਇਕ ਅੰਗਰੇਜ਼ ਇਨਸਪੈਕਟਰ ਪੁਲੀਸ ਨੂੰ ਜਿਹੜਾ ਅੰਬਾਲੇ ਤੋਂ ਉਹਨਾਂ ਦੇ ਨਾਲ ਹੀ ਆਇਆ ਸੀ ਮਹਾਰਾਜਾ ਵਾਲੀ ਗਡੀ ਵਿਚ ਡਰਾਈਵਰ ਦੇ ਨਾਲ ਬੈਠਣ ਦਾ ਸੰਕੇਤ ਕੀਤਾ। ਇਹ ਅੰਗਰੇਜ਼ ਇਨਸਪੈਕਟਰ ਮੋਟਰ ਡਰਾਈਵਰ ਦੇ ਨਾਲ ਬੈਠ ਗਿਆ ਅਤੇ ਇਹ ਗਡੀ ਵੀ ਮਹਾਰਾਣੀ ਵਾਲੀ ਗਡੀ ਦੇ ਪਿਛੋਂ ਤੁਰ ਪਈ। ਇਹ ਦ੍ਰਿਸ਼ ਕਿੰਨਾ ਦਰਦਨਾਕ ਸੀ। ਨਾਭੇ ਦਾ ਨਰੇਸ਼ ਆਪਣੀ ਰਿਆਸਤ ਨੂੰ ਸਦਾ ਲਈ ਤਿਆਗ ਕੇ ਜਲਾਵਤਨ ਹੋ ਰਿਹਾ ਹੈ, ਪਰ ਉਸ ਦੇ ਸੈਆਂ ਖ਼ਾਨਦਾਨੀ ਅਹਿਲਕਾਰਾਂ, ਵਡੀਆਂ ਵਡੀਆਂ ਤਨਖ਼ਾਹਾਂ ਲੈਣ ਵਾਲੇ ਕਰਮਚਾਰੀਆਂ, ਮੰਤਰੀਆਂ ਅਤੇ ਨਾਲ ਮਰ ਮਿਟਣ ਦੇ ਦਾਈਏ ਬੰਨ੍ਹਣ ਵਾਲੇ ਲੂਣ ਖਾਣ ਵਾਲਿਆਂ 'ਚੋਂ ਕੋਈ ਵੀ ਅਜਿਹਾ ਨਹੀਂ ਸੀ ਜਿਹੜਾ ਉਸ ਨੂੰ ਤੋਰਣ ਲਈ ਹੀਰਾ ਮਹੱਲ ਪਹੁੰਚਦਾ ਜਾਂ ਘਟ ਤੋਂ ਘਟ ਰਾਹ ਵਿਚ ਸੜਕ ਤੇ ਹੀ ਖਲੋਂਦਾ।

ਮਹਾਰਾਜੇ ਦੇ ਜਾਣ ਪਿਛੋਂ ਹੀਰਾ ਮਹੱਲ ਦੇ ਮੁਲਾਜ਼ਮਾਂ ਤੋਂ ਜਿਹੜੇ ਸਮਾ-ਚਾਰ ਪ੍ਰਾਪਤ ਹੋਏ ਉਹਨਾਂ ਵਿਚੋਂ ਇਕ ਸਵਾਦੀ ਘਟਨਾ ਇਹ ਵੀ ਹੈ ਕਿ ਮਹਾਰਾਜਾ ਜਦ ਕਸੌਲੀ ਤੋਂ ਵਾਪਸ ਆਏ ਅਤੇ ਉਹਨਾਂ ਨੂੰ ਗੱਦੀ ਛਡਣ ਦਾ ਵਿਸ਼ਵਾਸ ਹੋ ਗਿਆ ਤਾਂ ਉਹਨਾਂ ਨੇ ਆਪਣੀਆਂ ਨਿਜੀ ਫ਼ਾਈਲਾਂ, ਆਪਣੇ ਮਿਤਰਾਂ ਦੀਆਂ ਸਾਰੀਆਂ ਪਿਛਲੀਆਂ ਚਿਠੀਆਂ ਅਤੇ ਭੇਤਾਂ ਭਰੇ ਕਾਗ਼ਜ਼ ਪਤਰ ਅਲ-ਮਾਰੀਆਂ ਨੂੰ ਖਾਲੀ ਕਰਾ ਕੇ ਹੀਰਾ ਮਹੱਲ ਦੀ ਸਭ ਤੋਂ ਉਪਰਲੀ ਛਤ ਤੇ ਮੰਗਵਾਏ ਅਤੇ ਉਹਨਾਂ ਨੂੰ ਅੱਗ ਲਵਾ ਦਿਤੀ। ਇਹਨਾਂ ਕਾਗ਼ਜ਼ਾਂ ਦੇ ਨਸ਼ਟ ਕਰਨ ਦਾ

ਭਾਵ ਇਹ ਸੀ ਕਿ ਇਹ ਕਿਸੇ ਦੂਜੇ ਆਦਮੀ ਦੇ ਹਥਾਂ ਵਿਚ ਨਾ ਚਲੇ ਜਾਣ ਕਿਉਂਕਿ ਮਹਾਰਾਜਾ ਪਕੇ ਨੈਸ਼ਨਲਿਸਟ ਸਨ ਅਤੇ ਇਹਨਾਂ ਕਾਗ਼ਜ਼ਾਂ ਵਿਚ ਚਿਠੀ ਪਤਰਾਂ ਦੀਆਂ ਉਹ ਸਾਰੀਆਂ ਫ਼ਾਈਲਾਂ ਸਨ ਜਿਹੜੀਆਂ ਭਾਰਤ ਦੇ ਨੈਸ਼ਨਲਿਸਟ ਨੇਤਾਵਾਂ ਨਾਲ ਭਿੰਨ-ਭਿੰਨ ਸਮੱਸਿਆਵਾਂ ਤੇ ਇਹਨਾਂ ਨਾਲ ਹੋਈ । ਕਾਗ਼ਜ਼ਾਂ ਦਾ ਇਹ ਢੇਰ ਪੰਦਰਾਂ ਵੀਹ ਮਣ ਹੋਏਗਾ। ਜਦ ਇਹ ਢੇਰ ਸੜ ਕੇ ਸੁਆਹ ਹੋ ਗਿਆ। ਉਸ ਦੀ ਸੁਆਹ ਨੂੰ ਚੁਕਿਆ ਜਾ ਰਿਹਾ ਸੀ ਤਾਂ ਉਸ ਵਿਚੋਂ ਸੋਨੇ ਦੇ ਕਈ ਹਜ਼ਾਰ ਪੌਂਡ ਭਾਵ ਗਿੱਨੀਆਂ ਮਿਲੀਆਂ। ਇਹਨਾਂ ਗਿੱਨੀਆਂ ਨੂੰ ਵੇਖ ਕੇ ਖ਼ਿਆਲ ਆਇਆ ਕਿ ਇਹਨਾਂ ਕਾਗ਼ਜ਼ਾਂ ਵਿਚ ਕਈ ਲਖ ਰੁਪਏ ਦੇ ਕਰੰਸੀ ਨੋਟ ਵੀ ਸੜ ਗਏ। ਇਹ ਗਿੱਨੀਆਂ ਅਤੇ ਨੋਟ ਟਿੱਕਾ ਨਾਭਾ — ਵਰਤਮਾਨ ਮਹਾਰਾਜਾ ਨਾਭਾ—ਦੇ ਜਨਮ ਸਮੇਂ ਪਰਜਾ ਦਿਆਂ ਲੋਕਾਂ ਅਤੇ ਮਹਾਰਾਜੇ ਦੇ ਮਿਤ੍ਰਾਂ ਨੇ ਸਾਰੇ ਭਾਰਤ 'ਚੋਂ ਨਜ਼ਰਾਨੇ ਭੇਜੇ ਸਨ ਅਤੇ ਮਹਾਰਾਜੇ ਨੇ ਇਹਨਾਂ ਨੂੰ ਉਸੇ ਤਰ੍ਹਾਂ ਲਫ਼ਾਫਿਆਂ ਵਿਚ ਹੀ ਖਤਾਂ ਦੇ ਨਾਲ ਯਾਦਗਾਰ ਵਜੋਂ ਰਖ ਦਿਤਾ ਸੀ।

ਮਹਾਰਾਜਾ ਦੇ ਤਖਤੋਂ ਲਾਹੇ ਜਾਣ ਤੇ ਜਲਾਵਤਨੀ ਪਿਛੋਂ ਹੁਣ ਮੇਰੇ ਸਾਹਮਣੇ ਪ੍ਰਸ਼ਨ ਇਹ ਸੀ ਕਿ ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ। ਮਹਾਰਾਜੇ ਦੇ ਮੁਲਾਜ਼ਮਾਂ ਅਤੇ ਅਹਿਲਕਾਰਾਂ ਵਿਚ ਨੱਬੇ ਪ੍ਰਤੀ ਸੈਂਕੜਾ ਲੋਕ ਮਹਾਰਾਜੇ ਦੇ ਦੁਸ਼ਮਨ ਹੋ ਗਏ। ਇਹਨਾਂ ਵਿਚੋਂ ਹਰ ਆਦਮੀ ਏਸੇ ਜਤਨ ਵਿਚ ਸੀ ਕਿ ਉਹ ਮਹਾਰਾਜੇ ਦੇ ਪਿਛੋਂ ਮਹਾਰਾਜੇ ਨਾਲ ਵਧ ਤੋਂ ਵਧ ਅਕ੍ਰਿਤਘਨਤਾ ਕਰੇ ਤਾਕਿ ਅੰਗਰੇਜ਼ ਐਡਮਨਿਸਟ੍ਰੇਟਰ ਮਿਸਟਰ ਓਗਲਵੀ ਦੀਆਂ ਨਜ਼ਰਾਂ 'ਚ ਚੜ੍ਹ ਸਕੇ। ਪੰਜ ਛੇ ਦਿਨ ਇਨ੍ਹਾਂ ਪ੍ਰੀਵਰਤਨਾਂ ਨੂੰ ਵੇਖਦਾ ਰਿਹਾ ਅਤੇ ਹੈਰਾਨ ਸਾਂ ਕਿ ਉਹ ਆਦਮੀ ਜਿਹੜੇ ਇਕ ਸਪਤਾਹ ਪਹਿਲਾਂ ਮਹਾਰਾਜੇ ਦੇ ਝੋਲੀ ਚੁਕ ਸਨ ਅਜ ਸਭ ਤੋਂ ਵਡੇ ਘਾਤਕ ਬਣ ਰਹੇ ਹਨ ਕਿਸੇ ਦਾ ਨਾ ਕੋਈ ਦੀਨ ਤੇ ਨਾ ਈਮਾਨ ਹੈ। ਕੁਝ ਆਦਮੀ ਜਿਹੜੇ ਮਹਾਰਾਜੇ ਦੇ ਸਚੇ ਦਿਲੋਂ ਹਿਤੈਸ਼ੀ ਸਨ ਘਰਾਂ ਵਿਚ ਚੁਪ ਕਰ ਕੇ ਬਹਿ ਗਏ। ਮੇਰੇ ਲਈ ਨਾਭੇ ਵਿਚ ਰਹਿਣਾ ਕਿਵੇਂ ਸੰਭਵ ਹੋ ਸਕਦਾ ਸੀ ਜਦ ਕਿ ਮੈਂ ਕੇਵਲ ਮਹਾਰਾਜੇ ਦੇ ਕਾਰਨ ਹੀ ਨਾਭੇ ਵਿਚ ਆਇਆ ਸਾਂ। ਹੁਣ ਮਹਾਰਾਜਾ ਹੀ ਜਲਾਵਤਨ ਹੋ ਗਏ, ਸਮਝ ਨਹੀਂ ਆਉਂਦਾ ਸੀ ਕਿ ਹੁਣ ਕੀ ਕਰਾਂ ਅਤੇ ਕਿਧਰ ਜਾਵਾਂ। ਆਖ਼ਰ ਮੈਂ ਨਿਸਚਾ ਕੀਤਾ ਕਿ ਨਾਭੇ ਤੋਂ ਚਲਾ ਜਾਵਾਂ। ਸਭ ਤੋਂ ਪਹਿਲਾਂ ਡੇਹਰਾਦੂਨ ਪਹੁੰਚਾਂ। ਮਹਾਰਾਜਾ ਸਾਹਿਬ ਕਸ਼ਟ ਵਿਚ ਹਨ ਜੇਕਰ ਮੇਰੀ ਉਹਨਾਂ ਨੂੰ ਲੋੜ ਹੋਵੇ ਅਤੇ ਮੈਂ ਉਹਨਾਂ ਦੇ ਕਿਸੇ ਕੰਮ ਆ ਸਕਾਂ ਤਾਂ ਉਹਨਾਂ ਦੇ ਕੋਲ ਰਹਾਂ ਨਹੀਂ ਤਾਂ ਲਾਹੌਰ ਜਾ ਕੇ ਕਿਸੇ ਅਖ਼ਬਾਰ ਵਿਚ ਨੌਕਰੀ ਕਰ ਲਵਾਂ। ਆਪਣੇ ਤੁਰਣ ਦੇ ਦਿਨ ਮੈਂ ਦੋਸਤਾਂ ਨੂੰ ਮਿਲਣ ਗਿਆ। ਦੋਸਤਾਂ ਨੂੰ



Digitized by Panjab Digital Library | www.panjabdigilib.org

ਮਿਲਣ ਪਿਛੋਂ ਸਰਦਾਰ ਬਹਾਦਰ ਭਾਈ ਕਾਹਨ ਸਿੰਘ — ਜਿਹੜੇ ਮਹਾਰਾਜੇ ਦੇ ਅਧਿਆਪਕ ਰਹਿ ਚੁਕੇ ਸਨ, ਸਿਖਾਂ ਵਿਚ ਵਡੀ ਪੁਜ਼ੀਸ਼ਨ ਦੇ ਨੇਤਾ, ਕਈ ਕਿਤਾਬਾਂ ਦੇ ਲੇਖਕ ਅਤੇ ਸਾਹਿਤਕ ਰੁਚੀਆਂ ਵਾਲੇ ਬਜ਼ੁਰਗ ਸਨ — ਨੂੰ ਮਿਲਣ ਲਈ ਗਿਆ। ਭਾਈ ਸਾਹਿਬ ਮੇਰੇ ਤੇ ਬਹੁਤ ਕ੍ਰਿਪਾ ਦ੍ਰਿਸ਼ਟੀ ਰਖਦੇ ਸਨ। ਮੈਂ ਉਹਨਾਂ ਨੂੰ ਕਿਹਾ ਕਿ ਮੈਂ ਅਜ ਰਾਤ ਜਾ ਰਿਹਾ ਹਾਂ, ਇਸ ਲਈ ਮਿਲਣ ਆਇਆ ਹਾਂ। ਫਿਰ ਕੀ ਪਤਾ ਜੀਵਨ ਵਿਚ ਮਿਲਣ ਦਾ ਕਦ ਸਮਾਂ ਪ੍ਰਾਪਤ ਹੋਵੇ। ਭਾਈ ਸਾਹਿਬ ਨੇ ਪੁਛਿਆ ਕਿ ਕਿਥੇ ਜਾਉਗੇ। ਮੈਂ ਕਿਹਾ ਕਿ ਸ਼ਾਇਦ ਲਾਹੌਰ ਦੇ ਕਿਸੇ ਅਖ਼ਬਾਰ ਵਿਚ ਨੌਕਰੀ ਪ੍ਰਾਪਤ ਕਰਾਂ। ਭਾਈ ਸਾਹਿਬ ਨੇ ਸਲਾਹ ਦਿਤੀ ਕਿ ਮੈਂ ਜਾਵਾਂ ਤਾਂ ਅਸਤੀਫ਼ਾ ਦੇ ਕੇ ਜਾਵਾਂ, ਖਿਨਾਂ ਅਸਤੀਫ਼ੇ ਨਾ ਜਾਵਾਂ ਤਾਕਿ ਜਾਣ ਪਿਛੋਂ ਕੋਈ ਕਾਰਵਾਈ ਮੇਰੇ ਵਿਰੁਧ ਨਾ ਹੋ ਸਕੇ। ਭਾਈ ਕਾਹਨ ਸਿੰਘ ਬੜੇ ਚੰਗੇ ਸਿਆਸਤਦਾਨ ਸਨ। ਮੈਂ ਉਹਨਾਂ ਦੀ ਸਲਾਹ ਤੇ ਟੁਰਿਆ। ਘਰ ਆਇਆ ਫੁਲਸਕੇਪ ਦੇ ਕਾਗ਼ਜ਼ ਤੇ ਅਸਤੀਫ਼ਾ ਲਿਖਿਆ ਅਤੇ ਅਸਤੀਫ਼ਾ ਲੈ ਕੇ ਸ਼ਾਮ ਨੂੰ ਮਿਸਟਰ ਓਗਲਵੀ ਪਾਸ ਪੁਜਾ। ਮਿਸਟਰ ਓਗਲਵੀ ਉਸ ਵੇਲੇ ਦੂਜੇ ਅੰਗਰੇਜ਼ਾਂ ਨਾਲ ਗੈਸਟ ਹਾਊਸ ਵਿਚ ਠਹਿਰੇ ਹੋਏ ਸਨ। ਜਦ ਮੈਂ ਪਹੁੰਚਿਆ ਤਾਂ ਉਹ ਮੋਟਰ ਵਿਚ ਸਵਾਰ ਹੋ ਕੇ ਹਵਾ ਭਖਣ ਲਈ ਬਾਹਰ ਜਾਣ ਵਾਲੇ ਸਨ। ਮੈਂ ਵਿਜ਼ਿਟਿੰਗ ਕਾਰਡ ਭੇਜਿਆ। ਮੈਨੂੰ ਅੰਦਰ ਬੁਲਾ ਲਿਆ। ਮੈਂ ਜਾਂਦਿਆਂ ਹੀ ਉਹਨਾਂ ਨੂੰ ਅਸਤੀਫ਼ਾ ਦੇ ਦਿਤਾ। ਉਹਨਾਂ ਨੇ ਪੁਛਿਆ ਨੌਕਰੀ ਕਿਉਂ ਛਡਦੇ ਹੋ? ਮੈਂ ਕਿਹਾ ਕਿ ਮੈਂ ਏਥੇ ਕੇਵਲ ਮਹਾਰਾਜੇ ਦੇ ਨਿਜੀ ਸੰਬੰਧਾਂ ਕਾਰਨ ਆਇਆ ਸਾਂ। ਹੁਣ ਮਹਾਰਾਜਾ ਏਥੋਂ ਚਲੇ ਗਏ ਹਨ, ਮੇਰਾ ਏਥੇ ਕਿਸੇ ਨਾਲ ਕੋਈ ਸੰਬੰਧ ਨਹੀਂ ਨਾ ਕਿਸੇ ਨਾਲ ਮੇਰਾ ਵਾਸਤਾ ਹੈ। ਮਿਸਟਰ ਓਗਲਵੀ ਨੇ ਕਿਹਾ ਕਿ ਨਹੀਂ ਨਾਭੇ ਰਿਆਸਤ ਨੂੰ ਹੁਣ ਚੰਗੇ ਤੇ ਸਿਆਣੇ ਮੁਲਾ-ਜ਼ਮਾਂ ਦੀ ਲੋੜ ਹੈ ਮੈਂ ਅਸਤੀਫ਼ਾ ਨਾ ਦੇਵਾਂ। ਮੈਂ ਕਿਹਾ ਕਿ ਮਹਾਰਾਜਾ ਦੇ ਜਾਣ ਪਿਛੋਂ ਨੌਕਰੀ ਕਰਨੀ ਅਣਖ ਅਤੇ ਮਰਦਊਪਣ ਦੇ ਵਿਰੁਧ ਅਤੇ ਖਵਾਰੀ ਸਮਝਦਾ ਹਾਂ ਇਸ ਲਈ ਮੇਰਾ ਅਸਤੀਫ਼ਾ ਪਰਵਾਨ ਕਰ ਲਿਆ ਜਾਵੇ। ਮਿਸਟਰ ਓਗਲਵੀ ਨੇ ਮੈਨੂੰ ਫੇਰ ਸਮਝਾਇਆ ਅਤੇ ਜਦ ਫਿਰ ਵੀ ਮੈਂ ਨਾ ਮੰਨਿਆ ਤਾਂ ਉਹਨਾਂ ਨੇ ਮੇਰਾ ਅਸਤੀਫ਼ਾ ਰਖ ਲਿਆ ਅਤੇ ਕਿਹਾ ਕਿ ਦੋ ਸਾਤਿਆਂ ਦੀ ਛੁਟੀ ਪਰਵਾਨ ਕੀਤੀ ਜਾਂਦੀ ਹੈ। ਦੋ ਸਾਤਿਆਂ ਪਿਛੋਂ ਜੇਕਰ ਤਸੀਂ ਚਾਹੋਗੇ ਤਾਂ ਤੁਹਾਡਾ ਅਸਤੀਫ਼ਾ ਪਰਵਾਨ ਕਰ ਲਿਆ ਜਾਏਗਾ। ਛੁਟੀ ਦੀ ਇਸ ਪਰਵਾਨਗੀ ਪਿਛੋਂ ਮੈਂ ਵਾਪਸ ਘਰ ਆਇਆ। ਮੇਰੇ ਘਰ ਵਿਚ ਫ਼ਰਨੀਚਰ ਆਦਿ ਸਾਮਾਨ ਬੜਾ ਢੇਰ ਸਾਰਾ ਸੀ। ਮੈਨੂੰ ਇਹੋ ਹੀ ਪਤਾ ਨਹੀਂ ਸੀ ਕਿ ਮੈਂ ਕਿਥੇ

ਜਾਵਾਂਗਾ। ਸਾਮਾਨ ਕਿਥੇ ਲੈ ਜਾਂਦਾ। ਅਵੱਸ਼ਕ ਅਤੇ ਥੋੜਾ ਜਿਹਾ ਸਾਮਾਨ ਆਪਣੇ ਨਾਲ ਲਿਆ। ਬਾਕੀ ਸਾਰਾ ਸਾਮਾਨ ਉਸੇ ਕਮਰੇ ਵਿਚ ਬੰਦ ਕਰਕੇ ਇਕ ਦੋਸਤ ਪੰਡਤ ਦੇਵ ਨਾਇਕ ਦੇ ਹਵਾਲੇ ਕੀਤਾ ਅਤੇ ਰਾਤ ਦੀ ਗਡੀ ਬਹਿਕੇ ਅਗਲੀ ਭਲਕ ਡੇਹਰਾਦੂਨ ਮਹਾਰਾਜੇ ਕੋਲ ਪਹੁੰਚਿਆ। ਮਹਾਰਾਜੇ ਨੂੰ ਮਿਲਿਆ ਅਤੇ ਕਿਹਾ ਕਿ ਜੇਕਰ ਤੁਹਾਨੂੰ ਮੇਰੀ ਲੋੜ ਹੋਵੇ ਅਤੇ ਮੈਂ ਲਾਭਦਾਇਕ ਹੋ ਸਕਾਂ ਤਾਂ ਤਨਖ਼ਾਹ ਦਾ ਕੋਈ ਪ੍ਰਸ਼ਨ ਨਹੀਂ, ਬਿਨਾਂ ਤਨਖ਼ਾਹ ਜਦ ਤਕ ਤੁਸੀਂ ਚਾਹੋ ਮੈਂ ਤੁਹਾਡੇ ਪਾਸ ਰਹਾਂਗਾ ਅਤੇ ਜੇਕਰ ਤੁਸੀਂ ਮੇਰਾ ਇਥੇ ਰਹਿਣਾ ਯੋਗ ਨਾ ਸਮਝੋ ਤਾਂ ਮੈਂ ਲਾਹੌਰ ਚਲਾ ਜਾਂਦਾ ਹਾਂ। ਉਥੇ ਮੈਂ ਕਿਸੇ ਅਖ਼ਬਾਰ ਵਿਚ ਨੌਕਰੀ ਕਰ ਲਵਾਂਗਾ। ਮਹਾਰਾਜੇ ਨੇ ਕਿਹਾ ਕਿ ਇਸ ਜਲਾਵਤਨੀ ਵਿਰੁਧ ਅਕਾਲੀ ਅੰਦੋਲਨ ਚਾਲੂ ਹੋ ਚੁਕਿਆ ਹੈ। ਜੇਕਰ ਮੈਂ ਮਹਾਰਾਜੇ ਦੇ ਪਾਸ ਰਿਹਾ ਤਾਂ ਸਰਕਾਰ ਸ਼ਾਇਦ ਇਹ ਖ਼ਿਆਲ ਕਰੇ ਕਿ ਅਕਾਲੀਆਂ ਅਤੇ ਮਹਾਰਾਜੇ ਵਿਚ-ਕਾਰ ਮੈਂ ਅੰਦੋਲਨ ਉਤਪੰਨ ਕਰਨ ਦਾ ਇਕ ਵਸੀਲਾ ਹਾਂ। ਇਸ ਲਈ ਦੋ ਤਿੰਨ ਮਹੀਨਿਆਂ ਲਈ ਆਪਣੇ ਘਰ ਚਲਾ ਜਾਵਾਂ ਤੇ ਦੋ ਤਿੰਨ ਮਹੀਨਿਆਂ ਪਿਛੋਂ ਡੇਹਰਾਦੂਨ ਆ ਕੇ ਮੁੜ ਮਹਾਰਾਜੇ ਰਹਾਂ। ਇਸ ਵਿਓਂਤ ਤੇ ਫ਼ੈਸਲੇ ਪਿਛੋਂ ਮਹਾਰਾਜੇ ਨੇ ਮੈਨੂੰ ਨਿਜ਼ਾਮ ਦਖਣ ਕੋਲ ਇਕ ਜ਼ਰੂਰੀ ਸੁਨੇਹਾ ਦੇ ਕੇ ਹੈਦਰਾਬਾਦ ਭੇਜਿਆ। ਉਥੇ ਮੈਂ ਮਹਾਰਾਜੇ ਦੇ ਸਹੁਰੇ ਮੇਜਰ ਸਰਦਾਰ ਪ੍ਰੇਮ ਸਿੰਘ — ਜਿਹੜੇ ਉਥੇ ਨਿਜ਼ਾਮ ਸਰਕਾਰ ਦੇ ਮਿਲਿਟਰੀ ਸਕੱਤਰ ਸਨ — ਨੂੰ ਮਿਲਿਆ। ਦੋ ਤਿੰਨ ਦਿਨ ਉਥੇ ਰਿਹਾ। ਨਿਜ਼ਾਮ ਦਖਣ ਤੋਂ ਕੀ ਆਸ ਸੀ ਉਹ ਵਿਚਾਰਾ ਆਪ ਸਹਿਮਿਆਂ ਬੈਠਾ ਸੀ। ਵਾਪਸ ਡੇਹਰਾਦੂਨ ਪੁਜਾ। ਦੋ ਤਿੰਨ ਦਿਨ ਉਥੇ ਰਿਹਾ ਅਤੇ ਫਿਰ ਨਾਭੇ ਜਾਣ, ਉਥੋਂ ਘਰ ਦਾ ਸਾਮਾਨ ਮਾਲ ਗਡੀ ਵਿਚ ਆਪਣੀ ਜਨਮ ਭੂਮੀ ਹਾਫ਼ਿਜ਼ਾਬਾਦ ਭਿਜਵਾਉਣ ਅਤੇ ਫਿਰ ਆਪ ਆਪਣੀ ਜਨਮ ਭੂਮੀ ਤੁਰ ਜਾਣ ਆਦਿ ਦਾ ਪ੍ਰੋਗਰਾਮ ਤਿਆਰ ਕਰ ਲਿਆ। ਮਹਾਰਾਜੇ ਨੇ ਕਿਹਾ ਕਿ ਮੈਂ ਨਾਭੇ ਨਾ ਜਾਵਾਂ, ਸ਼ਾਇਦ ਉਥੇ ਗ੍ਰਿਫ਼ਤਾਰੀ ਹੋ ਜਾਏ। ਮੈਂ ਕਿਹਾ ਕਿ ਮੇਰੀ ਗਰਿਫ਼ਤਾਰੀ ਕਿਹੜੀ ਗਲੋਂ ਸੰਭਵ ਹੈ ਜਦ ਕਿ ਮੇਰਾ ਕਿਸੇ ਗਲ ਨਾਲ ਲਗ ਲਬੇੜ ਹੀ ਨਹੀਂ ਸੀ। ਮਹਾਰਾਜੇ ਦੇ ਆਖੇ ਦੀ ਮੈਂ ਪਰਵਾਹ ਨਾ ਕੀਤੀ। ਡੇਹਰਾਦੂਨ ਤੋਂ ਗਡੀ ਚੜ੍ਹ ਕੇ ਰਾਤ ਨੂੰ ਨਾਭੇ ਪਹੁੰਚਿਆ। ਸਵੇਰੇ ਦੋ ਤਿੰਨ ਆਦਮੀ ਲਾ ਕੇ ਸਾਮਾਨ ਬੰਨ੍ਹਵਾਉਣਾ ਸ਼ੁਰੂ ਕੀਤਾ। ਏਨੇ ਚਿਰ ਵਿਚ ਜਿਵੇਂ ਜਿਵੇਂ ਮਿਤਰਾਂ ਨੂੰ ਮੇਰੇ ਆਉਣ ਦੀ ਖ਼ਬਰ ਹੋਈ ਉਹ ਮਿਲਣ ਲਈ ਆਉਂਦੇ ਰਹੇ। ਨੌਂ ਵਜੇ ਦੇ ਕਰੀਬ ਸਰਦਾਰ ਗੁਰਦਿਆਲ ਸਿੰਘ — ਜਿਹੜੇ ਮਹਾਰਾਜਾ ਦੇ ਨਿਜੀ ਸਕੱਤਰ ਸਨ ਅਤੇ ਬ੍ਰਿਟਿਸ਼ ਰਾਜ ਕਾਜ ਦੇ ਸਮੇਂ ਵਿਚ ਉਥੇ ਹੋਮ ਮੈਂਬਰ



Digitized by Panjab Digital Library | www.panjabdigilib.org

ਹੋਏ — ਨੂੰ ਮਿਲਿਆ। ਬਾਰਾਂ ਵਜੇ ਦੇ ਕਰੀਬ ਦੂਜੇ ਮਿਤਰਾਂ ਨਾਲ ਗਲਾਂ ਕਰ ਰਿਹਾ ਸਾਂ ਕਿ ਹੇਠਾਂ ਬਾਹਰੋਂ ਕਿਸੇ ਨੇ ਆਵਾਜ਼ ਮਾਰੀ। ਮੈਂ ਬਾਰੀ ਚੋਂ ਝਾਕ ਕੇ ਵੇਖਿਆ ਤਾਂ ਹੇਠਾਂ ਸੁਪ੍ਰੰਟੰਡੰਟ ਪੁਲੀਸ ਸਮੇਤ ਦੋ ਸਬ-ਇਨਸਪੈਕਟਰਾਂ ਅਤੇ ਕਈ ਸਿਪਾਹੀਆਂ ਦੇ ਹਾਜ਼ਰ ਹਨ। ਮੈਨੂੰ ਹੇਠਾਂ ਆਉਣ ਲਈ ਕਿਹਾ। ਮੈਂ ਹੇਠਾਂ ਗਿਆ ਤਾਂ ਉਹਨਾਂ ਨੇ ਦਸਿਆ ਕਿ ਮੈਂ ਐਡਮਨਿਸਟ੍ਰੇਟਰ ਮਿਸਟਰ ਓਗਲਵੀ ਦੇ ਹੁਕਮ ਅਨੁਸਾਰ ਗਰਿਫਤਾਰ ਕੀਤਾ ਗਿਆ ਹਾਂ। ਗਰਿਫ਼ਤਾਰ ਕਰਨ ਪਿਛੋਂ ਇਹ ਮੈਨੂੰ ਲੈ ਗਏ। ਕਈ ਮਹੀਨੇ ਬਿਨਾਂ ਮੁਕੱਦਮਾ ਚਲਾਏ ਕੈਦ ਰਖਿਆ ਗਿਆ। ਮੇਰੇ ਦੋਸਤਾਂ ਨੇ ਵਾਇਸਰਾਏ ਤੇ ਆਪਣਾ ਪਰਭਾਵ ਵਰਤਿਆ ਅਤੇ ਆਖ਼ਰ ਵਾਇਸਰਾਏ ਲਾਰਡ ਰੀਡਿੰਗ ਦੇ ਹੁਕਮ ਨਾਲ ਨਿਰਦੋਸ਼ ਸਮਝ ਕੇ ਛਡ ਦਿਤਾ ਗਿਆ।

ਇਹਨਾਂ ਸਮਾਚਾਰਾਂ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਰਿਆਸਤਾਂ ਦੀ ਪਰਜਾ ਅਤੇ ਉਥੋਂ ਦੇ ਸਰਕਾਰੀ ਨੌਕਰ ਅਤੇ ਅਹਿਲਕਾਰ ਕਿਉਂਕਿ ਵਿਅਕਤੀ-ਗਤ ਰਾਜ ਦੇ ਕਾਰਨ ਸੰਤੁਸ਼ਟ ਨਹੀਂ ਸਨ ਇਹਨਾਂ ਲੋਕਾਂ ਨੂੰ ਰਿਆਸਤਾਂ ਦੇ ਹਾਕਮਾਂ ਦੇ ਹਿਤੈਸ਼ੀ ਤੇ ਆਪਾ ਵਾਰੂ ਕਹਿਣਾ ਇਕ ਭਾਰੀ ਭੁਲ ਸੀ।

## ਆਤਮਘਾਤ ਕਾਇਰਤਾ ਨਹੀਂ

ਹੈਦਰਾਬਾਦ (ਦਖਣ) ਅਤੇ ਡੇਹਰਾਦੂਨ ਤੋਂ ਵਾਪਸ ਆਉਣ ਪਿਛੋਂ ਜਦ ਨਾਭੇ ਵਿਚ ਮੇਰੀ ਗਰਿਫ਼ਤਾਰੀ ਹੋਈ ਤਾਂ ਪੁਲੀਸ ਮੈਨੂੰ ਉਥੋਂ ਦੀ ਇਕ ਅਰਧ ਸਰਕਾਰੀ ਬਿਲਡਿੰਗ ਸਰਾਏ ਸ਼ਾਦੀਯਾਤ ਵਿਚ ਲੈ ਗਈ। ਇਹ ਬਿਲਡਿੰਗ ਕਈ ਲਖ ਰੁਪਏ ਦੇ ਖ਼ਰਚੇ ਨਾਲ ਬਣਾਈ ਗਈ ਸੀ। ਇਸ ਲਈ ਅਧਾ ਰੁਪਿਆ ਤਾਂ ਮਹਾਰਾਜਾ ਨਾਭਾ ਨੇ ਦਿਤਾ ਸੀ ਅਤੇ ਅਧਾ ਜਨਤਾ ਤੋਂ ਚੰਦਿਆਂ ਰਾਹੀਂ ਜਮ੍ਹਾਂ ਕੀਤਾ ਗਿਆ ਸੀ। ਇਸ ਵਿਚ ਬਹੁਤ ਵਡਾ ਹਾਲ ਅਤੇ ਕਈ ਨਿਕੇ ਨਿਕੇ ਝੁਗੀਆਂ ਵਰਗੇ ਰਿਹਾਇਸ਼ੀ ਕਮਰੇ ਹਨ। ਜਿਨ੍ਹਾਂ ਨਾਲ ਗ਼ੁਸਲਖ਼ਾਨੇ ਅਤੇ ਰਸੋਈਆਂ ਵੀ ਹਨ। ਇਹ ਇਮਾਰਤ ਰਿਆਸਤ ਦੀਆਂ ਸਰਕਾਰੀ ਅਤੇ ਜਨਤਕ ਦੋਹਾਂ ਲੋੜਾਂ ਲਈ ਵਰਤੋਂ 'ਚ ਆਉਂਦੀ ਹੈ। ਭਾਵ ਸਰਕਾਰ ਦੇ ਪ੍ਰਾਹੁਣੇ ਵੀ ਟਿਕਦੇ ਹਨ ਅਤੇ ਜਨਤਾ ਵਿਚੋਂ ਕਿਸੇ ਦਾ ਵਿਆਹ ਆਦਿ ਹੋਵੇ ਤਾਂ ਜੰਞਾਂ ਵੀ ਇਸ ਵਿਚ ਟਿਕ-ਦੀਆਂ ਹਨ। ਮਿਸਟਰ ਪ੍ਰਸ਼ੋਤਮ ਦਾਸ ਟੰਡਨ — ਮੈਂਬਰ ਪਾਰਲੀਮੈਂਟ — ਨਾਭੇ ਵਿਚ ਨੌਕਰ ਸਨ ਤਾਂ ਇਸੇ ਇਮਾਰਤ ਵਿਚ ਰਹਿੰਦੇ ਸਨ। ਮਿਸਟਰ



Digitized by Panjab Digital Library | www.panjabdigilib.org

ਐਸ. ਰੰਗਾ ਆਇਰ ਵੀ ਲੰਮੇ ਚਿਰ ਤਕ ਇਸ ਵਿਚ ਰਹੇ ਅਤੇ ਮੈਂ ਵੀ ਜਦ ਨੌਕਰ ਹੋਇਆ ਤਾਂ ਅਰੰਭ ਵਿਚ ਦੋ ਮਹੀਨੇ ਦੇ ਆਨ ਮਾਨ ਇਸ ਇਮਾਰਤ ਵਿਚ ਹੀ ਸਰਕਾਰੀ ਪ੍ਰਾਹੁਣੇ ਦੇ ਤੌਰ ਤੇ ਟਿਕਿਆ ਰਿਹਾ। ਜਦ ਮੇਰੀ ਗਰਿਫ਼ਤਾਰੀ ਹੋਈ ਤਾਂ ਉਸ ਵੇਲੇ ਲਾਲਾ ਨਥੂ ਰਾਮ ਜਿਹੜੇ ਅੰਗਰੇਜ਼ੀ ਤਲਕੇ ਵਿਚ ਸਬ ਇਨਸ-ਪੈਕਟਰ ਪੁਲੀਸ ਸਨ ਅਤੇ ਨਾਭੇ ਦੀ ਇਸ ਜੁਗ ਗਰਦੀ ਪਿਛੋਂ ਝਬਦੇ ਹੀ ਰਿਆਸਤ ਨਾਭਾ ਦੇ ਇਨਸਪੈਕਟਰ ਜਨਰਲ ਪੁਲੀਸ ਨੀਯਤ ਕੀਤੇ ਗਏ — ਜਿਹੜੇ ਰਾਏ ਬਹਾਦਰ ਅਤੇ ਦਿੱਲੀ ਵਿਚ ਸਿਟੀ ਮੈਜਿਸਟਰੇਟ ਸਨ — ਦਾ ਦਫ਼ਤਰ ਅਤੇ ਟਿਕਾਣਾ ਵੀ ਇਸੇ ਬਿਲਡਿੰਗ ਵਿਚ ਹੀ ਸੀ। ਪੁਲੀਸ ਨੇ ਮੈਨੂੰ ਲਾਲਾ ਨਥੂ ਰਾਮ ਦੇ ਸਾਹਮਣੇ ਪੇਸ਼ ਕੀਤਾ ਤਾਂ ਉਹਨਾਂ ਨੇ ਦਸਿਆ ਕਿ ਮੈਂ ਐਡਮਨਿਸਟ੍ਰੇਟਰ ਦੇ ਹੁਕਮ ਨਾਲ ਫੜਿਆ ਗਿਆ ਹਾਂ। ਮੈਂ ਜੁਰਮ ਤੇ ਦਫ਼ਾ ਬਾਰੇ ਪੁਛਿਆ ਤਾਂ ਉਤਰ ਮਿਲਿਆ ਕਿ ਕੁਝ ਨਹੀਂ ਦਸਿਆ ਜਾ ਸਕਦਾ। ਇਸ ਪਰਕਾਰ ਪੁਲੀਸ ਇਸ ਬਿਲਡਿੰਗ ਦੀ ਇਕ ਨੁਕਰ ਦੀ ਇਕ ਝੁਗੀ ਵਿਚ ਮੈਨੂੰ ਲੈ ਗਈ। ਮੇਰਾ ਬਿਸਤਰਾ ਮੰਗਵਾ ਲਿਆ ਗਿਆ ਅਤੇ ਚਾਰ ਸਿਪਾਹੀਆਂ ਤੇ ਇਕ ਹੌਲਦਾਰ ਦਾ ਪਹਿਰਾ ਲਾ ਦਿਤਾ ਗਿਆ ਕਿ ਨਾ ਤਾਂ ਮੈਂ ਇਸ ਨਜ਼ਰਬੰਦੀ ਤੋਂ ਬਾਹਰ ਜਾਵਾਂ ਅਤੇ ਨਾ ਕੋਈ ਆਦਮੀ ਮੇਰੇ ਨਾਲ ਗਲ ਬਾਤ ਕਰ ਸਕੇ।

ਰਿਆਸਤੀ ਪੁਲੀਸ ਦੇ ਸਿਪਾਹੀ ਜਿਨ੍ਹਾਂ ਦਾ ਸਾਰਾ ਜੀਵਨ ਹੀ ਗੁਲਾਮੀ ਵਿਚ ਲੰਘਿਆ ਸ਼ਾਇਦ ਅਠ ਅਠ ਦਸ ਦਸ ਰੁਪਏ ਮਾਸਕ ਤਨਖ਼ਾਹ ਲੈਂਦੇ ਸਨ ਇਹ ਲੋਕ ਲਾਏ ਗਏ ਤਾਂ ਮੇਰੇ ਤੇ ਪਹਿਰੇ ਲਈ ਸਨ, ਪਰ ਇਹਨਾਂ ਲੋਕਾਂ ਦੀ ਹਮਦਰਦੀ ਮੇਰੇ ਨਾਲ ਸੀ। ਵਿਚਾਰੇ ਏਸੇ ਜਤਨ ਵਿਚ ਰਹਿੰਦੇ ਕਿ ਮੈਂ ਪ੍ਰਸੰਨ ਰਹਾਂ। ਇਹ ਲੋਕ ਸ਼ਹਿਰ ਵਿਚ ਲੁਕੇ ਛੁਪੇ ਤੌਰ ਤੇ ਮੇਰੇ ਮਿਤਰਾਂ ਕੋਲ ਮੇਰੇ ਸੁਨੇਹੇ ਲੈ ਜਾਂਦੇ ਅਤੇ ਲੈ ਆਉਂਦੇ ਇਸ ਤਰ੍ਹਾਂ ਇਸ ਨਜ਼ਰਬੰਦੀ ਅਤੇ ਸਖ਼ਤ ਨਿਗਰਾਨੀ ਵਿਚ ਵੀ ਮੇਰੇ ਅਤੇ ਮਹਾਰਾਜਾ ਨਾਭਾ ਵਿਚਕਾਰ ਮੇਰੇ ਸੁਨੇਹੇ ਆਉਣ ਜਾਣ ਦਾ ਸਿਲਸਲਾ ਸ਼ੁਰੂ ਹੋ ਗਿਆ। ਇਸ ਕੰਮ ਲਈ ਇਕ ਆਦਮੀ ਨੀਯਤ ਕਰ ਲਿਆ ਗਿਆ ਜਿਹੜਾ ਕਿ ਨਾਭੇ ਤੋਂ ਡੇਹਰਾਦੂਨ ਜਾਏ ਅਤੇ ਡੇਹਰਾਦੂਨ ਤੋਂ ਨਾਭੇ ਆਏ। ਮੈਂ ਮਹਾਰਾਜੇ ਨੂੰ ਨਾਭੇ ਦੇ ਵੇਰਵੇ ਨਾਲ ਸਾਰਿਆਂ ਸਮਾਚਾਰਾਂ ਦੀਆਂ ਸੂਚਨਾਵਾਂ ਇਸ ਕੈਦ ਜਾਂ ਨਜ਼ਰਬੰਦੀ ਵਿਚੋਂ ਹੀ ਭੇਜਦਾ ਰਿਹਾ ਕਿ ਨਵੀਂ ਬ੍ਰਿਟਿਸ਼ ਐਡਮਨਿਸਟ੍ਰੇਸ਼ਨ ਮਹਾਰਾਜੇ ਵਿਰੁਧ ਕੀ ਕੁਝ ਕਰ ਰਹੀ ਹੈ। ਮੈਂ ਇਸ ਬਿਲਡਿੰਗ ਵਿਚ ਤਿੰਨ ਮਹੀਨਿਆਂ ਦੇ ਕਰੀਬ ਰਿਹਾ। ਪਹਿਲਾਂ ਕੁਝ ਦਿਨ ਮਨ ਬਹੁਤ ਉਦਾਸ ਉਦਾਸ ਜਿਹਾ ਰਿਹਾ। ਇਕ ਸਿਖ ਸਿਪਾਹੀ ਨੇ ਸਲਾਹ ਦਿਤੀ ਕਿ ਮੈਂ ਸੁਖਮਨੀ ਸਾਹਿਬ — ਗੁਰੂ ਗ੍ਰੰਥ ਸਾਹਿਬ ਦਾ ਇਕ ਭਾਗ — ਦਾ ਪਾਠ ਕਰਾਂ।



Digitized by Panjab Digital Library | www.panjabdigilib.org

ਕੁਝ ਦਿਨ ਸੁਖਮਨੀ ਸਾਹਿਬ ਪੜ੍ਹਦਾ ਰਿਹਾ, ਪਰ ਪਾਠ ਕਰਨ ਨੂੰ ਦਿਲ ਨਾ ਕੀਤਾ । ਇਕ ਤਾਂ ਇਸ ਦਾ ਕਾਰਨ ਇਹ ਕਿ ਮੈਂ ਜੀਵਨ ਭਰ ਨਾ ਕਦੀ ਬੰਦਗੀ ਕੀਤੀ ਅਤੇ ਨਾ ਹੀ ਕਦੀ ਪਾਠ ਕੀਤਾ ਦੂਜਾ ਬੁਨਿਆਦੀ ਤੌਰ ਤੇ ਵੀ ਕਿਸੇ ਪਾਠ, ਮੰਤਰ ਜਾਂ ਸ਼ਬਦ ਨੂੰ ਵਾਰ ਵਾਰ ਪੜ੍ਹਨਾ ਨਿਸਫ਼ਲ ਸਮਝਦਾ ਹਾਂ। ਸਮਾਂ ਠੇਲ੍ਹਣ ਲਈ ਮੈਂ ਹਿੰਦੀ ਪੜ੍ਹਨੀ ਸ਼ੁਰੂ ਕੀਤੀ । ਮਕਾਨ ਤੇ ਮੇਰੇ ਕੋਲ ਇਕ ਬੜੀ ਸੁਹਣੀ ਸਪੇਨੀਅਲ ਨਸਲ ਦੀ ਲੰਮੇ ਕੰਨਾਂ ਵਾਲੀ ਕਾਲੇ ਰੰਗ ਦੀ ਕੁਤੀ ਸੀ ਜਿਸ ਦਾ ਨਾਂ ਰਾਣੀ ਸੀ । ਮੇਰੀ ਗਰਿਫ਼ਤਾਰੀ ਪਿਛੋਂ ਇਹ ਰਾਣੀ ਮੇਰੇ ਮਕਾਨ ਦੇ ਸਾਹਮਣੇ ਇਕ ਘਰ ਵਿਚ ਰਹਿੰਦੀ ਸੀ । ਮੈਂ ਸਿਪਾਹੀ ਨੂੰ ਭੇਜ ਕੇ ਉਸ ਨੂੰ ਆਪਣੇ ਕੋਲ ਮੰਗਵਾ ਲਿਆ । ਸਪੇਨੀਅਲ ਨਸਲ ਦੇ ਕੁਤੇ ਸੁਭਾਵਕ ਹੀ ਬਹੁਤ ਪਿਆਰ ਕਰਨ ਵਾਲੇ ਜਾਨਵਰ ਹਨ । ਇਸ ਰਾਣੀ ਨੂੰ ਨੁਹਾਉਣ, ਖਾਣਾ ਖੁਆਉਣ ਅਤੇ ਉਹਦੇ ਨਾਲ ਖੇਡਣ ਵਿਚ ਕਾਫ਼ੀ ਸਮਾਂ ਲਗ ਜਾਂਦਾ, ਇਸ ਉਪਰੰਤ ਤਾਸ਼ ਅਤੇ ਸਿਪਾਹੀਆਂ ਨਾਲ ਗਪਾਂ ਮਾਰਣ ਵਿਚ ਮੇਰਾ ਸਮਾਂ ਚੰਗੀ ਤਰ੍ਹਾਂ ਲੰਘਦਾ ਰਿਹਾ ।

ਮੈਨੂੰ ਇਸ ਬਿਲਡਿੰਗ ਵਿਚ ਨਜ਼ਰ ਬੰਦ ਹੋਇਆਂ ਪੰਦਰਾਂ ਦਿਨ ਹੋਏ ਸਨ ਕਿ ਮਹਾਰਾਜੇ ਦਾ ਇਕ ਨਫ਼ਰ ਭਾਵ ਨਿਜੀ ਮੁਲਾਜ਼ਮ ਭਾਨ ਸਿੰਘ ਗਰਿਫ਼ਤਾਰ ਕੀਤਾ ਗਿਆ ਅਤੇ ਉਸ ਨੂੰ ਮੇਰੇ ਕਮਰਿਆਂ ਦੇ ਕੋਲ ਹੀ ਇਸ ਬਿਲਡਿੰਗ ਦੇ ਇਕ ਕਮਰੇ ਵਿਚ ਰਖਿਆ ਗਿਆ । ਮੈਂ ਪਤਾ ਕੀਤਾ ਤਾਂ ਮਲੂਮ ਹੋਇਆ ਕਿ ਇਸ ਆਦਮੀ ਨੇ ਮਹਾਰਾਜੇ ਵਿਰੁਧ ਬੜਾ ਸਖਤ ਬਿਆਨ ਦਿਤਾ ਹੈ ਅਤੇ ਆਪਣੇ ਬਿਆਨ ਵਿਚ ਮਹਾਰਾਜੇ ਵਿਰੁਧ ਕਰੜੇ ਅਲਜ਼ਾਮ ਲਾਏ ਹਨ । ਮੈਂ ਉਸ ਭਾਨ ਸਿੰਘ ਨਾਲ ਸੁਨੇਹੇ ਬਾਜ਼ੀ ਸ਼ੁਰੂ ਕਰ ਦਿਤੀ ਅਤੇ ਵੇਲਾ ਤਾੜ ਕੇ ਕਦੇ ਕਦੇ ਉਸ ਨਾਲ ਗਲ ਵੀ ਕਰ ਲੈਂਦਾ ਕਿਉਂਕਿ ਉਸ ਦੇ ਅਤੇ ਮੇਰੇ ਵਿਚਕਾਰ ਕੁਝ ਕੁ ਕਮਰਿਆਂ ਦੀ ਵਾਟ ਸੀ । ਮੈਂ ਇਕ ਦਿਨ ਉਸ ਤੋਂ ਪੁਛਿਆ ਕਿ ਕੀ ਇਹ ਸਚੀ ਗਲ ਹੈ ਕਿ ਤੂੰ ਮਹਾਰਾਜੇ ਵਿਰੁਧ ਬਿਆਨ ਦਿਤਾ ਹੈ । ਉਸ ਨੇ ਕਿਹਾ ਕਿ ਹਾਂ ਦਿਤਾ ਹੈ । ਮੈਂ ਕਿਹਾ ਕਿ ਤੂੰ ਇਹ ਧ੍ਰੋਹ ਕਿਉਂ ਕੀਤਾ । ਉਸ ਨੇ ਦਸਿਆ ਕਿ ਪੁਲੀਸ ਨੇ ਉਸ ਨੂੰ ਬਹੁਤ ਮਾਰਿਆ ਸੀ । ਇਸ ਤਰ੍ਹਾਂ ਪੰਜਾਂ ਸਤਾਂ ਦਿਨਾਂ ਦੀ ਗਲ ਬਾਤ ਤੇ ਮੇਰੇ ਸਮਝਾਉਣ ਪਿਛੋਂ ਉਹ ਆਪਣੇ ਬਿਆਨਾਂ ਨੂੰ ਪਲਟਣ ਲਈ ਰਾਜ਼ੀ ਹੋ ਗਿਆ ਅਤੇ ਉਸ ਨੇ ਮਹਾਰਾਜੇ ਦੇ ਨਾਂ ਇਕ ਚਿਠੀ ਲਿਖੀ ਕਿ ਉਸ ਨੇ ਜਿਹੜਾ ਬਿਆਨ ਐਡਮਨਿਸਟ੍ਰੇਟਰ ਕੋਲ ਦਿਤਾ ਹੈ ਨਿਰਮੂਲ ਤੇ ਝੂਠਾ ਹੈ ਅਤੇ ਉਸ ਤੋਂ ਇਹ ਝੂਠਾ ਬਿਆਨ ਧੱਕੇ ਨਾਲ ਲਿਆ ਗਿਆ ਹੈ । ਇਹ ਚਿਠੀ ਮੈਂ ਉਸ ਤੋਂ ਲੈ ਕੇ ਡੇਹਰਾਦੂਨ ਮਹਾਰਾਜੇ ਕੋਲ ਭਿਜਵਾ ਦਿਤੀ ।

ਮੈਂ ਇਸ ਨਜ਼ਰਬੰਦੀ ਜਾਂ ਕੈਦ ਦੀ ਅਵਸਥਾ ਵਿਚ ਲਾਲਾ ਨਥੂ ਰਾਮ ਤੋਂ



Digitized by Panjab Digital Library | www.panjabdigilib.org

ਕਈ ਵਾਰ ਸੁਨੇਹਿਆਂ ਰਾਹੀਂ ਪੁਛਿਆ ਕਿ ਮੇਰੀ ਨਜ਼ਰਬੰਦੀ ਦਾ ਕਾਰਨ ਕੀ ਹੈ, ਪਰੰਤੂ ਕੋਈ ਉਤਰ ਨਹੀਂ ਸੀ ਮਿਲਦਾ। ਆਖ਼ਰ ਇਕ ਦਿਨ ਲਾਲਾ ਨਥੂ ਰਾਮ ਨੇ ਮੈਨੂੰ ਸਦ ਘਲਿਆ। ਮੈਂ ਉਹਨਾਂ ਕੋਲ ਗਿਆ ਤਾਂ ਉਹਨਾਂ ਨੇ ਦਸਿਆ ਕਿ ਮੇਰੇ ਤੇ ਇਹ ਦੂਸ਼ਨ ਹੈ ਕਿ ਮੈਂ ਮਹਾਰਾਜਾ ਨਾਭਾ ਦੇ ਨਾਲ ਮਿਲ ਕੇ ਮਹਾਰਾਜਾ ਪਟਿਆਲਾ ਵਿਰੁਧ ਬਗ਼ਾਵਤ ਕੀਤੀ ਹੈ। ਇਸ ਦੋਸ਼ ਵਿਚ ਮਹਾਰਾਜਾ ਪਟਿਆਲਾ ਨੇ ਮੇਰੇ ਵਾਰੰਟ ਗਰਿਫ਼ਤਾਰੀ ਕਢੇ ਹਨ। ਰਿਆਸਤ ਪਟਿਆਲਾ ਐਕਸਟਰਾਡੇਸ਼ਨ ਐਕਟ ਅਨੁਸਾਰ ਮੇਰੀ ਨਾਭੇ ਤੋਂ ਪਟਿਆਲੇ ਭੇਜੇ ਜਾਣ ਦੀ ਮੰਗ ਕਰ ਰਹੀ ਹੈ ਅਤੇ ਮਾਮਲਾ ਏਜੰਟ ਗਵਰਨਰ ਜਨਰਲ ਰਿਆਸਤਾਂ ਪੰਜਾਬ ਦੇ ਵਿਚਾਰ ਗੋਚਰਾ ਹੈ।

ਲਾਲਾ ਨਥੂ ਰਾਮ ਦੇ ਮੂੰਹ ਤੋਂ ਇਹ ਖ਼ਬਰ ਸੁਣ ਕੇ ਆਪਣੀ ਨਜ਼ਰਬੰਦੀ ਸੰਬੰਧੀ ਮੈਨੂੰ ਅਨੁਭਵ ਹੋਇਆ ਕਿ ਮਾਮਲਾ ਅਸਧਾਰਨ ਨਹੀਂ ਜਿਹਾ ਕਿ ਮੈਂ ਸਮਝਦਾ ਹਾਂ। ਜੇਕਰ ਪਟਿਆਲੇ ਦੇ ਹਵਾਲੇ ਕੀਤਾ ਗਿਆ ਤਾਂ ਉਮਰ ਭਰ ਪਟਿਆਲਾ ਜੇਲ੍ਹ ਤੋਂ ਨਿਕਲਣਾ ਸੰਭਵ ਨਹੀਂ ਹੋਣ ਲਗਾ। ਨਾਲੇ ਕਿਉਂਕਿ ਮਹਾਰਾਜਾ ਪਟਿਆਲਾ ਮੇਰਾ ਸ਼ਤਰੂ ਹੈ। ਪਟਿਆਲਾ ਜੇਲ੍ਹ ਵਿਚ ਜਿਹੜੇ ਤਸੀਹੇ ਦਿਤੇ ਜਾਣਗੇ ਉਹਨਾਂ ਨੂੰ ਸਹਿਣਾ ਮੇਰੇ ਲਈ ਸੰਭਵ ਨਹੀਂ।

ਲਾਲਾ ਨਥੂ ਰਾਮ ਦੇ ਕਮਰੇ ਵਿਚ ਵਾਪਸ ਆ ਗਿਆ। ਬੜਾ ਸਖ਼ਤ ਅਵਾਜ਼ਾਰ ਸਾਂ ਕਿ ਕੀ ਕਰਨਾ ਚਾਹੀਦਾ ਹੈ। ਮੇਰਾ ਸੁਭਾਅ ਹੈ ਕਿ ਜਦ ਤਕ ਕਿਸੇ ਔਕੜ ਦੇ ਬਾਰੇ ਪ੍ਰੋਗਰਾਮ ਤਿਆਰ ਨਾ ਕਰ ਲਵਾਂ, ਨਾ ਖਾ ਸਕਦਾ ਹਾਂ, ਨਾ ਸੌਂ ਸਕਦਾ ਹਾਂ। ਪ੍ਰੋਗਰਾਮ ਤਿਆਰ ਕਰਨ ਪਿਛੋਂ ਭਵਿਖ ਤੋਂ ਬਿਲਕੁਲ ਨਿਸਚਿੰਤ ਹੋ ਜਾਂਦਾ ਹਾਂ। ਮੈਂ ਰਾਤ ਨੂੰ ਸੌਂ ਵੀ ਨਾ ਸਕਿਆ ਅਤੇ ਨਾ ਰੋਟੀ ਖਾਧੀ। ਸਾਹਮਣੇ ਕਾਲ ਨਜ਼ਰ ਆ ਰਿਹਾ ਸੀ ਅਤੇ ਮੌਤ ਹੀ ਨਹੀਂ ਸਗੋਂ ਮੌਤ ਨਾਲੋਂ ਹਜ਼ਾਰ ਗੁਣਾਂ ਵਧੇਰੇ ਭਿਆਨਕ ਪਟਿਆਲਾ ਜੇਲ੍ਹ ਦੇ ਤਸੀਹਿਆਂ ਦਾ ਭੈ ਸੀ। ਮੈਂ ਸੋਚਣ ਪਿਛੋਂ ਫ਼ੈਸਲਾ ਕੀਤਾ ਕਿ ਇਸ ਨਜ਼ਰਬੰਦੀ ਚੋਂ ਨਸ ਜਾਣਾ ਚਾਹੀਦਾ ਹੈ ਅਤੇ ਜੇਕਰ ਨਸ ਨਾ ਸਕਾਂ ਤਾਂ ਪਟਿਆਲੇ ਨੂੰ ਹਵਾਲੇ ਕੀਤੇ ਜਾਣ ਤੋਂ ਪਹਿਲਾਂ ਹੀ ਆਪਣੇ ਜੀਵਨ ਨੂੰ ਖ਼ਤਮ ਕਰ ਲਵਾਂ — ਮੈਂ ਵਾਸਤਵ ਵਿਚ ਆਤਮ-ਘਾਤ ਨੂੰ ਕਾਇਰਤਾ ਨਹੀਂ ਸਮਝਦਾ ਸਗੋਂ ਬਹੁਤ ਵਡੀ ਬਹਾਦਰੀ ਸਮਝਦਾ ਹਾਂ ਕਿਉਂਕਿ ਮੌਤ ਵਰਗੀ ਭਿਆਨਕ ਸ਼ੈ ਨਾਲ ਗਲਵਕੜੀ ਪਾਉਣੀ ਕਾਇਰਤਾ ਨਹੀਂ ਬਹਾਦਰੀ ਹੈ —ਸੋ ਮੈਂ ਇਹਨਾਂ ਸਿਪਾਹੀਆਂ ਵਿਚੋਂ ਇਕ ਸਿਪਾਹੀ ਛੋਟਾ ਸਿੰਘ ਨੂੰ ਆਪਣੇ ਨਾਲ ਰਲਾਇਆ। ਉਹਨੂੰ ਆਖਿਆ ਕਿ ਮੇਰੇ ਸਿਰ ਪੀੜ ਹੁੰਦੀ ਹੈ



Digitized by Panjab Digital Library | www.panjabdigilib.org

ਭੋਰਾ ਕੁ ਅਫੀਮ ਖਾਣੀ ਚਾਹੁੰਦਾ ਹਾਂ। ਛੋਟਾ ਸਿੰਘ ਬਜ਼ਾਰੋਂ ਇਕ ਪੈਸੇ ਦੀ ਅਫ਼ੀਮ ਲੈ ਆਇਆ। ਦੋ ਦੋ ਦਿਨਾਂ ਪਿਛੋਂ ਮੈਂ ਕਈ ਵਾਰ ਫੇਰ ਮੰਗਵਾਈ। ਇਸ ਤਰ੍ਹਾਂ ਜਦ ਇਹ ਅਫ਼ੀਮ ਇਕ ਬੰਦੇ ਨੂੰ ਮਾਰਨ ਲਈ ਬਥੇਰੀ ਹੋ ਗਈ ਤਾਂ ਮੈਂ ਉਸ ਨੂੰ ਕਪੜੇ ਦੀ ਛੋਟੀ ਜਿਹੀ ਟਾਕੀ ਪਲੇ ਬੰਨ੍ਹ ਕੇ ਉਸਨੂੰ ਆਪਣੇ ਸਿਰਹਾਣੇ ਵਿਚ ਰਖ ਕੇ ਸੀਉਂ ਲਿਆ। ਅਫ਼ੀਮ ਨੂੰ ਇਸ ਤਰ੍ਹਾਂ ਰਖਣ ਦਾ ਭੇਤ ਮੇਰੇ ਬਿਨਾਂ ਹੋਰ ਕਿਸੇ ਨੂੰ ਨਹੀਂ ਸੀ।

ਕੈਦ ਵਿਚੋਂ ਭਜਣ ਸੰਬੰਧੀ ਮੈਂ ਛੋਟਾ ਸਿੰਘ ਨੂੰ ਭੇਤੀ ਬਣਾ ਕੇ ਉਸ ਨਾਲ ਸਲਾਹ ਕੀਤੀ ਤਾਂ ਛੋਟਾ ਸਿੰਘ ਨੇ ਕਿਹਾ ਕਿ ਰਾਤ ਨੂੰ ਜਦ ਉਸ ਦਾ ਪਹਿਰਾ ਹੋਵੇ ਤਾਂ ਉਹ ਅਤੇ ਮੈਂ ਦੋਵੇਂ ਭਜ ਚਲਾਂਗੇ। ਜਿਨ੍ਹਾਂ ਕਮਰਿਆਂ ਵਿਚ ਅਸੀਂ ਸਾਂ ਉਹਨਾਂ ਕਮਰਿਆਂ ਦੇ ਬਿਲਕੁਲ ਨਾਲ ਇਕ ਪੌੜੀ ਸੀ। ਇਹਨਾਂ ਪੌੜੀਆਂ ਦਾ ਰਾਹ ਬੰਦ ਕਰ ਦਿਤਾ ਗਿਆ ਸੀ ਅਤੇ ਉਹਨਾਂ ਦੇ ਅੰਦਰ ਇਕ ਜੰਦਰਾ ਵਜਾ ਹੋਇਆ ਸੀ ਤਾਕਿ ਕੋਈ ਜਣਾ ਏਧਰੋਂ ਆ ਜਾ ਨਾ ਸਕੇ, ਇਹ ਪੌੜੀਆਂ ਹਨੇਰੀਆਂ ਸਨ ਅਤੇ ਚਿਰ ਤੋਂ ਇਹਨਾਂ ਦੀ ਕਦੇ ਸਫ਼ਾਈ ਨਹੀਂ ਹੋਈ ਸੀ। ਕਿਉਂਕਿ ਇਹਨਾਂ ਥਾਣੀਂ ਨਾ ਕੋਈ ਆਉਂਦਾ ਸੀ ਤੇ ਨਾ ਜਾਂਦਾ ਸੀ। ਛੋਟਾ ਸਿੰਘ ਦੂਜੇ ਸਿਪਾਹੀਆਂ ਤੋਂ ਚੋਰੀ ਇਹਨਾਂ ਪੌੜੀਆਂ ਵਿਚ ਗਿਆ ਅਤੇ ਉਸ ਨੇ ਜੰਦਰਾ ਭੰਨਿਆ ਅਤੇ ਜੰਦਰੇ ਦੀ ਥਾਂ ਇਕ ਰਸੀ ਬੰਨ੍ਹ ਦਿਤੀ ਤਾਕਿ ਬਾਹਰੋਂ ਕੋਈ ਖੋਹਲ ਵੀ ਨਾ ਸਕੇ ਅਤੇ ਜਦ ਅਸੀਂ ਭਜਣ ਲਗੀਏ ਤਾਂ ਇਸ ਰੱਸੀ ਨੂੰ ਤੋੜ ਕੇ ਅੰਦਰੋਂ ਬੂਹਾ ਖੋਹਲ ਲਿਆ ਜਾਏ। ਛੋਟਾ ਸਿੰਘ ਨਾਲ ਨਸਣ ਦਾ ਪ੍ਰੋਗਰਾਮ ਤਿਆਰ ਕੀਤਾ ਤਾਂ ਉਸ ਨੇ ਕਿਹਾ ਕਿ ਨਾਭੇ ਤੋਂ ਜਾਣ ਲਈ ਉਹ ਇਕ ਤੇਜ਼ ਤੁਰਣ ਵਾਲੇ ਊਠ ਦਾ ਪ੍ਰਬੰਧ ਕਰ ਸਕਦਾ ਹੈ। ਮੈਂ ਕਿਹਾ ਕਿ ਕੀ ਕਿਸੇ ਤਰ੍ਹਾਂ ਮੋਟਰ ਦਾ ਪ੍ਰਬੰਧ ਨਹੀਂ ਹੋ ਸਕਦਾ। ਛੋਟਾ ਸਿੰਘ ਨੇ ਆਪਣੀ ਬੇਵਸੀ ਪ੍ਰਗਟ ਕੀਤੀ। ਮੈਂ ਉਸ ਨਾਲ ਸਲਾਹ ਕੀਤੀ ਕਿ ਇਥੋਂ ਨਸਣ ਪਿਛੋਂ ਕੀ ਮੈਂ ਪੰਜਾਂ ਸਤਾਂ ਦਿਨਾਂ ਲਈ ਸ਼ਹਿਰ ਵਿਚ ਹੀ ਕਿਸੇ ਦੇ ਘਰ ਲੁਕ ਕੇ ਰਹਿ ਸਕਦਾ ਹਾਂ। ਉਸ ਨੇ ਦਸਿਆ ਕਿ ਇਹ ਪ੍ਰਬੰਧ ਤਾਂ ਹੋ ਸਕੇਗਾ। ਅਸੀਂ ਇਹ ਸਾਰੀ ਸਕੀਮ ਤਿਆਰ ਕਰ ਰਹੇ ਸਾਂ, ਪਰ ਸਾਨੂੰ ਇਸ ਦੀ ਵਰਤੋਂ ਦੀ ਲੋੜ ਹੀ ਨਾ ਪਈ ਤੇ ਵਾਇਸਰਾਏ ਨੇ ਰਿਹਾ ਕਰਨ ਦਾ ਹੁਕਮ ਦੇ ਦਿਤਾ। ਨਹੀਂ ਤਾਂ ਕੈਦ 'ਚੋਂ ਨਸਣ ਦੇ ਖਤਰੇ ਨੂੰ ਵੀ ਆਤਮਘਾਤ ਤੋਂ ਪਹਿਲਾਂ ਜੀ ਆਇਆਂ ਕਹਿਣਾ ਸੀ ਭਾਵੇਂ ਇਸਦਾ ਸਿੱਟਾ ਕੁਝ ਵੀ ਹੁੰਦਾ।

ਅਫੀਮ ਰਖਣ ਪਿਛੋਂ ਮੈਂ ਐਡਮਨਿਸਟਰੇਟਰ ਨੂੰ ਇਕ ਖਤ ਭੇਜਿਆ। ਜਿਸ ਵਿਚ ਇਹ ਲਿਖਿਆ ਕਿ ਮਹਾਰਾਜਾ ਪਟਿਆਲਾ ਮੇਰਾ ਦੁਸ਼ਮਣ ਹੈ।



Digitized by Panjab Digital Library | www.panjabdigilib.org

ਅੰਗਰੇਜ਼ੀ ਸਰਕਾਰ ਦਾ ਇਹ ਅਨਿਆਂ ਹੋਵੇਗਾ ਜੇਕਰ ਮੈਨੂੰ ਮਹਾਰਾਜਾ ਪਟਿਆਲਾ ਨੂੰ ਸੌਂਪ ਦਿਤਾ ਗਿਆ। ਜੇਕਰ ਸਰਕਾਰ ਇਹ ਸਮਝਦੀ ਹੈ ਕਿ ਮੈਂ ਮਹਾਰਾਜਾ ਨਾਭਾ ਨਾਲ ਮਿਲ ਕੇ ਸਚ ਮੁਚ ਹੀ ਮਹਾਰਾਜਾ ਪਟਿਆਲਾ ਵਿਰੁਧ ਬਗ਼ਾਵਤ ਕੀਤੀ ਹੈ ਤਾਂ ਇਸ ਅਪਰਾਧ ਦਾ ਜੋ ਵਧ ਤੋਂ ਵਧ ਡੰਡ ਹੋਵੇ ਬਿਨਾਂ ਮੁਕੱਦਮੇ ਦੇ ਹੀ ਇਸ ਡੰਡ ਨੂੰ ਸਹਿਣ ਲਈ ਤਿਆਰ ਹਾਂ, ਪਰ ਮੈਨੂੰ ਅੰਗਰੇਜ਼ੀ ਪ੍ਰਾਂਤ ਦੀ ਕਿਸੇ ਜੇਲ੍ਹ ਵਿਚ ਰਖਿਆ ਜਾਏ। ਜੇਕਰ ਸਰਕਾਰ ਅੰਗਰੇਜ਼ੀ ਜੇਲ੍ਹ ਵਿਚ ਨਹੀਂ ਰਖ ਸਕਦੀ ਅਤੇ ਮੈਨੂੰ ਮੇਰੇ ਦੁਸ਼ਮਣ ਮਹਾਰਾਜਾ ਪਟਿਆਲਾ ਦੇ ਹਵਾਲੇ ਕਰਨਾ ਹੀ ਚਾਹੁੰਦੀ ਹੈ ਤਾਂ ਮੈਂ ਫਿਰ ਚੈਲੰਜ ਕਰਦਾ ਹਾਂ ਕਿ ਤੁਸੀਂ ਮੇਰੀ ਲੋਥ ਤਾਂ ਮਹਾਰਾਜਾ ਪਟਿਆਲਾ ਦੇ ਹਵਾਲੇ ਕਰ ਸਕਦੇ ਹੋ, ਪਰ ਦੀਵਾਨ ਸਿੰਘ ਨੂੰ ਜੀਉਂਦੇ ਜੀ ਮਹਾਰਾਜਾ ਪਟਿਆਲਾ ਦੇ ਹਵਾਲੇ ਨਹੀਂ ਕਰ ਸਕਦੇ ਕਿਉਂਕਿ ਮੌਤ ਦੇ ਕਸ਼ਟ ਦੇ ਟਾਕਰੇ ਤੇ ਪਟਿਆਲਾ ਜੇਲ੍ਹ ਦੇ ਤਸੀਹੇ ਹਜ਼ਾਰ ਗੁਣਾਂ ਵਧੇਰੇ ਦੁਖਦਾਈ ਹੋਣਗੇ।

ਐਡਮਨਿਸਟ੍ਰੇਟਰ ਨੂੰ ਇਹ ਖਤ ਭੇਜਣ ਪਿਛੋਂ ਮੈਂ ਮਹਾਰਾਜਾ ਨਾਭਾ ਨੂੰ ਸਾਰੇ ਹਾਲ ਲਿਖੇ ਅਤੇ ਨਾਲ ਇਹ ਵੀ ਲਿਖ ਭੇਜਿਆ ਕਿ ਹੁਣ ਸ਼ਾਇਦ ਤੁਹਾਡੇ ਨਾਲ ਇਸ ਜਨਮ ਵਿਚ ਮਿਲਾਪ ਨਾ ਹੋਵੇ ਕਿਉਂਕਿ ਜੇਕਰ ਪਟਿਆਲੇ ਭੇਜਿਆ ਗਿਆ ਤਾਂ ਪਟਿਆਲੇ ਦੀ ਸੀਮਾ 'ਚ ਪਹੁੰਚਣ ਤੋਂ ਪਹਿਲਾਂ ਦੀਵਾਨ ਸਿੰਘ ਇਸ ਸੰਸਾਰ ਵਿਚ ਨਹੀਂ ਹੋਵੇਗਾ। ਮੇਰੇ ਇਸ ਖ਼ਤ ਨੂੰ ਪੜ੍ਹ ਕੇ ਮਹਾਰਾਜੇ ਦੇ ਅੱਥਰੂ ਨਿਕਲ ਆਏ ਅਤੇ ਉਹਨਾਂ ਨੇ ਆਪਣੇ ਮਿਤਰ ਅਸੈਂਬਲੀ ਮੈਂਬਰਾਂ ਨੂੰ ਚਿਠੀਆਂ ਲਿਖੀਆਂ ਕਿ ਦੀਵਾਨ ਸਿੰਘ ਤੇ ਇਸ ਪਰਕਾਰ ਧਰੋਹ ਹੋ ਰਿਹਾ ਹੈ। ਉਹਨਾਂ ਲੋਕਾਂ ਨੇ ਵਾਇਸਰਾਏ ਨੂੰ ਲਿਖਿਆ। ਰਾਓ ਬਹਾਦਰ ਚੌਧਰੀ ਲਾਲ ਚੰਦ ਰੋਹਤਕ — ਜਿਹੜੇ ਮਗਰੋਂ ਪੰਜਾਬ ਦੇ ਮੰਤਰੀ ਅਤੇ ਮੈਂਬਰ ਪੰਜਾਬ ਪਬਲਕ ਸਰਵਿਸ ਕਮਿਸ਼ਨ ਬਣੇ — ਮੇਰੇ ਬੜੇ ਹਿਤੂ ਅਤੇ ਮਿਹਰਬਾਨ ਸਨ ਅਤੇ ਸਰ ਜਾਨ ਥਾਂਪਸਨ ਪੁਲੀਟੀਕਲ ਸਕੱਤਰ ਦੇ ਡੂੰਘੇ ਮਿਤਰ, ਉਹਨਾਂ ਨੂੰ ਸੁਨੇਹਾ ਭੇਜਿਆ ਅਤੇ ਸਾਰੇ ਹਾਲ ਦਸੇ। ਇਹ ਸਰ ਜਾਨ ਥਾਂਪਸਨ ਨੂੰ ਮਿਲੇ ਅਤੇ ਦਿੱਲੀ ਵਿਚ ਕਈ ਦੋਸਤ ਸਰਕਾਰੀ ਮੁਲਾਜ਼ਮ ਸਨ। ਉਹਨਾਂ ਰਾਹੀਂ ਜਤਨ ਕੀਤਾ ਗਿਆ। ਸਿੱਟਾ ਇਹ ਨਿਕਲਿਆ ਕਿ ਆਖ਼ਰ ਲਾਰਡ ਰੀਡਿੰਗ ਨੇ ਮੇਰੇ ਅਤੇ ਨਾਭੇ ਦੇ ਅਧੀ ਦਰਜਨ ਦੇ ਕਰੀਬ ਦੂਜੇ ਸਜਨਾਂ — ਜਿਨ੍ਹਾਂ ਉਤੇ ਵੀ ਮਹਾਰਾਜਾ ਨਾਭਾ ਨਾਲ ਮਿਲ ਕੇ ਮਹਾਰਾਜਾ ਪਟਿਆਲਾ ਵਿਰੁਧ ਬਗ਼ਾਵਤ ਕਰਨ ਦਾ ਦੂਸ਼ਨ ਸੀ — ਦੀ ਫ਼ਾਈਲ ਤੇ ਹੁਕਮ ਲਿਖਿਆ ਕਿ ਜੇਕਰ ਦੀਵਾਨ ਸਿੰਘ ਅਤੇ ਉਹਨਾਂ ਦੂਜੇ ਆਦਮੀਆਂ ਨੇ ਮਹਾਰਾਜਾ ਪਟਿਆਲਾ ਵਿਰੁਧ ਸਾਜ਼ਸ਼ ਵਿਚ ਭਾਗ ਲਿਆ



Digitized by Panjab Digital Library | www.panjabdigilib.org

ਹੈ ਤਾਂ ਆਪਣੇ ਮਾਲਕ ਮਹਾਰਾਜਾ ਨਾਭੇ ਦੀ ਆਗਿਆ ਅਨੁਸਾਰ। ਇਨ੍ਹਾਂ ਦਾ ਇਹ ਕਰਮ ਆਪਣੇ ਮਾਲਕ ਦੀ ਵਫ਼ਾਦਾਰੀ ਦੇ ਵਿਚਾਰ ਨਾਲ ਸ਼ਲਾਘਾ ਯੋਗ ਹੈ। ਇਹਨਾਂ ਦਾ ਕੋਈ ਦੋਸ਼ ਨਹੀਂ ਇਸ ਲਈ ਇਹਨਾਂ ਨੂੰ ਝਟ ਪਟ ਰਿਹਾ ਕਰ ਦਿਤਾ ਜਾਏ। ਲਾਰਡ ਰੀਡਿੰਗ ਨੇ ਇਹ ਹੁਕਮ ਜਹਾਜ਼ ਵਿਚ ਲਿਖਿਆ ਜਦ ਕਿ ਆਪ ਬਰਮਾ ਦੇ ਦੌਰੇ ਤੋਂ ਵਾਪਸ ਭਾਰਤ ਆ ਰਹੇ ਸਨ — ਓਦੋਂ ਅਜੇ ਬਰਮਾ ਭਾਰਤ ਤੋਂ ਵਖ ਨਹੀਂ ਸੀ ਅਤੇ ਬਰਮਾ ਇਕ ਸੂਬੇ ਦੇ ਤੌਰ ਤੇ ਵਾਇਸਰਾਏ ਦੇ ਅਧੀਨ ਸੀ — ਮੇਰਾ ਇਕ ਮਿਤਰ ਦਿੱਲੀ ਵਿਚ ਖ਼ਬਰਾਂ ਲਈ ਹਾਜ਼ਰ ਸੀ। ਵਾਇਸਰਾਏ ਜਦ ਦੌਰੇ ਤੋਂ ਵਾਪਸ ਦਿੱਲੀ ਪੁਜੇ ਤਾਂ ਉਸ ਨੂੰ ਪੁਲੀਟੀਕਲ ਡੀਪਾਰਟ-ਮੈਂਟ ਦੇ ਇਕ ਕਲਰਕ ਤੋਂ ਪਤਾ ਲਗ ਗਿਆ ਕਿ ਵਾਇਸਰਾਏ ਨੇ ਉਕਤ ਫ਼ੈਸਲਾ ਕੀਤਾ ਹੈ। ਵਾਇਸਰਾਏ ਦੇ ਪਹੁੰਚਣ ਉਪਰੰਤ ਚਾਰ ਦਿਨਾਂ ਪਿਛੋਂ ਇਹ ਖ਼ਬਰ ਮੈਨੂੰ ਨਾਭੇ ਪਹੁੰਚ ਗਈ ਅਤੇ ਮੈਂ ਸੰਤੁਸ਼ਟ ਹੋ ਗਿਆ।

ਇਸ ਖ਼ਬਰ ਦੇ ਪਹੁੰਚਣ ਦੇ ਇਕ ਸਪਤਾਹ ਪਿਛੋਂ ਇਕ ਸਬ-ਇਨਸਪੈਕਟਰ ਮੇਰੇ ਕੋਲ ਆਇਆ। ਉਸ ਨੇ ਕਿਹਾ ਕਿ ਲਾਲਾ ਨਥੂ ਰਾਮ ਪਾਸ ਚਲੋ ਉਹ ਬੁਲਾਂਦੇ ਹਨ। ਮੈਂ ਛੋਟਾ ਸਿੰਘ ਸਿਪਾਹੀ ਨੂੰ ਕਿਹਾ ਕਿ ਮੇਰਾ ਬਿਸਤਰਾ ਅਤੇ ਸਾਮਾਨ ਆਦਿ ਬੰਨ੍ਹ ਕੇ ਤਿਆਰ ਰਖੋ। ਸਬ-ਇਨਸਪੈਕਟਰ ਨੂੰ ਕਿਸੇ ਗਲ ਦਾ ਕੁਝ ਪਤਾ ਨਹੀਂ ਸੀ ਉਹ ਹੈਰਾਨ ਕਿ ਮੈਂ ਕੀ ਆਖ ਰਿਹਾ ਹਾਂ। ਉਸ ਨੇ ਕਿਹਾ ਕਿ ਕੁਝ ਪੁਛਣ ਵਾਸਤੇ ਸਦਿਆ ਗਿਆ ਹਾਂ, ਅਜੇ ਤਾਂ ਫੇਰ ਵਾਪਸ ਆਉਣਾ ਹੈ, ਬਿਸਤਰਾ ਆਦਿ ਕਿਉਂ ਬੰਨ੍ਹਵਾ ਰਹੇ ਹੋ। ਮੈਂ ਜਵਾਬ ਦਿਤਾ ਕਿ ਤੁਹਾਨੂੰ ਪਤਾ ਨਹੀਂ ਮੈਨੂੰ ਪਤਾ ਹੈ ਕਿ ਅਜ ਮੇਰੀ ਰਿਹਾਈ ਹੋਵੇਗੀ। ਆਖ਼ਰ ਸਬ-ਇਨਸਪੈਕਟਰ ਮੈਨੂੰ ਲਾਲਾ ਨਥੂ ਰਾਮ ਕੋਲ ਲੈ ਗਿਆ। ਲਾਲਾ ਨਥੂ ਰਾਮ ਨੇ ਹਥ ਮਿਲਾਇਆ ਅਤੇ ਕੁਰਸੀ ਤੇ ਬੈਠਣ ਲਈ ਕਿਹਾ, ਮੈਂ ਬਹਿ ਗਿਆ ਤਾਂ ਉਹਨਾਂ ਨੇ ਅਤਿ ਹਮਦਰਦੀ ਦੇ ਰੌਂ ਵਿਚ — ਜਿਹਾ ਕਿ ਪੁਲੀਸ ਅਤੇ ਜੇਲ੍ਹ ਦੇ ਅਫ਼ਸਰ ਕਿਸੇ ਦੋਸ਼ੀ ਜਾਂ ਅਪਰਾਧੀ ਨੂੰ ਰਿਹਾ ਕਰਨ ਵੇਲੇ ਹਿਤ ਦਾ ਪਰਗਟਾ ਕਰਦੇ ਹਨ ਤਾਕਿ ਇਹ ਰਿਹਾਈ ਦੇ ਪਿਛੋਂ ਵਿਰੋਧਤਾ ਨਾ ਕਰੇ — ਆਖਿਆ, "ਸਰਦਾਰ ਸਾਹਿਬ ਤੁਸਾਂ ਬਹੁਤ ਤਕਲੀਫ਼ ਸਹਾਰੀ ਹੈ, ਕੀ ਕੀਤਾ ਜਾਏ, ਮੇਰੀ ਨੌਕਰੀ ਹੀ ਅਜਿਹੀ ਹੈ। ਮੈਂ ਤਾਂ ਐਡਮਨਿਸਟ੍ਰੇਟਰ ਦੇ ਹੁਕਮਾਂ ਦੀ ਪਾਲਣਾ ਕੀਤੀ ਜਿਹੜੀ ਏਨੇ ਚਿਰ ਲਈ ਤੁਹਾਨੂੰ ਨਜ਼ਰਬੰਦ ਰਖਿਆ, ਨਹੀਂ ਤਾਂ ਤੁਹਾਡਾ ਮੇਰੇ ਦਿਲ ਵਿਚ ਬਹੁਤ ਸਤਿਕਾਰ ਹੈ। ਹੁਣ ਸਰਕਾਰ ਦੇ ਹੁਕਮ ਅਨੁਸਾਰ ਤੁਹਾਨੂੰ ਰਿਹਾ ਕੀਤਾ ਜਾਂਦਾ ਹੈ।" ਮੈਂ ਜਵਾਬ ਦਿਤਾ ਕਿ ਦੁਨੀਆਂ ਵਿਚ ਹਰ ਮਨੁਖ ਨੂੰ ਫ਼ਰਜ਼ ਦੀ ਪਾਲਣਾ ਕਰਨੀ ਚਾਹੀਦੀ ਹੈ। ਇਹ ਤਾਂ ਸਧਾਰਨ



Digitized by Panjab Digital Library | www.panjabdigilib.org

ਜਿਹੀ ਗਲ ਹੈ ਤੁਸੀਂ ਇਸ ਦਾ ਕੋਈ ਵਿਚਾਰ ਨਾ ਕਰੋ। ਇਸ ਪਿਛੋਂ ਲਾਲਾ ਨਥੂ ਰਾਮ ਨੇ ਪੁਛਿਆ ਕਿ ਹੁਣ ਤੁਹਾਡਾ ਭਵਿਖ 'ਚ ਰਿਹਾਈ ਪਿਛੋਂ ਕੀ ਪ੍ਰੋਗਰਾਮ ਹੈ। ਮੈਂ ਉਤਰ ਦਿਤਾ ਕਿ ਨਾਭੇ ਆਉਣ ਤੋਂ ਪਹਿਲਾਂ ਕਾਗ਼ਜ਼ ਕਾਲੇ ਕਰ ਕੇ ਰੋਟੀ ਕਮਾਉਂਦਾ ਸਾਂ ਅਤੇ ਹੁਣ ਵੀ ਕਾਗ਼ਜ਼ ਕਾਲੇ ਕਰਕੇ ਰੋਟੀ ਕਮਾਵਾਂਗਾ। ਲਾਲਾ ਨਥੂ ਰਾਮ ਨੇ ਕਿਹਾ ਕਿ ਮੇਰੀ ਮਿਤਰਾਨਾ ਰਾਏ ਹੈ ਕਿ ਹੁਣ ਕਿਸੇ ਅੰਦੋਲਨ ਵਿਚ ਭਾਗ ਨਾ ਲੈਣਾ। ਤੁਸਾਂ ਬਹੁਤ ਕਸ਼ਟ ਸਹਾਰੇ ਹਨ। ਮੈਂ ਕਿਹਾ ਕਿ ਭੈੜਿਆਂ ਭਾਗਾਂ ਨੂੰ ਜਾਂ ਚੰਗਿਆਂ ਕਰਮਾਂ ਨੂੰ ਪ੍ਰਮਾਤਮਾ ਨੇ ਰਿਜ਼ਕ ਹੀ ਅੰਦੋਲਨਾਂ ਰਾਹੀਂ ਲਿਖਿਆ ਹੈ, ਮੈਂ ਕੀ ਕਰਾਂ। ਜੇਕਰ ਅੰਦੋਲਨ ਨਾ ਕਰਾਂ ਤਾਂ ਰੋਟੀ ਕਿਥੋਂ ਖਾਵਾਂ। ਪਤਰਕਾਰੀ ਨਾਂ ਹੀ ਅੰਦੋਲਨ ਕਰਨ ਦਾ ਹੈ। ਲਾਲਾ ਨਥੂ ਰਾਮ ਨੇ ਕਿਹਾ ਕਿ ਉਹ ਕੇਵਲ ਮਿਤਰਾਨਾ ਸਲਾਹ ਦੇ ਰਹੇ ਹਨ। ਮੈਂ ਉਤਰ ਦਿਤਾ ਕਿ ਅਫ਼ਸੋਸ ਹੈ ਕਿ ਮੈਂ ਤੁਹਾਡੀ ਮਿਤਰਾਨਾ ਸਲਾਹ ਪਰਵਾਨ ਕਰਨ ਲਈ ਤਿਆਰ ਨਹੀਂ ਹਾਂ। ਇਸ ਪਰਕਾਰ ਲਾਲਾ ਨਥੂ ਰਾਮ ਨੇ ਮੈਨੂੰ ਸਰਕਾਰੀ ਹੁਕਮ ਸੁਣਾਇਆ ਕਿ ਮੈਂ ਅਗੋਂ ਕਦੀ ਰਿਆਸਤ ਨਾਭਾ ਦੀ ਹੱਦ ਅੰਦਰ ਪੈਰ ਨਾ ਧਰਾਂ। ਉਹਨਾਂ ਨੇ ਪੁਲੀਸ ਦੀ ਇਕ ਗਾਰਦ ਮੰਗਵਾਈ। ਇਹ ਗਾਰਦ ਮੈਨੂੰ ਰੇਲਵੇ ਸਟੇਸ਼ਨ ਤੇ ਲੈ ਗਈ। ਮੇਰਾ ਸਾਮਾਨ ਬਿਸਤਰਾ ਆਦਿ ਸਟੇਸ਼ਨ ਤੇ ਪਹੁੰਚਾ ਦਿਤਾ ਗਿਆ ਅਤੇ ਇਹ ਗਾਰਦ ਉਸ ਵੇਲੇ ਤਕ ਰੇਲਵੇ ਸਟੇਸ਼ਨ ਤੇ ਹਾਜ਼ਰ ਰਹੀ ਜਦ ਤਕ ਕਿ ਮੈਂ ਗਡੀ ਵਿਚ ਚੜ੍ਹ ਨਹੀਂ ਗਿਆ ਅਤੇ ਗਡੀ ਤੁਰ ਨਾ ਪਈ। ਗਡੀ ਵਿਚ ਚੜ੍ਹਨ ਤੋਂ ਅਗਲੇ ਦਿਨ ਸਵੇਰੇ ਮੈਂ ਡੇਹਰਾਦੂਨ ਪਹੁੰਚਾ। ਮਹਾਰਾਜੇ ਨੂੰ ਮਿਲਿਆ, ਸਾਰੇ ਸਮਾਚਾਰ ਦਸੇ ਅਤੇ ਦਸਾਂ ਦਿਨਾਂ ਦੇ ਲਗ ਪਗ ਮਹਾਰਾਜੇ ਕੋਲ ਰਿਹਾ।

## ਰਿਆਸਤਾਂ ਦੇ ਅਨਿਆਂ ਅਤੇ ਅੰਗਰੇਜ਼ ਹਾਕਮ

"ਰਿਆਸਤ" ਨੂੰ ਚਾਲੂ ਹੋਇਆਂ ਦੋ ਵਰ੍ਹੇ ਦੇ ਕਰੀਬ ਹੋ ਚੁਕੇ ਸਨ। ਮੇਰੇ ਕੋਲ ਨਾਲਾ ਗੜ੍ਹ ਤੋਂ ਰਜਿਸਟਰੀ ਰਾਹੀਂ ਇਕ ਚਿੱਠੀ ਪੁਜੀ ਜਿਹੜੀ ਬਾਰਾਂ ਜਾਂ ਸੋਲ੍ਹਾਂ ਸਫ਼ਿਆਂ ਦੀ ਸੀ। ਇਸ ਚਿਠੀ ਵਿਚ ਰਾਣੀ ਨਾਲਾ ਗੜ੍ਹ — ਵਰਤਮਾਨ ਰਾਜਾ ਨਾਲਾ ਗੜ੍ਹ ਜੋ ਹੁਣੇ ਜਿਹੇ ਪਟਿਆਲਾ ਯੂਨੀਅਨ ਵਿਚ ਵਜ਼ੀਰ ਸਨ ਦੀ ਮਾਤਾ — ਦੀਆਂ ਮੁਸੀਬਤਾਂ ਦਾ ਵਰਣਨ ਸੀ ਕਿ ਉਹ ਉਥੇ ਕੈਦੀ ਜੀਵਨ



Digitized by Panjab Digital Library | www.panjabdigilib.org

ਜੀਉ ਰਹੀ ਹੈ। ਹਦ ਤੋਂ ਵਧੇਰੇ ਸੰਕਟ ਵਿਚ ਹੈ ਅਤੇ ਉਥੋਂ ਦਾ ਵਜ਼ੀਰ ਜਿਹੜਾ ਸਰਕਾਰ ਦਾ ਭੇਜਿਆ ਹੋਇਆ ਇਕ ਸਰਕਾਰੀ ਅਫ਼ਸਰ ਸੀ ਨਾ ਕੇਵਲ ਰਾਣੀ ਨੂੰ ਬਹੁਤ ਤੰਗ ਕਰ ਰਿਹਾ ਹੈ ਸਗੋਂ ਰਿਆਸਤ ਨਾਲਾ ਗੜ੍ਹ ਨੂੰ ਵੀ ਲੁਟ ਰਿਹਾ ਹੈ ਅਤੇ ਜਨਤਾ ਬਹੁਤ ਸਤੀ ਹੋਈ ਹੈ। ਇਸ ਚਿੱਠੀ ਵਿਚ ਇਸ ਵਜ਼ੀਰ ਤੇ ਬਹੁਤ ਕਰੜੇ ਤੇ ਨਿਗਰ ਅਲਜ਼ਾਮ ਲਾਏ ਗਏ ਸਨ। ਇਸ ਚਿਠੀ ਦੇ ਮਿਲਣ ਤੇ ਮੈਂ ਸੋਚਦਾ ਰਿਹਾ ਕਿ ਕੀ ਕਰਨਾ ਚਾਹੀਦੈ, ਕੁਝ ਸਮਝ 'ਚ ਨਹੀਂ ਆਉਂਦਾ ਸੀ। ਜੇਕਰ ਇਹਨਾਂ ਦੂਸ਼ਨਾਂ ਨੂੰ ਪਰਕਾਸ਼ਤ ਕਰਦਾ ਹਾਂ ਤਾਂ ਮੁਕੱਦਮਾ ਬਣਨ ਦਾ ਭੈ ਹੈ ਕਿਉਂਕਿ ਦੂਸ਼ਨ ਭਾਵੇਂ ਸਚੇ ਹੋਣ ਇਹਨਾਂ ਦੀ ਸਚਾਈ ਸੰਬੰਧੀ ਪ੍ਰਮਾਣ ਹਾਜ਼ਰ ਨਹੀਂ ਸਨ। ਕੇਵਲ ਇਹ ਚਿਠੀ ਦੂਸ਼ਨਾਂ ਨੂੰ ਅਦਾਲਤ ਵਿਚ ਸਾਬਤ ਕਰਨ ਲਈ ਕਾਫ਼ੀ ਨਹੀਂ ਸੀ ਭਾਵੇਂ ਕਿੰਨੀ ਵੀ ਜ਼ਿੰਮੇਂਵਾਰ ਹਸਤੀ ਦੇ ਹਥ ਦੀ ਲਿਖੀ ਹੋਈ ਸੀ।

ਮੈਂ ਕੁਝ ਦਿਨ ਸੋਚਦਾ ਰਿਹਾ। ਇਸ ਪਿਛੋਂ ਇਕ ਹੋਰ ਚਿਠੀ ਮਿਲੀ ਜਿਸ ਵਿਚ ਪਹਿਲਾਂ ਨਾਲੋਂ ਵੀ ਵਧੇਰੇ ਵੇਰਵੇ ਨਾਲ ਸਮਾਂਚਾਰ ਅੰਕਤ ਸਨ ਅਤੇ ਕੁਝ ਅੰਕੜੇ ਦੇਣ ਤੋਂ ਉਪਰੰਤ ਲਿਖਿਆ ਸੀ ਕਿ ਰਾਣੀ ਨਾਲਾ ਗੜ੍ਹ ਦਾ ਜੀਵਨ ਖ਼ਤਰੇ ਵਿਚ ਹੈ ਕਿਉਂਕਿ ਰਾਜਾ ਨਾਲਾ ਗੜ੍ਹ ਰਾਣੀ ਦੇ ਵਿਰੁਧ ਹੈ ਅਤੇ ਵਜ਼ੀਰ ਰਾਜੇ ਨਾਲ ਮਿਲ ਗਿਆ ਹੈ ਤੇ ਕਿਸੇ ਮਨੁਖ ਨੂੰ ਵੀ ਆਗਿਆ ਨਹੀਂ ਕਿ ਉਹ ਰਾਣੀ ਨੂੰ ਮਿਲ ਸਕੇ।

ਇਸ ਚਿਠੀ ਨੂੰ ਪੜ੍ਹਨ ਪਿਛੋਂ ਮੈਂ ਫਿਰ ਵਿਚਾਰ ਕਰਦਾ ਰਿਹਾ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ। ਜਦ ਇਹਨਾਂ ਸਮਾਂਚਾਰਾਂ ਦੇ ਸਚਿਆਂ ਹੋਣ ਬਾਰੇ ਮੇਰੀ ਤਸੱਲੀ ਹੋ ਗਈ ਤਾਂ ਮੈਂ ਫ਼ੈਸਲਾ ਕੀਤਾ ਕਿ ਰਿਆਸਤ ਨਾਲਾ ਗੜ੍ਹ ਦੇ ਪ੍ਰਸ਼ਨ ਨੂੰ ਹੱਥ ਵਿਚ ਲੈਣਾ ਚਾਹੀਦਾ ਹੈ ਅਤੇ ਉਸ ਸਮੇਂ ਤਕ ਨਹੀਂ ਛਡਣਾ ਚਾਹੀਦਾ ਜਦ ਤਕ ਕਿ ਉਥੋਂ ਦੇ ਅਨਿਆਂ ਸਮਾਪਤ ਨਾ ਹੋ ਜਾਣ। ਮੈਂ ਇਹਨਾਂ ਚਿੱਠੀਆਂ ਵਿਚੋਂ ਦੂਸ਼ਨਾਂ ਦੀ ਇਕ ਸੂਚੀ ਤਿਆਰ ਕੀਤੀ ਅਤੇ ਇਸ ਸੂਚੀ ਨੂੰ ਟਾਈਪ ਕਰਵਾਇਆ। ਇਸ ਟਾਈਪ ਕੀਤੀ ਸੂਚੀ ਨੂੰ ਲੈ ਕੇ ਮੈਂ ਸ਼ਿਮਲੇ ਗਿਆ। ਸਵਾਮੀ ਰਾਮਾ ਨੰਦ ਉਹਨਾਂ ਦਿਨਾਂ ਵਿਚ ਕਾਂਗਰਸ ਦੇ ਪ੍ਰਸਿਧ ਵਰਕਰ ਸਨ ਅਤੇ ਸ਼ਿਮਲੇ ਦੀਆਂ ਰਿਆਸਤਾਂ ਦੀ ਜਨਤਾ ਵਿਚ ਜਾਗ੍ਰਿਤੀ ਲਿਆਉਣ ਦੇ ਕੰਮ ਵਿਚ ਰੁਝੇ ਹੋਏ ਸਨ। ਉਹਨਾਂ ਨੂੰ ਮਿਲਿਆ, ਉਹਨਾਂ ਰਾਹੀਂ ਰਿਆਸਤਾਂ ਦੇ ਦੂਜੇ ਜਾਣੂ ਲੋਕਾਂ ਨਾਲ ਗਲ ਬਾਤ ਕੀਤੀ। ਪਤਾ ਲਗਾ ਕਿ ਭਾਵੇਂ ਪ੍ਰਮਾਣ ਨਾ ਹੋਣ, ਪਰ ਦੂਸ਼ਨ ਸਾਰੇ ਦੇ ਸਾਰੇ ਸਚੇ ਸਨ। ਜਦ ਇਹਨਾਂ ਦੂਸ਼ਨਾਂ ਬਾਰੇ ਮੈਨੂੰ ਤਸੱਲੀ ਹੋ ਗਈ ਤਾਂ ਮੈਂ ਡਿਪਟੀ ਕਮਿਸ਼ਨਰ — ਜਿਹੜੇ ਸ਼ਿਮਲੇ ਦੀਆਂ ਰਿਆਸਤਾਂ ਦਾ ਸੁਪ੍ਰੰਟੈਂਡੈਂਟ ਸੀ



Digitized by Panjab Digital Library | www.panjabdigilib.org

ਅਤੇ ਜਿਸ ਦੇ ਅਧੀਨ ਰਿਆਸਤ ਨਾਲਾ ਗੜ੍ਹ ਸੀ — ਦੇ ਦਫ਼ਤਰ ਗਿਆ । ਉਥੋਂ ਪਤਾ ਲਗਾ ਕਿ ਡਿਪਟੀ ਕਮਿਸ਼ਨਰ — ਮੈਨੂੰ ਠੀਕ ਨਾਂ ਯਾਦ ਨਹੀਂ ਰਿਹਾ, ਸ਼ਾਇਦ ਉਹਨਾਂ ਦਾ ਨਾਂ ਮਿਸਟਰ ਵੈਕਫ਼ੀਲਡ ਸੀ — ਹਾਜ਼ਰ ਹਨ । ਮੈਂ ਚਪੜਾਸੀ ਹਥ ਆਪਣਾ ਵਿਜ਼ਿਟਿੰਗ ਕਾਰਡ ਭੇਜਿਆ । ਡਿਪਟੀ ਕਮਿਸ਼ਨਰ ਨੇ ਅੰਦਰ ਬੁਲਾ ਲਿਆ । ਮੈਂ ਸਭ ਤੋਂ ਪਹਿਲਾਂ ਜਾਂਦਿਆਂ ਹੀ ਪੁਛਿਆ ਕਿ ਇਹ ਦਸੋ ਕਿ ਰਿਆਸਤਾਂ ਬਾਰੇ ਗੌਰਨਮੈਂਟ ਦੀ ਕੀ ਪੁਜ਼ੀਸ਼ਨ ਹੈ ਕੀ ਹਾਕਮ ਜਿਹਾ ਕਿ ਉਹ ਆਖਦੇ ਹਨ, ਸਚ ਮੁਚ ਹੀ ਇਹ ਚਾਹੁੰਦੇ ਹਨ ਕਿ ਰਿਆਸਤਾਂ ਦਾ ਭੈੜਾ ਪ੍ਰਬੰਧ, ਰਿਸ਼ਵਤ ਅਤੇ ਹਨੇਰ ਗਰਦੀਆਂ ਬੰਦ ਹੋਣ ਕਿ ਜਾਂ ਤੁਹਾਡਾ ਅਸਲ ਭਾਵ ਇਹ ਹੈ ਕਿ ਰਿਆਸਤਾਂ ਦੇ ਜ਼ੁਲਮ ਤੇ ਭੈੜੇ ਪ੍ਰਬੰਧ ਚਾਲੂ ਰਹਿਣ । ਮੇਰੀ ਇਹ ਗਲ ਸੁਣ ਕੇ ਡਿਪਟੀ ਕਮਿਸ਼ਨਰ ਮੁਸਕ੍ਰਾ ਪਿਆ ਅਤੇ ਆਖਿਆ ਕਿ ਸਰਕਾਰ ਸਚ ਮੁਚ ਹੀ ਇਹ ਚਾਹੁੰਦੀ ਹੈ ਕਿ ਰਿਆਸਤਾਂ ਦਾ ਸੁਧਾਰ ਹੋਵੇ । ਡਿਪਟੀ ਕਮਿਸ਼ਨਰ ਦੇ ਅਜਿਹਾ ਕਹਿਣ ਤੇ ਮੈਂ ਆਪਣੀ ਜੇਬ ਵਿਚੋਂ ਨਾਲਾ ਗੜ੍ਹ ਸੰਬੰਧੀ ਟਾਈਪ ਕੀਤੀ ਸੂਚੀ ਕਢੀ ਅਤੇ ਡਿਪਟੀ ਕਮਿਸ਼ਨਰ ਨੂੰ ਦੇ ਕੇ ਆਖਿਆ ਕਿ ਤੁਸੀਂ ਮੇਰੇ ਤੇ ਜਾਂ ਕਿਸੇ ਦੂਜੇ ਤੇ ਭਰੋਸਾ ਨਾ ਕਰੋ । ਕਿਸੇ ਦੂਜੇ ਸੂਬੇ ਤੋਂ ਜਾਂ ਇਸੇ ਸੂਬੇ ਚੋਂ ਕੋਈ ਅਫ਼ਸਰ ਜਿਸ ਨੂੰ ਨਾਲਾ ਗੜ੍ਹ ਵਿਚ ਕੋਈ ਨਾ ਜਾਣਦਾ ਹੋਵੇ ਅਤੇ ਜਿਹੜਾ ਈਮਾਨਦਾਰ ਤੇ ਹੁਸ਼ਿਆਰ ਹੋਵੇ ਨਾਲਾ ਗੜ੍ਹ ਭੇਜੋ ਅਤੇ ਪਤਾ ਕਰੋ ਕਿ ਇਹ ਦੂਸ਼ਨ ਸਾਰੇ ਦੇ ਸਾਰੇ ਸਚੇ ਹਨ ਜਾਂ ਨਹੀਂ । ਜੇਕਰ ਤੁਹਾਡੀ ਤਸੱਲੀ ਹੋ ਜਾਏ ਕਿ ਇਹ ਦੂਸ਼ਨ ਸਚੇ ਹਨ ਤਾਂ ਤੁਹਾਡਾ ਫ਼ਰਜ਼ ਹੈ ਕਿ ਇਸ ਰਿਆਸਤ ਦੇ ਸੁਧਾਰ ਲਈ ਕੋਈ ਉਪਰਾਲਾ ਕਰੋ । ਡਿਪਟੀ ਕਮਿਸ਼ਨਰ ਨੇ ਇਹਨਾਂ ਦੂਸ਼ਨਾਂ ਦੀ ਪੜਤਾਲ ਕਰਨ ਦਾ ਵਾਅਦਾ ਕੀਤਾ ਅਤੇ ਮੈਂ ਵਾਪਸ ਦਿੱਲੀ ਮੁੜ ਆਇਆ ।

ਦਿੱਲੀ ਪਹੁੰਚਿਆਂ ਮੈਨੂੰ ਤਿੰਨ ਸਾਤੇ ਹੋਏ ਸਨ ਕਿ ਉਸ ਡਿਪਟੀ ਕਮਿਸ਼ਨਰ ਦੀ ਤਾਰ ਪਹੁੰਚੀ ਕਿ ਮੈਂ ਅਮਕੀ ਤਾਰੀਖ਼ ਸੋਮਵਾਰ ਦਿਨ ਦੇ ਯਾਰਾਂ ਵਜੇ ਉਹਨਾਂ ਨੂੰ ਮਿਲਾਂ । ਮੈਂ ਸਨੀਚਰ ਦੀ ਰਾਤ ਨੂੰ ਦਿੱਲੀਓਂ ਚਲ ਪਿਆ । ਐਤਵਾਰ ਦੀ ਦੁਪਹਿਰ ਨੂੰ ਸ਼ਿਮਲੇ ਪੁਜਾ, ਉਥੇ ਲਾਲਾ ਠਾਕਰ ਦਾਸ ਦੇ ਪੰਜਾਬ ਹੋਟਲ ਵਿਚ ਠਹਿਰਿਆ । ਉਸੇ ਦਿਨ ਸਵਾਮੀ ਰਾਮਾਨੰਦ ਆਦਿ ਮਿਤ੍ਰਾਂ ਨੂੰ ਮਿਲਿਆ । ਸੋਮਵਾਰ ਨੂੰ ਯਾਰਾਂ ਵਜੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਗਿਆ । ਵਿਜ਼ਿਟਿੰਗ ਕਾਰਡ ਭੇਜਿਆ ਤੇ ਮਿਲਿਆ ਤਾਂ ਡਿਪਟੀ ਕਮਿਸ਼ਨਰ ਨੇ ਦਸਿਆ ਕਿ ਉਹਨਾਂ ਨੇ ਸਰਕਾਰ ਹਿੰਦ ਦੇ ਇਨਟੈਲੀਜੈਂਸ ਵਿਭਾਗ ਨੂੰ ਲਿਖ ਕੇ ਉਥੋਂ ਇਕ ਦਿਆਨਤਦਾਰ ਅਫ਼ਸਰ ਨੂੰ ਬੁਲਾਇਆ ਸੀ । ਉਸ ਨੂੰ ਪੜਤਾਲ ਕਰਨ ਨਈ ਨਾਲਾ ਗੜ੍ਹ ਭੇਜਿਆ ਉਹ ਉਥੇ ਬਿਨਾਂ ਕਿਸੇ ਨੂੰ ਪਤਾ ਦਿਤਿਆਂ ਇਕ ਸਾਤੇ ਦੇ ਕਰੀਬ ਰਿਹਾ ।



Digitized by Panjab Digital Library | www.panjabdigilib.org

ਉਸ ਨੇ ਰੀਪੋਰਟ ਕੀਤੀ ਹੈ ਕਿ ਦੂਸ਼ਨ ਸਾਰੇ ਦੇ ਸਾਰੇ ਹੀ ਸੱਚੇ ਹਨ । ਇਸ ਰੀਪੋਰਟ ਨੂੰ ਗਵਰਨਰ ਪੰਜਾਬ ਕੋਲ ਭੇਜਿਆ ਗਿਆ ਸੀ । ਉਥੋਂ ਹੁਕਮ ਆਇਆ ਹੈ ਕਿ ਉਸ ਵਜ਼ੀਰ ਨੂੰ ਹਟਾ ਕੇ ਉਸ ਪੁਰ ਰਿਸ਼ਵਤ ਅਤੇ ਗ਼ਬਨ ਆਦਿ ਦੇ ਮੁਕੱਦਮੇ ਚਲਾਏ ਜਾਣ । ਸੋ ਸਰਕਾਰ ਉਸਨੂੰ ਨੌਕਰੀਓਂ ਹਟਾ ਕੇ ਉਸ ਤੇ ਮੁਕੱਦਮਾ ਚਲਾਉਣਾ ਚਾਹੁੰਦੀ ਹੈ । ਇਹਨਾਂ ਦੂਸ਼ਨਾਂ ਬਾਰੇ ਪਰਮਾਣ ਦਿਤੇ ਜਾਣ ਜਿਹੜੇ ਕਿ ਮੁਕੱਦਮੇ ਵਿਚ ਬਤੌਰ ਗਵਾਹੀ ਕੰਮ ਆ ਸਕਣ ।

ਡਿਪਟੀ ਕਮਿਸ਼ਨਰ ਦੀ ਇਹ ਗਲ ਸੁਣ ਕੇ ਮੈਂ ਸੰਤੁਸ਼ਟ ਸਾਂ, ਪਰ ਹੈਰਾਨ ਸਾਂ ਕਿ ਕੀ ਕਰਾਂ । ਅਖ਼ਬਾਰ ਦਾ ਰੁਝੇਵਾਂ, ਇਕ ਦਿਨ ਦੀ ਵੀ ਵੇਹਲ ਨਹੀਂ । ਸ਼ਿਮਲੇ ਵੀ ਬਹੁਤ ਮੁਸ਼ਕਲ ਨਾਲ ਆਇਆ ਹਾਂ । ਮੈਂ ਡਿਪਟੀ ਕਮਿਸ਼ਨਰ ਨੂੰ ਪੁਛਿਆ ਕਿ ਕੀ ਤੁਹਾਡਾ ਮਨ ਮੰਨਦਾ ਹੈ ਕਿ ਇਹ ਦੂਸ਼ਨ ਸੱਚੇ ਹਨ । ਡਿਪਟੀ ਕਮਿਸ਼ਨਰ ਨੇ ਦਸਿਆ ਕਿ ਹਾਂ ਦੂਸ਼ਨ ਸੱਚੇ ਹਨ ਅਤੇ ਸਰਕਾਰ ਮੁਕੱਦਮਾ ਚਲਾਉਣ ਲਈ ਪਰਮਾਣ ਚਾਹੁੰਦੀ ਹੈ । ਮੈਂ ਕਿਹਾ ਕਿ ਜੇਕਰ ਤੁਹਾਨੂੰ ਦੂਸ਼ਨਾਂ ਦੇ ਸੱਚਿਆਂ ਹੋਣ ਬਾਰੇ ਯਕੀਨ ਹੈ ਤਾਂ ਮੇਰਾ ਮਤਲਬ ਪੂਰਾ ਹੋ ਜਾਂਦਾ ਹੈ । ਤੁਸੀਂ ਉਸ ਵਜ਼ੀਰ ਦੀ ਨਾਲਾ ਗੜ੍ਹ ਤੋਂ ਬਦਲੀ ਕਰ ਦਿਓ ਤਾਕਿ ਰਾਣੀ ਨਾਲਾ ਗੜ੍ਹ ਅਤੇ ਉਥੋਂ ਦੀ ਜਨਤਾ ਦੇ ਦੁਖੜਿਆਂ ਦੀ ਸਮਾਪਤੀ ਹੋਵੇ । ਡਿਪਟੀ ਕਮਿਸ਼ਨਰ ਨੇ ਵਾਰ ਵਾਰ ਕਿਹਾ ਕਿ ਸਰਕਾਰ ਕੇਵਲ ਉਸ ਨੂੰ ਤਬਦੀਲ ਕਰ ਕੇ ਹੀ ਸੰਤੁਸ਼ਟ ਨਹੀਂ, ਮੁਕੱਦਮਾ ਚਲਾਉਣਾ ਚਾਹੁੰਦੀ ਹੈ ਅਤੇ ਉਸ ਲਈ ਪਰਮਾਣਾਂ ਦੀ ਲੋੜ ਹੈ ਜਿਹੜੇ ਕਿ ਅਦਾਲਤ ਵਿਚ ਪੇਸ਼ ਕੀਤੇ ਜਾ ਸਕਣ । ਮੈਂ ਆਪਣੀ ਬੇਵਸੀ ਦਾ ਪ੍ਰਗਟਾ ਕੀਤਾ ਅਤੇ ਕਿਹਾ ਕਿ ਨਾ ਤੇ ਮੇਰੇ ਕੋਲ ਇਸ ਸਮੇਂ ਕੋਈ ਪਰਮਾਣ ਹਾਜ਼ਰ ਹੈ ਅਤੇ ਨਾ ਸਮਾਂ ਕਿ ਨਾਲਾ ਗੜ੍ਹ ਜਾ ਕੇ ਪਰਮਾਣ ਜਮ੍ਹਾਂ ਕਰਾਂ । ਮੇਰਾ ਜਿਹੜਾ ਫ਼ਰਜ਼ ਸੀ ਮੈਂ ਨਿਭਾ ਦਿਤਾ ਹੈ, ਮੈਂ ਇਸ ਤੋਂ ਵਧੇਰੇ ਹੋਰ ਕੁਝ ਨਹੀਂ ਕਰ ਸਕਦਾ ।

ਇਸ ਮਿਲਣੀ ਦੇ ਇਕ ਸਾਤੇ ਦੇ ਅੰਦਰ ਹੀ ਪਤਾ ਲਗਾ ਕਿ ਉਹ ਵਜ਼ੀਰ, ਜਿਹੜਾ ਸਰਕਾਰ ਦੀ ਨੌਕਰੀ ਵਿਚ ਸੀ ਅਤੇ ਨਾਲਾ ਗੜ੍ਹ ਵਿਚ ਬਤੌਰ ਲੀਨਟ ਅਫ਼ਸਰ ਸੀ, ਦਾ ਰੁਤਬਾ ਘਟਾ ਕੇ ਨਾਲਾ ਗੜ੍ਹ ਤੋਂ ਵਾਪਸ ਅੰਗਰੇਜ਼ੀ ਪ੍ਰਾਂਤ ਵਿਚ ਭੇਜ ਦਿਤਾ ਗਿਆ ਹੈ ਅਤੇ ਨਾਲਾ ਗੜ੍ਹ ਦੀ ਜਨਤਾ ਅਤੇ ਰਾਣੀ ਨੂੰ ਉਸ ਤੋਂ ਛੁਟਕਾਰਾ ਮਿਲ ਗਿਆ ।

ਮੇਰਾ ਤਜਰਬਾ ਹੈ ਕਿ ਜੇਕਰ ਕੋਈ ਅਖ਼ਬਾਰ ਨਵੀਸ ਨਿਜੀ ਲਾਲਚ ਅਤੇ ਭੈ ਤੋਂ ਉਚਿਆਂ ਰਹਿ ਕੇ ਅਨਿਆਂ ਨੂੰ ਦੂਰ ਕਰਨ ਲਈ ਪੈਰ ਚੁਕੇ ਤਾਂ ਸਰਕਾਰ ਦੇ ਨਿਆਂਕਾਰ ਹਾਕਮ ਵੀ ਉਸ ਅਨਿਆਂ ਨੂੰ ਦੂਰ ਕਰਨ ਵਿਚ ਸਹਾਈ ਹੁੰਦੇ ਹਨ ।



Digitized by Panjab Digital Library | www.panjabdigilib.org

ਅੰਗਰੇਜ਼ ਜਾਤੀ ਅੰਗਰੇਜ਼ ਅਤੇ ਭਾਰਤੀ ਵਿਚਕਾਰ ਤਾਂ ਨਿਆਂ ਨਹੀਂ ਕਰਦੀ ਸੀ ਪਰੰਤੂ ਭਾਰਤੀ ਅਤੇ ਭਾਰਤੀ ਵਿਚਕਾਰ ਨਿਆਂ ਅਵੱਸ਼ ਕਰਦੀ ਸੀ, ਪਰ ਸ਼ਰਤ ਇਹ ਕਿ ਭਾਰਤੀ ਹੀ ਜੇਕਰ ਨਿਆਂ ਵਿਚ ਰੋੜਾ ਅਟਕਾਉਣ ਦਾ ਕਾਰਨ ਨਾ ਹੁੰਦੇ।

## ਅਗਰਵਾਲ ਜ਼ਹਿਨੀਅਤ

ਦਿੱਲੀ ਵਿਚ ਜਦ ਰੋਜ਼ਾਨਾ "ਰਈਅਤ" ਚਾਲੂ ਸੀ ਤਾਂ ਦਿਉਬੰਦ ਦੇ ਇਕ ਲਾਲਾ ਉਗਰ ਸੈਨ ਤਸ਼ਰੀਫ਼ ਲਿਆਏ। ਪਹਿਲਾਂ ਉਹਨਾਂ ਦੀ ਬਜ਼ਾਜ਼ੀ ਦੀ ਹੱਟੀ ਸੀ ਅਤੇ ਉਹਨਾਂ ਨੇ ਆਪਣਾ ਕਾਰ ਵਿਹਾਰ ਬੰਦ ਕਰ ਦਿਤਾ ਸੀ। ਉਹਨਾਂ ਨੇ "ਰਈਅਤ" ਵਿਚ ਇਸ਼ਤਿਹਾਰ ਦਿਤਾ ਕਿ ਉਹ ਬੜੇ ਤਜਰਬਾਕਾਰ ਬਿਜ਼ਨਿਸ-ਮੈਨ ਹਨ, ਜੇਕਰ ਕੋਈ ਸੱਜਨ ਰੁਪਿਆ ਲਾਉਣ ਤਾਂ ਉਹ ਉਸ ਦੇ ਬਿਜ਼ਨਿਸ ਵਿਚ ਭਾਈਵਾਲ ਹੋਣਾ ਚਾਹੁੰਦੇ ਹਨ। ਇਸ਼ਤਿਹਾਰ ਦੇ ਹੇਠਾਂ ਕਿਉਂਕਿ ਪਤਾ ਰਾਹੀਂ ਦਫ਼ਤਰ "ਰਈਅਤ" ਸੀ ਇਸ ਲਈ ਉਹ ਆਪਣੀਆਂ ਚਿੱਠੀਆਂ ਲੈਣ ਲਈ ਹਰ ਦਿਨ ਦਫ਼ਤਰ "ਰਈਅਤ" ਵਿਚ ਪਧਾਰਿਆ ਕਰਦੇ। ਜਦ ਕਦੀ ਆਉਂਦੇ, ਸਵੇਰੇ ਆਉਣ, ਦੁਪਹਿਰ ਨੂੰ ਜਾਂ ਸ਼ਾਮ ਨੂੰ ਵੇਂਹਦੇ ਕਿ ਐਡੀਟਰ "ਰਿਆਸਤ" ਕੰਮ ਵਿਚ ਰੁਝਿਆ ਪਿਆ ਹੈ। ਉਹ ਕੁਝ ਚਿਰ ਬਹਿ ਕੇ ਗਲਾਂ ਵੀ ਕਰਦੇ। ਦਸ ਬਾਰਾਂ ਦਿਨ ਆਉਂਦੇ ਰਹੇ ਤਾਂ ਇਕ ਦਿਨ ਉਹਨਾਂ ਕਿਹਾ "ਸਰਦਾਰ ਸਾਹਿਬ ਕੀ ਅਖ਼ਬਾਰ ਵਿਚ ਸਮਾਂ ਅਜਾਈਂ ਗਵਾ ਰਹੇ ਹੋ ਤੁਸੀਂ ? ਏਨੇ ਮਿਹਨਤੀ ਹੋ, ਜੇਕਰ ਤੁਸੀਂ ਮੇਰੇ ਨਾਲ ਬੰਬਈ ਚਲੋ ਤਾਂ ਉਥੇ ਵਪਾਰ ਕੀਤਾ ਜਾਏ। ਮੈਨੂੰ ਬੜਾ ਤਜਰਬਾ ਹੈ। ਮੇਰੇ ਕੋਲ ਵਪਾਰ ਲਈ ਰੁਪਿਆ ਵੀ ਬਥੇਰਾ ਹੈ ਤੁਸੀਂ ਨਾਲ ਮਿਲ ਜਾਓ ਤਾਂ ਅਸੀਂ ਬੰਬਈ ਵਿਚ ਲੱਖਾਂ ਰੁਪਏ ਕਮਾਵਾਂਗੇ।"

ਲਾਲਾ ਜੀ ਦੇ ਇਸ ਖ਼ਿਆਲ ਦੀ ਮੈਂ ਕੋਈ ਪਰਵਾਹ ਨਾ ਕੀਤੀ ਕਿਉਂਕਿ ਜੇਕਰ ਰੁਪਿਆ ਹੀ ਕਮਾਉਣ ਦਾ ਪ੍ਰਸ਼ਨ ਸਾਹਮਣੇ ਹੁੰਦਾ ਤਾਂ ਮੈਂ ਤਿੰਨ ਚਾਰ ਸੌ ਰੁਪਿਆ ਮਾਸਕ ਦੀ ਮੈਡੀਕਲ ਪ੍ਰੈਕਟਿਸ ਛਡ ਕੇ ਪਤਰਕਾਰੀ ਕਿਉਂ ਅਪਣਾਉਂਦਾ। ਲਾਲਾ ਜੀ ਇਸ ਪਿਛੋਂ ਵੀ ਕਦੀ ਕਦੀ ਮਿਲਦੇ ਰਹੇ ਕਿਉਂਕਿ ਬੇਕਾਰ ਸਨ। ਸਮਾਂ ਠੇਲ੍ਹਣ ਲਈ ਉਹਨਾਂ ਨੂੰ ਕਿਸੇ ਗਲਾਂ ਕਰਨ ਵਾਲੇ ਦੀ ਲੋੜ ਸੀ ਅਤੇ ਮੈਂ ਵੀ ਵਧੇਰੇ ਮਿਹਨਤ ਦੇ ਕਾਰਨ ਥੱਕ ਜਾਂਦਾ ਤਾਂ ਲਾਲਾ ਜੀ ਨਾਲ ਗੱਪਾਂ ਮਾਰਨ ਵਿਚ ਕੁਝ ਮਿੰਟ ਜਾਂ ਅਧਾ ਘੰਟਾ ਲੰਘਾਉਣਾ ਇਕ ਜੀ-



Digitized by Panjab Digital Library | www.panjabdigilib.org

ਪਰਚਾਵਾ ਸਮਝਦਾ। ਕੁਝ ਦਿਨਾਂ ਪਿਛੋਂ ਖਵਾਜਾ ਹਸਨ ਨਜ਼ਾਮੀ ਨੇ ਕਿਹਾ ਕਿ ਉਹ "ਰਈਅਤ" ਲਈ ਵਧੇਰੇ ਘਾਟਾ ਨਹੀਂ ਸਹਿ ਸਕਦੇ ਇਸ ਲਈ ਅਖ਼ਬਾਰ ਬੰਦ ਕਰ ਦਿਤੀ ਜਾਏ — ਇਸ ਅਖ਼ਬਾਰ ਦੀ ਪੁਜ਼ੀਸ਼ਨ ਇਹ ਸੀ ਕਿ ਢਾਈ ਸੌ ਰੁਪਿਆ ਤਾਂ ਮੈਂ ਦਿਤਾ ਸੀ। ਬਾਕੀ ਰੁਪਿਆ ਖਵਾਜਾ ਸਾਹਿਬ ਨੇ ਅਤੇ ਫ਼ੈਸਲਾ ਇਹ ਸੀ ਕਿ ਇਕ ਪੂਰਾ ਸਫ਼ਾ ਤਾਂ ਖਵਾਜਾ ਸਾਹਿਬ ਦੀਆਂ ਕਿਤਾਬਾਂ ਦਾ ਇਸ਼ਤਿਹਾਰ ਬਿਨਾਂ ਭਾੜੇ ਦੇ ਛਪੇ ਅਤੇ ਐਡੀਟਰ "ਰਿਆਸਤ" ਆਪਣੇ ਖ਼ਰਚ ਲਈ ਇਕ ਰੁਪਿਆ ਰੋਜ਼ ਦਾ ਲਵੇ। ਇਸ ਪਿਛੋਂ ਜੇਕਰ ਘਾਟਾ ਪਵੇ ਤਾਂ ਖਵਾਜਾ ਸਾਹਿਬ ਪੂਰਾ ਕਰਨ ਤੇ ਜੇਕਰ ਨਫ਼ਾ ਹੋਵੇ ਤਾਂ ਦੋਵੇਂ ਅਧੋ ਅਧ ਦੇ ਮਾਲਕ — ਖਵਾਜਾ ਸਾਹਿਬ ਇਸ ਸਮੇਂ ਤਕ ਛੇ ਸੌ ਰੁਪਿਆ ਘਾਟੇ ਦਾ ਦੇ ਚੁਕੇ ਸਨ। ਫ਼ੈਸਲਾ ਇਹ ਹੋਇਆ ਕਿ ਅਖ਼ਬਾਰ ਬੰਦ ਨਾ ਕੀਤਾ ਜਾਵੇ ਸਗੋਂ ਕਿਸੇ ਦੂਜੇ ਨੂੰ ਦੇ ਦਿਤਾ ਜਾਵੇ ਤਾਕਿ ਐਡੀਟਰ "ਰਿਆਸਤ" ਇਸ ਵਿਚ ਕੰਮ ਵੀ ਕਰਦਾ ਰਹੇ ਅਤੇ ਅਖ਼ਬਾਰ ਵੀ ਜੀਊਂਦਾ ਰਹੇ। "ਰਈਅਤ" ਪਹਿਲਾਂ ਸ਼ਾਮ ਲਾਲ ਕਪੂਰ ਐਡੀਟਰ "ਗੁਰੂ ਘੰਟਾਲ" ਨੇ ਲਿਆ। ਉਹ ਸ਼ਾਇਦ ਇਕ ਸਪਤਾਹ ਵੀ ਨਾ ਤੋਰ ਸਕੇ। ਫੇਰ ਵਾਹਦੀ ਸਾਹਿਬ ਨੇ ਲਿਆ ਅਤੇ ਫੇਰ ਭਈਆ ਅਹਿਸਾਨ-ਉਲ-ਹੱਕ ਸਾਹਿਬ ਨੇ ਅਤੇ ਆਖਰ ਇਸ ਨੂੰ ਬੰਦ ਕਰ ਦਿਤਾ ਗਿਆ। "ਰਈਅਤ" ਦੇ ਬੰਦ ਹੋਣ ਤੇ ਫੇਰ ਪ੍ਰਸ਼ਨ ਉਤਪਨ ਹੋਇਆ ਕਿ ਮੇਰਾ ਭਵਿੱਖ ਕੀ ਹੋਵੇ। ਲਾਲਾ ਉਗਰ ਸੇਨ ਮਿਲਿਆ ਕਰਦੇ ਸਨ। ਉਹਨਾਂ ਨਾਲ ਨਿਸਚੇ ਹੋਇਆ ਕਿ ਦੋਵੇਂ ਵਪਾਰ ਲਈ ਬੰਬਈ ਚਲੀਏ। ਮੇਰੇ ਕੋਲ ਕਿਉਂਕਿ ਪੂੰਜੀ ਕੋਈ ਨਹੀਂ ਸੀ ਤੇ ਨਾ ਹੀ ਮੈਂ ਬੰਬਈ ਦੇ ਵਪਾਰ ਤੋਂ ਜਾਣੂ ਸਾਂ। ਮੈਂ ਕਿਹਾ ਅਤੇ ਲਾਲਾ ਉਗਰ ਸੇਨ ਇਸ ਨਾਲ ਸਹਿਮਤ ਹੋ ਗਏ ਕਿ ਮੇਰਾ ਭਾਗ ਨਾ ਹੋਵੇ। ਡੇਢ ਸੌ ਰੁਪਿਆ ਤਨਖ਼ਾਹ ਲਵਾਂ ਅਤੇ ਉਹਨਾਂ ਨਾਲ ਬੰਬਈ ਚਲਾਂ। ਅਸੀਂ ਬੰਬਈ ਚਲੇ ਗਏ। ਉਥੇ ਮਰਚੀ ਸਟਰੀਟ ਵਿਚ ਇਕ ਕਮਰਾ ਦਫ਼ਤਰ ਲਈ ਕਿਰਾਏ ਤੇ ਲੈ ਲਿਆ। ਲਾਲਾ ਉਗਰ ਸੇਨ ਬੜੇ ਹੁਸ਼ਿਆਰ ਬੰਦੇ ਸਨ। ਕੁਝ ਥੋੜ੍ਹਾ ਜਿਹਾ ਫ਼ਰਨੀਚਰ, ਇਕ ਵਡਾ ਸਾਰਾ ਗੱਦਾ, ਵਡੇ ਵਡੇ ਤਕੀਏ, ਗੱਦੇ ਲਈ ਚਿੱਟੀਆਂ ਦੁਧ ਚਾਦਰਾਂ, ਵਹੀ ਖਾਤੇ ਦੀਆਂ ਕਿਤਾਬਾਂ ਅਤੇ ਲੋਹੇ ਦੀ ਇਕ ਅਲਮਾਰੀ ਭਾਵ ਆਇਰਨ ਸੇਫ਼ ਇਤ ਆਦਿ ਸਾਮਾਨ ਖ਼ਰੀਦਿਆ ਗਿਆ ਤਾਕਿ ਅਸੀਂ ਸੇਠ ਜਚ ਸਕੀਏ। ਦੁਕਾਨ ਦਾ ਨਾਂ ਸੇਠ ਉਗਰ ਸੇਨ ਐਂਡ ਕੰਪਨੀ ਰਖਿਆ ਗਿਆ। ਇਸ ਨਾਂ ਦੇ ਫ਼ਾਰਮ ਛਪਵਾਏ ਅਤੇ ਟੈਲੀਗ੍ਰਾਫ਼ਿਕ ਐਡਰੈੱਸ ਵੀ ਡਾਕਖ਼ਾਨੇ ਵਿਚ ਰਜਿਸਟ੍ਰਡ ਕਰਾਇਆ ਗਿਆ।

ਦੁਕਾਨ ਦਾ ਸਾਮਾਨ ਆਦਿ ਠੀਕ ਹੋਣ ਪਿਛੋਂ ਅਸਾਂ ਲਾਹੌਰ ਤੋਂ ਉਰਦੂ



Digitized by Panjab Digital Library | www.panjabdigilib.org

ਦੀ ਇਕ ਵਪਾਰਕ ਡਾਇਰੈਕਟਰੀ ਮੰਗਵਾਈ ਜਿਸ ਵਿਚ ਪੰਜਾਬ ਦੀਆਂ ਸਾਰੀਆਂ ਮੰਡੀਆਂ ਚੋ ਆੜ੍ਹਤੀਆਂ ਅਤੇ ਦੁਕਾਨਦਾਰਾਂ ਦੇ ਨਾਂ ਅਤੇ ਪਤੇ ਦਰਜ ਸਨ। ਇਹਨਾਂ ਪਤਿਆਂ ਤੇ ਮੈਂ ਚਿਠੀਆਂ ਲਿਖੀਆਂ ਅਤੇ ਫ਼ਿਰਤੂ ਚਿੱਠੀਆਂ ਭੇਜਣੀਆਂ ਸ਼ੁਰੂ ਕੀਤੀਆਂ ਕਿ ਇਹ ਦੁਕਾਨ ਬੜੀ ਭਰੋਸੇ ਯੋਗ ਹੈ ਜੇਕਰ ਕੋਈ ਸੱਜਨ ਬੰਬਈ ਤੋਂ ਕੁਝ ਮੰਗਵਾਉਣਾ ਚਾਹੁਣ ਤਾਂ ਅਸੀਂ ਬੜੀ ਘਟ ਆੜ੍ਹਤ ਤੇ ਏਥੋਂ ਸਾਮਾਨ ਭੇਜਦੇ ਹਾਂ। ਮੇਰਾ ਖ਼ਿਆਲ ਹੈ ਕਿ ਇਕ ਹਜ਼ਾਰ ਦੇ ਕਰੀਬ ਫ਼ਿਰਤੂ ਚਿੱਠੀਆਂ ਭੇਜੀਆਂ ਗਈਆਂ ਸਨ ਕਿ ਆਰਡਰ ਆਉਣੇ ਸ਼ੁਰੂ ਹੋ ਗਏ। ਕੋਈ ਆਦਮੀ ਮਿਸਰ ਦੀਆਂ ਖਜੂਰਾਂ ਮੰਗਵਾ ਰਿਹਾ ਹੈ, ਕੋਈ ਬਜ਼ਾਜ਼ੀ ਅਤੇ ਕੋਈ ਕੁਝ ਹੋਰ ਅਤੇ ਕੋਈ ਆਪਣਾ ਅਨਾਜ ਅਤੇ ਦੂਜਾ ਸਾਮਾਨ ਬੰਬਈ ਵਿਚ ਵੇਚਣਾ ਚਾਹੁੰਦਾ ਹੈ। ਮੈਂ ਕੰਮ ਤਾਂ ਬੜੀ ਮਿਹਨਤ ਨਾਲ ਕਰਦਾ ਰਿਹਾ, ਪਰ ਮੈਂ ਅਨੁਭਵ ਕਰਦਾ ਸਾਂ ਕਿ ਮੈਨੂੰ ਇਸ ਕੰਮ ਵਿਚ ਕੋਈ ਦਿਲਚਸਪੀ ਨਹੀਂ ਹੈ।

ਪੰਜਾਬ ਤੋਂ ਇਕ ਆਦਮੀ ਨੇ ਖ਼ਤ ਲਿਖਿਆ ਕਿ ਉਹ ਬੰਬਈ ਤੋਂ ਹਰਾ ਅਤੇ ਲਾਲ ਕੇਲਾ ਮੰਗਵਾਉਣਾ ਚਾਹੁੰਦਾ ਹੈ। ਇਸ ਖ਼ਤ ਨੂੰ ਵੇਖ ਕੇ ਸਾਨੂੰ ਫੁਰਨਾ ਫੁਰਿਆ ਕਿ ਬੰਬਈ ਦਾ ਕੇਲਾ ਸਾਰੇ ਭਾਰਤ ਵਿਚ ਜਾਂਦਾ ਹੈ ਅਸੀਂ ਵੀ ਇਸ ਵਪਾਰ ਨੂੰ ਕਿਉਂ ਨਾ ਚਾਲੂ ਕਰ ਦੇਈਏ। ਇਸ ਪਰਕਾਰ ਸਲਾਹ ਕਰਨ ਪਿਛੋਂ ਮੈਂ ਇਸ ਵਪਾਰ ਲਈ ਬਸੀਨ ਗਿਆ ਜਿਥੇ ਕਿ ਇਹ ਕੇਲਾ ਉਗਦਾ ਹੈ ਅਤੇ ਇਸ ਦੀ ਮੰਡੀ ਹੈ। ਉਥੇ ਪਤਾ ਲਗਾ ਕਿ ਬਸੀਨ ਵਿਚ ਕੇਵਲ ਦੋ ਪੰਜਾਬੀ ਪਰਵਾਰ ਹਨ ਜਿਨ੍ਹਾਂ ਦੇ ਹਥਾਂ ਵਿਚ ਇਹ ਸਾਰਾ ਵਪਾਰ ਹੈ ਅਤੇ ਇਹੀ ਬੰਦੇ ਸਾਰੇ ਭਾਰਤ ਵਿਚ ਕੇਲਾ ਸਪਲਾਈ ਕਰਦੇ ਹਨ। ਇਹ ਹਾਲਤ ਵੇਖ ਕੇ ਮੇਰੀਆਂ ਅੱਖਾਂ ਉੱਘੜ ਆਈਆਂ ਕਿ ਕੇਵਲ ਦੋ ਦੁਕਾਨਾਂ ਅਤੇ ਏਨਾ ਵਡਾ ਵਪਾਰ। ਅਸੀਂ ਏਥੇ ਦੁਕਾਨ ਖੋਹਲ ਕੇ ਲੱਖਾਂ ਰੁਪਏ ਕਮਾ ਸਕਾਂਗੇ। ਵਧੇਰੇ ਗਿਆਨ ਲਈ ਮੈਂ ਉਹਨਾਂ ਪੰਜਾਬੀਆਂ ਦੀ ਦੁਕਾਨ ਤੇ ਗਿਆ। ਪੰਜਾਬ ਅੰਦਰ ਇਕ ਪੰਜਾਬੀ ਭਾਵੇਂ ਦੂਜੇ ਪੰਜਾਬੀ ਦਾ ਵੈਰੀ ਹੋਵੇ, ਪਰ ਪਰਦੇਸ ਵਿਚ ਪੰਜਾਬੀ, ਪੰਜਾਬੀ ਦੀ ਬੜੀ ਖ਼ਾਤਰ ਤਵਾਜ਼ਾ ਕਰਦੇ ਹਨ। ਇਹ ਵੀ ਬੜੀ ਚਾਹ ਤੇ ਪਿਆਰ ਨਾਲ ਮਿਲੇ। ਮੈਨੂੰ ਆਪਣੇ ਘਰ ਲੈ ਗਏ। ਰੋਟੀ ਖਵਾਈ ਅਤੇ ਮੈਂ ਰਾਤ ਨੂੰ ਉਹਨਾਂ ਦੇ ਘਰ ਹੀ ਰਿਹਾ। ਉਹਨਾਂ ਨੂੰ ਕੁਝ ਪਤਾ ਨਹੀਂ ਕਿ ਮੈਂ ਬਸੀਨ ਕਿਸ ਮਤਲਬ ਲਈ ਆਇਆ ਹਾਂ। ਉਹਨਾਂ ਦਾ ਵਿਚਾਰ ਸੀ ਕਿ ਮੈਂ ਸ਼ਾਇਦ ਬੰਬਈ ਸੈਰ ਸਪਾਟੇ ਲਈ ਆਇਆ ਬਸੀਨ ਵੀ ਤੁਰ ਆਇਆ ਹਾਂ। ਰਾਤ ਨੂੰ ਜਦ ਅਸੀਂ ਰੋਟੀ ਟੁਕ ਖਾ ਚੁਕੇ ਅਤੇ ਗਲਾਂ ਬਾਤਾਂ ਸ਼ੁਰੂ ਹੋਈਆਂ



Digitized by Panjab Digital Library | www.panjabdigilib.org

ਤਾਂ ਪੁਛਿਆ ਕਿ ਇਸ ਦਾ ਕੀ ਕਾਰਨ ਹੈ ਕਿ ਏਥੇ ਏਨੀ ਵਡੀ ਮੰਡੀ ਵਿਚ ਕੇਵਲ ਤੁਹਾਡੇ ਘਰਾਣੇ ਦੀਆਂ ਦੋ ਦੁਕਾਨਾਂ ਹਨ ਅਤੇ ਦੂਜੇ ਆਦਮੀ ਵਪਾਰ ਨਹੀਂ ਕਰਦੇ। ਮੇਰੇ ਇਸ ਪ੍ਰਸ਼ਨ ਨੂੰ ਸੁਣ ਕੇ ਸਰਦਾਰ ਹੋਰਾਂ ਬੜੇ ਮਾਣ ਨਾਲ ਉੱਤਰ ਦਿਤਾ ਕਿ ਪਿਛਲੇ ਪੰਦਰਾਂ ਵੀਹਾਂ ਵਰ੍ਹਿਆਂ ਵਿਚ ਸੈਆਂ ਬੰਦਿਆਂ ਨੇ ਏਥੇ ਆ ਕੇ ਕੇਲੇ ਦਾ ਵਪਾਰ ਕਰਨਾ ਚਾਹਿਆ, ਪਰ ਸਭ ਦੀਵਾਲਾ ਕਢਾ ਕੇ ਤੁਰ ਗਏ। ਇਸ ਦਾ ਕਾਰਨ ਇਹ ਹੈ ਕਿ ਜਦ ਕੋਈ ਨਵੀਂ ਦੁਕਾਨ ਖੁਲ੍ਹਦੀ ਹੈ ਤਾਂ ਅਸੀਂ ਝਟ ਮਾਰਕੀਟ ਨੂੰ ਚੜ੍ਹਾ ਦਿੰਦੇ ਹਾਂ ਭਾਵ ਵਧੇਰੇ ਮੁਲ ਤੇ ਕੇਲਾ ਲੈ ਕੇ ਦਸੌਰ ਨੂੰ ਘਟ ਮੁਲ ਤੇ ਭੇਜਣਾ ਸ਼ੁਰੂ ਕਰ ਦਿੰਦੇ ਹਾਂ ਅਤੇ ਪੰਦਰਾਂ ਵੀਹ ਜਾਂ ਪੰਜਾਹ ਹਜ਼ਾਰ ਰੁਪਿਆ ਘਾਟਾ ਸਹਿ ਲੈਂਦੇ ਹਾਂ। ਨਵੇਂ ਵਪਾਰੀ ਨੂੰ ਵੀ ਮਜਬੂਰ ਹੋ ਕੇ ਸਾਡਾ ਮੁਕਾਬਲਾ ਕਰਨ ਲਈ ਵਧੇਰੇ ਮੁਲ ਤੇ ਮਾਲ ਖ਼ਰੀਦ ਕੇ ਸਸਤੇ ਭਾਅ ਤੇ ਬਾਹਰ ਭੇਜਣਾ ਪੈਂਦਾ ਹੈ। ਸਾਡੇ ਲਈ ਤਾਂ ਘਾਟਾ ਕੋਈ ਮੁਸ਼ਕਲ ਨਹੀਂ। ਸਾਡੇ ਕੋਲ ਕਈ ਲੱਖ ਰੁਪਿਆ ਕਮਾਇਆ ਹੋਇਆ ਪਿਆ ਹੈ। ਉਸ ਵਿਚੋਂ ਦਸ, ਵੀਹ, ਜਾਂ ਪੰਜਾਹ ਹਜ਼ਾਰ ਰੁਪਿਆ ਘਾਟਾ ਸਹਿਣਾ ਪਏ ਤਾਂ ਕੋਈ ਪ੍ਰਵਾਹ ਨਹੀਂ, ਨਵਾਂ ਵਪਾਰੀ ਦੋ, ਚਾਰ ਮਹੀਨਿਆਂ ਵਿਚ ਆਪਣਾ ਦਸ ਵੀਹ ਹਜ਼ਾਰ ਰੁਪਿਆ ਖੇਹ 'ਚ ਰਲਾ ਕੇ ਮੈਦਾਨੋਂ ਨਸ ਤੁਰਦਾ ਹੈ ਅਤੇ ਇਸ ਤਰ੍ਹਾਂ ਉਸ ਦੇ ਮੈਦਾਨ ਚੋਂ ਨਿਕਲਦਿਆਂ ਹੀ ਅਸੀਂ ਫੇਰ ਮਾਲ ਸਸਤੇ ਭਾਅ ਤੇ ਖ਼ਰੀਦ ਕੇ ਮਹਿੰਗਾ ਵੇਚਦੇ ਹਾਂ ਅਤੇ ਦੋਂਹ ਤਿੰਨਾਂ ਮਹੀਨਿਆਂ ਵਿਚ ਹੀ ਘਾਟਾ ਪੂਰਾ ਕਰ ਲੈਂਦੇ ਹਾਂ। ਇਹਨਾਂ ਗੱਲਾਂ ਨੂੰ ਸੁਣਨ ਪਿਛੋਂ ਮੈਂ ਇਸ ਸਿੱਟੇ ਤੇ ਪੁਜਾ ਕਿ ਏਥੋਂ ਦਾ ਵਪਾਰ ਕਰਨਾ ਖ਼ਤਰਿਓਂ ਖ਼ਾਲੀ ਨਹੀਂ। ਮੈਂ ਵਾਪਸ ਬੰਬਈ ਪਹੁੰਚਾ। ਲਾਲਾ ਉਗਰ ਸੇਨ ਨੂੰ ਸਮਾਂਚਾਰ ਦਸੇ। ਲਾਲਾ ਉਗਰ ਸੇਨ ਇਸ ਕੰਮ ਵਿਚ ਦਸ ਬਾਰਾਂ ਹਜ਼ਾਰ ਰੁਪਿਆ ਤਾਂ ਲਾਉਣ ਨੂੰ ਤਿਆਰ ਸੀ, ਪਰ ਘਾਟੇ ਲਈ ਇਸ ਤੋਂ ਵਧੇਰੇ ਰੁਪਿਆ ਲਾਉਣਾ ਅਸੰਭਵ ਸੀ। ਅਖ਼ੀਰ ਸਾਡੀ ਇਹ ਸਕੀਮ ਚਾਲੂ ਨਾ ਹੋ ਸਕੀ ਅਤੇ ਅਸਾਂ ਕੇਲੇ ਦੇ ਵਪਾਰ ਦਾ ਵਿਚਾਰ ਦਿਲੋਂ ਕਢ ਦਿਤਾ।

ਮੈਂ ਲਾਲਾ ਉਗਰ ਸੇਨ ਕੋਲ ਚਾਰ ਮਹੀਨਿਆਂ ਦੇ ਲਗ ਪਗ ਰਿਹਾ। ਕੰਮ ਵਹਿ ਤੁਰਿਆ। ਮੇਰੀ ਰਿਹਾਇਸ਼ ਧੋਬੀਆਂ ਦੇ ਤਲਾਅ ਦੇ ਕੋਲ ਸਿੰਧੀਆਂ ਦੇ ਇਕ ਹੋਟਲ ਵਿਚ ਸੀ ਜਿਥੇ ਮੈਂ ਪਝੱਤਰ ਰੁਪਏ ਮਹੀਨਾ ਰੋਟੀ ਤੇ ਰਿਹਾਇਸ਼ ਲਈ ਦਿੰਦਾ ਸਾਂ।

ਚਾਰ ਮਹੀਨੇ ਲੰਘ ਗਏ, ਪਰ ਕੰਮ ਵਿਚ ਮੇਰਾ ਜੀ ਨਹੀਂ ਸੀ ਲਗਦਾ। ਇਸ ਤੋਂ ਇਲਾਵਾ ਮੈਂ ਅਨੁਭਵ ਕੀਤਾ ਕਿ ਲਾਲਾ ਉਗਰ ਸੇਨ ਮੇਰਾ ਡੇਢ ਸੌ



Digitized by Panjab Digital Library | www.panjabdigilib.org

ਰੁਪਿਆ ਮਹੀਨਾ ਕੁਝ ਭਾਰ ਸਮਝਦੇ ਹਨ। ਮਹਾਰਾਜਾ ਨਾਭਾ ਨਾਲ ਇਸ ਤੋਂ ਪਹਿਲਾਂ ਸਰਦਾਰ ਸਰਦੂਲ ਸਿੰਘ ਕਵੀਸ਼ਰ ਰਾਹੀਂ ਜਾਣ ਪਛਾਣ ਹੋ ਚੁਕੀ ਸੀ। ਮੈਂ ਮਹਾਰਾਜੇ ਨੂੰ ਚਿਠੀ ਲਿਖੀ ਕੀ "ਰਈਅਤ" ਬੰਦ ਹੋਣ ਪਿਛੋਂ ਬੰਬਈ ਆ ਗਿਆ ਹਾਂ ਅਤੇ ਏਥੇ ਨੌਕਰ ਹਾਂ, ਪਰ ਮੈਂ ਏਥੇ ਰਹਿਣਾ ਨਹੀਂ ਚਾਹੁੰਦਾ। ਜੇਕਰ ਤੁਸੀਂ ਨੌਕਰੀ ਦਿਤੀ ਤਾਂ ਮੈਂ ਤੁਹਾਡੇ ਕੋਲ ਨਾਭੇ ਆਉਣ ਲਈ ਤਿਆਰ ਹਾਂ। ਮੈਂ ਇਸ ਚਿਠੀ ਤੇ ਆਪਣਾ ਪਤਾ ਰਾਹੀਂ ਪੋਸਟ ਮਾਸਟਰ ਬੰਬਈ ਲਿਖਿਆ ਕਿਉਂਕਿ ਆਪਣੀਆਂ ਸਾਰੀਆਂ ਚਿਠੀਆਂ ਏਸੇ ਪਤੇ ਤੇ ਮੰਗਵਾਇਆ ਕਰਦਾ ਸਾਂ। ਦਸਾਂ ਬਾਰਾਂ ਦਿਨਾਂ ਪਿਛੋਂ ਮਹਾਰਾਜੇ ਦਾ ਉੱਤਰ ਆਇਆ ਕਿ ਮੈਂ ਉਹਨਾਂ ਕੋਲ ਡੇਹਰਾਦੂਨ ਪਹੁੰਚ ਜਾਵਾਂ। ਇਹ ਖ਼ਤ ਸਰਦਾਰ ਗੁਰਦਿਆਲ ਸਿੰਘ ਨਿੱਜੀ ਸਕੱਤ੍ਰ ਦੇ ਹਥਾਂ ਦਾ ਸ਼ਿਮਲੇ ਤੋਂ ਲਿਖਿਆ ਹੋਇਆ ਸੀ ਕਿਉਂਕਿ ਮਹਾਰਾਜਾ ਉਸ ਵੇਲੇ ਸ਼ਿਮਲੇ ਵਿਚ ਸਨ।

ਇਸ ਖ਼ਤ ਨੂੰ ਵੇਖ ਕੇ ਮੈਨੂੰ ਹਦੋਂ ਪਰੇ ਚਾਅ ਚੜ੍ਹ ਗਿਆ, ਪਰ ਪ੍ਰਸ਼ਨ ਉਠਿਆ ਕਿ ਮੈਂ ਬੰਬਈ ਤੋਂ ਜਾਵਾਂ ਤਾਂ ਕਿਵੇਂ। ਹਿਸਾਬ ਕੀਤਾ ਤਾਂ ਲਾਲਾ ਉਗਰ ਸੇਨ ਵਲ ਮੇਰਾ ਡੇਢ ਸੌ ਤੋਂ ਵਧੇਰੇ ਨਿਕਲਦਾ ਸੀ। ਜੇਕਰ ਲਾਲਾ ਉਗਰ ਸੇਨ ਮੈਨੂੰ ਇਹ ਰੁਪਿਆ ਦੇ ਦਿੰਦੇ ਅਤੇ ਖ਼ੁਸ਼ੀ ਖ਼ੁਸ਼ੀ ਮੇਰਾ ਅਸਤੀਫ਼ਾ ਪਰਵਾਨ ਕਰਦੇ ਤਾਂ ਬੜਾ ਚੰਗਾ ਸੀ, ਪਰ ਲਾਲਾ ਜੀ ਤਾਂ ਬਾਣੀਏ ਸਨ। ਮੈਂ ਉਹਨਾਂ ਦੇ ਅਸਲੇ ਤੋਂ ਬੜੀ ਚੰਗੀ ਤਰ੍ਹਾਂ ਜਾਣੂ ਹੋ ਚੁਕਾ ਸਾਂ ਕਿ ਮੁਫ਼ਤ ਵਿਚ ਤਾਂ ਉਹ ਨਰਕਾਂ ਨੂੰ ਜਾਣ ਲਈ ਵੀ ਤਿਆਰ ਹੋ ਸਕਦੇ ਹਨ, ਪਰ ਪੈਸਾ ਖਰਚ ਕੇ ਸਵਰਗ ਦੀ ਵੀ ਪਰਵਾਹ ਨਾ ਕਰਨ ਵਾਲਿਆਂ 'ਚੋਂ ਹਨ। ਮੈਂ ਸੋਚਿਆ ਕਿ ਜੇਕਰ ਮੈਂ ਠੀਕ ਠੀਕ ਗਲ ਲਾਲਾ ਜੀ ਨੂੰ ਦਸੀ ਤਾਂ ਮੇਰਾ ਬਕਾਇਆ ਡੇਢ ਸੌ ਰੁਪਿਆ ਗਠੇ ਮਾਰ ਲੈਣਗੇ। ਨਾਭੇ ਜਾਣ ਲਈ ਮੇਰੇ ਕੋਲ ਇਕ ਪੈਸਾ ਵੀ ਨਹੀਂ, ਕਰਾਂ ਤਾਂ ਕੀ ਕਰਾਂ। ਸੋਚਦਾ ਰਿਹਾ ਆਖ਼ਰ ਲਾਲਾ ਜੀ ਨੂੰ ਕਿਹਾ ਕਿ ਜੇਕਰ ਸਾਡੇ 'ਚੋਂ ਇਕ ਜਣਾ ਪੰਜਾਬ ਜਾ ਕੇ ਮੰਡੀਆਂ ਦਾ ਚਕਰ ਲਾਵੇ ਅਤੇ ਉਥੇ ਆਪ ਦੁਕਾਨ-ਦਾਰਾਂ ਨੂੰ ਮਿਲੇ ਤਾਂ ਬੰਬਈ ਤੋਂ ਮਾਲ ਮੰਗਵਾਉਣ ਵਾਲੇ ਬਥੇਰੇ ਗਾਹਕ ਬਣਾਏ ਜਾ ਸਕਦੇ ਹਨ। ਇਸ ਪਰਕਾਰ ਇਸ ਢੰਗ ਨਾਲ ਮੈਂ ਲਾਲਾ ਜੀ ਤੋਂ ਆਪਣਾ ਡੇਢ ਸੌ ਰੁਪਿਆ ਖ਼ਰਚੇ ਦੇ ਨਾਂ ਤੇ ਲਿਆ ਅਤੇ ਪੰਜਾਬ ਜਾਣ ਦੀ ਆਗਿਆ ਪ੍ਰਾਪਤ ਕੀਤੀ। ਲਾਲਾ ਸਾਹਿਬ ਬੜੇ ਚਲਦੇ ਪੁਰਜ਼ੇ ਸਨ ਉਹਨਾਂ ਨੇ ਮੈਥੋਂ ਇਕ ਲਿਖਤ ਲੈ ਲਈ ਕਿ ਇਹ ਡੇਢ ਸੌ ਰੁਪਿਆ ਅਮਾਨਤ ਦੇ ਤੌਰ ਤੇ ਹੋਵੇਗਾ। ਮੈਂ ਹਰ ਦਿਨ ਆਪਣੇ ਕੰਮ ਦੀ ਰੀਪੋਰਟ ਭੇਜਾਂਗਾ। ਜੇਕਰ ਮੈਂ ਵਾਪਸ ਨਾ ਆਇਆ ਤਾਂ ਇਸ ਡੇਢ ਸੌ ਰੁਪਏ ਨੂੰ ਬਾਕੀ ਬਚਦੀ ਤਨਖ਼ਾਹ 'ਚੋਂ ਨਹੀਂ



Digitized by Panjab Digital Library | www.panjabdigilib.org

ਸਗੋਂ ਅਮਾਨਤ ਵਿਚ ਖਿਆਨਤ ਸਮਝਿਆ ਜਾਏਗਾ ਤਾਕਿ ਫ਼ੌਜਦਾਰੀ ਮੁਕੱਦਮਾ ਬਣਾਇਆ ਜਾ ਸਕੇ। ਮੈਂ ਹਰ ਗਲ ਤੇ ਨਾਭੇ ਜਾਣ ਅਤੇ ਆਪਣੀ ਕਿਸਮਤ ਪਰਖਣ ਲਈ ਤਿਆਰ ਸਾਂ। ਡੇਢ ਸੌ ਰੁਪਿਆ ਲੈ ਕੇ ਫ਼ਰੰਟੀਅਰ ਮੇਲ ਵਿਚ ਸਵਾਰ ਹੋਇਆ। ਉਹਨਾਂ ਦਿਨਾਂ ਵਿਚ ਫ਼ਰੰਟੀਅਰ ਮੇਲ ਬਠਿੰਡੇ ਰਾਹੀਂ ਲਾਹੌਰ ਜਾਂਦੀ ਸੀ। ਬੰਬਈ ਤੋਂ ਚੜ੍ਹ ਕੇ ਬਠਿੰਡੇ ਪੁਜਾ। ਉਥੇ ਇਕ ਮਿਤਰ ਲਾਲਾ ਹੰਸ ਰਾਜ ਵਕੀਲ ਸਨ। ਉਹਨਾਂ ਦੇ ਮਕਾਨ ਤੇ ਗਿਆ, ਮੇਰੇ ਕੋਲ ਕੱਪੜੇ ਕਾਫ਼ੀ ਨਹੀਂ ਸਨ। ਬਾਜ਼ਾਰੋਂ ਲੱਠਾ ਮੁਲ ਲੈ ਕੇ ਛੇ ਕਮੀਜ਼ਾਂ ਅਤੇ ਛੇ ਪਜਾਮੇ ਬਣਵਾਏ। ਇਕ ਰਜਾਈ ਤਿਆਰ ਕਰਵਾਈ। ਜਦ ਕੱਪੜੇ ਤਿਆਰ ਹੋ ਗਏ ਤਾਂ ਬਠਿੰਡਿਓਂ ਰਾਜਪੁਰਾ ਅੰਬਾਲਾ ਦੇ ਰਸਤੇ ਡੇਹਰਾਦੂਨ ਪਹੁੰਚਿਆ। ਡੇਹਰਾਦੂਨ ਰੇਲਵੇ ਸਟੇਸ਼ਨ ਦੇ ਕੋਲ ਸਿੱਖਾਂ ਦੇ ਇਕ ਸਾਧਾਰਨ ਜਿਹੇ ਹੋਟਲ ਵਿਚ ਚਾਰ ਆਨੇ ਰੋਜ਼ ਤੇ ਇਕ ਕਮਰਾ ਲਿਆ ਅਤੇ ਕੱਪੜੇ ਬਦਲ ਕੇ ਮਹਾਰਾਜਾ ਨਾਭਾ ਦੀ ਕੋਠੀ ਈਸਟ ਕੈਨਾਲ ਰੋਡ ਤੇ ਗਿਆ। ਉਥੇ ਸਰਦਾਰ ਗੁਰਦਿਆਲ ਸਿੰਘ ਪ੍ਰਾਈਵੇਟ ਸਕੱਤ੍ਰ ਨੂੰ ਮਿਲਿਆ। ਸ੍ਰ: ਗੁਰਦਿਆਲ ਸਿੰਘ ਬੜੇ ਉਚੇ ਆਚਰਣ ਦੇ ਆਦਮੀ ਸਨ। ਰਿਆਸਤਾਂ ਦੇ ਰਾਜਿਆਂ ਨੂੰ ਮਿਲਣਾ ਕਿਹੜਾ ਖਾਲਾ ਜੀ ਦਾ ਵਾੜਾ ਸੀ, ਬੜੀ ਮੁਸੀਬਤ ਸੀ, ਯਾਰਾਂ ਦਿਨਾਂ ਦੇ ਕਰੀਬ ਉਸ ਹੋਟਲ ਵਿਚ ਰਿਹਾ। ਹਰ ਰੋਜ਼ ਕੋਠੀ ਮਹਾਰਾਜੇ ਨੂੰ ਮਿਲਣ ਦੀ ਆਸ ਤੇ ਜਾਂਦਾ। ਉਥੋਂ ਕਦੀ ਤਾਂ ਜੁਆਬ ਮਿਲਦਾ ਕਿ ਮਹਾਰਾਜਾ ਦਾ ਜੀਅ ਰਾਜ਼ੀ ਨਹੀਂ, ਕਦੀ ਖਾਣਾ ਖਾ ਰਹੇ ਹਨ, ਕਦੇ ਗੁਸਲਖ਼ਾਨੇ ਵਿਚ ਹਨ, ਕਦੀ ਮਹਿਮਾਨ ਆਏ ਹੋਏ ਹਨ, ਕਦੀ ਵਿਹਲ ਘਟ ਹੈ ਅਤੇ ਕਦੀ ਆਰਾਮ ਕਰ ਰਹੇ ਹਨ। ਜੁਆਬ ਸੁਣ ਕੇ ਵਾਪਸ ਆ ਜਾਂਦਾ। ਹੋਟਲ ਵਿਚ ਜੀਅ ਅਕਦਾ ਤਾਂ ਬਾਜ਼ਾਰ ਚਲਾ ਜਾਂਦਾ। ਉਥੇ ਵੇਲਾ ਨਾ ਲੰਘਦਾ ਤਾਂ ਕਿਸੇ ਪਾਰਕ ਵਿਚ ਚਲਾ ਜਾਂਦਾ। ਇਕ ਦਿਨ ਐਤਵਾਰ ਨੂੰ ਵੇਖਿਆ ਕਿ ਈਸਾਈਆਂ ਦੇ ਸਕੂਲ ਦੇ ਮੁੰਡੇ ਗਿਰਜੇ ਜਾ ਰਹੇ ਹਨ, ਉਹਨਾਂ ਦੇ ਪਿਛੇ ਪਿਛੇ ਗਿਰਜੇ ਜਾ ਕੇ ਕੁਝ ਚਿਰ ਪਾਦਰੀ ਦਾ ਵਿਖਿਆਣ ਸੁਣਦਾ ਰਿਹਾ। ਇਸ ਤਰ੍ਹਾਂ ਬੜੇ ਔਖ ਵਿਚ ਦਸ ਦਿਨ ਲੰਘਾਏ। ਯਾਰ੍ਹਵੇਂ ਦਿਨ ਮਹਾਰਾਜਾ ਦੀ ਸੇਵਾ ਵਿਚ ਹਾਜ਼ਰੀ ਨਸੀਬ ਹੋਈ। ਸਿਆਸੀ ਤੇ ਦੂਜਿਆਂ ਮਾਮਲਿਆਂ ਤੇ ਗੱਲਾਂ ਬਾਤਾਂ ਹੋਈਆਂ। ਇਹ ਮਿਲਣੀ ਸ਼ਾਇਦ ਡੇਢ ਘੰਟੇ ਤਕ ਜਾਰੀ ਰਹੀ। ਮਿਲਣੀ ਪਿਛੋਂ ਵਾਪਸ ਤੁਰ ਆਇਆ। ਅਗਲੇ ਦਿਨ ਗਿਆ ਤਾਂ ਸਰਦਾਰ ਗੁਰਦਿਆਲ ਸਿੰਘ ਨੇ ਦਸਿਆ ਕਿ ਮਹਾਰਾਜਾ ਨੇ ਮੈਨੂੰ ਨੌਕਰੀ ਦੇ ਦਿਤੀ ਹੈ ਤੇ ਮੈਂ ਨਾਭੇ ਚਲਾ ਜਾਵਾਂ। ਉਥੇ ਹੋਮ ਮੈਂਬਰ ਕੋਲ ਹੁਕਮ ਭੇਜ ਦਿਤਾ ਜਾਏਗਾ ਅਤੇ ਮਹਾਰਾਜਾ ਅਮਲੇ ਸਮੇਤ ਕੰਸਰੂ ਦੇ ਜੰਗਲ ਵਿਚ ਸ਼ੇਰ ਦਾ ਸ਼ਿਕਾਰ ਖੇਡਣ ਜਾ



Digitized by Panjab Digital Library | www.panjabdigilib.org

ਰਹੇ ਹਨ । ਪੰਦਰਾਂ ਵੀਹਾਂ ਦਿਨਾਂ ਪਿਛੋਂ ਨਾਭੇ ਪਹੁੰਚ ਜਾਣਗੇ ।

ਪਹਿਲਾਂ ਤਾਂ ਮੈਂ ਜਦ ਕਦੀ ਨਾਭੇ ਜਾਂਦਾ ਤਾਂ ਦਸਤੂਰ ਅਨੁਸਾਰ ਵਿਦੈਗੀ ਮੈਨੂੰ ਇਕ ਜਾਂ ਦੋ ਸੌ ਰੁਪਿਆ ਦਿਤਾ ਜਾਂਦਾ ਸੀ, ਪਰ ਹੁਣ ਮੈਂ ਕਿਉਂਕਿ ਨੌਕਰ ਹੋਇਆ ਸਾਂ ਇਸ ਲਈ ਇਸ ਸਮੇਂ ਮੈਨੂੰ ਵਿਦੈਗੀ ਵੀ ਨਾ ਮਿਲੀ । ਇਹ ਹੁਕਮ ਸੁਣ ਕੇ ਮੈਂ ਹੋਟਲ ਗਿਆ । ਬਿਸਤਰਾ ਤੇ ਟਰੰਕ ਲਿਆ ਅਤੇ ਸਟੇਸ਼ਨ ਤੇ ਆਇਆ ਗੱਡੀ ਚੜ੍ਹ ਕੇ ਨਾਭੇ ਸਟੇਸ਼ਨ ਪਹੁੰਚਾ ਤਾਂ ਮੇਰੇ ਕੋਲ ਉਸ ਵੇਲੇ ਕੇਵਲ ਯਾਰਾਂ ਰੁਪਿਆਂ ਦੇ ਕਰੀਬ ਸਨ । ਡੇਢ ਸੌ ਰੁਪਏ 'ਚੋਂ ਬਾਕੀ ਸਾਰੇ ਦਾ ਸਾਰਾ ਰੁਪਿਆ ਕੱਪੜਿਆਂ ਅਤੇ ਸਫ਼ਰ ਤੇ ਖ਼ਰਚ ਹੋ ਗਿਆ ।

ਨਾਭੇ ਵਿਚ ਮੇਰੇ ਇਕ ਚਾਚੇ — ਮੇਰੇ ਪਿਤਾ ਜੀ ਦੇ ਸਕੇ ਚਾਚੇ ਦੇ ਪੁਤਰ ਭਰਾ — ਸਰਦਾਰ ਸਾਹਿਬ ਡਾਕਟਰ ਸੇਵਾ ਸਿੰਘ ਰਹਿੰਦੇ ਸਨ । ਇਹ ਸਰਕਾਰ ਦੇ ਖ਼ਿਤਾਬ ਧਾਰੀ ਅਤੇ ਕਈ ਲਖ ਰੁਪਿਆਂ ਦੀ ਜਾਇਦਾਦ ਦੇ ਮਾਲਕ ਸਨ । ਇਹ ਉਸ ਵੇਲੇ ਰਿਆਸਤ ਨਾਭਾ ਵਿਚ ਪਿਨਸ਼ਨ ਤੇ ਸਨ ਅਤੇ ਪਹਿਲੇ ਸੁਰਗਵਾਸੀ ਮਹਾਰਾਜਾ ਸਰ ਹੀਰਾ ਸਿੰਘ — ਵਰਤਮਾਨ ਮਹਾਰਾਜਾ ਨਾਭਾ ਦੇ ਦਾਦਾ — ਦੇ ਮੈਡੀਕਲ ਐਡਵਾਈਜ਼ਰ ਸਨ । ਮੇਰੇ ਚਾਚਾ ਖ਼ਰਚ ਕਰਨ ਦੇ ਲਿਹਾਜ਼ ਨਾਲ ਮੇਰੇ ਸੁਭਾਅ ਦੇ ਬਿਲਕੁਲ ਉਲਟ ਸਨ ਭਾਵ ਮੈਂ ਤਾਂ ਰੁਪਿਆ ਜੇਕਰ ਕੋਲ ਹੋਵੇ ਤਾਂ ਜਦ ਤਕ ਖ਼ਰਚ ਨਾ ਕਰ ਲਵਾਂ ਰਾਤ ਨੂੰ ਸੌਂ ਨਹੀਂ ਸਕਦਾ, ਪਰ ਉਹਨਾਂ ਦੇ ਘਰ ਵਿਚ ਦਾਲ ਨਾਲ ਆਲੂ ਕੇਵਲ ਉਸ ਦਿਨ ਰਿਝਦੇ ਜਿਸ ਦਿਨ ਉਹਨਾਂ ਦੇ ਘਰ ਕੋਈ ਪ੍ਰਾਹੁਣਾ ਆਏ । ਮੇਰੇ ਵਾਸਤੇ ਉਹਨਾਂ ਦੇ ਘਰ ਜਾ ਕੇ ਠਹਿਰਣਾ ਆਪਣੇ ਮਨ ਤੇ ਇਕ ਪਰਕਾਰ ਦਾ ਬੜਾ ਵੱਡਾ ਭਾਰ ਸੀ, ਪਰ ਕੀ ਕਰਦਾ । ਖੀਸੇ ਵਿਚ ਤਾਂ ਕੇਵਲ ਯਾਰਾਂ ਰੁਪਏ ਸਨ ਅਤੇ ਹੋਰ ਕੋਈ ਜਾਣੂ ਨਹੀਂ ਸੀ । ਦਿਲ ਤੇ ਪੱਥਰ ਰੱਖ ਕੇ ਇਹਨਾਂ ਚਾਚਾ ਜੀ ਦੇ ਮਕਾਨ ਤੇ ਪਹੁੰਚਿਆ । ਟਾਂਗੇ ਵਿਚੋਂ ਸਾਮਾਨ ਲੁਹਾ ਕੇ ਉਹਨਾਂ ਦੇ ਘਰ ਅੰਦਰ ਗਿਆ ਤਾਂ ਉਹ ਵੇਹੜੇ ਵਿਚ ਬੈਠੇ ਸਨ । ਉਹਨਾਂ ਦੀ ਨਜ਼ਰ ਕਮਜ਼ੋਰ ਸੀ । ਦੂਰੋਂ ਵੇਖਿਆ ਤਾਂ ਪੁਛਿਆ ਕਿ ਕੌਣ ਹੈ । ਮੈਂ ਉਤਰ ਦਿਤਾ ਕਿ ਮੈਂ ਦੀਵਾਨ ਸਿੰਘ ਹਾਂ । ਕੋਲ ਜਾ ਕੇ ਉਹਨਾਂ ਦੇ ਪੈਰੀਂ ਪਿਆ ਕਿਉਂਕਿ ਬਜ਼ੁਰਗ ਸਨ । ਬੜੇ ਪਿਆਰ ਨਾਲ ਪੇਸ਼ ਆਏ । ਪਿਛਲੇ ਜ਼ਮਾਨੇ ਦਿਆਂ ਲੋਕਾਂ ਵਿਚ ਭਾਵੇਂ ਹਜ਼ਾਰ ਊਣਤਾਈਆਂ ਹੋਣ, ਪਰ ਪਿਆਰ, ਮੁਹਬਤ ਦੇ ਰਵੱਈਏ ਦੇ ਲਿਹਾਜ਼ ਨਾਲ ਇਹ ਲੋਕ ਦੇਵਤੇ ਸਨ । ਉਹਨਾਂ ਦੇ ਘਰ ਵਿਚ ਰੋਟੀ ਪਕਾਉਣ ਲਈ ਇਕ ਬਾਹਮਣੀ ਤੀਵੀਂ ਹਰਨਾਮੀ ਕਈ ਵਰ੍ਹਿਆਂ ਤੋਂ ਨੌਕਰ ਸੀ । ਉਸ ਨੂੰ ਆਲੂਆਂ ਦੀ ਭਾਜੀ ਬਣਾਉਣ ਦਾ ਹੁਕਮ ਮਿਲਿਆ । ਮੈਂ ਇਕ ਮਹੀਨੇ ਦੇ ਕਰੀਬ ਇਹਨਾਂ ਚਾਚਾ ਜੀ ਦੇ ਘਰ



Digitized by Panjab Digital Library | www.panjabdigilib.org

ਪ੍ਰਾਹੁਣਾ ਰਿਹਾ। ਜਦ ਤਕ ਕਿ ਮਹਾਰਾਜਾ ਸ਼ਿਕਾਰ ਤੋਂ ਵਾਪਸ ਨਾਭੇ ਨਾ ਪਹੁੰਚ ਗਏ। ਮਹਾਰਾਜਾ ਦੇ ਪਹੁੰਚਣ ਤੇ ਮੈਂ ਸਰਕਾਰੀ ਮਹਿਮਾਣ ਦੀ ਹੈਸੀਅਤ ਵਿਚ ਅਰਧ-ਸਰਕਾਰੀ ਬਿਲਡਿੰਗ ਸਰਾਏ ਸ਼ਾਦੀਯਾਤ ਦੀ ਇਕ ਕਾਟੇਜ ਵਿਚ ਚਲਾ ਗਿਆ। ਡਾਕਟਰ ਸੇਵਾ ਸਿੰਘ ਦੇ ਘਰ ਇਕ ਮਹੀਨੇ ਦੇ ਟਿਕਾਣੇ ਵਿਚਕਾਰਲੇ ਸਮਾਂਚਾਰ ਬੜੇ ਸਵਾਦੀ ਹਨ ਜੋ ਫੇਰ ਲਿਖਾਂਗਾ।

ਨਾਭੇ ਜਦ ਪਹੁੰਚਿਆ ਤਾਂ ਮੈਂ ਆਪਣੀ ਜਨਮ ਭੂਮੀ ਅਤੇ ਰਿਸ਼ਤੇਦਾਰਾਂ ਤੋਂ ਇਲਾਵਾ ਆਪਣੇ ਮਿਤ੍ਰਾਂ ਤੇ ਲਾਲਾ ਦੀਨਾ ਨਾਥ ਸੁਰਗਵਾਸੀ ਐਡੀਟਰ ਅਖ਼ਬਾਰ "ਹਿੰਦੁਸਤਾਨ" ਨੂੰ ਵੀ ਲਾਹੌਰ ਲਿਖਿਆ ਕਿ ਮੈਂ ਨਾਭੇ ਵਿਚ ਸਰਕਾਰੀ ਮੁਲਾਜ਼ਮ ਹੋ ਗਿਆ ਹਾਂ। ਲਾਲਾ ਉਗਰ ਸੇਨ ਨੂੰ ਪਤਾ ਸੀ ਕਿ ਲਾਲਾ ਦੀਨਾ ਨਾਥ ਅਤੇ ਲਾਲਾ ਸ਼ਾਮ ਲਾਲ ਕਪੂਰ ਐਡੀਟਰ "ਗੁਰੂ ਘੰਟਾਲ" ਮੇਰੇ ਮਿਤ੍ਰਾਂ ਵਿਚੋਂ ਹਨ। ਲਾਲਾ ਉਗਰ ਸੇਨ ਨੇ ਇਕ ਸਾਤੇ ਤਕ ਮੇਰੀ ਉਡੀਕ ਕੀਤੀ। ਜਦ ਮੇਰੇ ਵਲੋਂ ਕੋਈ ਖਤ ਪਤਰ ਨਾ ਪੁਜਾ ਤਾਂ ਉਹਨਾਂ ਨੇ ਲਾਲਾ ਦੀਨਾ ਨਾਥ ਨੂੰ ਚਿਠੀ ਲਿਖੀ ਕਿ ਦੀਵਾਨ ਸਿੰਘ ਡੇਢ ਸੌ ਰੁਪਿਆ ਬਤੌਰ ਪੇਸ਼ਗੀ ਲੈ ਕੇ ਪੰਜਾਬ ਵਿਚ ਦੌਰੇ ਲਈ ਗਿਆ ਸੀ,ਪਰ ਹੁਣ ਤਕ ਉਸ ਦੀ ਕੋਈ ਸੂਹ ਨਹੀਂ ਲਗੀ,ਸੋ ਹੁਣ ਅਮਾਨਤ 'ਚ ਖਿਆਨਤ ਦੇ ਦੋਸ਼ ਵਿਚ ਪੁਲੀਸ ਨੂੰ ਖ਼ਬਰ ਦਿਤੀ ਜਾ ਰਹੀ ਹੈ ਤਾਕਿ ਦੀਵਾਨ ਸਿੰਘ ਗਰਿਫ਼ਤਾਰ ਹੋ ਕੇ ਵਾਪਸ ਬੰਬਈ ਲਿਆਂਦਾ ਜਾ ਸਕੇ ਅਤੇ ਉਸ ਤੇ ਫ਼ੌਜਦਾਰੀ ਮੁਕੱਦਮਾ ਚਲਾਇਆ ਜਾਵੇ। ਮੈਂ ਜਦ ਦੀਨਾ ਨਾਥ ਨੂੰ ਆਪਣੇ ਮੁਲਾਜ਼ਮ ਹੋਣ ਦੀ ਖ਼ਬਰ ਘਲੀ ਤਾਂ ਉਹਨਾਂ ਨੇ ਇਸ ਦੇ ਉੱਤਰ ਵਿਚ ਮੇਰੇ ਮੁਲਾਜ਼ਮ ਹੋਣ ਦੀ ਖ਼ੁਸ਼ੀ ਦੇ ਪ੍ਰਗਟਾਅ ਦੇ ਨਾਲ ਨਾਲ ਉਗਰ ਸੇਨ ਦੀ ਉਹ ਚਿਠੀ ਵੀ ਘਲੀ ਜਿਸ ਵਿਚ ਮੇਰੇ ਤੇ ਅਮਾਨਤ ਵਿਚ ਖ਼ਿਆਨਤ ਦਾ ਦੂਸ਼ਨ ਅਤੇ ਪੁਲੀਸ ਨੂੰ ਇਤਲਾਹ ਦੇਣ ਦਾ ਡਰਾਵਾ ਸੀ। ਲਾਲਾ ਦੀਨਾ ਨਾਥ ਨੇ ਲਿਖਿਆ ਕਿ ਉਹਨਾਂ ਦੇ ਦਿਲ ਵਿਚ ਐਡੀਟਰ "ਰਿਆਸਤ" ਦੇ ਦਿਆਨਤਦਾਰ ਹੋਣ ਦੇ ਕਾਰਨ ਬੜਾ ਸਤਿਕਾਰ ਸੀ ਅਤੇ ਆਸ ਨਹੀਂ ਸੀ ਕਿ ਐਡੀਟਰ "ਰਿਆਸਤ" ਏਨੇ ਨੀਵੇਂ ਆਚਰਣ ਦਾ ਹੋਵੇਗਾ, ਪਰੰਤੂ ਇਹ ਸਮਾਂਚਾਰ ਅਤੇ ਐਡੀਟਰ "ਰਿਆਸਤ" ਦੀ ਬੰਬਈ ਦੀ ਬੇਈਮਾਨੀ ਦੇ ਸਮਾਂਚਾਰ ਸੁਣ ਕੇ ਬੜਾ ਦੁਖ ਹੋਇਆ ਹੈ। ਲਾਲਾ ਦੀਨਾ ਨਾਥ ਦੀ ਚਿਠੀ ਜਿਸ ਵਿਚ ਲਾਲਾ ਉਗਰ ਸੇਨ ਦੀ ਚਿਠੀ ਟਾਂਕੀ ਹੋਈ ਸੀ ਨੂੰ ਵੇਖ ਕੇ ਮੈਨੂੰ ਨਾ ਕੇਵਲ ਬਹੁਤ ਹੀ ਕਸ਼ਟ ਪੁਜਾ ਸਗੋਂ ਇਹ ਕਹਿਣਾ ਚਾਹੀਦਾ ਹੈ ਕਿ ਮੇਰੇ ਹੱਥਾਂ ਦੇ ਤੋਤੇ ਉਡ ਗਏ ਕਿਉਂਕਿ ਮੈਂ ਇਕ ਪਾਸੇ ਤਾਂ ਲਾਲਾ ਦੀਨਾ ਨਾਥ ਦੀਆਂ ਨਜ਼ਰਾਂ ਵਿਚ ਭੈੜਾ ਪਿਆ ਦੂਜੇ ਇਹ ਭੈ ਕਿ ਮੈਂ ਬੰਬਈ ਵਿਚ ਲਾਲਾ ਉਗਰ ਸੇਨ ਨੂੰ ਲਿਖ਼ਤ ਦੇ ਆਇਆ ਹਾਂ। ਜੇਕਰ ਲਾਲਾ



Digitized by Panjab Digital Library | www.panjabdigilib.org

ਜੀ ਨੇ ਪੁਲੀਸ ਨੂੰ ਇਤਲਾਹ ਦੇ ਦਿਤੀ ਅਤੇ ਉਥੋਂ ਵਾਰੰਟ ਜਾਰੀ ਹੋ ਗਏ ਅਤੇ ਮੈਂ ਨਾਭੇ ਵਿਚ ਗਰਿਫ਼ਤਾਰ ਹੋ ਗਿਆ ਤਾਂ ਏਥੇ ਨਾ ਕੇਵਲ ਨੌਕਰੀ ਦਾ ਸਿਲਸਿਲਾ ਹੀ ਖ਼ਤਮ ਹੋ ਜਾਏਗਾ, ਸਗੋਂ ਲੋਕੀ ਆਖਣਗੇ ਕਿ ਚੰਗਾ "ਇਤਬਾਰੀ ਤੇ ਭਲਾਮਾਨਸ" ਆਦਮੀ ਸੀ ਜਿਸਨੂੰ ਮਹਾਰਾਜਾ ਨੇ ਦੋਸਤ ਜਾਣ ਕੇ ਮੁਲਾਜ਼ਮ ਰਖਿਆ। ਇਹਨਾਂ ਚਿਠੀਆਂ ਨੂੰ ਵੇਖ ਕੇ ਮੈਂ ਬੜਾ ਔਖਾ ਹੋਇਆ । ਰਾਤ ਨੂੰ ਨੀਂਦ ਨਾ ਆਈ। ਸੋਚਦਾ ਰਿਹਾ ਕਿ ਕੀ ਕਰਾਂ। ਕੁਝ ਸਮਝ 'ਚ ਨਹੀਂ ਸੀ ਆਉਂਦਾ। ਆਖ਼ਰ ਏਸੇ ਪ੍ਰੇਸ਼ਾਨੀ ਦੀ ਹਾਲਤ ਵਿਚ ਬਠਿੰਡੇ ਲਾਲਾ ਹੰਸ ਰਾਜ ਵਕੀਲ ਨੂੰ ਖਤ ਲਿਖਿਆ ਕਿ ਝਟ ਨਾਭੇ ਪਹੁੰਚੋ । ਲਾਲਾ ਹੰਸ ਰਾਜ ਖਤ ਮਿਲਦਿਆਂ ਹੀ ਨਾਭੇ ਪਹੁੰਚ ਗਏ। ਉਹਨਾਂ ਨੂੰ ਸਾਰਾ ਸਮਾਂਚਾਰ ਸੁਣਾਇਆ ਤਾਂ ਉਹਨਾਂ ਤੇ ਕਿਹਾ ਕਿ ਕੋਈ ਫ਼ਿਕਰ ਦੀ ਗੱਲ ਨਹੀਂ । ਉਹਨਾਂ ਨੇ ਲਾਲਾ ਉਗਰ ਸੇਨ ਦੇ ਨਾਂ ਆਪਣੀ ਵਲੋਂ ਇਕ ਨੋਟਸ ਤਿਆਰ ਕੀਤਾ । ਜਿਸ ਵਿਚ ਲਿਖਿਆ ਕਿ ਲਾਲਾ ਉਗਰ ਸੇਨ ਨੇ ਲਾਲਾ ਦੀਨਾ ਨਾਥ ਨੂੰ ਜਿਹੜਾ ਖਤ ਲਿਖਿਆ ਹੈ ਉਹ ਅਸਲੀਅਤ ਦੇ ਵਿਰੁਧ ਤੇ ਹਤਕ ਭਰਿਆ ਹੈ । ਇਹਨਾਂ ਦੇ ਮੁਵੱਕਲ ਦੀਵਾਨ ਸਿੰਘ ਨੇ ਡੇਢ ਸੌ ਰੁਪਿਆ ਜਿਹੜਾ ਲਿਆ ਹੈ ਉਹ ਉਸ ਨੇ ਆਪਣੀ ਤਨਖਾਹ ਵਿਚ ਮੁਜਰਾ ਕਰ ਲਿਆ ਹੈ ਅਤੇ ਉਹ ਲਾਲਾ ਜੀ ਦੀ ਨੌਕਰੀ ਨਹੀਂ ਕਰਨੀ ਚਾਹੁੰਦੇ ਕਿਉਂਕਿ ਉਹ ਰਿਆਸਤ ਨਾਭੇ ਵਿਚ ਸਰਕਾਰੀ ਮੁਲਾਜ਼ਮ ਹੋ ਗਏ ਹਨ ਅਤੇ ਕਿਉਂਕਿ ਲਾਲਾ ਜੀ ਨੇ ਉਹਨਾਂ ਦੇ ਮਵੱਕਲ ਤੇ ਝੂਠਾ ਦੂਸ਼ਨ ਲਾ ਕੇ ਹੱਤਕ ਕੀਤੀ ਹੈ ਇਸ ਲਈ ਦੋ ਸਾਤਿਆਂ ਦੇ ਅੰਦਰ ਅੰਦਰ ਬਤੌਰ ਹਰਜਾਨਾ ਲਾਲਾ ਜੀ ਦਸ ਹਜ਼ਾਰ ਰੁਪਿਆ ਦੇਣ ਅਤੇ ਖ਼ਿਮਾਂ ਮੰਗਣ ਨਹੀਂ ਤਾਂ ਦੀਵਾਨੀ ਤੇ ਫ਼ੌਜਦਾਰੀ ਮੁਕੱਦਮੇ ਕਰ ਦਿਤੇ ਜਾਣਗੇ।

ਇਸ ਨੋਟਿਸ ਦੇ ਪਹੁੰਚਣ ਪਿਛੋਂ ਲਾਲਾ ਉਗਰ ਸੇਨ ਦਾ ਮੇਰੇ ਕੋਲ ਖਤ ਆਇਆ ਜਿਸ ਦਾ ਭਾਵ ਇਹ ਸੀ :

"ਪਿਆਰੇ ਦੀਵਾਨ ਸਿੰਘ ਜੀ, ਤੁਸੀਂ ਮੇਰੇ ਛੋਟੇ ਭਰਾ ਬਰਾਬਰ ਹੋ। ਇਹ ਸੁਣ ਕੇ ਮੈਨੂੰ ਬੜੀ ਪ੍ਰਸੰਨਤਾ ਹੋਈ ਕਿ ਤੁਸੀਂ ਨਾਭੇ 'ਚ ਸਰਕਾਰੀ ਮੁਲਾਜ਼ਮ ਹੋ ਗਏ ਹੋ। ਮੈਂ ਤਾਂ ਲਾਲਾ ਦੀਨਾ ਨਾਥ ਨੂੰ ਉਂਜੇ ਹੀ ਲਿਖ ਦਿਤਾ ਸੀ। ਡੇਢ ਸੌ ਰੁਪਏ ਕਟ ਕੇ ਪੰਦਰਾਂ ਰੁਪਿਆਂ ਦੇ ਕਰੀਬ ਹੋਰ ਤੁਹਾਡੇ ਮੇਰੇ ਜ਼ਿੰਮੇਂ ਨਿਕਲਦੇ ਹਨ। ਤੁਸੀਂ ਲਿਖੋ ਤਾਂ ਮੈਂ ਉਹ ਵੀ ਭੇਜ ਦਿਆਂ। ਮੈਂ ਤਾਂ ਤੁਹਾਡਾ ਦਾਸ ਹਾਂ ਕਿਸੇ ਸ਼ੈ ਦੀ ਬੰਬਈ ਤੋਂ ਲੋੜ ਹੋਵੇ ਤਾਂ ਲਿਖਣਾ ਤਾਕਿ ਭੇਜ ਦਿਆਂ। ਹੁਣ ਤੁਸੀਂ ਨਾਭੇ ਵਿਚ ਸਰਕਾਰੀ ਮੁਲਾਜ਼ਮ ਹੋ ਗਏ ਹੋ। ਸਾਡਾ ਵੀ ਖ਼ਿਆਲ ਰਖਣਾ ਅਤੇ ਜੇਕਰ ਹੋ ਸਕੇ ਤਾਂ ਉਥੋਂ ਕੋਈ ਵਡਾ ਸਰਕਾਰੀ ਆਰਡਰ ਵੀ



Digitized by Panjab Digital Library | www.panjabdigilib.org

ਭਿਜਵਾਣਾ ਜਿਸ ਨਾਲ ਕਾਫ਼ੀ ਲਾਭ ਹੋਵੇ। ਮੇਰੇ ਘਰ ਵਾਲੀ ਅਤੇ ਮੇਰਾ ਛੋਟਾ ਭਰਾ ਤੁਹਾਨੂੰ ਰਾਮ ਰਾਮ ਆਖਦੇ ਹਨ ਅਤੇ ਮੇਰੀ ਛੋਟੀ ਕਾਕੀ ਕਾਂਤਾ ਤੁਹਾਨੂੰ ਬਹੁਤ ਯਾਦ ਕਰਦੀ ਹੈ। ਆਪਣੀ ਸੁਖ ਸਾਂਦ ਦਾ ਖਤ ਲਿਖਦੇ ਰਿਹਾ ਕਰੋ।

ਤੁਹਾਡਾ ਦਾਸ,

ਉਗਰ ਸੇਨ।"

ਮੇਰੇ ਨੋਟਿਸ ਪਹੁੰਚਣ ਤੇ ਪਤਾ ਨਹੀਂ ਲਾਲਾ ਉਗਰ ਸੇਨ ਦਾ ਕੀ ਹਾਲ ਹੋਇਆ ਹੋਵੇਗਾ, ਪਰ ਉਹਨਾਂ ਦਾ ਇਹ ਜੁਆਬ ਮਿਲਣ ਤੇ ਮੈਂ ਨਿਸ਼ਚਿੰਤ ਹੋ ਗਿਆ ਕਿ ਹੁਣ ਲਾਲਾ ਸਾਹਿਬ ਮੇਰੇ ਵਿਰੁਧ ਕੋਈ ਕਾਰਵਾਈ ਨਹੀਂ ਕਰਨਗੇ। ਲਾਲਾ ਉਗਰ ਸੇਨ ਮੇਰੇ ਬੰਬਈ ਆਉਣ ਤੋਂ ਪਿਛੋਂ ਸ਼ਾਇਦ ਤਿੰਨ ਚਾਰ ਸਾਲ ਉਥੇ ਰਹੇ। ਉਸ ਪਿਛੋਂ ਉਹ ਆਪਣੇ ਦੇਸ਼ ਆ ਗਏ। ਅਜ ਕਲ ਮੇਰਠ ਰਹਿੰਦੇ ਹਨ ਅਤੇ ਜਦ ਕਦੀ ਦਿੱਲੀ ਆਉਂਦੇ ਹਨ ਤਾਂ ਜ਼ਰੂਰ ਮਿਲਦੇ ਹਨ ਸਗੋਂ ਏਸ ਦਾਸ ਦੇ ਹੀ ਘਰ ਟਿਕਾਣਾ ਕਰਦੇ ਹਨ। ਹੁਣ ਨਵੇਂ ਦੌਰ ਵਿਚ "ਰਿਆਸਤ" ਨਿਕਲਣ ਵਾਲਾ ਸੀ ਅਤੇ ਉਹਨਾਂ ਨੇ ਅਖ਼ਬਾਰਾਂ ਵਿਚ ਪੜ੍ਹਿਆ ਕਿ ਮੈਂ ਰਿਹਾ ਹੋ ਕੇ ਦਿੱਲੀ ਪਹੁੰਚ ਗਿਆ ਹਾਂ ਤਾਂ ਉਹ ਦਿੱਲੀ ਆਏ। ਲਭਣ ਤੇ ਬੜੀ ਔਖਿਆਈ ਨਾਲ ਉਹਨਾਂ ਨੂੰ ਹੁਣ ਵਾਲਾ ਮਕਾਨ ਲਭਾ। ਜਦ ਮਿਲੇ ਤਾਂ ਪਿਆਰ ਮੁਹੱਬਤ ਦੇ ਕਾਰਨ ਉਹਨਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਅਤੇ ਉਹਨਾਂ ਨੇ ਇੱਛਾ ਪ੍ਰਗਟ ਕੀਤੀ ਸਗੋਂ ਵਾਰ ਵਾਰ ਕਿਹਾ ਕਿ ਅਖ਼ਬਾਰ ਚਾਲੂ ਕਰਨ ਲਈ ਰੁਪਏ ਦੀ ਲੋੜ ਹੋਵੇ ਤਾਂ ਲੈ ਲਵਾਂ, ਪਰ ਇਕ ਤਾਂ ਲੋੜ ਹੀ ਨਹੀਂ ਸੀ ਦੂਜੇ ਇਹ ਖ਼ਿਆਲ ਵੀ ਸੀ ਕਿ ਲਾਲਾ ਜੀ ਅਗਰਵਾਲ ਹਨ ਰੁਪਿਆ ਦੇਣਗੇ ਤਾਂ ਬਤੌਰ ਕਰਜ਼ ਉਂਜ ਮਿਤਰਾਨਾ ਸਹਾਇਤਾ ਦੇ ਤੌਰ ਤੇ ਨਹੀਂ। ਧੰਨਵਾਦ ਸਹਿਤ ਨਾਂਹ ਕਰ ਦਿਤੀ।

ਲਾਲਾ ਉਗਰ ਸੇਨ ਲਈ ਮੇਰੇ ਹਿਰਦੇ ਵਿਚ ਬੜਾ ਪਿਆਰ ਤੇ ਸਤਿਕਾਰ ਹੈ ਅਤੇ ਜਦ ਮਿਲਦੇ ਹਨ ਅਤੇ ਮੈਂ ਲੋਕਾਂ ਨਾਲ ਇਹਨਾਂ ਦੀ ਜਾਣ ਪਛਾਣ ਕਰਾਂਦਾ ਹਾਂ ਤਾਂ ਇਹੀ ਆਖ ਕੇ ਕਿ ਇਹ ਮੇਰੇ ਸਾਬਕਾ ਮਾਲਕ ਹਨ ਜਿਨ੍ਹਾਂ ਪਾਸ ਮੈਂ ਮੁਲਾਜ਼ਮਤ ਕੀਤੀ ਹੈ।



Digitized by Panjab Digital Library | www.panjabdigilib.org

# ਘ੍ਰਿਣਾ ਅਤੇ ਪ੍ਰੇਮ ਦੇ ਕਾਰਨ

ਮੈਂ ਮੁਲਾਜ਼ਮ ਹੋ ਕੇ ਜਦ ਡੇਹਰਾਦੂਨ ਤੋਂ ਨਾਭੇ ਪੁਜਾ ਅਤੇ ਆਪਣੇ ਚਾਚਾ ਸਰਦਾਰ ਸਾਹਿਬ ਡਾਕਟਰ ਸੇਵਾ ਸਿੰਘ ਦੇ ਘਰ ਠਹਿਰਿਆ ਤਾਂ ਪਹਿਲੇ ਦਿਨ ਮੇਰੀ ਚੰਗੀ ਆਉ ਭਗਤ ਹੋਈ,ਡਾਕਟਰ ਸਾਹਿਬ ਬੜੇ ਪ੍ਰੇਮ ਪਿਆਰ ਨਾਲ ਵਰਤੇ। ਹਰਨਾਮੀ ਨੌਕਰਾਣੀ ਨੂੰ ਦਾਲ ਨਾਲ ਮੇਰੇ ਲਈ ਸਪੈਸ਼ਲ ਡਿਸ਼ ਭਾਵ ਆਲੂ ਰਿੰਨ੍ਹਣ ਦਾ ਵੀ ਹੁਕਮ ਦਿਤਾ ਗਿਆ।

ਡਾਕਟਰ ਸਾਹਿਬ ਉਸ ਸਮੇਂ ਪੈਨਸ਼ਨ ਤੇ ਸਨ ਅਤੇ ਰਿਆਸਤਾਂ ਵਿਚ ਆਦਮੀ ਭਾਵੇਂ ਕਿੰਨਾ ਵੀ ਬੁੱਢਾ ਹੋ ਜਾਏ ਉਹ ਸਮਝਦਾ ਹੈ ਕਿ ਉਸ ਨੇ ਮਰਦੇ ਦਮ ਤਕ ਮੁਲਾਜ਼ਮ ਰਹਿਣ ਦਾ ਪਟਾ ਲਿਖਵਾਇਆ ਹੋਇਆ ਹੈ। ਜੇਕਰ ਉਸ ਨੂੰ ਪੈਨਸ਼ਨ ਤੇ ਰੀਟਾਇਰ ਕਰ ਦਿਤਾ ਜਾਏ ਤਾਂ ਉਸ ਦੇ ਆਪਣੇ ਵਿਚਾਰ ਵਿਚ ਵੀ ਅਤੇ ਲੋਕਾਂ ਦੀਆਂ ਨਜ਼ਰਾਂ ਵਿਚ ਵੀ ਉਹ ਸਰਕਾਰ ਦਾ 'ਖਸੀ ਢੱਗਾ' ਸਮਝਿਆ ਜਾਂਦਾ ਹੈ ਕਿਉਂਕਿ ਰਿਆਸਤਾਂ ਦੇ ਵਾਲੀ ਜੇਕਰ ਪ੍ਰਸੰਨ ਹੋਣ, ਤਾਂ ਉਹ ਬੰਦੇ ਜੋ ਨੌਕਰੀ ਦੀ ਲੜੀ 'ਚ ਪਰੁਚੇ ਰਹਿੰਦੇ ਹਨ ਜਿਹੜੇ ਮੰਜੀਓਂ ਉਠ ਨਹੀਂ ਸਕਦੇ। ਮੇਰੇ ਚਾਚਾ ਮਹਾਰਾਜਾ ਹੀਰਾ ਸਿੰਘ ਸਵਰਗਵਾਸੀ — ਨਜ਼ਰਬੰਦ ਮਹਾਰਾਜਾ ਦੇ ਪਿਤਾ ਅਤੇ ਵਰਤਮਾਨ ਮਹਾਰਾਜਾ ਨਾਭਾ ਦੇ ਦਾਦਾ — ਦੇ ਮੈਡੀਕਲ ਐਡ-ਵਾਈਜ਼ਰ ਸਨ ਅਤੇ ਜਦ ਮਹਾਰਾਜਾ ਹੀਰਾ ਸਿੰਘ ਸੁਰਗਵਾਸ ਹੋਏ ਤਾਂ ਨਾਭੇ ਦੇ ਦੂਜੇ ਪ੍ਰੀਵਰਤਨਾਂ ਨਾਲ ਡਾਕਟਰ ਸੇਵਾ ਸਿੰਘ ਨੂੰ ਵੀ ਰੀਟਾਇਰ ਕਰ ਦਿਤਾ ਗਿਆ। ਜਿਥੋਂ ਤਕ ਮੇਰਾ ਖ਼ਿਆਲ ਹੈ ਉਹਨਾਂ ਦੇ ਰੀਟਾਇਰ ਹੋਣ ਦਾ ਕਾਰਨ ਇਹ ਸੀ ਕਿ ਮਹਾਰਾਜਾ ਨੇ ਗੱਦੀ ਤੇ ਬਹਿੰਦਿਆਂ ਹੀ ਰਿਆਸਤ ਦੇ ਰਾਜ ਕਾਜ ਵਿਚ ਦਰੁਸਤੀ ਕਰਨੀ ਚਾਹੀ ਅਤੇ ਦੂਜੀਆਂ ਤਬਦੀਲੀਆਂ ਦੇ ਨਾਲ ਨਾਲ ਵਡੀ ਉਮਰ ਦੇ ਮੁਲਾਜ਼ਮਾਂ ਨੂੰ ਵੀ ਪੈਨਸ਼ਨ ਦੇ ਕੇ ਨੌਜਵਾਨ ਅਤੇ ਚੁਸਤ ਲੋਕਾਂ ਨੂੰ ਮੁਲਾਜ਼ਮ ਰਖਿਆ, ਪਰ ਮੇਰੇ ਚਾਚਾ ਜੀ ਆਪਣੇ ਰੀਟਾਇਰ ਹੋਣ ਨੂੰ ਇਹੋ ਸਮਝਦੇ ਰਹੇ ਕਿ ਮਹਾਰਾਜਾ ਉਹਨਾਂ ਦੇ ਵਿਰੁਧ ਹਨ ਅਤੇ ਆਪ ਕਢੇ ਗਏ ਹਨ। ਜਿਸ ਦਿਨ ਮੈਂ ਪਹੁੰਚਿਆ, ਰੋਟੀ ਖਾਣ ਪਿਛੋਂ ਗੱਲਾਂ ਬਾਤਾਂ ਤੁਰੀਆਂ ਤਾਂ ਉਹਨਾਂ ਪੁਛਿਆ ਕਿ ਮੈਂ ਕਿਥੋਂ ਆਇਆ ਹਾਂ ਅਤੇ ਨਾਭੇ ਆਉਣ ਦਾ ਕੀ ਪ੍ਰਯੋਜਨ ਹੈ। ਮੈਂ ਦਸਿਆ ਕਿ ਮੈਂ ਡੇਹਰਾਦੂਨ ਤੋਂ ਆ ਰਿਹਾ ਹਾਂ ਅਤੇ ਮਹਾਰਾਜਾ ਨੇ ਮੈਨੂੰ ਸਰਕਾਰੀ ਨੌਕਰੀ ਦੇ ਦਿਤੀ ਹੈ। ਇਹ ਸੁਣ ਕੇ ਡਾਕਟਰ ਸਾਹਿਬ ਨੂੰ ਯਕੀਨ ਨਾ ਆਇਆ ਅਤੇ ਉਹਨਾਂ ਨੇ ਬੜੇ ਅਚੰਭੇ ਨਾਲ ਮੁੜ ਪੁਛਿਆ ਕਿ ਕੀ ਇਹ ਸਚ ਹੈ? ਡਾਕਟਰ ਸਾਹਿਬ ਦਾ ਖ਼ਿਆਲ ਸੀ ਕਿ ਰਿਆਸਤਾਂ ਵਿਚ ਮੁਲਾਜ਼ਮਤ



Digitized by Panjab Digital Library | www.panjabdigilib.org

ਦਾ ਮਿਲਣਾ ਬੜਾ ਕਠਨ ਹੈ। ਰਜਵਾੜਿਆਂ ਦੇ ਰਾਜਿਆਂ ਨਾਲ ਮਿਲਣਾ ਤਾਂ ਇਕ ਬੰਨੇ ਰਿਹਾ ਉਹਨਾਂ ਦੀਆਂ ਕੋਠੀਆਂ ਅਤੇ ਮਹੱਲਾਂ ਕੋਲ ਜਾਣਾ ਵੀ ਚੰਗਿਆਂ ਭਾਗਾਂ ਵਿਚ ਸ਼ਾਮਲ ਹੈ। ਫੇਰ ਦੀਵਾਨ ਸਿੰਘ ਦੀ ਮਹਾਰਾਜਾ ਤਕ ਪਹੁੰਚ ਕਿਵੇਂ ਹੋਈ ਅਤੇ ਨੌਕਰੀ ਕਿਵੇਂ ਮਿਲੀ। ਉਹਨਾਂ ਦੀ ਪੁਛ ਕਰਨ ਤੇ ਮੈਂ ਦਸਿਆ ਕਿ ਮੈਂ ਭਿੰਨ ਭਿੰਨ ਪਤਰਕਾਵਾਂ ਵਿਚ ਮੀਤ ਸੰਪਾਦਕ ਅਤੇ ਸੰਪਾਦਕ ਦੇ ਤੌਰ ਤੇ ਕੰਮ ਕਰਦਾ ਰਿਹਾ ਹਾਂ। ਮਹਾਰਾਜਾ ਮੇਰੇ ਲੇਖਾਂ ਨੂੰ ਬੜਾ ਪਸੰਦ ਕਰਦੇ ਸਨ ਕੇਵਲ ਇਹਨਾਂ ਵਸੀਲਿਆਂ ਰਾਹੀਂ ਹੀ ਸੰਬੰਧ ਹੋਏ ਅਤੇ ਹੁਣ ਜਦ ਮੈਂ ਉਹਨਾਂ ਨੂੰ ਨੌਕਰੀ ਲਈ ਕਿਹਾ ਤਾਂ ਮਹਾਰਾਜਾ ਨੇ ਮਿਹਰਬਾਨੀ ਕੀਤੀ ਹੈ। ਡਾਕਟਰ ਸਾਹਿਬ ਆਪਣੇ ਆਪ ਨੂੰ ਮਹਾਰਾਜਾ ਦਾ ਕਢਿਆ ਹੋਇਆ ਸਮਝਦੇ ਸਨ ਅਤੇ ਮਹਾਰਾਜੇ ਦੇ ਵਿਰੁਧ ਸਨ। ਇਹ ਸੁਣ ਕੇ ਮਹਾਰਾਜੇ ਤੇ ਵਰ੍ਹ ਪਏ ਅਤੇ ਕਰੋਧ, ਘ੍ਰਿਣਾ ਅਤੇ ਉਲਾਹਮੇ ਦੇ ਭਾਵ ਵਿਚ ਉਹਨਾਂ ਨੇ ਕਿਹਾ ਕਿ ਇਸ ਮਹਾਰਾਜੇ ਨੂੰ ਸਿਵਾਏ ਅਖ਼ਬਾਰਾਂ ਪੜ੍ਹਨ ਦੇ ਦੂਜਾ ਕੋਈ ਕੰਮ ਹੀ ਨਹੀਂ। ਦਿਨ ਰਾਤ ਜਾਂ ਤੇ ਕਿਤਾਬਾਂ ਪੜ੍ਹਦਾ ਰਹਿੰਦਾ ਹੈ ਜਾਂ ਅਖ਼ਬਾਰਾਂ। ਅੰਗਰੇਜ਼ੀ ਸਰਕਾਰ ਦੇ ਵਿਰੁਧ ਜਿਹੜੇ ਲੀਡਰ ਹਨ ਉਹਨਾਂ ਨੂੰ ਮਿਲਦਾ ਰਹਿੰਦਾ ਹੈ। ਪਰਜਾ ਤਬਾਹ ਹੋ ਰਹੀ ਹੈ। ਜਨਤਾ ਨੂੰ ਕੋਈ ਪੁਛਣ ਵਾਲਾ ਨਹੀਂ। ਇਸ ਦਾ ਪਿਓ ਬੜਾ ਚੰਗਾ ਆਦਮੀ ਸੀ। ਅਸਾਂ ਉਹਦਾ ਜ਼ਮਾਨਾ ਵੇਖਿਆ ਹੈ। ਹਰ ਰੋਜ਼ ਲੋਕਾਂ ਦੀਆਂ ਸ਼ਕਾ-ਇਤਾਂ ਸੁਣਦਾ ਸੀ। ਇਹ ਤਾਂ ਕਿਸੇ ਨੂੰ ਮਿਲਦਾ ਤਕ ਵੀ ਨਹੀਂ, ਇਸ ਦੀ ਮਿਤ੍ਰਤਾ ਹੈ ਤਾਂ ਕੇਵਲ ਅੰਗਰੇਜ਼ ਸਰਕਾਰ ਦੇ ਵਿਰੁਧ ਵਿਦਰੋਹ ਕਰਨ ਵਾਲੇ ਲੀਡਰਾਂ ਨਾਲ। ਇਹ ਗਦੀਓਂ ਲਹਿ ਜਾਏਗਾ ਭਲਾ ਅੰਗਰੇਜ਼ੀ ਸਰਕਾਰ ਦਾ ਟਾਕਰਾ ਕੌਣ ਕਰ ਸਕਦਾ ਹੈ। ਇਸ ਮੂਰਖ ਨੂੰ ਕੌਣ ਸਮਝਾਏ ਕਿ ਇਹ ਗ਼ਲਤ ਰਾਹ ਤੇ ਚਲ ਰਿਹਾ ਹੈ। ਪੁਲੀਟੀਕਲ ਏਜੰਟ ਇਸ ਦੇ ਵਿਰੁਧ ਹੈ। ਸਾਨੂੰ ਕੋਈ ਪੁਛਦਾ ਤਕ ਨਹੀਂ। ਜਦ ਤੋਂ ਪੈਨਸ਼ਨ ਲਈ ਹੈ ਘਰੇ ਹੀ ਪਏ ਹਾਂ। ਵਡੇ ਮਹਾਰਾਜਾ ਕਿੰਨੇ ਚੰਗੇ ਸਨ। ਅਸਾਂ ਲੱਖਾਂ ਰੁਪਏ ਕਮਾਏ ਇਤਿਆਦਿ। ਮੈਂ ਸੁਣਦਾ ਰਿਹਾ ਅਤੇ ਮੈਂ ਅਨੁਭਵ ਕੀਤਾ ਕਿ ਡਾਕਟਰ ਸਾਹਿਬ ਨਾ ਕੇਵਲ ਮਹਾਰਾਜੇ ਵਿਰੁਧ ਆਪਣੇ ਦਿਲ ਵਿਚ ਬੜੇ ਸਾੜੇ ਭਰੇ ਜਜ਼ਬਾਤ ਰਖਦੇ ਹਨ ਸਗੋਂ ਇਹ ਸੁਣ ਕੇ ਕਿ ਮੇਰੇ ਮਹਾਰਾਜੇ ਨਾਲ ਸੰਬੰਧ ਹਨ ਅਤੇ ਮਹਾਰਾਜੇ ਨੇ ਮੈਨੂੰ ਸਰਕਾਰੀ ਨੌਕਰੀ ਦੇ ਦਿਤੀ ਹੈ ਮੈਨੂੰ ਵੀ ਕੁਝ ਅਰਧ ਸਾੜੇ ਦੀਆਂ ਨਜ਼ਰਾਂ ਨਾਲ ਵੇਖਦੇ ਹਨ।

ਡੇਹਰਾਦੂਨ ਜਦ ਸਰਦਾਰ ਗੁਰਦਿਆਲ ਸਿੰਘ ਨੇ ਮੈਨੂੰ ਜ਼ਬਾਨੀ ਕਿਹਾ ਕਿ ਮਹਾਰਾਜੇ ਨੇ ਮੈਨੂੰ ਨੌਕਰੀ ਦੇ ਦਿਤੀ ਹੈ ਅਤੇ ਮੈਂ ਨਾਭੇ ਚਲਾ ਜਾਵਾਂ ਤਾਂ ਉਹਨਾਂ ਨੇ ਕਿਹਾ ਸੀ ਉਹ ਇਕ ਦੋ ਦਿਨਾਂ ਅੰਦਰ ਹੀ ਹੋਮ ਮੈਂਬਰ ਅਤੇ ਅਕਾਉਂਟੈਂਟ



Digitized by Panjab Digital Library | www.panjabdigilib.org

ਜਨਰਲ ਦੇ ਨਾਂ ਮੇਰੀ ਨੌਕਰੀ ਬਾਰੇ ਹੁਕਮ ਭੇਜ ਦੇਣਗੇ, ਪਰ ਰਿਆਸਤਾਂ ਦੀ ਗਡੀ ਦੇ ਪੁਰਜ਼ੇ ਬੜੇ ਹੌਲੀ ਚਲਦੇ ਹਨ। ਸ੍ਰ: ਗੁਰਦਿਆਲ ਸਿੰਘ ਰੁਝੇਵੇਂ ਦੇ ਕਾਰਨ ਹੋਮ ਮੈਂਬਰ ਅਤੇ ਅਕਾਉਟੈਂਟ ਜਨਰਲ ਨੂੰ ਹੁਕਮ ਭੇਜਣਾ ਵਿਸਰ ਗਏ ਅਤੇ ਦੋਂਹ ਤਿੰਨਾਂ ਦਿਨਾਂ ਪਿਛੋਂ ਕੰਸਰੋ ਦੇ ਜੰਗਲਾਂ ਵਿਚ ਮਹਾਰਾਜੇ ਨਾਲ ਸ਼ੇਰ ਦੇ ਸ਼ਿਕਾਰ ਲਈ ਤੁਰ ਗਏ ਭਾਵ ਮੈਂ ਮਹਾਰਾਜੇ ਦੇ ਹੁਕਮ ਅਨੁਸਾਰ ਨੌਕਰ ਤਾਂ ਹਾਂ, ਪਰ ਮੇਰੀ ਨਿਯੁਕਤੀ ਦਾ ਕੋਈ ਹੁਕਮ ਨਹੀਂ ਅਤੇ ਨਾ ਕਿਸੇ ਨੂੰ ਪਤਾ ਹੀ ਹੈ। ਡਾਕਟਰ ਸੇਵਾ ਸਿੰਘ ਨੂੰ ਮੇਰੇ ਆਖਣ ਦੇ ਬਾਵਜੂਦ ਯਕੀਨ ਨਹੀਂ ਆਉਂਦਾ ਸੀ ਕਿ ਮੈਂ ਨਾਭੇ ਵਿਚ ਨੌਕਰ ਹੋ ਗਿਆ ਹਾਂ। ਕਿਉਂਕਿ ਉਹ ਸਮਝਦੇ ਸਨ ਕਿ ਰਿਆਸਤਾਂ ਵਿਚ ਮੁਲਾਜ਼ਮ ਹੋਣਾ ਅਤੇ ਕਿਸੇ ਮਹਾਰਾਜੇ ਜਾਂ ਨਵਾਬ ਤਕ ਪਹੁੰਚ ਪ੍ਰਾਪਤ ਕਰਨੀ ਬਹੁਤ ਹੀ ਕਠਨ ਅਤੇ ਪੂਰਬਲੇ ਜਨਮਾਂ ਦੇ ਚੰਗਿਆਂ ਕਰਮਾਂ ਦੇ ਕਾਰਨ ਹੀ ਹੋ ਸਕਦੀ ਹੈ। ਉਹ ਕਈ ਦਿਨਾਂ ਤਕ ਇਹੋ ਸਮਝਦੇ ਰਹੇ ਕਿ ਸ਼ਾਇਦ ਮੈਂ ਝੂਠ ਮਾਰ ਕੇ ਉਹਨਾਂ ਕੋਲ ਕੁਝ ਦਿਨ ਲੰਘਾਉਣ ਲਈ ਆਇਆ ਹਾਂ ਅਸਲ ਵਿਚ ਨੌਕਰ ਨਹੀਂ ਹੋਇਆ। ਇਸ ਪਰਕਾਰ ਉਹ ਦਿਨ ਵਿਚ ਇਕ ਅਧ ਵਾਰ ਇਹ ਜ਼ਰੂਰ ਆਖ ਦਿੰਦੇ ਕਿ ਮਨੁਖ ਨੂੰ ਝੂਠ ਨਹੀਂ ਬੋਲਣਾ ਚਾਹੀਦਾ, ਵਿਹਲਿਆਂ ਨਹੀਂ ਰਹਿਣਾ ਚਾਹੀਦਾ, ਕੋਈ ਕੰਮ ਧੰਦਾ ਕਰਨਾ ਚਾਹੀਦਾ ਹੈ। ਧੋਖਾ ਨਹੀਂ ਦੇਣਾ ਚਾਹੀਦਾ ਅਤੇ ਜੇਕਰ ਘਟ ਤਨਖ਼ਾਹ ਤੇ ਹੀ ਕਿਤੇ ਨੌਕਰੀ ਮਿਲ ਜਾਏ ਤਾਂ ਕਰ ਲੈਣੀ ਚਾਹੀਦੀ ਹੈ। ਇਨ੍ਹਾਂ ਸਾਰੇ ਉਪਦੇਸ਼ਾਂ ਦਾ ਭਾਵ ਇਹ ਸੀ ਕਿ ਮੈਂ ਉਹਨਾਂ ਦੇ ਘਰ ਵਿਚ ਪਿਆ ਆਪਣਾ ਸਮਾਂ ਅਜਾਈਂ ਨਾ ਗਵਾਵਾਂ ਅਤੇ ਕਿਤੇ ਜਾ ਕੇ ਕੋਈ ਕੰਮ ਕਰਾਂ।

ਡਾਕਟਰ ਸੇਵਾ ਸਿੰਘ ਵਿਚਾਰੇ ਲੋੜੋਂ ਵਧ ਕੰਜੂਸ ਸਨ ਅਤੇ ਪ੍ਰਾਹੁਣਿਆਂ ਦੀ ਸ਼ਕਲ ਵੇਖਣੀ ਉਹਨਾਂ ਲਈ ਪ੍ਰਸੰਨਤਾ ਤੇ ਖ਼ੁਸ਼ੀ ਦਾ ਕਾਰਨ ਨਹੀਂ ਸੀ। ਮੈਂ ਇਹ ਅਨੁਭਵ ਕਰਦਾ ਸਾਂ ਕਿ ਭਾਵੇਂ ਇਹ ਚਾਚਾ ਹਨ, ਪਰ ਇਹਨਾਂ ਦੇ ਘਰ ਰਹਿਣਾ ਅਤੇ ਉਹਨਾਂ ਲਈ ਭਾਰ ਸਾਬਤ ਹੋਣਾ ਯੋਗ ਨਹੀਂ। ਪ੍ਰੰਤੂ ਕਰਦਾ ਵੀ ਤਾਂ ਕੀ ਕਰਦਾ। ਉਹ ਯਾਰਾਂ ਰੁਪਏ ਵੀ ਖ਼ਰਚ ਹੋ ਗਏ ਜਿਹੜੇ ਨਾਭਾ ਸਟੇਸ਼ਨ ਤੇ ਉਤਰਦੇ ਵੇਲੇ ਖੀਸੇ ਵਿਚ ਸਨ। ਨਾਭੇ ਵਿਚ ਕੋਈ ਅਜਿਹੀ ਦੂਜੀ ਥਾਂ ਨਹੀਂ ਸੀ ਜਿਥੇ ਰਹਿੰਦਾ। ਏਧਰ ਡਾਕਟਰ ਸਾਹਿਬ ਦੇ "ਉਪਦੇਸ਼ਾਂ" ਦੀ ਲੜੀ ਤੇਜ਼ੀ ਨਾਲ ਵਧਣੀ ਸ਼ੁਰੂ ਹੋਈ। ਜਦ ਵੀ ਮੈਂ ਉਹਨਾਂ ਦੇ ਸਾਹਮਣੇ ਜਾਂਦਾ ਉਹ ਇਹੋ ਉਚਾਰਦੇ ਕਿ ਝੂਠ ਨਹੀਂ ਬੋਲਣਾ ਚਾਹੀਦਾ, ਮਨੁਖ ਨੂੰ ਕੰਮ ਕਰਨਾ ਚਾਹੀਦਾ ਹੈ। ਸਮੇਂ ਦੀ ਕਦਰ ਕਰਨੀ ਚਾਹੀਦੀ ਹੈ। ਵੇਹਲਿਆਂ ਰਹਿਣਾ ਸ਼ੋਭਾ ਨਹੀਂ ਪਾਉਂਦਾ। ਮੈਂ ਹੈਰਾਨ ਸਾਂ ਕਿ ਕੀ ਕਰਾਂ। ਕੋਈ ਰਾਹ



Digitized by Panjab Digital Library | www.panjabdigilib.org

ਨਜ਼ਰ ਨਹੀਂ ਸੀ ਆਉਂਦਾ। ਆਖ਼ਰ ਮਜਬੂਰ ਹੋ ਕੇ ਇਹ ਫ਼ੈਸਲਾ ਕੀਤਾ ਕਿ ਡਾਕਟਰ ਸਾਹਿਬ ਦੀਆਂ ਨਜ਼ਰਾਂ ਤੋਂ ਜਿੰਨਾਂ ਵੀ ਹੋ ਸਕੇ ਦੂਰ ਰਹਾਂ। ਮੈਂ ਸਵੇਰੇ ਉਹਨਾਂ ਦੇ ਜਾਗਣ ਤੋਂ ਪਹਿਲਾਂ ਉਠਦਾ ਕੋਈ ਕਿਤਾਬ ਲੈ ਕੇ ਸ਼ਹਿਰੋਂ ਬਾਹਰ ਜਾਂ ਰੇਲ ਦੀ ਪਟੜੀ ਦੇ ਨਾਲ ਈ ਮੀਲ ਦੂਰ ਨਿਕਲ ਜਾਂਦਾ। ਕਿਸੇ ਖੂਹ ਜਾਂ ਨਹਿਰ ਤੇ ਨਹਾਉਂਦਾ। ਖੇਤਾਂ ਜਾਂ ਨਹਿਰ ਦੇ ਕੰਢੇ ਬੈਠਾ ਕਿਤਾਬ ਪੜ੍ਹਦਾ ਅਤੇ ਜਦ ਬਾਰਾਂ ਵਜੇ ਰੋਟੀ ਦਾ ਵੇਲਾ ਹੁੰਦਾ ਤਾਂ ਡਾਕਟਰ ਸਾਹਿਬ ਦੇ ਘਰ ਵਾਪਸ ਪਹੁੰਚਦਾ। ਘਰ ਰੋਟੀ ਖਾਣ ਬਹਿੰਦਾ ਤਾਂ ਡਾਕਟਰ ਸਾਹਿਬ ਫੇਰ ਉਹੀ ਉਪਦੇਸ਼ ਅਰੰਭ ਦਿੰਦੇ। ਮੈਂ ਨਿਲੱਜਿਆਂ ਤੇ ਢੀਠਾਂ ਬੰਦਿਆਂ ਵਾਂਗ ਇਹ ਉਪਦੇਸ਼ ਸੁਣਦਾ, ਰੋਟੀ ਖਾਂਦਾ ਅਤੇ ਫੇਰ ਘਰੋਂ ਨਿਕਲ ਤੁਰਦਾ ਤੇ ਸ਼ਹਿਰੋਂ ਬਾਹਰ ਖੇਤਾਂ ਵਿਚ ਜਾਂ ਰੇਲ ਦੀ ਪਟੜੀ ਤੇ ਜਾ ਬਹਿੰਦਾ ਅਤੇ ਰਾਤ ਨੂੰ ਅਠ ਨੌਂ ਵਜੇ ਮੁੜ ਘਰ ਵਾਪਸ ਆਉਂਦਾ। ਰੋਟੀ ਖਾਂਦਿਆਂ ਹੋਇਆਂ ਫੇਰ ਉਪਦੇਸ਼ ਸੁਣਦਾ ਅਤੇ ਸੌਂ ਜਾਂਦਾ। ਇਹ ਦਿਨ ਮੇਰੇ ਲਈ ਬੜੀ ਤਕਲੀਫ਼ ਦੇ ਦਿਨ ਸਨ, ਪਰ ਕਰਦਾ ਵੀ ਕੀ। ਜੇਕਰ ਮੁਲਾਜ਼ਮ ਨਾ ਹੋਇਆ ਹੁੰਦਾ ਤਾਂ ਤੁਰ ਜਾਂਦਾ। ਇਹ ਸੋਚ ਕੇ ਦਿਨ ਲੰਘਾ ਰਿਹਾ ਸਾਂ ਕਿ ਮਹਾਰਾਜਾ ਆਉਣ, ਤਨਖ਼ਾਹ ਮਿਲੇ ਤਾਂ ਕੋਈ ਮਕਾਨ ਲੈ ਕੇ ਰਹਾਂ।

ਕਈ ਦਿਨ ਲੰਘਣ ਪਿਛੋਂ ਡਾਕਟਰ ਸਾਹਿਬ ਆਪਣੀ ਪੈਨਸ਼ਨ ਲੈਣ ਖ਼ਜ਼ਾਨੇ ਗਏ। ਖ਼ਜ਼ਾਨੇ ਦੇ ਕੋਲ ਹੀ ਅਕਾਊਂਟੈਂਟ ਜਨਰਲ ਦਾ ਦਫ਼ਤਰ ਸੀ। ਖ਼ਜ਼ਾਨੇ 'ਚੋਂ ਆਪਣੀ ਪੈਨਸ਼ਨ ਦਾ ਰੁਪਿਆ ਲੈ ਕੇ ਅਕਾਊਂਟੈਂਟ ਜਨਰਲ ਨੂੰ ਮਿਲਣ ਚਲੇ ਗਏ। ਅਕਾਊਂਟੈਂਟ ਜਨਰਲ ਤੋਂ ਉਹਨਾਂ ਨੇ ਪੁਛਿਆ ਕਿ ਤੁਹਾਡੇ ਕੋਲ ਕਿਸੇ ਦੀਵਾਨ ਸਿੰਘ ਦੇ ਨੌਕਰ ਹੋਣ ਬਾਰੇ ਮਹਾਰਾਜੇ ਦਾ ਹੁਕਮ ਪੁਜਾ ਹੈ। ਅਕਾਊਂਟੈਂਟ ਜਨਰਲ ਨੇ ਆਪਣੇ ਅਧੀਨਾਂ ਕੋਲੋਂ ਪੁਛਿਆ ਜੁਆਬ ਮਿਲਿਆ ਕਿ ਕੋਈ ਹੁਕਮ ਨਹੀਂ ਪਹੁੰਚਿਆ। ਇਹ ਸੁਣ ਕੇ ਡਾਕਟਰ ਸਾਹਿਬ ਵਾਪਸ ਘਰ ਪਹੁੰਚੇ। ਹੁਣ ਉਹਨਾਂ ਨੂੰ ਪੂਰਾ ਯਕੀਨ ਹੋ ਗਿਆ ਕਿ ਮੈਂ ਉਹਨਾਂ ਨੂੰ ਧੋਖਾ ਦੇ ਕੇ ਉਹਨਾਂ ਦੇ ਮਕਾਨ ਤੇ ਠਹਿਰਿਆ ਹੋਇਆ ਹਾਂ। ਨੌਕਰ ਨਹੀਂ ਹੋਇਆ ਅਤੇ ਉਹਨਾਂ ਨਾਲ ਚਾਰ ਸੌ ਵੀਹ ਕੀਤੀ ਜਾ ਰਹੀ ਹੈ। ਮੈਂ ਰਾਤ ਨੂੰ ਨੌਂ ਵਜੇ ਰੋਜ਼ ਅਨੁਸਾਰ ਬਾਹਰੋਂ ਵਾਪਸ ਰੋਟੀ ਖਾਣ ਦੇ ਵੇਲੇ ਪਹੁੰਚਿਆ ਤਾਂ ਉਹ ਬੜੇ ਗੁਸੇ ਵਿਚ ਸਨ। ਵੇਖਦਿਆਂ ਹੀ ਮੇਰੇ ਤੇ ਵਰ੍ਹ ਪਏ ਕਿ ਬਿਨਾਂ ਕਿਸੇ ਕੰਮ ਦੇ ਜ਼ਿੰਦਗੀ ਦੇ ਦਿਨ-ਕਟੀ ਕਰਦਿਆਂ ਸ਼ਰਮ ਪ੍ਰਤੀਤ ਨਹੀਂ ਹੁੰਦੀ। ਅਜ ਕਲ ਦੇ ਜ਼ਮਾਨੇ ਵਿਚ ਝੂਠ ਮਾਰਨ ਨੂੰ ਤਾਂ ਕੋਈ ਐਬ ਹੀ ਨਹੀਂ ਸਮਝਿਆ ਜਾਂਦਾ ਅਤੇ ਉਹਨਾਂ ਨੇ ਅਕਾਊਂਟੈਂਟ ਜਨਰਲ ਤੋਂ ਪੁਛਿਆ ਹੈ ਕਿ ਮੈਂ ਬਿਲਕੁਲ



Digitized by Panjab Digital Library | www.panjabdigilib.org

ਨੌਕਰ ਨਹੀਂ ਹਾਂ ਅਤੇ ਧੋਖਾ ਦਿੰਦੇ ਹੋਇਆਂ ਉਹਨਾਂ ਦੇ ਮਕਾਨ ਤੇ ਸਬਰ ਘਤੀ ਬੈਠਾ ਹਾਂ। ਮੈਂ ਡਾਕਟਰ ਸਾਹਿਬ ਦੇ ਇਸ ਵਰਤਾਉ ਨੂੰ ਬੜੀ ਬੁਰੀ ਤਰ੍ਹਾਂ ਅਨੁਭਵ ਕਰਦਾ ਸਾਂ। ਮੈਂ ਬੰਨੂੰ ਆਪਣੇ ਚਾਚੇ ਦੇ ਪੁਤ ਭਰਾ ਸ: ਸਾਹਿਬ ਸਿੰਘ ਨੂੰ ਜੋ ਉਥੇ ਸਬ-ਇਨਸਪੈਕਟਰ ਪੁਲੀਸ ਸਨ ਖ਼ਤ ਲਿਖ ਕੇ ਰੁਪਏ ਮੰਗਵਾਏ, ਪਰ ਉਹ ਕੇਵਲ ਪੰਝੀ ਰੁਪਏ ਸਨ। ਇਹਨਾਂ ਪੰਝੀ ਰੁਪਿਆਂ ਵਿਚ ਨਾ ਮਕਾਨ ਕਿਰਾਏ ਤੇ ਲੈ ਸਕਦਾ ਸਾਂ ਨਾ ਰੋਟੀ ਪਕਾਉਣ ਲਈ ਨੌਕਰ ਹੀ ਰਖ ਸਕਦਾ ਸਾਂ ਅਤੇ ਨਾ ਹੀ ਇਹ ਖਰਚਾਂ ਲਈ ਪੂਰੇ ਸਨ, ਕਰਦਾ ਤਾਂ ਕੀ ਕਰਦਾ। ਇਸ ਤਰ੍ਹਾਂ ਡਾਕਟਰ ਸਾਹਿਬ ਦੇ ਮਕਾਨ ਤੇ ਰਹਿਣ ਅਤੇ ਵਕਤ ਕਟੀ ਕਰਨ ਲਈ ਮਜਬੂਰ ਸਾਂ। ਮਹਾਰਾਜੇ ਦੀ ਉਡੀਕ ਦਾ ਇਕ ਇਕ ਦਿਨ ਵਰ੍ਹੇ ਵਰ੍ਹੇ ਭਰ ਦਾ ਪ੍ਰਤੀਤ ਹੋ ਰਿਹਾ ਸੀ ਅਤੇ ਡਾਕਟਰ ਸਾਹਿਬ ਦੇ "ਉਪਦੇਸ਼ਾਂ" ਦੀ ਲੜੀ 'ਚ ਦਿਨੋਂ ਦਿਨ ਵਾਧਾ ਹੁੰਦਾ ਜਾ ਰਿਹਾ ਸੀ। ਮੈਂ ਇਸ ਜੀਵਨ ਤੋਂ ਬੜਾ ਤੰਗ ਆ ਚੁਕਾ ਸਾਂ ਅਤੇ ਕਈ ਵਾਰ ਖ਼ਿਆਲ ਆਇਆ ਕਿ ਨਾਭਿਓਂ ਤੁਰ ਜਾਵਾਂ, ਪ੍ਰੰਤੂ ਇਸ ਆਸ ਤੇ ਕਿ ਮਹਾਰਾਜਾ ਅਜ ਆਉਂਦੇ ਹਨ ਕਲ ਆਉਂਦੇ ਹਨ ਨਾ ਜਾ ਸਕਿਆ।

ਮੈਂ ਡਾਕਟਰ ਸਾਹਿਬ ਦੇ ਮਕਾਨ ਤੇ ਸ਼ਾਇਦ ਇਕ ਮਹੀਨੇ ਦੇ ਕਰੀਬ ਰਿਹਾ। ਇਕ ਦਿਨ ਸਵੇਰ ਵੇਲੇ ਸ਼ਹਿਰ ਵਿਚ ਤੋਪਾਂ ਦੀ ਆਵਾਜ਼ ਸੁਣਾਈ ਦਿਤੀ। ਇਹ ਤੋਪਾਂ ਮਹਾਰਾਜੇ ਦੇ ਵਾਪਸ ਨਾਭੇ ਪਹੁੰਚਣ ਦੀ ਸਲਾਮੀ ਦੀਆਂ ਸਨ। ਮੇਰਾ ਦੈਨਿਕ ਜੀਵਨ ਅਤੇ ਡਾਕਟਰ ਸਾਹਿਬ ਦੇ ਉਪਦੇਸ਼ ਮੇਰੇ ਲਈ ਅਸਹਿ ਸੀਮਾ ਤਕ ਪਹੁੰਚ ਚੁਕੇ ਸਨ। ਜਦ ਮੈਨੂੰ ਪਤਾ ਲਗਾ ਕਿ ਮਹਾਰਾਜਾ ਨਾਭਾ ਵਾਪਸ ਪਹੁੰਚ ਗਏ ਹਨ ਤਾਂ ਮੈਂ ਮਹਾਰਾਜੇ ਨੂੰ ਇਕ ਖ਼ਤ ਰਜਿਸਟਰੀ ਕਰਾ ਕੇ ਭੇਜਿਆ ਜਿਸ ਦਾ ਭਾਵ ਇਸ ਪ੍ਰਕਾਰ ਸੀ :—

"ਯੂਅਰ ਹਾਈਨੈਸ,

ਡੇਹਰਾਦੂਨ ਸ: ਗੁਰਦਿਆਲ ਸਿੰਘ ਨਿੱਜੀ ਸਕੱਤ੍ਰ ਨੇ ਦਸਿਆ ਸੀ ਕਿ ਮੈਂ ਮੁਲਾਜ਼ਮ ਹੋ ਗਿਆ ਹਾਂ ਅਤੇ ਮੁਲਾਜ਼ਮਤ ਸੰਬੰਧੀ ਹੁਕਮ ਹੋਮ ਮੈਂਬਰ ਅਤੇ ਅਕਾਊਂਟੈਂਟ ਜਨਰਲ ਨੂੰ ਇਕ ਦੋ ਦਿਨਾਂ ਤਕ ਹੀ ਭੇਜ ਦਿਤਾ ਜਾਏਗਾ, ਪ੍ਰੰਤੂ ਅਜੇ ਤਕ ਕੋਈ ਹੁਕਮ ਨਹੀਂ ਪੁਜਾ। ਮੈਂ ਏਥੇ ਨਾਭੇ ਵਿਚ ਸਰਦਾਰ ਸਾਹਿਬ ਡਾਕਟਰ ਸੇਵਾ ਸਿੰਘ ਦੇ ਮਕਾਨ ਤੇ ਠਹਿਰਿਆ ਅਤੇ ਪ੍ਰਾਹੁਣਾ ਹਾਂ ਕਿਉਂਕਿ ਮੇਰੇ ਕੋਲ ਇਕ ਪੈਸਾ ਵੀ ਖ਼ਰਚ ਲਈ ਨਹੀਂ ਤੇ ਨਾ ਹੀ ਕੋਈ ਰਹਿਣ ਲਈ ਦੂਜੀ ਥਾਂ ਹੀ ਹੈ। ਮੈਂ ਇਸ ਵਰਤਮਾਨ ਜੀਵਨ ਤੋਂ ਅਤੀ ਤੰਗ ਆ ਚੁਕਾ ਹਾਂ, ਕਿਉਂਕਿ ਡਾਕਟਰ ਸਾਹਿਬ ਨੂੰ ਪ੍ਰਾਹੁਣਿਆਂ ਦੀ ਮਨਹੂਸ ਸ਼ਕਲ

ਵੇਖਣੀ ਪਸੰਦ ਨਹੀਂ, ਭਾਵੇਂ ਕਿ ਉਹ ਮੇਰੇ ਚਾਚੇ ਹੀ ਹਨ। ਇਹ ਖ਼ਤ ਤੁਹਾਡੇ ਪਾਸ ਕਲ ਪਹੁੰਚ ਜਾਏਗਾ ਅਤੇ ਮੈਂ ਪਰਸੋਂ ਸ਼ਾਮ ਤਕ ਉਡੀਕ ਕਰਾਂਗਾ। ਜੇਕਰ ਪਰਸੋਂ ਸ਼ਾਮ ਤਕ ਹਜ਼ੂਰ ਵਲੋਂ ਕੋਈ ਉੱਤਰ ਨਾ ਆਇਆ ਅਤੇ ਮੇਰੀ ਮੁਲਾਜ਼ਮਤ ਦਾ ਹੁਕਮ ਅਕਾਊਂਟੇਂਟ ਜਨਰਲ ਕੋਲ ਨਾ ਪੁਜਾ ਤਾਂ ਮੈਂ ਪਰਸੋਂ ਰਾਤ ਦੀ ਗੱਡੀ ਏਥੋਂ ਲਾਹੌਰ ਚਲਾ ਜਾਵਾਂਗਾ। ਮੇਰੇ ਲਈ ਹੋਰ ਵਧੇਰੇ ਉਡੀਕ ਕਰਨੀ ਅਸੰਭਵ ਹੋ ਚੁਕੀ ਹੈ।"

ਇਸ ਖ਼ਤ ਨੂੰ ਮੈਂ ਰਜਿਸਟਰੀ ਰਾਹੀਂ ਭੇਜਿਆ ਅਤੇ ਲਫ਼ਾਫ਼ੇ ਤੇ ਵੀ ਪਰਸਨਲ ਲਿਖ ਦਿਤਾ ਤਾਕਿ ਮਹਾਰਾਜੇ ਦੇ ਹਥਾਂ ਤਕ ਪਹੁੰਚ ਜਾਏ। ਖ਼ਤ ਭੇਜਣ ਉਪਰੰਤ ਮੈਂ ਲਾਹੌਰ ਜਾਣ ਦੀ ਤਿਆਰੀ ਅਰੰਭ ਦਿਤੀ ਕਿਉਂਕਿ ਮੈਂ ਖ਼ਿਆਲ ਕੀਤਾ ਕਿ ਮਹਾਰਾਜਾ ਵਡਾ ਆਦਮੀ ਹੈ ਇਸ ਖ਼ਤ ਦਾ ਜੁਆਬ ਜਲਦੀ ਕੀ ਦੇਣਗੇ। ਮੇਰੇ ਲਈ ਹੋਰ ਵਧੇਰੇ ਨਾਭੇ ਰਹਿਣਾ ਸੰਭਵ ਨਹੀਂ। ਜੇਕਰ ਮਹਾਰਾਜਾ ਚਾਹੁਣਗੇ ਤਾਂ ਮੈਂ ਲਾਹੌਰੋਂ ਫੇਰ ਆ ਜਾਵਾਂਗਾ।

ਇਹ ਖਤ ਮਹਾਰਾਜੇ ਨੂੰ ਅਗਲੇ ਦਿਨ ਪਹੁੰਚ ਗਿਆ। ਉਹਨਾਂ ਨੇ ਖਤ ਪੜ੍ਹਦਿਆਂ ਹੀ ਸਰਦਾਰ ਜ਼ੋਰਾ ਸਿੰਘ ਹਾਊਸਹੋਲਡ ਮਨਿਸਟਰ ਨੂੰ ਬੁਲਾਇਆ ਅਤੇ ਕਿਹਾ ਕਿ ਡਾਕਟਰ ਸੇਵਾ ਸਿੰਘ ਦੇ ਮਕਾਨ ਤੇ ਦੀਵਾਨ ਸਿੰਘ ਠਹਿਰਿਆ ਹੋਇਆ ਹੈ। ਉਸ ਕੋਲ ਜਾਓ। ਸਰਕਾਰੀ ਮਕਾਨ ਦਾ ਰਹਿਣ ਲਈ ਪ੍ਰਬੰਧ ਕਰ ਦਿਓ। ਸਰਕਾਰੀ ਨੌਕਰ ਦਿਓ, ਜਿੰਨੇ ਰੁਪਏ ਦੀ ਲੋੜ ਹੋਵੇ ਉਹ ਦਿਓ ਅਤੇ ਬਤੌਰ ਸਰਕਾਰੀ ਮਹਿਮਾਨ ਹਰ ਤਰ੍ਹਾਂ ਦੀ ਸਹੂਲਤ ਪੁਚਾਈ ਜਾਏ। ਕੋਈ ਤਕਲੀਫ਼ ਨਾ ਹੋਵੇ। ਇਸ ਹੁਕਮ ਦੇ ਮਿਲਦਿਆਂ ਹੀ ਸ਼ਾਮ ਨੂੰ ਚਾਰ ਵਜੇ ਦੇ ਕਰੀਬ ਸਰਦਾਰ ਜ਼ੋਰਾ ਸਿੰਘ ਡਾਕਟਰ ਸੇਵਾ ਸਿੰਘ ਦੇ ਮਕਾਨ ਤੇ ਪਹੁੰਚੇ। ਮੈਂ ਨੇਮ ਅਨੁਸਾਰ ਘਰ ਹਾਜ਼ਰ ਨਹੀਂ ਸਾਂ "ਦੌਰੇ" ਚੜ੍ਹਿਆ ਹੋਇਆ ਸਾਂ, ਭਾਵ ਰੇਲ ਦੀ ਪਟੜੀ ਦੇ ਨਾਲ ਨਾਲ ਜਾ ਕੇ ਸ਼ਹਿਰੋਂ ਕਈ ਮੀਲ ਦੂਰ ਬੈਠਾ ਹੋਇਆ ਸਾਂ। ਸਰਦਾਰ ਜ਼ੋਰਾ ਸਿੰਘ ਨੇ ਡਾਕਟਰ ਸਾਹਿਬ ਦੇ ਮਕਾਨ ਤੇ ਪਹੁੰਚ ਕੇ ਨੌਕਰ ਨੂੰ ਆਵਾਜ਼ ਦਿਤੀ। ਨੌਕਰ ਬਾਹਰ ਆਇਆ। ਉਸ ਨੇ ਡਾਕਟਰ ਸਾਹਿਬ ਨੂੰ ਖ਼ਬਰ ਦਿਤੀ ਕਿ ਸਰਦਾਰ ਜ਼ੋਰਾ ਸਿੰਘ ਆਏ ਹਨ। ਡਾਕਟਰ ਸਾਹਿਬ ਨੇ ਸਰਦਾਰ ਸਾਹਿਬ ਨੂੰ ਅੰਦਰ ਬੁਲਾਇਆ। ਸੁਖ ਸਾਂਦ ਪੁਛਣ ਪਿਛੋਂ ਸਰਦਾਰ ਜ਼ੋਰਾ ਸਿੰਘ ਨੇ ਡਾਕਟਰ ਸਾਹਿਬ ਨੂੰ ਕਿਹਾ ਕਿ ਤੁਹਾਡੇ ਘਰ ਜੋ ਸਰਦਾਰ ਜੀਵਨ ਸਿੰਘ ਰਹਿੰਦੇ ਹਨ, ਮਹਾਰਾਜਾ ਸਾਹਿਬ ਨੇ ਹੁਕਮ ਦਿਤਾ ਹੈ ਕਿ ਉਹਨਾਂ ਲਈ ਸਰਕਾਰੀ ਕੋਠੀ, ਸਰਕਾਰੀ ਪ੍ਰਾਹੁਣਾਚਾਰੀ, ਰੁਪਿਆ ਅਤੇ ਜਿਸ ਸ਼ੈ ਦੀ ਲੋੜ ਹੋਵੇ ਪ੍ਰਬੰਧ ਕਰ ਦਿਤਾ ਜਾਏ। ਡਾਕਟਰ ਸਾਹਿਬ



Digitized by Panjab Digital Library | www.panjabdigilib.org

ਦਾ ਇਕ ਨੌਕਰ ਜੀਵਨ ਸਿੰਘ — ਜਿਹੜਾ ਪਹਿਲਾਂ ਫ਼ੌਜ ਵਿਚ ਸੀ ਅਤੇ ਫ਼ੌਜ 'ਚੋਂ ਰੀਟਾਇਰ ਹੋਣ ਪਿਛੋਂ ਡਾਕਟਰ ਸਾਹਿਬ ਕੋਲ ਜਾਇਦਾਦ ਦਾ ਕਿਰਾਇਆ ਆਦਿ ਉਗਰਾਹੁਣ ਤੇ ਨੌਕਰ ਹੋ ਗਿਆ ਸੀ — ਕੋਲ ਖਲੋਤਾ ਸੀ। ਡਾਕਟਰ ਸਾਹਿਬ ਨੇ ਜਦ ਸਰਦਾਰ ਜ਼ੋਰਾ ਸਿੰਘ ਦੇ ਮੂੰਹੋਂ ਇਹ ਸੁਣਿਆ ਕਿ ਮਹਾਰਾਜਾ ਨੇ ਜੀਵਨ ਸਿੰਘ ਨੂੰ ਰੁਪਿਆ ਅਤੇ ਕੋਠੀ ਦਾ ਹੁਕਮ ਦਿਤਾ ਹੈ ਤਾਂ ਡਾਕਟਰ ਸਾਹਿਬ ਬੜੇ ਹੈਰਾਨ ਹੋਏ ਅਤੇ ਉਹਨਾਂ ਨੂੰ ਖਿਆਲ ਆਇਆ ਕਿ ਰਿਆਸਤਾਂ ਦਾ ਮਾਮਲਾ ਹੈ ਇਹ ਜੀਵਨ ਸਿੰਘ ਸ਼ਾਇਦ ਉਹਨਾਂ ਦੀ ਮੁਖਬਰੀ ਕਰਦਾ ਹੋਵੇਗਾ ਜਿਹੜਾ ਇਸ ਨੂੰ ਰੁਪਿਆ ਅਤੇ ਕੋਠੀ ਦੇਣ ਦਾ ਹੁਕਮ ਹੋਇਆ ਹੈ। ਜੀਵਨ ਸਿੰਘ ਵਖ ਅਸਚਰਜ ਕਿ ਮਹਾਰਾਜਾ ਨੇ ਬਿਨਾਂ ਕਿਸੇ ਬਿਨਯ-ਪਤ੍ਰ ਦੇ ਏਨੀ ਦਿਆਲਤਾ ਕਿਉਂ ਕੀਤੀ। ਹੈਰਾਨੀ ਦੇ ਇਸ ਵਾਤਾਵਰਣ ਨੂੰ ਵੇਖ ਕੇ ਸਰਦਾਰ ਜ਼ੋਰਾ ਸਿੰਘ ਵੀ ਹੈਰਾਨ ਕਿ ਮਾਮਲਾ ਕੀ ਹੈ । ਮਹਾਰਾਜੇ ਨੇ ਹੁਕਮ ਕਿਉਂ ਦਿਤਾ ਹੈ ਅਤੇ ਕਿਹਦੇ ਲਈ ਦਿਤਾ ਹੈ । ਇਸ ਪ੍ਰਕਾਰ ਸਰਦਾਰ ਜ਼ੋਰਾ ਸਿੰਘ ਨੇ ਡਾਕਟਰ ਸਾਹਿਬ ਤੋਂ ਪੁਛਿਆ ਕਿ ਕੀ ਇਹੋ ਸਰਦਾਰ ਜੀਵਨ ਸਿੰਘ ਹਨ ਜਿਹੜੇ ਤੁਹਾਡੇ ਘਰ ਬਤੌਰ ਪ੍ਰਾਹੁਣੇ ਦੇ ਠਹਿਰੇ ਹੋਏ ਹਨ। ਇਹ ਸੁਣਦਿਆਂ ਹੀ ਡਾਕਟਰ ਸਾਹਿਬ ਨੂੰ ਖ਼ਿਆਲ ਆਇਆ ਕਿ ਇਹ ਹੁਕਮ ਦੀਵਾਨ ਸਿੰਘ ਬਾਰੇ ਹੋਣ। ਉਹਨਾਂ ਨੇ ਪੁਛਿਆ ਕਿ ਸਰਕਾਰ ਦਾ ਹੁਕਮ ਕਿਤੇ ਦੀਵਾਨ ਸਿੰਘ ਬਾਰੇ ਤਾਂ ਨਹੀਂ । ਇਸ ਤੇ ਸਰਦਾਰ ਜ਼ੋਰਾ ਸਿੰਘ ਨੇ ਕਿਹਾ ਕਿ ਹਾਂ ! ਹਾਂ ਸਰਦਾਰ ਦੀਵਾਨ ਸਿੰਘ ਬਾਰੇ ਹੀ ਹੈ ਜਿਹੜੇ ਨਵੇਂ ਸਰਕਾਰੀ ਮੁਲਾਜ਼ਮ ਹੋਏ ਹਨ। ਮੈਂ ਨਾਂ ਭੁਲ ਗਿਆ ਸਾਂ । ਇਹ ਯਕੀਨ ਹੋਣ ਤੇ ਕਿ ਮਹਾਰਾਜੇ ਨੇ ਇਹ ਹੁਕਮ ਦੀਵਾਨ ਸਿੰਘ ਬਾਰੇ ਹੀ ਦਿਤਾ ਹੈ ਅਤੇ ਦੀਵਾਨ ਸਿੰਘ ਸਚ ਮੁਚ ਹੀ ਨੌਕਰ ਹੋ ਗਿਆ ਹੈ ਅਤੇ ਠੀਕ ਹੀ ਇਸ ਦੇ ਮਹਾਰਾਜੇ ਨਾਲ ਸੰਬੰਧ ਹਨ ਤਾਂ ਉਹਨਾਂ ਨੇ ਸਰਦਾਰ ਜ਼ੋਰਾ ਸਿੰਘ ਨੂੰ ਉੱਤਰ ਦਿਤਾ ਕਿ ਤੁਸੀਂ ਮਹਾਰਾਜਾ ਸਾਹਿਬ ਨੂੰ ਆਖੋ ਕਿ ਦੀਵਾਨ ਸਿੰਘ ਡਾਕਟਰ ਸਾਹਿਬ ਦਾ ਸੱਕਾ ਭਤੀਜਾ ਹੈ। ਕੋਈ ਓਪਰਾ ਨਹੀਂ ਇਸ ਦਾ ਆਪਣਾ ਘਰ ਹੈ ਅਤੇ ਉਹ ਬੜੇ ਆਰਾਮ ਵਿਚ ਹੈ। ਉਸ ਨੂੰ ਕਿਸੇ ਸ਼ੈ ਦੀ ਲੋੜ ਨਹੀਂ । ਤੁਹਾਡਾ ਦਿਤਾ ਹੋਇਆ ਸਭ ਕੁਝ ਹਾਜ਼ਰ ਹੈ। ਕੋਈ ਘਾਟਾ ਨਹੀਂ । ਉਹ ਜੋ ਕੁਝ ਚਾਹੇ ਏਥੇ ਆਪਣੇ ਘਰੋਂ ਲੈ ਸਕਦਾ ਹੈ। ਅਸੀਂ ਹਜ਼ੂਰ ਦੇ ਮੁੱਢ ਕਦੀਮ ਦੇ ਲੂਣ ਖਾ ਰਹੇ ਹਾਂ ਅਤੇ ਧੰਨਵਾਦੀ ਹਾਂ ਕਿ ਸਰਕਾਰ ਨੇ ਸਾਡੇ ਖ਼ਾਨਦਾਨ ਦੇ ਇਕ ਹੋਰ ਮੈਂਬਰ ਨੂੰ ਸਰਕਾਰੀ ਨੌਕਰੀ ਬਖ਼ਸ਼ਣ ਦਾ ਸੁਭਾਗ ਦਿਤਾ ਹੈ। ਸਾਡੀ ਤਾਂ ਦਿਲੀ ਚਾਹ ਹੈ ਕਿ ਸਾਡੇ ਖ਼ਾਨਦਾਨ ਦਾ ਬੱਚਾ ਬੱਚਾ ਹਜ਼ੂਰ ਦੀ ਵਫ਼ਾਦਾਰੀ ਨਾਲ ਸੇਵਾ ਨਿਭਾਵੇ। ਇਹ ਸੁਣ ਕੇ



Digitized by Panjab Digital Library | www.panjabdigilib.org

ਸਰਦਾਰ ਜ਼ੋਰਾ ਸਿੰਘ ਆਪਣੇ ਘਰ ਚਲੇ ਗਏ ।

ਮੈਂ ਨੇਮ ਅਨੁਸਾਰ ਅਠ ਵਜੇ ਦੇ ਕਰੀਬ ਵਾਪਸ ਪੁੱਜਾ । ਡਾਕਟਰ ਸਾਹਿਬ ਮੇਰੀ ਉਡੀਕ ਕਰ ਰਹੇ ਸਨ । ਜਦ ਮੈਂ ਵੇਹੜੇ ਵਿਚ ਪੈਰ ਰਖਿਆ ਅਤੇ ਉਹਨਾਂ ਨੂੰ ਮੇਰੇ ਪੈਰਾਂ ਦੀ ਆਵਾਜ਼ ਪਹੁੰਚੀ ਤਾਂ ਉਹਨਾਂ ਨੇ ਕਮਰੇ ਦੇ ਅੰਦਰੋਂ ਹੀ ਆਵਾਜ਼ ਦੇ ਕੇ ਪੁਛਿਆ ਕੌਣ ਹੈ । ਮੈਂ ਭਿੱਜੀ ਬਿੱਲੀ ਵਾਂਗ ਸਹਿਮੀ ਆਵਾਜ਼ ਵਿਚ ਉੱਤਰ ਦਿਤਾ ਕਿ ਜੀ ਮੈਂ ਹਾਂ । ਡਾਕਟਰ ਸਾਹਿਬ ਨੇ ਬੜੇ ਆਦਰ ਭਾਵ ਨਾਲ ਮੈਨੂੰ ਆਪਣੇ ਕੋਲ ਅੰਦਰ ਸਦ ਲਿਆ । ਡਾਕਟਰ ਸਾਹਿਬ ਦੇ ਘਰ ਵਿਚ ਬੈਠਣ ਲਈ ਸਰਕੰਡੇ ਦੇ ਛੇ ਸਤ ਮੂੜ੍ਹੇ ਸਨ ਜਿਨ੍ਹਾਂ ਤੇ ਹਿਰਨਾਂ ਦੀਆਂ ਖੱਲਾਂ ਮੜ੍ਹੀਆਂ ਹੋਈਆਂ ਸਨ । ਇਕ ਮੂੜ੍ਹੇ ਤੇ ਬਹਿਣ ਲਈ ਮੈਨੂੰ ਹੁਕਮ ਹੋਇਆ । ਮੈਂ ਬਹਿ ਗਿਆ ਤਾਂ ਉਹਨਾਂ ਨੇ ਹਰਨਾਮੀ ਨੌਕਰਾਣੀ ਨੂੰ ਆਵਾਜ਼ ਦਿਤੀ ਕਿ ਹਰਨਾਮੀ ਕਾਕੇ ਲਈ ਰੋਟੀ ਲਿਆ — ਨਾਭੇ, ਪਟਿਆਲੇ ਅਤੇ ਜੀਂਦ ਦੀਆਂ ਰਿਆਸਤਾਂ ਵਿਚ ਰਿਆਸਤਾਂ ਦੇ ਰਾਜਿਆਂ ਦੇ ਪੁਤਰਾਂ ਅਤੇ ਸੰਬੰਧੀਆਂ ਨੂੰ ਤਾਂ ਕੰਵਰ ਸਾਹਿਬ ਕਹਿੰਦੇ ਹਨ ਅਤੇ ਅਹਿਲਕਾਰਾਂ ਤੇ ਅਫ਼ਸਰਾਂ ਦਿਆਂ ਪੁੱਤਰਾਂ ਅਤੇ ਛੋਟੀ ਆਯੂ ਦੇ ਰਿਸ਼ਤੇਦਾਰਾਂ ਨੂੰ "ਕਾਕਾ ਜੀ" ਆਖਦੇ ਹਨ — ਹਰਨਾਮੀ ਜਦ ਰੋਟੀ ਲਿਆਈ, ਮੈਂ ਮੂੜ੍ਹੇ ਤੇ ਬੈਠਾ ਅਤੇ ਅਗੇ ਤਿਪਾਈ ਰਖ ਕੇ ਰੋਟੀ ਰਖ ਕੇ ਰੋਟੀ ਖਾ ਰਿਹਾ ਸਾਂ ਤਾਂ ਹਰਨਾਮੀ ਨੂੰ ਹੁਕਮ ਮਿਲਿਆ ਕਿ ਅਗੇ ਤੋਂ ਦੋਵੇਂ ਵੇਲੇ ਦਾਲ ਨਾਲ ਆਲੂ ਜਾਂ ਕੋਈ ਹੋਰ ਸਬਜ਼ੀ ਵੀ ਬਣਾਈ ਜਾਇਆ ਕਰੇ । ਜੀਵਨ ਸਿੰਘ ਮੁਲਾਜ਼ਮ ਨੂੰ ਹੁਕਮ ਦਿਤਾ ਗਿਆ ਕਿ ਕਲ ਸਵੇਰੇ ਉਪਰ ਦੇ ਚੁਬਾਰੇ ਵਿਚ ਇਕ ਪਲੰਘ ਵਿਛਾ ਦਿਤਾ ਜਾਏ ਇਕ ਨਿਕਾ ਜਿਹਾ ਤਖ਼ਤ ਪੋਸ਼ ਰਖਿਆ ਜਾਏ । ਗੁਦਾਮ ਦੇ ਕਮਰੇ 'ਚੋਂ ਪਾਣੀ ਲਈ ਇਕ ਟਬ ਕੱਢ ਕੇ ਉਥੇ ਪੁਚਾ ਦਿਤਾ ਜਾਏ ਅਤੇ ਕੋਈ ਮਿਲਣ ਵਾਲਾ ਆਏ ਤਾਂ ਉਸ ਲਈ ਇਕ ਕੁਰਸੀ ਅਤੇ ਇਕ ਮੂੜ੍ਹਾ ਵੀ ਉਥੇ ਰਖ ਦਿਤਾ ਜਾਏ — ਸਮਝੋ ਕਿ ਸਿਆਸੀ ਕੈਦੀ ਨੂੰ ਸੀ ਕਲਾਸ ਤੋਂ ਇਕ ਦਮ ਏ ਕਲਾਸ ਵਿਚ ਰਖਣ ਦਾ ਹੁਕਮ ਦੇ ਦਿਤਾ ਗਿਆ — ਮੈਂ ਹੈਰਾਨ ਕਿ ਡਾਕਟਰ ਸਾਹਿਬ ਅਜ ਬਹੁਤ ਹੀ ਮਿਹਰਬਾਨੀਆਂ ਕਰ ਰਹੇ ਹਨ ਕਾਰਨ ਕੀ ਹੈ । ਮੈਂ ਸੁਣਿਆ ਸੀ ਕਿ ਡਾਕਟਰ ਸਾਹਿਬ ਜਦ ਵਿਦਿਆ ਪ੍ਰਾਪਤ ਕਰਦੇ ਸਨ ਤਾਂ ਮੇਰੇ ਪਿਤਾ ਜੀ ਉਸ ਜ਼ਮਾਨੇ 'ਚ ਡਾਕਟਰ ਸਨ ਅਤੇ ਉਹਨਾਂ ਦੇ ਜ਼ੋਰ ਦੇਣ ਤੇ ਹੀ ਡਾਕਟਰ ਸੇਵਾ ਸਿੰਘ ਨੂੰ ਡਾਕਟਰੀ ਪੜ੍ਹਨ ਲਈ ਦਾਖ਼ਲ ਕਰਾਇਆ ਗਿਆ ਸੀ । ਮੇਰੇ ਪਿਤਾ ਜੀ ਨੇ ਇਹਨਾਂ ਦੀ ਕਈ ਵਾਰ ਆਰਥਕ ਸਹਾਇਤਾ ਵੀ ਕੀਤੀ ਸੀ । ਸ਼ਾਇਦ ਪੁਰਾਣੇ ਜ਼ਮਾਨੇ ਦੇ ਸੰਬੰਧ ਅਤੇ ਸੁਰਗਵਾਸੀ ਪਿਤਾ ਜੀ ਦੇ ਅਹਿਸਾਨਾਂ ਦਾ



Digitized by Panjab Digital Library | www.panjabdigilib.org

ਅਨੁਭਵ ਹੋਇਆ ਹੋਵੇ ਜਾਂ ਉਂਜ ਹੀ ਇਹਨਾਂ ਨੂੰ ਖ਼ਿਆਲ ਆਇਆ ਹੈ, ਜਾਂ ਪ੍ਰਵਾਰਕ ਪਿਆਰ ਦੇ ਕਾਰਨ ਮਿਹਰਬਾਨੀ ਕਰ ਰਹੇ ਹਨ । ਮੈਂ ਕਿਹਾ ਤੁਸੀਂ ਖੇਚਲ ਕਿਉਂ ਕਰਦੇ ਜੇ ਮੈਂ ਤਾਂ ਸ਼ਾਇਦ ਕਲ ਰਾਤ ਵਾਪਸ ਲਾਹੌਰ ਚਲਿਆ ਜਾਵਾਂ । ਏਨੇ ਦਿਨਾਂ ਤਕ ਤਾਂ ਮੇਰੀ ਨੌਕਰੀ ਦਾ ਹੁਕਮ ਜਾਰੀ ਨਹੀਂ ਹੋਇਆ ਹੁਣ ਕੀ ਆਸ ਹੈ । ਮੇਰੇ ਇਹ ਅੱਖਰ ਸੁਣਦਿਆਂ ਹੀ ਡਾਕਟਰ ਸਾਹਿਬ ਨੇ ਦਸਿਆ ਕਿ ਸਰਦਾਰ ਜ਼ੋਰਾ ਸਿੰਘ ਹਾਊਸ ਹੋਲਡ ਮਨਿਸਟਰ ਸ਼ਾਮੀਂ ਆਏ ਸਨ । ਮਹਾਰਾਜਾ ਨੇ ਰਿਹਾਇਸ਼ ਲਈ ਕੋਠੀ, ਨੌਕਰ, ਸਰਕਾਰੀ ਪ੍ਰਾਹੁਣਾਚਾਰੀ ਅਤੇ ਰੁਪਿਆ ਦੇਣ ਦਾ ਹੁਕਮ ਜਾਰੀ ਕੀਤਾ ਹੈ ਅਤੇ ਇਹਨਾਂ ਨੇ ਸਰਦਾਰ ਜ਼ੋਰਾ ਸਿੰਘ ਨੂੰ ਕਹਿ ਦਿਤਾ ਹੈ ਕਿ ਦੀਵਾਨ ਸਿੰਘ ਉਹਨਾਂ ਦਾ ਭਤੀਜਾ ਹੈ।ਆਪਣਾ ਘਰ ਛਡ ਕੇ ਬਾਹਰ ਨਹੀਂ ਰਹਿ ਸਕਦਾ ਅਤੇ ਉਹਨੂੰ ਕਿਸੇ ਸ਼ੈ ਦੀ ਲੋੜ ਨਹੀਂ ।

ਮੈਂ ਇਹ ਸੁਣ ਕੇ ਜਾਣ ਗਿਆ ਕਿ ਡਾਕਟਰ ਸਾਹਿਬ ਅਜ ਕਿਉਂ ਕਿਰਪਾ ਕਰ ਰਹੇ ਹਨ । ਮੈਂ ਉਤਸੁਕ ਸਾਂ ਕਿ ਪਤਾ ਕਰਾਂ ਕਿ ਮਹਾਰਾਜਾ ਨੇ ਕੀ ਹੁਕਮ ਦਿਤਾ ਹੈ । ਮੈਂ ਪੁਛਿਆ ਸਰਦਾਰ ਜ਼ੋਰਾ ਸਿੰਘ ਦਾ ਘਰ ਕਿਥੇ ਹੈ । ਇਸ ਪੁਰ ਡਾਕਟਰ ਸਾਹਿਬ ਬੜੇ ਗੁਸੇ 'ਚ ਆ ਗਏ ਅਤੇ ਕਹਿਣ ਲਗੇ ਕਿ ਜੋ ਆਖਣਾ ਸੀ ਸਰਦਾਰ ਜ਼ੋਰਾ ਸਿੰਘ ਨੂੰ ਕਹਿ ਦਿਤਾ ਹੈ ਉਹਨਾਂ ਨੂੰ ਮਿਲਣ ਦੀ ਲੋੜ ਨਹੀਂ ।

ਮੈਂ ਸਬਰ ਕਿਵੇਂ ਕਰਦਾ । ਡਾਕਟਰ ਸਾਹਿਬ ਦਾ ਨੌਕਰ ਜੀਵਨ ਸਿੰਘ ਮੇਰੇ ਨਾਲ ਬਹੁਤ ਚੰਗੀ ਤਰ੍ਹਾਂ ਪੇਸ਼ ਆਉਂਦਾ ਸੀ ਅਤੇ ਮੇਰੀ ਬੜੀ ਇਜ਼ਤ ਕਰਦਾ ਸੀ — ਸਗੋਂ ਉਹ ਡਾਕਟਰ ਸਾਹਿਬ ਤੋਂ ਚੋਰੀ ਮੈਨੂੰ ਰੋਟੀ ਖਾਣ ਲਈ ਨਾਲ ਅੰਬ ਦਾ ਆਚਾਰ ਵੀ ਦਿਤਾ ਕਰਦਾ ਸੀ,ਜਿਹੜਾ ਦਾਲ ਦੇ ਨਾਲ ਇਕ ਐਕਸਟਰਾ ਡਿਸ਼ ਦੀ ਹੈਸੀਅਤ ਰਖਦਾ ਸੀ — ਮੈਂ ਉਸ ਨੂੰ ਇਸ਼ਾਰੇ ਨਾਲ ਬਾਹਰ ਚਲਣ ਨੂੰ ਕਿਹਾ ਉਸ ਦੇ ਬਾਹਰ ਜਾਣ ਪਿਛੋਂ ਮੈਂ ਵੀ ਪੇਸ਼ਾਬ ਦੇ ਬਹਾਨੇ ਉਠਿਆ, ਬਾਹਰ ਗਿਆ ਅਤੇ ਬਾਹਰ ਜਾ ਕੇ ਮੈਂ ਜੀਵਨ ਸਿੰਘ ਤੋਂ ਸ੍ਰ: ਜ਼ੋਰਾ ਸਿੰਘ ਦੇ ਆਉਣ ਅਤੇ ਗਲ ਬਾਤ ਬਾਰੇ ਸਾਰੇ ਸਮਾਂਚਾਰ ਪੁਛੇ । ਗੱਲਾਂ ਪੁਛਣ ਉਪਰੰਤ ਪੁਛਿਆ ਕਿ ਸ੍ਰ: ਜ਼ੋਰਾ ਸਿੰਘ ਕਿਥੇ ਰਹਿੰਦੇ ਹਨ । ਜੀਵਨ ਸਿੰਘ ਨੇ ਦਸਿਆ ਕਿ ਰੇਲਵੇ ਸਟੇਸ਼ਨ ਦੇ ਕੋਲ ਮੰਡੀ ਹੈ । ਉਸ ਮੰਡੀ ਵਿਚ ਉਹਨਾਂ ਦੀ ਆਪਣੀ ਨਿਜੀ ਬਿਲਡਿੰਗ ਹੈ । ਇਸ ਬਿਲਡਿੰਗ ਦੇ ਉਪਰਲੇ ਹਿਸੇ ਵਿਚ ਰਹਿੰਦੇ ਹਨ । ਡਾਕਟਰ ਸਾਹਿਬ ਦੇ ਮਕਾਨ ਤੋਂ ਸਰਦਾਰ ਜ਼ੋਰਾ ਸਿੰਘ ਦਾ ਮਕਾਨ ਇਕ ਮੀਲ ਦੀ ਵਿਥ ਤੇ ਸੀ । ਮੇਰੇ ਖੀਸੇ ਵਿਚ ਟਾਂਗੇ ਲਈ ਵੀ ਪੈਸੇ ਨਹੀਂ ਸਨ । ਮੈਂ ਪੈਦਲ ਹੀ ਤੁਰ ਪਿਆ । ਸਰਦਾਰ ਸਾਹਿਬ ਦੇ ਮਕਾਨ ਤੇ ਪਹੁੰਚ ਕੇ ਆਵਾਜ਼ ਦਿਤੀ । ਸਰਦਾਰ ਸਾਹਿਬ ਦਾ ਮੁਲਾਜ਼ਮ ਹੇਠਾਂ ਆਇਆ । ਉਸ ਨੇ ਨਾਂ ਪੁਛਿਆ ।



Digitized by Panjab Digital Library | www.panjabdigilib.org

ਮੈਂ ਕਿਹਾ ਕਿ ਡਾਕਟਰ ਸੇਵਾ ਸਿੰਘ ਦੇ ਮਕਾਨ ਤੋਂ ਦੀਵਾਨ ਸਿੰਘ । ਮੁਲਾਜ਼ਮ ਨੇ ਇਤਲਾਹ ਦਿਤੀ ਤਾਂ ਸਰਦਾਰ ਜ਼ੋਰਾ ਸਿੰਘ ਹੇਠਾਂ ਆ ਗਏ। ਉਹਨਾਂ ਨੇ ਹਥ ਜੋੜ ਕੇ ਸਤਿ ਸ੍ਰੀ ਅਕਾਲ ਕੀਤੀ । ਮੈਂ ਵੀ ਉਸੇ ਤਰ੍ਹਾਂ ਜੁਆਬ ਦਿਤਾ। ਮੈਂ ਕਿਹਾ ਕਿ ਮੈਂ ਬੜਾ ਧੰਨਵਾਦੀ ਹਾਂ ਕਿ ਤੁਸੀਂ ਤਸ਼ਰੀਫ਼ ਲਿਆਏ ਸੀ। ਕੁਵੇਲੇ ਤੁਹਾਨੂੰ ਖੇਚਲ ਇਸ ਲਈ ਦਿਤੀ ਹੈ ਕਿ ਕਿਤੇ ਤੁਸੀਂ ਮੈਨੂੰ ਮਿਲੇ ਅਤੇ ਗਲ ਕੀਤੇ ਬਿਨਾਂ ਹੀ ਮਹਾਰਾਜਾ ਸਾਹਿਬ ਨੂੰ ਉਹ ਕੁਝ ਨਾ ਆਖ ਦਿਓ ਜੋ ਕਿ ਡਾਕਟਰ ਸਾਹਿਬ ਨੇ ਤੁਹਾਨੂੰ ਕਿਹਾ ਹੈ। ਸਰਦਾਰ ਜ਼ੋਰਾ ਸਿੰਘ ਨੇ ਕਿਹਾ ਕਿ ਜ਼ਿਮੇਂਵਾਰੀ ਦਾ ਪ੍ਰਸ਼ਨ ਸੀ ਤੁਹਾਨੂੰ ਮਿਲੇ ਬਿਨਾਂ ਮਹਾਰਾਜੇ ਨੂੰ ਕੁਝ ਨਹੀਂ ਸਨ ਕਹਿ ਸਕਦੇ ਅਤੇ ਉਹ ਸਵੇਰੇ ਮੈਨੂੰ ਮਿਲਣ ਲਈ ਡਾਕਟਰ ਸਾਹਿਬ ਦੇ ਘਰ ਵਿਚ ਮੁੜ ਆਉਣ ਵਾਲੇ ਸਨ। ਸਰਦਾਰ ਜ਼ੋਰਾ ਸਿੰਘ ਨਾਲ ਫ਼ੈਸਲਾ ਹੋਇਆ ਕਿ ਉਹ ਕਲ ਸਵੇਰੇ ਅਠ ਵਜੇ ਤਸ਼ਰੀਫ਼ ਲਿਆਉਣਗੇ। ਮੈਂ ਉਹਨਾਂ ਦੀ ਉਡੀਕ ਕਰਾਂਗਾ । ਸਰਦਾਰ ਜ਼ੋਰਾ ਸਿੰਘ ਨੂੰ ਮਿਲਣ ਪਿਛੋਂ ਮੈਂ ਵਾਪਸ ਆਇਆ।ਡਾਕਟਰ ਸਾਹਿਬ ਮੇਰੀ ਉਡੀਕ ਵਿਚ ਸਨ ਕਿ ਕਿਥੇ ਚਲਾ ਗਿਆ। ਉਹਨਾਂ ਨੇ ਪੁਛਿਆ ਕਿ ਕਿਥੇ ਸੈਂ । ਮੈਂ ਕਿਹਾ ਖਾਣਾ ਖਾਣ ਪਿਛੋਂ ਜ਼ਰਾ ਘੁੰਮਣ ਚਲਾ ਗਿਆ ਸਾਂ। ਡਾਕਟਰ ਸਾਹਿਬ ਨੇ ਵਧੇਰੇ ਕਿਰਪਾ ਕਰਦੇ ਹੋਇਆਂ ਹਰਨਾਮੀ ਨੂੰ ਹੁਕਮ ਦਿਤਾ ਕਿ ਕਾਕੇ ਲਈ ਇਕ ਗਲਾਸ ਦੁੱਧ ਲਿਆਓ। ਪੂਰੇ ਇਕ ਮਹੀਨੇ ਵਿਚ ਸ਼ਾਇਦ ਇਹ ਪਹਿਲੀ ਵਾਰ ਸੀ ਕਿ ਮੈਨੂੰ "ਕਾਕਾ ਜੀ" ਦੀ ਪਦਵੀ ਪ੍ਰਾਪਤ ਹੋਣ ਪਿਛੋਂ ਇਕ ਗਲਾਸ ਦੁੱਧ ਵੀ ਮਿਲਿਆ। ਅਗਲੇ ਦਿਨ ਸਵੇਰੇ ਮੈਂ ਛੇ ਵਜੇ ਨੇਮ ਅਨੁਸਾਰ ਜਾਗਿਆ, ਪਰ ਅਜ "ਦੌਰਾ" ਤਿਆਗ ਦਿਤਾ ਸੀ। ਜੰਗਲ ਪਾਣੀ ਹੋ ਕੇ ਫੇਰ ਰਜ਼ਾਈ ਲੈ ਕੇ ਲੰਮਾ ਪੈ ਗਿਆ। ਸਾਢੇ ਸਤ ਵਜੇ ਦੇ ਕਰੀਬ ਨਹਾ ਧੋ ਕੇ ਵੇਹਲਾ ਹੋਇਆ। ਕੱਪੜੇ ਬਦਲੇ ਅਤੇ ਘਰੋਂ ਬਾਹਰ ਨਿਕਲ ਕੇ ਗਲੀ ਵਿਚ ਸਰਦਾਰ ਜ਼ੋਰਾ ਸਿੰਘ ਦੀ ਉਡੀਕ ਕਰਨ ਲਗਾ। ਦਿਮਾਗ਼ ਵਿਚ ਕਈ ਪਰਕਾਰ ਦੇ ਖ਼ਿਆਲ ਚਕਰ ਲਾ ਰਹੇ ਸਨ । ਰਾਤ ਨੂੰ ਸਰਦਾਰ ਜ਼ੋਰਾ ਸਿੰਘ ਨੇ ਕਿਹਾ ਸੀ ਕਿ ਮਹਾਰਾਜਾ ਨੇ ਰਿਹਾਇਸ਼ ਲਈ ਕੋਠੀ ਦੇਣ ਦਾ ਹੁਕਮ ਫ਼ਰਮਾਇਆ ਹੈ, ਪਰ ਮੇਰੇ ਕੋਲ ਇਕ ਬਿਸਤਰਾ ਤੇ ਇਕ ਟਰੰਕ ਹੈ ਜਿਸ ਕੋਠੀ ਵਿਚ ਜਾ ਰਹਾਂਗਾ ਉਹ ਲੋਕ ਕੀ ਖ਼ਿਆਲ ਕਰਨਗੇ ਕਿ ਇਹ ਨਵੇਂ ਅਹਿਲਕਾਰ ਕਿਥੋਂ ਪਧਾਰੇ ਹਨ ਜਿਨ੍ਹਾਂ ਦਾ ਮਾਲ ਮਤਾਹ ਕੇਵਲ ਇਕ ਬਿਸਤਰਾ ਅਤੇ ਇਕ ਟਰੰਕ ਹੀ ਹੈ, ਇਸ ਇਕ ਬਿਸਤਰੇ ਅਤੇ ਇਕ ਟਰੰਕ ਨੂੰ ਡਰਾਇੰਗ ਰੂਮ ਵਿਚ ਰਖਾਂਗਾ। ਬੈੱਡ ਰੂਮ ਵਿਚ, ਡਾਈਨਿੰਗ ਰੂਮ ਵਿਚ ਜਾਂ ਸਟੋਰ ਰੂਮ ਵਿਚ। ਨੌਕਰ ਕੀ ਆਖਣਗੇ। ਇਹਨਾਂ ਹੀ ਖ਼ਿਆਲਾਂ ਵਿਚ ਡੁਬਿਆ ਪਿਆ ਸਾਂ ਕਿ ਸਾਹਮਣਿਓਂ



Digitized by Panjab Digital Library | www.panjabdigilib.org

ਸਰਦਾਰ ਜ਼ੋਰਾ ਸਿੰਘ ਦੋ ਚਿਟੇ ਘੋੜਿਆਂ ਵਾਲੀ ਸਰਕਾਰੀ ਫਿਟਨ ਵਿਚ ਆਉਂਦੇ ਦਿਖਾਈ ਦਿਤੇ। ਮੈਂ ਅਗੇ ਵਧਿਆ। ਗਡੀ ਖਲੋ ਗਈ। ਸਰਦਾਰ ਸਾਹਿਬ ਨੇ ਹੇਠਾਂ ਉਤਰ ਕੇ ਹਥ ਮਿਲਾਇਆ ਫੇਰ ਕੋਲ ਬਿਠਾ ਲਿਆ ਅਤੇ ਕੋਚਵਾਨ ਨੂੰ ਹੁਕਮ ਦਿਤਾ ਕਿ ਚਲੋ ਗੈਸਟ ਹਾਊਸ ਵਾਲੀ ਸੜਕ ਤੇ। ਸਰਦਾਰ ਜ਼ੋਰਾ ਸਿੰਘ ਨੇ ਕਿਹਾ ਕਿ ਪਹਿਲਾਂ ਗੈਸਟ ਹਾਊਸ ਵਲ ਚਲਦੇ ਹਾਂ, ਉਥੇ ਕਈ ਸਰਕਾਰੀ ਕੋਠੀਆਂ ਹਨ। ਤੁਸੀਂ ਉਹਨਾਂ ਚੋਂ ਜਿਹੜੀ ਪਸੰਦ ਕਰੋ ਉਸ ਵਿਚ ਤੁਹਾਡੇ ਟਿਕਾਣੇ ਦਾ ਪ੍ਰਬੰਧ ਕਰ ਦਿਤਾ ਜਾਏ। ਮੈਂ ਝਟ ਉਤਰ ਦਿਤਾ ਕਿ ਮੈਂ ਇਕੱਲਾ ਬਿਨਾਂ ਇਸਤਰੀ ਆਦਿ ਤੋਂ ਹਾਂ ਅਤੇ ਮੇਰਾ ਜੀਵਨ ਵੀ ਬਿਲਕੁਲ ਸਾਦਾ ਜਿਹਾ ਹੈ। ਮੇਰੇ ਕੋਲ ਬਹੁਤ ਹੀ ਸਾਧਾਰਨ ਜਿਹਾ ਸਾਮਾਨ ਹੈ, ਕੋਠੀ ਕੀ ਕਰਾਂਗਾ। ਮੇਰੇ ਲਈ ਤਾਂ ਜੇਕਰ ਦੋ ਤਿੰਨ ਕਮਰਿਆਂ ਵਾਲੇ ਛੋਟੇ ਜਿਹੇ ਮਕਾਨ ਦਾ ਪ੍ਰਬੰਧ ਹੋ ਜਾਏ ਤਾਂ ਬਥੇਰਾ ਹੈ। ਇਸ ਪੁਰ ਸਰਦਾਰ ਜ਼ੋਰਾ ਸਿੰਘ ਮੈਨੂੰ ਨਾਭੇ ਦੀ ਸਰਾਏ ਸ਼ਾਦੀਜਾਤ — ਇਹ ਵਡੀ ਬਿਲਡਿੰਗ ਕਈ ਲਖ ਰੁਪਿਆਂ ਦੇ ਖ਼ਰਚ ਨਾਲ ਬਣੀ ਹੈ। ਅਧਾ ਰੁਪਿਆ ਰਿਆਸਤ ਨਾਭਾ ਨੇ ਦਿਤਾ ਸੀ ਅਤੇ ਅਧਾ ਰੁਪਿਆ ਜਨਤਾ ਨੇ ਚੰਦਾ ਇਕੱਠਾ ਕਰਕੇ ਜਮ੍ਹਾਂ ਕੀਤਾ ਸੀ। ਇਹ ਸਰਕਾਰੀ ਪ੍ਰਾਹੁਣਿਆਂ ਲਈ ਵੀ ਵਰਤੀਂਦੀ ਸੀ ਅਤੇ ਇਸ ਵਿਚ ਜੰਞਾਂ ਵੀ ਠਹਿਰਦੀਆਂ ਸਨ। ਇਸ ਵਿਚ ਬੜੇ ਖੁਲ੍ਹੇ ਹਾਲ, ਬਹੁਤ ਸਾਰੇ ਕਮਰੇ ਅਤੇ ਨੁਕਰਾਂ ਤੇ ਚਾਰ ਚਾਰ ਪੰਜ ਪੰਜ ਬਤੀਆਂ ਸੁਹਣੀਆਂ ਕਾਟੇਜ ਵੀ ਸਨ — ਵਿਚ ਲੈ ਗਏ। ਇਸ ਬਿਲਡਿੰਗ ਦੀ ਇਕ ਕਾਟੇਜ ਨੂੰ ਵਿਖਾਇਆ ਜਿਸ ਨੂੰ ਮੈਂ ਪਸੰਦ ਕੀਤਾ। ਇਕ ਛੋਟਾ ਜਿਹਾ ਸੌਣ ਦਾ ਕਮਰਾ, ਇਕ ਛੋਟਾ ਜਿਹਾ ਡਰਾਇੰਗ ਰੂਮ, ਗ਼ੁਸਲਖ਼ਾਨਾ, ਰਸੋਈ ਘਰ ਆਦਿ ਬੜੇ ਸਾਫ਼ ਸੁਥਰੇ ਕਮਰੇ ਸਨ। ਸਰਦਾਰ ਸਾਹਿਬ ਨੇ ਇਸ ਨੂੰ ਫਰਨਿਸ਼ ਕਰਨ ਦਾ ਹੁਕਮ ਦਿਤਾ। ਸਰਕਾਰੀ ਰਸੋਈਆ ਅਤੇ ਇਕ ਨੌਕਰ ਦਾ ਪ੍ਰਬੰਧ ਹੋ ਗਿਆ। ਸਰਕਾਰੀ ਰਸਦ ਭਾਵ ਖ਼ਾਧ ਖੁਰਾਕ ਦੇ ਪ੍ਰਤੀ ਦਿਨ ਭੇਜਣ ਲਈ ਚਿਟ ਭੇਜ ਦਿਤੀ ਗਈ। ਇਹ ਸਾਰੇ ਪ੍ਰਬੰਧ ਹੋ ਜਾਣ ਪਿਛੋਂ ਸਰਦਾਰ ਜ਼ੋਰਾ ਸਿੰਘ ਨੇ ਪੁਛਿਆ ਕਿ ਕਿੰਨਾ ਰੁਪਿਆ ਨਕਦ ਚਾਹੀਦੇ। ਮੇਰੇ ਖੀਸੇ ਵਿਚ ਇਕ ਪੈਸਾ ਵੀ ਨਹੀਂ ਸੀ, ਪਰ "ਨਵਾਂ ਅਹਿਲਕਾਰ" ਪੁਰਾਣੇ ਰਿਆਸਤੀ ਅਹਿਲਕਾਰ ਕੋਲ ਆਪਣੀ ਗ਼ਰੀਬੀ ਦਾ ਪ੍ਰਗਟਾ ਕਿਵੇਂ ਕਰਦਾ। ਮੈਂ ਬੜੀ ਲਾਪਰਵਾਹੀ ਨਾਲ ਜੁਆਬ ਦਿਤਾ, ਨਹੀਂ ਜੀ ਰੁਪਏ ਦੀ ਕੋਈ ਲੋੜ ਨਹੀਂ ਤੁਸੀਂ ਖੇਚਲ ਨਾ ਕਰੋ। ਸਰਦਾਰ ਸਾਹਿਬ ਆਪਣੇ ਕੰਮ ਤੇ ਵਾਪਸ ਚਲੇ ਗਏ। ਮੈਂ ਡਾਕਟਰ ਸਾਹਿਬ ਦੇ ਮਕਾਨ ਤੇ ਆ ਗਿਆ। ਮੇਰੇ ਆਉਣ ਤੋਂ ਪਹਿਲਾਂ ਡਾਕਟਰ ਸਾਹਿਬ ਦੇ ਮਕਾਨ ਦਾ ਉਪਰਲਾ ਚੁਬਾਰਾ ਵੀ



Digitized by Panjab Digital Library | www.panjabdigilib.org

ਮੇਰੇ ਲਈ ਫਰਨਿਸ਼ ਹੋ ਚੁਕਿਆ ਸੀ। ਇਸ ਚੁਬਾਰੇ ਵਿਚ ਇਕ ਪਲੰਘ, ਇਕ ਤਖਤਪੋਸ਼,ਇਕ ਕੁਰਸੀ, ਇਕ ਮੂੜ੍ਹਾ,ਇਕ ਛੋਟੀ ਜਿਹੀ ਮੇਜ਼ ਅਤੇ ਨਹਾਉਣ ਲਈ ਇਕ ਟਬ ਪਹੁੰਚ ਗਿਆ ਸੀ। ਮੈਂ ਹੈਰਾਨ ਕਿ ਡਾਕਟਰ ਸਾਹਿਬ ਦੀ ਇਸ ਮਿਹਰਬਾਨੀ ਤੋਂ ਕਿਵੇਂ ਇਨਕਾਰ ਕੀਤਾ ਜਾਏ। ਹਿੰਮਤ ਨਹੀਂ ਸੀ ਪੈਂਦੀ। ਡੇਢ ਦੋ ਘੰਟੇ ਦੇ ਕਰੀਬ ਸੋਚਦਾ ਰਿਹਾ। ਆਖ਼ਰ ਕੀ ਕਰਦਾ, ਮਜਬੂਰ ਸਾਂ। ਰੋਟੀ ਖਾਣ ਪਿਛੋਂ ਬੜੀ ਅਧੀਨਗੀ ਨਾਲ ਬੇਨਤੀ ਕੀਤੀ ਕਿ ਸਰਦਾਰ ਜ਼ੋਰਾ ਸਿੰਘ ਮਿਲੇ ਸਨ। ਉਹਨਾਂ ਨੇ ਮਹਾਰਾਜੇ ਦੇ ਹੁਕਮ ਕਾਰਨ ਸਲਾਹ ਦਿਤੀ ਹੈ ਕਿ ਮੈਂ ਜ਼ਰੂਰ ਦੂਜੀ ਥਾਂ ਤੇ ਰਹਾਂ। ਸੋ ਉਹਨਾਂ ਨੇ ਸਰਾਏ ਸ਼ਾਦੀਜਾਤ ਦੀ ਬਿਲਡਿੰਗ ਦੀ ਉਪਰਲੀ ਇਕ ਕਾਟੇਜ ਵਿਚ ਮੇਰੇ ਲਈ ਰਹਿਣ ਦਾ ਪ੍ਰਬੰਧ ਕਰ ਦਿਤਾ ਹੈ। ਮੈਂ ਹੁਣ ਉਥੇ ਜਾਵਾਂਗਾ। ਇਹ ਸੁਣਦਿਆਂ ਹੀ ਡਾਕਟਰ ਸਾਹਿਬ ਬਹੁਤ ਜ਼ਿਆਦਾ ਨਾਰਾਜ਼ ਹੋਏ। ਬਜ਼ੁਰਗਾਂ ਵਾਲੇ ਉਪਦੇਸ਼ ਸ਼ੁਰੂ ਹੋਏ ਕਿ ਘਰ ਦਾ ਮਕਾਨ ਛਡ ਕੇ ਦੂਜੀ ਥਾਂ ਜਾਣਾ ਬਦਨਾਮੀ ਦਾ ਕਾਰਨ ਹੈ। ਇਥੇ ਕੋਈ ਤਕਲੀਫ ਨਹੀਂ ਹੋਣ ਲਗੀ। ਸਾਮਾਨ ਚੁਬਾਰੇ ਵਿਚ ਪਹੁੰਚ ਚੁਕਾ ਹੈ। ਭਤੀਜਾ ਕੀ ਤੇ ਪੁਤਰ ਕੀ ਲੋਕੀਂ ਕੀ ਆਖਣਗੇ। ਪਰਵਾਰ ਦੇ ਬੰਦਿਆਂ ਵਿਚ ਏਕਾ ਹੋਵੇ ਤਾਂ ਇਸ ਵਿਚ ਬਰਕਤ ਹੁੰਦੀ ਹੈ ਇਤਿਆਦਿ। ਮੈਂ ਸੁਣਦਾ ਰਿਹਾ ਦੋ ਘੰਟਿਆਂ ਤਕ ਇਹੋ ਖਿਚਾ ਖਿਚੀ ਹੁੰਦੀ ਰਹੀ। ਡਾਕਟਰ ਸਾਹਿਬ ਮੈਨੂੰ ਜਾਣ ਨਹੀਂ ਸੀ ਦਿੰਦੇ ਤੇ ਮੈਂ ਰਹਿਣਾ ਨਹੀਂ ਸੀ ਚਾਹੁੰਦਾ। ਦੋ ਘੰਟਿਆਂ ਦੀ ਖਪ ਖਪਾਈ ਪਿਛੋਂ ਇਹ ਫ਼ੈਸਲਾ ਹੋਇਆ ਅਤੇ ਮੈਨੂੰ ਇਸ ਸ਼ਰਤ ਤੇ ਜਾਣ ਦੀ ਆਗਿਆ ਮਿਲੀ ਕਿ ਮੈਂ ਭਾਵੇਂ ਰਹਾਂ ਤਾਂ ਸਰਾਏ ਸ਼ਾਦੀਜਾਤ ਦੀ ਕਾਟੇਜ ਵਿਚ ਹੀ, ਪਰ ਰੋਟੀ ਦੋਵੇਂ ਵੇਲੇ ਡਾਕਟਰ ਸਾਹਿਬ ਦੇ ਘਰ ਹੀ ਖਾਵਾਂ। ਇਸ ਪਰਕਾਰ ਮੈਂ ਜੀਵਨ ਸਿੰਘ ਨੂੰ ਮਜ਼ਦੂਰ ਲੈਣ ਲਈ ਭੇਜਿਆ। ਮਜ਼ਦੂਰ ਤੋਂ ਸਾਮਾਨ ਚੁਕਵਾ ਕੇ ਜੀਵਨ ਸਿੰਘ ਨਾਲ ਸਾਮਾਨ ਸਰਾਏ ਸ਼ਾਦੀਯਾਤ ਵਿਚ ਭਿਜਵਾਇਆ। ਇਸ ਪਿਛੋਂ ਆਪ ਉਥੇ ਗਿਆ। ਮੇਰੇ ਜਾਣ ਤੋਂ ਪਹਿਲਾਂ ਇਸ ਕਾਟੇਜ ਵਿਚ ਦਰੀਆਂ ਵਿਛ ਚੁਕੀਆਂ ਸਨ। ਭਾਂਡੇ ਆਦਿ ਪਹੁੰਚ ਚੁਕੇ ਸਨ। ਮੇਜ਼ਾਂ ਤੇ ਚਿਮਨੀਆਂ ਸਾਫ਼ ਕਰਕੇ ਲੈਂਪ ਰਖੇ ਗਏ ਸਨ। ਖਾਣੇ ਦਾ ਸਾਮਾਨ ਆਟਾ, ਸਬਜ਼ੀ, ਮਾਸ, ਦਾਲ, ਘਿਓ ਆਦਿ ਪਹੁੰਚ ਚੁਕਾ ਸੀ ਅਤੇ ਇਕ ਰਸੋਈਆ ਤੇ ਇਕ ਨੌਕਰ ਹਾਜ਼ਰ ਸਨ। ਡਾਕਟਰ ਸਾਹਿਬ ਦੇ ਮਕਾਨ ਤੋਂ ਤੁਰਨ ਤੋਂ ਪਹਿਲਾਂ ਮੈਂ ਡਾਕਟਰ ਸਾਹਿਬ ਨੂੰ ਕਿਹਾ ਕਿ ਜੇਕਰ ਹੋ ਸਕੇ ਤਾਂ ਤੁਸੀਂ ਪੰਜਾਹ ਰੁਪਏ ਮੈਨੂੰ ਹੁਦਾਰੇ ਦੇ ਦਿਉ। ਡਾਕਟਰ ਸਾਹਿਬ ਨੇ ਝਟ ਪੰਜਾਹ ਰੁਪਏ ਦੇ ਦਿਤੇ ਅਤੇ ਦਿੰਦਿਆਂ ਹੋਇਆਂ ਕਿਹਾ ਕਿ ਪੁਤਰ ਇਹ ਤੇਰਾ ਆਪਣਾ ਘਰ ਹੈ ਜੇਕਰ ਲੋੜ ਹੋਵੇ ਤਾਂ ਹਜ਼ਾਰ ਰੁਪਿਆ ਲੈ ਸਕਦਾ



Digitized by Panjab Digital Library | www.panjabdigilib.org

ਏਂ, ਪੰਜਾਹਾਂ ਸਹੁਰਿਆਂ ਦੀ ਕਿਹੜੀ ਗਲ ਏ। ਰੁਪਏ ਲੈਣ ਪਿਛੋਂ ਮੈਂ ਸਰਾਏ ਸ਼ਾਦੀਯਾਤ ਵਿਚ ਚਲਾ ਗਿਆ। ਮੇਰੇ ਨੌਕਰੀ ਤੇ ਲਗਣ ਦਾ ਹੁਕਮ ਉਸੇ ਦਿਨ ਤੋਂ ਹੀ ਚਾਲੂ ਹੋਇਆ ਜਿਸ ਦਿਨ ਮੈਂ ਡੇਹਰਾਦੂਨ ਮਹਾਰਾਜੇ ਨੂੰ ਮਿਲਿਆ ਸਾਂ। ਇਸ ਸਰਾਏ ਸ਼ਾਦੀਯਾਤ ਵਿਚ ਮੈਂ ਤਿੰਨਾਂ ਮਹੀਨਿਆਂ ਦੇ ਕਰੀਬ ਸਰਕਾਰੀ ਮਹਿਮਾਨ ਦੇ ਤੌਰ ਤੇ ਰਿਹਾ ਫਿਰ ਮੈਂ ਇਥੇ ਵਧੇਰਾ ਰਹਿਣਾ ਯੋਗ ਨਾ ਸਮਝਦਿਆਂ ਹੋਇਆਂ ਕਿਰਾਏ ਤੇ ਮਕਾਨ ਲੈ ਕੇ ਉਸ ਵਿਚ ਚਲਾ ਗਿਆ। ਮੈਂ ਨਾਭੇ ਢਾਈ ਤਿੰਨ ਸਾਲ ਦੇ ਕਰੀਬ ਰਿਹਾ। ਮੇਰੀ ਹਾਜ਼ਰੀ ਵਿਚ ਹੀ ਉਥੇ ਇਨਕਲਾਬ ਹੋਇਆ ਅਤੇ ਮਹਾਰਾਜਾ ਗਦੀਓਂ ਲਾਹਿਆ ਗਿਆ। ਮਹਾਰਾਜੇ ਦੇ ਹਟਣ ਪਿਛੋਂ ਅੰਗਰੇਜ਼ ਐਡਮਨਿਸਟ੍ਰੇਟਰ ਨੇ ਮੈਨੂੰ ਗਰਿਫ਼ਤਾਰ ਕਰ ਲਿਆ ਤਾਂ ਫਿਰ ਇਸੇ ਸਰਾਏ ਸ਼ਾਦੀਯਾਤ ਦੀ ਬਿਲਡਿੰਗ ਦੀ ਕਾਟੇਜ ਵਿਚ ਮੈਨੂੰ ਤਿੰਨ ਮਹੀਨੇ ਨਜ਼ਰਬੰਦ ਰਖੀ ਰਖਿਆ ਅਤੇ ਜਦ ਰਿਹਾਈ ਹੋਈ ਤਾਂ ਮੇਰਾ ਰਿਆਸਤ ਨਾਭਾ ਵਿਚ ਪ੍ਰਵੇਸ਼ ਬੰਦ ਕਰ ਦਿਤਾ ਗਿਆ। ਕਈ ਵਾਰ ਉਥੋਂ ਦੀ ਸਰਕਾਰ ਨੂੰ ਲਿਖਿਆ ਕਿ ਮੈਨੂੰ ਨਾਭੇ ਆਉਣ ਦੀ ਆਗਿਆ ਦਿਤੀ ਜਾਏ ਤਾਕਿ ਮੈਂ ਉਹਨਾਂ ਬੰਦਿਆਂ ਨੂੰ ਮਿਲ ਸਕਾਂ ਜਿਨ੍ਹਾਂ ਨਾਲ ਦਿਲ ਦਾ ਸੰਬੰਧ ਰਿਹਾ ਹੈ, ਪਰ ਨਾਭਾ ਗੌਰਮੈਂਟ ਨੇ ਜਾਂ ਤੇ ਉਤਰ ਹੀ ਨਾ ਦਿਤਾ ਤੇ ਜੇਕਰ ਦਿਤਾ ਵੀ ਤਾਂ ਇਹੋ ਕਿ ਆਗਿਆ ਨਹੀਂ ਦਿਤੀ ਜਾ ਸਕਦੀ। ਪਰੰਤੂ ਦਿਲ ਵਿਚ ਉਮੰਗ ਜ਼ਰੂਰ ਹੈ ਕਿ ਜੇਕਰ ਕਦੀ ਨਾਭੇ ਗਿਆ ਤਾਂ ਉਸ ਸਰਾਏ ਸ਼ਾਦੀਯਾਤ ਦੀ ਬਿਲਡਿੰਗ ਦੇ ਦਰਸ਼ਨ ਜ਼ਰੂਰ ਕਰਾਂਗਾ ਜਿਥੇ ਅਰੰਭ ਵਿਚ ਮਹਿਮਾਨ ਬਣ ਕੇ ਰਿਹਾ ਤੇ ਅੰਤ ਵਿਚ ਕੈਦੀ।

ਇਹਨਾਂ ਸਾਰੀਆਂ ਘਟਨਾਵਾਂ ਤੋਂ ਅਨੁਭਵ ਹੋ ਸਕਦਾ ਹੈ ਕਿ ਦਿਨ ਚੰਗੇ ਨਾ ਹੋਣ ਤਾਂ ਮਿਤਰ, ਸਾਕ ਸੰਬੰਧੀ ਵੀ ਘ੍ਰਿਣਾ ਕਰਦੇ ਹਨ ਅਤੇ ਦਿਨ ਚੰਗੇ ਹੋਣ ਤਾਂ ਇਹੋ ਘ੍ਰਿਣਾ ਪਿਆਰ ਵਿਚ ਵਟ ਜਾਂਦੀ ਹੈ।

## ਜ਼ਾਤ ਅਤੇ ਸੰਗਤ ਦਾ ਪਰਭਾਵ

ਦਿੱਲੀ ਵਿਚ ਮੇਰੇ ਇਕ ਮਿਤਰ ਮੁਹੰਮਦ ਯੂਸਫ਼ ਸਾਹਿਬ ਸਨ ਜੋ ਖਵਾਜਾ ਹਸਨ ਨਿਜ਼ਾਮੀ ਅਤੇ ਉਹਨਾਂ ਦੇ ਮਿਤਰਾਂ ਵਿਚ ਵੀ ਸਤਿਕਾਰੇ ਜਾਂਦੇ ਸਨ। ਇਹਨਾਂ ਯੂਸਫ਼ ਸਾਹਿਬ ਨੂੰ ਮਲੇਰ ਕੋਟਲੇ ਦੀ ਇਕ ਸੁੰਦਰ ਵੇਸਵਾ ਸ਼ਰੀਫ਼ਾਂ ਨਾਲ ਪ੍ਰੇਮ ਹੋ ਗਿਆ ਇਸ ਸ਼ਰੀਫਾਂ ਦਾ ਸੰਬੰਧ ਪਹਿਲਾਂ ਨਵਾਬ ਸਾਹਿਬ ਮਲੇਰ ਕੋਟਲਾ ਨਾਲ ਸੀ। ਯੂਸਫ਼ ਸਾਹਿਬ ਬੜੇ ਸੁੰਦਰ ਸਨ। ਸ਼ਰੀਫ਼ਾਂ ਨੂੰ ਵੀ ਯੂਸਫ਼



Digitized by Panjab Digital Library | www.panjabdigilib.org

ਸਾਹਿਬ ਨਾਲ ਬਹੁਤ ਪਿਆਰ ਹੋ ਗਿਆ ਸਗੋਂ ਸਚਾਈ ਇਹ ਹੈ ਕਿ ਇਸ ਪ੍ਰੇਮ ਦੀ ਪਹਿਲ ਕਰਨ ਵਿਚ ਸ਼ਰੀਫਾਂ ਨੇ ਹੀ ਪਹਿਲਾਂ ਪੈਰ ਚੁਕੇ।

ਯੂਸਫ਼ ਸਾਹਿਬ ਅਤੇ ਸ਼ਰੀਫਾਂ ਦਾ ਸੰਬੰਧ ਪਹਿਲਾਂ ਤਾਂ ਲੁਕਵਾਂ ਰਿਹਾ ਅਤੇ ਸ਼ਰੀਫ਼ਾਂ ਦੀ ਮਾਂ ਅਤੇ ਉਸ ਦੇ ਭਰਾਵਾਂ ਨੂੰ ਕੋਈ ਸੂਹ ਨਹੀਂ ਸੀ। ਇਹਨਾਂ ਪਿਆਰ ਗੰਢਾਂ ਦੇ ਵਧੇਰੇ ਪੀਚੇ ਜਾਣ ਤੇ ਜਦ ਸ਼ਰੀਫਾਂ ਦੇ ਘਰ ਦਿਆਂ ਨੂੰ ਪਤਾ ਲਗਾ ਤਾਂ ਉਹਨਾਂ ਨੇ ਇਸ ਦੀ ਡਟ ਕੇ ਵਿਰੋਧਤਾ ਕੀਤੀ ਅਤੇ ਪੈਰ ਪੈਰ ਤੇ ਅੜਚਣਾਂ ਪਾਉਣੀਆਂ ਸ਼ੁਰੂ ਕੀਤੀਆਂ ਕਿਉਂਕਿ ਇਹ ਲੋਕ ਨਵਾਬਾਂ ਤੇ ਮਹਾ-ਰਾਜਿਆਂ ਦੇ ਢੂੰਡਾਊ ਸਨ। ਯੂਸਫ਼ ਸਾਹਿਬ ਦੀ ਆਮਦਨ ਦੇ ਸੋਮੇਂ ਸੀਮਿਤ ਸਨ ਅਤੇ ਆਰਥਕ ਤੌਰ ਤੇ ਸ਼ਰੀਫ਼ਾਂ ਦੇ ਘਰ ਵਾਲਿਆਂ ਦੀਆਂ ਮੰਗਾਂ ਪੂਰੀਆਂ ਨਹੀਂ ਸਨ ਕਰ ਸਕਦੇ। ਆਖ਼ਰ ਖਿਚੋਤਾਣ ਅਰੰਭ ਹੋਈ। ਸ਼ਰੀਫ਼ਾਂ ਅਤੇ ਯੂਸਫ਼ ਸਾਹਿਬ ਆਪਸ ਵਿਚ ਸੰਬੰਧ ਬਣਾਈ ਰਖਣਾ ਚਾਹੁੰਦੇ ਸਨ, ਪਰ ਸ਼ਰੀਫਾਂ ਦੇ ਮਾਪੇ ਪੈਰ ਪੈਰ ਤੇ ਰੋੜੇ ਅਟਕਾਂਦੇ। ਇਹ ਸੰਬੰਧ ਕੁਝ ਚਿਰ ਤਾਂ ਚੋਰੀ ਛੁਪੀ ਚਾਲੂ ਰਹੇ। ਆਖ਼ਰ ਯੂਸਫ਼ ਸਾਹਿਬ ਲਈ ਔਕੜਾਂ ਉਤਪੰਨ ਹੋਈਆਂ ਅਤੇ ਉਹਨਾਂ ਨੇ ਚਾਹਿਆ ਕਿ ਉਹਨਾਂ ਦਾ ਸ਼ਰੀਫ਼ਾਂ ਨਾਲ ਵਿਆਹ ਹੋ ਜਾਏ। ਵਿਆਹ ਲਈ ਉਹਨਾਂ ਨੇ ਸਲਾਹ ਮੰਗੀ ਤਾਂ ਐਡੀਟਰ "ਰਿਆਸਤ" ਨੇ ਕਿਹਾ ਕਿ ਸ਼ਰੀਫ਼ਾਂ ਦੇ ਪਰਵਾਰ ਦੇ ਬੰਦਿਆਂ ਨੂੰ ਸਮਝਾ ਬੁਝਾ ਕੇ ਉਹਨਾਂ ਨੂੰ ਵੀ ਵਿਆਹ ਲਈ ਮਨਾ ਲਿਆ ਜਾਣਾ ਚਾਹੀਦੈ। ਇਸ ਪਰਕਾਰ ਸਲਾਹ ਪਿਛੋਂ ਐਡੀਟਰ "ਰਿਆਸਤ" ਨੇ ਸ਼ਰੀਫ਼ਾਂ ਦੀ ਮਾਂ ਨੂੰ — ਜੋ ਰੀਟਾਇਰ ਵੇਸਵਾ ਸੀ — ਸਦ ਭੇਜਿਆ। ਜਦ ਉਹ ਆਈ ਤਾਂ ਉਸ ਨੂੰ ਤੇ ਯੂਸਫ਼ ਸਾਹਿਬ ਨੂੰ ਮੈਂ ਗਲ ਬਾਤ ਕਰਨ ਲਈ ਮੋਟਰ ਵਿਚ ਲੈ ਗਿਆ। ਸ਼ਾਮ ਦਾ ਵੇਲਾ ਸੀ ਅਸੀਂ ਕਨਾਟ ਪਲੇਸ ਦੀ ਘਾਹ ਤੇ ਜਾ ਬੈਠੇ। ਯੂਸਫ਼ ਸਾਹਿਬ ਨੇ ਸਤਿਕਾਰ ਤੇ ਖੁਸ਼ਾਮਦ ਹਿਤ ਆਪਣਾ ਸਿਲਕ ਦਾ ਕੋਟ ਲਾਹ ਕੇ "ਅੰਮਾਂ ਜੀ" ਵਾਸਤੇ ਘਾਹ ਤੇ ਵਿਛਾ ਦਿਤਾ। ਗੱਲਾਂ ਸ਼ੁਰੂ ਹੋਈਆਂ ਤਾਂ ਮੈਂ ਪ੍ਰੇਮ ਦੇ ਵਿਸ਼ੇ ਤੇ ਇਕ ਪਰਕਾਰ ਉਪਦੇਸ਼ ਸ਼ੁਰੂ ਕਰ ਦਿਤਾ ਕਿ ਪਿਆਰ ਰਬ ਹੈ ਅਤੇ ਰਬ ਪਿਆਰ। ਰਸੂਲ ਅੱਲਾ ਵੀ ਪਿਆਰ ਨੂੰ ਪਸੰਦ ਕਰਦੇ ਸਨ ਅਤੇ ਸਾਰੇ ਨਬੀਆਂ ਅਵਤਾਰਾਂ ਅਤੇ ਗੁਰੂਆਂ ਨੇ ਪਿਆਰ ਦੇ ਦਰਜੇ ਨੂੰ ਬੜਾ ਉਚਾ ਮੰਨਿਆ ਹੈ। ਪਿਆਰ ਨਾਲ ਆਤਮਾ ਪਵਿਤਰ ਹੁੰਦੀ ਹੈ ਅਤੇ ਉਸ ਵਿਆਹ ਨੂੰ ਵਿਆਹ ਨਹੀਂ ਸਮਝਣਾ ਚਾਹੀਦਾ ਜਿਸ ਦੀ ਤਹਿ ਵਿਚ ਪਿਆਰ ਨਾ ਹੋਵੇ ਆਦਿ। ਆਖ਼ਰ ਵਿਚ ਮੈਂ ਕਿਹਾ ਕਿ ਕਿਉਂਕਿ ਯੂਸਫ਼ ਸਾਹਿਬ ਅਤੇ ਸ਼ਰੀਫਾਂ ਦਾ ਆਪਸ ਵਿਚ ਪ੍ਰੇਮ ਹੈ ਇਸ ਲਈ ਦੋਹਾਂ ਦਾ ਵਿਆਹ ਹੋ ਜਾਏ ਤਾਂ ਚੰਗਾ ਹੈ। ਤਾਕਿ ਸ਼ਰੀਫ਼ਾਂ ਹਰਾਮ ਦੇ ਜੀਵਨ ਨੂੰ ਤਿਆਗ ਕੇ ਈਮਾਨ ਅਤੇ

ਸ਼ਾਂਤੀ ਦਾ ਜੀਵਨ ਬਤੀਤ ਕਰੇ। ਸ਼ਰੀਫਾਂ ਦੀ ਮਾਂ ਨੂੰ ਮੈਂ ਅਧੇ ਘੰਟੇ ਦੇ ਕਰੀਬ ਸਮਝਾਂਦਾ ਰਿਹਾ ਅਤੇ ਉਹ ਮੇਰਾ ਮੂੰਹ ਵੇਖਦੀ ਰਹੀ ਤੇ ਚੁਪ ਚਾਪ ਸੁਣਦੀ ਰਹੀ। ਮੈਂ ਜਦ ਆਪਣੇ ਸਾਰੇ ਉਪਦੇਸ਼ਾਂ ਦਾ ਭੰਡਾਰ ਮੁਕਾ ਚੁਕਾ ਤਾਂ ਸ਼ਰੀਫਾਂ ਦੀ ਮਾਂ ਨੇ ਉਤਰ ਦਿਤਾ ਜੋ ਇਸ ਪਰਕਾਰ ਸੀ :

"ਸਰਦਾਰ ਜੀ ਤੁਸੀਂ ਕਿਹੜਿਆਂ ਖ਼ਿਆਲਾਂ 'ਚ ਫਿਰ ਰਹੇ ਹੋ, ਸਾਡੇ ਘਰਾਂ ਵਿਚ ਤਾਂ ਪਿਆਰ ਨੂੰ ਬੜਾ ਵਡਾ ਗੁਨਾਹ ਸਮਝਿਆ ਜਾਂਦਾ ਹੈ। ਸਾਡੀਆਂ ਬਚੀਆਂ ਜਦ ਜੰਮਦੀਆਂ ਹਨ ਤਾਂ ਉਹਨਾਂ ਦੇ ਕੰਨਾਂ ਵਿਚ ਕਿਹਾ ਜਾਂਦਾ ਹੈ ਕਿ ਆਉਂਦੇ ਜੀਵਨ ਵਿਚ ਜੋ ਦਿਲ ਕਰੇ ਕਰਨਾ, ਪਰ ਕਿਸੇ ਨਾਲ ਪਿਆਰ ਨਾ ਕਰਨਾ। ਜਦ ਇਹ ਵਡੀਆਂ ਹੁੰਦੀਆਂ ਹਨ ਤਾਂ ਇਕੋ ਹੀ ਪਾਠ ਪੜ੍ਹਾਇਆ ਜਾਂਦਾ ਹੈ ਕਿ ਪਿਆਰ-ਪਿਆਰ ਕਹਿਣ ਵਾਲੇ ਲੋਕ ਸਵਾਰਥੀ ਅਤੇ ਬਦਮਾਸ਼ ਹੁੰਦੇ ਹਨ ਜਿਨ੍ਹਾਂ ਦਾ ਮਤਲਬ ਇਹ ਹੁੰਦਾ ਹੈ ਕਿ ਇਹ ਸਾਊ ਕੁੜੀਆਂ ਨੂੰ ਘਰਾਂ ਤੋਂ ਕਢ ਕੇ ਲੈ ਜਾਣ ਅਤੇ ਬਰਬਾਦ ਕਰ ਦੇਣ। ਸਾਡੇ ਦਿਲ ਦੀ ਪੁਛੋ ਤਾਂ ਅਸੀਂ ਤੇ ਕਹਿੰਦੇ ਹਾਂ ਕਿ ਜੇਕਰ ਕੁੜੀ ਨੇ ਕਿਸੇ ਯਾਰ ਜਾਂ ਮਿਤਰ ਨਾਲ ਪ੍ਰੇਮ ਹੀ ਕਰਨਾ ਹੈ ਤਾਂ ਇਸ ਨਾਲੋਂ ਇਹੀ ਚੰਗਾ ਹੈ ਕਿ ਉਹ ਮਰ ਹੀ ਜਾਏ ਅਤੇ ਅਸੀਂ ਉਸ ਦੇ ਜਨਾਜ਼ੇ ਨੂੰ ਵੀ ਮੋਢਾ ਨਾ ਡਾਹੀਏ। ਮੈਂ ਤਾਂ ਸੁਣਦੀ ਸਾਂ ਕਿ ਅਖ਼ਬਾਰਾਂ ਵਾਲੇ ਬੜੇ ਭਲੇਮਾਣਸ ਆਦਮੀ ਹੁੰਦੇ ਹਨ, ਪਰ ਤੁਸੀਂ ਕਿਥੋਂ ਦੇ ਭਲੇਮਾਣਸ ਓ ਜਿਹੜੇ ਲੋਕਾਂ ਦੀਆਂ ਕੁੜੀਆਂ ਨੂੰ ਬਰਬਾਦ ਕਰਨ ਤੇ ਤੁਲੇ ਬੈਠੇ ਹੋ। ਸਾਡਾ ਘਰ ਤਬਾਹ ਹੋ ਜਾਏਗਾ ਤਾਂ ਤੁਹਾਡੇ ਹਥ ਕੀ ਆਏਗਾ।"

ਸ਼ਰੀਫਾਂ ਦੀ ਮਾਂ ਦਾ ਉਤਰ ਸੁਣ ਕੇ ਮੈਂ ਦੰਗ ਰਹਿ ਗਿਆ। ਉਸਨੂੰ ਕੀ ਆਖਾਂ ਮੈਂ ਜਾਣ ਗਿਆ ਕਿ ਇਹਨਾਂ ਤਿਲਾਂ ਵਿਚ ਤੇਲ ਨਹੀਂ। ਅਸੀਂ ਉਥੋਂ ਉਠੇ, ਸ਼ਰੀਫਾਂ ਦੀ ਮਾਂ ਨੂੰ ਬੜ ਸ਼ਾਹ ਬੋਲੇ ਕੋਲ ਉਸ ਦੇ ਕੋਠੇ ਲਾਗੇ ਜਾ ਲਾਹਿਆ ਅਤੇ ਅਸੀਂ ਦੋਵੇਂ ਵਾਪਸ ਦਫ਼ਤਰ "ਰਿਆਸਤ" ਜਾ ਪਹੁੰਚੇ। ਚਿਰ ਤਕ ਸਲਾਹ ਕਰਦੇ ਰਹੇ ਕਿ ਹੁਣ ਕੀ ਕਰਨਾ ਚਾਹੀਦੈ। ਆਖ਼ਰ ਫ਼ੈਸਲਾ ਹੋਇਆ ਕਿ ਸ਼ਰੀਫਾਂ ਬਾਲਗ ਹੈ ਉਹ ਆਪ ਚਾਹੁੰਦੀ ਹੈ ਕਿ ਉਸ ਦਾ ਵਿਆਹ ਹੋਵੇ। ਇਸ ਲਈ ਉਸ ਦੀ ਮਾਂ ਦੀ ਪਰਵਾਹ ਨਾ ਕਰਦੇ ਹੋਇਆਂ ਨਿਕਾਹ ਪੜ੍ਹਾ ਲਿਆ ਜਾਏ।

ਸ਼ਰੀਫਾਂ ਦੀ ਮਾਂ ਅਤੇ ਉਸ ਦੇ ਭਰਾ ਸ਼ਰੀਫਾਂ ਦੀ ਬੜੀ ਵੇਖ ਭਾਲ ਕਰਦੇ ਸਨ ਕਿ ਯੂਸਫ਼ ਇਸਨੂੰ ਕਿਤੇ ਕਢ ਕੇ ਨਾ ਲੈ ਜਾਏ। ਇਸ ਨੂੰ ਇਕੱਲਿਆਂ ਕਦੀ ਨਾ ਜਾਣ ਦਿੰਦੇ ਸਦਾ ਨਾਲ ਜਾਂਦੇ। ਮੈਂ ਸ਼ਰੀਫਾਂ ਦੇ ਵਡੇ ਭਰਾ ਮੁਹੰਮਦ ਉਮਰ ਨੂੰ ਸੁਨੇਹਾ ਭੇਜਿਆ ਕਿ ਉਹ ਸ਼ਾਮ ਨੂੰ ਸ਼ਰੀਫ਼ਾਂ ਦੇ ਨਾਲ ਆ ਕੇ ਮੈਨੂੰ ਮਿਲ ਜਾਏ

ਯੂਸਫ਼ ਨਾਲ ਕੋਈ ਸਲਾਹ ਕਰਨੀ ਹੈ। ਮੁਹੰਮਦ ਉਮਰ ਸ਼ਰੀਫਾਂ ਨੂੰ ਨਾਲ ਲੈ ਕੇ ਛੇ ਵਜੇ ਦੇ ਕਰੀਬ ਮੇਰੇ ਮਕਾਨ ਤੇ ਆ ਗਿਆ। ਯੂਸਫ ਹਾਜ਼ਰ ਸੀ ਕੁਝ ਚਿਰ ਤਕ ਤਾਂ ਅਸੀਂ ਗੱਲਾਂ ਕਰਦੇ ਰਹੇ। ਇਸ ਪਿਛੋਂ ਮੈਂ ਯੂਸਫ਼ ਸਾਹਿਬ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਕ ਜ਼ਰੂਰੀ ਗਲ ਦਾ ਪਤਾ ਕਰਨਾ ਹੈ — ਉਹਨਾਂ ਦਿਨਾਂ ਵਿਚ ਨਵਾਬ ਭੂਪਾਲ ਬਨਾਮ ਐਡੀਟਰ "ਰਿਆਸਤ" ਦਾ ਮੁਕੱਦਮਾ ਚਲ ਰਿਹਾ ਸੀ — ਭੂਪਾਲ ਦੇ ਦੋ ਅਫ਼ਸਰ ਅਜ ਸ਼ਾਮ ਦੀ ਕਿਸੇ ਗਡੀ ਦਿੱਲੀਓਂ ਜਾਣਗੇ ਅਤੇ ਪਤਾ ਕਰਨਾ ਹੈ ਕਿ ਉਹ ਕਿਹੜੀ ਗਡੀ ਵਿਚ ਸਵਾਰ ਹੁੰਦੇ ਹਨ ਅਤੇ ਕਿਥੇ ਜਾਣਗੇ। ਯੂਸਫ਼ ਸਾਹਿਬ ਨੇ ਬਣਾਉਟੀ ਘਬਰਾਹਟ ਦਾ ਪ੍ਰਗਟਾ ਕੀਤਾ ਕਿ ਕਿਸ ਤਰ੍ਹਾਂ ਪਤਾ ਕੀਤਾ ਜਾਏ। ਮੁਹੰਮਦ ਉਮਰ ਪੰਜਾਬ ਦਾ ਰਹਿਣ ਵਾਲਾ ਤਿਆਰ ਬਰ ਤਿਆਰ ਨੌਜਵਾਨ ਸੀ। ਸਾਡੀ ਘਬਰਾਹਟ ਨੂੰ ਵੇਖ ਕੇ ਕਹਿਣ ਲੱਗਾ :

"ਕਿਹੜੀ ਗਲ ਦੀ ਘਬਰਾਹਟ ਹੈ ਮੈਨੂੰ ਦਸੋ ਮੈਂ ਪਤਾ ਲਿਆਉਂਦਾ ਹਾਂ।"

ਮੁਹੰਮਦ ਉਮਰ ਨੂੰ ਮੈਂ ਇਕ ਰੁਪਿਆ ਟਾਂਗੇ ਲਈ ਦਿਤਾ ਅਤੇ ਕਿਹਾ ਕਿ ਦੋ ਆਦਮੀ ਹਨ ਦੋਹਾਂ ਨੇ ਅਚਕਨ ਅਤੇ ਹੈਟ ਪਾ ਰਖੀ ਹੈ। ਤੂੰ ਰੇਲਵੇ ਸਟੇਸ਼ਨ ਤੇ ਸੈਕੰਡ ਕਲਾਸ ਦੇ ਟਿਕਟ ਘਰ ਕੋਲ ਜਾ ਕੇ ਖਲੋ ਜਾਈਂ। ਜਦ ਉਹ ਦੋਵੇਂ ਆਉਣ ਤਾਂ ਪਲੇਟ ਫ਼ਾਰਮ ਤੇ ਚਲਿਆ ਜਾਈਂ ਅਤੇ ਵੇਖੀਂ ਕਿ ਕਿਹੜੀ ਗਡੀ ਵਿਚ ਬਹਿੰਦੇ ਹਨ ਅਤੇ ਜਦ ਤਕ ਕਿ ਰਾਤ ਨੂੰ ਜਾਣ ਵਾਲੀਆਂ ਸਾਰੀਆਂ ਗਡੀਆਂ ਨਾ ਤੁਰ ਜਾਣ ਉਹਨਾਂ ਤੇ ਅੱਖ ਰਖੀਂ ਕਿ ਇਹਨਾਂ ਨੂੰ ਕੌਣ ਕੌਣ ਮਿਲਦਾ ਹੈ। ਮੁਹੰਮਦ ਉਮਰ ਇਸ ਹਦਾਇਤ ਅਨੁਸਾਰ ਸਟੇਸ਼ਨ ਤੇ ਚਲਾ ਗਿਆ ਅਤੇ ਦੂਜੇ ਦਰਜੇ ਦੇ ਟਿਕਟ ਘਰ ਕੋਲ ਰਾਤ ਨੂੰ ਦਸ ਵਜੇ ਤਕ ਖਲੋਤਾ ਰਿਹਾ। ਜਦ ਸਾਰੀਆਂ ਗਡੀਆਂ ਨਿਕਲ ਗਈਆਂ ਤਾਂ ਉਹ ਵਿਚਾਰਾ ਵਾਪਸ ਆਇਆ ਅਤੇ ਉਸ ਨੇ ਆ ਕੇ ਦਸਿਆ ਕਿ ਉਸਨੇ ਖ਼ੂਬ ਨਿਗਰਾਨੀ ਕੀਤੀ। ਅਚਕਨ ਤੇ ਹੈਟ ਵਾਲੇ ਭੂਪਾਲ ਦੇ ਕੋਈ ਆਦਮੀ ਕਿਸੇ ਗਡੀ ਤੇ ਨਹੀਂ ਚੜ੍ਹੇ। ਭੂਪਾਲ ਦੇ ਆਦਮੀ ਕਿਥੇ ਆਉਣੇ ਸਨ ਇਸ ਵਿਚਾਰੇ ਨੂੰ ਤਾਂ ਕੇਵਲ ਇਸ ਲਈ ਰੇਲਵੇ ਸਟੇਸ਼ਨ ਤੇ ਭੇਜਿਆ ਸੀ ਕਿ ਦੋ ਢਾਈ ਘੰਟਿਆਂ ਲਈ ਸਾਨੂੰ ਨਿਕਾਹ ਦਾ ਅਵਸਰ ਮਿਲ ਜਾਏ।

ਮੁਹੰਮਦ ਉਮਰ ਦੇ ਜਾਣ ਤੋਂ ਪਹਿਲਾਂ ਸਾਰਾ ਪ੍ਰਬੰਧ ਹੋ ਚੁਕਿਆ ਸੀ ਉਸ ਦੇ ਜਾਣ ਪਿਛੋਂ ਦਿੱਲੀ ਦੇ ਤਹਿਸੀਲਦਾਰ ਮੀਰ ਹੁਸੈਨ, ਰਾਏ ਸਾਹਿਬ ਲਾਲਾ ਗੁਪਾਲ ਦਾਸ ਰੀਟਾਇਰਡ ਅਸਿਸਟੈਂਟ ਕਮਿਸ਼ਨਰ ਤੇ ਆਨਰੇਰੀ ਮੈਜਿਸਟਰੇਟ ਮਿਸਟਰ ਬ੍ਰਿਜ ਬਿਹਾਰੀ ਤੋਕਲੀ ਐਡਵੋਕੇਟ ਅਤੇ ਦੋ ਤਿੰਨ ਹੋਰ ਭਦਰ ਪੁਰਸ਼



Digitized by Panjab Digital Library | www.panjabdigilib.org

ਆ ਗਏ । ਕਾਜ਼ੀ ਸਾਹਿਬ ਪਧਾਰੇ, ਪਤਾਸੇ, ਛੁਹਾਰੇ ਅਤੇ ਮਿਠਾਈ ਮੰਗਵਾਈ ਗਈ । "ਰਿਆਸਤ" ਪ੍ਰੈਸ ਦੇ ਫ਼ੋਰਮੈਨ ਉਸਤਾਦ ਤਸੱਦੁਕ ਹੁਸੈਨ ਨੇ ਕੁੜੀ ਦੇ ਵਲੀ ਦੇ ਫ਼ਰਜ਼ ਨਿਭਾਏ । ਤਸੱਦੁਕ ਹੁਸੈਨ ਪਹਿਲਾਂ ਤਾਂ ਹਿਚਕਚਾਇਆ, ਪਰ ਜਦ ਉਸ ਨੂੰ ਕਿਹਾ ਗਿਆ ਕਿ ਇਹ ਪੁੰਨ ਦਾ ਕੰਮ ਹੈ ਤਾਂ ਰਾਜ਼ੀ ਹੋ ਗਿਆ । ਨਿਕਾਹ ਨਾਮਾ ਤਿਆਰ ਹੋਇਆ ਅਤੇ ਉਸ ਤੇ ਤਹਿਸੀਲਦਾਰ ਸਾਹਿਬ, ਆਨਰੇਰੀ ਮੈਜਿਸਟ੍ਰੇਟ, ਵਕੀਲ ਸਾਹਿਬ ਅਤੇ ਐਡੀਟਰ "ਰਿਆਸਤ" ਦੇ ਗਵਾਹਾਂ ਦੇ ਤੌਰ ਤੇ ਦਸਤਖ਼ਤ ਹੋ ਗਏ । ਕਾਜ਼ੀ ਸਾਹਿਬ ਨੇ ਸ਼ਰੀਫ਼ਾਂ ਬੀਬੀ ਤੋਂ "ਕਬੂਲ ਹੈ" ਆਦਿ ਪੁਛਿਆ । ਸ਼ਰੀਫ਼ਾਂ ਨੇ ਵੀ "ਹਾਂ ਕਬੂਲ ਹੈ" ਕਿਹਾ । ਨਿਕਾਹ ਹੋਇਆ । ਛੁਹਾਰੇ, ਪਤਾਸੇ ਤੇ ਮਿਠਾਈ "ਕੁੜੀ ਵਾਲਿਆਂ" ਅਤੇ "ਜਾਂਞੀਆਂ" ਵਿਚ ਵੰਡੀ ਗਈ ਅਤੇ ਇਹ ਸਭ ਕਾਰਵਾਈ ਨੌਂ ਵਜੇ ਤੋਂ ਪਹਿਲਾਂ ਪਹਿਲਾਂ ਮੁਕਾ ਦਿਤੀ ਗਈ।

ਦਸ ਵਜੇ ਮੁਹੰਮਦ ਉਮਰ ਸਾਹਿਬ ਪਧਾਰੇ ਤਾਂ ਉਸ ਤੋਂ ਪਹਿਲਾਂ "ਕੁੜੀ ਵਾਲੇ" ਅਤੇ "ਜੰਞ ਵਾਲੇ" ਛੁਹਾਰੇ ਤੇ ਮਿਠਾਈ ਖਾ ਕੇ ਜਾ ਚੁਕੇ ਸਨ । ਕਮਰੇ ਵਿਚ ਕੇਵਲ "ਵਹੁਟੀ" ਭਾਵ ਸ਼ਰੀਫ਼ਾਂ, "ਲਾੜਾ" ਭਾਵ ਯੂਸਫ਼ ਸਾਹਿਬ ਅਤੇ ਇਕ "ਗਵਾਹ" ਭਾਵ ਐਡੀਟਰ "ਰਿਆਸਤ" ਬੈਠਾ ਸੀ ਅਤੇ ਕੋਲ ਹੀ ਫੁਲਾਂ ਦੇ ਦੋ ਤਿੰਨ ਹਾਰ ਪਏ ਸਨ ਜਿਹੜੇ ਲਾੜਾ ਤੇ ਲਾੜੀ ਨੂੰ ਵਿਆਹ ਵੇਲੇ ਪਾਏ ਗਏ ਸਨ । ਮੁਹੰਮਦ ਉਮਰ ਵਿਚਾਰੇ ਨੂੰ ਕੀ ਪਤਾ ਕਿ ਉਸ ਦੇ ਸਟੇਸ਼ਨ ਤੋਂ ਮੁੜਨ ਤੋਂ ਪਹਿਲਾਂ ਹੀ ਉਸ ਦੀ ਮਾਂ ਦੇ ਕਥਨ ਅਨੁਸਾਰ ਉਹਨਾਂ ਦਾ ਬੁੱਗਾ ਚੌੜ ਹੋ ਚੁਕਿਆ ਸੀ ਅਤੇ ਯੂਸਫ਼ ਸਾਹਿਬ ਦਾ ਬੁੱਗਾ ਵਸ ਚੁਕਿਆ ਸੀ । ਮੁਹੰਮਦ ਉਮਰ ਦੇ ਆਉਣ ਤੇ ਸ਼ਰੀਫ਼ਾਂ ਆਪਣੇ ਭਰਾ ਮੁਹੰਮਦ ਉਮਰ ਤੇ ਵਰ੍ਹ ਪਈ ਕਿ ਏਨੇ ਚਿਰ ਤੋਂ ਉਸ ਦੀ ਉਡੀਕ ਕੀਤੀ ਜਾ ਰਹੀ ਹੈ । ਅੰਮਾਂ ਘਰ ਗੁਸੇ ਹੁੰਦੀ ਹੋਵੇਗੀ । ਕਿਥੇ ਚਲਾ ਗਿਆ ਸੀ ਤੇ ਉਸਨੇ ਸਟੇਸ਼ਨ ਤੇ ਏਨਾ ਚਿਰ ਕਿਉਂ ਲਾ ਦਿਤਾ । ਮੁਹੰਮਦ ਉਮਰ ਭਾਵੇਂ ਉਮਰ ਵਿਚ ਸ਼ਰੀਫ਼ਾਂ ਤੋਂ ਢੇਰ ਵਡਾ ਸੀ, ਪਰ ਵੇਸ਼ਵਾਵਾਂ ਵਿਚ ਨਿਕੀ ਉਮਰ ਦੀਆਂ ਕੁੜੀਆਂ ਵੀ ਵਡੀ ਉਮਰ ਦੇ ਭਰਾਵਾਂ, ਮਾਂ, ਪਿਓ ਆਦਿ ਨੂੰ ਡਾਂਟ ਲੈਂਦੀਆਂ ਹਨ ਕਿਉਂਕਿ ਉਹ ਜਾਣਦੀਆਂ ਹਨ ਕਿ ਇਹ ਸਭ ਲੋਕ ਟੁਕੜ ਬੋਚ ਤੇ ਉਹਨਾਂ ਦੇ ਰਹਿਮ ਤੇ ਹਨ । ਮੁਹੰਮਦ ਉਮਰ ਵਿਚਾਰੇ ਨੇ ਇਸ ਡਾਂਟ ਦਾ ਕੇਵਲ ਇਹੀ ਉਤਰ ਦਿਤਾ ਕਿ ਜੇਕਰ ਕੰਮ ਪੂਰੇ ਤੌਰ ਤੇ ਨਾ ਕਰਕੇ ਆਉਂਦਾ ਤਾਂ ਸਰਦਾਰ ਸਾਹਿਬ — ਭਾਵ ਦੀਵਾਨ ਸਿੰਘ — ਗੁਸੇ ਹੁੰਦੇ । ਹੁਣ ਮੈਂ ਜੇਕਰ ਹੁਕਮ ਦੀ ਪੂਰੇ ਤੌਰ ਤੇ ਤਾਮੀਲ ਭਾਵ ਭੁਪਾਲ ਦਿਆਂ ਲੋਕਾਂ ਦੀ ਚੰਗੀ ਤਰ੍ਹਾਂ ਨਿਗਰਾਨੀ ਕਰ ਕੇ ਆਇਆ ਹਾਂ ਤਾਂ ਤੂੰ ਡਾਂਟਦੀ ਹੈਂ। ਇਸ ਪਿਛੋਂ ਸ਼ਰੀਫ਼ਾਂ ਅਤੇ ਉਸ ਦਾ ਭਰਾ ਤਾਂ ਆਪਣੇ ਘਰ ਚਲੇ ਗਏ ਅਤੇ ਯੂਸਫ਼



Digitized by Panjab Digital Library | www.panjabdigilib.org

ਸਾਹਿਬ ਆਪਣੇ ਘਰ।

ਇਸ ਵਿਆਹ ਦਾ ਪਤਾ ਸਿਵਾਏ ਕਾਜ਼ੀ ਸਾਹਿਬ, ਵਹੁਟੀ ਗਭਰੂ ਜਾਂ ਗਵਾਹਾਂ ਅਤੇ "ਜਾਂਞੀਆਂ,' ਦੇ ਕਿਸੇ ਦੂਜੇ ਨੂੰ ਨਹੀਂ ਸੀ। ਇਸ ਵੇਲੇ ਤਕ ਸ਼ਰੀਫ਼ਾਂ ਦੀ ਮਾਂ ਆਪਣੀ ਕੁੜੀ ਦੇ ਮਜਬੂਰ ਕਰਨ ਤੇ ਕੇਵਲ ਇਸ ਹੱਦ ਤਕ ਰਾਜ਼ੀ ਸੀ ਕਿ ਉਸ ਦਾ ਸੰਬੰਧ ਯੂਸਫ਼ ਨਾਲ ਵੀ ਰਹੇ ਅਤੇ ਉਹ ਪੇਸ਼ੇ ਰਾਹੀਂ ਅਮੀਰਾਂ ਦੇ ਘੇਰੇ 'ਚੋਂ ਰੁਪਿਆ ਵੀ ਕਮਾਉਂਦੀ ਰਹੇ, ਪਰ ਵਿਆਹ ਪਿਛੋਂ ਨਵੇਂ ਝਗੜੇ ਸ਼ੁਰੂ ਹੋ ਗਏ। ਸ਼ਰੀਫ਼ਾਂ ਨੇ ਦੂਜਿਆਂ ਲੋਕਾਂ ਦੇ ਘਰ ਜਾਣਾ ਜਾਂ ਉਹਨਾਂ ਨਾਲ ਗਲ ਤਕ ਕਰਨਾ ਛਡ ਦਿਤਾ। ਇਸ ਦੀ ਮਾਂ ਅਤੇ ਉਸ ਦੇ ਭਰਾ ਮਜਬੂਰ ਕਰਦੇ, ਪਰ ਉਹ ਨਾ ਮੰਨਦੀ। ਨਵਾਬ ਸਾਹਿਬ ਮਲੇਰ ਕੋਟਲਾ ਦੇ ਸੁਨੇਹੇ ਆ ਰਹੇ ਹਨ ਕਿ ਮਲੇਰ ਕੋਟਲੇ ਆਓ,ਪਰ ਸਰੀਫ਼ਾਂ ਦਿੱਲੀ ਛਡਨਾ ਨਹੀਂ ਚਾਹੁੰਦੀ ਅਤੇ ਨਵਾਬ ਸਾਹਿਬ ਦੀ ਪਰਵਾਹ ਕਰਨ ਨੂੰ ਵੀ ਤਿਆਰ ਨਹੀਂ। ਦੂਜੇ ਲੋਕ ਆਉਂਦੇ ਹਨ ਉਹਨਾਂ ਦੇ ਸਾਹਮਣੇ ਨਹੀਂ ਹੁੰਦੀ। ਇਕ ਦੋ ਮਹੀਨੇ ਤਕ ਝਗੜੇ ਦਾ ਇਹ ਸਿਲਸਲਾ ਚਲਦਾ ਰਿਹਾ ਆਖ਼ਰ ਸ਼ਰੀਫ਼ਾਂ ਨੇ ਆਪਣੀ ਮਾਂ ਨੂੰ ਕਹਿ ਦਿਤਾ ਕਿ ਕਿਉਂਕਿ ਉਸ ਦਾ ਨਿਕਾਹ ਯੂਸਫ਼ ਸਾਹਿਬ ਨਾਲ ਹੋ ਚੁਕਾ ਹੈ ਇਸ ਲਈ ਉਹ ਕਿਸੇ ਦੂਜੇ ਆਦਮੀ ਨਾਲ ਸੰਬੰਧ ਨਹੀਂ ਰਖੇਗੀ। ਇਸ ਨੂੰ ਉਹ ਹਰਾਮ ਸਮਝਦੀ ਹੈ ਅਤੇ ਜੇਕਰ ਮੈਨੂੰ ਹੋਰ ਤੰਗ ਕੀਤਾ ਗਿਆ ਤਾਂ ਮੈਂ ਗਾਣਾ ਵੀ ਛਡ ਦਿਆਂਗੀ ਅਤੇ ਯੂਸਫ਼ ਸਾਹਿਬ ਦੇ ਘਰ ਜਾ ਕੇ ਪਰਦੇ ਵਿਚ ਬਹਿ ਜਾਏਗੀ। ਸ਼ਰੀਫ਼ਾਂ ਦੇ ਇਸ ਭੇਤ ਨੂੰ ਸੁਣ ਕੇ ਸ਼ਰੀਫ਼ਾਂ ਦੀ ਮਾਂ ਤੇ ਭਰਾ ਆਪਣਾ ਸਿਰ ਫੜ ਕੇ ਬਹਿ ਗਏ। ਉਹਨਾਂ ਨੂੰ ਹੁਣ ਪਤਾ ਲਗਾ ਕਿ ਉਹਨਾਂ ਦਾ ਝੁਗਾ ਚੌੜ ਹੋ ਗਿਆ ਹੈ ਅਤੇ ਉਹ ਲੁਟੇ ਗਦੇ ਹਨ। ਇਹਨਾਂ ਲੋਕਾਂ ਦੀ ਨਿਗਾਹ ਵਿਚ ਸਭ ਤੋਂ ਵਡਾ ਅਪਰਾਧੀ ਦੀਵਾਨ ਸਿੰਘ ਸੀ, ਜਿਸ ਨੇ ਨਿਕਾਹ ਦਾ ਪ੍ਰਬੰਧ ਕੀਤਾ। ਹਰ ਰੋਜ਼ ਸ਼ਕਾਇਤਾਂ, ਕਦੇ ਇਹ ਕਿ ਸ਼ਰੀਫ਼ਾਂ ਨੇ ਰੁਪਿਆ ਕਮਾਉਣਾ ਛਡ ਦਿਤਾ ਹੈ, ਖਾਈਏ ਕਿਥੋਂ? ਨਵਾਬ ਸਾਹਿਬ ਮਲੇਰ ਕੋਟਲਾ ਏਨੇ ਸੌ ਰੁਪਿਆ ਮਹੀਨਾ ਦਿੰਦੇ ਸਨ, ਹੁਣ ਕੌਡੀ ਦੀ ਆਮਦਨ ਨਹੀਂ, ਉਜੜ ਗਏ ਕਿਥੇ ਜਾਈਏ ਕੀ ਕਰੀਏ। ਯੂਸਫ ਸਾਹਿਬ ਦੀ ਆਮਦਨੀ ਘਟ ਹੈ ਸਾਡੇ ਖ਼ਰਚ ਪੂਰੇ ਨਹੀਂ ਹੁੰਦੇ। ਜਦ ਇਹਨਾਂ ਸ਼ਕਾਇਤਾਂ ਦਾ ਸਿਲਸਲਾ ਬਹੁਤ ਵਧ ਗਿਆ ਤਾਂ ਯੂਸਫ਼ ਸਾਹਿਬ ਸ਼ਰੀਫ਼ਾਂ ਨੂੰ ਲੈ ਕੇ ਆਪਣੇ ਘਰ ਚਲੇ ਗਏ ਅਤੇ ਉਹਨਾਂ ਨੇ ਆਪਣੀ ਵਹੁਟੀ ਨੂੰ ਪਰਦੇ ਵਿਚ ਬਿਠਾ ਲਿਆ ਅਤੇ ਵਿਆਹ ਦੇ ਦੋ ਤਿੰਨ ਸਾਲਾਂ ਦੇ ਅੰਦਰ ਦੋ ਕੁੜੀਆਂ ਵੀ ਜੰਮ ਪਈਆਂ। ਯੂਸਫ਼ ਸਾਹਿਬ ਦੀ ਆਮਦਨੀ ਬਹੁਤ ਸੀਮਿਤ ਸੀ। ਦੋ ਤਿੰਨ ਵਰ੍ਹੇ ਤਾਂ ਉਹਨਾਂ ਦੇ ਦਿਨ ਚੰਗੇ ਲੰਘੇ। ਬਚੀਆਂ ਹੋਣ ਪਿਛੋਂ ਸ਼ਰੀਫ਼ਾਂ ਦਾ



Digitized by Panjab Digital Library | www.panjabdigilib.org

ਪਿਆਰ ਸੁਭਾਵਕ ਹੀ ਆਪਣੇ ਘਰ ਵਾਲੇ ਤੋਂ ਘਟ ਹੋ ਕੇ ਬਚਿਆਂ ਵਿਚ ਪਲਟ ਗਿਆ। ਉਹ ਪਹਿਲਾਂ ਤਾਂ ਨਾਲ ਹੀ ਜੀਉਣ ਮਰਨ ਦਾ ਸਾਹ ਭਰਦੀ ਸੀ ਹੁਣ ਸ਼ਕਾਇਤ ਹੈ ਕਿ ਅਮਕੇ ਬੱਚੇ ਲਈ ਰੇਸ਼ਮੀ ਫ਼ਰਾਕ ਨਹੀਂ ਆਇਆ ਅਤੇ ਅਮਕੇ ਬੱਚੇ ਲਈ ਜੁਤੀ ਅਤੇ ਟੋਪੀ ਨਹੀਂ। ਇਹਨਾਂ ਸ਼ਕਾਇਤਾਂ ਨੇ ਘੁਟੇ ਵਟੇ ਰਹਿਣ ਦਾ ਰੂਪ ਧਾਰਨ ਕਰ ਲਿਆ। ਏਧਰ ਸ਼ਰੀਫ਼ਾਂ ਦੀ ਮਾਂ ਨੂੰ ਜਦ ਇਹ ਪਤਾ ਲਗਾ ਕਿ ਸ਼ਰੀਫ਼ਾਂ ਸੰਤੁਸ਼ਟ ਨਹੀਂ ਤਾਂ ਉਸ ਨੇ ਫੇਰ ਆਪਣੀ ਧੀ ਤੇ ਡੋਰੇ ਸੁਟਣੇ ਸ਼ੁਰੂ ਕਰ ਦਿਤੇ। ਉਹ ਜਦ ਸ਼ਰੀਫ਼ਾਂ ਨੂੰ ਮਿਲਦੀ ਇਹੋ ਆਖਦੀ ਕਿ ਨਵਾਬ ਸਾਹਿਬ ਨੇ ਦੋ ਦੋ ਸੌ ਰੁਪਏ ਦੀਆਂ ਸਾੜ੍ਹੀਆਂ ਲੈ ਦਿਤੀਆਂ ਸਨ। ਅਮਕੇ ਰਾਜਾ ਸਾਹਿਬ ਨੇ ਜੜਾਊ ਗੁਲੂਬੰਦ ਲੈ ਦਿਤਾ ਸੀ ਅਤੇ ਅਮਕੇ ਸੇਠ ਸਾਹਿਬ ਨੇ ਮੋਟਰ ਲੈ ਦੇਣ ਦਾ ਇਕਰਾਰ ਕੀਤਾ ਸੀ। ਇਹਨਾਂ ਗੱਲਾਂ ਦਾ ਵਰਣਨ ਸ਼ਰੀਫ਼ਾਂ ਦੀਆਂ ਅੱਖਾਂ 'ਚੋਂ ਅਥਰੂ ਵਹਾ ਦਿੰਦਾ ਕਿਉਂਕਿ ਜੇਕਰ ਚੰਗੇ ਦਿਨ ਵੇਖੇ ਹੋਣ ਤਾਂ ਫੇਰ ਭੈੜੇ ਦਿਨਾਂ ਦਾ ਟਾਕਰਾ ਕਰਨਾ ਬੜਾ ਦੁਖਦਾਈ ਹੁੰਦਾ ਹੈ। ਸ਼ਰੀਫ਼ਾਂ ਖ਼ਾਨਦਾਨੀ ਵੇਸ਼ਵਾ ਸੀ। ਉਸ ਨੇ ਬਚਪਨ ਵਿਚ ਵੀ ਵੇਖਿਆ ਸੀ ਕਿ ਉਹਨਾਂ ਦੀ ਅੱਖ ਦੇ ਇਸ਼ਾਰੇ ਤੇ ਹੀ ਕਿਵੇਂ ਵਡੇ ਤੋਂ ਵਡੇ ਨਵਾਬ, ਰਾਜੇ ਅਤੇ ਅਮੀਰ ਨਾਚ ਕਰਦੇ ਸਨ। ਇਕ ਦਰਮਿਆਨੇ ਦਰਜੇ ਦੇ ਘਰ ਵਿਚ ਰਹਿਕੇ ਮਮੂਲੀ ਗੁਜ਼ਾਰੇ ਤੇ ਕਿਵੇਂ ਸੰਤੁਸ਼ਟ ਹੁੰਦੀ। ਸਿੱਟਾ ਇਹ ਕਿ ਦਿਨ ਰਾਤ ਕਲੇਸ਼ ਰਹਿਣ ਲਗ ਪਿਆ ਤੇ ਆਖ਼ਰ ਫਿਰ ਉਹ ਆਪਣੇ ਮਾਪਿਆਂ ਦੇ ਘਰ ਚਲੀ ਗਈ। ਇਸ ਦੇ ਚਲੇ ਜਾਣ ਪਿਛੋਂ ਯੂਸਫ਼ ਸਾਹਿਬ ਨੇ ਬੜਾ ਜਤਨ ਕੀਤਾ ਕਿ ਉਹ ਮੁੜ ਆਵੇ ਅਤੇ ਘਰੇਲੂ ਜੀਵਨ ਬਤੀਤ ਕਰੇ, ਪਰ ਉਹ ਆਪਣੇ ਮਾਪਿਆਂ ਦੇ ਟੇਟੇ ਚੜ੍ਹੀ ਹੋਈ ਸੀ। ਯੂਸਫ਼ ਸਾਹਿਬ ਨੂੰ ਬੜਾ ਧੱਕਾ ਲੱਗਾ। ਉਹਨਾਂ ਨੇ ਆਪਣੀ ਵਹੁਟੀ ਅਤੇ ਉਸ ਦੀ ਮਾਂ ਤੇ ਮੁਕੱਦਮਾ ਕਰ ਦਿਤਾ। ਇਹ ਮੁਕੱਦਮਾ ਵੀ ਕੁਝ ਚਿਰ ਚਲਦਾ ਰਿਹਾ। ਆਖ਼ਰ ਯੂਸਫ਼ ਸਾਹਿਬ ਨੂੰ ਰਾਇ ਦਿਤੀ ਗਈ ਕਿ ਜਿਸ ਹਾਲਤ ਵਿਚ ਸ਼ਰੀਫ਼ਾਂ ਉਸ ਕੋਲ ਰਹਿਣਾ ਹੀ ਨਹੀਂ ਚਾਹੁੰਦੀ ਇਹਨਾਂ ਨੂੰ ਵੀ ਆਪਣਾ ਵਿਚਾਰ ਬਦਲ ਲੈਣਾ ਚਾਹੀਦਾ ਹੈ। ਇਸ ਪਰਕਾਰ ਮੁਕੱਦਮਾ ਵਾਪਸ ਲੈ ਲਿਆ ਗਿਆ। ਹੁਣ ਸ਼ਰੀਫ਼ਾਂ ਫੇਰ ਆਪਣੀ ਮਾਂ ਅਤੇ ਭਰਾਵਾਂ ਕੋਲ ਸ਼ਾਇਦ ਮਲੇਰ ਕੋਟਲੇ ਵਿਚ ਹੀ ਰਹਿੰਦੀ ਹੈ। ਉਸ ਨੇ ਆਪਣਾ ਜੱਦੀ ਪੇਸ਼ਾ ਛਡ ਦਿਤਾ ਹੈ। ਉਸ ਦੀਆਂ ਛੋਟੀਆਂ ਭੈਣਾਂ ਉਸ ਪਿਛੋਂ ਪੇਸ਼ਾ ਕਰਾਉਂਦੀਆਂ ਰਹੀਆਂ, ਜਿਨ੍ਹਾਂ ਤੋਂ ਉਹਨਾਂ ਨੂੰ ਢੇਰ ਸਾਰੀ ਆਮਦਨ ਸੀ। ਹੁਣ ਆਖਿਆ ਨਹੀਂ ਜਾ ਸਕਦਾ ਕਿ ਉਹਨਾਂ ਦੀ ਆਮਦਨ ਦਾ ਕੀ ਹਾਲ ਹੈ। ਯੂਸਫ਼ ਸਾਹਿਬ ਨਾਲ ਹੁਣ ਗੱਲਾਂ ਗੱਲਾਂ ਵਿਚ ਹੀ ਜੇਕਰ ਕਦੀ ਸ਼ਰੀਫ਼ਾਂ ਦੀ ਗਲ ਤੁਰ ਪਵੇ ਤਾਂ ਉਹਨਾਂ ਦੇ ਮੱਥੇ ਤੇ ਵਟ ਪੈ ਜਾਂਦੇ

ਹਨ । ਜਿਸਦਾ ਭਾਵ ਇਹ ਹੈ ਕਿ ਹੁਣ ਉਹਨਾਂ ਦੇ ਦਿਲ ਵਿਚ ਪਿਆਰ ਦੀ ਥਾਂ ਬਦਲਾ ਅਤੇ ਬਦਲੇ ਪਿਛੋਂ ਘ੍ਰਿਣਾ ਪੈਦਾ ਹੋ ਚੁਕੀ ਹੈ ਅਤੇ ਉਹ ਸ਼ਰੀਫ਼ਾਂ ਦਾ ਨਾਂ ਸੁਣਨਾ ਵੀ ਪਸੰਦ ਨਹੀਂ ਕਰਦੇ।

ਉਪਰ ਦੇ ਇਹਨਾਂ ਸਮਾਚਾਰਾਂ ਤੋਂ ਵੇਸ਼ਵਾਆਂ ਦੇ ਸੁਭਾ ਦਾ ਪ੍ਰਗਟਾ ਹੁੰਦਾ ਹੈ ਕਿ ਜਦ ਵੇਸ਼ਵਾ ਪਿਆਰ ਦੇ ਵੇਗਾਂ ’ਚ ਰੁੜ੍ਹਦੀ ਜਾ ਰਹੀ ਹੋਵੇ ਤਾਂ ਆਪਣੇ ਵੇਸ਼ਵਾਪੁਣੇ ਨੂੰ ਕੁਝ ਚਿਰ ਲਈ ਵਿਸਰ ਜਾਂਦੀ ਹੈ, ਪਰ ਇਸ ਪਿਛੋਂ ਜਦ ਪਿਆਰ ਦੇ ਇਹ ਵੇਗ ਘਟ ਜਾਣ ਭਾਵੇਂ ਇਸ ਦਾ ਕਾਰਨ ਪਿਆਰ ਬੱਚਿਆਂ ਵਿਚ ਹੀ ਕਿਉਂ ਨਾ ਪਲਟ ਗਿਆ ਹੋਵੇ — ਹਰ ਇਸਤ੍ਰੀ ਦਾ ਸੁਭਾ ਹੈ ਕਿ ਉਸ ਦੀ ਮੰਗਣੀ ਦੇ ਦਿਨ ਤੋਂ ਲੈ ਕੇ ਬੱਚਾ ਹੋਣ ਤਕ ਉਸ ਦੇ ਪਿਆਰ ਦਾ ਕੇਂਦਰ ਸੌ ਪ੍ਰਤੀ ਸੈਂਕੜਾ ਉਸਦਾ ਪਤੀ ਹੁੰਦਾ ਹੈ । ਬੱਚਾ ਹੋਣ ਪਿਛੋਂ ਇਹ ਪਿਆਰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ। ਦਸਵਾਂ ਹਿਸਾ ਇਸ ਦੇ ਪਤੀ ਲਈ ਵਕਫ਼ ਰਹਿੰਦਾ ਹੈ ਬਾਕੀ ਨੱਬੇ ਪ੍ਰਤੀ ਸੈਂਕੜਾ ਬੱਚਾ ਜੰਮਦਿਆਂ ਹੀ ਬੱਚੇ ਵਿਚ ਪਲਟ ਜਾਂਦਾ ਹੈ ਅਤੇ ਉਹ ਆਦਮੀ ਜਿਹੜੇ ਔਲਾਦ ਹੋਣ ਪਿਛੋਂ ਆਪਣੀਆਂ ਵਹੁਟੀਆਂ ਨੂੰ ਪਿਆਰ ਘਟ ਹੋ ਜਾਣ ਦੀ ਸ਼ਕਾਇਤ ਕਰਦੇ ਹਨ ਉਹ ਪਿਆਰ ਦੇ ਗੂੜ੍ਹ ਗਿਆਨ ਤੋਂ ਕੋਰਿਆਂ ਹੋਣ ਦਾ ਪਰਮਾਣ ਦਿੰਦੇ ਹਨ ਕਿਉਂਕਿ ਇਸਤ੍ਰੀ ਆਪਣੇ ਸੁਭਾ ਤੋਂ ਮਜਬੂਰ ਹੈ ਕਿ ਉਸ ਦਾ ਪਿਆਰ ਬੱਚਾ ਹੋਣ ਪਿਛੋਂ ਝਟ ਬੱਚੇ ’ਚ ਵਟ ਜਾਏ — ਤਾਂ ਇਹ ਵਧੇਰਾ ਲੰਮੇ ਚਿਰ ਤਕ ਘਰੇਲੂ ਜੀਵਨ ਨਹੀਂ ਬਤੀਤ ਕਰ ਸਕਦੀਆਂ ਅਤੇ ਜੇਕਰ ਕਰਦੀਆਂ ਵੀ ਹਨ ਤਾਂ ਉਹਨਾਂ ਨੂੰ ਉਹਨਾਂ ਦਿਆਂ ਪ੍ਰੇਮੀਆਂ ਅਤੇ “ਮਰਨ ਵਾਲਿਆਂ” ਦੀ ਯਾਦ ਸਦਾ ਤੜਫ਼ਾਂਦੀ ਹੈ।

ਭੂਪਾਲ ਅਤੇ ਖੈਰ ਪੁਰ ਮੀਰਸ ਦੇ ਸੁਰਗਵਾਸੀ ਮਨਿਸਟਰ ਖਾਨ ਬਹਾਦਰ ਸਰ ਅਸਰਾਰ ਹਸਨ ਬੜੇ ਤਜਰਬਾਕਾਰ ਅਤੇ ਸ਼ੁਕੀਨ ਮਿਜ਼ਾਜ ਬਜ਼ੁਰਗ ਸਨ । ਐਡੀਟਰ “ਰਿਆਸਤ” ਨੂੰ ਆਪਣਾ ਬਚਾ ਸਮਝਦੇ ਅਤੇ ਜਦ ਵੀ ਦਿੱਲੀ ਆਉਂਦੇ ਉਹਨਾਂ ਨਾਲ ਕਈ ਕਈ ਘੰਟੇ ਗੱਲਾਂ ਕਰਨ ਦਾ ਅਵਸਰ ਪਰਾਪਤ ਹੋਇਆ। ਇਕ ਵਾਰ ਉਹਨਾਂ ਨੇ ਦਸਿਆ ਕਿ ਆਦਮੀ, ਜਦ ਘੋੜਾ, ਕੁਤਾ ਤੇ ਬਿਲੀ ਖ਼ਰੀਦਦਾ ਹੈ ਤਾਂ ਖ਼ਰੀਦਣ ਤੋਂ ਪਹਿਲਾਂ ਵੇਖਦਾ ਹੈ ਕਿ ਇਹ ਕਿਹੜੀ ਨਸਲ ਦਾ ਹੈ । ਦੋਗਲਾ ਤਾਂ ਨਹੀਂ । ਭਾਵ ਘੋੜਾ ਹੈ ਤਾਂ ਕੀ ਖ਼ਾਲਸ ਅਰਬੀ ਹੈ । ਕੁਤਾ ਹੈ ਤਾਂ ਕੀ ਖ਼ਾਲਸ ਸਪੇਨੀਅਲ ਜਾਂ ਫਾਕਸ ਟੈਰੀਅਰ ਹੈ ਅਤੇ ਕੀ ਬਿੱਲੀ ਖ਼ਾਲਸ ਪਰਸ਼ੀਅਨ ਹੀ ਹੈ । ਜੇਕਰ ਜਾਨਵਰਾਂ ਬਾਰੇ ਇਹ ਧਿਆਨ ਰਖਿਆ ਜਾਂਦਾ ਹੈ ਤਾਂ ਇਨਸਾਨਾਂ ਨਾਲ ਪਿਆਰ ਮਿਤ੍ਰਤਾ, ਤੇ ਸਾਕਾਦਾਰੀ ਜਾਂ ਸੰਬੰਧ ਬਣਾਉਂਦਿਆਂ ਹੋਇਆਂ ਕਿਉਂ ਨਾ ਨਸਲ



Digitized by Panjab Digital Library | www.panjabdigilib.org

ਜਾਂ ਖ਼ਾਨਦਾਨ ਵੇਖਿਆ ਜਾਏ । ਸਰ ਅਸਰਾਰ ਹਸਨ ਖ਼ਾਨ ਸਾਹਿਬ ਦੇ ਇਸ ਖ਼ਿਆਲ ਦੀ ਪ੍ਰੋੜ੍ਹਤਾ ਵਿਚ ਐਡੀਟਰ "ਰਿਆਸਤ" ਦਾ ਵੀ ਇਹੀ ਤਜਰਬਾ ਹੈ ਕਿ ਇਨਸਾਨ ਜਿਸ ਖ਼ਾਨਦਾਨ ਵਿਚ ਪੈਦਾ ਹੋਵੇ ਜਾਂ ਜਿਸ ਵਾਤਾਵਰਣ ਵਿਚ ਉਸ ਦੀ ਪਰਵਰਿਸ਼ ਹੋਵੇ । ਉਸ ਦਾ ਇਨਸਾਨ ਦੇ ਚਾਲਚਲਨ ਤੇ ਬਹੁਤ ਵਡਾ ਅਸਰ ਪੈਂਦਾ ਹੈ । ਪਹਿਲੀ ਗਲ ਤਾਂ ਇਹ ਕਿ ਉਹ ਆਪਣਾ ਚਲਨ ਬਦਲਦਾ ਹੀ ਨਹੀਂ ਅਤੇ ਜੇਕਰ ਬਦਲਦਾ ਵੀ ਹੈ ਤਾਂ ਉਸ ਮਨੁੱਖ ਦਾ ਲੰਮੇ ਚਿਰ ਤਕ ਲਗਾਤਾਰ ਬਹੁਤ ਵਡੇ ਜਤਨ ਅਤੇ ਮਨ ਨਾਲ ਵਾਰ ਵਾਰ ਖਿਚੋਤਾਣ ਕਰਨ ਪਿਛੋਂ ਦੁਨੀਆਂ ਦੇ ਕਾਰੋਬਾਰ ਵਿਚ ਇਹ ਵੇਖ ਲੈਣਾ ਚਾਹੀਦਾ ਹੈ ਕਿ ਜਿਸ ਨਾਲ ਉਸ ਦਾ ਵਾਹ ਪਏਗਾ ਉਸ ਦਾ ਪਿਛਲਾ ਚਾਲਚਲਨ ਕੀ ਹੈ ਅਤੇ ਜੇਕਰ ਚਾਲਚਲਨ ਵਿਚ ਕਮਜ਼ੋਰੀਆਂ ਹਨ ਤਾਂ ਕੀ ਉਹਨਾਂ ਦਾ ਸੁਧਾਰ ਸੰਭਵ ਹੈ ।

## ਪਰਦਾਦਾਰੀ ਅਤੇ ਸਫ਼ਲਤਾ

ਦਿੱਲੀ ਤੋਂ ਰੋਜ਼ਾਨਾ "ਰਈਅਤ" ਚਾਲੂ ਹੋਣ ਤੋਂ ਕੁਝ ਚਿਰ ਪਹਿਲਾਂ ਮੈਂ ਰਿਆਸਤ ਹੈਦਰਾਬਾਦ ਗਿਆ । ਰਸਤੇ ਵਿਚ ਕੁਝ ਦਿਨ ਨਾਦੇੜ — ਜਿਥੇ ਕਿ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਏ ਅਤੇ ਜਿਥੇ ਭਾਰਤ ਦੇ ਉਸ ਇਕ ਸਭ ਤੋਂ ਵਡੇ ਕਵੀ ਸ਼ੁਜਾਹ ਤੇ ਦੇਸ਼ ਭਗਤ ਦੀ ਸਮਾਧ ਵੀ ਹੈ — ਠਹਿਰਿਆ । ਨਾਦੇੜ ਵਿਚ ਗੁਰੂ ਗੋਬਿੰਦ ਸਿੰਘ ਅਤੇ ਸ਼ਹਿਨਸ਼ਾਹ ਆਲਮਗੀਰ ਔਰੰਗਜ਼ੇਬ ਦੀ ਚਿੱਠੀ ਪੱਤ੍ਰ ਬਾਰੇ ਮੈਨੂੰ ਕੁਝ ਅਜਿਹੇ ਸਮਾਂਚਾਰ ਪਤਾ ਲਗੇ ਜਿਹੜੇ ਸਿਖ ਤਵਾਰੀਖ ਵਿਚ ਅੰਕਿਤ ਨਹੀਂ ਸਨ । — ਇਹ ਸਮਾਂਚਾਰ ਹੈਦਰਾਬਾਦ ਤੋਂ ਵਾਪਸੀ ਤੇ ਟ੍ਰੈਕਟ ਦੀ ਸ਼ਕਲ ਵਿਚ ਅਤੇ ਅੰਮ੍ਰਿਤਸਰ ਦੇ ਰੋਜ਼ਾਨਾ ਉਰਦੂ "ਅਕਾਲੀ" ਦੇ ਗੁਰੂ ਗੋਬਿੰਦ ਸਿੰਘ ਨੰਬਰ ਵਿਚ ਪ੍ਰਕਾਸ਼ਤ ਹੋਏ — ਨਾਦੇੜ ਤੋਂ ਹੈਦਰਾਬਾਦ ਗਿਆ ਅਤੇ ਉਥੋਂ ਵਾਪਸੀ ਤੇ ਔਰੰਗਾਬਾਦ ਉਤਰ ਕੇ ਉਸ ਗੁਰਦੁਆਰੇ ਗਿਆ ਜਿਹੜਾ ਭਾਈ ਦਯਾ ਸਿੰਘ — ਗੁਰੂ ਗੋਬਿੰਦ ਸਿੰਘ ਜੀ ਦੇ ਪੰਜਾਂ ਪਿਆਰਿਆਂ ਵਿਚੋਂ ਇਕ ਮਹਾਂ ਪੁਰਸ਼ — ਦੇ ਨਾਂ ਨਾਲ ਪਰਸਿੱਧ ਹੈ । ਜਿਥੇ ਭਾਈ ਦਯਾ ਸਿੰਘ ਉਸ ਵੇਲੇ ਠਹਿਰੇ ਜਦ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਚਿੱਠੀ (ਜ਼ਫ਼ਰਨਾਮਾ) ਲੈ ਕੇ ਔਰੰਗਾਬਾਦ, ਔਰੰਗਜ਼ੇਬ ਕੋਲ ਪਹੁੰਚੇ ਸਨ । ਇਸ ਗੁਰਦੁਆਰੇ ਵਿਚ ਮੈਂ ਗੁਰੂ ਗ੍ਰੰਥ ਸਾਹਿਬ ਅਗੇ ਇਕ ਰੁਪਿਆ ਚੜ੍ਹਾ ਕੇ ਮੱਥਾ ਟੇਕਿਆ ਅਤੇ ਬਹਿ ਗਿਆ । ਉਸ ਗੁਰਦੁਆਰੇ ਦਾ ਚਿਟ-ਦਾੜ੍ਹੀਆ ਬ੍ਰਿਧ ਸਿਖ ਮਹੰਤ ਅਤੇ



Digitized by Panjab Digital Library | www.panjabdigilib.org

ਉਸ ਦੀ ਵਹੁਟੀ ਵੀ ਉਥੇ ਹਾਜ਼ਰ ਸਨ। ਮੈਂ ਜਦ ਬਹਿ ਗਿਆ ਤਾਂ ਉਸ ਮਹੰਤ ਦੇ ਅਤੇ ਮੇਰੇ ਵਿਚਕਾਰ ਇਉਂ ਗਲ ਬਾਤ ਸ਼ੁਰੂ ਹੋਈ :

ਮਹੰਤ — ਤੁਸੀਂ ਕਿਥੋਂ ਤਸ਼ਰੀਫ਼ ਲਿਆਏ ਹੋ ?

ਮੈਂ — ਮੈਂ ਹੈਦਰਾਬਾਦ ਤੋਂ ਆ ਰਿਹਾ ਹਾਂ।

ਮਹੰਤ — ਕਿਥੋਂ ਦੇ ਰਹਿਣ ਵਾਲੇ ਹੋ ?

ਮੈਂ — ਮੈਂ ਪੰਜਾਬ ਦਾ ਰਹਿਣ ਵਾਲਾ ਹਾਂ।

ਮਹੰਤ — ਕਿਹੜਾ ਜ਼ਿਲ੍ਹਾ ?

ਮੈਂ — ਗੁਜਰਾਂਵਾਲਾ।

ਮਹੰਤ — ਕਿਹੜੀ ਤਹਿਸੀਲ ?

ਮੈਂ — ਹਾਫ਼ਿਜ਼ਾਬਾਦ।

ਮਹੰਤ — ਕਿਹੜਾ ਪਿੰਡ ?

ਮੈਂ — ਖ਼ਾਸ ਹਾਫ਼ਿਜ਼ਾਬਾਦ।

ਮਹੰਤ — ਤੁਸੀਂ ਕਿਹੜੇ ਸਿਖ ਹੋ ?

ਮੈਂ — ਖੱਤਰੀ, ਖੰਨਾ।

ਮਹੰਤ — ਤੁਹਾਡਾ ਮਕਾਨ ਹਾਫ਼ਿਜ਼ਾਬਾਦ ਵਿਚ ਕਿਹੜੇ ਪਾਸੇ ਹੈ ?

ਮੈਂ — ਜਿਸ ਗਲੀ ਦੇ ਸਿਰੇ ਤੇ ਠਾਕਰ ਦੁਆਰਾ ਅਤੇ ਲਾਲਾ ਜੋਤੀ ਰਾਮ ਕਪੂਰ ਦਾ ਮਕਾਨ ਹੈ।

ਮਹੰਤ — ਕੀ ਤੁਸੀਂ ਸਰਦਾਰ ਮੇਵਾ ਸਿੰਘ ਦੇ ਲੜਕੇ ਹੋ ?

ਮੈਂ — ਨਹੀਂ ਮੈਂ ਡਾਕਟਰ ਨਿਧਾਨ ਸਿੰਘ ਦਾ ਲੜਕਾ ਹਾਂ, ਸ: ਮੇਵਾ ਸਿੰਘ ਮੇਰੇ ਚਾਚਾ ਹਨ।

ਮਹੰਤ — ਕੀ ਤੁਹਾਡਾ ਨਾਂ ਕਰਤਾਰ ਸਿੰਘ ਹੈ ?

ਮੈਂ — ਨਹੀਂ ਮੈਂ ਕਰਤਾਰ ਸਿੰਘ ਦਾ ਛੋਟਾ ਭਰਾ ਹਾਂ ਮੇਰਾ ਨਾਂ ਦੀਵਾਨ ਸਿੰਘ ਹੈ।

ਮੇਰੇ ਇੰਨਾ ਕਹਿਣ ਪਿਛੋਂ ਇਕ ਚੁਪ ਜਿਹੀ ਛਾ ਗਈ ਅਤੇ ਮੈਂ ਅਨੁਭਵ ਕੀਤਾ ਕਿ ਉਸ ਬ੍ਰਿਧ ਸਿਖ ਮਹੰਤ ਦੀਆਂ ਅੱਖਾਂ ਕੁਝ ਤਰ ਹੋ ਗਈਆਂ ਹਨ। ਮੈਂ ਹੈਰਾਨ ਕਿ ਏਥੇ ਹਜ਼ਾਰਾਂ ਮੀਲ ਦੂਰ ਇਹ ਕੌਣ ਆਦਮੀ ਹੈ ਜਿਹੜਾ ਸਾਡੇ ਘਰ ਦੇ ਸਾਰੇ ਜੀਆਂ ਤੋਂ ਜਾਣੂ ਹੈ। ਕਿਉਂਕਿ ਉਸ ਨੇ ਇਕ ਇਕ ਨਾਂ ਲੈ ਕੇ ਪੁਛਿਆ ਕਿ ਅਮਕਾ ਕਿਥੇ ਹੈ ਅਤੇ ਅਮਕੇ ਦੀ ਸਿਹਤ ਕਿਹੋ ਜਿਹੀ ਹੈ। ਮੈਂ ਉਹਨਾਂ ਤੋਂ ਪੁਛ ਕੀਤੀ ਕਿ ਤੁਸੀਂ ਕਿਵੇਂ ਸਾਨੂੰ ਸਾਰਿਆਂ ਨੂੰ ਜਾਣਦੇ ਹੋ। ਉਹਨਾਂ ਨੇ ਦਸਿਆ ਕਿ ਬੜੇ ਵਰ੍ਹੇ ਹੋਏ ਇਕ ਵਾਰ ਹਾਫ਼ਿਜ਼ਾਬਾਦ ਜਾਣ ਦਾ



Digitized by Panjab Digital Library | www.panjabdigilib.org

ਅਵਸਰ ਮਿਲਿਆ ਸੀ।

ਇਹ ਗਲਾਂ ਜਦ ਹੋ ਚੁਕੀਆਂ ਤਾਂ ਮਹੰਤ ਸਾਹਿਬ ਆਪਣੀ ਪੱਤਨੀ ਨੂੰ ਅੰਦਰ ਲੈ ਗਏ। ਉਸ ਦੇ ਕੰਨ ਵਿਚ ਕੁਝ ਕਿਹਾ। ਇਸ ਪਿਛੋਂ ਉਸ ਦੀ ਪਤਨੀ ਨੇ ਮੇਰੇ ਵਾਸਤੇ ਬਾਜ਼ਾਰੋਂ ਮਿਠਾਈ ਮੰਗਵਾਈ। ਸੰਤਰੇ ਆਦਿ ਫਲ ਉਹਨਾਂ ਦੇ ਘਰ ਹੈ ਸਨ। ਉਹਨਾਂ ਨੇ ਮੇਰੇ ਸਾਹਮਣੇ ਰਖੇ। ਮੈਂ ਅਨੁਭਵ ਕੀਤਾ ਕਿ ਮੇਰਾ ਉਹਨਾਂ ਦੇ ਘਰ ਆਉਣਾ ਉਹਨਾਂ ਲਈ ਖੁਸ਼ੀ ਦਾ ਕਾਰਨ ਹੈ। ਉਹਨਾਂ ਨੇ ਬੜਾ ਜਤਨ ਕੀਤਾ ਕਿ ਮੈਂ ਦੋ ਚਾਰ ਦਿਨ ਉਹਨਾਂ ਦੇ ਘਰ ਪ੍ਰਾਹੁਣਾ ਰਹਾਂ, ਪਰ ਮੇਰਾ ਬਿਸਤਰਾ ਤੇ ਟਰੰਕ ਇਕ ਰੀਟਾਇਰਡ ਸਿਖ ਸੂਬੇਦਾਰ ਦੇ ਘਰ ਪਿਆ ਸੀ ਜਿਹੜਾ ਮੈਨੂੰ ਨਾਦੇੜ ਮਿਲਿਆ ਸੀ ਅਤੇ ਜਿਸ ਨੇ ਮੈਨੂੰ ਔਰੰਗਾਬਾਦ ਆਉਣ ਦਾ ਸੱਦਾ ਦਿਤਾ ਸੀ। ਇਹਨਾਂ ਦੇ ਘਰੋਂ ਮੈਂ ਸੂਬੇਦਾਰ ਦੇ ਘਰ ਪਹੁੰਚਿਆ ਉਥੇ ਰੋਟੀ ਖਾਧੀ। ਉਹਨਾਂ ਨੇ ਮੇਰੇ ਵਾਸਤੇ ਕੁੱਕੜ ਰਿੰਨ੍ਹਿਆ ਹੋਇਆ ਸੀ। ਇਸ ਕੁੱਕੜ ਵਿਚ ਘਿਓ ਬਹੁਤ ਜ਼ਿਆਦਾ ਸੀ। ਮੈਂ ਰੋਟੀ ਖਾਂਦਿਆਂ ਮਹਿਸੂਸ ਕੀਤਾ ਕਿ ਉਹਨਾਂ ਨੇ ਘਿਓ ਬਹੁਤ ਜ਼ਿਆਦਾ ਪਾ ਦਿਤਾ ਹੈ ਤਾਂ ਉਹਨਾਂ ਨੇ ਮੈਨੂੰ ਇਕ ਕੌਲੀ ਚਰਬੀ ਦੀ ਵਿਖਾਈ ਜਿਹੜੀ ਕੁੱਕੜ ਰਿੰਨ੍ਹਦਿਆਂ ਹੋਇਆਂ ਉਹਨਾਂ ਨੇ ਰਿੰਨ੍ਹਣ ਵਾਲੇ ਭਾਂਡੇ 'ਚੋਂ ਕਢੀ ਸੀ ਅਤੇ ਦਸਿਆ ਕਿ ਘਿਓ ਤਾਂ ਇਕ ਤੁਪਕਾ ਵੀ ਇਸ ਵਿੱਚ ਨਹੀਂ ਪਾਇਆ ਗਿਆ। ਸਗੋਂ ਇਹ ਚਰਬੀ ਏਸੇ ਕੁੱਕੜ ਦੀ ਹੈ। ਮੇਰੀ ਹੈਰਾਨੀ ਨੂੰ ਵੇਖ ਕੇ ਸੂਬੇਦਾਰ ਸਾਹਿਬ ਨੇ ਦਸਿਆ ਕਿ ਉਹਨਾਂ ਦੇ ਘਰ ਪੰਜ ਛੇ ਮੱਝਾਂ ਹਨ। ਉਹ ਰਾਤ ਨੂੰ ਮੱਝ ਦੇ ਦੁਧ ਵਿਚ ਛੋਲਿਆਂ ਦੀ ਦਾਲ ਭਿਉਂ ਦਿੰਦੇ ਹਨ ਸਵੇਰੇ ਦੁਧ ਵਾਲੀ ਦਾਲ ਇਹਨਾਂ ਕੁੱਕੜਾਂ ਨੂੰ ਪਾ ਦਿੰਦੇ ਹਨ ਅਤੇ ਅਜਿਹੀ ਦਾਲ ਤੇ ਹੀ ਇਹਨਾਂ ਦੀ ਸਦਾ ਪਰਵਰਿਸ਼ ਕੀਤੀ ਜਾਂਦੀ ਹੈ। ਜਿਸ ਦੇ ਕਾਰਨ ਇਹ ਬੜੇ ਮੋਟੇ ਤੇ ਚਰਬੀ ਵਾਲੇ ਹਨ। ਮੈਂ ਜਦ ਉਹਨਾਂ ਕੁੱਕੜਾਂ ਨੂੰ ਵੇਖਿਆ ਤਾਂ ਹੈਰਾਨ ਰਹਿ ਗਿਆ। ਏਨੇ ਮੋਟੇ ਕੁੱਕੜ ਇਸ ਤੋਂ ਪਹਿਲਾਂ ਮੈਂ ਕਦੇ ਨਹੀਂ ਸੀ ਵੇਖੇ ਅਤੇ ਕਦੀ ਸੁਣਿਆ ਵੀ ਨਹੀਂ ਸੀ ਕਿ ਬਿਨਾਂ ਘਿਓ ਦੇ ਹੀ ਕੁੱਕੜ ਰਿੰਨ੍ਹਿਆਂ ਜਾਏ ਅਤੇ ਉਸ ਦੇ ਰਿਝਦਿਆਂ ਰਿਝਦਿਆਂ ਹੀ ਇਕ ਕੌਲੀ ਚਰਬੀ ਦੀ ਵੀ ਕਢ ਲਈ ਜਾਏ।

ਔਰੰਗਾਬਾਦ ਮੈਂ ਇਕ ਰਾਤ ਰਿਹਾ। ਅਗਲੀ ਭਲਕ ਤੁਰਨ ਲਈ ਤਿਆਰ ਹੋਇਆ ਤਾਂ ਮਹੰਤ ਸਾਹਿਬ ਵੀ ਮਿਲਣ ਲਈ ਆਏ। ਮੈਂ ਪੰਜਾਬ ਆਇਆ, ਹਾਫ਼ਿਜ਼ਾਬਾਦ ਪਹੁੰਚਿਆ ਤਾਂ ਮੈਂ ਆਪਣੇ ਚਾਚਾ ਸ: ਮੇਵਾ ਸਿੰਘ ਨੂੰ ਦਸਿਆ ਕਿ ਔਰੰਗਾਬਾਦ ਵਿਚ ਇਸ ਤਰ੍ਹਾਂ ਮਹੰਤ ਸਾਹਿਬ ਸਾਡੇ ਸਾਰਿਆਂ ਬਾਰੇ ਪੁਛਦੇ



Digitized by Panjab Digital Library | www.panjabdigilib.org

ਸਨ । ਮੈਂ ਹੁਲੀਆ ਦਸਿਆ ਤਾਂ ਖ਼ਿਆਲ ਆਇਆ ਕਿ ਔਰੰਗਾਬਾਦ ਵਾਲੇ ਮਹੰਤ ਸਾਹਿਬ ਸਾਡੇ ਇਕ ਰਿਸ਼ਤੇਦਾਰ ਹਨ ਜਿਨ੍ਹਾਂ ਨੇ ਮੇਰੀ ਪੈਦਾਇਸ਼ ਤੋਂ ਪਹਿਲਾਂ ਹਾਫ਼ਿਜ਼ਾਬਾਦ ਵਿਚ ਇਕ ਤ੍ਰੀਮਤ ਦਾ ਕਤਲ ਕੀਤਾ ਸੀ । ਕਤਲ ਕਰਨ ਪਿਛੋਂ ਉਹ ਭਜ ਗਏ । ਰਿਆਸਤ ਹੈਦਰਾਬਾਦ ਪਹੁੰਚੇ । ਏਸ ਕਤਲ ਦੀ ਘਟਨਾ ਦਾ ਉਹਨਾਂ ਨੇ ਆਪਣੇ ਜੀਵਨ ਵਿਚ ਕਦੇ ਵੀ ਕਿਸੇ ਨਾਲ ਵਰਣਨ ਨਾ ਕੀਤਾ ਅਤੇ ਹੈਦਰਾਬਾਦ ਵਿਚ ਹੀ ਟਿਕ ਗਏ । ਜਦ ਉਹ ਕਤਲ ਕਰਨ ਪਿਛੋਂ ਹਾਫ਼ਿਜ਼ਾਬਾਦ ਤੋਂ ਭਜੇ ਸਨ ਤਾਂ ਨੌਜਵਾਨ ਸਨ ਅਤੇ ਜਦ ਮੈਂ ਔਰੰਗਾਬਾਦ ਇਹਨਾਂ ਨੂੰ ਵੇਖਿਆ ਤਾਂ ਉਹ ਚਿਟੇ ਬਗਲੇ ਸਮਾਨ ਬ੍ਰਿਧ ਸਨ । ਮੇਰੇ ਸਾਰੇ ਸਮਾਂਚਾਰ ਦਸਣ ਪਿਛੋਂ ਮੇਰੇ ਚਾਚਾ ਸ: ਮੇਵਾ ਸਿੰਘ ਨੇ ਔਰੰਗਾਬਾਦ ਮਹੰਤ ਸਾਹਿਬ ਨੂੰ ਖ਼ਤ ਲਿਖਿਆ ਤਾਂ ਉਹਨਾਂ ਦਾ ਜੁਆਬ ਆਇਆ ਕਿ ਹਾਂ ਉਹ ਅਸਲ ਵਿਚ ਉਹੋ ਹੀ ਹਨ ।

ਇਹ ਮਹੰਤ ਸਾਹਿਬ ਸ਼ਾਇਦ ਹੁਣ ਸ੍ਵਰਗਵਾਸ ਹੋ ਚੁਕੇ ਹਨ ਕਿਉਂਕਿ ਉਸ ਵੇਲੇ ਵੀ ਕਾਫ਼ੀ ਬੁੱਢੇ ਸਨ । ਇਸ ਘਟਨਾ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇਕਰ ਇਹ ਮਹੰਤ ਸਾਹਿਬ ਏਸ ਕਤਲ ਬਾਰੇ ਪਰਦਾਦਾਰੀ ਨਾ ਰਖਦੇ ਤਾਂ ਗਰਿਫ਼ਤਾਰ ਕੀਤੇ ਜਾ ਕੇ ਕਈ ਸਾਲ ਪਹਿਲੇ ਹੀ ਫਾਂਸੀ ਦਾ ਝੂਟਾ ਮਾਣ ਚੁਕੇ ਹੁੰਦੇ, ਪਰ ਕਿਉਂਕਿ ਉਹਨਾਂ ਨੇ ਭੇਤ ਰਖਿਆ । ਉਹਨਾਂ ਨੇ ਕਿਸੇ ਮਿੱਤਰ ਜਾਂ ਸੰਬੰਧ ਵਾਲੇ ਸਗੋਂ ਔਰੰਗਾਬਾਦ ਵਾਲੀ ਤੀਵੀਂ ਤੇ ਬੱਚਿਆਂ ਨਾਲ ਵੀ ਕਦੀ ਗਲ ਨਹੀਂ ਕੀਤੀ ਏਸੇ ਲਈ ਜੀਉਂਦੇ ਰਹੇ ਤੇ ਆਪਣੀ ਪੂਰੀ ਉਮਰ ਭੋਗੀ।

ਇਸ ਘਟਨਾ ਦੇ ਨਾਲ ਹੀ ਏਸੇ ਪ੍ਰਕਾਰ ਦੀ ਹੀ ਇਕ ਦੂਜੀ ਘਟਨਾ ਵੀ ਸੁਣੋ ਜਿਹੜੀ ਪਰਦਾਦਾਰੀ ਨਾ ਰਖਣ ਸੰਬੰਧੀ ਹੈ ।

ਸੰਨ ੧੯੪੦ ਵਿਚ ਜਦ ਮੈਂ ਦਿੱਲੀ ਜੇਲ੍ਹ ਵਿਚ ਸਾਂ ਤਾਂ ਉਸ ਵੇਲੇ ਸਪੈਸ਼ਲ ਕਲਾਸ ਵਾਲੀ ਬਾਰਕ ਦੇ ਸਾਹਮਣੀਆਂ ਕੋਠੜੀਆਂ ਵਿਚ ਦਿੱਲੀ ਦਾ ਰਹਿਣ ਵਾਲਾ ਇਕ ਆਦਮੀ ਮੋਹਨ ਕਤਲ ਦੇ ਜੁਰਮ ਵਿਚ ਗਰਿਫ਼ਤਾਰ ਸੀ । ਇਸ ਮੋਹਨ ਨੇ ਦਿੱਲੀ ਵਿਚ ਕਤਲ ਕੀਤਾ ਤਾਂ ਕਤਲ ਕਰਨ ਪਿਛੋਂ ਇਹ ਦਿੱਲੀਓਂ ਭਜ ਕੇ ਨਾਗਪੁਰ ਚਲਾ ਗਿਆ । ਨਾਗਪੁਰ ਪਹੁੰਚ ਕੇ ਉਸ ਨੇ ਪਾਨ ਸਿਗਰਟ ਦੀ ਦੁਕਾਨ ਖੋਹਲ ਲਈ ਅਤੇ ਜੀਵਨ ਬਤੀਤ ਕਰਨ ਲਗਾ । ਦਿੱਲੀ ਵਿਚ ਪੁਲੀਸ ਨੇ ਉਸ ਦੇ ਵਾਰੰਟ ਕਢ ਦਿਤੇ, ਪਰ ਪੁਲੀਸ ਨੂੰ ਪਤਾ ਨਾ ਲਗ ਸਕਿਆ ਕਿ ਉਹ ਕਿਥੇ ਹੈ ।

ਇਹ ਮੋਹਨ ਐਸ਼ੀ ਪੱਠਾ ਸੀ ਅਤੇ ਸ਼ਰਾਬ ਪੀਂਦਾ ਸੀ । ਮਨੁਖ ਕਿਤੇ ਵੀ ਰਹੇ ਉਥੇ ਦੇ ਲੋਕਾਂ ਨਾਲ ਸੰਬੰਧ ਹੋ ਜਾਂਦੇ ਹਨ । ਮੋਹਨ ਦੀ ਵੀ ਨਾਗਪੁਰ ਵਿਚ



Digitized by Panjab Digital Library | www.panjabdigilib.org

ਕਈਆਂ ਨਾਲ ਵਾਕਫ਼ੀ ਹੋ ਗਈ ਅਤੇ ਉਸ ਦੇ ਕਈ ਮਿਤਰ ਜੋਟੀਦਾਰ ਤੇ ਪਿਆਲੇ ਦੇ ਭਾਈਵਾਲ ਬਣ ਗਏ। ਇਹਨਾਂ ਮਿਤਰਾਂ 'ਚੋਂ ਇਕ ਆਦਮੀ ਇਸ ਦਾ ਡੂੰਘਾ ਤੇ ਭੇਤਦਾਰ ਮਿਤਰ ਬਣ ਗਿਆ। ਦੋਵੇਂ ਇਕੱਠੇ ਸ਼ਰਾਬ ਪੀਂਦੇ ਅਤੇ ਇਕੱਠੇ ਹੀ ਅਯਾਸ਼ੀ ਕਰਦੇ। ਇਸ ਪਰਕਾਰ ਇਕ ਦਿਨ ਮੋਹਨ ਨੇ ਭਰੋਸਾ ਕਰਦਿਆਂ ਹੋਇਆਂ ਉਸ ਮਿਤਰ ਨੂੰ ਦਸ ਦਿਤਾ ਕਿ ਉਹ ਦਿੱਲੀ ਦਾ ਰਹਿਣ ਵਾਲਾ ਹੈ ਉਥੇ ਉਸ ਨੇ ਇਕ ਕਤਲ ਕੀਤਾ ਸੀ ਅਤੇ ਹੁਣ ਵਾਰੰਟ ਨਿਕਲੇ ਹੋਏ ਹਨ। ਇਹ ਦਸਣ ਪਿਛੋਂ ਵੀ ਮਿਤਰਤਾ ਦਾ ਸਿਲਸਲਾ ਚਾਲੂ ਰਿਹਾ ਅਤੇ ਛੇ ਮਹੀਨੇ ਦੇ ਕਰੀਬ ਲੰਘ ਗਏ। ਇਸ ਪਿਛੋਂ ਇਹਨਾਂ ਦੋਹਾਂ ਮਿਤਰਾਂ ਵਿਚਕਾਰ ਅਣ ਬਣ ਹੋ ਗਈ ਅਤੇ ਇਹ ਅਣ ਬਣ ਵਧਦੀ ਵਧਦੀ ਦੁਸ਼ਮਣੀ ਦੀ ਹਦ ਤਕ ਪਹੁੰਚ ਗਈ। ਸਿੱਟਾ ਇਹ ਹੋਇਆ ਕਿ ਉਸ ਆਦਮੀ ਨੇ ਪੁਲੀਸ ਵਾਲਿਆਂ ਨੂੰ ਜਾ ਕੇ ਦਸ ਦਿਤਾ ਕਿ ਮੋਹਨ ਇਕ ਕਤਲ ਦੇ ਸਿਲਸਲੇ ਵਿਚ ਭਗੌੜਾ ਹੈ ਅਤੇ ਉਸ ਦੇ ਵਾਰੰਟ ਨਿਕਲੇ ਹੋਏ ਹਨ। ਪੁਲੀਸ ਨੇ ਇਹ ਸੁਣਦਿਆਂ ਹੀ ਆਪਣੇ ਰਜਿਸਟਰ ਵਿਚ ਰੀਪੋਰਟ ਲਿਖੀ ਅਤੇ ਉਸ ਦੀ ਸਹੀ ਪਵਾਈ। ਸਹੀ ਪਵਾਉਣ ਪਿਛੋਂ ਮੋਹਨ ਦੀ ਹਟੀ ਤੇ ਪਹੁੰਚ ਕੇ ਮੋਹਨ ਨੂੰ ਗਰਿਫ਼ਤਾਰ ਕਰ ਲਿਆ। ਥਾਣੇ ਵਿਚ ਲਿਆ ਕੇ ਦਫ਼ਾ ੧੦੯ — ਆਵਾਰਾ ਗਰਦੀ — ਅਨੁਸਾਰ ਉਸਨੂੰ ਹਵਾ-ਲਾਤ ਵਿਚ ਡਕ ਦਿਤਾ ਅਤੇ ਦਿੱਲੀ ਪੁਲੀਸ ਨੂੰ ਤਾਰ ਦੇ ਕੇ ਪੁਛਿਆ ਕਿ ਕੀ ਮੋਹਨ ਨਾਂ ਦਾ ਕੋਈ ਆਦਮੀ ਕਤਲ ਦੇ ਜੁਰਮ ਵਿਚ ਦਿੱਲੀਓਂ ਭਗੌੜਾ ਹੈ। ਦਿੱਲੀ ਤੋਂ ਜੁਆਬ ਆ ਗਿਆ ਕਿ ਹਾਂ ਹੈ। ਇਸ ਪਰਕਾਰ ਮੋਹਨ ਤੇ ਦਫ਼ਾ ੧੦੯ ਦੀ ਥਾਵੇਂ ੩੦੨ — ਕਤਲ — ਲਾ ਕੇ ਅਤੇ ਪੈਰਾਂ ਵਿਚ ਬੇੜੀਆਂ ਪਾ ਕੇ ਉਹਨੂੰ ਦਿੱਲੀ ਜੇਲ੍ਹ ਲੈ ਆਂਦਾ ਗਿਆ ਅਤੇ ਕਤਲ ਦੇ ਅਪਰਾਧ ਵਿਚ ਇਸ ਤੇ ਸੈਸ਼ਨ ਕੋਰਟ ਵਿਚ ਮੁਕੱਦਮਾ ਚਲਿਆ। ਇਸ ਮੋਹਨ ਦਾ ਮੁਕੱਦਮਾ ਚਲ ਹੀ ਰਿਹਾ ਸੀ ਕਿ ਮੈਂ ਜੇਲ੍ਹ 'ਚੋਂ ਰਿਹਾ ਹੋ ਗਿਆ। ਮੈਨੂੰ ਪਤਾ ਨਹੀਂ ਕਿ ਇਸ ਮੁਕੱਦਮੇ ਵਿਚ ਮੋਹਨ ਨੂੰ ਫ਼ਾਂਸੀ ਹੋਈ ਜਾਂ ਉਮਰ ਕੈਦ ਕਿ ਜਾਂ ਬਰੀ ਹੋਇਆ। ਪਰੰਤੂ ਇਹਨਾਂ ਸਾਰਿਆਂ ਸਮਾਚਾਰਾਂ ਤੋਂ ਇਹ ਪ੍ਰਗਟ ਹੈ ਕਿ ਉਸ ਤੇ ਕਤਲ ਦੇ ਅਪਰਾਧ ਵਿਚ ਗ਼ਰਿਫ਼ਤਾਰ ਹੋਣ ਅਤੇ ਮੁਕੱਦਮਾ ਚਲਣ ਦਾ ਕਾਰਨ ਉਸ ਦਾ ਭੇਤ ਨੂੰ ਲੁਕਾਈ ਨਾ ਰਖਣਾ ਸੀ। ਜੇਕਰ ਉਹ ਨਾਗਪੁਰ ਵਿਚ ਉਸ ਮਿਤਰ ਕੋਲ ਆਪਣਾ ਪਰਦਾ ਜ਼ਾਹਰ ਨਾ ਕਰਦਾ ਤਾਂ ਉਸ ਤੇ ਇਹ ਮੁਸੀਬਤਾਂ ਕਦੇ ਵੀ ਨਾ ਆਉਂਦੀਆਂ।

ਉਪਰ ਦੀਆਂ ਇਹਨਾਂ ਦੋ ਘਟਨਾਵਾਂ ਤੋਂ ਭੇਤ ਰਖਣ ਅਤੇ ਭੇਤ ਪ੍ਰਗਟ ਕਰਨ ਦੇ ਸਿੱਟੇ ਜ਼ਾਹਰ ਹਨ। ਇਹ ਪੁਜ਼ੀਸ਼ਨ ਤਾਂ ਸਦਾਚਾਰਕ ਜੁਰਮਾਂ ਬਾਰੇ ਹੈ,



Digitized by Panjab Digital Library | www.panjabdigilib.org

ਪਰ ਧਿਆਨ ਨਾਲ ਵੇਖਿਆ ਜਾਏ ਤਾਂ ਸਿਆਸੀ ਮਾਮਲਿਆਂ ਵਿਚ, ਜੀਵਨ ਦੀਆਂ ਨੈਤਿਕ ਘਟਨਾਵਾਂ ਅਤੇ ਵਪਾਰ ਆਦਿ ਵਿਚ ਹਰ ਸਫਲਤਾ ਲਈ ਮਨੁਖ ਨੂੰ ਭੇਤ ਦੀ ਲੋੜ ਹੈ। ਉਹ ਲੋਕ ਬੜੇ ਮੂਰਖ ਤੇ ਦੂਰ ਦੀ ਸੋਝੀ ਨਾ ਰਖਣ ਵਾਲੇ ਹਨ ਜਿਹੜੇ ਆਪਣੇ ਭੇਤ ਗ਼ੈਰ ਜ਼ਿੰਮੇਂਵਾਰ ਲੋਕਾਂ ਨੂੰ ਦਸਣ ਅਤੇ ਇਹ ਆਸ ਰਖਣ ਕਿ ਉਹ ਇਹਨਾਂ ਦੀ ਹਦਾਇਤ ਅਨੁਸਾਰ ਇਹਨਾਂ ਦਾ ਭੇਤ ਕਿਸੇ ਦੂਜੇ ਕੋਲ ਪ੍ਰਗਟ ਨਹੀਂ ਕਰਨਗੇ ਅਤੇ ਮੁੜ ਭੇਤ ਦੇ ਨੰਗਿਆਂ ਹੋਣ ਤੇ ਭੇਤ ਨੂੰ ਖੋਹਲਣ ਦੀ ਸ਼ਕਾਇਤ ਜਾਂ ਉਲਾਹਮਾ ਦੇਣ। ਮੇਰਾ ਤਾਂ ਖ਼ਿਆਲ ਹੈ ਕਿ ਕਿਸੇ ਖ਼ਾਸ ਭੇਤ ਨੂੰ ਨਾਮੁਨਾਸਬ ਤੇ ਗ਼ੈਰ ਜ਼ਿੰਮੇਂਵਾਰ ਲੋਕਾਂ ਕੋਲ ਪ੍ਰਗਟ ਕਰਨਾ ਬਿਲਕੁਲ ਅਜਿਹਾ ਹੈ ਜਿਹਾ ਕਿ ਆਪਣੇ ਗਲ ਵਿਚ ਰਸੀ ਪਾ ਕੇ ਦੂਜੇ ਦਿਆਂ ਹਥਾਂ ਵਿਚ ਦੇ ਦਿਤੀ ਜਾਏ ਅਤੇ ਫਿਰ ਲਿਲ੍ਹਕੜੀਆਂ ਲੈਂਦੇ ਫਿਰਨਾ ਕਿ ਇਸ ਰਸੀ ਨੂੰ ਨਾ ਖਿਚਨਾ, ਗਿਚੀ ਘੁਟੀਕੇ ਮਰ ਜਾਵਾਂਗਾ।

## "ਰੂਹਾਨੀਅਤ" ਦਾ ਤਜਰਬਾ

ਹੁਣ ਤਾਂ ਕਈ ਵਰ੍ਹਿਆਂ ਤੋਂ ਸਮਾਂ ਨਹੀਂ ਮਿਲਿਆ, ਪਰ ਪਹਿਲਾਂ ਇਹ ਮੇਰਾ ਨੇਮ ਸੀ ਕਿ ਛੇ ਸਤ ਜੂਨ ਦੇ ਕਰੀਬ ਜਦ ਦਿੱਲੀ ਵਿਚ ਗਰਮੀ ਦਾ ਵਧੇਰੇ ਜ਼ੋਰ ਹੁੰਦਾ ਤਾਂ ਮੈਂ ਦੋ ਸਾਤਿਆਂ ਲਈ ਬੰਬਈ ਚਲਾ ਜਾਂਦਾ। ਬੰਬਈ ਵਿਚ ਸਦਾ ਅਠ ਅਤੇ ਬਾਰਾਂ ਜੂਨ ਦੇ ਵਿਚਕਾਰ ਮੌਨਸੂਨ ਹਵਾਵਾਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਰੁਤ ਬੜੀ ਸੁਹਾਵਣੀ ਹੋ ਜਾਂਦੀ ਹੈ। ਦਿੱਲੀ ਵਿਚ ਮੀਂਹ ੨੦ ਜੂਨ ਦੇ ਕਰੀਬ ਸ਼ੁਰੂ ਹੁੰਦਾ ਹੈ ਅਤੇ ਮੀਂਹ ਤੋਂ ਪਹਿਲਾਂ ਦੋ ਸਾਤੇ ਦਿੱਲੀ ਵਿਚ ਪਰਲੋ ਤੋਂ ਘਟ ਨਹੀਂ ਹੁੰਦੇ। ਇਸ ਤਰ੍ਹਾਂ ਮੈਂ ਬੰਬਈ ਪਹੁੰਚ ਕੇ ਜੂਨ ਦੇ ਆਖ਼ਰੀ ਸਾਤੇ ਤਕ ਉਡੀਕ ਵਿਚ ਰਹਿੰਦਾ। ਜਦ ਇਥੋਂ ਮੀਂਹ ਬਾਰੇ ਤਾਰ ਪਹੁੰਚਦੀ ਤਾਂ ਉਥੋਂ ਤੁਰ ਪੈਂਦਾ। ਬੰਬਈ ਦੇ ਇਹ ਦੋ ਹਫ਼ਤੇ ਬੜੇ ਅਨੰਦਾਂ ਵਿਚ ਲੰਘਦੇ। ਚੌਧਰੀ ਅਬਦੁਲ ਗ਼ਨੀ ਜਨਰਲ ਸਕੱਤਰ ਆਲ ਇੰਡੀਆ ਖਿਲਾਫ਼ਤ ਕਮੇਟੀ — ਜਿਨ੍ਹਾਂ ਤੋਂ ਮਹਾਤਮਾ ਗਾਂਧੀ ਨੇ ਯਾਰਦਵਾ ਜੇਲ੍ਹ ਵਿਚ ਉਰਦੂ ਪੜ੍ਹਿਆ ਸੀ — ਅਤੇ ਸੁਰਗਵਾਸੀ ਮੌਲਾਨਾ ਉਰਫ਼ਾਂ—ਫ਼ਾਈਨੈਂਸ਼ਨਲ ਸਕੱਤਰ ਖ਼ਿਲਾਫਤ ਕਮੇਟੀ —ਦਾ ਵਧੇਰੇ ਸਮਾਂ ਮੇਰੇ ਨਾਲ ਲੰਘਦਾ। ਆਹ! ਇਹਨਾਂ ਦੋਹਾਂ ਦੋਸਤਾਂ ਦੀ ਮਿਲਵਰਤੋਂ ਤੇ ਪਿਆਰ ਨੂੰ ਮੈਂ ਕਦੀ ਨਹੀਂ ਭੁਲਾਂਗਾ।

ਮੈਂ ਦਿੱਲੀ ਤੋਂ ਤੁਰਿਆ। ਜਦ ਗਡੀ ਕਲਯਾਣ ਸਟੇਸ਼ਨ ਤੇ ਪਹੁੰਚੀ ਤਾਂ



Digitized by Panjab Digital Library | www.panjabdigilib.org

ਮੈਂ "ਟਾਈਮਜ਼ ਆਫ਼ ਇੰਡੀਆ" ਦਾ ਪਰਚਾ ਉਸ ਦਿਨ ਦੀ ਤਾਜ਼ੀ ਖ਼ਬਰ ਪੜ੍ਹਨ ਲਈ ਖ਼ਰੀਦਿਆ। ਖ਼ਬਰਾਂ ਦਸ ਪੰਦਰਾਂ ਮਿੰਟਾਂ ਵਿਚ ਖ਼ਤਮ ਹੋ ਗਈਆਂ। ਮੈਂ ਸਾਮਾਨ ਬੰਨ੍ਹ ਚੁਕਾ ਸਾਂ ਅਤੇ ਨਾਲ ਦੀਆਂ ਕਿਤਾਬਾਂ ਬਕਸੇ ਵਿਚ ਬੰਦ ਸਨ। ਪੜ੍ਹਨ ਲਈ ਕੇਵਲ ਇਹ "ਟਾਈਮਜ਼ ਆਫ਼ ਇੰਡੀਆ" ਦਾ ਪਰਚਾ ਹੀ ਸੀ। ਖ਼ਬਰਾਂ ਪੜ੍ਹਨ ਪਿਛੋਂ ਮੈਂ ਇਸ ਦੇ ਇਸ਼ਤਿਹਾਰ ਵੇਖਣੇ ਸ਼ੁਰੂ ਕੀਤੇ ਤਾਂ ਇਕ ਇਸ਼ਤਿਹਾਰ ਸੀ ਜਿਸ ਦਾ ਉਲਥਾ ਇਹ ਹੈ :—

## ਰੂਹਾਨੀ ਲਿਖਤ

ਭਵਿਖ ਦੇ ਅਤੇ ਪਿਛਲੇ ਸਮਾਚਾਰ ਰੂਹ ਰਾਹੀਂ ਕਾਗ਼ਜ਼ ਤੇ ਲਿਖੇ ਜਾਂਦੇ ਹਨ। ਮੁਰਦਾ ਆਦਮੀਆਂ ਨਾਲ ਗਲ ਬਾਤ ਕੀਤੀ ਜਾ ਸਕਦੀ ਹੈ!

—ਮਹਿਮੂਦ ਬੇ ਮਿਸਰੀ

ਇਹ ਇਸ਼ਤਿਹਾਰ ਮੇਰੇ ਵਾਸਤੇ ਖਿਚ ਦਾ ਕਾਰਨ ਹੋਇਆ ਕਿਉਂਕਿ ਮੈਨੂੰ ਸ਼ੁਰੂ ਤੋਂ ਹੀ ਰੂਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਇਕ ਝਲ ਜਿਹਾ ਹੈ। ਮੈਂ ਬੰਬਈ ਦੇ ਵਿਕਟੋਰੀਆ ਟਰਮਨਸ ਪਹੁੰਚਿਆ ਤਾਂ ਦਫ਼ਤਰ "ਰਿਆਸਤ" ਬੰਬਈ ਦੇ ਮੈਨੇਜਰ ਮਿਸਟਰ ਹਰਬੰਸ ਲਾਲ ਹਾਜ਼ਰ ਸਨ। ਮੈਂ ਇਹ ਇਸ਼ਤਿਹਾਰ ਕਟ ਕੇ ਉਹਨਾਂ ਨੂੰ ਦਿਤਾ ਅਤੇ ਕਿਹਾ ਕਿ ਕਿਸੇ ਵੇਲੇ ਇਹਨਾਂ ਕੋਲ ਜਾ ਕੇ ਮੇਰੀ ਮੁਲਾਕਾਤ ਲਈ ਸਮਾਂ ਨੀਯਤ ਕਰ ਲੈਣਾ। ਮਿਸਟਰ ਹਰਬੰਸ ਲਾਲ ਉਸੇ ਦਿਨ ਮਿਸਟਰ ਮਹਿਮੂਦ ਬੇ ਕੋਲ ਪਹੁੰਚੇ ਅਤੇ ਜਦ ਮੁਲਾਕਾਤ ਲਈ ਪੁਛਿਆ ਤਾਂ ਮਿਸਟਰ ਮਹਿਮੂਦ ਬਹੁਤ ਪ੍ਰਸੰਨ ਹੋਏ। ਉਹ ਅਖ਼ਬਾਰ "ਰਿਆਸਤ" ਤੋਂ ਜਾਣੂ ਸਨ ਅਤੇ ਮੁਕੱਦਮਾ ਨਵਾਬ ਭੂਪਾਲ ਬਨਾਮ ਐਡੀਟਰ "ਰਿਆਸਤ" ਨੂੰ ਦਿਲ ਲਾ ਕੇ ਪੜ੍ਹਿਆ ਕਰਦੇ ਸਨ। ਉਹਨਾਂ ਨੇ ਅਗਲੇ ਦਿਨ ਸ਼ਾਮ ਦਾ ਸਮਾਂ ਨੀਯਤ ਕੀਤਾ ਅਤੇ ਕਿਹਾ ਕਿ ਐਡੀਟਰ "ਰਿਆਸਤ" ਸ਼ਾਮ ਨੂੰ ਚਾਹ ਉਹਦੇ ਨਾਲ ਪੀਣ

ਮੈਂ ਅਗਲੇ ਦਿਨ ਸ਼ਾਮ ਨੂੰ ਮਿਸਟਰ ਮਹਿਮੂਦ ਬੇ ਕੋਲ ਪੁਜਾ। ਉਹਨਾਂ ਨੇ ਵਡੇ ਪੈਮਾਨੇ ਤੇ ਚਾਹ ਦਾ ਪ੍ਰਬੰਧ ਕੀਤਾ ਸੀ ਅਤੇ ਉਹ ਇਕ ਸੁੰਦਰ ਯੂਰਪੀਨ ਲੜਕੀ — ਜੋ ਉਹਨਾਂ ਦੀ ਸਕੱਤਰ ਸੀ — ਨਾਲ ਬੈਠੇ ਮੇਰੀ ਉਡੀਕ ਕਰ ਰਹੇ ਸਨ। ਮੈਂ ਜਦ ਪੁਜਾ ਤਾਂ ਉਹਨਾਂ ਨੇ ਬੜੀ ਚਾਹ ਨਾਲ ਸਵਾਗਤ ਕੀਤਾ। ਅਸਾਂ ਤਿੰਨਾਂ ਨੇ ਬਹਿ ਕੇ ਚਾਹ ਪੀਤੀ। ਮੁਕੱਦਮੇ ਅਤੇ ਅਖ਼ਬਾਰ ਬਾਰੇ ਗਲਾਂ ਬਾਤਾਂ ਹੁੰਦੀਆਂ ਰਹੀਆਂ। ਜਦ ਅਸੀਂ ਚਾਹ ਪੀ ਚੁਕੇ ਤਾਂ ਮੈਂ ਕਿਹਾ ਕਿ ਹੁਣ ਮੈਂ ਅਸਲ ਮੰਤਵ ਦਸਦਾ ਹਾਂ। ਮੈਂ ਚਾਹੁੰਦਾ ਹਾਂ ਕਿ ਤੁਹਾਡੀਆਂ ਰੂਹਾਨੀ ਲਿਖਤਾਂ ਨੂੰ ਵੇਖਾਂ ਜਿਸ ਦਾ ਕਿ ਤੁਸਾਂ ਅਖ਼ਬਾਰ ਵਿਚ ਇਸ਼ਤਿਹਾਰ ਦਿਤਾ ਹੈ। ਮਿਸਟਰ ਮਹਿਮੂਦ ਨੇ



Digitized by Panjab Digital Library | www.panjabdigilib.org

ਬੈਰੇ ਨੂੰ ਆਵਾਜ਼ ਦਿਤੀ। ਚਾਹ ਦੀ ਮੇਜ਼ ਖ਼ਾਲੀ ਕਰ ਦਿਤੀ ਗਈ ਅਤੇ ਉਹਨਾਂ ਨੇ ਮੇਰੇ ਹਥ ਵਿਚ ਇਕ ਬਿਲਕੁਲ ਕੋਰਾ ਕਾਗ਼ਜ਼ ਦਿਤਾ ਅਤੇ ਕਿਹਾ ਕਿ ਬਿਨਾਂ ਉਹਨਾਂ ਨੂੰ ਵਿਖਾਏ ਦੇ ਇਸ ਕਾਗ਼ਜ਼ ਤੇ ਤਿੰਨ ਜਾਂ ਪੰਜ ਪ੍ਰਸ਼ਨ ਲਿਖ ਲਏ ਜਾਣ ਅਤੇ ਲਿਖਣ ਉਪਰੰਤ ਇਸ ਕਾਗ਼ਜ਼ ਨੂੰ ਤਹਿ ਕਰ ਦਿਤਾ ਜਾਏ। ਮਿਸਟਰ ਮਹਿਮੂਦ ਬੇ ਇਹ ਆਖ ਕੇ ਆਪਣੀ ਸਕੱਤਰ ਨਾਲ ਦੂਜੇ ਕਮਰੇ ਵਿਚ ਚਲੇ ਗਏ। ਮੈਂ ਇਕਾਂਤ ਵਿਚ ਪੈਨਸਲ ਨਾਲ ਇਹ ਪ੍ਰਸ਼ਨ ਲਿਖੇ :—

੧. ਅਜ ਦਿੱਲੀ ਵਿਚ ਮੀਂਹ ਪਿਆ ਹੈ ਕਿ ਨਹੀਂ ?

੨. ਅਜ ਅਮਰੀਕਾ ਵਿਚ ਕਣਕ ਦਾ ਕੀ ਭਾਅ ਹੈ ?

੩. ਮੁਕੱਦਮੇ ਵਿਚ ਮੈਂ ਜਿੱਤਾਂਗਾ ਜਾਂ ਹਾਰਾਂਗਾ ?

ਇਹਨਾਂ ਪ੍ਰਸ਼ਨਾਂ ਨੂੰ ਲਿਖ ਕੇ ਮੈਂ ਕਾਗ਼ਜ਼ ਨੂੰ ਤਹਿ ਕੀਤਾ ਅਤੇ ਮਿਸਟਰ ਮਹਿਮੂਦ ਬੇ ਨੂੰ ਆਵਾਜ਼ ਦਿਤੀ ਕਿ ਆ ਜਾਓ। ਮਿਸਟਰ ਮਹਿਮੂਦ ਬੇ ਆ ਕੇ ਮੇਜ਼ ਦੀ ਦੂਜੀ ਬਾਹੀ ਬਹਿ ਗਏ ਅਤੇ ਮੈਨੂੰ ਕਿਹਾ ਕਿ ਤਹਿ ਕੀਤੇ ਕਾਗ਼ਜ਼ ਨੂੰ ਪੈਨਸਲ ਦੇ ਨਾਲ ਹੀ ਆਪਣੇ ਹਥ ਵਿਚ ਫੜ ਲਵਾਂ। ਮੈਂ ਅਜਿਹਾ ਹੀ ਕੀਤਾ। ਮਿਸਟਰ ਮਹਿਮੂਦ ਬੇ ਮੈਥੋਂ ਦੂਰ ਹੀ ਬੈਠੇ ਰਹੇ ਅਤੇ ਮੂੰਹ ਵਿਚ ਕੁਝ ਪੜ੍ਹਦੇ ਰਹੇ। ਪੰਜ ਸਤ ਮਿੰਟ ਪੜ੍ਹਨ ਪਿਛੋਂ ਉਹਨਾਂ ਮੈਨੂੰ ਕਿਹਾ ਕਿ ਮੈਂ ਤਹਿ ਕੀਤਾ ਕਾਗ਼ਜ਼ ਖੋਹਲਾਂ। ਮੈਂ ਜਦ ਕਾਗ਼ਜ਼ ਖੋਹਲਿਆ, ਤਾਂ ਉਸ ਵਿਚ ਹਰ ਪ੍ਰਸ਼ਨ ਦੇ ਅਗੇ ਉੱਤਰ ਲਿਖਿਆ ਹੋਇਆ ਸੀ :

੧—ਅਜ ਦਿੱਲੀ ਵਿਚ ਮੀਂਹ ਨਹੀਂ ਪਿਆ।

੨—ਅਮਰੀਕਾ ਵਿਚ ਕਣਕ ਦਾ ਭਾਅ ਚਾਰ ਰੁਪਏ ਮਣ ਹੈ।

੩—ਮੈਂ ਮੁਕੱਦਮਾ ਜਿਤਾਂਗਾ।

ਇਹ ਉੱਤਰ ਪੈਨਸਲ ਨਾਲ ਹਰ ਪ੍ਰਸ਼ਨ ਦੇ ਅਗੇ ਲਿਖੇ ਹੋਏ ਸਨ ਅਤੇ ਇਸ ਪ੍ਰਕਾਰ ਦੀ ਲਿਖਤ ਸੀ ਜਿਵੇਂ ਲਿਖਣ ਵਾਲੇ ਦਿਆਂ ਹੱਥਾਂ ਵਿਚ ਕਾਂਬਾ ਹੋਵੇ ਅਤੇ ਲਿਖਦਿਆਂ ਹੋਇਆਂ ਹੱਥ ਕੰਬਦੇ ਰਹੇ ਹੋਣ।

ਮੈਂ ਇਹਨਾਂ ਉੱਤਰਾਂ ਨੂੰ ਵੇਖ ਕੇ ਹੈਰਾਨ ਰਹਿ ਗਿਆ। ਕੋਰਾ ਕਾਗ਼ਜ਼ ਲਿਆ ਸੀ। ਆਪ ਪ੍ਰਸ਼ਨ ਲਿਖੇ। ਕਾਗ਼ਜ਼ ਮੇਰੇ ਹੱਥ ਵਿਚ ਹੀ ਰਿਹਾ। ਮਿਸਟਰ ਮਹਿਮੂਦ ਬੇ ਮੇਰੇ ਨਾਲ ਛੋਹੇ ਤਕ ਨਹੀਂ। ਇਹਨਾਂ ਉੱਤਰਾਂ ਨੂੰ ਕੌਣ ਲਿਖ ਗਿਆ। ਮਿਸਟਰ ਮਹਿਮੂਦ ਬੇ ਨੇ ਮੈਨੂੰ ਮੂਰਖ ਬਣਾ ਲਿਆ। ਦਰ ਅਸਲ ਮਿਸਟਰ ਮਹਿਮੂਦ ਬੇ ਇਕ ਰੂਹਾਨੀ ਬਜ਼ੁਰਗ ਹਨ। ਕੀ ਇਹ ਉੱਤਰ ਰੂਹ ਨੇ ਲਿਖੇ ਅਤੇ ਜੇਕਰ ਮਹਿਮੂਦ ਬੇ ਸਚਮੁਚ ਹੀ ਰੂਹਾਨੀ ਬਜ਼ੁਰਗ ਹਨ ਤਾਂ ਇਹਨਾਂ ਕੋਲ ਇਹ ਸੁਹਣੀ ਕੁੜੀ ਕਿਉਂ ? ਕੀ ਰੂਹਾਨੀਅਤ ਵਿਚ



Digitized by Panjab Digital Library | www.panjabdigilib.org

ਨਿਪੁੰਨਤਾ ਪ੍ਰਾਪਤ ਕਰਨ ਲਈ ਸੁਹਣੀਆਂ ਕੁੜੀਆਂ ਦਾ ਹੋਣਾ ਵੀ ਜ਼ਰੂਰੀ ਹੈ। ਦਿਮਾਗ਼ ਵਿਚ ਕਈ ਪ੍ਰਕਾਰ ਦੇ ਵਿਚਾਰ ਸਨ। ਸਮਝ ਵਿਚ ਨਹੀਂ ਸੀ ਆਉਂਦਾ ਕਿ ਮਾਮਲਾ ਕੀ ਹੈ। ਕੀ ਮੈਂ ਸੁਪਨਾ ਤਾਂ ਨਹੀਂ ਵੇਖ ਰਿਹਾ। ਆਖਰ ਮੈਂ ਮਿਸਟਰ ਮਹਿਮੂਦ ਬੇ ਨੂੰ ਕਿਹਾ ਕਿ ਤੁਸਾਂ ਤਾਂ ਕਮਾਲ ਕਰ ਦਿਤਾ ਹੈ। ਮੈਂ ਇਹਨਾਂ ਘਟਨਾਵਾਂ ਨੂੰ ਵੇਖ ਕੇ ਇਹੀ ਕਹਿ ਸਕਦਾ ਹਾਂ ਕਿ ਜੇਕਰ ਤੁਸੀਂ ਰੂਹਾਨੀ ਬਜ਼ੁਰਗ ਹੋ ਅਤੇ ਇਹ ਲਿਖਤ ਤੁਹਾਡੇ ਹੁਕਮ ਨਾਲ ਰੂਹ ਨੇ ਲਿਖੀ ਹੈ ਤਾਂ ਮੇਰੇ ਦਿਲ ਵਿਚ ਤੁਹਾਡੇ ਲਈ ਬਹੁਤ ਜ਼ਿਆਦਾ ਸਤਿਕਾਰ ਹੋਣਾ ਚਾਹੀਦਾ ਹੈ ਕਿਉਂਕਿ ਰੂਹਾਨੀ ਬਜ਼ੁਰਗ ਹੋ ਅਤੇ ਜੇਕਰ ਇਹ ਕੰਮ ਰੂਹ ਦਾ ਕੰਮ ਨਹੀਂ ਕੇਵਲ ਹਥਕੰਡੇ ਦਾ ਕੰਮ ਹੈ ਤਾਂ ਮੇਰੇ ਦਿਲ ਵਿਚ ਤੁਹਾਡੇ ਲਈ ਏਸ ਸਤਿਕਾਰ —ਜਿਹੜਾ ਤੁਹਾਡੇ ਰੂਹਾਨੀ ਬਜ਼ੁਰਗ ਹੋਣ ਦੇ ਕਾਰਨ ਦਿਲ ਵਿਚ ਹੋਣਾ ਚਾਹੀਦਾ ਹੈ—ਤੋਂ ਕਈ ਗੁਣਾਂ ਵਧੇਰੇ ਸਤਿਕਾਰ ਤੇ ਕਦਰ ਹੈ ਕਿ ਤੁਸਾਂ ਮੇਰੇ ਵਰਗੇ ਆਪਣੇ ਆਪ ਨੂੰ ਬਹੁਤ ਹੁਸ਼ਿਆਰ ਸਮਝਣ ਵਾਲੇ ਨੂੰ ਵੀ ਉੱਲੂ ਬਣਾ ਲਿਆ ਹੈ ਅਤੇ ਮੈਂ ਤੁਹਾਡੇ ਇਸ ਕਮਾਲ ਸਾਹਮਣੇ ਮੱਥਾ ਨਿਵਾਉਂਦਾ ਹਾਂ।

ਮਿਸਟਰ ਮਹਿਮੂਦ ਬੇ ਅਤੇ ਉਹਨਾਂ ਦੀ ਸਕੱਤਰ ਇਹ ਸੁਣ ਕੇ ਖੁਲ੍ਹ ਕੇ ਹੱਸ ਪਏ ਅਤੇ ਦੋਹਾਂ ਨੇ ਮੇਰੀ ਇਸ ਬੇਲਿਹਾਜ਼ੀ ਅਤੇ ਸਾਫ਼ ਸਾਫ਼ ਕਹਿਣ ਦੀ ਹਿੰਮਤ ਦੀ ਦਾਦ ਦਿਤੀ। ਮਿਸਟਰ ਮਹਿਮੂਦ ਬੇ ਨੇ ਮੇਰੇ ਇਹ ਕਹਿਣ ਤੇ ਉੱਤਰ ਦਿਤਾ ਕਿ ਇਹ ਰੂਹ ਦਾ ਕੰਮ ਹੈ ਹੱਥ ਫੇਰੀ ਦਾ ਨਹੀਂ। ਮੈਂ ਮਿਸਟਰ ਮਹਿਮੂਦ ਬੇ ਦੇ ਇਸ ਉੱਤਰ ਤੋਂ ਸਹਿਮਤ ਨਾ ਹੋਇਆ ਅਤੇ ਸਮਝਦਾ ਸਾਂ ਕਿ ਭੇਤ ਦਾ ਕਿਵੇਂ ਪਤਾ ਲਿਆ ਜਾਏ। ਮੈਂ ਮਿਸਟਰ ਮਹਿਮੂਦ ਬੇ ਨੂੰ ਆਪਣੇ ਹੋਟਲ ਵਿਚ ਡਿਨਰ ਤੇ ਆਉਣ ਨੂੰ ਕਿਹਾ। ਉਹ ਇਕ ਦਿਨ ਪਿਛੋਂ ਰਾਤ ਨੂੰ ਆਏ। ਖਾਣੇ ਨਾਲ ਉਹਨਾਂ ਨੇ ਵਿਸਕੀ ਪੀਤੀ। ਖਾਣੇ ਪਿਛੋਂ ਅਸੀਂ ਸੈਰ ਲਈ ਮੋਟਰ ਵਿਚ ਗਏ ਅਤੇ ਫੇਰ ਮੈਂ ਉਹਨਾਂ ਨੂੰ ਉਹਨਾਂ ਦੇ ਮਕਾਨ ਤੇ ਛਡ ਕੇ ਵਾਪਸ ਹੋਟਲ ਆ ਗਿਆ।

ਮਿਸਟਰ ਮਹਿਮੂਦ ਬੇ ਦੀਆਂ ਗਲਾਂ ਤੋਂ ਮੈਨੂੰ ਪਤਾ ਲਗਾ ਕਿ ਉਹ ਆਪਣੀ ਇਸ "ਰੂਹਾਨੀਅਤ" ਤੋਂ ਚਾਰ ਪੰਜ ਹਜ਼ਾਰ ਰੁਪਿਆ ਮਾਸਕ ਪੈਦਾ ਕਰ ਲੈਂਦੇ ਹਨ। ਕੀਮਤੀ ਮੋਟਰ, ਬੈਰੇ, ਖਾਨਸਾਮੇ ਅਤੇ ਦੂਜੇ ਖਰਚ। ਸੁਭਾਅ ਤੋਂ ਸਖੀ ਹਨ ਜਿਸ ਦਾ ਸਿੱਟਾ ਇਹ ਕਿ ਸਦਾ ਕਰਜ਼ਾਈ ਰਹਿੰਦੇ। ਮੈਂ ਉਹਨਾਂ ਨਾਲ ਗਲਾਂ ਕਰਦਾ ਸਾਂ ਅਤੇ ਸੋਚਦਾ ਸਾਂ ਕਿ ਇਸ ਤੋਂ ਪਹਿਲਾਂ ਤਾਂ ਸਦਾ ਇਹੀ ਸੁਣਦਾ ਰਿਹਾ ਹਾਂ ਕਿ ਰੂਹਾਨੀਅਤ ਵਿਚ ਨਾ ਖਾਓ ਨਾ ਪੀਓ। ਜਗਰਾਤੇ ਕਟੋ। ਸੰਸਾਰ ਅਸਥਿਰ ਹੈ ਹੁਣ ਕਸ਼ਟ ਸਹਾਰੋਗੇ ਤਾਂ ਸਵਰਗਾਂ ਵਿਚ



Digitized by Panjab Digital Library | www.panjabdigilib.org

ਮਜ਼ੇ ਲਓਗੇ ਅਤੇ ਜੀਵਨ ਦਾ ਕੋਈ ਮੁਲ ਨਹੀਂ ਆਦਿ ਗਲਾਂ ਜ਼ਰੂਰੀ ਹਨ, ਪਰ ਹੁਣ ਪਤਾ ਲਗਾ ਕਿ ਰੂਹਾਨੀਅਤ ਵਿਚ ਤਾਂ ਚੰਗਾ ਖਾਣਾ, ਕੀਮਤੀ ਸ਼ਰਾਬ ਪੀਣਾ, ਯੂਰਪੀਅਨ ਕੁੜੀਆਂ ਬਤੌਰ ਸਕੱਤਰ ਰਖਣਾ, ਸਿਨਿਮਾ ਵੇਖਣਾ ਅਤੇ ਜੀਵਨ ਨੂੰ ਹਰ ਪ੍ਰਕਾਰ ਸਵਾਦਲਾ ਬਣਾ ਕੇ ਬਤੀਤ ਕਰਨਾ ਸੰਭਵ ਹੈ ਅਤੇ ਅਜਿਹੀ ਹਾਲਤ ਵਿਚ ਰੂਹਾਨੀਅਤ ਦਾ ਸੌਦਾ ਮਹਿੰਗਾ ਨਹੀਂ।

ਮੈਂ ਬੰਬਈ ਵਿਚ ਦੋ ਸਾਤੇ ਰਿਹਾ। ਇਸ ਸਮੇਂ ਅੰਦਰ ਕਰੀਬ ਕਰੀਬ ਹਰ ਦਿਨ ਮਿਸਟਰ ਮਹਿਮੂਦ ਬੇ ਨੂੰ ਮਿਲਿਆ ਅਤੇ "ਰੂਹਾਨੀਅਤ" ਤੇ ਵਿਚਾਰ ਵਟਾਂਦਰਾ ਹੁੰਦਾ ਰਿਹਾ। ਮਿਸਟਰ ਮਹਿਮੂਦ ਬੇ ਨੇ ਇਹ ਇੱਛਾ ਪ੍ਰਗਟ ਕੀਤੀ ਕਿ ਕਿਉਂਕਿ ਮੈਂ ਪ੍ਰਾਪੇਗੰਡਾ ਅਤੇ ਇਸ਼ਤਿਹਾਰਾਂ ਦੇ ਢਬ ਤੋਂ ਚੰਗਾ ਜਾਣੂ ਹਾਂ, ਉਹਨਾਂ ਨਾਲ ਅਮਰੀਕਾ ਚਲਾਂ। ਅਮਰੀਕਨ ਲੋਕ ਪੂਰਬੀ ਰੂਹਾਨੀਅਤ ਦੇ ਬਹੁਤ ਚਾਹਵਾਨ ਹਨ ਇਸ ਤੋਂ ਪਹਿਲਾਂ ਸਵਾਮੀ ਰਾਮ ਤੀਰਥ ਅਤੇ ਦੂਜੇ ਕਈ ਸਵਾਮੀ ਉਥੇ ਰੂਹਾਨੀਅਤ ਦੀ ਧਾਂਕ ਬਿਠਾ ਚੁਕੇ ਹਨ। ਜੇਕਰ ਅਸੀਂ ਛੇ ਮਹੀਨੇ ਵੀ ਉਥੇ ਰਹੀਏ ਤਾਂ ਰੂਹ ਦੇ ਨਾਲ ਕਾਗ਼ਜ਼ ਤੇ ਲਿਖ ਕੇ ਅਸੀਂ ਲੱਖਾਂ ਰੁਪਏ ਪੈਦਾ ਕਰ ਲਵਾਂ ਗੇ। ਮੈਂ ਮਿਸਟਰ ਮਹਿਮੂਦ ਬੇ ਦੀ ਇਸ ਸਕੀਮ ਨਾਲ ਬਿਲਕੁਲ ਸਹਿਮਤ ਸਾਂ, ਪਰ ਕਿਉਂਕਿ ਨਵਾਬ ਭੂਪਾਲ ਵਾਲਾ ਮੁਕੱਦਮਾ ਅਦਾਲਤ ਵਿਚ ਸੀ ਅਤੇ ਮੇਰੇ ਲਈ ਅਮਰੀਕਾ ਜਾਣਾ ਸੰਭਵ ਨਹੀਂ ਸੀ ਇਹ ਸਕੀਮ ਵਰਤੋਂ ਵਿਚ ਨਾ ਲਿਆਂਦੀ ਜਾ ਸਕੀ।

ਮਿਸਟਰ ਮਹਿਮੂਦ ਬੇ ਨੇ ਮੇਰੇ ਨਾਲ ਇਹ ਇਕਰਾਰ ਕੀਤਾ ਸੀ ਕਿ ਉਹ ਕਾਗ਼ਜ਼ ਉਤੇ ਰੂਹ ਕੋਲੋਂ ਲਿਖਵਾਉਣਾ ਦੋ ਸਾਤਿਆਂ ਤਕ ਸਿਖਾ ਦੇਣਗੇ ਅਤੇ ਮੈਂ ਕਦੀ ਦੋ ਸਪਤਾਹ ਲਈ ਉਹਨਾਂ ਕੋਲ ਰਹਾਂ, ਪਰ ਮੁਕੱਦਮੇਂ ਅਤੇ ਅਖ਼ਬਾਰ ਦੇ ਰੁਝੇਵੇਂ ਕਾਰਨ ਸਮਾਂ ਨਾ ਮਿਲਿਆ। ਇਸ ਪਿਛੋਂ ਮਿਸਟਰ ਮਹਿਮੂਦ ਬੇ ਤਿੰਨ ਚਾਰ ਵਾਰ ਦਿੱਲੀ ਆਏ। ਉਹਨਾਂ ਦਾ ਟਿਕਾਣਾ ਇੰਪੀਰੀਅਲ ਹੋਟਲ ਨਵੀਂ ਦਿੱਲੀ ਜਾਂ ਸੀਸਲ ਹੋਟਲ ਦਿੱਲੀ ਵਿਚ ਹੋਇਆ ਕਰਦਾ ਸੀ। ਉਹਨਾਂ ਕੋਲ ਸਦਾ ਸ਼ਰਧਾਲੂਆਂ ਦੀ ਭੀੜ ਲਗੀ ਰਹਿੰਦੀ ਅਤੇ ਸ਼ਰਧਾਲੂਆਂ ਵਿਚ ਰਾਜੇ ਅਤੇ ਨਵਾਬ ਵੀ ਹੁੰਦੇ। ਇਸ ਤਰ੍ਹਾਂ ਇਕ ਵਾਰ ਸੁਰਗਵਾਸੀ ਮਹਾਰਾਜਾ ਪਟਿਆਲਾ ਨੇ ਵੀ ਇਹਨਾਂ ਨੂੰ ਪਟਿਆਲੇ ਸਦਿਆ ਸੀ ਅਤੇ ਵੀਹ ਹਜ਼ਾਰ ਰੁਪਿਆ ਭੇਟ ਕੀਤਾ। ਮਨਸ਼ਾ ਇਹ ਸੀ ਕਿ ਮਹਿਮੂਦ ਬੇ ਰੂਹਾਨੀਅਤ ਰਾਹੀਂ ਪਤਾ ਕਰਕੇ ਦਸਣ ਕਿ ਉਹਨਾਂ ਦੇ ਉੱਤਰ ਅਧਿਕਾਰੀ — ਮਹਾਰਾਜਾ ਪਟਿਆਲਾ — ਉਹਨਾਂ ਦੇ ਵਿਰੁਧ ਹਨ ਜਾਂ ਨਹੀਂ। ਇਕ ਵਾਰ ਨਵਾਬ ਸਾਹਿਬ ਬਹਾਵਲਪੁਰ ਦੇ ਸੱਦੇ ਤੇ ਇਹ ਦਸਣ ਲਈ ਬਹਾਵਲਪੁਰ ਗਏ



Digitized by Panjab Digital Library | www.panjabdigilib.org

ਕਿ ਉਹਨਾਂ ਦੇ ਇਲਾਕੇ ਦੇ ਰੇਤਥਲਾਂ ਵਿਚ ਕਿਥੇ ਕਿਥੇ ਸੋਨਾ ਅਤੇ ਪਟਰੋਲ ਹੈ।

ਮਿਸਟਰ ਮਹਿਮੂਦ ਬੇ ਨੂੰ ਮਿਲਿਆਂ ਮੈਨੂੰ ਕਈ ਵਰ੍ਹੇ ਹੋ ਗਏ ਹਨ ਕਿਉਂਕਿ ਮੁਕੱਦਮੇ ਅਤੇ ਕੰਮ ਧੰਦੇ ਦੇ ਰੁਝੇਵਿਆਂ ਕਾਰਨ ਬੰਬਈ ਜਾਣ ਦਾ ਚਿਰ ਤੋਂ ਅਵਸਰ ਨਹੀਂ ਬਣਿਆ। ਮੈਨੂੰ ਨਹੀਂ ਪਤਾ ਕਿ ਮਿਸਟਰ ਮਹਿਮੂਦ ਬੇ ਅਜ ਕਲ ਬੰਬਈ ਵਿਚ ਹਨ ਜਾਂ ਕਿ ਆਪਣੇ ਦੇਸ ਮਿਸਰ ਨੂੰ ਵਾਪਸ ਚਲੇ ਗਏ ਹਨ, ਪ੍ਰੰਤੂ ਉਹਨਾਂ ਦੇ ਮਿਤਰਾਨਾ ਰਵੱਈਏ ਨੂੰ ਮੈਂ ਕਦੇ ਭੁਲ ਨਹੀਂ ਸਕਿਆ ਅਤੇ ਉਹਨਾਂ ਦੀ "ਰੂਹਾਨੀਅਤ" ਦਾ ਉੱਨਾਂ ਹੀ ਵਿਸ਼ਵਾਸੀ ਹਾਂ ਜਿੰਨਾ ਖਵਾਜਾ ਹਸਨ ਨਿਜ਼ਾਮੀ ਦੀ "ਰੂਹਾਨੀਅਤ" ਦਾ। ਭਾਵ ਜਦ ਤਕ ਦੁਨੀਆਂ ਵਿਚ ਮੂਰਖ ਮੌਜੂਦ ਰਹਿਣਗੇ ਅਜਿਹੀਆਂ ਹਸਤੀਆਂ ਆਪਣੀ "ਰੂਹਾਨੀਅਤ" ਰਾਹੀਂ ਲੋਕਾਂ ਦੇ ਖੀਸੇ ਖ਼ਾਲੀ ਕਰਦੀਆਂ ਰਹਿਣਗੀਆਂ।

## ਨਿਰਇੱਛਤ ਅਪਰਾਧ

ਮੇਰੀ ਉਮਰ ਸੋਲਾਂ ਵਰ੍ਹਿਆਂ ਦੀ ਸੀ ਜਦ ਕਿ ਮੈਂ ਮੋਗਾ ਦੇ ਹਸਪਤਾਲ ਵਿਚ ਐਪ੍ਰੰਟਿਸ ਕੰਪਾਊਂਡਰ ਸਾਂ। ਉਹਨੀਂ ਦਿਨੀਂ ਮੈਂ ਕੋਈ ਤਨਖਾਹ ਨਹੀਂ ਲੈਂਦਾ ਸਾਂ। ਅਨਪੇਡ ਐਪ੍ਰੰਟਿਸ ਸਾਂ। ਛੇ ਮਹੀਨਿਆਂ ਤਕ ਕੰਮ ਸਿਖਦਾ ਰਿਹਾ। ਉਸ ਸਮੇਂ ਦੀ ਇਕ ਘਟਨਾ ਚੇਤੇ ਹੈ। ਹਸਪਤਾਲ ਵਿਚ ਰਹਿਣ ਵਾਲੇ (ਇਨ ਡੋਰ) ਰੋਗੀਆਂ ਨੂੰ ਡਾਕਟਰ ਸਾਹਿਬ ਦੋਵੇਂ ਵੇਲੇ ਵੇਖਿਆ ਕਰਦੇ ਸਨ ਤਾਕਿ ਜੇਕਰ ਕਿਸੇ ਨੂੰ ਤਕਲੀਫ਼ ਹੋਵੇ ਤਾਂ ਉਹ ਦੂਰ ਕੀਤੀ ਜਾਏ। ਇਕ ਦਿਨ ਸ਼ਾਮ ਨੂੰ ਡਾਕਟਰ ਸਾਹਿਬ ਸਮੇਤ ਕੰਪਾਊਂਡਰਾਂ ਦੇ ਰੋਗੀਆਂ ਨੂੰ ਵੇਖ ਰਹੇ ਸਨ ਤਾਂ ਪਤਾ ਲਗਾ ਕਿ ਇਕ ਬ੍ਰਿਧ ਇਸਤ੍ਰੀ ਦਿਨ ਭਰ ਬੇਚੈਨ ਰਹੀ ਅਤੇ ਪੀੜ ਨਾਲ ਚੀਕਦੀ ਰਹੀ ਹੈ ਕਿਉਂਕਿ ਉਸ ਦੇ ਨਕ ਵਿਚ ਕੀੜੇ ਸਨ ਅਤੇ ਉਹ ਕੀੜੇ ਇਸ ਨੂੰ ਵਢਦੇ ਸਨ। ਡਾਕਟਰ ਸਾਹਿਬ ਨੇ ਕੰਪਾਊਂਡਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਇਸ ਇਸਤ੍ਰੀ ਨੂੰ ਅਧਾ ਡਰਾਮ ਲੀਕੁਅਰ ਮਾਰਫ਼ੀਆ — ਅਫ਼ੀਮ ਦਾ ਸਤ — ਦਿਤਾ ਜਾਵੇ ਤਾਕਿ ਰਾਤ ਨੂੰ ਇਹ ਸੌਂ ਸਕੇ ਅਤੇ ਅਫ਼ੀਮ ਦੇ ਨਸ਼ੇ ਵਿਚ ਤਕਲੀਫ਼ ਘਟ ਪ੍ਰਤੀਤ ਕਰੇ। ਸਾਰੇ ਰੋਗੀਆਂ ਨੂੰ ਵੇਖਣ ਪਿਛੋਂ ਮੈਂ ਡਿਸਪੈਂਸਿੰਗ ਰੂਮ ਵਿਚ ਗਿਆ ਅਤੇ ਅਧਾ ਡਰਾਮ ਲੀਕੁਅਰ ਮਾਰਫ਼ੀਆ ਲੈ ਕੇ ਉਸ ਇਸਤ੍ਰੀ ਨੂੰ ਪਿਲਾ ਦਿਤਾ। ਅਗਲੀ ਭਲਕ ਲੌਢੇ ਵੇਲੇ ਜਦ ਅਸੀਂ ਰੋਗੀਆਂ ਨੂੰ ਵੇਖਣ ਲਈ ਫੇਰ ਗਏ ਤਾਂ



Digitized by Panjab Digital Library | www.panjabdigilib.org

ਉਸ ਬ੍ਰਿਧ ਇਸਤ੍ਰੀ ਦੇ ਨਾਲ ਦੀਆਂ ਮੰਜੀਆਂ ਤੇ ਪਈਆਂ ਹੋਈਆਂ ਬੀਮਾਰ ਤੀਵੀਆਂ ਨੇ ਦਸਿਆ ਕਿ ਇਹ ਦਿਨ ਭਰ ਤਕਲੀਫ਼ ਵਿਚ ਹਾਏ, ਹਾਏ ਕਰਦੀ ਰਹੀ ਹੈ। ਡਾਕਟਰ ਸਾਹਿਬ ਨੇ ਪੁਛਿਆ ਕਿ ਕੀ ਰਾਤ ਨੂੰ ਇਹਨੂੰ ਨੀਂਦ ਨਹੀਂ ਆਈ। ਡਾਕਟਰ ਸਾਹਿਬ ਨੇ ਕੰਪਾਊਂਡਰਾਂ ਨੂੰ ਪੁਛਿਆ ਕਿ ਕੀ ਰਾਤ ਨੂੰ ਮਾਰਫ਼ੀਆ ਦਿਤਾ ਗਿਆ ਸੀ ? ਮੈਂ ਉੱਤਰ ਦਿਤਾ ਕਿ ਅਧਾ ਡਰਾਮ ਦਿਤਾ ਸੀ। ਡਾਕਟਰ ਸਾਹਿਬ ਨੇ ਹੁਕਮ ਦਿਤਾ ਕਿਉਂਕਿ ਰਾਤ ਨੂੰ ਅਧੇ ਡਰਾਮ ਮਾਰਫ਼ੀਆ ਨਾਲ ਇਹਨੂੰ ਨੀਂਦ ਨਹੀਂ ਆਈ, ਅਜ ਇਸ ਨੂੰ ਇਕ ਡਰਾਮ ਮਾਰਫ਼ੀਆ ਦਿਤਾ ਜਾਵੇ। ਅਸਾਂ ਸਭ ਨੇ ਇਹ ਹੁਕਮ ਸੁਣ ਲਿਆ। ਬੀਮਾਰਾਂ ਨੂੰ ਵੇਖਣ ਤੋਂ ਵਿਹਲਿਆਂ ਹੋਣ ਪਿਛੋਂ ਮੈਂ ਡਿਸਪੈਂਸਿੰਗ ਰੂਮ ਵਿਚ ਗਿਆ ਅਤੇ ਇਕ ਡਰਾਮ ਲੀਕੁਅਰ ਮਾਰਫ਼ੀਆ ਲੈ ਕੇ ਉਸ ਬ੍ਰਿਧਾ ਨੂੰ ਪਿਲਾ ਆਇਆ। ਮੇਰੇ ਜਾਣ ਪਿਛੋਂ ਇਨਚਾਰਜ ਡਿਸਪੈਂਸਰ ਡਿਸਪੈਂਸਿੰਗ ਰੂਮ ਵਿਚ ਗਿਆ ਅਤੇ ਡਾਕਟਰ ਸਾਹਿਬ ਦੇ ਹੁਕਮ ਦੀ ਪਾਲਨਾ ਕਰਦਿਆਂ ਹੋਇਆਂ ਉਹ ਵੀ ਇਕ ਡਰਾਮ ਲੀਕੁਅਰ ਮਾਰਫ਼ੀਆ ਲੈ ਕੇ ਉਸ ਤ੍ਰੀਮਤ ਨੂੰ ਪਿਲਾ ਆਇਆ।

ਇਸਤ੍ਰੀ ਵਿਚਾਰੀ ਪਿੰਡ ਦੀ ਰਹਿਣ ਵਾਲੀ ਸੀ ਉਸ ਨੂੰ ਕੀ ਪਤਾ ਕਿ ਦਵਾਈ ਕਿੰਨੀ ਵਾਰ ਦਿਤੀ ਜਾਂਦੀ ਹੈ। ਉਸ ਨੇ ਡਿਸਪੈਂਸਰ ਨੂੰ ਨਾ ਦਸਿਆ ਕਿ ਪਹਿਲਾਂ ਵੀ ਦਵਾਈ ਦਿਤੀ ਜਾ ਚੁਕੀ ਹੈ। ਇਹ ਡਿਸਪੈਂਸਰ ਵੀ ਦਵਾਈ ਪਿਆ ਕੇ ਆਪਣੇ ਕੁਆਰਟਰ ਵਿਚ ਚਲਾ ਗਿਆ। ਅਸੀਂ ਜਦ ਸਵੇਰੇ ਉਠੇ ਅਤੇ ਹਸਪਤਾਲ ਵਿਚ ਗਏ ਤਾਂ ਪਤਾ ਲਗਾ ਕਿ ਬੁੱਢੜੀ ਤਾਂ ਰਾਤ ਨੂੰ ਮਰ ਗਈ। ਡਾਕਟਰ ਸਾਹਿਬ ਤਸ਼ਰੀਫ਼ ਲਿਆਏ। ਉਹਨਾਂ ਨੂੰ ਖ਼ਿਆਲ ਹੋਇਆ ਕਿ ਮ੍ਰਿਤੂ ਦਾ ਕਾਰਨ ਮਾਰਫ਼ੀਆ ਦਾ ਵਿਸ਼ ਹੈ। ਉਹਨਾਂ ਨੂੰ ਅਹਿਸਾਸ ਹੋਇਆ ਕਿ ਮੈਂ ਅਨਾੜੀ ਹਾਂ ਸ਼ਾਇਦ ਮਾਰਫ਼ੀਆ ਨਾਪਣ ਵਿਚ ਭੁਲ ਕੀਤੀ ਹੋਵੇ। ਪੁਛਿਆ ਕਿ ਰਾਤ ਨੂੰ ਕਿੰਨਾ ਮਾਰਫ਼ੀਆ ਦਿਤਾ ਸੀ। ਮੈਂ ਅਤੇ ਇਨਚਾਰਜ ਡਿਸਪੈਂਸਰ ਦੋਵੇਂ ਹਾਜ਼ਰ ਸਾਂ। ਦੋਹਾਂ ਨੇ ਉੱਤਰ ਦਿਤਾ, ਇਕ ਡਰਾਮ ਅਤੇ ਦੋਵੇਂ ਉੱਤਰ ਦੇਣ ਪਿਛੋਂ ਇਕ ਦੂਜੇ ਨੂੰ ਵੇਖਣ ਲਗ ਪਏ। ਭਾਵ ਮੈਂ ਆਖਦਾ ਸਾਂ ਕਿ ਮੈਂ ਦਿਤਾ ਹੈ ਅਤੇ ਡਿਸਪੈਂਸਰ ਕਹਿੰਦਾ ਸੀ ਕਿ ਉਹਨੇ ਦਿਤਾ ਹੈ। ਮਤਲਬ ਇਹ ਕਿ ਬਿਨਾਂ ਅਪਰਾਧ ਦੀ ਨੀਤ ਦੇ ਦੋਵੇਂ ਹੀ ਇਸ ਮੌਤ ਦੇ ਜ਼ਿਮੇਂਵਾਰ ਸਾਂ।

ਭਾਰਤ ਦੇ ਹਸਪਤਾਲਾਂ ਵਿਚ ਭੁੱਲਾਂ ਨਾਲ ਅਜਿਹੀਆਂ ਮੌਤਾਂ ਪ੍ਰਤੀ ਦਿਨ ਹੁੰਦੀਆਂ ਰਹਿੰਦੀਆਂ ਹਨ। ਪ੍ਰਥਮ ਤਾਂ ਸ਼ਾਇਦ ਅਜਿਹੀਆਂ ਮੌਤਾਂ ਦੇ ਅਪਰਾਧਾਂ



Digitized by Panjab Digital Library | www.panjabdigilib.org

ਲਈ ਭਾਰਤੀ ਵਿਧਾਨ ਵਿਚ ਕੋਈ ਸਜ਼ਾ ਹੀ ਨੀਯਤ ਨਹੀਂ, ਜੇਕਰ ਸਜ਼ਾ ਹੋਵੇ ਵੀ ਤਾਂ ਸਰਕਾਰੀ ਮੁਲਾਜ਼ਮਾਂ ਨੂੰ ਭਾਵੇਂ ਉਹ ਕਿੰਨੇ ਵੀ ਹੇਠਲੀ ਹੈਸੀਅਤ ਦੇ ਹੋਣ ਕੌਣ ਪੁਛਦਾ ਹੈ । ਸਾਨੂੰ ਦੋਹਾਂ ਨੂੰ ਕਿਸੇ ਨੇ ਵੀ ਕੁਝ ਨਾ ਆਖਿਆ, ਪ੍ਰੰਤੂ ਨਿਰਇੱਛਤ ਕੀਤੇ ਗਏ ਇਸ ਅਪਰਾਧ ਦਾ ਭਾਰ ਹੁਣ ਤਕ ਮਨ ਤੇ ਮੌਜੂਦ ਹੈ ।

ਕਈ ਵਰ੍ਹਿਆਂ ਦੀ ਗਲ ਹੈ "ਰਿਆਸਤ" ਦਾ ਦਫ਼ਤਰ ਅਜਮੇਰੀ ਦਰਵਾਜ਼ੇ ਦੇ ਬਾਹਰ ਸੀ । ਇਕ ਰਾਣੀ ਦਾ ਖ਼ਤ ਮਿਲਿਆ ਕਿ ਉਸ ਨਾਲ ਅਨਿਆਂ ਕੀਤਾ ਜਾਂਦਾ ਹੈ । ਉਸ ਦੀ ਰਿਆਸਤ ਵਿਚ ਮਿਲਣਾ ਸੰਭਵ ਨਹੀਂ । ਉਹ ਹਰਦੁਆਰ ਜਾ ਰਹੀ ਹੈ ਮੈਂ ਹਰਦੁਆਰ ਉਸ ਨੂੰ ਅਮਕੇ ਮੁਲਾਜ਼ਮ ਰਾਹੀਂ ਮਿਲਾਂ । ਉਹ ਉਸ ਜ਼ੁਲਮ ਦੀ ਕਹਾਣੀ ਦਸਣਾ ਚਾਹੁੰਦੀ ਹੈ ਜਿਹੜਾ ਉਸ ਦੇ ਪਤੀ ਦੇ ਹਥੋਂ ਉਸ ਤੇ ਕੀਤਾ ਜਾ ਰਿਹਾ ਹੈ । ਇਸ ਖ਼ਤ ਦੇ ਮਿਲਣ ਪਿਛੋਂ ਮੈਂ ਆਪਣੀ ਕਾਰ ਵਿਚ ਏਥੋਂ ਰੁੜਕੀ ਗਿਆ । ਰੁੜਕੀ ਤੋਂ ਨਹਿਰ ਦੇ ਕੰਢੇ ਕੰਢੇ ਹਰਦੁਆਰ ਪਹੁੰਚਿਆ । ਮੇਰੇ ਨਾਲ ਮੋਟਰ ਡਰਾਈਵਰ ਕੇਹਰ ਸਿੰਘ ਸੀ । ਅਸੀਂ ਹਰਦੁਆਰ ਡਾਕ ਬੰਗਲੇ ਵਿਚ ਠਹਿਰੇ ਅਤੇ ਮੈਂ ਉਧੋਂ ਰਾਣੀ ਦੇ ਮੁਲਾਜ਼ਮ ਨੂੰ ਸੁਨੇਹਾ ਭੇਜਿਆ ਕਿ ਮੈਂ ਪਹੁੰਚ ਗਿਆ ਹਾਂ । ਡਾਕ ਬੰਗਲੇ ਵਿਚ ਠਹਿਰਿਆ ਹੋਇਆ ਹਾਂ । ਰਾਣੀ ਸਾਹਿਬਾ ਜਿਥੇ ਆਖਣ ਮੈਂ ਆ ਜਾਵਾਂ । ਰਾਣੀ ਸਾਹਿਬਾ ਨੇ ਪ੍ਰਬੰਧ ਕਰ ਰਖਿਆ ਸੀ । ਇਕ ਧਰਮਸਾਲਾ ਵਿਚ ਮੈਂ ਉਹਨਾਂ ਨੂੰ ਮਿਲਿਆ । ਤਿੰਨ ਚਾਰ ਘੰਟੇ ਦੇ ਕਰੀਬ ਗਲਾਂ ਹੁੰਦੀਆਂ ਰਹੀਆਂ । ਉਥੋਂ ਵਿਹਲਿਆਂ ਹੋਣ ਪਿਛੋਂ ਮੈਂ ਕੇਹਰ ਸਿੰਘ ਨੂੰ ਕਿਹਾ ਕਿ ਹੁਣ ਅਸੀਂ ਹਰਦੁਆਰ ਆ ਗਏ ਹਾਂ । ਡੇਹਰਾਦੂਨ ਨੇੜੇ ਹੈ ਉਥੋਂ ਵੀ ਹੁੰਦੇ ਆਈਏ । ਇਕ ਤਾਂ ਜੰਗਲ ਦੀ ਸੈਰ ਹੋ ਜਾਏਗੀ ਦੂਜੇ ਡੇਹਰਾਦੂਨ ਵਿਚ ਮਹਾਰਾਣੀ ਨਾਭਾ ਅਤੇ ਉਹਨਾਂ ਦੇ ਪਿਤਾ ਅਤੇ ਭਰਾ ਹਨ ਉਹਨਾਂ ਨੂੰ ਵੀ ਮਿਲਦੇ ਚਲੀਏ । ਇਸ ਪ੍ਰਕਾਰ ਅਸੀਂ ਹਰਦੁਆਰੋਂ ਸਿਧੇ ਜੰਗਲ ਦੇ ਰਾਹ ਡੇਹਰਾਦੂਨ ਨੂੰ ਚਲ ਪਏ । ਹਰਦੁਆਰ ਅਤੇ ਡੇਹਰਾਦੂਨ ਵਿਚਕਾਰ ਉਹਨੀਂ ਦਿਨੀਂ ਸੜਕ ਚੰਗੀ ਨਹੀਂ ਸੀ । ਰਸਤੇ ਵਿਚ ਬਿਨਾਂ ਪੁਲਾਂ ਤੋਂ ਕਈ ਨਿਕੀਆਂ ਨਿਕੀਆਂ ਨਦੀਆਂ ਸਨ ਅਤੇ ਕਈ ਥਾਂ ਰਾਹ ਵੀ ਬੜਾ ਉਚਾ ਨੀਵਾਂ ਸੀ — ਹੁਣ ਮਿਲਿਟਰੀ ਨੇ ਫ਼ੌਜੀ ਲੋੜਾਂ ਦੇ ਕਾਰਨ ਇਹ ਸੜਕ ਬੜੀ ਚੰਗੀ ਬਣਾ ਦਿਤੀ ਹੈ — ਮੈਂ ਅਤੇ ਕੇਹਰ ਸਿੰਘ ਜਾ ਰਹੇ ਸਾਂ । ਕੇਹਰ ਸਿੰਘ ਮੋਟਰ ਚਲਾ ਰਿਹਾ ਸੀ ਅਤੇ ਮੈਂ ਪਿਛਲੀ ਸੀਟ ਤੇ ਬੈਠਾ ਸਾਂ । ਡੇਹਰਾਦੂਨ ਪਹੁੰਚਣ ਤੋਂ ਸ਼ਾਇਦ ਤਿੰਨ ਚਾਰ ਮੀਲ ਉਰਾਂ ਮੋਟਰ ਤੇਜ਼ੀ ਨਾਲ ਜਾ ਰਹੀ ਸੀ । ਸੜਕ ਤੇ ਖਲੋਤਾ ਹੋਇਆ ਇਕ ਬੱਚਾ ਜਿਹੜਾ ਸੱਤਾਂ ਅਠਾਂ



Digitized by Panjab Digital Library | www.panjabdigilib.org

ਸਾਲਾਂ ਦੀ ਉਮਰ ਦਾ ਹੋਵੇਗਾ ਮੋਟਰ ਨੂੰ ਵੇਖਣ ਦੇ ਚਾਅ ਵਿਚ ਕਾਹਲੀ ਨਾਲ ਮੋਟਰ ਦੇ ਸਾਹਮਣੇ ਆ ਗਿਆ ਅਤੇ ਮੋਟਰ ਉਸ ਦੇ ਉਤੋਂ ਦੀ ਲੰਘ ਗਈ। ਉਸ ਬੱਚੇ ਦੇ ਮਾਪੇ ਕੋਲ ਹੀ ਝੁੱਗੀਆਂ ਵਿਚ ਰਹਿੰਦੇ ਸਨ। ਜਦ ਬੱਚਾ ਮੋਟਰ ਦੇ ਹੇਠਾਂ ਆਇਆ ਤਾਂ ਮੈਂ ਕੇਹਰ ਸਿੰਘ ਨੂੰ ਕਿਹਾ ਕਿ ਮੋਟਰ ਇਕ ਦਮ ਖੜੀ ਕਰ ਦੇ, ਪਰ ਕੇਹਰ ਸਿੰਘ ਨੇ ਮੇਰੇ ਇਸ ਆਖਣ ਦੀ ਕੋਈ ਪਰਵਾਹ ਨਾ ਕੀਤੀ ਅਤੇ ਉਸ ਨੇ ਮੋਟਰ ਨੂੰ ਹੋਰ ਤੇਜ਼ ਕਰ ਦਿਤਾ। ਮੈਂ ਵਾਰ ਵਾਰ ਕਿਹਾ ਕਿ ਮੋਟਰ ਖੜੀ ਕਰ, ਅਸੀਂ ਵੇਖੀਏ ਤਾਂ ਸਹੀ ਕਿ ਬੱਚੇ ਦੀ ਹਾਲਤ ਜੇਕਰ ਖ਼ਰਾਬ ਹੋਵੇ ਤਾਂ ਉਸ ਨੂੰ ਹਸਪਤਾਲ ਲੈ ਚਲੀਏ, ਪਰ ਕੇਹਰ ਸਿੰਘ ਨੇ ਮੇਰੇ ਕਹਿਣ ਦੀ ਰਤੀ ਭਰ ਪਰਵਾਹ ਨਾ ਕੀਤੀ ਮਾਨੋਂ ਉਹ ਮੇਰੇ ਹੁਕਮ ਦੀ ਪਾਲਨਾ ਦਾ ਪਾਬੰਦ ਨਹੀਂ ਸੀ। ਕੁਝ ਮਿੰਟਾਂ ਪਿਛੋਂ ਅਸੀਂ ਡੇਹਰਾਦੂਨ ਪਹੁੰਚ ਗਏ ਤਾਂ ਕੇਹਰ ਸਿੰਘ ਨੇ ਕਿਹਾ ਕਿ ਜੇਕਰ ਉਹ ਮੋਟਰ ਉਥੇ ਖਲ੍ਹਿਆਰਦਾ ਤਾਂ ਉਸ ਬੱਚੇ ਦੇ ਟੱਬਰ ਦੇ ਬੰਦਿਆਂ ਨੇ, ਜਿਹੜੇ ਝੁੱਗੀਆਂ ਵਿਚ ਰਹਿੰਦੇ ਸਨ ਅਤੇ ਫ਼ਿਰਕੂ ਕਬੀਲੇ ਦੇ ਸਨ, ਗੁੱਸੇ ਵਿਚ ਆ ਕੇ ਸ਼ਾਇਦ ਸਾਨੂੰ ਦੋਹਾਂ ਨੂੰ ਕਤਲ ਕਰ ਦੇਣਾ ਸੀ ਅਤੇ ਜੇਕਰ ਇਹ ਨਾ ਵੀ ਹੁੰਦਾ ਤਾਂ ਉਹ ਮੁਕੱਦਮਾ ਚਲਵਾਉਣ ਅਤੇ ਕੈਦ ਹੋਣ ਵਾਸਤੇ ਤਿਆਰ ਨਹੀਂ। ਇਸ ਘਟਨਾ ਦੇ ਕਾਰਨ ਮੈਂ ਬੜਾ ਪਰੇਸ਼ਾਨ ਸਾਂ। ਵਾਰ ਵਾਰ ਖ਼ਿਆਲ ਆਉਂਦਾ ਕਿ ਪਤਾ ਨਹੀਂ ਉਹ ਬੱਚਾ ਮਰ ਗਿਆ ਜਾਂ ਜੀਊਂਦਾ ਰਿਹਾ। ਭਾਵੇਂ ਕਸੂਰ ਮੇਰਾ ਨਹੀਂ ਸੀ ਬੱਚਾ ਆਪ ਹੀ ਭਜ ਕੇ ਮੋਟਰ ਥਲੇ ਆ ਗਿਆ ਸੀ, ਪਰ ਸਾਡਾ ਮੋਟਰ ਖੜੀ ਕਰ ਕੇ ਉਸ ਬੱਚੇ ਨੂੰ ਨਾ ਵੇਖਣਾ ਅਤੇ ਉਸ ਨੂੰ ਹਸਪਤਾਲ ਵਿਚ ਨਾ ਲੈ ਜਾਣਾ ਕਿੰਨਾ ਵਡਾ ਸਦਾਚਾਰਕ ਜੁਰਮ ਸੀ। ਮੈਨੂੰ ਏਨੀ ਵਧੇਰੇ ਮਾਨਸਕ ਪੀੜਾ ਸੀ ਕਿ ਮੈਂ ਮਹਾਰਾਣੀ ਨਾਭਾ ਅਤੇ ਉਹਨਾਂ ਦੇ ਪਿਤਾ ਜੀ ਆਦਿ ਨੂੰ ਮਿਲਣ ਦਾ ਵਿਚਾਰ ਤਿਆਗ ਦਿਤਾ। ਡੇਹਰਾਦੂਨੋਂ ਪਟਰੋਲ ਲਿਆ ਅਤੇ ਅਸੀਂ ਸਹਾਰਨਪੁਰ ਵਾਲੀ ਸੜਕ ਰਸਤੇ ਵਾਪਸ ਦਿੱਲੀ ਚਲ ਪਏ। ਡੇਹਰਾਦੂਨ ਅਤੇ ਦਿੱਲੀ ਵਿਚਕਾਰ ਮੈਂ ਕੁਝ ਵੀ ਨਾ ਖਾਧਾ ਪੀਤਾ। ਦਿੱਲੀ ਪਹੁੰਚ ਕੇ ਦੋ ਰਾਤਾਂ ਨੀਂਦ ਨਾ ਆਈ ਅਤੇ ਹੁਣ ਵੀ ਕਈ ਵਾਰ ਖ਼ਿਆਲ ਆਉਂਦਾ ਹੈ ਕਿ ਭਾਵੇਂ ਮੇਰਾ ਇਸ ਵਿਚ ਕੋਈ ਕਸੂਰ ਨਹੀਂ ਸੀ ਅਤੇ ਨਾ ਹੀ ਜੁਰਮ ਕਰਨ ਦੀ ਮੇਰੀ ਨੀਯਤ ਹੀ ਸੀ, ਪਰ ਕੇਹਰ ਸਿੰਘ ਦੇ ਜੁਰਮ ਵਿਚ ਜ਼ਰੂਰ ਭਾਈਵਾਲ ਹਾਂ ਅਤੇ ਨਾ ਜਾਣੀਏ ਮੈਨੂੰ ਇਸ ਅਪਰਾਧ ਦਾ ਕੀ ਦੰਡ ਮਿਲੇ।

ਮੈਂ ਮਾਨਸਾ — ਰਿਆਸਤ ਪਟਿਆਲਾ — ਵਿਚ ਮੈਡੀਕਲ ਪ੍ਰੈਕਟਿਸ ਕਰਦਾ ਸਾਂ। ਮੈਨੂੰ ਪਤਾ ਲਗਾ ਕਿ ਪੌਣ ਪਾਣੀ ਖ਼ੁਸ਼ਕ ਹੋਣ ਦੇ ਕਾਰਨ ਸਿੰਧ



Digitized by Panjab Digital Library | www.panjabdigilib.org

ਵਿਚ ਲੋਕ ਕਾਫ਼ੀ ਗਿਣਤੀ ਵਿਚ ਮੋਤੀਆ ਬਿੰਦ ਵਿਚ ਫਸੇ ਹੋਏ ਹਨ। ਮੈਂ ਇਸ ਤੋਂ ਪਹਿਲਾਂ ਕਾਫ਼ੀ ਆਪ੍ਰੇਸ਼ਨ ਕਰ ਚੁਕਿਆ ਸਾਂ ਅਤੇ ਇਸ ਕੰਮ ਵਿਚ ਮੈਨੂੰ ਢੇਰ ਸਫ਼ਲਤਾ ਪ੍ਰਾਪਤ ਹੋਈ ਸੀ। ਮੈਂ ਫ਼ੈਸਲਾ ਕੀਤਾ ਕਿ ਸਿੰਧ ਵਿਚ ਜਾ ਕੇ ਉਥੇ ਲੋਕਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ ਕੀਤੇ ਜਾਣ। ਇਸ ਪ੍ਰਕਾਰ ਮੈਂ ਮਾਨਸਾ ਦੇ ਇਕ ਮੁੰਡੇ ਨੂੰ — ਮੈਨੂੰ ਉਸ ਮੁੰਡੇ ਦਾ ਹੁਣ ਨਾਂ ਯਾਦ ਨਹੀਂ ਰਿਹਾ ਇਹ ਉਥੋਂ ਦੀ ਸਿੰਘ ਸਭਾ ਦੇ ਸਕੱਤ੍ਰ ਸ: ਸੁੰਦਰ ਸਿੰਘ ਦਾ ਪੁੱਤਰ ਸੀ — ਨਾਲ ਲਿਆ। ਇਹ ਮੁੰਡਾ ਬੜਾ ਹੁਸ਼ਿਆਰ ਅਤੇ ਚੁਸਤ ਸੀ। ਅਸੀਂ ਬਠਿੰਡਾ ਅਤੇ ਸਮਾਸਟਾ ਦੇ ਰਸਤੇ ਜਦ ਖ਼ਾਨ ਪੁਰ ਪਹੁੰਚੇ ਤਾਂ ਉਥੇ ਇਕ ਸਿਖ ਬਾਬੂ ਮਿਲ ਪਿਆ ਜਿਹੜਾ ਰੇਲਵੇ ਸਟੇਸ਼ਨ ਤੇ ਬਿਜਲੀ ਦੇ ਕੰਮ ਦੇ ਇਨਚਾਰਜ ਸਨ। ਇਹ ਵਾਕਫ਼ ਸਨ ਬੜੇ ਸਤਿਕਾਰ ਨਾਲ ਮਿਲੇ ਅਤੇ ਕਿਉਂਕਿ ਖਾਓ ਪੀਓ ਦਾ ਸਮਾਂ ਸੀ ਉਹਨਾਂ ਨੇ ਸਾਡੇ ਖਾਣ ਵਾਸਤੇ ਮੱਛੀ, ਅੰਡੇ, ਸਬਜ਼ੀ ਅਤੇ ਰੋਟੀ ਆਦਿ ਖ਼ਰੀਦੀ। ਏਨੇ 'ਚ ਗੱਡੀ ਤੁਰਨ ਵਾਲੀ ਸੀ ਤਾਂ ਉਹਨਾਂ ਨੇ ਕਿਹਾ ਕਿ ਇੰਟਰ ਕਲਾਸ ਵਿਚ — ਜਿਥੇ ਅਸੀਂ ਦੋਵੇਂ ਬੈਠੇ ਸਾਂ — ਥਾਂ ਭੀੜੀ ਹੈ ਖਾਣਾ ਖਾਣ ਵਿਚ ਤੰਗੀ ਹੋਏਗੀ ਸੈਕੰਡ ਕਲਾਸ ਦਾ ਕੋਪੇ ਖ਼ਾਲੀ ਹੈ ਉਸ ਵਿਚ ਬਹਿ ਕੇ ਖਾਣਾ ਖਾ ਲਓ ਅਤੇ ਅਗਲੇ ਸਟੇਸ਼ਨ ਤੇ ਉਤਰ ਕੇ ਫੇਰ ਇੰਟਰ ਵਿਚ ਚਲੇ ਜਾਣਾ। ਰੇਲਵੇ ਦੇ ਬਾਬੂ ਆਪਣੇ ਮਹਿਕਮੇ ਨੂੰ ਆਪਣੇ ਪਿਓ ਦੀ ਮਲਕੀਅਤ ਸਮਝਦੇ ਹਨ ਅਤੇ ਉਹਨਾਂ ਦਾ ਖ਼ਿਆਲ ਹੈ ਕਿ ਨਾ ਕੇਵਲ ਇਹਨਾਂ ਨੂੰ ਬਿਨਾਂ ਟਿਕਟ ਸਫ਼ਰ ਕਰਨ ਦਾ ਹੀ ਅਧਿਕਾਰ ਪ੍ਰਾਪਤ ਹੈ ਸਗੋਂ ਇਹਨਾਂ ਦੇ ਮਿੱਤਰਾਂ ਅਤੇ ਸਾਕਾਂ ਸੰਬੰਧੀਆਂ ਦੀ ਟਿਕਟ ਲੈਣੀ ਵੀ ਫ਼ਜ਼ੂਲ ਖ਼ਰਚੀ ਹੈ। ਇਹ ਸਿਖ ਬਾਬੂ ਸਾਨੂੰ ਸੈਕੰਡ ਕਲਾਸ ਦੇ ਕੋਪੇ ਵਿਚ ਲੈ ਗਏ ਅਤੇ ਉਥੇ ਖਾਣਾ ਰਖਿਆ ਤਾਂ ਗੱਡੀ ਤੁਰ ਪਈ। ਗੱਡੀ ਚਲਣ ਤੇ ਮੈਂ ਅਤੇ ਉਸ ਮੁੰਡੇ ਨੇ ਖਾਣਾ ਖਾਧਾ। ਇਹ ਗੱਡੀ ਕਰਾਚੀ ਮੇਲ ਸੀ ਅਤੇ ਕਈ ਸਟੇਸ਼ਨਾਂ ਪਿਛੋਂ ਠਹਿਰਦੀ ਸੀ। ਅਸੀਂ ਖਾਣਾ ਖਾ ਚੁਕੇ ਅਤੇ ਅਗਲੇ ਸਟੇਸ਼ਨ ਦੀ ਉਡੀਕ ਵਿਚ ਸਾਂ ਕਿ ਜਿਥੇ ਗੱਡੀ ਖਲੋਵੇ ਤੇ ਅਸੀਂ ਮੁੜ ਆਪਣੇ ਇੰਟਰ ਕਲਾਸ ਵਿਚ ਚਲੇ ਜਾਈਏ ਤਾਂ ਰਸਤੇ ਵਿਚ ਗੱਡੀ ਇਕ ਦਮ ਖਲੋ ਗਈ। ਉਸ ਵੇਲੇ ਕੁਝ ਹਨੇਰਾ ਜਿਹਾ ਹੋ ਚੁਕਿਆ ਸੀ। ਗੱਡੀ ਦੇ ਖਲੋਣ ਪਿਛੋਂ ਟਰੇਨ ਦਾ ਡਰਾਈਵਰ ਅਤੇ ਗਾਰਡ ਗੱਡੀ ਤੋਂ ਹੇਠਾਂ ਲਥੇ ਅਤੇ ਉਹਨਾਂ ਨੇ ਵੇਖਣਾ ਸ਼ੁਰੂ ਕੀਤਾ ਕਿ ਕਿਹੜੇ ਡੱਬੇ ਦਾ ਵੈਕਮ ਖ਼ਰਾਬ ਹੈ। ਇਸ ਪ੍ਰਕਾਰ ਉਹ ਵੇਂਹਦੇ ਵੇਂਹਦੇ ਇਸ ਸੈਕੰਡ ਕਲਾਸ ਵਾਲੇ ਡੱਬੇ ਦੇ ਕੋਲ ਆ ਗਏ ਤਾਂ ਪਤਾ ਲਗਾ ਕਿ ਇਸੇ ਡੱਬੇ ਵਿਚ ਖ਼ਰਾਬੀ ਹੈ ਤਾਂ ਉਹਨਾਂ ਨੂੰ ਸ਼ੰਕਾ ਹੋਇਆ ਕਿ ਸ਼ਾਇਦ ਅਸਾਂ ਹੀ ਜ਼ੰਜੀਰ ਖਿਚੀ



Digitized by Panjab Digital Library | www.panjabdigilib.org

ਹੈ। ਗਾਰਡ ਨੇ ਸਾਨੂੰ ਟਿਕਟ ਵਿਖਾਉਣ ਨੂੰ ਕਿਹਾ । ਟਿਕਟਾਂ ਵਿਖਾਈਆਂ ਤਾਂ ਉਹ ਇੰਟਰ ਕਲਾਸ ਦੀਆਂ ਸਨ। ਇਸ ਸ਼ੰਕੇ ਵਿਚ ਹੋਰ ਵਾਧਾ ਹੋਇਆ। ਉਸ ਨੇ ਕਿਹਾ ਕਿ ਇੰਟਰ ਕਲਾਸ ਦਾ ਟਿਕਟ ਹੈ ਏਥੇ ਕਿਉਂ ਆਏ। ਮੈਂ ਸੱਚੀ ਗਲ ਦਸ ਦਿਤੀ ਅਤੇ ਕਿਹਾ ਕਿ ਉਥੇ ਥਾਂ ਦੀ ਤੰਗੀ ਕਾਰਨ ਖਾਣਾ ਖਾਣ ਲਈ ਏਥੇ ਆ ਗਏ ਹਾਂ। ਇਹ ਉੱਤਰ ਤਸੱਲੀ ਬਖ਼ਸ਼ ਨਹੀਂ ਸੀ। ਕਿਉਂਕਿ ਕਾਨੂੰਨ ਇਸ ਦੀ ਆਗਿਆ ਨਹੀਂ ਦਿੰਦਾ ਸੀ । ਐਂਗਲੋ ਇੰਡੀਅਨ ਗਾਰਡ, ਉਸ ਨੂੰ ਪੂਰਾ ਸ਼ੱਕ ਹੋ ਗਿਆ ਕਿ ਅਸੀਂ ਜ਼ਰੂਰ ਕਿਸੇ ਬਦਮਾਸ਼ੀ ਦੀ ਨੀਯਤ ਨਾਲ ਹੀ ਏਥੇ ਆਏ ਹਾਂ ਅਤੇ ਏਸੇ ਭਾਵ ਲਈ ਹੀ ਹਨੇਰੇ ਤੇ ਇਕਾਂਤ ਵਿਚ ਬੈਠੇ ਹਾਂ। ਅਸੀਂ ਉਤਰ ਕੇ ਇੰਟਰ ਵਿਚ ਚਲੇ ਗਏ, ਪਰ ਪਰੇਸ਼ਾਨ ਕਿ ਨਾ ਜਾਣੀਏ ਕੀ ਦੂਸ਼ਨ ਲਾਇਆ ਜਾਏ ਅਤੇ ਪੁਲੀਸ ਦੇ ਹਵਾਲੇ ਕੀਤੇ ਜਾਈਏ, ਹਾਲਾਂ ਕਿ ਕਸੂਰ ਸੀ ਤਾਂ ਕੇਵਲ ਇਹ ਕਿ ਰੇਲਵੇ ਦੇ ਸਿਖ ਬਾਬੂ ਨੇ ਆਪਣੇ ਹੌਸਲੇ ਦੀ ਗ਼ਲਤ ਵਰਤੋਂ ਕਰਦਿਆਂ ਹੋਇਆਂ ਸਾਨੂੰ ਸੈਕੰਡ ਕਲਾਸ ਵਿਚ ਬਹਿ ਕੇ ਖਾਣਾ ਖਾਣ ਲਈ ਕਿਹਾ ਅਤੇ ਅਸਾਂ ਮੂਰਖ਼ਤਾ ਦੇ ਕਾਰਨ ਅਜਿਹਾ ਕੀਤਾ।

ਅਸੀਂ ਰੋਹੜੀ ਸਟੇਸ਼ਨ ਤੇ ਉਤਰੇ। ਗਾਰਡ ਸਾਨੂੰ ਪੁਲੀਸ ਦੇ ਹਵਾਲੇ ਕਰਨਾ ਚਾਹੁੰਦਾ ਸੀ ਅਤੇ ਅਸੀਂ ਉਸਦੇ ਤਰਲੇ ਮਿੰਨਤਾਂ ਕਰ ਰਹੇ ਸਾਂ। ਆਖ਼ਰ ਉਸ ਨੇ ਸਾਥੋਂ ਖ਼ਾਨ ਪੁਰ ਅਤੇ ਰੋਹੜੀ ਦੇ ਵਿਚਕਾਰ ਦਾ ਇੰਟਰ ਕਲਾਸ ਤੋਂ ਵਧ ਸੈਕੰਡ ਕਲਾਸ ਦਾ ਕਿਰਾਇਆ ਬਿਨਾਂ ਰਸੀਦ ਦਿਤੇ ਵਸੂਲ ਕੀਤਾ ਅਤੇ ਪੰਜਾਬੀ ਅਖੌਤ ਅਨੁਸਾਰ ਸਾਡਾ ਲਾਲੇ ਮੂਸਾ ਦਾ ਇਹ ਸਫ਼ਰ ਸਮਾਪਤ ਹੋਇਆ।

ਇਹਨਾਂ ਘਟਨਾਵਾਂ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਮਨੁਖ ਆਪਣੇ ਜੀਵਨ ਵਿਚ ਅਜਿਹੇ ਅਪਰਾਧ ਕਰਦਾ ਹੈ ਜਿਨ੍ਹਾਂ ਨੂੰ ਕਰਨ ਦੀ ਉਸ ਦੀ ਨੀਯਤ ਨਹੀਂ ਹੁੰਦੀ, ਪਰ ਕਿਉਂਕਿ ਅਪਰਾਧ ਆਖ਼ਰ ਅਪਰਾਧ ਹੀ ਹਨ ਮਨੁਖ ਨੂੰ ਇਹਨਾਂ ਅਪਰਾਧਾਂ ਦੀ ਸਜ਼ਾ ਭੁਗਤਨੀ ਪੈਂਦੀ ਹੈ ਭਾਵੇਂ ਉਹ ਸਜ਼ਾ ਕਾਨੂੰਨੀ ਅਦਾਲਤ ਰਾਹੀਂ ਮਿਲੇ ਜਾਂ ਕੁਦਰਤ ਇਸ ਨੂੰ ਕਿਸੇ ਦੂਜੇ ਰਸਤੇ ਦੇ ਦੇਵੇ ਅਤੇ ਕੇਵਲ ਇਸ ਗਲ਼ ਨਾਲ ਹੀ ਛੁਟਕਾਰਾ ਪ੍ਰਾਪਤ ਨਹੀਂ ਹੋ ਜਾਂਦਾ ਕਿ ਉਸ ਦੀ ਨੀਯਤ ਅਪਰਾਧ ਕਰਨ ਦੀ ਨਹੀਂ ਸੀ। ਕਿਉਂਕਿ ਅਪਰਾਧ ਕਰਨਾ, ਅਪਰਾਧੀ ਦੇ ਅਪਰਾਧ ਤੇ ਪਰਦਾ ਪਾਉਣਾ, ਅਪਰਾਧ ਵਿਚ ਭਾਗ ਲੈਣਾ, ਅਪਰਾਧੀਆਂ ਦਾ ਹੌਸਲਾ ਵਧਾਉਣਾ ਜਾਂ ਅਪਰਾਧ ਨੂੰ ਨੰਗਿਆਂ ਨਾ ਕਰਨਾ ਸਦਾਚਾਰਕ ਤੌਰ ਤੇ ਸਾਰੇ ਹੀ ਅਪਰਾਧ ਹਨ।



Digitized by Panjab Digital Library | www.panjabdigilib.org

# "ਰਿਆਸਤ" ਅਤੇ ਅਫ਼ਗਾਨ ਸਰਕਾਰ

"ਰਿਆਸਤ" ਨੂੰ ਚਾਲੂ ਹੋਇਆਂ ਦੋ ਵਰ੍ਹੇ ਹੋਏ ਸਨ। ਲਾਲਾ ਲਾਜਪਤ ਰਾਏ ਆਪਣੀ ਆਖ਼ਰੀ ਉਮਰ ਵਿਚ ਮਿਸਟਰ ਸਾਵਰਕਰ ਅਤੇ ਮਿਸਟਰ ਜਿਨਾਹ ਦੀ ਤਰ੍ਹਾਂ ਦੇਸ਼ ਭਗਤੀ, ਕੌਮਪ੍ਰਸਤੀ ਅਤੇ ਦੇਸ਼ ਦੀ ਸੁਤੰਤਰਤਾ ਦਾ ਰਾਹ ਛਡ ਕੇ ਫ਼ਿਰਕਾਪਰਸਤੀ ਦੀ ਫਿਟਕਾਰ ਅਪਣਾ ਚੁਕੇ ਸਨ ਅਤੇ ਉਹਨਾਂ ਦਾ ਹਰ ਕਦਮ ਹਿੰਦੂ ਮਹਾਂ ਸਭਾ ਦੀ ਹਿਮਾਇਤ ਕਰਦਿਆਂ ਹੋਇਆਂ ਮੁਸਲਮਾਨਾਂ ਵਿਰੁਧ ਉਠਦਾ ਸੀ। ਉਹਨਾਂ ਨੇ ਅਖ਼ਬਾਰਾਂ ਵਿਚ ਇਕ ਬਿਆਨ ਦਿਤਾ, ਜਿਸ ਵਿਚ ਦਸਿਆ ਸੀ ਕਿ ਭਾਰਤ ਅਫ਼ਗਾਨਿਸਤਾਨ ਦੇ ਹਮਲੇ ਤੋਂ ਨਿਸ਼ਚਿੰਤ ਨਹੀਂ ਹੋ ਸਕਦਾ ਅਤੇ ਸੂਬਾ ਸਰਹਦ ਦਾ ਕਾਨੂੰਨੀ ਸੁਧਾਰ ਨਹੀਂ ਹੋਣਾ ਚਾਹੀਦਾ ਕਿਉਂਕਿ ਜੇਕਰ ਨਵੇਂ ਸੁਧਾਰ ਅਨੁਸਾਰ ਸੂਬਾ ਸਰਹਦ ਦੀ ਸਰਕਾਰ ਵਿਚ ਮੁਸਲਮਾਨਾਂ ਦੀ ਗਿਣਤੀ ਵਧ ਹੋਈ ਤਾਂ ਹਿੰਦੂ ਉਥੇ ਖ਼ਤਰੇ ਵਿਚ ਹੋਣਗੇ ਅਤੇ ਅਫ਼ਗਾਨਿਸਤਾਨ ਸਖ ਨਾਲ ਹੀ ਭਾਰਤ ਤੇ ਹਮਲਾ ਕਰ ਦੇਵੇਗਾ। ਲਾਲਾ ਲਾਜਪਤ ਰਾਏ ਦਾ ਇਹ ਬਿਆਨ ਪੜ੍ਹ ਕੇ ਮੈਨੂੰ ਲਾਲਾ ਜੀ ਦੇ ਅਗਰਵਾਲ ਇਜ਼ਮ ਤੇ ਬੜਾ ਗੁਸਾ ਆਇਆ ਅਤੇ ਮੈਂ "ਰਿਆਸਤ" ਵਿਚ ਉਹਨਾਂ ਦੇ ਇਸ ਬਿਆਨ ਵਿਰੁਧ ਇਕ ਕਰੜਾ ਨੋਟ ਅੰਕਿਤ ਕੀਤਾ ਕਿ ਜੇਕਰ ਸੂਬਾ ਸਰਹੱਦ ਦੇ ਹਿੰਦੂ ਏਨੇ ਹੀ ਗੀਦੀ ਅਤੇ ਲਿਸੇ ਹਨ ਕਿ ਉਹ ਅਫ਼ਗਾਨਿਸਤਾਨ ਦੇ ਹਮਲੇ ਨੂੰ ਰੋਕ ਨਹੀਂ ਸਕਦੇ ਤਾਂ ਉਹਨਾਂ ਲਈ ਚੰਗਾ ਇਹ ਹੈ ਕਿ ਉਹ ਸੂਬਾ ਸਰਹੱਦ ਨੂੰ ਤਿਆਗ ਕੇ ਸਦਾ ਲਈ ਮਦਰਾਸ ਨੂੰ ਚਲੇ ਜਾਣ, ਪਰ ਸੂਬਾ ਸਰਹਦ ਦਾ ਕੇਵਲ ਇਸ ਅਪਰਾਧ ਵਿਚ ਸਿਆਸੀ ਸੁਧਾਰ ਨਾ ਕੀਤਾ ਜਾਏ ਕਿ ਉਥੇ ਮੁਸਲਮਾਨਾਂ ਦੀ ਗਿਣਤੀ ਵਧੇਰੇ ਹੈ ਇਸ ਸੂਬੇ ਨਾਲ ਜ਼ੁਲਮ ਅਤੇ ਅਨਿਆਂ ਹੋਵੇਗਾ ਅਤੇ ਲਾਲਾ ਲਾਜਪਤ ਰਾਏ ਦਾ ਅਫ਼ਗਾਨਿਸਤਾਨ ਦੇ ਭੈ ਤੋਂ ਸੂਬਾ ਸਰਹਦ ਦੇ ਸੁਧਾਰ ਦੀ ਵਿਰੋਧਤਾ ਕਰਨਾ ਉਹਨਾਂ ਦਾ ਗੀਦੀਪਣਾ ਅਤੇ ਬਾਣੀਆਂਪਣ ਹੈ ਜਿਸ ਨਾਲ ਕਿ ਕੋਈ ਵੀ ਦਲੇਰ ਮਨੁਖ ਸਹਿਮਤ ਨਹੀਂ ਹੋ ਸਕਦਾ।

"ਰਿਆਸਤ" ਉਹਨੀਂ ਦਿਨੀਂ ਅਫ਼ਗਾਨਿਸਤਾਨ ਜਾਂਦਾ ਸੀ ਅਤੇ ਉਥੋਂ ਦੇ ਬਦੇਸ਼ੀ ਦਫ਼ਤਰ ਵਿਚ ਬੜੇ ਗਹੁ ਨਾਲ ਵਾਚਿਆ ਜਾਂਦਾ ਸੀ। ਦਫ਼ਤਰ ਬਦੇਸ਼ੀ ਦੀ ਵਾਗ ਡੋਰ ਕਿੰਗ ਅਮਾਨ-ਉਲਾ ਦੇ ਸਹੁਰੇ ਅਤੇ ਮਲਿਕਾ ਸੁਰੱਈਆ ਦੇ ਪਿਤਾ ਸਰਦਾਰ ਮਹਿਮੂਟ ਤਰਜ਼ੀ ਦੇ ਹਥਾਂ ਵਿਚ ਸੀ। ਇਸ ਨੋਟ ਦੇ ਪ੍ਰਕਾਸ਼ਤ ਹੋਇਆਂ ਦੋ ਮਹੀਨੇ ਦੇ ਕਰੀਬ ਹੋਏ ਸਨ ਕਿ ਇਕ ਦਿਨ ਕੌਂਸਲ ਜਨਰਲ ਅਫ਼ਗਾਨਿਸ-ਤਾਨ ਦੇ ਦਫਤਰੋਂ ਟੈਲੀਫ਼ੂਨ ਆਇਆ ਕਿ ਸਰਦਾਰ ਅਕਬਰ ਖਾਂ ਕੌਂਸਲ ਜਨਰਲ



Digitized by Panjab Digital Library | www.panjabdigilib.org

ਮਿਲਣਾ ਚਾਹੁੰਦੇ ਹਨ । ਮੈਂ ਉਤਰ ਦਿਤਾ ਕਿ ਜਦ ਹੁਕਮ ਕਰੋ ਆ ਜਾਵਾਂ । ਟੈਲੀਫ਼ੂਨ ਕਰਨ ਵਾਲੇ ਨੇ — ਮੈਨੂੰ ਠੀਕ ਯਾਦ ਨਹੀਂ, ਮੇਰਾ ਖ਼ਿਆਲ ਹੈ ਕਿ ਟੈਲੀਫ਼ੂਨ ਕਰਨ ਵਾਲੇ ਸ਼ਾਇਦ ਮੁਨਸ਼ੀ ਮੁਹੰਮਦ ਫ਼ਾਜ਼ਲ ਸਰ ਕਾਤਬ ਭਾਵ ਸਕੱਤ੍ਰ ਸਨ — ਕਿਹਾ ਕਿ ਨਹੀਂ ਕੌਂਸਲ ਜਨਰਲ ਸਾਹਿਬ ਆਪ ਤਸ਼ਰੀਫ਼ ਲਿਆਉਣਾ ਚਾਹੁੰਦੇ ਹਨ । ਦਫ਼ਤਰ "ਰਿਆਸਤ" ਕਿਹੜੀ ਥਾਂ ਹੈ । ਮੈਂ ਕਿਹਾ ਕਿ ਪਰੇਡ ਗਰਾਊਂਡ ਦੇ ਸਾਹਮਣੇ ਹੈ । ਥੋੜ੍ਹੇ ਚਿਰ ਪਿਛੋਂ ਸਰਦਾਰ ਅਕਬਰ ਤਸ਼ਰੀਫ਼ ਲਿਆਏ । ਉਹਨਾਂ ਨੇ ਫ਼ਰਮਾਇਆ ਕਿ "ਰਿਆਸਤ" ਵਿਚ ਅਫ਼ਗਾਨਿਸਤਾਨ ਅਤੇ ਲਾਲਾ ਲਾਜਪਤ ਰਾਏ ਬਾਰੇ ਜਿਹੜਾ ਨੋਟ ਪ੍ਰਕਾਸ਼ਤ ਹੋਇਆ ਸੀ ਉਹ ਉਸ ਸੰਬੰਧ ਵਿਚ ਤਸ਼ਰੀਫ਼ ਲਿਆਏ ਹਨ । ਧੰਨਵਾਦ ਕਰਨ ਲਈ ਮੈਂ ਆਖਿਆ ਕਿ ਮੈਨੂੰ ਫ਼ਰਮਾਂਦੇ ਮੈਂ ਉਥੇ ਆ ਜਾਂਦਾ । ਉਹਨਾਂ ਉਤਰ ਦਿਤਾ ਕਿ ਨਹੀਂ ਅਫ਼ਗਾਨ ਸਰਕਾਰ ਦੇ ਹੁਕਮ ਨਾਲ ਹੀ ਆਇਆ ਹਾਂ । ਕਾਬਲ ਤੋਂ ਖਤ ਆਇਆ ਹੈ ਕਿ ਧੰਨਵਾਦ ਕੀਤਾ ਜਾਵੇ ਅਤੇ ਧੰਨਵਾਦ ਕਰਨ ਲਈ ਦੂਸਰੇ ਦੇ ਮਕਾਨ ਤੇ ਹੀ ਜਾਣਾ ਚਾਹੀਦਾ ਹੈ । ਇਸ ਲਈ ਜ਼ਰੂਰੀ ਸੀ ਕਿ ਮੈਂ ਆਪ ਆਉਂਦਾ । ਉਹ ਥੋੜੀ ਦੇਰ ਬੈਠੇ, ਇਸ ਪਿਛੋਂ ਉਹਨਾਂ ਇੱਛਾ ਪਰਗਟ ਕੀਤੀ ਕਿ ਮੈਂ ਅਗਲੇ ਦਿਨ ਸ਼ਾਮ ਨੂੰ ਉਹਨਾਂ ਦੇ ਘਰ ਗਲ ਬਾਤ ਕਰਨ ਲਈ ਆਵਾਂ ਅਤੇ ਚਾਹ ਉਹਨਾਂ ਦੇ ਨਾਲ ਹੀ ਪੀਵਾਂ । ਮੈਂ ਅਗਲੇ ਦਿਨ ਅਫ਼ਗਾਨਿਸਤਾਨ ਦੇ ਕੌਂਸਲ ਖ਼ਾਨੇ ਪਹੁੰਚਿਆ । ਉਹਨੀਂ ਦਿਨੀਂ ਕੌਂਸਲ ਖ਼ਾਨਾ ਅੰਡਰ ਹਿਲ ਲੇਨ ਦੀ ਇਕ ਦੁਮੰਜ਼ਲਾ ਬਿਲਡਿੰਗ ਵਿਚ ਸੀ । ਮੈਂ ਗਿਆ ਤਾਂ ਸਰਦਾਰ ਅਕਬਰ ਖ਼ਾਂ ਉਡੀਕ ਵਿਚ ਸਨ । ਅਸੀਂ ਬੈਠੇ, ਚਾਹ ਪੀਤੀ ਅਤੇ ਗਲਾਂ ਕਰਦੇ ਰਹੇ । ਸਰਦਾਰ ਅਕਬਰ ਖਾਂ ਨੇ ਭਾਰਤ ਅਤੇ ਅਫ਼ਗਾਨਿਸਤਾਨ ਦਿਆਂ ਸੰਬੰਧਾਂ ਬਾਰੇ ਗਲਾਂ ਕਰਦਿਆਂ ਹੋਇਆਂ ਕਿਹਾ ਕਿ ਕੁਰਾਨ ਦੀ ਸਹੁੰ — ਅਫ਼ਗਾਨ ਲੋਕ ਗਲ ਗਲ ਤੇ ਸਹੁੰ ਖਾਂਦੇ ਹਨ — ਅਫ਼ਗਾਨਿਸਤਾਨ ਕਦੇ ਇਹ ਨਹੀਂ ਚਾਹੁੰਦਾ ਕਿ ਉਹ ਭਾਰਤ ਤੇ ਹਮਲਾ ਕਰੇ । ਭਾਰਤੀਆਂ ਨੂੰ ਅਫ਼ਗਾਨ ਆਪਣਾ ਭਰਾ ਸਮਝਦੇ ਹਨ ਅਤੇ ਚਾਹੁੰਦੇ ਹਨ ਕਿ ਜਿਸ ਤਰ੍ਹਾਂ ਅਫ਼ਗਾਨਿਸਤਾਨ ਸੁਤੰਤਰ ਹੈ ਭਾਰਤ ਵੀ ਸੁਤੰਤਰ ਹੋਵੇ । ਲਾਲਾ ਲਾਜਪਤ ਰਾਏ ਵਰਗੇ ਲੀਡਰ ਬਿਨਾਂ ਕਾਰਨ ਅਫ਼ਗਾਨਾਂ ਨੂੰ ਹਊਆ ਸਮਝਦੇ ਹਨ ਹਾਲਾਂ ਕਿ ਅਫ਼ਗਾਨ ਸਰਕਾਰ ਦੀ ਹਮਦਰਦੀ ਭਾਰਤ ਨਾਲ ਹੈ ਆਦਿ । ਸਰਦਾਰ ਅਕਬਰ ਖ਼ਾਂ ਨੇ ਇੱਛਾ ਪਰਗਟ ਕੀਤੀ ਕਿ ਮੈਂ ਕਦੇ ਕਦੇ ਉਹਨਾਂ ਨੂੰ ਮਿਲਦਾ ਰਿਹਾ ਕਰਾਂ ਅਤੇ ਸੋਚ ਕੇ ਇਹ ਦਸਾਂ ਕਿ ਕਿਹੜਾ ਰਾਹ ਅਪਣਾਇਆ ਜਾਏ ਕਿ ਭਾਰਤ ਦੇ ਹਿੰਦੂਆਂ ਦੇ ਦਿਲ ਵਿਚੋਂ ਅਫ਼ਗਾਨਾਂ ਬਾਰੇ ਜਿਹੜਾ ਹਊਆ ਬੈਠਾ ਹੈ ਨਿਕਲ ਜਾਏ ।



Digitized by Panjab Digital Library | www.panjabdigilib.org

ਇਸ ਮੁਲਾਕਾਤ ਪਿਛੋਂ ਮੇਰੇ ਸੰਬੰਧ ਸਰਦਾਰ ਨਾਲ ਬੜੇ ਡੂੰਘੇ ਹੋ ਗਏ ਅਤੇ ਮੈਂ ਅਠੀਂ ਦਸੀਂ ਦਿਨੀਂ ਸਰਦਾਰ ਅਕਬਰ ਨੂੰ ਮਿਲਦਾ। ਇਸ ਪਰਕਾਰ ਇਕ ਦਿਨ ਉਥੇ ਬੈਠਾ ਕੌਂਸਲ ਜਨਰਲ ਨਾਲ ਗੱਲਾਂ ਕਰ ਰਿਹਾ ਸਾਂ ਕਿ ਚਾਣਚਕ ਹੈਂਫਰ ਸਾਹਿਬ ਜਿਹੜੇ ਅਫ਼ਗਾਨਿਸਤਾਨ ਵਿਚ ਬ੍ਰਿਟਿਸ਼ ਰਾਜਦੂਤ ਸਨ ਅਤੇ ਭਾਰਤ ਵਿਚ ਆਏ ਹੋਏ ਸਨ। ਸਰਦਾਰ ਅਕਬਰ ਨੂੰ ਮਿਲਣ ਲਈ ਆ ਗਏ। ਸਰਦਾਰ ਅਕਬਰ ਖ਼ਾਂ ਨੇ ਮੇਰੀ ਜਾਣ ਪਛਾਣ ਕਰਵਾਈ ਤਾਂ ਮਿਸਟਰ ਹੈਂਫਰ ਸਾਹਿਬ ਨੇ ਕਿਹਾ ਕਿ ਉਹ "ਰਿਆਸਤ" ਨੂੰ ਭਲੀ ਪਰਕਾਰ ਜਾਣਦੇ ਹਨ ਅਤੇ ਇਹਨੂੰ ਪਸੰਦ ਵੀ ਕਰਦੇ ਹਨ।

ਕੁਝ ਦਿਨਾਂ ਪਿਛੋਂ ਮੈਂ ਸਰਦਾਰ ਅਕਬਰ ਖ਼ਾਂ ਨੂੰ ਰਾਏ ਦਿਤੀ ਕਿ ਭਾਰਤੀਆਂ ਦੇ ਦਿਲਾਂ ਵਿਚੋਂ ਅਫ਼ਗਾਨੀ ਹਊਆ ਕੱਢਣ ਦੀ ਵਧੀਆ ਵਿਉਂਤ ਇਹ ਹੈ ਕਿ ਇਥੋਂ ਸਤ ਅਠ ਪਤਰਕਾਰਾਂ ਦਾ ਇਕ ਡੈਪੂਟੇਸ਼ਨ ਜਿਸ ਵਿਚ ਦੋ ਹਿੰਦੂ, ਦੋ ਮੁਸਲਮਾਨ, ਦੋ ਸਿਖ ਅਤੇ ਇਕ ਅੰਗਰੇਜ਼ ਮਿਸਟਰ ਹਾਰਨੀਮੈਨ ਹੋਣ। ਅਫ਼ਗਾਨਿਸਤਾਨ ਸਦਿਆ ਜਾਏ। ਇਹਨਾਂ ਲੋਕਾਂ ਨੂੰ ਆਗਿਆ ਦਿਤੀ ਜਾਏ ਕਿ ਉਹ ਆਪਣੀ ਮਰਜ਼ੀ ਅਨੁਸਾਰ ਜਿਥੇ ਚਾਹੁਣ ਜਾ ਕੇ ਅਫ਼ਗਾਨਿਸਤਾਨ ਅਤੇ ਅਫ਼ਗਾਨਿਸਤਾਨ ਦੇ ਹਿੰਦੂ ਵਸਨੀਕਾਂ ਦੇ ਸਮਾਂਚਾਰ ਆਪਣੀ ਅਖੀਂ ਵੇਖਣ ਅਤੇ ਫੇਰ ਵਾਪਸ ਆ ਕੇ ਇਕ ਸਾਂਝਾ ਬਿਆਨ ਦੇਣ ਕਿ ਉਥੋਂ ਦੀ ਜਨਤਾ ਦੀ ਸਾਧਾਰਨ ਤੌਰ ਤੇ ਅਤੇ ਹਿੰਦੂ ਪਰਜਾ ਦੀ ਅਸਾਧਾਰਨ ਤੌਰ ਤੇ ਕੀ ਅਵਸਥਾ ਹੈ। ਸਾਂਝੇ ਬਿਆਨ ਦਾ ਬੜਾ ਪ੍ਰਭਾਵ ਪਵੇਗਾ। ਸਰਦਾਰ ਅਕਬਰ ਖ਼ਾਂ ਨੇ ਮੇਰੀ ਇਸ ਵਿਉਂਤ ਨੂੰ ਬਹੁਤ ਪਸੰਦ ਕੀਤਾ ਅਤੇ ਉਹਨਾਂ ਨੇ ਸਰਦਾਰ ਮਹਿਮੂਦ ਤਰਜ਼ੀ ਨੂੰ ਲਿਖਿਆ। ਸਰਦਾਰ ਮਹਿਮੂਦ ਤਰਜ਼ੀ ਨੇ ਵੀ ਇਸ ਖ਼ਿਆਲ ਨੂੰ ਬਹੁਤ ਪਸੰਦ ਕੀਤਾ। ਇਸ ਪਰਕਾਰ ਅਫ਼ਗਾਨ ਸਰਕਾਰ ਵਲੋਂ ਸਰਕਾਰ ਹਿੰਦ ਨੂੰ ਇਸ ਸਦ-ਭਾਵਨਾ ਡੈਪੂਟੇਸ਼ਨ ਦੀ ਆਗਿਆ ਲਈ ਲਿਖਿਆ ਗਿਆ ਤਾਂ ਸਰਕਾਰ ਹਿੰਦ ਨੇ ਇਸ ਦੀ ਆਗਿਆ ਦੇਣ ਤੋਂ ਏਸ ਦਲੀਲ ਨਾਲ ਨਾਂਹ ਕਰ ਦਿਤੀ ਕਿ ਇਹ ਸਿਆਸੀ ਪ੍ਰਾਪੇਗੰਡਾ ਹੈ ਅਤੇ ਸੰਸਾਰ ਵਿਆਪਕ ਸਾਂਝੇ ਕਾਨੂੰਨ ਅਤੇ ਅਫ਼ਗਾ-ਨਿਸਤਾਨ ਤੇ ਭਾਰਤ ਦੀਆਂ ਸਰਕਾਰਾਂ ਦੇ ਸੰਬੰਧਾਂ ਦੇ ਕਾਰਨ ਅਜਿਹਾ ਡੈਪੂਟੇਸ਼ਨ ਜਾਣਾ ਠੀਕ ਨਹੀਂ। ਇਸ ਨਾਂਹ ਦਾ ਸਿੱਟਾ ਇਹ ਹੋਇਆ ਕਿ ਇਹ ਵਿਉਂਤ ਰਦ ਹੋ ਗਈ ਅਤੇ ਇਸਦਾ ਸਰਦਾਰ ਅਕਬਰ ਖ਼ਾਂ ਤੇ ਅਫ਼ਗਾਨ ਸਰਕਾਰ ਨੂੰ ਬੜਾ ਅਫ਼ਸੋਸ ਹੋਇਆ।

ਅਫ਼ਗਾਨ ਕੌਂਸਲ ਖਾਨੇ ਤੇ ਸੀ. ਆਈ. ਡੀ. ਦੇ ਆਦਮੀ ਨਿਗਰਾਨੀ ਕਰਦੇ ਸਨ ਅਤੇ ਮੇਰਾ ਯਕੀਨ ਹੈ ਕਿ ਸਾਰੇ ਕੌਂਸਲ ਖਾਨਿਆਂ (ਐਂਬੈਸੀਆਂ) ਦੀ



Digitized by Panjab Digital Library | www.panjabdigilib.org

ਨਿਗਰਾਨੀ ਹੁੰਦੀ ਹੈ। ਨਿਗਰਾਨੀ ਕਰਨ ਵਾਲੇ ਸੀ. ਆਈ. ਡੀ. ਦਿਆਂ ਬੰਦਿਆਂ ਨੇ ਮੇਰੇ ਆਉਣ ਜਾਣ ਦੀ ਰੀਪੋਰਟ ਕੀਤੀ । ਸਿੱਟਾ ਇਹ ਨਿਕਲਿਆ ਕਿ ਸਰਕਾਰ ਹਿੰਦ ਦੇ ਬਦੇਸ਼ੀ ਵਿਭਾਗ ਦੇ ਹੁਕਮ ਨਾਲ ਦਫ਼ਤਰ "ਰਿਆਸਤ" ਦੀ ਨਿਗਰਾਨੀ ਸ਼ੁਰੂ ਹੋ ਗਈ। ਇਸ ਨਿਗਰਾਨੀ ਦਾ ਕੇਂਦਰੀ ਸਰਕਾਰ ਨਾਲ ਕੋਈ ਸੰਬੰਧ ਨਹੀਂ ਸੀ। ਕੇਂਦਰੀ ਸਰਕਾਰ ਕੇਵਲ ਬਦੇਸ਼ੀ ਵਿਭਾਗ ਦਫ਼ਤਰ ਦੇ ਹੁਕਮ ਨਾਲ ਆਪਣੇ ਆਦਮੀ ਨਿਗਰਾਨੀ ਲਈ ਨੀਯਤ ਕਰਦੀ ਸੀ । ਇਸ ਪਰਕਾਰ ਇਸ ਨਿਗਰਾਨੀ ਬਾਰੇ ਮੈਂ ਆਪਣੇ ਵਸੀਲਿਆਂ ਰਾਹੀਂ ਪਤਾ ਕੀਤਾ ਤਾਂ ਪਤਾ ਲਗਾ ਕਿ ਸਰਕਾਰ ਦੇ ਸਰਕਾਰੀ ਕਾਗ਼ਜ਼ਾਂ ਵਿਚ ਇਹ ਰੀਪੋਰਟ ਕੀਤੀ ਗਈ ਹੈ ਕਿ ਦੀਵਾਨ ਸਿੰਘ ਰੂਸ ਤੋਂ ਰੁਪਿਆ ਲੈ ਕੇ ਬਾਲਸ਼ਵਿਕਾਂ ਦਾ ਪ੍ਰਾਪੇਗੰਡਾ ਕਰਦਾ ਹੈ ਅਤੇ ਇਸ ਸੰਬੰਧ ਦੇ ਵਿਚਕਾਰ ਅਫ਼ਗਾਨ ਸਰਕਾਰ ਅਤੇ ਕੌਂਸਲ ਜਨਰਲ ਅਫ਼ਗਾਨਿਸਤਾਨ ਇਕ ਕੁੰਡੀ ਹਨ। ਸਰਕਾਰ ਹਿੰਦ ਦੀ ਇਸ ਮੂਰਖਤਾ ਦਾ ਜਦ ਮੈਨੂੰ ਪਤਾ ਲਗਾ ਤਾਂ ਮੈਂ ਹੈਰਾਨ ਹੋ ਗਿਆ ਕਿਉਂਕਿ ਮੇਰਾ ਰੂਸ ਨਾਲ ਨਾ ਕਦੇ ਕੋਈ ਸੰਬੰਧ ਸੀ ਅਤੇ ਨਾ ਹੁਣ ਹੈ।

ਸਰਦਾਰ ਅਕਬਰ ਖ਼ਾਨ ਦੇ ਭਾਰਤ ਵਿਚੋਂ ਬਦਲੀ ਹੋਣ ਪਿਛੋਂ ਦਿੱਲੀ ਵਿਚ ਅਫ਼ਗਾਨ ਕੌਂਸਲ ਜਨਰਲ ਸਈਅਦ ਕਾਸਮ ਨੀਯਤ ਹੋਏ ਜਿਹੜੇ ਕਿੰਗ ਅਮਾਨ ਉੱਲਾ ਦੇ ਸਾਂਢੂ ਅਤੇ ਮਲਿਕਾ ਸੁਰੱਈਆ ਦੀ ਛੋਟੀ ਭੈਣ ਦੇ ਪਤੀ ਸਨ । ਸਈਅਦ ਕਾਸਮ ਦੇ ਵੀ ਐਡੀਟਰ "ਰਿਆਸਤ" ਨਾਲ ਸੰਬੰਧ ਬੜੇ ਡੂੰਘੇ ਹੋ ਗਏ। ਇਸ ਤਰ੍ਹਾਂ ਮਹਾਰਾਜਾ ਪਟਿਆਲਾ ਨੇ ਜਦ ਐਡੀਟਰ "ਰਿਆਸਤ" ਦੇ ਵਿਰੁਧ ਇਕ ਝੂਠਾ ਮੁਕੱਦਮਾ ਘੜ ਕੇ ਐਕਟ੍ਰਾਡੇਸ਼ਨ ਐਕਟ ਰਾਹੀਂ ਵਾਰੰਟ ਕਢਵਾਏ ਅਤੇ ਦਫ਼ਤਰ "ਰਿਆਸਤ" ਦੀ ਤਲਾਸ਼ੀ ਹੋਈ ਤਾਂ ਸਈਅਦ ਕਾਸਮ ਨੂੰ ਇਸਦਾ ਬੜਾ ਦੁਖ ਹੋਇਆ ਅਤੇ ਉਹਨਾਂ ਦੀ ਇੱਛਾ ਸੀ ਕਿ ਸਰਕਾਰ ਹਿੰਦ ਦੇ ਬਦੇਸ਼ੀ ਸਕੱਤਰ — ਜਿਹੜਾ ਉਹਨਾਂ ਦਾ ਮਿਤਰ ਸੀ — ਦਾ ਪਰਭਾਵ ਵਰਤਿਆ ਜਾਏ, ਪਰ ਮੈਂ ਉਹਨਾਂ ਦੀ ਇਸ ਰਾਏ ਨਾਲ ਸਹਿਮਤ ਨਾ ਹੋਇਆ ਅਤੇ ਮੈਂ ਕਿਹਾ ਕਿ ਬਦੇਸ਼ੀ ਸਕੱਤਰ ਦਾ ਆਖਿਆ ਵਧੇਰੇ ਹਾਨੀ ਦਾ ਕਾਰਨ ਹੋਵੇਗਾ। ਸਰਕਾਰ ਪਹਿਲਾਂ ਹੀ ਮੇਰੇ ਅਤੇ ਅਫ਼ਗਾਨ ਸਰਕਾਰ ਦੇ ਸੰਬੰਧਾਂ ਨੂੰ ਪਸੰਦ ਨਹੀਂ ਕਰਦੀ। ਜੇਕਰ ਸਫ਼ਾਰਸ਼ ਕੀਤੀ ਗਈ ਤਾਂ ਬਦੇਸ਼ੀ ਆਫ਼ਿਸ ਨੂੰ ਇਹ ਯਕੀਨ ਹੋ ਜਾਏਗਾ ਕਿ ਇਹ ਸੰਬੰਧ ਬੜੇ ਡੂੰਘੇ ਹਨ। ਬ੍ਰਿਟਿਸ਼ ਲੋਕ ਸਭ ਕੁਝ ਭੁਲ ਸਕਦੇ ਹਨ, ਪਰ ਕਿਸੇ ਆਦਮੀ ਦਾ ਐਂਟੀ-ਬ੍ਰਿਟਿਸ਼ ਹੋਣਾ ਨਹੀਂ ਭੁਲ ਸਕਦੇ। ਬਦੇਸ਼ੀ ਸਕੱਤਰ ਤੇ ਇਸ ਸਫ਼ਾਰਸ਼ ਦਾ ਪਰਭਾਵ ਭੈੜਾ ਪਵੇਗਾ ਅਤੇ ਸੰਭਵ ਹੈ ਕਿ ਵਧੇਰੇ ਹਾਨੀ ਪਹੁੰਚੇ। ਇਸ ਪਰਕਾਰ ਇਹ ਇਰਾਦਾ ਛਡ ਦਿਤਾ ਗਿਆ । ਇਸ



Digitized by Panjab Digital Library | www.panjabdigilib.org

ਤਜ਼ਵੀਜ਼ ਤੇ ਵਰਤੋਂ ਨਾ ਕਰਨ ਪਿਛੋਂ ਸਈਅਦ ਕਾਸਮ ਨੇ ਐਡੀਟਰ "ਰਿਆਸਤ" ਨੂੰ ਕਿਹਾ ਕਿ ਜੇਕਰ ਮੈਂ ਚਾਹਾਂ ਤਾਂ ਸਈਅਦ ਕਾਸਮ ਆਪਣੇ ਪਸ਼ਾਵਰ ਦੇ ਟ੍ਰੇਡ ਏਜੰਟ — ਮੈਨੂੰ ਨਾਂ ਯਾਦ ਨਹੀਂ ਰਿਹਾ ਸ਼ਾਇਦ ਸਰਦਾਰ ਅਬਦੁਲ ਹਕੀਮ ਸੀ — ਰਾਹੀਂ ਸਰਹੱਦੀ ਕਬੀਲਿਆਂ ਰਾਹੀਂ ਮੈਨੂੰ ਅਫ਼ਗਾਨਿਸਤਾਨ ਲੈ ਜਾਣਗੇ ਅਤੇ ਉਥੇ ਅਫ਼ਗਾਨ ਸਰਕਾਰ ਮੇਰੇ ਵਾਸਤੇ ਵਧ ਤੋਂ ਵਧ ਆਰਾਮ, ਸਹੂਲਤ ਅਤੇ ਮੇਰੀ ਰਿਹਾਇਸ਼ ਤੇ ਖ਼ਰਚਾਂ ਦਾ ਪਰਬੰਧ ਸਦਾ ਲਈ ਕਰ ਦੇਵੇਗੀ । ਜੇਕਰ ਸਰਕਾਰ ਹਿੰਦ ਮਹਾਰਾਜਾ ਪਟਿਆਲਾ ਦੇ ਐਕਸਟ੍ਰਾਡੇਸ਼ਨ ਦੇ ਵਾਰੰਟਾਂ ਦੀ ਵਰਤੋਂ ਤੋਂ ਨਾਂਹ ਨਾ ਕਰਦੀ ਤਾਂ ਮੈਂ ਆਪਣਾ ਭਵਿਖਤ ਜੀਵਨ ਜਿਹੜੀਆਂ ਥਾਂਵਾਂ ਤੇ ਬਤੀਤ ਕਰਨਾ ਸੀ ਉਹਨਾਂ ਵਿਚੋਂ ਇਕ ਥਾਂ ਅਫ਼ਗਾਨਿਸਤਾਨ ਵੀ ਸੀ ਅਤੇ ਇਹ ਸੰਭਵ ਸੀ ਕਿ ਮੈਂ ਅਜ ਅਫ਼ਗਾਨਿਸਤਾਨ ਵਿਚ ਹੁੰਦਾ ।

ਐਡੀਟਰ "ਰਿਆਸਤ" ਅਤੇ ਅਫ਼ਗਾਨਿਸਤਾਨ ਦੇ ਸੰਬੰਧਾਂ ਦੇ ਸਿਲਸਲੇ ਵਿਚ ਇਕ ਘਟਨਾ ਹੋਰ ਵੀ ਬੜੀ ਸਵਾਦੀ ਹੈ । ਮਹਾਰਾਜਾ ਨਾਭਾ ਜਦ ਡੇਹਰਾਦੂਨ ਵਿਚ ਦੇਸ਼ ਨਿਕਾਲੇ ਦਾ ਜੀਵਨ ਬਤੀਤ ਕਰ ਰਹੇ ਸਨ ਅਤੇ ਸਰਕਾਰ ਹਿੰਦ ਦੇ ਸਲੂਕ ਅਤੇ ਮਹਾਰਾਜਾ ਪਟਿਆਲਾ ਦੀ ਵਿਰੋਧਤਾ ਤੋਂ ਪ੍ਰੇਸ਼ਾਨ ਸਨ ਤਾਂ ਮੈਂ ਮਹਾਰਾਜੇ ਨੂੰ ਕਿਹਾ ਕਿ ਜੇਕਰ ਉਹ ਚਾਹੁਣ ਤਾਂ ਅਫ਼ਗਾਨਿਸਤਾਨ ਜਾ ਕੇ ਆਪਣਾ ਜੀਵਨ ਸੁਖ ਸ਼ਾਂਤੀ ਨਾਲ ਨਿਭਾ ਸਕਦੇ ਹਨ । ਮੈਂ ਅਫ਼ਗਾਨ ਸਰਕਾਰ ਤੋਂ ਇਸ ਬਾਰੇ ਪਰਬੰਧ ਕਰ ਸਕਦਾ ਹਾਂ । ਮੈਂ ਇਹ ਵੀ ਆਖਿਆ ਕਿ ਮੈਂ ਉਹਨਾਂ ਦੇ ਨਾਲ ਹੀ ਚਲਾਂਗਾ ਅਤੇ ਅਸੀਂ ਆਪਣਾ ਜੀਵਨ ਅਫ਼ਗਾਨਿਸਤਾਨ ਜਾਂ ਕਿਸੇ ਦੂਜੇ ਸੁਤੰਤਰ ਦੇਸ਼ ਵਿਚ ਗੁਜ਼ਾਰ ਦਿਆਂਗੇ । ਇਸ ਤਰ੍ਹਾਂ ਇਸ ਬਾਰੇ ਮੈਂ ਸਈਅਦ ਕਾਸਮ ਨਾਲ ਗਲ ਬਾਤ ਵੀ ਕੀਤੀ, ਪਰ ਮਹਾਰਾਜਾ ਨਾਭਾ ਕਿਸੇ ਖ਼ਤਰੇ ਨੂੰ ਸਹਿਨ ਕਰਨ ਲਈ ਤਤਪਰ ਨਹੀਂ ਸਨ । ਉਹਨਾਂ ਨੇ ਉਤਰ ਦਿਤਾ ਕਿ ਉਹ ਮਹਾਰਾਣੀ ਅਤੇ ਬੱਚਿਆ ਨੂੰ ਛਡ ਕੇ ਨਹੀਂ ਜਾ ਸਕਦੇ ।

ਕਿੰਗ ਅਮਾਨਉਲਾ ਦੀ ਸਰਕਾਰ ਅਤੇ ਮੇਰੇ ਵਿਚਕਾਰ ਸੰਬੰਧ ਬੜੇ ਮਿਤ੍ਰਾਨਾ ਅਤੇ ਡੂੰਘੇ ਹੋ ਚੁਕੇ ਸਨ । ਇਹਨਾਂ ਸੰਬੰਧਾਂ ਵਿਚਕਾਰ ਹੀ ਅਮਾਨਉਲਾ ਅਫ਼ਗਾਨਿਸ-ਤਾਨ ਨੂੰ ਛਡ ਕੇ ਇਟਲੀ ਚਲੇ ਗਏ । ਇਸ ਪਿਛੋਂ ਮੇਰੇ ਸੰਬੰਧ ਏਸ ਸਰਕਾਰ ਨਾਲੋਂ ਟੁਟ ਗਏ ਹਾਲਾਂ ਕਿ ਵਰਤਮਾਨ ਸਰਕਾਰ ਦੇ ਪ੍ਰਤੀਨਿਧ ਸਦਾ ਪ੍ਰੇਮ ਪਿਆਰ ਨਾਲ ਮਿਲਦੇ ਰਹੇ, ਪਰ ਮੇਰੀ ਅਣਖ ਦੀ ਸਪਿਰਟ ਨੇ ਆਗਿਆ ਨਾ ਦਿਤੀ ਕਿ ਮੈਂ ਕਿੰਗ ਅਮਾਨ-ਉਲਾ ਦੇ ਜਾਣ ਪਿਛੋਂ ਉਹਨਾਂ ਦੇ ਵਿਰੋਧੀਆਂ ਨਾਲ ਸੰਬੰਧ ਜਾਰੀ ਰਖਾਂ । ਮੈਂ ਇਸ ਨੂੰ ਭੈੜਾ ਸਮਝਦਾ ਸਾਂ । ਐਡੀਟਰ "ਰਿਆਸਤ" ਕਿੰਗ ਅਮਾਨਉਲਾ ਦਾ ਧੰਨਵਾਦੀ ਹੈ ਕਿ ਉਹਨਾਂ ਨੇ ਆਪਣੇ ਦੇਸ਼ ਨਿਕਾਲੇ ਦੇ



Digitized by Panjab Digital Library | www.panjabdigilib.org

ਸਮੇਂ ਵਿਚ ਵੀ ਐਡੀਟਰ "ਰਿਆਸਤ" ਨੂੰ ਯਾਦ ਰਖਿਆ ਅਤੇ ਮਿਸਟਰ ਚਮਨ ਲਾਲ ਪਤਰਕਾਰ ਅਤੇ ਮਿਸਟਰ ਦਲੀਪ ਆਦਿ ਸਜਨ ਜਦ ਕਦੀ ਵੀ ਉਹਨਾਂ ਨੂੰ ਇਟਲੀ ਵਿਚ ਮਿਲੇ ਤਾਂ ਉਹ ਐਡੀਟਰ "ਰਿਆਸਤ" ਦੀ ਸੁਖ ਸਾਂਦ ਪੁਛਦੇ ਰਹੇ।

## ਜਨਤਕ ਆਵਾਜ਼ ਘਟਨਾਵਾਂ ਦੀਆਂ ਨੀਹਾਂ ਤੇ

ਮੇਰੇ ਜੀਵਨ ਦਾ ਤਜਰਬਾ ਹੈ ਕਿ ਜੇਕਰ ਕਿਸੇ ਆਦਮੀ ਬਾਰੇ ਭਿੰਨ-ਭਿੰਨ ਲੋਕਾਂ ਦੀ ਇਕੋ ਹੀ ਰਾਏ ਹੋਵੇ ਤਾਂ ਉਹ ਰਾਏ ਝੂਠੀ ਨਹੀਂ ਹੁੰਦੀ। ਉਸ ਵਿਚ ਕੁਝ ਨਾ ਕੁਝ ਸਚਾਈ ਜ਼ਰੂਰ ਹੁੰਦੀ ਹੈ ਜਿਹਾ ਕਿ ਜੇਕਰ ਮਹਾਤਮਾ ਗਾਂਧੀ ਨੂੰ ਆਮ ਜਨਤਾ ਨੇਕ ਅਤੇ ਮਹਾਤਮਾ ਆਖਦੀ ਹੈ ਤਾਂ ਗਾਂਧੀ ਸਚ ਮੁਚ ਨੇਕ ਸਨ ਅਤੇ ਜੇਕਰ ਖਵਾਜਾ ਹਸਨ ਨਿਜ਼ਾਮੀ ਨੂੰ ਜਨਤਾ ਮੱਕਾਰ ਸਮਝਦੀ ਹੈ ਤਾਂ ਇਹ ਆਵਾਜ਼ ਸਚੋਂ ਸਖਣੀ ਨਹੀਂ ਹੋ ਸਕਦੀ ਕਿਉਂਕਿ ਜਨਤਕ ਰਾਏ ਤਦ ਹੀ ਨਿਸਚਿਤ ਹੁੰਦੀ ਹੈ ਜਦ ਕਿ ਲੋਕਾਂ ਨੂੰ ਉਹਨਾਂ ਘਟਨਾਵਾਂ ਨੂੰ ਵਾਰ ਵਾਰ ਵੇਖਣ ਦਾ ਸਮਾਂ ਮਿਲੇ।

ਜਦ "ਰਿਆਸਤ" ਨੂੰ ਚਾਲੂ ਹੋਇਆਂ ਇਕ ਜਾਂ ਡੇਢ ਸਾਲ ਦਾ ਸਮਾਂ ਹੋਇਆ ਅਤੇ ਕੰਮ ਵਧ ਗਿਆ ਤਾਂ ਇਕ ਸਬ-ਐਡੀਟਰ ਦੀ ਲੋੜ ਪਰਤੀਤ ਹੋਈ। "ਰਿਆਸਤ" ਵਿਚ ਇਸ਼ਤਿਹਾਰ ਦਿਤਾ ਗਿਆ। ਇਸ ਇਸ਼ਤਿਹਾਰ ਦੇ ਜੁਆਬ ਵਿਚ ਜਿਹੜੀਆਂ ਦਰਖ਼ਾਸਤਾਂ ਆਈਆਂ ਉਹਨਾਂ ਵਿਚ ਇਕ ਦਰਖ਼ਾਸਤ ਮਿਸਟਰ ਪਿਆਰੇ ਲਾਲ ਸ਼ਾਕਰ ਮੇਰਠੀ ਦੀ ਵੀ ਸੀ। ਇਹ ਸਜਨ ਪਹਿਲਾਂ ਰਸਾਲਾ "ਜ਼ਮਾਨਾ" ਕਾਨਪੁਰ ਵਿਚ ਕੰਮ ਕਰਦੇ ਰਹੇ, ਫਿਰ "ਅਦੀਬ" ਅਲਾਹਬਾਦ ਦੇ ਐਡੀਟਰ ਨੀਯਤ ਹੋਏ ਅਤੇ ਉਥੋਂ ਵਖ ਹੋਏ ਤਾਂ ਉਹਨਾਂ ਨੇ ਆਪਣਾ ਰਸਾਲਾ "ਅਲਅਸਰ" ਚਾਲੂ ਕੀਤਾ ਜਿਹੜਾ ਸ਼ਾਇਦ ਇਕ ਜਾਂ ਦੋ ਵਰ੍ਹੇ ਚਾਲੂ ਰਿਹਾ। ਆਪਣੀ ਦਰਖ਼ਾਸਤ ਵਿਚ ਸ਼ਾਕਰ ਸਾਹਿਬ ਨੇ ਆਪਣੇ ਤਜਰਬੇ ਬਾਰੇ ਇਹ ਸਭ ਕੁਝ ਲਿਖਿਆ ਕਿ ਉਹ ਕਿਥੇ ਕਿਥੇ ਕੰਮ ਕਰਦੇ ਰਹੇ। ਸ਼ਾਕਰ ਸ਼ਾਹਿਬ ਦੀ ਦਰਖ਼ਾਸਤ ਆਉਣ ਤੇ ਲੇਖਕ ਨੇ ਮੁਨਸ਼ੀ ਦਯਾ ਨਰਾਇਣ ਸਾਹਿਬ ਨਗਮ ਐਡੀਟਰ "ਜ਼ਮਾਨਾ" — ਜਿਹੜੇ ਐਡੀਟਰ "ਰਿਆਸਤ" ਦੇ ਬੜੇ ਮਿਹਰਬਾਨ ਮਿਤਰ ਅਤੇ "ਰਿਆਸਤ" ਦੇ ਪ੍ਰਸ਼ੰਸਕ ਸਨ — ਨੂੰ ਖਤ ਲਿਖ ਕੇ ਪਤਾ ਕੀਤਾ ਕਿ ਸ਼ਾਕਰ ਸਾਹਿਬ ਤੁਹਾਡੇ ਕੋਲ ਕੰਮ ਕਰਦੇ ਰਹੇ ਹਨ ਕਿਹੋ ਜਿਹੇ



Digitized by Panjab Digital Library | www.panjabdigilib.org

ਆਦਮੀ ਹਨ। ਦਯਾ ਨਰਾਇਣ ਸਾਹਿਬ ਦਾ ਜੁਆਬ ਆਇਆ ਕਿ ਸ਼ਾਕਰ ਸਾਹਿਬ ਦੂਜਿਆਂ ਦੀਆਂ ਕਵਿਤਾਵਾਂ ਚੋਰੀ ਕਰਕੇ ਆਪਣੇ ਨਾਂ ਹੇਠ ਛਪਵਾਉਣ ਨੂੰ ਗੁਨਾਹ ਨਹੀਂ ਸਮਝਦੇ। ਅਖ਼ਬਾਰ ਜਾਂ ਰਸਾਲੇ ਨੂੰ ਵਿਓਂਤ ਚੰਗੀ ਦੇ ਸਕਦੇ ਹਨ ਅਤੇ ਉਂਜ ਚੋਰੀ ਕਰਨ ਦੀ ਵੀ ਆਦਤ ਹੈ। ਕੋਈ ਸ਼ੈ ਵੀ ਦਫ਼ਤਰ ਵਿਚ ਵੇਖਣ ਉਹਨੂੰ ਚੋਰੀ ਕਰ ਲੈਂਦੇ ਹਨ ਅਤੇ ਚੰਗਾ ਇਹੀ ਹੈ ਕਿ ਉਹਨਾਂ ਨੂੰ ਨੌਕਰ ਨਾ ਰਖਿਆ ਜਾਏ। ਐਡੀਟਰ "ਰਿਆਸਤ" ਮੁਨਸ਼ੀ ਦਯਾ ਨਰਾਇਣ ਸਾਹਿਬ ਦੇ ਇਸ ਖ਼ਤ ਨੂੰ ਵੇਖ ਕੇ ਹੈਰਾਨ ਰਹਿ ਗਿਆ ਕਿ ਇਕ ਮਨੁਖ ਕਵੀ ਹੈ, ਸਾਹਿਤਕ ਰਸਾਲਿਆਂ ਦਾ ਐਡੀਟਰ ਰਿਹਾ ਹੈ ਅਤੇ ਕਾਫ਼ੀ ਉਮਰ ਦਾ ਵੀ ਹੈ ਇਹ ਕਿਵੇਂ ਸੰਭਵ ਹੈ ਕਿ ਉਹ ਚੋਰੀ ਵਰਗੇ ਨਗੂਣੇ ਕਰਤਬ ਦਾ ਭਾਗੀ ਹੋਵੇ। ਇਸ ਪਰਕਾਰ ਇਸ ਵਿਚਾਰ ਤੋਂ ਕਿ ਸ਼ਾਇਦ ਨਗਮ ਸਾਹਿਬ ਨੂੰ ਸ਼ਾਕਰ ਸਾਹਿਬ ਬਾਰੇ ਭੁਲੇਖਾ ਲਗਾ ਹੈ। ਉਹਨਾਂ ਨੂੰ ਬਤੌਰ ਉਲਥਾਕਾਰ ਜਾਂ ਸਬ-ਐਡੀਟਰ ਬੁਲਾ ਲਿਆ ਗਿਆ। ਉਰਦੂ ਅਖ਼ਬਾਰਾਂ ਵਿਚ ਸਬ-ਐਡੀਟਰ ਦਾ ਕੰਮ ਆਮ ਤੌਰ ਤੇ ਅੰਗਰੇਜ਼ੀ ਜਾਂ ਹਿੰਦੀ ਆਦਿ ਰਸਾਲਿਆਂ ਜਾਂ ਅਖ਼ਬਾਰਾਂ ਤੋਂ ਉਲਥਾ ਕਰਨਾ ਹੁੰਦਾ ਹੈ। ਜਾਂ ਕਦੀ ਜੇਕਰ ਐਡੀਟਰ ਹਾਜ਼ਰ ਨਾ ਹੋਵੇ ਤਾਂ ਮੁਖ ਲੇਖ ਆਦਿ ਦੇ ਭਾਗ ਨੂੰ ਵੀ ਪੂਰਾ ਕਰ ਲਿਆ ਜਾਏ। ਇਸ ਤਰ੍ਹਾਂ ਸ਼ਾਕਰ ਸਾਹਿਬ ਦੇ ਜ਼ਿੰਮੇਂ ਵੀ ਦੂਜੇ ਸਬ-ਐਡੀਟਰਾਂ ਵਾਂਗ ਇਹੋ ਕੰਮ ਸੀ ਕਿ ਉਹ ਉਲਥਾ ਕਰਨ ਅਤੇ ਬਾਹਰੋਂ ਆਈਆਂ ਹੋਈਆਂ ਕਹਾਣੀਆਂ ਜਾਂ ਲੇਖਾਂ ਆਦਿ ਦੀਆਂ ਗ਼ਲਤੀਆਂ ਠੀਕ ਕਰਕੇ ਉਹਨਾਂ ਨੂੰ ਵੇਰਵਾ ਦਿਤਾ ਜਾਏ। ਸ਼ਾਕਰ ਸਾਹਿਬ ਨੇ ਦਫ਼ਤਰ "ਰਿਆਸਤ" ਵਿਚ ਕੰਮ ਅਰੰਭਿਆ ਹੀ ਸੀ ਕਿ ਦਫ਼ਤਰ ਵਿਚ ਚੋਰੀ ਦਾ ਸਿਲਸਲਾ ਅਰੰਭ ਹੋ ਗਿਆ। ਕਦੀ ਪੈਨਸਲਾਂ ਗੁੰਮ, ਕਦੀ ਨਿਬਾਂ ਉਡ ਗਈਆਂ ਕਦੀ ਟਿਕਟਾਂ ਚੋਰੀ ਹੋ ਗਈਆਂ ਅਤੇ ਕਦੇ ਖੀਸੇ ਵਿਚੋਂ ਪੈਸੇ ਨਿਕਲ ਗਏ। ਇਹਨਾਂ ਚੋਰੀਆਂ ਤੇ ਸਦਾ ਹੀ ਚਪੜਾਸੀਆਂ ਤੋਂ ਪੁਛ ਪੜਤਾਲ ਕੀਤੀ ਜਾਂਦੀ ਅਤੇ ਖ਼ਿਆਲ ਵੀ ਨਾ ਆਉਂਦਾ ਕਿ ਸ਼ਾਕਰ ਸਾਹਿਬ ਹੀ ਕਿਰਪਾ ਕਰ ਰਹੇ ਹੋਣਗੇ। ਇਹਨਾਂ ਨਗੂਣੀਆਂ ਚੋਰੀਆਂ ਦੀ ਲੜੀ ਲਗੀ ਰਹੀ ਕਿ ਇਕ ਦਿਨ ਸ਼ਾਕਰ ਸਾਹਿਬ ਨੇ ਫ਼ਰਮਾਇਆ ਕਿ ਉਹਨਾਂ ਦੀ ਇਕ ਭਤੀਜੀ ਜਿਹੜੀ ਲੇਡੀ ਹਾਰਡਿੰਗ ਮੈਡੀਕਲ ਕਾਲਜ ਦੀ ਨਰਸਿੰਗ ਜਮਾਤ ਵਿਚ ਪੜ੍ਹਦੀ ਹੈ, ਕਾਲਜ ਤੋਂ ਘਰ ਆਈ ਹੋਈ ਹੈ। ਉਹ ਖਾਣਾ ਬਹੁਤ ਚੰਗਾ ਪਕਾਉਂਦੀ ਹੈ। ਮੈਂ ਸ਼ਾਮ ਦਾ ਖਾਣਾ ਉਥੇ ਖਾਵਾਂ। ਇਸ ਪਰਕਾਰ ਮੈਂ ਖਾਣੇ ਤੇ ਉਹਨਾਂ ਦੇ ਘਰ ਗਿਆ ਅਤੇ ਅਜੇ ਖਾਣਾ ਖਾਧਾ ਵੀ ਨਹੀਂ ਸੀ ਗਲਾਂ ਹੋ ਰਹੀਆਂ ਸਨ ਕਿ ਮੇਰੀ ਨਜ਼ਰ ਉਥੇ ਪਈ ਇਕ ਡਬੀ ਤੇ ਪਈ ਜਿਸ ਵਿਚ ਸੁਨਹਿਰੀ ਰੰਗ ਦੇ ਕਾਗ਼ਜ਼ਾਂ ਨੂੰ



Digitized by Panjab Digital Library | www.panjabdigilib.org

ਲਾਉਣ ਵਾਲੇ ਕਲਿਪ ਪਏ ਸਨ — ਐਡੀਟਰ "ਰਿਆਸਤ" ਨੂੰ ਅਰੰਭ ਤੋਂ ਹੀ ਸਟੇਸ਼ਨਰੀ ਦਾ ਬੜਾ ਸ਼ੌਕ ਹੈ, ਦਫ਼ਤਰ "ਰਿਆਸਤ" ਦੀ ਸਟੇਸ਼ਨਰੀ ਵਲਾਇਤ ਵਿਚੋਂ ਛਪਵਾਈ ਜਾਂਦੀ ਸੀ ਅਤੇ ਇਹ ਕਲਿਪ ਕਲਕਤਾ ਦੀ ਇਕ ਫ਼ਰਮ ਤੋਂ ਮੰਗਵਾਏ ਸਨ — ਇਸ ਡਬੀ ਨੂੰ ਵੇਖ ਕੇ ਯਕੀਨ ਆ ਗਿਆ ਕਿ ਮੁਨਸ਼ੀ ਦਯਾ ਨਰਾਇਣ ਸਾਹਿਬ ਨਗਮ ਦੀ ਰਾਏ ਸਚੀ ਸੀ ਅਤੇ ਉਹਨਾਂ ਦੀ ਰਾਏ ਦੀ ਪਰਵਾਹ ਨਾ ਕਰਨੀ ਗ਼ਲਤੀ ਸੀ।

ਖਾਣਾ ਖਾਣ ਪਿਛੋਂ ਐਡੀਟਰ "ਰਿਆਸਤ" ਵਾਪਸ ਦਫ਼ਤਰ ਆ ਗਿਆ। ਰਾਤ ਨੂੰ ਸੋਚਦਾ ਰਿਹਾ ਕਿ ਸ਼ਾਕਰ ਸਾਹਿਬ ਨੂੰ ਕਿਹੜੇ ਢੰਗ ਨਾਲ ਫੜਿਆ ਜਾਏ। ਅਗਲੇ ਦਿਨ ਜਦ ਦਫ਼ਤਰ ਦੇ ਲੋਕ ਆ ਗਏ ਤਾਂ ਐਡੀਟਰ "ਰਿਆਸਤ" ਨੇ ਉਪਰਲੀ ਛਤ ਤੇ ਆਪਣੀ ਮੇਜ਼ ਤੇ ਦੋ ਪੈਸਿਆਂ ਵਾਲੀਆਂ ਦੋ ਰੁਪਏ ਦੀਆਂ ਟਿਕਟਾਂ ਗਿਣ ਕੇ ਰਖ ਦਿਤੀਆਂ ਅਤੇ ਆਪ ਹੇਠਾਂ ਦਫ਼ਤਰ ਵਿਚ ਆ ਕੇ ਕੰਮ ਸ਼ੁਰੂ ਕਰ ਦਿਤਾ। ਦਫ਼ਤਰ ਵਿਚ ਬੈਠਿਆਂ ਪੰਜ ਸਤ ਮਿੰਟ ਹੋਏ ਤਾਂ ਮੈਂ ਸ਼ਾਕਰ ਸਾਹਿਬ ਨੂੰ ਕਿਹਾ ਕਿ ਉਪਰ ਦੇ ਕਮਰੇ ਵਿਚ ਮੇਜ਼ ਤੇ ਪੈਨਸਲ ਪਈ ਹੈ ਉਹ ਲਿਆ ਦਿਓ। ਸ਼ਾਕਰ ਸਾਹਿਬ ਪੈਨਸਲ ਲੈਣ ਲਈ ਉਪਰ ਗਏ ਅਤੇ ਪੈਨਸਲ ਲੈ ਕੇ ਵਾਪਸ ਆ ਗਏ। ਤਾਂ ਐਡੀਟਰ "ਰਿਆਸਤ" ਝਟ ਹੀ ਮਗਰੋਂ ਉਪਰ ਗਿਆ ਅਤੇ ਦੋ ਪੈਸਿਆਂ ਵਾਲੀਆਂ ਟਿਕਟਾਂ ਜਿਹੜੀਆਂ ਗਿਣ ਕੇ ਰਖ ਆਇਆ ਸਾਂ ਉਹਨਾਂ ਨੂੰ ਵੇਖਿਆ। ਉਹਨਾਂ ਵਿਚੋਂ ਅਧੀਆਂ ਦੇ ਕਰੀਬ ਉਡੰਤ ਸਨ। ਸ਼ਾਕਰ ਸਾਹਿਬ ਨੂੰ ਉਪਰ ਬੁਲਾਇਆ ਅਤੇ ਆਖ਼ਿਆ ਕਿਰਪਾ ਕਰ ਕੇ ਉਹ ਟਿਕਟਾਂ ਰਖ ਦਿਓ ਜਿਹੜੀਆਂ ਚੁਰਾਈਆਂ ਜੇ। ਸ਼ਾਕਰ ਸਾਹਿਬ ਦੇ ਹੋਸ਼ ਉਡ ਗਏ। ਐਡੀਟਰ "ਰਿਆਸਤ" ਨੇ ਉਹਨਾਂ ਦੇ ਖੀਸੇ ਵਿਚ ਹਥ ਪਾ ਕੇ ਟਿਕਟਾਂ ਕਢ ਲਈਆਂ ਜੇਕਰ ਚਪੜਾਸੀ ਹੁੰਦਾ ਤਾਂ ਸੁਭਾਉ ਅਨੁਸਾਰ ਉਸ ਚਪੜਾਸੀ ਦੀ ਚੰਗੀ ਖਾਸੀ ਮੁਰੰਮਤ ਕੀਤੀ ਜਾਂਦੀ, ਪਰ ਪੜ੍ਹੇ ਲਿਖੇ ਮਨੁਖ ਸਨ। ਈਸਾਈ ਹੋਣ ਦੇ ਕਾਰਨ ਬੂਟ ਸੂਟ ਵੀ ਪਾਇਆ ਹੋਇਆ ਸੀ,ਏਨਾਂ ਹੀ ਆਖਿਆ ਕਿ ਬੜੇ ਕਮੀਨੇ ਆਦਮੀ ਹੋ, ਜੇਕਰ ਲੋੜ ਸੀ ਤਾਂ ਟਿਕਟਾਂ ਮੰਗ ਲੈਂਦੇ। ਸ਼ਾਕਰ ਸਾਹਿਬ ਦੀ ਇਸ ਵੇਲੇ ਜਿਹੜੀ ਹਾਲਤ ਹੋਈ ਉਸਦਾ ਅਨੁਮਾਨ ਲਾਉਣਾ ਔਖਾ ਨਹੀਂ। ਇਸ ਤਰ੍ਹਾਂ ਉਹਨਾਂ ਨੂੰ ਇਸ ਸ਼ਰਤ ਤੇ ਅਤੇ ਸਹੁੰ ਖਾਣ ਤੇ ਖਿਮਾ ਕਰ ਦਿਤਾ ਗਿਆ ਕਿ ਅਗੇ ਤੋਂ ਚੋਰੀ ਨਹੀਂ ਕਰਨਗੇ।

ਸ਼ਾਕਰ ਸਾਹਿਬ ਇਸ ਪਿਛੋਂ ਕਈ ਵਰ੍ਹਿਆਂ ਤਕ ਦਫ਼ਤਰ "ਰਿਆਸਤ" ਵਿਚ ਨੌਕਰ ਰਹੇ। ਪਝੱਤਰ ਰੁਪਏ ਮਾਸਕ ਤਨਖ਼ਾਹ ਲੈਂਦੇ ਸਨ ਅਤੇ ਬਤੌਰ "ਅਲਾਊਂਸ" ਪੰਜ ਛੇ ਰੁਪਏ ਦਾ ਮਾਹਵਾਰੀ ਛੋਟਾ ਮੋਟਾ ਸਾਮਾਨ ਚੁਰਾ ਕੇ ਲੈ



Digitized by Panjab Digital Library | www.panjabdigilib.org

ਜਾਂਦੇ ਸਨ ।

ਨਵਾਬ ਭੂਪਾਲ ਨੇ ਜਦ ਐਡੀਟਰ "ਰਿਆਸਤ" ਤੇ ਹੋਸ਼ੰਗਾਬਾਦ — ਸੀ. ਪੀ. — ਵਿਚ ਮੁਕੱਦਮਾ ਚਲਾਇਆ ਤਾਂ ਦਫ਼ਤਰ "ਰਿਆਸਤ" ਦੇ ਕਈ ਨੌਕਰ ਖ਼ਰੀਦੇ ਗਏ ਉਹਨਾਂ ਨਾਲ ਇਕਰਾਰ ਕੀਤੇ ਗਏ ਕਿ ਜਿਹੜੀ ਤਨਖ਼ਾਹ "ਰਿਆਸਤ" ਵਿਚ ਲੈਂਦੇ ਹਨ ਉਸ ਤੋਂ ਵਧੇਰੀ ਤਨਖ਼ਾਹ ਉਹਨਾਂ ਨੂੰ ਰਿਅਸਾਤ ਭੂਪਾਲ ਵਿਚ ਮਿਲੇਗੀ ਅਤੇ ਕੁਝ ਰੁਪਿਆ ਵੀ ਨਕਦ ਦਿਤਾ ਗਿਆ । ਰੁਪਏ ਦੇ ਲਾਲਚ ਨਾਲ ਮੁਲ ਲਏ ਗਏ ਇਹਨਾਂ ਲੋਕਾਂ ਵਿਚ ਮਿਸਟਰ ਪਿਆਰੇ ਲਾਲ ਸਾਹਿਬ ਸ਼ਾਕਰ ਮੇਰਠੀ ਸਾਬਕ ਐਡੀਟਰ "ਅਦੀਬ" "ਅਲਅਸਰ" ਵੀ ਸਨ । ਉਹਨਾਂ ਨੇ ਲੋਭ ਵਿਚ ਆ ਕੇ ਦਫ਼ਤਰ "ਰਿਆਸਤ" ਦੀ ਨੌਕਰੀ ਛਡ ਦਿਤੀ । ਭੂਪਾਲ ਨਾਲ ਮਿਲ ਗਏ ਅਤੇ ਉਹਨਾਂ ਨੇ ਐਡੀਟਰ "ਰਿਆਸਤ" ਦੇ ਵਿਰੁਧ ਬਤੌਰ ਸਰਕਾਰੀ ਗਵਾਹ ਦੇ ਗਵਾਹੀ ਵੀ ਦਿਤੀ ।

ਸ਼ਾਕਰ ਸਾਹਿਬ ਨੇ ਜਦ ਧਰੋਹ ਕੀਤਾ ਅਤੇ ਬਤੌਰ ਸਰਕਾਰੀ ਗਵਾਹ ਅਦਾਲਤ ਵਿਚ ਤਸ਼ਰੀਫ਼ ਲਿਆਏ ਤਾਂ ਉਹਨਾਂ ਤੇ ਮਿਸਟਰ ਬ੍ਰਿਜ ਬਿਹਾਰੀ ਤੋਕਲੀ ਐਡਵੋਕੇਟ ਨੇ ਜਿਰ੍ਹਾ ਕੀਤੀ । ਮਿਸਟਰ ਤੋਕਲੀ ਨੂੰ ਜਿਰ੍ਹਾ ਕਰਨ ਵਿਚ ਨਿਪੁੰਨਤਾ ਪ੍ਰਾਪਤ ਹੈ । ਕਾਇਸਥ ਹੋਣ ਦੇ ਕਾਰਨ ਸਿਆਣੇ ਵੀ ਬੜੇ ਹਨ ਅਤੇ ਕੁਦਰਤ ਨੇ ਉਹਨਾਂ ਨੂੰ ਬੋਲਣ ਦੀ ਸ਼ਕਤੀ ਵੀ ਖੁਲ੍ਹੇ ਦਿਲ ਨਾਲ ਬਖ਼ਸ਼ਸ ਕੀਤੀ ਹੈ । ਜਿਰ੍ਹਾ ਵਿਚ ਉਹਨਾਂ ਨੇ ਸ਼ਾਕਰ ਸਾਹਿਬ ਦੇ ਬਚਪਨ ਤੋਂ ਲੈ ਕੇ ਉਸ ਸਮੇਂ ਤਕ ਦੇ ਸਮਾਚਾਰਾਂ ਦੀ ਪੁਛ ਕੀਤੀ ਤਾਂ ਸ਼ਾਕਰ ਸਾਹਿਬ ਨੇ ਮੈਜਿਸਟਰੇਟ ਸਾਹਮਣੇ ਸਹੁੰ ਚੁਕਦਿਆਂ ਹੋਇਆਂ ਮੰਨਿਆਂ ਕਿ ਉਹ ਦੋ ਵਾਰ ਅਦਾਲਤਾਂ ਚੋਂ ਚੋਰੀ ਦੇ ਅਪਰਾਧ ਵਿਚ ਇਕ ਇਕ ਜਾਂ ਦੋ ਦੋ ਸਾਲ ਦੀ ਸਜ਼ਾ ਕਟ ਚੁਕੇ ਹਨ । ਇਹਨਾਂ ਸਮਾਚਾਰਾਂ ਦੇ ਲਿਖਣ ਦਾ ਭਾਵ ਇਹ ਹੈ ਕਿ ਕਿਸੇ ਮਨੁਖ ਬਾਰੇ ਕਈਆਂ ਆਦ-ਮੀਆਂ ਜਾਂ ਸਿਆਣਿਆਂ ਦੇ ਕਈ ਤਜਰਬਿਆਂ ਪਿਛੋਂ ਜਿਹੜੀ ਰਾਏ ਬਣੇ ਉਸ ਰਾਏ ਨੂੰ ਅਖੋਂ ਉਹਲੇ ਨਹੀਂ ਕਰਨਾ ਚਾਹੀਦਾ । ਕਿਉਂਕਿ ਇਹ ਰਾਵਾਂ ਬਿਨਾਂ ਨੀਂਹਾਂ ਦੇ ਨਹੀਂ ਹੁੰਦੀਆਂ ਇਹਨਾਂ ਵਿਚ ਕੁਝ ਨਾ ਕੁਝ ਸਚਾਈ ਜ਼ਰੂਰ ਹੁੰਦੀ ਹੈ ।



Digitized by Panjab Digital Library | www.panjabdigilib.org

# ਐਡੀਟਰ "ਰਿਆਸਤ" ਦੀ "ਨੇਕਚਲਨੀ ਅਤੇ ਬਦਚਲਨੀ"

ਦਫ਼ਤਰ "ਰਿਆਸਤ" ਦਰਯਾ ਗੰਜ ਦੀ ਕੋਠੀ ਨੰ: ੧੫ ਵਿਚ ਸੀ। ਇਸ ਕੋਠੀ ਵਿਚ ਬਹੁਤ ਵਡੇ ਵਡੇ ਅੱਠ ਕਮਰੇ ਸਨ ਅਤੇ ਬਾਹਰ ਸੜਕ ਵਲ ਮੋਟਰ ਲਈ ਗੈਰਜ ਸੀ। ਮੇਰੇ ਕੋਲ ਉਹਨੀਂ ਦਿਨੀਂ ਮੋਟਰ ਨਹੀਂ ਸੀ। ਇਕ ਸਿਖ ਟੈਕਸੀ ਡਰਾਈਵਰ ਭਾਈ ਲਹਿਣਾ ਸਿੰਘ ਨਾਲ ਪੱਕਾ ਪ੍ਰਬੰਧ ਸੀ ਕਿ ਜਦ ਲੋੜ ਹੋਵੇ ਸਸਤੇ ਭਾਅ ਤੇ ਉਸ ਦੀ ਗੱਡੀ ਮੰਗਵਾ ਲਿਆ ਕਰਾਂ। ਇਸ ਪ੍ਰਕਾਰ ਇਹ ਗੈਰਜ ਖਾਲੀ ਰਹਿੰਦਾ ਸੀ ਉਸ ਵਿਚ ਰੱਦੀ ਅਖ਼ਬਾਰਾਂ ਆਦਿ ਰਖ ਦਿਤੀਆਂ ਜਾਂਦੀਆਂ।

ਸੁਰਗਵਾਸੀ ਮਹਾਰਾਜਾ ਪਟਿਆਲਾ ਨੇ ਜਦ ਆਪਣੀ ਰਿਆਸਤ ਵਿਚ ਮੇਰੇ ਵਿਰੁਧ ਇਕ ਝੂਠਾ ਮੁਕੱਦਮਾ ਬਣਾ ਕੇ ਇਸ ਦਫ਼ਤਰ ਦੀ ਤਲਾਸ਼ੀ ਕਰਾਈ ਅਤੇ ਤਲਾਸ਼ੀ ਦੇ ਦੋ ਤਿੰਨ ਸਾਤਿਆਂ ਪਿਛੋਂ ਇਸ ਗੈਰਜ ਨੂੰ ਖੋਹਲਿਆ ਤਾਂ ਵੇਖਿਆ ਕਿ ਬਾਹਰੋਂ ਤਾਂ ਤਾਲਾ ਉਸੇ ਤਰ੍ਹਾਂ ਲਗਾ ਹੋਇਆ ਹੈ, ਪਰ ਅੰਦਰ ਕੁਝ ਰੱਦੀ ਕਾਗਜ਼ ਸੜੇ ਹੋਏ ਹਨ। ਇਹਨਾਂ ਸੜੇ ਹੋਏ ਕਾਗਜ਼ਾਂ ਨੂੰ ਵੇਖ ਕੇ ਖਿਆਲ ਆਇਆ ਕਿ ਸ਼ਾਇਦ ਪਟਿਆਲੇ ਵਾਲਿਆਂ ਦੀ ਸ਼ਰਾਰਤ ਹੋਵੇ! ਉਹਨਾਂ ਨੇ ਦਫ਼ਤਰ ਨੂੰ ਅੱਗ ਲਾਉਣ ਦਾ ਜਤਨ ਕੀਤਾ ਹੋਵੇ ਜਾਂ ਕਿਸੇ ਨੇ ਭਖਦਾ ਸਿਗਰਟ ਦਾ ਟੋਟਾ ਸੁਟਿਆ ਹੋਵੇ ਅਤੇ ਇਹ ਸਿਗਰਟ ਦਰਵਾਜ਼ੇ ਦੇ ਹੇਠੋਂ ਜਿਥੇ ਥੋੜ੍ਹੀ ਜਿੰਨੀ ਥਾਂ ਖਾਲੀ ਸੀ ਸੁਤੇ ਸਿਧ ਅੰਦਰ ਚਲਾ ਗਿਆ ਹੋਵੇ। ਮੈਂ ਕਿਸੇ ਸਿੱਟੇ ਤੇ ਨਾ ਪੁਜ ਸਕਿਆ ਅਤੇ ਇਸ ਨੂੰ ਸਾਧਾਰਨ ਜਿਹੀ ਗਲ ਜਾਣ ਕੇ ਇਸ ਦੀ ਪ੍ਰਵਾਹ ਨਾ ਕੀਤੀ।

ਇਸ ਘਟਨਾ ਨੂੰ ਵਾਪਰਿਆਂ ਅਜੇ ਦੋ ਸਾਤੇ ਹੋਏ ਸਨ ਕਿ ਮੈਂ ਇਕ ਦਿਨ ਦੁਪਹਿਰ ਨੂੰ ਰੇਲਵੇ ਸਟੇਸ਼ਨ ਤੇ ਗਿਆ ਉਥੇ ਵੀਲਰ ਬੁਕ ਸਟਾਲ ਤੋਂ ਅੰਗਰੇਜ਼ੀ ਦੇ ਰਸਾਲੇ ਮੁਲ ਲੈਣੇ ਸਨ। ਜਦ ਬੁਕ ਸਟਾਲ ਤੇ ਪੁਜਿਆ ਤਾਂ ਵੇਖਿਆ ਕਿ ਉਥੇ ਪਟਿਆਲੇ ਦੇ ਸੁਪ੍ਰੰਟੈਂਡੈਂਟ ਸੀ. ਆਈ. ਡੀ. ਮਿਸਟਰ ਫ਼ਜ਼ਲ ਕਰੀਮ ਖ਼ਾਨ ਅਤੇ ਉਥੋਂ ਦੇ ਪਬਲਿਕ ਪ੍ਰਾਸੀਕਿਊਟਰ—ਜਿਹੜਾ ਸਿਖ ਸੀ, ਮੈਨੂੰ ਹੁਣ ਨਾਂ ਚੇਤੇ ਨਹੀਂ ਰਿਹਾ—ਖਲੋਤੇ ਅਖ਼ਬਾਰਾਂ ਵੇਖ ਰਹੇ ਸਨ ਅਤੇ ਪੜ੍ਹਨ ਵਿਚ ਮਗਨ ਸਨ। ਉਹਨਾਂ ਨੇ ਮੈਨੂੰ ਨਾ ਵੇਖਿਆ। ਮੈਂ ਉਹਨਾਂ ਨੂੰ ਧਿਆਨ ਨਾਲ ਵੇਖਦਾ ਰਿਹਾ ਕਿ ਕਿਤੇ ਮੈਂ ਭੁਲੇਖਾ ਤਾਂ ਨਹੀਂ ਖਾ ਰਿਹਾ ਇਹ ਫ਼ਜ਼ਲ ਕਰੀਮ ਹੀ ਹਨ ਜਿਹੜੇ ਤਲਾਸ਼ੀ ਲਈ ਪਟਿਆਲੇ ਤੋਂ ਤਸ਼ਰੀਫ਼ ਲਿਆਏ ਸਨ। ਜਦ



Digitized by Panjab Digital Library | www.panjabdigilib.org

ਮੇਰੀ ਤਸੱਲੀ ਹੋ ਗਈ ਕਿ ਇਹੋ ਮਹਾਸ਼ੇ ਹਨ ਤਾਂ ਮੈਂ ਉਹਨਾਂ ਦੇ ਸਾਹਮਣੇ ਵਲ ਆ ਗਿਆ ਅਤੇ ਕਿਹਾ, "ਖਾਂ ਸਾਹਿਬ ਅਦਾਬ ਅਰਜ਼।" ਖਾਂ ਸਾਹਿਬ ਨੇ ਇਸ ਦਾ ਉੱਤਰ ਸਭਯ ਢੰਗ ਨਾਲ ਦੇਂਦਿਆਂ ਹੋਇਆਂ ਕਿਹਾ, "ਅਦਾਬ ਅਰਜ਼"। ਇਸ ਪਿਛੋਂ ਮੈਂ ਪੁਛਿਆ, "ਫ਼ਰਮਾਓ ਖਾਂ ਸਾਹਿਬ, ਅਜ ਪਟਿ-ਆਲਿਓਂ ਕਿਹੜੀ ਮਾਰ ਤੇ ਆਏ ਹੋ, ਕੀ ਤਲਾਸ਼ੀ ਲਓਗੇ ਜਾਂ ਗਿਫਤਾਰੀ ਕਰੋਗੇ?" ਖਾਂ ਸਾਹਿਬ ਕੁਝ ਸ਼ਰਮਾ ਜਿਹੇ ਗਏ ਅਤੇ ਉਹਨਾਂ ਨੇ ਉੱਤਰ ਦਿਤਾ, "ਨਹੀਂ ਸਰਦਾਰ ਸਾਹਿਬ ਅਸੀਂ ਤੁਹਾਡੇ ਦੁਸ਼ਮਣ ਤਾਂ ਨਹੀਂ, ਨਾ ਸਾਡੀ ਕੋਈ ਨਿਜੀ ਅਦਾਵਤ ਹੀ ਹੈ। ਸਰਕਾਰੀ ਮੁਲਾਜ਼ਮ ਹਾਂ। ਸਰਕਾਰ ਦੇ ਹੁਕਮ ਨਾਲ ਤਲਾਸ਼ੀ ਲੈਣ ਆਏ ਸਾਂ। ਅਜਿਹੀਆਂ ਗਲਾਂ ਵਾਪਰਦੀਆਂ ਹੀ ਰਹਿੰਦੀਆਂ ਹਨ। ਅਜ ਤਾਂ ਡਾਕਟਰ ਸ਼ਰਾਫ਼ ਨੂੰ ਅੱਖਾਂ ਵਿਖਾਉਣ ਲਈ ਆਇਆ ਸਾਂ, ਅੱਖਾਂ ਵਿਚ ਤਕਲੀਫ਼ ਹੈ।"

ਏਨੀ ਗਲ ਕਰਨ ਅਤੇ ਰਸਾਲੇ ਮੁਲ ਲੈਣ ਪਿਛੋਂ ਮੈਂ ਸਟੇਸ਼ਨੋਂ ਬਾਹਰ ਆਇਆ, ਪਰ ਬੜੇ ਫ਼ਿਕਰ ਵਿਚ ਕਿ ਪਟਿਆਲੇ ਦੇ ਇਹ ਦੋਵੇਂ ਅਫ਼ਸਰ ਹੁਣ ਫਿਰ ਦਿਲੀ ਵਿਚ ਕਿਉਂ ਆਏ ਹਨ। ਕੀ ਕੋਈ ਨਵਾਂ ਮੁਕੱਦਮਾ ਬਣਾਉਣ, ਕੀ ਫਿਰ ਤਲਾਸ਼ੀ ਹੋਏਗੀ, ਕੀ ਵਾਰੰਟ ਇਹਨਾਂ ਕੋਲ ਹਨ। ਮੈਂ ਇਹਨਾਂ ਹੀ ਵਹਿਣਾਂ ਵਿਚ ਪਿਆ ਸਾਂ ਕਿ ਕੀ ਕਰਨਾ ਚਾਹੀਦਾ ਹੈ, ਦਫ਼ਤਰ ਜਾਵਾਂ ਜਾਂ ਨਾ ਜਾਵਾਂ। ਸੰਭਵ ਹੈ ਉਥੇ ਪੁਲੀਸ ਗ੍ਰਿਫ਼ਤਾਰੀ ਲਈ ਹਾਜ਼ਰ ਹੋਵੇ।

ਮੈਂ ਆਪਣੇ ਦਫ਼ਤਰ ਜਾਣਾ ਅਨੁਕੂਲ ਨਾ ਜਾਤਾ, ਸਿਧਾ ਸਵਾਮੀ ਰਾਮਾ ਨੰਦ ਜੀ ਦੇ ਦਫ਼ਤਰ ਵਿਚ ਪਹੁੰਚਿਆ। ਸਵਾਮੀ ਜੀ ਉਸ ਜ਼ਮਾਨੇ ਵਿਚ ਸਵਾਮੀ ਸਰਧਾ ਨੰਦ ਜੀ ਦੀ ਸਜੀ ਬਾਂਹ ਅਤੇ ਦਲਤ ਉਧਾਰ ਸਭਾ ਅਤੇ ਕਾਂਗਰਸ ਆਦਿ ਕਈ ਸੁਸਾਇਟੀਆਂ ਦੀ ਜਿੰਦ ਜਾਨ ਸਨ। ਇਹਨਾਂ ਦਾ ਦਫ਼ਤਰ "ਤੇਜ" ਦੇ ਸਾਹਮਣੇ ਸੀ। ਉਥੇ ਪਹੁੰਚ ਕੇ ਮੈਂ ਉਹਨਾਂ ਦੇ ਘਰੋਂ ਆਪਣੇ ਦਫ਼ਤਰ ਟੈਲੀਫ਼ੂਨ ਕੀਤਾ ਅਤੇ ਪੁਛਿਆ ਕਿ ਕੀ ਉਥੇ ਪੁਲੀਸ ਆਦਿ ਤਾਂ ਨਹੀਂ ਅਤੇ ਕੋਈ ਅਸਾਧਾਰਨ ਗਲ ਤਾਂ ਨਹੀਂ। ਉਥੋਂ ਪਤਾ ਲਗਾ ਕਿ ਕੋਈ ਅਜਿਹੀ ਗਲ ਨਹੀਂ। ਸਵਾਮੀ ਜੀ ਨਾਲ ਸਲਾਹ ਕਰਦਾ ਰਿਹਾ ਕਿ ਕਿਵੇਂ ਪਤਾ ਕੀਤਾ ਜਾਏ ਕਿ ਮਿਸਟਰ ਫ਼ਜ਼ਲ ਕਰੀਮ ਪਟਿਆਲੇ ਤੋਂ ਹੁਣ ਕਿਉਂ ਆਏ ਹਨ। ਅਸੀਂ ਕਿਸੇ ਸਿੱਟੇ ਤੇ ਨਾ ਅਪੜ ਸਕੇ। ਇਸ ਪਿਛੋਂ ਮੈਂ ਕਈਆਂ ਹੋਟਲਾਂ ਨੂੰ ਟੈਲੀਫ਼ੂਨ ਕੀਤਾ ਕਿ ਕੀ ਕੋਈ ਸਜਨ ਪਟਿਆਲੇ ਦੇ ਮਿਸਟਰ ਫ਼ਜ਼ਲ ਕਰੀਮ ਉਥੇ ਠਹਿਰੇ ਹਨ। ਸਾਰਿਆਂ ਹੋਟਲਾਂ ਤੋਂ ਪੁਛਣ ਤੇ ਪਤਾ ਲਗਾ ਕਿ ਰਾਇਲ ਹੋਟਲ ਦੇ ਕਮਰਾ ਨੰ: ੬ ਵਿਚ ਠਹਿਰੇ ਹੋਏ ਹਨ ਅਤੇ



Digitized by Panjab Digital Library | www.panjabdigilib.org

ਹੋਟਲ ਤੋਂ ਬਾਹਰ ਗਏ ਹੋਏ ਹਨ ਇਸ ਵੇਲੇ ਉਥੇ ਹਾਜ਼ਰ ਨਹੀਂ ਹਨ। ਇਹ ਪਤਾ ਨਾ ਲਗ ਸਕਿਆ ਕਿ ਉਹਨਾਂ ਦੇ ਦਿੱਲੀ ਆਉਣ ਦਾ ਤਾਤਪਰਜ ਕੀ ਹੈ।

ਮੈਂ ਬੜਾ ਸੋਚਦਾ ਰਿਹਾ। ਕੁਝ ਸਮਝ ਵਿਚ ਨਾ ਆਇਆ। ਕਈ ਥਾਈਂ ਟੈਲੀਫ਼ੂਨ ਕੀਤਾ, ਪਰ ਕਿਤਿਓਂ ਵੀ ਕੁਝ ਪਤਾ ਨਾ ਲਗ ਸਕਿਆ। ਆਖਰ ਮੈਨੂੰ ਇਕ ਸ਼ਰਾਰਤ ਸੁਝੀ। ਮੈਂ ਸੋਚਿਆ ਕਿ ਜੇਕਰ ਇਹ ਲੋਕ ਮੇਰੀ ਗ੍ਰਿਫ਼ਤਾਰੀ ਲਈ ਹੀ ਆਏ ਹਨ ਜਾਂ ਤਲਾਸ਼ੀ ਲੈਣਗੇ ਤਾਂ ਜ਼ਰੂਰ ਇਹ ਆਪ ਕੁਝ ਨਹੀਂ ਕਰ ਸਕਦੇ। ਜੋ ਕੁਝ ਕਰਨਗੇ ਜ਼ਰੂਰੀ ਤੌਰ ਤੇ ਸਥਾਨਕ ਸਰਕਾਰ ਅਤੇ ਸਥਾਨਕ ਪੁਲੀਸ ਰਾਹੀਂ ਹੋਵੇਗਾ ਅਤੇ ਇਸ ਦਾ ਗਿਆਨ ਸੁਪ੍ਰਿੰਟੈਂਡੈਂਟ ਪੁਲੀਸ ਸੀ. ਆਈ. ਡੀ. ਨੂੰ ਹੋਣਾ ਚਾਹੀਦਾ ਹੈ। ਮੈਂ ਫੈਸਲਾ ਕੀਤਾ ਕਿ ਸੁਪ੍ਰਿੰਟੈਂਡੈਂਟ ਪੁਲੀਸ ਸੀ. ਆਈ. ਡੀ. ਨੂੰ ਮਿਲਾਂ। ਉਸ ਨਾਲ ਢੰਗ ਨਾਲ ਗਲ ਬਾਤ ਕੀਤੀ ਜਾਏ ਅਤੇ ਉਸ ਦੀਆਂ ਗਲਾਂ ਤੋਂ ਪਤਾ ਕੀਤਾ ਜਾਏ ਕਿ ਪੁਜ਼ੀਸ਼ਨ ਕੀ ਹੈ। ਜੇਕਰ ਤਾਂ ਉਸ ਨੇ ਮਿਸਟਰ ਫ਼ਜ਼ਲ ਕਰੀਮ ਦੇ ਦਿੱਲੀ ਵਿਚ ਆਉਣ ਦੀ ਖ਼ਬਰ ਨੂੰ ਹੈਰਾਨੀ ਨਾਲ ਸੁਣਿਆਂ ਤਾਂ ਇਸ ਦਾ ਭਾਵ ਇਹ ਹੋਏਗਾ ਕਿ ਸਥਾਨਕ ਪੁਲੀਸ ਨੂੰ ਕੁਝ ਪਤਾ ਨਹੀਂ ਅਤੇ ਫ਼ਜ਼ਲ ਕਰੀਮ ਸਾਹਿਬ ਆਪਣੇ ਕਿਸੇ ਪਰਾਈਵੇਟ ਕੰਮ ਲਈ ਆਏ ਹਨ ਅਤੇ ਜੇਕਰ ਗੱਲਾਂ ਵਿਚ ਉਹਨਾਂ ਦੇ ਚਿਹਰੇ ਤੋਂ ਇਹ ਪ੍ਰਗਟ ਹੋਇਆ ਕਿ ਉਸ ਨੂੰ ਫ਼ਜ਼ਲ ਕਰੀਮ ਸਾਹਿਬ ਦੇ ਆਉਣ ਦਾ ਗਿਆਨ ਹੈ ਤਾਂ ਇਸ ਦਾ ਮਤਲਬ ਇਹ ਹੋਵੇਗਾ ਕਿ ਪਟਿਆਲੇ ਤੋਂ ਇਹ ਲੋਕ ਮੇਰੇ ਬਾਰੇ ਹੀ ਆਏ ਹਨ ਅਤੇ ਕੋਈ ਨਾ ਕੋਈ ਕਾਰਵਾਈ ਮੇਰੇ ਵਿਰੁਧ ਹੋਵੇਗੀ। ਉਹਨੀਂ ਦਿਨੀਂ ਸੀ. ਆਈ. ਡੀ. ਦੇ ਸੁਪ੍ਰਿੰਟੈਂਡੈਂਟ ਪੁਲੀਸ ਮਿਸਟਰ ਮਾਰਗਨ ਸਨ। ਮੈਂ ਉਹਨਾਂ ਨੂੰ ਟੈਲੀਫ਼ੂਨ ਕੀਤਾ ਕਿ ਇਕ ਜ਼ਰੂਰੀ ਕੰਮ ਲਈ ਮਿਲਣਾ ਚਾਹੁੰਦਾ ਹਾਂ। ਮਿਸਟਰ ਮਾਰਗਨ ਨੂੰ ਪਹਿਲੀ ਤਲਾਸ਼ੀ ਅਤੇ ਝੂਠੇ ਮੁਕੱਦਮੇ ਦਾ ਸਾਰਾ ਗਿਆਨ ਸੀ। ਉਹਨਾਂ ਨੇ ਕਿਹਾ ਜੇਕਰ ਜ਼ਰੂਰੀ ਕੰਮ ਹੈ ਤਾਂ ਹੁਣੇ ਆ ਜਾਓ। ਉਸ ਵੇਲੇ ਚਾਰ ਵਜ ਚੁਕੇ ਸਨ ਅਤੇ ਉਹ ਆਪਣੀ ਕੋਠੀ ਵਿਚ ਸਨ। ਮੈਂ ਭਾਈ ਲਹਿਣਾ ਸਿੰਘ ਨੂੰ ਟੈਕਸੀ ਲਿਆਉਣ ਲਈ ਟੈਲੀਫ਼ੂਨ ਕੀਤਾ। ਟੈਕਸੀ ਆਈ ਤਾਂ ਮੈਂ ਮਿਸਟਰ ਮਾਰਗਨ ਦੀ ਕੋਠੀ ਪਹੁੰਚਿਆ। ਮਿਸਟਰ ਮਾਰਗਨ ਮੇਰੀ ਉਡੀਕ ਕਰ ਰਹੇ ਸਨ। ਵਿਜ਼ਿਟਿੰਗ ਕਾਰਡ ਅੰਦਰ ਭੇਜਿਆ ਤਾਂ ਉਹ ਆਪ ਹੀ ਬਰਾਂਡੇ ਵਿਚ ਨਿਕਲ ਆਏ। ਗੁੱਡ ਈਵਨਿੰਗ ਹੋਈ ਤਾਂ ਮੈਨੂੰ ਸੋਚਵਾਨ ਅਵਸਥਾ ਵਿਚ ਵੇਖਦੇ ਹੋਇਆਂ ਉਹਨਾਂ ਨੇ ਖਲੋਤੇ ਖਲੋਤੇ ਝਟ ਗਲ ਬਾਤ ਅਰੰਭ ਕਰ ਦਿਤੀ। ਜੋ ਇਸ ਪਰਕਾਰ ਸੀ।



Digitized by Panjab Digital Library | www.panjabdigilib.org

ਮਿ: ਮਾਰਗਨ — ਕੀ ਗਲ ਹੈ, ਕੀ ਕੋਈ ਨਵੀਂ ਅੜਚਣ ਜਾਂ ਮੁਸੀਬਤ ਆ ਪਈ ਹੈ ?

ਮੈਂ — ਜਦ ਤਕ ਕੋਈ ਅੜਚਣ ਜਾਂ ਮੁਸੀਬਤ ਨਾ ਹੋਵੇ, ਤੁਹਾਡੇ ਕੋਲ ਆਉਂਦਾ ਹੀ ਕੌਣ ਹੈ ਅਤੇ ਆਉਣ ਦੀ ਕਿਸੇ ਨੂੰ ਲੋੜ ਹੀ ਕੀ ਹੈ ?

ਮਿ: ਮਾਰਗਨ — ਦਸੋ ਕੀ ਮਾਮਲਾ ਹੈ, ਗਲ ਕੀ ਹੈ ?

ਮੈਂ— ਮੈਨੂੰ ਸਭ ਤੋਂ ਪਹਿਲਾਂ ਇਹ ਦਸੋ ਕਿ ਮੈਂ ਬ੍ਰਿਟਿਸ਼ ਰਾਜ ਦੀ ਪਰਜਾ ਹਾਂ ਜਾਂ ਪਟਿਆਲੇ ਦੀ ਪਰਜਾ ।

ਮਿਸਟਰ ਮਾਰਗਨ ਇਹ ਸੁਣ ਕੇ ਮੁਸਕਰਾ ਪਏ ਅਤੇ ਕਿਹਾ ਕਿ ਤੁਸੀਂ ਬ੍ਰਿਟਿਸ਼ ਪਰਜਾ ਹੋ, ਦਸੋ ਮਾਮਲਾ ਕੀ ਹੈ ?

ਮੈਂ — ਪਟਿਆਲੇ ਦਾ ਸੁਪ੍ਰੰਟੈਂਡੈਂਟ ਪੁਲੀਸ ਸੀ. ਆਈ. ਡੀ. ਮਿਸਟਰ ਫ਼ਜ਼ਲ ਕਰੀਮ ਜੋ ਤਲਾਸ਼ੀ ਵੇਲੇ ਆਇਆ ਸੀ । ਹੁਣ ਫਿਰ ਦਿੱਲੀ ਵਿਚ ਕਿਉਂ ਆਇਆ ਹੈ । ਇਸ ਦਾ ਇਥੇ ਆਉਣ ਦਾ ਭਾਵ ਕੀ ਹੈ । ਇਹ ਲੋਕ ਮੇਰਾ ਪਿਛਾ ਕਿਉਂ ਕਰ ਰਹੇ ਹਨ । ਜੇਕਰ ਮੈਂ ਪਟਿਆਲੇ ਦੀ ਪਰਜਾ ਨਹੀਂ ਤਾਂ ਇਹਨਾਂ ਨੂੰ ਕੀ ਅਧਿਕਾਰ ਪ੍ਰਾਪਤ ਹੈ ਕਿ ਇਹ ਇਸ ਤਰ੍ਹਾਂ ਮੈਨੂੰ ਬ੍ਰਿਟਿਸ਼ ਇਲਾਕੇ ਵਿਚ ਤੰਗ ਕਰਨ ।

ਬ੍ਰਿਟਿਸ਼ ਪਰਜਾ ਅਤੇ ਪਟਿਆਲੇ ਦੀ ਪਰਜਾ ਦੇ ਮੇਰੇ ਇਹ ਅੱਖਰ ਸੁਣਦਿਆਂ ਹੀ ਮਿਸਟਰ ਮਾਰਗਨ ਅੱਗ ਭਬੂਕਾ ਹੋ ਗਏ । ਉਹਨਾਂ ਦੇ ਮਥੇ ਤੇ ਵਟ ਪੈ ਗਏ ਅਤੇ ਗੁਸੇ ਵਿਚ ਲਾਲ ਪੀਲੇ ਹੋ ਗਏ ਅਤੇ ਪੁਛਿਆ ਕਿ ਕੀ ਇਹ ਸਚ ਹੈ ਕਿ ਫ਼ਜ਼ਲ ਕਰੀਮ ਫਿਰ ਦਿੱਲੀ ਵਿਚ ਹੈ । ਮੈਂ ਉਤਰ ਦਿਤਾ ਕਿ ਮੈਂ ਆਪ-ਣੀਆਂ ਅੱਖਾਂ ਨਾਲ ਸਟੇਸ਼ਨ ਤੇ ਉਹਨਾਂ ਨੂੰ ਵੇਖਿਆ ਹੈ ਅਤੇ ਉਹ ਛੇ ਨੰਬਰ ਦੇ ਕਮਰੇ ਰਾਇਲ ਹੋਟਲ ਵਿਚ ਠਹਿਰੇ ਹੋਏ ਹਨ । ਮਿਸਟਰ ਮਾਰਗਨ ਗੁਸੇ ਵਿਚ ਲਾਲ ਹੋ ਰਹੇ ਸਨ, ਉਹਨਾਂ ਕਿਹਾ :

"ਵੈਲ ਦੀਵਾਨ ਸਿੰਘ ਤੁਸੀਂ ਜਾਉ ਆਪਣੇ ਘਰ ਵਿਚ ਆਰਾਮ ਕਰੋ, ਅਸੀਂ ਕਦੇ ਪਟਿਆਲੇ ਨੂੰ ਆਗਿਆ ਨਹੀਂ ਦੇ ਸਕਦੇ ਕਿ ਉਹ ਦਿੱਲੀ ਵਿਚ ਕੋਈ ਬਦਮਾਸ਼ੀ ਕਰੇ । ਅਸੀਂ ਕਦੇ ਪਟਿਆਲੇ ਦੇ ਕਿਸੇ ਅਫ਼ਸਰ ਨੂੰ ਇਥੇ ਨਹੀਂ ਆਉਣ ਦਿਆਂਗੇ । ਸਾਡਾ ਫ਼ਰਜ਼ ਹੈ ਕਿ ਬ੍ਰਿਟਿਸ਼ ਸਬਜੈਕਟ ਨੂੰ ਪ੍ਰੋਟੈਕਟ ਕਰੀਏ । ਪਟਿਆਲਾ ਤੁਹਾਡੇ ਵਲ ਅੱਖ ਚੁਕ ਕੇ ਨਹੀਂ ਵੇਖ ਸਕਦਾ । ਜੇਕਰ ਫ਼ਜ਼ਲ ਕਰੀਮ ਦਿੱਲੀ ਵਿਚ ਹੈ ਤਾਂ ਮੈਂ ਹੁਣੇ ਪਤਾ ਕਰ ਲਵਾਂਗਾ । ਉਸ ਨੂੰ ਦਿੱਲੀ ਵਿਚ ਕਦੇ ਰਹਿਣ ਨਹੀਂ ਦਿਆਂਗਾ । ਰਿਆਸਤਾਂ ਬ੍ਰਿਟਿਸ਼ ਇਲਾਕੇ ਵਿਚ ਬਦਮਾਸ਼ੀ ਨਹੀਂ ਕਰ ਸਕਦੀਆਂ । ਮੈਂ ਤੇਰੀ ਰਾਖੀ ਦਾ ਜ਼ਿੰਮੇਂਵਾਰ ਹਾਂ ।"



Digitized by Panjab Digital Library | www.panjabdigilib.org

ਇਸ ਉਤਰ ਤੋਂ ਮੈਂ ਜਾਣ ਗਿਆ ਅਤੇ ਮੈਨੂੰ ਭਰੋਸਾ ਹੋ ਗਿਆ ਕਿ ਫ਼ਜ਼ਲ ਕਰੀਮ ਸਾਹਿਬ ਮੇਰੇ ਬਾਰੇ ਦਿੱਲੀ ਵਿਚ ਨਹੀਂ ਆਏ। ਕਿਉਂਕਿ ਜੇਕਰ ਆਉਂਦੇ ਤਾਂ ਸਥਾਨਕ ਸਰਕਾਰ ਅਤੇ ਸਥਾਨਕ ਪੁਲੀਸ ਨੂੰ ਗਿਆਨ ਹੁੰਦਾ। ਮਿਸਟਰ ਮਾਰਗਨ ਦੀਆਂ ਗੱਲਾਂ ਅਤੇ ਉਹਨਾਂ ਦਾ ਜੋਸ਼ ਪ੍ਰਗਟ ਕਰ ਰਿਹਾ ਸੀ ਕਿ ਉਹਨਾਂ ਨੂੰ ਫ਼ਜ਼ਲ ਕਰੀਮ ਦੇ ਆਉਣ ਦਾ ਕੁਝ ਪਤਾ ਨਹੀਂ। ਮੈਂ ਨਿਸਚਿੰਤ ਹੋ ਆਪਣੇ ਮਕਾਨ ਤੇ ਚਲਾ ਗਿਆ। ਉਥੋਂ ਸਵਾਮੀ ਰਾਮਾ ਨੰਦ ਜੀ ਨੂੰ ਸਭ ਸਮਾਚਾਰ ਟੈਲੀਫ਼ੂਨ ਤੇ ਦਸੇ ਅਤੇ ਮੈਨੂੰ ਪੂਰਾ ਭਰੋਸਾ ਹੋ ਗਿਆ ਕਿ ਫ਼ਜ਼ਲ ਕਰੀਮ ਆਪਣੇ ਕਿਸੇ ਕੰਮ ਆਏ ਹੋਣਗੇ। ਉਹਨਾਂ ਦੇ ਆਉਣ ਦਾ ਮੇਰੇ ਨਾਲ ਕੋਈ ਸੰਬੰਧ ਨਹੀਂ।

ਰਾਤ ਨੂੰ ਮੈਂ ਆਰਾਮ ਨਾਲ ਸੁਤਾ। ਸਵੇਰੇ ਜਾਗਿਆ ਅਤੇ ਨਹਾਉਣ ਧੋਣ ਪਿਛੋਂ ਚਾਹ ਪੀ ਰਿਹਾ ਸਾਂ ਤਾਂ ਸਰਦਾਰ ਕਰਮ ਸਿੰਘ ਇਨਸਪੈਕਟਰ ਸੀ.ਆਈ. ਡੀ. ਪੁਲੀਸ ਤਸ਼ਰੀਫ਼ ਲਿਆਏ। ਉਹਨਾਂ ਨੇ ਸਤਿ ਸ੍ਰੀ ਅਕਾਲ ਆਖੀ, ਬੈਠੇ ਮੈਂ ਚਾਹ ਪੇਸ਼ ਕੀਤੀ। ਉਹਨਾਂ ਨੇ ਚਾਹ ਦੀ ਪਿਆਲੀ ਪੀਂਦੇ ਹੋਇਆ ਪੁਛਿਆ ਕਿ ਕੀ ਰਾਤ ਨੂੰ ਕੋਈ ਖ਼ਾਸ ਗਲ ਤਾਂ ਨਹੀਂ ਹੋਈ। ਮੈਂ ਕਿਹਾ ਨਹੀਂ ਕੋਈ ਖ਼ਾਸ ਘਟਨਾ ਤਾਂ ਨਹੀਂ ਵਾਪਰੀ। ਉਹਨਾਂ ਦਸਿਆ ਕਿ ਮੈਂ ਜਦ ਮਿਸਟਰ ਮਾਰਗਨ ਨੂੰ ਮਿਲ ਕੇ ਉਹਨਾਂ ਦੀ ਕੋਠੀ ਤੋਂ ਤੁਰ ਆਇਆ ਸਾਂ ਤਾਂ ਮਿਸਟਰ ਮਾਰਗਨ ਨੇ ਹਕੀਮ ਅਕਰਾਮ-ਉਲ-ਹਕ ਡਿਪਟੀ ਸੁਪ੍ਰੰਟੈਂਡੈਂਟ ਪੁਲੀਸ ਸੀ. ਆਈ. ਡੀ. ਨੂੰ ਟੈਲੀਫ਼ੂਨ ਕਰਕੇ ਬੁਲਾਇਆ ਅਤੇ ਕਿਹਾ ਕਿ ਇਕ ਦਮ ਰਾਇਲ ਹੋਟਲ ਜਾਓ। ਜੇਕਰ ਫ਼ਜ਼ਲ ਕਰੀਮ ਉਥੇ ਹੋਵੇ ਤਾਂ ਉਸ ਨੂੰ ਹੁਕਮ ਦਿਤਾ ਜਾਏ ਅਤੇ ਪ੍ਰਬੰਧ ਕੀਤਾ ਜਾਏ ਕਿ ਉਹ ਪਹਿਲੀ ਗਡੀ ਰਾਹੀਂ ਹੀ ਦਿੱਲੀ ਛਡ ਜਾਣ ਅਤੇ ਜੇਕਰ ਉਹ ਦਿੱਲੀ ਨਾ ਛਡਣ ਤਾਂ ਉਹਨਾਂ ਨੂੰ ਹਵਾਲਾਤ ਵਿਚ ਦੇ ਦਿਤਾ ਜਾਏ ਅਤੇ ਇਸ ਹੁਕਮ ਦੀ ਪਾਲਣਾ ਕਰਨ ਉਪਰੰਤ ਉਹਨਾਂ ਨੂੰ ਮੁੜ ਸੂਚਿਤ ਕੀਤਾ ਜਾਏ। ਇਸ ਪਰਕਾਰ ਹਕੀਮ ਅਕਰਾਮ-ਉਲ-ਹਕ ਇਸ ਹੁਕਮ ਨੂੰ ਸੁਣ ਕੇ ਰਾਇਲ ਹੋਟਲ ਪਹੁੰਚੇ। ਉਥੇ ਛੇ ਨੰਬਰ ਦੇ ਕਮਰੇ ਵਿਚ ਮਿਸਟਰ ਫ਼ਜ਼ਲ ਕਰੀਮ ਹਾਜ਼ਰ ਸਨ। ਹਕੀਮ ਅਕਰਾਮ-ਉਲ-ਹਕ ਨੇ ਫ਼ਜ਼ਲ ਕਰੀਮ ਸਾਹਿਬ ਨੂੰ ਸੁਪ੍ਰੰਟੈਂਡੈਂਟ ਪੁਲੀਸ ਸੀ. ਆਈ. ਡੀ. ਦਾ ਹੁਕਮ ਸੁਣਾਇਆ। ਫ਼ਜ਼ਲ ਕਰੀਮ ਸਾਹਿਬ ਨੇ ਬਥੇਰੀ ਚੂੰ ਚਰਾ ਕੀਤੀ ਕਿ ਉਹਨਾਂ ਨੂੰ ਕਿਉਂ ਦਿੱਲੀਓਂ ਕਢਿਆ ਜਾ ਰਿਹਾ ਹੈ, ਉਹ ਡਾਕਟਰ ਸ਼ਰਾਫ਼ ਕੋਲ ਅੱਖਾਂ ਦਾ ਇਲਾਜ ਕਰਾਉਣ ਆਏ ਹਨ। ਸਾਹਿਬ ਨੇ ਕਿਹਾ ਕਿ ਇਲਾਜ ਕਰਵਾਉਣਾ ਹੈ ਤਾਂ ਲਾਹੌਰ ਜਾਉ, ਦਿੱਲੀ ਬਿਲਕੁਲ ਨਾ ਆਓ ਅਤੇ ਪਹਿਲੀ ਗਡੀ ਵਿਚ ਹੀ ਪਟਿਆਲੇ ਤੁਰ ਜਾਉ।



Digitized by Panjab Digital Library | www.panjabdigilib.org

ਅਤੇ ਜੇਕਰ ਤੁਸੀਂ ਅਜਿਹਾ ਨਹੀਂ ਕਰੋਗੇ ਤਾਂ ਤੁਹਾਨੂੰ ਹਵਾਲਾਤ ਵਿਚ ਦਿਤਾ ਜਾਏਗਾ। ਇਸ ਤਰ੍ਹਾਂ ਫ਼ਜ਼ਲ ਕਰੀਮ ਸਾਹਿਬ ਦਾ ਬਿਸਤਰਾ ਅਤੇ ਸਾਮਾਨ ਬੰਨ੍ਹਵਾਇਆ ਗਿਆ। ਹਕੀਮ ਅਕਰਾਮ-ਉਲ-ਹਕ ਦੀ ਮੋਟਰ ਵਿਚ ਹੀ ਫ਼ਜ਼ਲ ਕਰੀਮ ਸਾਹਿਬ ਨੂੰ ਸਮੇਤ ਉਹਨਾਂ ਦੇ ਸਾਮਾਨ ਦੇ ਬਿਠਾਇਆ ਗਿਆ ਅਤੇ ਹਕੀਮ ਸਾਹਿਬ ਉਹਨਾਂ ਨੂੰ ਰੇਲਵੇ ਸਟੇਸ਼ਨ ਲੈ ਗਏ। ਫਰੰਟੀਅਰ ਮੇਲ ਦੇ ਜਾਣ ਵਿਚ ਅਜੇ ਕਈ ਘੰਟੇ ਬਾਕੀ ਸਨ। ਰੇਲਵੇ ਸਟੇਸ਼ਨ ਪਹੁੰਚ ਕੇ ਰੇਲਵੇ ਦੇ ਥਾਣੇ ਤੋਂ ਹਕੀਮ ਅਕਰਾਮ-ਉਲ-ਹਕ ਨੇ ਪੁਲੀਸ ਲਾਈਨ ਵਿਚ ਟੈਲੀਫ਼ੂਨ ਕਰ ਕੇ ਇਕ ਸਬ-ਇਨਸਪੈਕਟਰ ਮੰਗਵਾਇਆ। ਉਸ ਸਬ-ਇਨਸਪੈਕਟਰ ਨੂੰ ਹਦਾਇਤ ਕੀਤੀ ਗਈ ਕਿ ਜਦ ਤਕ ਫ਼ਜ਼ਲ ਕਰੀਮ ਸਾਹਿਬ ਗਡੀ ਵਿਚ ਬਹਿ ਨਾ ਜਾਣ ਅਤੇ ਗਡੀ ਤੁਰ ਨਾ ਜਾਏ ਉਹ ਫ਼ਜ਼ਲ ਕਰੀਮ ਸਾਹਿਬ ਦੇ ਨਾਲ ਰਹੇ। ਉਹਨਾਂ ਨੂੰ ਗੱਡੀ ਚੜ੍ਹਾ ਕੇ ਸੁਪ੍ਰੰਟੰਡੰਟ ਸੀ. ਆਈ. ਡੀ. ਦੀ ਕੋਠੀ ਜਾਏ ਅਤੇ ਫ਼ਜ਼ਲ ਕਰੀਮ ਸਾਹਿਬ ਦੇ ਤੁਰ ਜਾਣ ਦੀ ਰੀਪੋਰਟ ਕਰੇ ਕਿਉਂਕਿ ਮਿਸਟਰ ਮਾਰਗਨ ਨੇ ਇਹੀ ਹੁਕਮ ਦਿਤਾ ਸੀ। ਇਸ ਪਰਕਾਰ ਸਬ-ਇਨਸਪੈਕਟਰ ਨੇ ਰਾਤ ਨੂੰ ਦਸ ਵਜੇ ਦੇ ਪਿਛੋਂ ਮਿਸਟਰ ਮਾਰਗਨ ਨੂੰ ਸੂਚਿਤ ਕੀਤਾ ਕਿ ਫ਼ਜ਼ਲ ਕਰੀਮ ਸਾਹਿਬ ਦਿੱਲੀਓਂ ਚਾਲੇ ਪਾ ਗਏ ਹਨ।

ਸਰਦਾਰ ਕਰਮ ਸਿੰਘ ਨੇ ਦਸਿਆ ਕਿ ਉਹਨਾਂ ਦੀ ਵੀ ਰਾਤ ਨੂੰ ਡਿਊਟੀ ਲਾਈ ਗਈ ਸੀ ਕਿ ਉਹ ਆਪਣੇ ਆਦਮੀਆਂ ਰਾਹੀਂ ਤੁਹਾਡੀ ਵੇਖ ਭਾਲ ਕਰਨ। ਇਸ ਤਰ੍ਹਾਂ ਇਹਨਾਂ ਦੇ ਦੋ ਸਿਪਾਹੀ ਰਾਤ ਭਰ ਦਫ਼ਤਰ "ਰਿਆਸਤ" ਦਾ ਪਹਿਰਾ ਦਿੰਦੇ ਰਹੇ ਹਨ।

ਮਿਸਟਰ ਫ਼ਜ਼ਲ ਕਰੀਮ ਦੇ ਦਿੱਲੀ ਆਉਣ ਦੀ ਇਸ ਘਟਨਾ ਨੂੰ ਮੈਂ ਤਾਂ ਇਸ ਪਿਛੋਂ ਐਵੇਂ ਸਾਧਾਰਨ ਹੀ ਜਾਤਾ, ਪਰ ਦਿੱਲੀ ਦੀ ਸਥਾਨਕ ਸਰਕਾਰ ਨੇ ਅਤੇ ਪੁਲੀਟੀਕਲ ਡੀਪਾਰਟਮੈਂਟ ਨੇ ਮਹਾਰਾਜਾ ਪਟਿਆਲਾ ਨੂੰ ਤਾੜਨਾ ਕੀਤੀ ਕਿ ਜੇਕਰ ਪਟਿਆਲੇ ਦੇ ਆਦਮੀਆਂ ਹਥੋਂ ਬਰਤਾਨਵੀਂ ਇਲਾਕੇ ਵਿਚ ਬਰਤਾਨਵੀ ਪਰਜਾ ਦੀਵਾਨ ਸਿੰਘ ਵਿਰੁਧ ਕੋਈ ਘਟਨਾ ਵਾਪਰੀ ਤਾਂ ਮਹਾਰਾਜਾ ਜ਼ਿੰਮੇਵਾਰ ਹੋਣਗੇ। ਇਸ ਦੇ ਪੰਦਰਾਂ ਦਿਨਾਂ ਪਿਛੋਂ ਡਿਪਟੀ ਕਮਿਸ਼ਨਰ ਦਾ ਇਕ ਖਤ ਮੈਨੂੰ ਮਿਲਿਆ। ਜਿਸ ਵਿਚ ਲਿਖਿਆ ਸੀ ਕਿ ਮੈਂ ਇਕਦਮ ਰੀਵਾਲਵਰ ਲਈ ਦਰਖਾਸਤ ਕਰਾਂ। ਖਤ ਮਿਲਣ ਤੇ ਮੈਂ ਮੈਸਰਜ਼ ਇਲਾਹੀ ਬਖ਼ਸ਼ ਐਂਡ ਕੰ. ਬੰਦੂਕ ਸਾਜ਼ਾਂ ਦੀ ਦੁਕਾਨ ਤੇ ਗਿਆ। ਉਥੇ ਇਕ ਬੜਾ ਸੁਹਣਾ ਰੀਵਾਲਵਰ ਚੁਣਿਆ। ਉਸ ਦਾ ਨੰਬਰ ਲਿਆ। ਦਰਖਾਸਤ ਵਿਚ ਉਸ ਨੰਬਰ ਨੂੰ ਅੰਕਿਤ ਕੀਤਾ ਅਤੇ ਦਰਖਾਸਤ ਭੇਜੀ। ਤਿੰਨ ਚਾਰ ਦਿਨਾਂ ਦੇ ਅੰਦਰ ਇਸ



Digitized by Panjab Digital Library | www.panjabdigilib.org

ਦਰਖ਼ਾਸਤ ਦੀ ਮਨਜ਼ੂਰੀ ਆ ਗਈ ਅਤੇ ਮੈਂ ਰੀਵਾਲਵਰ ਮੁਲ ਲੈ ਕੇ ਆ ਗਿਆ।

ਇਸ ਰੀਵਾਲਵਰ ਦਾ ਪਹਿਲਾਂ ਪਹਿਲਾਂ ਤਾਂ ਬੜਾ ਚਾਅ ਸੀ, ਜਦ ਕਦੀ ਸਫ਼ਰ ਵਿਚ ਜਾਂਦਾ ਤਾਂ ਨਾਲ ਲੈ ਜਾਂਦਾ, ਪਰ ਮਗਰੋਂ ਇਹ ਸਦਾ ਲੋਹੇ ਦੀ ਅਲਮਾਰੀ ਵਿਚ ਹੀ ਬੰਦ ਪਿਆ ਰਹਿੰਦਾ। ਜਿਥੋਂ ਚੋਰੀ ਹੋ ਗਿਆ। ਚੋਰੀ ਹੋਣ ਤੇ ਇਸ ਦੀ ਪੜਤਾਲ ਅਰੰਭ ਹੋਈ ਤਾਂ ਪੁਲੀਸ ਨੂੰ ਪਤਾ ਲਗਾ ਕਿ ਦਫ਼ਤਰ ਦੇ ਇਕ ਆਦਮੀ ਨੇ ਚੋਰੀ ਕਰ ਕੇ ਇਸ ਨੂੰ ਇਕ ਦੂਜੇ ਆਦਮੀ ਕੋਲ ਅੱਸੀ ਰੁਪਿਆਂ ਤੋਂ ਵੇਚ ਦਿਤਾ ਹੈ। ਪੁਲੀਸ ਨੇ ਉਸ ਆਦਮੀ ਨੂੰ ਇਸ ਖ਼ਿਆਲ ਨਾਲ ਗਰਿਫ਼ਤਾਰ ਨਾ ਕੀਤਾ ਅਤੇ ਉਡੀਕ ਕੀਤੀ ਕਿ ਸ਼ਾਇਦ ਅਗੇ ਵਿਕੇ ਅਤੇ ਫਿਰ ਕਿਸੇ ਅਨਾਰਕਿਸਟ ਦੀ ਸੂਹ ਲਗ ਸਕੇ। ਪੁਲੀਸ ਦੀ ਇਸ ਉਡੀਕ ਵਿਚ ਹੀ ਮੁਲ ਲੈਣ ਵਾਲੇ ਆਦਮੀ ਨੂੰ ਪੁਲੀਸ ਦੇ ਪਿਛਾ ਕਰਨ ਦਾ ਪਤਾ ਲਗ ਗਿਆ ਅਤੇ ਉਹ ਦਿੱਲੀਓਂ ਨਿਕਲ ਗਿਆ। ਫਿਰ ਕੁਝ ਪਤਾ ਨਾ ਲਗ ਸਕਿਆ ਕਿ ਉਸ ਰੀਵਾਲਵਰ ਦਾ ਕੀ ਬਣਿਆ ਅਤੇ ਕਿਥੇ ਗਿਆ।

ਰੀਵਾਲਵਰ ਦੇ ਸਿਲਸਲੇ ਵਿਚ ਇਕ ਸਵਾਦੀ ਚੁਟਕਲੇ ਦਾ ਦਸਣਾ ਵੀ ਸਵਾਦੋਂ ਸਖਣਾ ਨਹੀਂ ਹੋਵੇਗਾ। ਭੂਪਾਲ ਦਾ ਮੁਕੱਦਮਾ ਚਲ ਰਿਹਾ ਸੀ, ਕਈ ਰਜਵਾੜਿਆਂ ਦੇ ਰਾਜੇ ਸ਼ਤਰੂ ਸਨ। ਮੈਂ ਹੋਸ਼ੰਗਾਬਾਦ ਪੇਸ਼ੀ ਤੇ ਜਾਣ ਲਈ ਸਾਮਾਨ ਬੰਨ੍ਹਵਾ ਰਿਹਾ ਸਾਂ ਤਾਂ ਮੇਰੇ ਕੋਲ ਲਾਲਾ ਰਾਮ ਰਛਪਾਲ ਸਿੰਘ ਸ਼ੈਦਾ ਐਡੀਟਰ "ਹਿੰਦੁਸਤਾਨ" ਲਾਹੌਰ ਅਤੇ ਮਿਸਟਰ ਪੋਥਨ ਜੋਜ਼ਫ਼ — ਐਡੀਟਰ "ਦਖਣ ਹੈਰਲਡ" ਜਿਹੜੇ ਉਹਨਾਂ ਦਿਨਾਂ ਵਿਚ "ਹਿੰਦੁਸਤਾਨ ਟਾਈਮਜ਼" ਨੂੰ ਐਡਿਟ ਕਰਦੇ ਸਨ—ਬੈਠੇ ਹੋਏ ਸਨ, ਲਾਲਾ ਰਾਮ ਰਛਪਾਲ ਸਿੰਘ ਸਾਹਿਬ ਨੇ ਬਜ਼ੁਰਗਾਨਾ ਪਿਆਰ ਦੇ ਵੇਗ ਵਿਚ ਨਸੀਹਤ ਕਰਦਿਆਂ ਹੋਇਆਂ ਕਿਹਾ ਕਿ "ਆਪਣੇ ਨਾਲ ਰੀਵਾਲਵਰ ਵੀ ਰਖ ਲਓ, ਤੁਹਾਡੇ ਦੁਸ਼ਮਣ ਬਹੁਤ ਹਨ। ਜਦ ਕਦੀ ਬਾਹਰ ਜਾਇਆ ਕਰੋ ਤਾਂ ਰੀਵਾਲਵਰ ਆਪਣੇ ਕੋਲ ਜ਼ਰੂਰ ਰਖਿਆ ਕਰੋ।" ਇਹ ਸੁਣ ਕੇ ਮਿਸਟਰ ਜੋਜ਼ਫ਼ ਨੇ ਕਿਹਾ "ਸ਼ੈਦਾ ਸਾਹਿਬ ਦੀਵਾਨ ਸਿੰਘ ਜੇਕਰ ਕਦੀ ਮਾਰਿਆ ਜਾਏਗਾ ਤਾਂ ਕਿਸੇ ਰਿਆਸਤ ਦੇ ਰਾਜੇ ਹਥੋਂ ਨਹੀਂ ਮਾਰਿਆ ਜਾਏਗਾ। ਇਹ ਜਦ ਕਦੀ ਵੀ ਮਾਰਿਆ ਜਾਏਗਾ ਤਾਂ ਦੀਵਾਨੀ ਭਾਵ ਸਿਵਲ ਅਦਾਲਤਾਂ ਦੇ ਕੁਰਕੀ ਕਰਨ ਵਾਲੇ ਬੈਲਫਾਂ ਹਥੋਂ ਮਾਰਿਆ ਜਾਏਗਾ।" — ਭਾਵ ਦੀਵਾਨ ਸਿੰਘ ਰਿਆਸਤਾਂ ਦੇ ਰਾਜਿਆਂ ਦੇ ਮੁਕੱਦਮੇ ਅਤੇ ਉਹਨਾਂ ਦੇ ਹਲਿਆਂ ਦੇ ਟਾਕਰੇ ਲਈ ਕਾਫ਼ੀ ਹੈ। ਇਸ ਲਈ ਤਾਂ ਮੁਸੀਬਤ ਜੇਕਰ ਹੈ ਤਾਂ ਆਰਥਕ ਪਰੇਸ਼ਾਨੀਆਂ ਦੀ ਹੈ ਕਿਉਂਕਿ ਰੁਪਿਆ ਖ਼ਰਚ ਕਰਨ ਦੀ ਇਸ ਦੀ ਆਦਤ ਬਦਲ ਨਹੀਂ ਸਕਦੀ। ਜੀਵਨ ਭਰ ਇਸ ਦੀਆਂ ਇਹ ਔਕੜਾਂ



Digitized by Panjab Digital Library | www.panjabdigilib.org

ਘਟ ਨਹੀਂ ਹੋਣਗੀਆਂ। ਇਸ ਦੇ ਵਿਰੁਧ ਕਰਜ਼ੇ ਦੇ ਦੀਵਾਨੀ ਮੁਕੱਦਮਿਆਂ ਅਤੇ ਕੁਰਕੀਆਂ ਹੁੰਦੀਆਂ ਰਹਿਣਗੀਆਂ ਅਤੇ ਇਹਨਾਂ ਔਕੜਾਂ ਵਿਚ ਹੀ ਇਹ ਖ਼ਤਮ ਹੋ ਜਾਏਗਾ —।

ਰੀਵਾਲਵਰ ਦੇ ਚੋਰੀ ਹੋਣ ਪਿਛੋਂ ਪੜਤਾਲ ਦੇ ਸਿਲਸਲੇ ਵਿਚ ਪੁਲੀਸ ਮੇਰਾ ਲਾਇਸੈਂਸ ਲੈ ਗਈ, ਇਸ ਪਿਛੋਂ ਮੁੜ ਦੁਬਾਰਾ ਰੀਵਾਲਵਰ ਦਾ ਲਾਇਸੈਂਸ ਮੈਨੂੰ ਨਹੀਂ ਦਿਤਾ। ਹਾਲਾਂ ਕਿ ਮੇਰਾ ਕੋਈ ਦੋਸ਼ ਨਹੀਂ ਸੀ ਅਤੇ ਰੀਵਾਲਵਰ ਸਚ ਮੁਚ ਹੀ ਚੋਰੀ ਹੋਇਆ ਜਿਸ ਦਾ ਗਿਆਨ ਪੁਲੀਸ ਨੂੰ ਵੀ ਹੈ।

ਰੀਵਾਲਵਰ ਚੋਰੀ ਹੋਣ ਤੋਂ ਇਕ ਵਰ੍ਹੇ ਪਿਛੋਂ ਮਹਿਕਮਾ ਇਨਕਮ ਟੈਕਸ ਨੇ ਮੇਰੇ ਤੇ ਵਧੇਰੇ ਇਨਕਮ ਟੈਕਸ ਲਾ ਦਿਤਾ। ਮੈਂ ਇਸ ਇਨਕਮ ਟੈਕਸ ਦੀ ਲਾਲਾ ਅਮੀਰ ਚੰਦ ਖੰਨਾ ਇਨਕਮ ਟੈਕਸ ਐਕਸਪਰਟ ਕੋਲ ਸ਼ਕਾਇਤ ਕੀਤੀ। ਉਹਨਾਂ ਨੇ ਇਨਕਮ ਟੈਕਸ ਘਟ ਕਰਾਉਣ ਦਾ ਜਤਨ ਵੀ ਕੀਤਾ, ਪਰ ਸਫ਼ਲਤਾ ਪ੍ਰਾਪਤ ਨਾ ਹੋਈ, ਤਾਂ ਲਾਲਾ ਅਮੀਰ ਚੰਦ ਨੇ ਕਿਹਾ ਕਿ ਏਨੇ ਵਧੇਰੇ ਇਨਕਮ ਟੈਕਸ ਦੀ ਹਾਲਤ ਵਿਚ ਮੈਂ ਬੰਦੂਕ ਦਾ ਲਾਇਸੈਂਸ ਕਿਉਂ ਨਾ ਲੈ ਲਵਾਂ ਕਿਉਂਕਿ ਸਰਕਾਰ ਬੰਦੂਕ ਦਾ ਲਾਇਸੈਂਸ ਦਿੰਦੇ ਵੇਲੇ ਵਧੇਰੇ ਕਰਕੇ ਇਨਕਮ ਟੈਕਸ ਨੂੰ ਹੀ ਵੇਖਦੀ ਹੈ। ਮੈਂ ਉਹਨਾਂ ਦੀ ਇਸ ਰਾਇ ਤੋਂ ਦਰਖਾਸਤ ਲਿਖ ਕੇ ਭੇਜ ਦਿਤੀ। ਜਿਹੜੀ ਕੁਝ ਦਿਨਾਂ ਵਿਚ ਪਰਵਾਨ ਹੋ ਗਈ। ਮੈਂ ਬੰਬਈ ਦੀ ਇਕ ਫ਼ਰਮ ਤੋਂ ਇਸ਼ਤਿਹਾਰਾਂ ਦੀ ਮੁਜਰਾਈ ਵਿਚ ਇਕ ਬਹੁਤ ਚੰਗੀ ਬੰਦੂਕ ਖ਼ਰੀਦ ਲਈ। ਇਹ ਬੰਦੂਕ ਮੇਰੇ ਕੋਲ ਕਈ ਵਰ੍ਹਿਆਂ ਤਕ ਰਹੀ ਅਤੇ ਜਦ ੧੯੪੨ ਵਿਚ ਗਰਿਫ਼ਤਾਰ ਕੀਤਾ ਜਾ ਕੇ ਕਾਂਗਰਸੀਆਂ ਨਾਲ ਨਜ਼ਰ ਬੰਦ ਕੀਤਾ ਗਿਆ ਤਾਂ ਮੈਂ ਜੇਲ੍ਹ ਵਿਚ ਹੋਣ ਦੇ ਕਾਰਨ ਉਸ ਵਰ੍ਹੇ ਲਾਇਸੈਂਸ ਨੂੰ ਨਵਿਆਂ ਨਾ ਕਰਾ ਸਕਿਆ। ਦਿੱਲੀ ਆਇਆ ਅਤੇ ਲਾਇਸੈਂਸ ਨੂੰ ਨਵਾਂ ਕਰਾਉਣ ਲਈ ਡਿਪਟੀ ਕਮਿਸ਼ਨਰ ਕੋਲ ਭੇਜਿਆ ਤਾਂ ਉਸ ਨੇ ਲਾਇਸੈਂਸ ਨਵਾਂ ਨਾ ਕਰਾ ਸਕਣ ਦੇ ਦੋਸ਼ ਵਿਚ ਇਹ ਲਾਇਸੈਂਸ ਜ਼ਬਤ ਕਰ ਲਿਆ। ਹਾਲਾਂ ਕਿ ਮੈਂ ਜੇਲ੍ਹ ਵਿਚ ਸਾਂ। ਉਥੇ ਚਿਠੀ ਪਤਰ ਦੀ ਵੀ ਮਨਾਹੀ ਸੀ। ਲਾਇਸੈਂਸ ਕਿਵੇਂ ਨਵਾਂ ਕਰਵਾਂਦਾ। ਬੰਦੂਕ ਦਾ ਲਾਇਸੈਂਸ ਜ਼ਬਤ ਹੋਣ ਪਿਛੋਂ ਪੁਲੀਸ ਦਾ ਇਕ ਸਿਪਾਹੀ ਡਿਪਟੀ ਕਮਿਸ਼ਨਰ ਦਾ ਹੁਕਮ ਲੈ ਕੇ ਬੰਦੂਕ ਲੈਣ ਲਈ ਮੇਰੇ ਕੋਲ ਆਇਆ ਤਾਂ ਉਸ ਕੋਲ ਜਿਹੜੇ ਕਾਗ਼ਜ਼ ਜ਼ਬਤੀ ਬਾਰੇ ਸਨ ਮੈਂ ਉਹ ਵੇਖੇ। ਉਹਨਾਂ ਤੇ ਲਿਖਿਆ ਸੀ, "ਦੀਵਾਨ ਸਿੰਘ ਦਾ ਚਾਲ ਚਲਣ ਇਸ ਯੋਗ ਨਹੀਂ ਕਿ ਇਸ ਨੂੰ ਲਾਇਸੈਂਸ ਦਿਤਾ ਜਾਏ। ਇਸ ਲਈ ਲਾਇਸੈਂਸ ਜ਼ਬਤ ਕੀਤਾ ਜਾਂਦਾ ਹੈ।" ਇਹ ਚਾਲਚਲਣ ਦੇ ਸ਼ਬਦ ਪੜ੍ਹ ਕੇ ਮੈਂ ਬੁਰਾ ਮਹਿਸੂਸ ਨਹੀਂ



Digitized by Panjab Digital Library | www.panjabdigilib.org

ਕੀਤਾ ਕਿਉਂਕਿ ਸਰਕਾਰ ਦੇ ਕਾਗ਼ਜ਼ਾਂ ਵਿਚ ਭਾਰਤ ਦੇ ਸਾਰੇ ਪੁਲੀਟੀਕਲ ਨੇਤਾ ਅਤੇ ਵਰਕਰ ਸਮੇਤ ਮਹਾਤਮਾ ਗਾਂਧੀ ਬਦ-ਚਲਣ ਸਨ ।

ਇਹਨਾਂ ਘਟਨਾਵਾਂ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਭਾਰਤ ਦੀ ਦਫ਼ਤਰੀ ਸਰਕਾਰ ਦੇ ਪਰਛਾਵੇਂ ਹੇਠ ਇਸ ਦੇਸ ਵਿਚ ਕਾਗ਼ਜ਼ਾਂ ਦਾ ਢਿਡ ਕਿਵੇਂ ਭਰਿਆ ਜਾਂਦਾ ਹੈ ਅਤੇ ਸਰਕਾਰੀ ਕਿਤਾਬਾਂ ਵਿਚ ਨੇਕ ਚਲਣੀ ਅਤੇ ਬਦ ਚਲਣੀ ਦੇ ਕੀ ਅਰਥ ਸਨ ।

## ਪਤਰਕਾਰ ਪੀੜਤ ਲੋਕਾਂ ਲਈ

ਸੁਰਗੀਯ ਮਹਾਰਾਜਾ ਨਾਭਾ ਅਤੇ ਉਹਨਾਂ ਦੇ ਪਰਵਾਰ ਨਾਲ ਐਡੀਟਰ "ਰਿਆਸਤ"ਦੇ ਬੜੇ ਡੂੰਘੇ ਸੰਬੰਧ ਸਨ ਅਤੇ ਸ਼ਾਇਦ ਇਸ ਦਾ ਕਾਰਨ ਇਹ ਹੋਵੇ ਕਿ ਮੈਂ ਉਹਨਾਂ ਲੋਕਾਂ ਦਾ ਸਦਾ ਹਿਤੈਸ਼ੀ ਰਿਹਾ । ਮੈਂ ਕਦੀ ਉਹਨਾਂ ਦੀ ਝੋਲੀ ਨਹੀਂ ਚੁਕੀ ਅਤੇ ਹਰ ਸਚੀ ਗਲ ਉਹਨਾਂ ਦੇ ਮੂੰਹ ਤੇ ਆਖ ਦਿੰਦਾ ਸਾਂ ।

ਇਸ ਤਰ੍ਹਾਂ ਇਹ ਮਜ਼ੇਦਾਰ ਗਲ ਹੈ ਕਿ ਮਹਾਰਾਜਾ ਅਤੇ ਮਹਾਰਾਣੀ ਅਤੇ ਮਹਾਰਾਣੀ ਦੀ ਭੈਣ — ਮਹਾਰਾਣੀ ਧੌਲਪੁਰ — ਦੇ ਵਿਚਕਾਰ ਹਦੋਂ ਪਰੇ ਅਦਾਵਤ ਦੇ ਦਿਨਾਂ ਵਿਚ ਵੀ ਮੇਰੇ ਤਿੰਨਾਂ ਨਾਲ ਡੂੰਘੇ ਸੰਬੰਧ ਰਹੇ । ਇਹ ਤਿੰਨੇ ਹੀ ਮੇਰੇ ਤੇ ਭਰੋਸਾ ਕਰਦੇ ਅਤੇ ਤਿੰਨੇ ਹੀ ਮੈਨੂੰ ਇੰਜ ਜਾਣਦੇ ਜਿਵੇਂ ਮੈਂ ਉਹਨਾਂ ਦੇ ਪਰਵਾਰ ਦਾ ਹੀ ਇਕ ਨਗ ਹੋਵਾਂ । ਮਹਾਰਾਜਾ, ਮਸੂਰੀ ਪਹਾੜ ਤੇ ਸਨ । ਉਹਨਾਂ ਨੇ ਮੈਨੂੰ ਦਿੱਲੀਓਂ ਬੁਲਾਇਆ ਅਤੇ ਕਈ ਦਿਨਾਂ ਤਕ ਵਾਪਸ ਆਉਣ ਨਾ ਦਿਤਾ । ਹਰ ਰੋਜ਼ ਸਲਾਹਾਂ ਹੁੰਦੀਆਂ । ਇਕ ਦਿਨ ਮਹਾਰਾਜਾ ਨੇ ਅਫ਼ਸੋਸ ਦੇ ਢੰਗ ਵਿਚ ਸ਼ਕਾਇਤ ਕੀਤੀ ਕਿ ਅਮਕਾ ਮੈਂਬਰ ਅਸੈਂਬਲੀ ਏਨੇ ਹਜ਼ਾਰ ਰੁਪਿਆ ਖਾ ਗਿਆ, ਪਰ ਉਸ ਨੇ ਕੁਝ ਵੀ ਨਾ ਕੀਤਾ । ਅਮਕਾ ਲੀਡਰ ਇਕ ਲਖ ਰੁਪਿਆ ਚਟ ਕਰ ਗਿਆ,ਪਰ ਉਸ ਨੇ ਵਾਇਸਰਾਏ ਤਕ ਨੂੰ ਨਾ ਕਿਹਾ ਅਤੇ ਅਮਕਾ ਬੈਰਿਸਟਰ ਜਾਂ ਐਡਵੋਕੇਟ ਏਨੇ ਲਖ ਉਡਾ ਗਿਆ, ਪਰ ਸਿੱਟਾ ਕੁਝ ਨਹੀਂ ਨਿਕਲਿਆ । ਸਾਰੇ ਹੀ ਲੋਕ ਰੁਪਿਆ ਲੁਟਣ ਵਾਲੇ ਲੋਭੀ ਹਨ ਅਤੇ ਕੋਈ ਭਲਾ ਚਾਹੁਣ ਵਾਲਾ ਜਾਂ ਹਿਤੂ ਨਹੀਂ ।

ਮਹਾਰਾਜੇ ਨੇ ਆਖਿਆ ਤਾਂ ਅਫ਼ਸੋਸ ਦੇ ਢੰਗ ਵਿਚ ਸੀ, ਪਰ ਮੈਂ ਮੁਸਕਰਾ ਪਿਆ । ਮਹਾਰਾਜੇ ਨੇ ਪੁਛਿਆ ਕਿ ਮੁਸਕਰਾਏ ਕਿਉਂ ਜੇ । ਮੈਂ ਜੁਆਬ ਦਿਤਾ ਕਿ ਸਰਕਾਰ ਇਹ ਲੋਕ ਕੇਵਲ ਤੁਹਾਡੇ ਹਿਤੂ ਜਾਂ ਦਰਦੀ ਬਣ ਕੇ ਬਿਨਾਂ ਲੋਭ



Digitized by Panjab Digital Library | www.panjabdigilib.org

ਲ਼ਾਲਚ ਦੇ ਤੁਹਾਡੀ ਸੇਵਾ ਕਰਨ, ਤਾਂ ਕਿਉਂ ਕਰਨ। ਕੀ ਤੁਸੀਂ ਮਹਾਤਮਾ ਗਾਂਧੀ ਹੋ ਜੋ ਸਾਰੀ ਲੁਕਾਈ ਲਈ ਕਸ਼ਟ ਝਲ ਰਹੇ ਹੋ ਅਤੇ ਉਹਨਾਂ ਦਾ ਫ਼ਰਜ਼ ਹੈ ਕਿ ਉਹ ਬਿਨਾਂ ਕਿਸੇ ਲੋਭ ਦੇ ਤੁਹਾਡੇ ਲਈ ਕਸ਼ਟ ਸਹਿਣ ਅਤੇ ਕੀ ਖੁਦ ਤੁਹਾਡਾ ਉਹਨਾਂ ਲੋਕਾਂ ਨਾਲ ਸੰਬੰਧ ਬਿਨਾਂ ਮਤਲਬ ਦੇ ਹੈ ਅਤੇ ਜੇਕਰ ਤੁਸੀਂ ਨਾਭੇ ਵਿਚ ਆਪਣੀ ਗੱਦੀ ਤੇ ਹੁੰਦੇ ਅਤੇ ਤੁਹਾਨੂੰ ਕੋਈ ਸਿਆਸੀ ਸੰਕਟ ਨਾ ਹੁੰਦੇ ਤਾਂ ਕੀ ਫੇਰ ਵੀ ਤੁਸੀਂ ਇਹਨਾਂ ਪੁਲੀਟੀਕਲ ਲੀਡਰਾਂ ਅਤੇ ਅਸੈਂਬਲੀ ਦੇ ਮੈਂਬਰਾਂ ਨੂੰ ਰੁਪਿਆ ਦਿੰਦੇ। ਤੁਸੀਂ ਜੇਕਰ ਇਹਨਾਂ ਲੋਕਾਂ ਨੂੰ ਰੁਪਿਆ ਦਿੰਦੇ ਹੋ ਤਾਂ ਆਪਣੀਆਂ ਗਰਜ਼ਾਂ ਲਈ ਅਤੇ ਜੇਕਰ ਉਹ ਲੋਕ ਤੁਹਾਡੇ ਨਾਲ ਹਨ ਤਾਂ ਆਪਣੀਆਂ ਗਰਜ਼ਾਂ ਲਈ। ਤੁਹਾਡਾ ਲੀਡਰਾਂ ਤੇ ਲਾਲਚ ਅਤੇ ਗਰਜ਼ਾਂ ਦੀ ਸ਼ਕਾਇਤ ਕਰਨਾ ਐਵੇਂ ਵਾਧੂ ਜਿਹੀ ਗਲ ਹੈ। ਮਹਾਰਾਜਾ ਮੇਰੇ ਇਹਨਾਂ ਅੱਖਰਾਂ ਨੂੰ ਸੁਣ ਕੇ ਪ੍ਰਸੰਨ ਨਾ ਹੋਏ ਅਤੇ ਉਹਨਾਂ ਦੇ ਮਥੇ ਦੇ ਵਟ ਪ੍ਰਗਟ ਕਰਦੇ ਸਨ ਕਿ ਉਹ ਇਸ ਸਚੀ ਗਲ ਨੂੰ ਸੁਣਨਾ ਨਹੀਂ ਚਾਹੁੰਦੇ ਸਨ। ਕੁਝ ਚਿਰ ਬਿਲਕੁਲ ਚੁਪ ਚਾਪ ਜਿਹੀ ਵਰਤੀ ਰਹੀ। ਇਸ ਪਿਛੋਂ ਮਹਾਰਾਜੇ ਨੇ ਅਨੁਭਵ ਕੀਤਾ ਕਿ ਮੈਂ ਜੋ ਕੁਝ ਕਿਹਾ ਉਹ ਸਚਾਈ ਤੋਂ ਸਖਣਾ ਨਹੀਂ। ਦੋਵੇਂ ਧਿਰਾਂ ਆਪਣੀ ਆਪਣੀ ਗਰਜ਼ ਦੀਆਂ ਮੁਥਾਜ ਹਨ।

ਇਸ ਘਟਨਾ ਤੋਂ ਕੁਝ ਦਿਨ ਪਿਛੋਂ ਮਿਸਟਰ ਹਾਰਨੀਮੈਨ ਐਡੀਟਰ "ਬੰਬਈ ਸੈਂਟੀਨਲ" ਬੰਬਈ ਤੋਂ ਮਹਾਰਾਜੇ ਦੇ ਸਦੇ ਤੇ ਮਸੂਰੀ ਆਏ। ਉਹਨਾਂ ਦਾ ਟਿਕਾਣਾ ਤਾਂ ਉਥੇ ਹੈਕਮਨ ਹੋਟਲ ਦੇ ਇਕ ਕਮਰੇ ਵਿਚ ਸੀ, ਪਰ ਵਧੇਰਾ ਸਮਾਂ ਉਹਨਾਂ ਦਾ ਵੀ ਮਹਾਰਾਜੇ ਕੋਲ ਹੀ ਲੰਘਦਾ। ਮੈਂ ਹਰ ਰੋਜ਼ ਸਵੇਰੇ ਨੌਂ ਵਜੇ ਮਿਸਟਰ ਹਾਰਨੀਮੈਨ ਨਾਲ ਗੱਲਾਂ ਕਰਨ ਉਹਨਾਂ ਦੇ ਹੋਟਲ ਵਿਚ ਜਾਇਆ ਕਰਦਾ। ਦੋ ਤਿੰਨ ਘੰਟੇ ਉਹਨਾਂ ਨਾਲ ਗੱਲਾਂ ਹੁੰਦੀਆਂ। ਇਕ ਦਿਨ ਮਿਸਟਰ ਹਾਰਨੀਮੈਨ ਨਾਲ ਮਹਾਰਾਜਾ ਨਾਭਾ ਦੀਆਂ ਮੁਸੀਬਤਾਂ ਦੀ ਗਲ ਤੁਰ ਪਈ ਤਾਂ ਮਿਸਟਰ ਹਾਰਨੀਮੈਨ ਨੇ ਜਿਹੜੇ ਸ਼ਬਦ ਆਖੇ ਉਹ ਹੁਣ ਤਕ ਮੇਰੇ ਦਿਮਾਗ਼ ਵਿਚ ਸੁਰੱਖਿਅਤ ਪਏ ਹਨ। ਉਹਨਾਂ ਨੇ ਫ਼ਰਮਾਇਆ :

"ਵੈਲ ਮਿਸਟਰ ਦੀਵਾਨ ਸਿੰਘ, ਪਤ੍ਰਕਾਰ ਦੁਨੀਆਂ ਵਿਚ ਕੇਵਲ ਉਹਨਾਂ ਲੋਕਾਂ ਦਾ ਸਾਥ ਦੇਣ ਲਈ ਪੈਦਾ ਹੋਏ ਹਨ ਜਿਹੜੇ ਮੁਸੀਬਤ ਵਿਚ ਹੋਣ। ਉਹਨਾਂ ਲੋਕਾਂ ਨਾਲ ਸਾਡਾ ਕੋਈ ਵਾਸਤਾ ਨਹੀਂ ਜਿਹੜੇ ਸੁਖ ਆਰਾਮ ਵਿਚ ਹੋਣ। ਮਹਾਰਾਜਾ ਨਾਭਾ ਮੁਸੀਬਤ ਵਿਚ ਹਨ, ਇਸ ਲਈ ਬਤੌਰ ਪਤ੍ਰਕਾਰ ਸਾਡਾ ਧਰਮ ਹੈ ਕਿ ਅਸੀਂ ਇਹਨਾਂ ਦਾ ਸਾਥ ਦੇਈਏ ਅਤੇ ਮਹਾਰਾਜਾ ਨਾਭਾ



Digitized by Panjab Digital Library | www.panjabdigilib.org

ਜਦ ਮੁੜ ਗੱਦੀ ਤੇ ਵਾਪਸ ਚਲੇ ਜਾਣ, ਆਰਾਮ ਵਿਚ ਹੋਣ ਤਾਂ ਕੋਈ ਵਾਸਤਾ ਨਾ ਰਖੀਏ ।"

ਮਿਸਟਰ ਹਾਰਨੀਮੈਨ ਦੇ ਇਹ ਸ਼ਬਦ ਮੇਰੇ ਲਈ ਨਾ ਕੇਵਲ ਬਹੁਤ ਵਧੇਰੇ ਅਨੰਦ ਅਤੇ ਰੂਹ ਨੂੰ ਅਤਿਕਥਨੀ ਖੇੜਾ ਦੇਣ ਦਾ ਕਾਰਨ ਹੋਏ ਸਗੋਂ ਮੈਂ ਜਦ ਕਦੀ ਕਿਸੇ ਨੂੰ ਮੁਸੀਬਤ ਵਿਚ ਵੇਖਦਾ ਹਾਂ ਤਾਂ ਮੇਰੇ ਦਿਮਾਗ਼ ਵਿਚ ਆਪ-ਮੁਹਾਰਾ ਇਹਨਾਂ ਸ਼ਬਦਾਂ ਦੀ ਗੁੰਜਾਰ ਉਤਪੰਨ ਹੋ ਜਾਂਦੀ ਹੈ ।

ਇਹਨਾਂ ਘਟਨਾਵਾਂ ਦੇ ਕੁਝ ਚਿਰ ਪਿਛੋਂ ਮਹਾਰਾਜਾ ਨਾਭਾ ਕੋਡਾਈ ਕੈਨਾਲ (ਮਦਰਾਸ) ਵਿਚ ਨਜ਼ਰਬੰਦ ਸਨ । ਮਹਾਰਾਜਾ ਅਤੇ ਮਹਾਰਾਣੀ—ਵਰਤਮਾਨ ਮਹਾਰਾਜੇ ਦੀ ਮਾਤਾ—ਵਿਚਕਾਰ ਸਖਤ ਅਦਾਵਤ ਸੀ ਅਤੇ ਪਤੀ ਪਤਨੀ ਵਿਚਕਾਰ ਚਿਠੀ ਚਪੱਠੀ ਦੀ ਵੀ ਕੋਈ ਸਾਂਝ ਨਹੀਂ ਸੀ ਕਿ ਮਹਾਰਾਣੀ ਆਪਣੇ ਪਤੀ ਦੀ ਆਗਿਆ ਬਿਨਾਂ ਏਜੰਟ ਗਵਰਨਰ ਜਨਰਲ ਪੰਜਾਬ ਰਿਆਸਤਾਂ ਨਾਲ ਮਿਲ ਗਈ ਅਤੇ ਉਹਨਾਂ ਨੇ ਆਪਸ ਵਿਚ ਫ਼ੈਸਲਾ ਕੀਤਾ ਕਿ ਮਹਾਰਾਣੀ ਨਾਬਾਲਗ਼ ਮਹਾਰਾਜੇ ਅਤੇ ਦੂਜੇ ਬੱਚਿਆਂ ਨੂੰ ਨਾਲ ਲੈ ਕੇ ਨਾਭੇ ਚਲੀ ਜਾਏ । ਨਾਭੇ ਜਾਣ ਤੋਂ ਪਹਿਲਾਂ ਮਹਾਰਾਣੀ ਬੱਚਿਆਂ ਨੂੰ ਲੈ ਕੇ ਡੇਹਰਾਦੂਨ ਤੋਂ ਦਿਲੀ ਆਈ । ਏਥੇ ਅਲੀਪੁਰ ਰੋਡ ਤੇ ਨਾਭਾ ਹਾਊਸ ਵਿਚ ਠਹਿਰੀ । ਏਥੇ ਪਹੁੰਚਣ ਤੇ ਮਹਾਰਾਣੀ ਦੇ ਭਰਾ ਸਰਦਾਰ ਰਣਬੀਰ ਸਿੰਘ ਨੇ ਐਡੀਟਰ "ਰਿਆਸਤ" ਨੂੰ ਟੈਲੀਫ਼ੂਨ ਕੀਤਾ ਕਿ ਮਹਾਰਾਣੀ ਸਾਹਿਬਾ ਨਾਭਾ ਹਾਊਸ ਵਿਚ ਹਨ ਅਤੇ ਮੈਂ ਉਹਨਾਂ ਨੂੰ ਮਿਲਣ ਲਈ ਪਹੁੰਚ ਜਾਵਾਂ । ਮੈਂ ਕਾਰ ਵਿਚ ਗਿਆ । ਮਹਾਰਾਣੀ ਅਤੇ ਬੱਚਿਆਂ ਨੂੰ ਮਿਲਿਆ । ਕਾਫ਼ੀ ਦੇਰ ਤਕ ਗੱਲਾਂ ਹੁੰਦੀਆਂ ਰਹੀਆਂ ਤਾਂ ਮਹਾਰਾਣੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਕਿ ਉਹ ਨਾਭੇ ਜਾ ਰਹੀ ਹੈ । ਇਸ ਬਾਰੇ ਮੇਰੀ ਕੀ ਰਾਏ ਹੈ । ਮੈਂ ਉੱਤਰ ਦਿਤਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁਸੀਂ ਨਾਭੇ ਵਿਚ ਮਰਾਤਬੇ ਵਾਲੇ ਹੋਵੋਗੇ । ਰਿਆਸਤ ਨਾਭਾ ਤੁਹਾਡੇ ਹੱਥਾਂ ਵਿਚ ਹੋਵੇਗੀ, ਪੁਲ਼ੀਟੀਕਲ ਡੀਪਾਰਟਮੈਂਟ ਤੁਹਾਡੀ ਮਦਦ ਤੇ ਹੋਵੇਗਾ ਅਤੇ ਤਸੀਂ ਆਰਾਮ ਤੇ ਸੁਖ ਚੈਨ ਦਾ ਜੀਵਨ ਬਤੀਤ ਕਰੋਗੇ, ਪਰ ਮੇਰੀ ਰਾਏ ਵਿਚ ਬਿਨਾਂ ਪਤੀ ਦੀ ਮਰਜ਼ੀ ਦੇ ਪਤੀ ਦੇ ਵਿਰੁਧ ਹੁੰਦਿਆਂ ਹੋਇਆਂ ਨਾਭੇ ਜਾਣਾ ਤੁਹਾਡੇ ਲਈ ਸ਼ੋਭਾ ਦਾ ਕਾਰਨ ਨਹੀਂ ਹੋਏਗਾ । ਮੈਂ ਇਸ ਦੇ ਹੱਕ ਵਿਚ ਨਹੀਂ ਹਾਂ ਕਿ ਤੁਸੀਂ ਮਹਾਰਾਜੇ ਨੂੰ ਵਧੇਰੇ ਨਾਰਾਜ਼ ਕਰੋ ਅਤੇ ਲੋਕਾਂ ਵਿਚ ਵੀ ਬੇਇਜ਼ਤ ਤੇ ਬਦਨਾਮ ਹੋਵੋ । ਮਹਾਰਾਣੀ ਨੇ ਕਿਹਾ ਕਿ ਮਹਾਰਾਜੇ ਦੀਆਂ ਤਕਲੀਫ਼ਾਂ ਦੇ ਘਟ ਹੋਣ ਦਾ ਵੀ ਰਾਹ ਕੇਵਲ ਇਹੀ ਹੈ ਕਿ ਉਹ ਪੁਲੀਟੀਕਲ ਡੀਪਾਰਟਮੈਂਟ ਨਾਲ ਚੰਗੇ ਸੰਬੰਧ ਕਰਕੇ



Digitized by Panjab Digital Library | www.panjabdigilib.org

ਨਾਭੇ ਚਲੀ ਜਾਏ ਅਤੇ ਫਿਰ ਉਥੇ ਪਹੁੰਚ ਕੇ ਆਪਣੇ ਪਤੀ ਲਈ ਵੀ ਜਤਨ ਕਰੇ। ਮੈਂ ਉੱਤਰ ਦਿਤਾ ਕਿ ਇਹ ਤਾਂ ਕੇਵਲ ਬਹਾਨੇਸਾਜ਼ੀ ਹੈ। ਇਹ ਕੋਈ ਜੁਆਬ ਨਹੀਂ ਜਿਹੜਾ ਕਿਸੇ ਸਿਆਣੇ ਮਨੁਖ ਨੂੰ ਤਸੱਲੀ ਦੁਆ ਸਕੇ।

ਮਹਾਰਾਣੀ ਦਾ ਇਸ ਪਿਛੋਂ ਸ਼ਾਇਦ ਚਾਰ ਪੰਜ ਦਿਨ ਦਿੱਲੀ ਵਿਚ ਡੇਰਾ ਰਿਹਾ। ਮੈਂ ਹਰ ਰੋਜ਼ ਮਿਲਦਾ ਰਿਹਾ। ਇਸ ਸਮੇਂ ਵਿਚਕਾਰ ਉਹਨਾਂ ਨੇ ਬੜਾ ਜਤਨ ਕੀਤਾ ਕਿ ਮੈਂ ਉਹਨਾਂ ਦੇ ਨਾਲ ਕੁਝ ਦਿਨਾਂ ਲਈ ਨਾਭੇ ਚਲਾਂ। ਮਹਾਰਾਣੀ ਦੀ ਮੈਨੂੰ ਨਾਲ ਲੈ ਜਾਣ ਲਈ ਬੜੀ ਡੂੰਘੀ ਚਾਲ ਸੀ। ਉਹਨਾਂ ਦਾ ਭਾਵ ਇਹ ਸੀ ਕਿ ਮੈਂ ਜੇਕਰ ਉਹਨਾਂ ਦੇ ਨਾਲ ਨਾਭੇ ਚਲਾ ਗਿਆ ਤਾਂ ਇਕ ਤਾਂ ਉਸ ਪਿਛੋਂ ਮੈਂ ਮਹਾਰਾਣੀ ਦੇ ਨਾਭੇ ਜਾਣ ਦੀ ਵਿਰੋਧਤਾ ਅਖ਼ਬਾਰ ਵਿਚ ਨਾ ਕਰਾਂਗਾ, ਕਿਉਂਕਿ ਆਪ ਮੈਂ ਉਹਨਾਂ ਦੇ ਇਸ ਕੰਮ ਵਿਚ ਸ਼ਾਮਲ ਹੋਵਾਂਗਾ। ਦੂਜੇ ਉਹਨਾਂ ਦੀ ਗਰਜ਼ ਇਹ ਸੀ ਕਿ ਮੇਰੇ ਉਹਨਾਂ ਦੇ ਨਾਲ ਨਾਭੇ ਜਾਣ ਦੀ ਹਾਲਤ ਵਿਚ ਮਹਾਰਾਜਾ ਮੇਰੇ ਵੀ ਵਿਰੁਧ ਹੋ ਜਾਣਗੇ, ਜਿਸ ਦਾ ਸਿੱਟਾ ਇਹ ਹੋਵੇਗਾ ਕਿ ਦੀਵਾਨ ਸਿੰਘ ਸਦਾ ਮਹਾਰਾਣੀ ਦਾ ਪੱਖ ਪੂਰੇਗਾ ਅਤੇ ਮਹਾਰਾਜੇ ਨਾਲੋਂ ਸੰਬੰਧ ਟੁਟ ਜਾਣਗੇ। ਮੈਂ ਮਹਾਰਾਣੀ ਨੂੰ ਉਤਰ ਦਿਤਾ ਕਿ ਮੈਂ ਇਕ ਤਾਂ ਅਸੂਲ ਦੇ ਲਿਹਾਜ਼ ਇਸ ਦੇ ਵਿਰੁਧ ਹਾਂ ਕਿ ਤੁਸੀਂ ਆਪਣੇ ਪਤੀ ਦੀ ਇੱਛਾ ਦੇ ਉਲਟ ਨਾਭੇ ਜਾਓ। ਦੂਜੇ ਰਿਆਸਤ ਨਾਭੇ ਵਿਚ ਮੇਰਾ ਸਰਕਾਰੀ ਤੌਰ ਤੇ ਦਾਖ਼ਲਾ ਬੰਦ ਹੈ ਮੈਂ ਉਥੇ ਜਾ ਨਹੀਂ ਸਕਦਾ। ਤੀਜੇ ਮੈਂ ਇਸ ਗਲ ਦਾ ਹਾਮੀ ਨਹੀਂ ਕਿ ਮਹਾਰਾਜਾ ਨਾਭਾ ਵਰਗੇ ਮਿਤਰ ਨਾਲ ਧਰੋਹ ਕਰਕੇ ਤੁਹਾਡੇ ਨਾਲ ਮਿਲ ਜਾਵਾਂ। ਭਾਵੇਂ ਤੁਹਾਨੂੰ ਵੀ ਮੈਂ ਆਪਣਾ ਮਿਤਰ ਹੀ ਸਮਝਦਾ ਹਾਂ, ਮੇਰੇ ਲਈ ਚੰਗਾ ਰਸਤਾ ਇਹੀ ਹੈ ਕਿ ਮੈਂ ਤੁਹਾਡੇ ਇਹਨਾਂ ਨਿਜੀ ਮਾਮਲਿਆਂ ਤੇ ਝਗੜਿਆਂ ਤੋਂ ਵਖ ਰਹਾਂ ਅਤੇ ਕਿਸੇ ਦਾ ਵੀ ਸਾਥ ਨਾ ਦਿਆਂ। ਮਹਾਰਾਣੀ ਨੇ ਫੇਰ ਜ਼ੋਰ ਦਿਤਾ ਅਤੇ ਆਖਿਆ ਕਿ ਨਾਭੇ ਵਿਚ ਦਾਖਲੇ ਦੀ ਮਨਾਹੀ ਬਾਰੇ ਉਹ ਹੁਣੇ ਏਜੰਟ ਗਵਰਨਰ ਜਨਰਲ ਪੰਜਾਬ ਰਿਆਸਤਾਂ ਤੋਂ ਤਾਰ ਰਾਹੀਂ ਆਗਿਆ ਮੰਗਵਾ ਲੈਂਦੀ ਹੈ, ਪਰ ਮੈਂ ਫਿਰ ਵੀ ਨਾਂਹ ਕਰ ਦਿਤੀ।

ਮਹਾਰਾਣੀ ਜਿਸ ਦਿਨ ਨਾਭੇ ਜਾਣ ਵਾਲੀ ਸੀ, ਮੋਟਰਾਂ ਯਾਰਾਂ ਵਜੇ ਦੇ ਕਰੀਬ ਏਥੋਂ ਤੁਰਨੀਆਂ ਸਨ ਅਤੇ ਪ੍ਰੋਗਰਾਮ ਇਹ ਸੀ ਕਿ ਮੋਟਰਾਂ ਰਾਜਪੁਰੇ ਤਕ ਜਾਣ ਅਤੇ ਉਥੋਂ ਸ਼ਾਹੀ ਪ੍ਰਵੇਸ਼ — ਕਿਉਂਕਿ ਨਾਬਾਲਗ਼ ਮਹਾਰਾਜਾ ਅਤੇ ਉਹਨਾਂ ਦੀ ਮਾਤਾ ਤੇ ਮਹਾਰਾਜੇ ਦੇ ਭਰਾ ਭੈਣਾਂ ਕਈ ਵਰ੍ਹਿਆਂ ਪਿਛੋਂ ਵਾਪਸ ਆਪਣੀ ਰਿਆਸਤ ਵਿਚ ਜਾ ਰਹੇ ਸਨ — ਦੇ ਵਾਸਤੇ ਰੇਲਵੇ ਦੀ ਸਪੈਸ਼ਲ ਟ੍ਰੇਨ ਨਾਭੇ



Digitized by Panjab Digital Library | www.panjabdigilib.org

ਜਾਏ। ਮੈਂ ਉਸ ਦਿਨ ਨੌਂ ਵਜੇ ਦੇ ਕਰੀਬ ਮਹਾਰਾਣੀ ਅਤੇ ਬੱਚਿਆਂ ਨੂੰ ਮਿਲਣ ਲਈ ਨਾਭਾ ਹਾਊਸ ਪੁਜਾ। ਇਕ ਘੰਟੇ ਦੇ ਕਰੀਬ ਇਹਨਾਂ ਲੋਕਾਂ ਨਾਲ ਗਲਾਂ ਹੁੰਦੀਆਂ ਰਹੀਆਂ ਅਤੇ ਦਸ ਵਜੇ ਵਾਪਸ ਆਇਆ। ਜਦ ਵਾਪਸ ਆਉਣ ਲਗਾ ਤਾਂ ਮਹਾਰਾਣੀ ਅਤੇ ਨਾਬਾਲਗ ਮਹਾਰਾਜਾ — ਜਿਨ੍ਹਾਂ ਨੂੰ ਮੈਂ ਉਸ ਦਿਨ ਤਕ ਪਿਆਰ ਅਤੇ ਦੁਨੀਆਂਦਾਰੀ ਤੋਂ ਮਜਬੂਰ ਹੋ ਕੇ ਟਿਕਾ ਸਾਹਿਬ — ਭਾਵ ਉਤਰ-ਅਧਿਕਾਰੀ — ਹੀ ਆਖਿਆ ਕਰਦਾ ਸਾਂ ਕਿਉਂਕਿ ਮਨ ਸਹਿਨ ਨਹੀਂ ਕਰਦਾ ਸੀ ਕਿ ਉਹਨਾਂ ਦੇ ਪਿਤਾ ਦੇ ਜੀਵਨ ਵਿਚ ਹੀ ਇਹਨਾਂ ਨੂੰ ਮਹਾਰਾਜਾ ਆਖਾਂ — ਮੈਨੂੰ ਵਿਦਾ ਕਰਨ ਲਈ ਕਮਰੇ ਦੇ ਅੰਦਰੋਂ ਬਾਹਰ ਬਰਾਂਡੇ ਵਿਚ ਆਏ। ਬਰਾਂਡੇ ਵਿਚੋਂ ਮੈਂ ਜਦ ਬਾਹਰ ਨਿਕਲਣ ਲਗਾ ਤਾਂ ਮੈਂ ਮਹਾਰਾਣੀ ਨੂੰ ਹਥ ਜੋੜ ਕੇ ਸਤਿ ਸ੍ਰੀ ਅਕਾਲ ਆਖੀ ਅਤੇ ਨੌਜਵਾਨ ਮਹਾਰਾਜੇ ਦੇ ਗੁਲਾਬੀ ਬੁਲ੍ਹਾਂ ਨੂੰ ਪਿਆਰ ਨਾਲ ਛੁਹਿਆ ਅਤੇ ਹਥ ਮਿਲਾਂਦਿਆਂ ਹੋਇਆਂ ਕਿਹਾ "ਟਿਕਾ ਸਾਹਿਬ ਗੁੱਡ ਬਾਈ। ਹੁਣ ਤਾਂ ਸ਼ਾਇਦ ਅਸੀਂ ਜੀਵਨ ਵਿਚ ਕਦੀ ਤੁਹਾਨੂੰ ਮਿਲ ਵੀ ਨਹੀਂ ਸਕਾਂਗੇ।" ਮੇਰੇ ਇਹ ਸ਼ਬਦ ਸੁਣ ਕੇ ਮਹਾਰਾਣੀ ਤ੍ਰਬੱਕ ਪਈ ਅਤੇ ਉਹਨਾਂ ਨੇ ਘਬਰਾਂਦਿਆਂ ਹੋਇਆਂ ਕਿਹਾ "ਕਿਉਂ, ਕਿਉਂ, ਦੀਵਾਨ ਸਿੰਘ ਜੀ, ਤੁਸਾਂ ਇਹ ਕੀ ਆਖਿਆ!"

ਮੈਂ ਉੱਤਰ ਦਿਤਾ "ਮਹਾਰਾਣੀ ਸਾਹਿਬਾ ਮੈਂ ਦੁਨੀਆਂ ਦੀ ਹਾਲਤ ਤੋਂ ਵਾਕਫ਼ ਹਾਂ ਹੁਣ ਤੁਸੀਂ ਲੋਕ ਆਰਾਮ ਨਾਲ ਆਪਣੇ ਘਰ ਜਾ ਰਹੇ ਹੋ। ਮੇਰਾ ਤੁਹਾਡੇ ਨਾਲ ਸੰਬੰਧ ਕੇਵਲ ਉਸ ਵੇਲੇ ਤਕ ਸੀ ਜਦ ਤਕ ਕਿ ਤੁਸੀਂ ਲੋਕ ਤਕਲੀਫ਼ ਵਿਚ ਸਓ। ਹੁਣ ਇਸ ਪਿਛੋਂ ਤੁਹਾਡੇ ਨਾਲ ਕੀ ਵਾਸਤਾ।" ਮਹਾਰਾਣੀ ਨੇ ਝਟ ਜੋਸ਼ ਨਾਲ ਕਿਹਾ "ਨਹੀਂ, ਨਹੀਂ ਦੀਵਾਨ ਸਿੰਘ ਜੀ, ਤੁਹਾਨੂੰ ਕਦੇ ਅਜਿਹਾ ਖ਼ਿਆਲ ਨਹੀਂ ਕਰਨਾ ਚਾਹੀਦਾ। ਤੁਹਾਡੇ ਅਤੇ ਸਾਡੇ ਸੰਬੰਧ ਫ਼ੈਮਲੀ ਵਰਗੇ ਸੰਬੰਧ ਹਨ। ਇਹ ਸੰਭਵ ਹੀ ਕਿਵੇਂ ਹੈ ਕਿ ਅਸੀਂ ਜੀਵਨ ਵਿਚ ਕਦੇ ਵਖ ਹੋ ਸਕਾਂਗੇ। ਤੁਸੀਂ ਕਦੇ ਅਜਿਹਾ ਵਿਚਾਰ ਨਾ ਕਰੋ ਅਤੇ ਕਦੇ ਅਜਿਹੀ ਗਲ ਮੂੰਹੋਂ ਨਾ ਕਢੋ।"

ਮੈਂ ਵਿਦਾ ਹੋ ਕੇ ਆਪਣੀ ਕਾਰ ਵਿਚ ਵਾਪਸ ਆਪਣੇ ਦਫ਼ਤਰ ਆ ਗਿਆ। ਵਾਪਸ ਆਉਂਦੇ ਹੋਇਆਂ ਕਾਰ ਚਲਾ ਰਿਹਾ ਸਾਂ, ਪਰ ਦਿਮਾਗ਼ ਮਿਸਟਰ ਹਾਰਨੀਮੈਨ ਦੇ ਉਹਨਾਂ ਸ਼ਬਦਾਂ ਨੂੰ ਮੁੜ ਮੁੜ ਦੁਹਰਾ ਰਿਹਾ ਸੀ ਜਿਹੜੇ ਉਹਨਾਂ ਨੇ ਹੈਕਮਨ ਹੋਟਲ ਮਸੂਰੀ ਵਿਚ ਕਹੇ ਸਨ।

"ਪਤਰਕਾਰ ਦੁਨੀਆਂ ਵਿਚ ਕੇਵਲ ਉਹਨਾਂ ਲੋਕਾਂ ਦਾ ਸਾਥ ਦੇਣ ਲਈ ਪੈਦਾ ਹੋਏ ਹਨ ਜਿਹੜੇ ਮੁਸੀਬਤਾਂ 'ਚ ਹੋਣ ਉਹਨਾਂ ਲੋਕਾਂ ਨਾਲ ਸਾਡਾ ਕੋਈ



Digitized by Panjab Digital Library | www.panjabdigilib.org

ਵਾਸਤਾ ਨਹੀਂ ਜਿਹੜੇ ਖ਼ੁਸ਼ੀ ਤੇ ਆਰਾਮ ਵਿਚ ਹੋਣ''

ਇਸ ਪਿਛੋਂ ਮੈਂ ਨਾ ਤਾਂ ਕਦੀ ਮਹਾਰਾਣੀ ਜਾਂ ਵਰਤਮਾਨ ਮਹਾਰਾਜੇ ਨੂੰ ਕੋਈ ਖ਼ਤ ਲਿਖਿਆ ਅਤੇ ਨਾ ਮਿਲਣ ਦਾ ਜਤਨ ਹੀ ਕੀਤਾ। ਨਾ ਉਹਨਾਂ ਦੋਹਾਂ ਵਲੋਂ ਹੀ ਮੈਨੂੰ ਕੋਈ ਖ਼ਤ ਪੱਤ੍ਰ ਮਿਲਿਆ। ਉਹ ਕਈ ਵਾਰ ਦਿੱਲੀ ਵਿਚ ਆਏ ਅਤੇ ਨਾ ਹੀ ਉਹਨਾਂ ਨੇ ਕਦੀ ਮੈਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਮੈਂ ਅੰਬਾਲੇ ਜੇਲ੍ਹ ਵਿਚ ਨਜ਼ਰਬੰਦ ਸਾਂ ਜਦ ਸੂਰਗੀਯ ਮਹਾਰਾਜਾ ਨਾਭਾ ਦਾ ਕੋਡਾਈ ਕਨਾਲ ਵਿਚ ਦਿਹਾਂਤ ਹੋਇਆ।

ਸਤੰਬਰ ੧੯੪੩ ਵਿਚ ਮੈਨੂੰ ਨਜ਼ਰਬੰਦੀ ਤੋਂ ਰਿਹਾਈ ਮਿਲੀ। ਦਿੱਲੀ ਜੇਲ੍ਹ ਤੋਂ ਮਿਸਟਰ ਪੋਥਨ ਜੋਜ਼ਫ਼ ਐਡੀਟਰ "ਡਾਨ" ਦੇ ਮਕਾਨ ਤੇ ਪਹੁੰਚਿਆ ਅਤੇ ਪਹਿਲੇ ਦਿਨ ਰਿਹਾਈ ਦੀ ਖ਼ਬਰ ਬਾਰੇ ਜਦ ਆਪਣੇ ਸਜਣਾਂ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਖ਼ਤ ਲਿਖੇ ਤਾਂ ਉਹਨਾਂ ਖ਼ਤਾਂ ਵਿਚ ਇਕ ਖ਼ਤ ਵਰਤਮਾਨ ਮਹਾਰਾਜਾ ਨਾਭਾ ਨੂੰ ਵੀ ਲਿਖਿਆ ਜਿਸ ਵਿਚ ਉਹਨਾਂ ਦੇ ਪਿਤਾ ਦੇ ਸੁਰਗਵਾਸ ਹੋਣ ਬਾਰੇ ਅਫ਼ਸੋਸ ਦਾ ਪ੍ਰਗਟਾ ਕੀਤਾ ਗਿਆ ਸੀ। ਇਸ ਖ਼ਤ ਦਾ ਉੱਤਰ ਅਜ ਤਕ ਮੇਰੇ ਕੋਲ ਨਹੀਂ ਪੁਜਾ ਅਤੇ ਨਾ ਸ਼ਾਇਦ ਕਦੀ ਆਏ ਹੀ। ਕਿਉਂਕਿ ਪਤ੍ਰਕਾਰ ਖ਼ਤਾਂ ਦੇ ਉੱਤਰਾਂ ਦੀ ਕੇਵਲ ਉਹਨਾਂ ਲੋਕਾਂ ਤੋਂ ਆਸ ਕਰ ਸਕਦੇ ਹਨ ਜਿਹੜੇ ਕਸ਼ਟ ਵਿਚ ਹੋਣ। ਉਹਨਾਂ ਲੋਕਾਂ ਦਾ ਇਸ ਨਾਲ ਕੀ ਵਾਸਤਾ ਜਿਹੜੇ ਸੁਖ ਆਰਾਮ ਵਿਚ ਹੋਣ।

## ਗ਼ਲਤ ਪੜਤਾਲ ਅਤੇ ਗ਼ਲਤ ਇਲਾਜ

ਮੇਰੀ ਜਨਮ ਭੂਮੀ ਹਾਫਿਜ਼ਾਬਾਦ ਵਿਚ ਇਕ ਦਰਜ਼ੀ ਅਮਾਮ ਦੀਨ ਸੀ। ਮੈਂ ਜਦ ਹੋਸ਼ ਸੰਭਾਲੀ ਤਾਂ ਉਹ ਸਾਡੇ ਘਰ ਦੇ ਕਪੜੇ ਸੀਂਉਦਾ ਹੁੰਦਾ ਸੀ ਅਤੇ ਜੇਕਰ ਮੈਂ ਭੁਲੇਖਾ ਨਹੀਂ ਖਾਂਦਾ ਤਾਂ ਮੇਰੇ ਜਨਮ ਤੋਂ ਪਹਿਲਾਂ ਮੇਰੇ ਪਿਤਾ ਜੀ ਦੇ ਕਪੜੇ ਵੀ ਸ਼ਾਇਦ ਉਹੀ ਦਰਜ਼ੀ ਸੀਊਂਦਾ ਸੀ। ਬੜਾ ਚੰਗਾ ਜ਼ਮਾਨਾ ਸੀ। ਹਿੰਦੂ, ਮੁਸਲਮਾਨ ਦਾ ਕੋਈ ਪ੍ਰਸ਼ਨ ਨਹੀਂ ਸੀ। ਇਸ ਅਮਾਮ ਦੀਨ ਨੂੰ ਸਾਡੇ ਘਰ ਵਿਚ ਕਿਸੇ ਨੇ ਨਾਂ ਨਾਲ ਕਦੀ ਨਹੀਂ ਸੱਦਿਆ ਸੀ। ਹਰ ਆਦਮੀ ਸਤਿਕਾਰ ਨਾਲ ਉਸ ਨੂੰ ਸੰਬੋਧਨ ਕਰਦਾ। ਇਸ ਤਰ੍ਹਾਂ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਉਹ ਜਦ ਕਦੀ ਸਾਡੇ ਘਰ ਸੀਉਣ ਲਈ ਕਪੜੇ ਲੈਣ ਜਾਂ ਸੀਉਣ ਪਿਛੋਂ ਕਪੜੇ ਦੇਣ ਆਉਂਦਾ ਤਾਂ ਮੈਂ ਉਹਨਾਂ ਨੂੰ ਚਾਚਾ ਆਖਦਾ। ਉਹਨਾਂ ਦੀ



Digitized by Panjab Digital Library | www.panjabdigilib.org

ਗ਼ੈਰ-ਹਾਜ਼ਰੀ ਵਿਚ ਵੀ ਜਦ ਕਦੀ ਉਸ ਦਾ ਨਾਂ ਲੈਂਦਾ ਤਾਂ ਮੈਂ ਅਮਾਮ ਦੀਨ ਦੇ ਨਾਲ ਚਾਚਾ ਜ਼ਰੂਰ ਆਖਦਾ । ਭਾਵ ਮੈਂ ਚਾਚਾ ਅਮਾਮ ਦੀਨ ਦੇ ਘਰ ਗਿਆ ਸਾਂ ਜਾਂ ਚਾਚਾ ਅਮਾਮ ਦੀਨ ਨੂੰ ਮਿਲਿਆ । ਸਾਡੇ ਟੱਬਰ ਦੇ ਸਾਰੇ ਲੋਕ ਏਸੇ ਤਰ੍ਹਾਂ ਪਿਆਰ ਸਤਿਕਾਰ ਦਾ ਵਰਤਾਉ ਕਰਦੇ ਅਤੇ ਇਹ ਵਰਤਾਉ ਕੇਵਲ ਅਮਾਮ ਦੀਨ ਤਕ ਹੀ ਸੀਮਿਤ ਨਹੀਂ ਸੀ ਸਾਡੇ ਘਰ ਵਿਚ ਸਫ਼ਾਈ ਕਰਨ ਲਈ ਇਕ ਭੰਗਣ ਰੋਸ਼ਨ ਬੀਬੀ ਆਇਆ ਕਰਦੀ ਸੀ । ਮੈਨੂੰ ਯਾਦ ਹੈ ਕਿ ਮੈਂ ਉਹਨੂੰ ਵੀ ਸਦਾ ਚਾਚੀ ਆਖ ਕੇ ਬੁਲਾਇਆ ਕਰਦਾ ਸਾਂ । ਉਸ ਦੀ ਇਕ ਧੀ ਮੈਥੋਂ ਸਤ ਅਠ ਸਾਲ ਵਡੀ ਸੀ । ਉਸ ਨੂੰ ਵੀ ਮੈਂ ਸਦਾ ਭੈਣ ਕਹਿਕੇ ਬੁਲਾਂਦਾ ਸਾਂ । ਕਿਉਂਕਿ ਸਾਡੇ ਘਰ ਵਿਚ ਇਹੀ ਰਿਵਾਜ ਸੀ ਅਤੇ ਮੇਰੇ ਸਕੇ ਭਰਾ, ਭੈਣ, ਚਾਚੇ ਦਾ ਪੁੱਤ ਭਰਾ ਅਤੇ ਰਿਸ਼ਤੇਦਾਰ ਦੂਜਿਆਂ ਨਾਲ ਏਸੇ ਤਰ੍ਹਾਂ ਹੀ ਵਰਤਦੇ ਸਨ ।

ਮੇਰੀ ਉਮਰ ਪੰਦਰਾਂ ਸਾਲਾਂ ਦੀ ਸੀ ਜਦ ਕਿ ਮੈਂ ਧੰਦੇ ਦੀ ਭਾਲ ਵਿਚ ਵਤਨੋਂ ਚਲਾ ਗਿਆ । ਇਸ ਪਿਛੋਂ ਜੇਕਰ ਕਦੀ ਉਥੇ ਗਿਆ ਵੀ ਤਾਂ ਕੁਝ ਦਿਨਾਂ ਲਈ । ਸਗੋਂ ਕਈ ਵਾਰ ਅਜਿਹਾ ਹੋਇਆ ਕਿ ਪੰਜ ਛੇ ਵਰ੍ਹਿਆਂ ਪਿਛੋਂ ਜਾਣ ਦਾ ਅਵਸਰ ਪ੍ਰਾਪਤ ਹੋਇਆ ਤਾਂ ਉਹ ਵੀ ਕੇਵਲ ਇਕ ਜਾਂ ਦੋ ਦਿਨਾਂ ਲਈ । ਇਸ ਪ੍ਰਕਾਰ ਚਾਚਾ ਅਮਾਮ ਦੀਨ ਨੂੰ ਮਿਲਿਆਂ ਵੀ ਕਈ ਸਾਲ ਲੰਘ ਗਏ, ਪਰ ਉਹਨਾਂ ਦੇ ਪ੍ਰੇਮ ਪਿਆਰ ਦੇ ਸਲੂਕ ਦਾ ਹੁਣ ਤਕ ਦਿਮਾਗ਼ ਤੇ ਪ੍ਰਭਾਵ ਹੈ ਅਤੇ ਜਦ ਕਦੀ ਉਹਨਾਂ ਦਾ ਖ਼ਿਆਲ ਆਉਂਦਾ ਹੈ ਤਾਂ ਉਸ ਪਿਆਰ ਭਰੀ ਯਾਦ ਵਿਚ ਅੱਖਾਂ ਤਰ ਹੋ ਜਾਂਦੀਆਂ ਹਨ ।

ਕਈ ਵਰ੍ਹਿਆਂ ਦੀ ਗਲ ਹੈ । ਚਾਚਾ ਅਮਾਮ ਦੀਨ ਦਾ ਦੋਹਤਰਾ, ਜਿਸ ਦੀ ਉਮਰ ਦਸ ਸਾਲ ਸੀ, ਨੂੰ ਖੰਘ ਲਗ ਗਈ ਅਤੇ ਕੁਝ ਚਿਰ ਪਿਛੋਂ ਉਸ ਨੂੰ ਬੁਖ਼ਾਰ ਦੀ ਵੀ ਭਖ ਭਖੀ ਸ਼ੁਰੂ ਹੋ ਗਈ । ਖੰਘ ਅਤੇ ਬੁਖ਼ਾਰ ਦੋਹਾਂ ਦਾ ਇਕ ਥਾਂ ਇਕੱਠਿਆਂ ਹੋਣਾ ਭਾਰਤ ਦੇ ਨਾਲਾਇਕ ਹਕੀਮਾਂ ਦੇ ਖ਼ਿਆਲ ਵਿਚ ਸੌ ਪ੍ਰਤੀ ਸੈਂਕੜਾ ਤਪਦਿਕ ਹੁੰਦਾ ਹੈ, ਅਮਾਮ ਦੀਨ ਇਸ ਬਚੇ ਨੂੰ ਜਿਸ ਹਕੀਮ ਕੋਲ ਵੀ ਲੈ ਜਾਣ ਉਹ ਖੰਘ ਤੇ ਤਾਪ ਸੁਣ ਕੇ ਨਬਜ਼ ਵੇਖੇ ਅਤੇ ਤਪਦਿਕ ਦਾ ਨੁਸਖਾ ਲਿਖ ਦੇਵੇ । ਇਹ ਬਚਾ ਦੋ ਵਰ੍ਹਿਆਂ ਤੋੜੀ ਇਸ "ਤਪਦਿਕ" ਵਿਚ ਗਰੱਸਿਆ ਰਿਹਾ । ਸਭ ਹਕੀਮਾਂ ਦੇ ਫਤਵਿਆਂ ਦੀ ਹਾਲਤ ਵਿਚ ਬਚੇ ਦੇ ਮਾਪਿਆਂ ਦੇ ਸਹਿਮ ਦਾ ਅਨੁਮਾਨ ਲਾਇਆ ਜਾ ਸਕਦਾ ਹੈ । ਅਮਾਮ ਦੀਨ ਸਾਹਿਬ ਉਸ ਵੇਲੇ ਬੜੇ ਬ੍ਰਿਧ ਸਨ — ਪਤਾ ਨਹੀਂ ਹੁਣ ਜੀਉਂਦੇ ਹਨ ਕਿ ਚਾਲੇ ਪਾ ਚੁਕੇ ਹਨ — ਉਹਨਾਂ ਨੂੰ ਪਤਾ ਸੀ ਕਿ ਮੈਂ ਦਿੱਲੀ ਵਿਚ ਹਾਂ ਅਤੇ "ਰਿਆਸਤ" ਅਖ਼ਬਾਰ ਬੜੀ ਸ਼ਾਨ ਨਾਲ ਨਿਕਲ ਰਿਹਾ ਹੈ । ਉਹਨਾਂ ਨੇ ਇਹ ਵੀ ਸੁਣਿਆ ਸੀ ਕਿ ਦਿੱਲੀ ਸਿਆਣੇ



Digitized by Panjab Digital Library | www.panjabdigilib.org

ਹਕੀਮਾਂ ਦਾ ਕੇਂਦਰ ਹੈ । ਉਹਨਾਂ ਨੂੰ ਇਹ ਵੀ ਖ਼ਿਆਲ ਹੋਇਆ ਕਿ ਦੀਵਾਨ ਸਿੰਘ ਦਾ ਇਹਨਾਂ ਹਕੀਮਾਂ ਤੇ ਪਰਭਾਵ ਹੋਏਗਾ । ਇਹ ਬਚਾ ਦਿੱਲੀ ਦੇ ਹਕੀਮਾਂ ਨੂੰ ਵਿਖਾਇਆ ਜਾਏ । ਸ਼ਾਇਦ ਇਸ ਦੇ ਤਪਦਿਕ ਦਾ ਇਲਾਜ ਹੋ ਸਕੇ ਅਤੇ ਮੁੰਡਾ ਬਚ ਜਾਏ । ਅਮਾਮਦੀਨ ਸਾਹਿਬ ਨੇ ਆਪਣੇ ਜਵਾਈ ਭਾਵ ਉਸ ਮੁੰਡੇ ਦੇ ਪਿਉ ਨਾਲ ਆਪਣੇ ਦੋਹਤਰੇ ਨੂੰ ਭੇਜਿਆ ਅਤੇ ਨਾਲ ਮੈਨੂੰ ਖਤ ਲਿਖਿਆ ਕਿ ਇਹ ਬਚਾ ਦੋ ਸਾਲਾਂ ਤੋਂ ਤਪਦਿਕ ਵਿਚ ਫਸਿਆ ਪਿਆ ਹੈ । ਇਸ ਨੂੰ ਖੰਘ ਤਾਪ ਹੈ । ਸਾਰਿਆਂ ਹਕੀਮਾਂ ਨੇ ਜੁਆਬ ਦੇ ਦਿਤਾ ਹੈ । ਇਹਨੂੰ ਦਿੱਲੀ ਦੇ ਹਕੀਮਾਂ ਵਿਚੋਂ ਕਿਸੇ ਸਿਆਣੇ ਹਕੀਮ ਨੂੰ ਵਿਖਾਇਆ ਜਾਏ ਤਾਕਿ ਇਸ ਦਾ ਇਲਾਜ ਹੋਵੇ ਤਾਂ ਸ਼ਾਇਦ ਬਚ ਜਾਏ ।

ਇਹ ਬਚਾ ਆਪਣੇ ਪਿਓ ਨਾਲ ਜਦ ਆਇਆ ਅਤੇ ਮੈਂ ਉਸ ਖ਼ਤ ਨੂੰ ਪੜ੍ਹਿਆ ਤਾਂ ਮੈਨੂੰ ਬਚਪਨ ਦਾ ਜ਼ਮਾਨਾ ਯਾਦ ਆ ਗਿਆ । ਜਦ ਅਮਾਮਦੀਨ ਸਾਡੇ ਦੁਖ ਸੁਖ ਦੇ ਭਾਈਵਾਲ ਸਨ । ਸਾਡੇ ਘਰ ਵਿਆਹ ਹੁੰਦਾ ਤਾਂ ਇਹ ਕਈ ਕਈ ਦਿਨਾਂ ਤਕ ਸਾਡੇ ਘਰ ਬੈਠੇ ਕਪੜੇ ਸੀਉਂਦੇ ਰਹਿੰਦੇ ਅਤੇ ਜੇਕਰ ਕੋਈ ਮੌਤ ਹੋ ਜਾਂਦੀ ਤਾਂ ਇਹ ਉਸੇ ਤਰ੍ਹਾਂ ਹੀ ਰੋਂਦੇ ਜਿਸ ਤਰ੍ਹਾਂ ਇਹਨਾਂ ਦੇ ਘਰ ਦਾ ਕੋਈ ਪਿਆਰਾ ਗੁਜ਼ਰ ਗਿਆ ਹੈ । ਮੈਂ ਇਕ ਕਮਰੇ ਵਿਚ ਅਮਾਮ ਦੀਨ ਦੇ ਜਵਾਈ ਅਤੇ ਦੋਹਤਰੇ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ । ਸੁਰਗੀਯ ਹਕੀਮ ਮੁਹੰਮਦ ਅਹਿਮਦ ਖਾਂ — ਸੁਰਗਵਾਸੀ ਹਕੀਮ ਅਜਮਲ ਖਾਂ ਦੇ ਭਤੀਜੇ — ਨਾਲ ਮੇਰੇ ਸਕੇ ਭਰਾਵਾਂ ਵਰਗੇ ਸੰਬੰਧ ਸਨ । — ਆਹ ! ਅਜਿਹੇ ਮਿਹਰਬਾਨ, ਭਲੇ ਅਤੇ ਪਿਆਰਾਂ ਭਰੇ ਪੁਰਸ਼ ਦੁਨੀਆਂ ਤੋਂ ਤੁਰ ਗਏ ਅਤੇ ਅਜ ਉਹਨਾਂ ਵਰਗਾ ਕਿਤੇ ਢੂੰਡਿਆਂ ਵੀ ਨਹੀਂ ਲਭਦਾ — ਮੈਂ ਫ਼ੈਸਲਾ ਕੀਤਾ ਕਿ ਬਚੇ ਨੂੰ ਇਕ ਦੋ ਦਿਨਾਂ ਪਿਛੋਂ ਹਕੀਮ ਨੂੰ ਵਿਖਾਵਾਂਗਾ । ਸ਼ਾਮ ਨੂੰ ਮੈਂ ਕੰਮ ਤੋਂ ਵਿਹਲਾ ਹੋਇਆ ਤਾਂ ਮੈਂ ਅਮਾਮਦੀਨ ਦੇ ਜਵਾਈ ਨੂੰ ਇਸ ਮਤਲਬ ਲਈ ਕੋਲ ਸਦਿਆ ਕਿ ਇਸ ਤੋਂ ਹਾਫ਼ਿਜ਼ਾਬਾਦ ਦੇ ਨਵੇਂ ਤਾਜ਼ੇ ਹਾਲ ਪਤਾ ਕਰਾਂ । ਉਹ ਗੱਲਾਂ ਕਰਨ ਲਈ ਆਪਣੇ ਬਚੇ ਨਾਲ ਮੇਰੇ ਕੋਲ ਆਇਆ ਤਾਂ ਗਲਾਂ ਗਲਾਂ ਵਿਚ ਉਸ ਨੇ ਦਸਿਆ ਕਿ ਬਚੇ ਬਾਰੇ ਸਾਰੇ ਹਕੀਮਾਂ ਨੇ ਨਿਰਾਸਤਾ ਪ੍ਰਗਟ ਕੀਤੀ ਹੈ । ਇਹ ਦੋ ਸਾਲਾਂ ਤੋਂ ਬੀਮਾਰ ਹੈ ਅਤੇ ਇਸ ਦੇ ਜੀਵਨ ਦੀ ਘਰ ਵਾਲਿਆਂ ਨੂੰ ਕੋਈ ਆਸ ਉਮੀਦ ਨਹੀਂ ਕਿਉਂਕਿ ਇਹਨੂੰ ਤਪਦਿਕ ਹੈ ।

ਦੋ ਸਾਲ ਦੀ ਲੰਮੀ ਬੀਮਾਰੀ ਅਤੇ ਤਪਦਿਕ ਨੂੰ ਸੁਣ ਕੇ ਮੈਂ ਜਦ ਬਚੇ ਵਲ ਵੇਖਿਆ ਤਾਂ ਉਸ ਦਿਆਂ ਬੁਲ੍ਹਾਂ ਤੇ ਲਾਲੀ ਸੀ ਅਤੇ ਬਚਪਨ ਦੇ ਕਾਰਨ ਉਹ ਨਿਚੱਲਾ ਵੀ ਨਹੀਂ ਬਹਿ ਸਕਦਾ ਸੀ । ਉਸ ਦਾ ਦਿਮਾਗ਼ ਸ਼ਰਾਰਤਾਂ ਅਤੇ ਖੇਡਾਂ ਦੀ



Digitized by Panjab Digital Library | www.panjabdigilib.org

ਭਾਲ ਵਿਚ ਸੀ। ਇਸ ਪਰਕਾਰ ਉਹ ਚਾਹੁੰਦਾ ਸੀ ਕਿ ਸਾਡੇ ਕੋਲ ਬਹਿਣ ਦੀ ਥਾਂ ਖੇਡਣ ਲਈ ਹੇਠਾਂ ਚਲਾ ਜਾਏ। ਮੈਂ ਉਸ ਦੀ ਇਹ ਹਾਲਤ ਵੇਖੀ ਤਾਂ ਸੋਚਣ ਲਗਾ ਕਿ ਇਹ ਕਿਸ ਤਰ੍ਹਾਂ ਦੀ ਤਪਦਿਕ ਹੈ ਜਿਸ ਵਿਚ ਦੋ ਵਰ੍ਹਿਆਂ ਬਧੀ ਗਰੱਸੇ ਰਹਿਣ ਦੇ ਪਿਛੋਂ ਵੀ ਬਚੇ ਦੇ ਚਿਹਰੇ ਤੇ ਲਾਲੀ ਹੈ ਅਤੇ ਇਸ ਦੀ ਬਚਪਨ ਦੀਆਂ ਸ਼ਰਾਰਤਾਂ ਵਿਚ ਵੀ ਕੋਈ ਘਾਟ ਨਹੀਂ ਆਈ। ਮੈਂ ਤਿੰਨ ਚਾਰ ਵਰ੍ਹਿਆਂ ਤਕ ਮੈਡੀਕਲ ਪਰੈਕਟਿਸ ਕਰਦਾ ਰਿਹਾ ਸਾਂ ਮੈਂ ਸਫ਼ਲ ਪਰੈਕਟੀਸ਼ਨਰਾਂ ਵਿਚੋਂ ਸਾਂ। ਇਸ ਤੋਂ ਪਹਿਲਾਂ ਮੋਗੇ ਦੇ ਹਸਪਤਾਲ ਵਿਚ ਵੀ ਰਿਹਾ ਅਤੇ ਹੁਣ ਵੀ ਦਵਾਈਆਂ ਨਾਲ ਲਗਾਓ ਬਾਕੀ ਹੈ ਅਤੇ ਜਦ ਕੋਈ ਡਾਕਟਰ ਮਿਲੇ ਤਾਂ ਨਵੀਂ ਕਾਢ ਬਾਰੇ ਗਲਾਂ ਕਰ ਲੈਂਦਾ ਹਾਂ। ਮੈਂ ਬਚੇ ਬਾਰੇ ਪੁਛਿਆ ਕਿ ਇਸ ਨੂੰ ਕੀ ਤਕਲੀਫ਼ ਹੈ, ਤਾਂ ਬਚੇ ਦੇ ਪਿਓ ਨੇ ਦਸਿਆ ਕਿ ਤਪ-ਦਿਕ ਹੈ। ਮੈਂ ਉਸ ਨੂੰ ਫੇਰ ਪੁਛਿਆ ਅਤੇ ਕਿਹਾ ਕਿ ਤਪਦਿਕ ਤਾਂ ਬੀਮਾਰੀ ਹੈ ਇਸ ਨੂੰ ਤਕਲੀਫ਼ ਕੀ ਹੈ? ਉਸ ਨੇ ਦਸਿਆ ਕਿ ਦਿਨ ਭਰ ਅਤੇ ਰਾਤ ਭਰ ਖੰਘਦਾ ਰਹਿੰਦਾ ਹੈ ਅਤੇ ਰਾਤ ਨੂੰ ਇਹਨੂੰ ਬੁਖਾਰ ਵੀ ਹੋ ਜਾਂਦਾ ਹੈ। ਮੈਂ ਹੈਰਾਨ ਕਿ ਇਹ ਤਪਦਿਕ ਕਿਸ ਤਰ੍ਹਾਂ ਦਾ ਹੈ ਜਿਹੜਾ ਦੋ ਵਰ੍ਹਿਆਂ ਤਕ ਰਿਹਾ, ਪਰ ਬੱਚੇ ਦੇ ਚਿਹਰੇ ਤੇ ਲਾਲੀ ਅਤੇ ਰੌਣਕ ਉਵੇਂ ਹੀ ਹੈ, ਕਿਉਂਕਿ ਤਪਦਿਕ ਦਾ ਦੋ ਚਾਰ ਮਹੀਨਿਆਂ ਵਿਚ ਹੀ ਜੇਕਰ ਇਲਾਜ ਨਾ ਕੀਤਾ ਜਾਏ ਤਾਂ ਰੋਗੀ ਨੂੰ ਮੌਤ ਦੇ ਨੇੜੇ ਲੈ ਜਾਂਦਾ ਹੈ। ਮੈਨੂੰ ਫੁਰਨਾ ਫੁਰਿਆ ਕਿ ਸ਼ਾਇਦ ਇਸ ਦਾ ਗਲਾ ਖ਼ਰਾਬ ਹੋਵੇ ਅਤੇ ਗਲੇ ਦੀ ਖ਼ਰਾਬੀ ਕਾਰਨ ਹੀ ਇਹ ਖੰਘਦਾ ਹੋਵੇ ਅਤੇ ਬੁਖਾਰ ਵੀ ਹੋ ਜਾਂਦਾ ਹੋਵੇ। ਮੈਂ ਉਸਨੂੰ ਮੂੰਹ ਖੋਹਲਣ ਲਈ ਆਖਿਆ। ਉਸ ਨੇ ਮੂੰਹ ਖੋਹਲਿਆ ਤਾਂ ਮੈਂ ਵੇਖਿਆ ਕਿ ਉਸ ਦੇ ਗਲੇ ਦੇ ਦੋਹੀਂ ਬੰਨੇ ਲੁਕਾਟ ਬਰਾਬਰ ਗਲੈਂਡ ਵਧੇ ਹੋਏ ਹਨ ਅਤੇ ਸਾਰਾ ਮੂੰਹ ਗੰਦਾ ਹੈ, ਭਾਵ ਕਦੇ ਸਾਫ ਨਹੀਂ ਕੀਤਾ ਗਿਆ। ਮੈਨੂੰ ਯਕੀਨ ਹੋ ਗਿਆ ਕਿ ਇਹੋ ਇਸ ਦੀ ਬੀਮਾਰੀ ਦਾ ਕਾਰਨ ਹੈ।

ਇਸ ਘਟਨਾ ਤੋਂ ਕਾਫ਼ੀ ਚਿਰ ਪਹਿਲਾਂ ਕਈ ਵਰ੍ਹਿਆਂ ਤਕ ਮੇਰਾ ਗਲਾ ਖ਼ਰਾਬ ਰਿਹਾ ਸੀ ਅਤੇ ਸੋਰ ਥਰੋਟ ਦੇ ਕਾਰਨ ਮੈਂ ਆਰਾਮ ਨਾਲ ਸੌਂ ਵੀ ਨਹੀਂ ਸਾਂ ਸਕਦਾ। ਉਹਨੀਂ ਦਿਨੀਂ ਚਾਂਦਨੀ ਚੌਕ ਦੇ ਸਿਰੇ ਤੇ ਇਕ ਥਰੋਟ ਅਕਸਪਰਟ ਡਾਕਟਰ ਕੁਰੈਸ਼ੀ ਸਨ—ਮੇਰਾ ਖਿਆਲ ਹੈ ਕਿ ਇਹ ਸਾਹਿਬ ਪਿਛੋਂ ਸ਼ਾਇਦ ਰਿਆਸਤ ਰਾਮਪੁਰ ਵਿਚ ਚੀਫ ਮੈਡੀਕਲ ਅਫ਼ਸਰ ਸਨ—ਮੈਂ ਉਹਨਾਂ ਨੂੰ ਵਿਖਾਇਆ। ਉਹਨਾਂ ਨੇ ਮੈਨੂੰ ਨਕ ਅਤੇ ਗਲੇ ਵਿਚ ਸਪਰੇ ਨਾਲ ਵਰਤਣ ਲਈ ਦੋ ਪ੍ਰਤੀ ਸੈਂਕੜਾ ਦੀ ਤਾਕਤ ਦਾ ਨਿਉਸਲ ਦੋਲ ਸਲਯੂਸ਼ਨ

ਦਸਿਆ। ਮੈਂ ਉਸ ਲੋਸ਼ਨ ਦੀ ਵਰਤੋਂ ਕੀਤੀ ਤਾਂ ਮੇਰਾ ਗਲਾ, ਜਿਹੜਾ ਕਈ ਵਰ੍ਹਿਆਂ ਤੋਂ ਖ਼ਰਾਬ ਸੀ, ਦੋ ਤਿੰਨਾਂ ਦਿਨਾਂ ਵਿਚ ਹੀ ਬਿਲਕੁਲ ਚੰਗਾ ਹੋ ਗਿਆ। ਇਹ ਲੋਸ਼ਨ ਅਤੇ ਸਪਰੇ ਮੇਰੇ ਕੋਲ ਸਦਾ ਮੌਜੂਦ ਰਹਿੰਦਾ ਸੀ। ਮੈਂ ਕਈ ਦਰਜਨ ਦੋਸਤਾਂ ਨੂੰ ਇਹ ਨੁਸਖਾ ਦਸ ਚੁਕਾ ਸਾਂ ਅਤੇ ਕੋਈ ਮੰਗ ਕਰਦਾ ਤਾਂ ਸਮੇਤ ਸਪਰੇ ਉਸਨੂੰ ਦੇ ਵੀ ਦਿੰਦਾ ਅਤੇ ਅਗਲੇ ਦਿਨ ਨਵਾਂ ਮੁਲ ਲੈ ਲੈਂਦਾ। ਮੈਂ ਦਵਾਈ ਸਪਰੇ ਵਿਚ ਪਾ ਕੇ ਉਸ ਦੇ ਗਲ ਵਿਚ ਲਾਈ ਅਤੇ ਨਕ ਰਾਹੀਂ ਨਕ ਤੇ ਗਲੇ ਦੇ ਵਿਚਕਾਰਲੇ ਹਿੱਸੇ ਵਿਚ ਪਹੁੰਚਾਈ। ਸਵੇਰੇ ਫੇਰ ਏਸੇ ਤਰ੍ਹਾਂ ਸਪਰੇ ਕੀਤਾ ਅਤੇ ਗ਼ਰਾਰੇ ਕਰਨ ਲਈ ਉਸ ਨੂੰ ਮਰਕੋਜ਼ਨ ਅਤੇ ਲਸਟਰੀਨ ਦਿਤਾ—ਜਿਹੜਾ ਮੈਂ ਗ਼ਰਾਰਿਆਂ ਲਈ ਸਦਾ ਕੋਲ ਰਖਦਾ ਸਾਂ—ਦੋ ਦਿਨਾਂ ਪਿਛੋਂ ਮੈਂ ਵੇਖਿਆ ਤਾਂ ਉਸ ਦਾ ਗਲਾ ਕਾਫ਼ੀ ਹਦ ਤੀਕ ਚੰਗਾ ਹੋ ਚੁਕਾ ਸੀ, ਮੈਂ ਹਾਲ ਪੁਛਿਆ ਤਾਂ ਉਸ ਨੇ ਦਸਿਆ ਕਿ ਹੁਣ ਇਸ ਨੂੰ ਖੰਘ ਦੀ ਸ਼ਕਾਇਤ ਨਹੀਂ ਅਤੇ ਰਾਤ ਨੂੰ ਬੁਖਾਰ ਵੀ ਨਹੀਂ ਹੁੰਦਾ ਅਤੇ ਕੋਈ ਤਕਲੀਫ਼ ਬਾਕੀ ਨਹੀਂ ਰਹੀ।

ਤਿੰਨ ਚਾਰ ਦਿਨ ਮੈਂ ਉਸ ਬੱਚੇ ਨੂੰ ਆਪ ਸਪਰੇ ਕੀਤਾ। ਜਦ ਬੱਚਾ ਬਿਲਕੁਲ ਚੰਗਾ ਹੋ ਗਿਆ ਤਾਂ ਮੈਂ ਉਸ ਨੂੰ ਇਕ ਸ਼ੀਸ਼ੀ ਸਲਯੂਸ਼ਨ ਇਕ ਸਪਰੇ, ਇਕ ਸ਼ੀਸ਼ੀ ਮਰਕੋਜ਼ਨ ਅਤੇ ਇਕ ਸ਼ੀਸ਼ੀ ਲਸਟਰੀਨ ਦੀ ਦਿਤੀ, ਵੇਰਵੇ ਨਾਲ ਸਪਰੇ ਨਾਲ ਦਵਾਈ ਦਾ ਲਾਉਣਾ ਦਸਿਆ ਅਤੇ ਗ਼ਰਾਰਿਆਂ ਬਾਰੇ ਸਮਝਾਇਆ ਅਤੇ ਆਖਿਆ ਕਿ ਤਪਦਿਕ ਨਹੀਂ ਸੀ। ਗਲਾ ਖਰਾਬ ਸੀ ਹੁਣ ਬੱਚਾ ਰਾਜ਼ੀ ਹੋ ਗਿਆ ਹੈ। ਇਹ ਦਵਾਈਆਂ ਲੈ ਕੇ ਵਾਪਸ ਤਸ਼ਰੀਫ਼ ਲੈ ਜਾਓ। ਇਹ ਸਭ ਕੁਝ ਸਮਝਣ ਪਿਛੋਂ ਉਸ ਨੇ ਪ੍ਰਸ਼ਨ ਕੀਤਾ ਕਿ ਹਕੀਮ ਸਾਹਿਬ ਨੂੰ ਕਦ ਵਿਖਾਉਗੇ। ਮੈਂ ਪੁਛਿਆ ਕਿ ਬੱਚਾ ਹੁਣ ਬਿਲਕੁਲ ਰਾਜ਼ੀ ਹੈ ਜਾਂ ਨਹੀਂ। ਉਸ ਜੁਆਬ ਦਿਤਾ ਕਿ ਬਿਲਕੁਲ ਚੰਗਾ ਹੈ, ਨਾ ਖੰਘ ਹੈ ਨਾ ਬੁਖ਼ਾਰ। ਰਾਤ ਨੂੰ ਆਰਾਮ ਨਾਲ ਸੌਂਦਾ ਹੈ ਤੇ ਕੋਈ ਸ਼ਕਾਇਤ ਨਹੀਂ। ਮੈਂ ਕਿਹਾ ਕਿ ਜਦ ਬਿਲਕੁਲ ਨਰੋਆ ਹੈ ਤਾਂ ਹਕੀਮ ਸਾਹਿਬ ਨੂੰ ਵਿਖਾਉਣ ਦੀ ਕੀ ਲੋੜ ਹੈ। ਮੇਰੀਆਂ ਸਾਰੀਆਂ ਦਲੀਲਾਂ ਸੁਣਨ ਪਿਛੋਂ ਉਸ ਨੇ ਫਿਰ ਕਿਹਾ ਕਿ ਹਕੀਮ ਸਾਹਿਬ ਨੂੰ ਜ਼ਰੂਰ ਦਿਖਾ ਦਿਓ ਕਿਉਂਕਿ ਕਈ ਸੌ ਮੀਲਾਂ ਤੋਂ ਆਉਣ ਪਿਛੋਂ ਵੀ ਹਕੀਮ ਸਾਹਿਬ ਨੂੰ ਨਾ ਵਿਖਾਇਆ ਗਿਆ ਤਾਂ ਆਉਣ ਦਾ ਹੀ ਕੀ ਫ਼ਾਇਦਾ। ਮੈਂ ਬਥੇਰਾ ਕਿਹਾ ਕਿ ਜਦ ਬੱਚਾ ਬਿਲਕੁਲ ਨਵਾਂ ਨਰੋਆ ਹੈ ਤਾਂ ਹੁਣ ਵਿਖਾਉਣ ਦਾ ਕੀ ਲਾਭ। ਉਹ ਨਹੀਂ ਮੰਨਿਆ ਬਹੁਤ ਨਿਰਾਸਤਾ ਜਿਹੀ ਅਨੁਭਵ ਕਰ ਰਿਹਾ ਸੀ। ਆਖ਼ਰ ਮਜਬੂਰ ਹੋ ਕੇ ਮੈਨੂੰ ਵੀ ਮੂਰਖਤਾ ਦਾ ਸਾਥ ਦੇਣਾ ਪਿਆ। ਮੈਂ ਉਹਨਾਂ ਪਿਓ ਪੁੱਤਰ ਦੋਹਾਂ ਨੂੰ ਮੋਟਰ ਵਿਚ ਹਕੀਮ ਸਾਹਿਬ ਦੀ ਸੇਵਾ ਵਿਚ ਲੈ



Digitized by Panjab Digital Library | www.panjabdigilib.org

ਗਿਆ। ਸਾਰਾ ਸਮਾਂਚਾਰ ਦਸਿਆ ਅਤੇ ਬੇਨਤੀ ਕੀਤੀ ਕਿ ਇਸ ਪ੍ਰਕਾਰ ਇਲਾਜ ਕੀਤਾ, ਹੁਣ ਬੱਚਾ ਬਿਲਕੁਲ ਰਾਜ਼ੀ ਹੈ, ਪਰ ਇਹਨਾਂ ਦੀ ਇੱਛਾ ਸੀ ਕਿ ਤੁਹਾਡੀ ਸੇਵਾ ਵਿਚ ਜ਼ਰੂਰ ਹਾਜ਼ਰ ਹੋਣ। ਹਕੀਮ ਸਾਹਿਬ ਸਾਰੀ ਗਲ ਸੁਣ ਕੇ ਮੁਸਕ੍ਰਾ ਪਏ ਅਤੇ ਉਹਨਾਂ ਨੇ ਨੁਸਖ਼ਾ ਲਿਖ ਦਿਤਾ। ਸਰਬਤ ਸ਼ਹਿਤੂਤ ਇਕ ਤੋਲਾ ਅਤੇ ਅਮਕੀ ਮਾਜੂਨ ਦਿਨ ਵਿਚ ਤਿੰਨ ਵਾਰ।

ਇਸ ਘਟਨਾ ਤੋਂ ਅਨੁਮਾਨ ਹੋ ਸਕਦਾ ਹੈ ਕਿ ਭਾਰਤ ਦਿਆਂ ਲੋਕਾਂ ਵਿਚ ਹਕੀਮਾਂ ਅਤੇ ਵੈਦਾਂ ਬਾਰੇ ਕਿੰਨਾ ਅੰਧ-ਵਿਸ਼ਵਾਸ ਹੈ ਅਤੇ ਜਨਤਾ ਕਿਵੇਂ ਗ਼ਲਤ ਪੜਤਾਲ ਅਤੇ ਗ਼ਲਤ ਇਲਾਜ ਦਾ ਸ਼ਿਕਾਰ ਹੋ ਕੇ ਨਵੀਆਂ ਕਾਢਾਂ ਅਤੇ ਸਾਇੰਸ ਤੋਂ ਲਾਭ ਨਾ ਪ੍ਰਾਪਤ ਕਰਦਿਆਂ ਹੋਇਆ ਤਬਾਹ ਹੋ ਰਹੀ ਹੈ।

## *ਰਿਆਸਤ ਨਾਭੇ ਦਾ ਅਦਭੁਤ ਬਕਸ*

ਰਿਆਸਤ ਨਾਭੇ ਵਿਚ ਇਕ ਸਜਨ ਪੰਡਤ ਆਸਾ ਸਿੰਘ ਮਹਾਰਾਜਾ ਦੇ ਏ. ਡੀ. ਸੀ. ਸਨ। ਬੜੇ ਨਿਮਰ ਸੁਭਾ, ਗਲ ਕਰਦੇ ਤਾਂ ਹਥ ਜੋੜ ਕੇ ਅੱਖਾਂ ਨੀਵੀਂਆਂ ਕਰ ਕੇ ਖ਼ੁਸ਼ਾਮਦੀ ਢੰਗ ਨਾਲ। ਮਹਾਰਾਜਾ ਉਹਨਾਂ ਦੀਆਂ ਖ਼ੁਸ਼ਾਮਦਾਂ ਕਾਰਨ ਉਹਨਾਂ ਤੇ ਬੜੇ ਪਰਸੰਨ ਸਨ। ਉਹਨਾਂ ਦੇ ਪਿਤਾ ਵੀ ਪਹਿਲਾਂ ਇਸ ਰਿਆਸਤ ਵਿਚ ਨੌਕਰ ਸਨ ਅਤੇ ਪੰਡਤ ਆਸਾ ਸਿੰਘ ਨੇ ਵੀ ਇਕ ਛੋਟੀ ਹੈਸੀਅਤ ਤੋਂ ਏ. ਡੀ. ਸੀ. ਤਕ ਤਰੱਕੀ ਕੀਤੀ ਸੀ। ਇਸ ਲਈ ਇਹਨਾਂ ਨੂੰ ਖ਼ਾਨਦਾਨੀ ਅਤੇ ਸੁਭਾਵਕ ਵਫ਼ਾਦਾਰ ਜਾਣਿਆ ਜਾਂਦਾ ਸੀ। ਇਸ ਪਰਕਾਰ ਮੈਨੂੰ ਯਾਦ ਹੈ ਕਿ ਮਹਾਰਾਜਾ ਨੇ ਆਪਣੇ ਇਕ ਦੋਸਤ ਸਰਦਾਰ ਬਹਾਦਰ ਸਰਦਾਰ ਸਰਗਜਨ ਸਿੰਘ ਆਫ਼ ਲੁਧਿਆਨਾ — ਜੋ ਉਸ ਜ਼ਮਾਨੇ ਵਿਚ ਮੈਂਬਰ ਪੰਜਾਬ ਕੌਂਸਲ ਸਨ —ਨੂੰ ਇਕ ਜ਼ਬਾਨੀ ਸੁਨੇਹਾ ਭੇਜਿਆ ਸੀ। ਜੋ ਕਿ ਲਿਖ ਕੇ ਨਹੀਂ ਭੇਜਣਾ ਚਾਹੁੰਦੇ ਸਨ ਤਾਂ ਇਸ ਸੁਨੇਹੇ ਨੂੰ ਪਹੁੰਚਾਣ ਵਾਲੇ ਪੰਡਤ ਆਸਾ ਸਿੰਘ ਹੀ ਸਨ। ਮਹਾਰਾਜਾ ਨੇ ਜਿਹੜਾ ਜਾਣਕਾਰੀ ਖਤ ਪੰਡਤ ਆਸਾ ਸਿੰਘ ਨੂੰ ਦਿਤਾ, ਉਸ ਵਿਚ ਲਿਖਿਆ ਕਿ ਪੰਡਤ ਆਸਾ ਸਿੰਘ ਮੇਰੇ ਇਤਬਾਰੀ ਪ੍ਰਤੀਨਿਧ ਹਨ ਇਹ ਜੋ ਕੁਝ ਆਖਣਗੇ ਉਹ ਮੇਰੀ ਵਲੋਂ ਅਤੇ ਸਚ ਸਮਝਿਆ ਜਾਏ। ਪੰਡਤ ਆਸਾ ਸਿੰਘ ਦੀ ਨਾਭੇ ਵਿਚ ਕਾਫ਼ੀ ਵਡਿਆਈ ਸੀ। ਰਿਆਸਤਾਂ ਵਿਚ ਤਾਂ ਰਾਜਿਆਂ ਦੇ ਹਥ ਧੁਆਉਣ ਅਤੇ ਖਾਣਾ ਖੁਆਉਣ ਵਾਲਿਆਂ ਤੋਂ ਵੀ ਇਹਨਾਂ ਨੂੰ ਹਜ਼ੂਰੀ ਕੁਤੇ ਸਮਝ ਕੇ ਲੋਕੀ ਡਰਦੇ ਹਨ। ਪੰਡਤ ਆਸਾ ਸਿੰਘ ਤਾਂ ਏ.ਡੀ.ਸੀ.



Digitized by Panjab Digital Library | www.panjabdigilib.org

ਸਨ। ਉਹਨਾਂ ਤੋਂ ਤਾਂ ਵਜ਼ੀਰ ਵੀ ਭੈ ਖਾਂਦੇ ਅਤੇ ਬਹੁਤ ਸਤਿਕਾਰ ਨਾਲ ਪੇਸ਼ ਆਉਂਦੇ ਸਨ।

ਚੈਂਬਰ ਆਫ਼ ਪ੍ਰਿੰਸਸ ਦਾ ਅਜਲਾਸ ਦਿੱਲੀ ਹੋ ਰਿਹਾ ਸੀ। ਮਹਾਰਾਜਾ ਏਥੇ ਲੁਡਲੋ ਕੈਸਲ ਰੋਡ ਦੀ ਇਕ ਕੋਠੀ ਵਿਚ ਠਹਿਰੇ ਹੋਏ ਸਨ। ਇਸ ਕੋਠੀ ਦੇ ਮੈਦਾਨ ਵਿਚ ਪ੍ਰਾਈਵੇਟ ਸਕੱਤ੍ਰ, ਏ. ਡੀ. ਸੀ. ਅਤੇ ਦੂਜੇ ਨੌਕਰ ਹਜ਼ੂਰੀ ਵਾਸਤੇ ਤੰਬੂ ਗਡ ਰਹੇ ਸਨ। ਸਰਦਾਰ ਬਹਾਦਰ ਭਾਈ ਕਾਹਨ ਸਿੰਘ ਵੁੱਡਲੈਂਡ ਹੋਟਲ ਵਿਚ ਠਹਿਰੇ ਹੋਏ ਸਨ ਅਤੇ ਲੇਖਕ ਨੂੰ ਵੀ ਤਾਰ ਦੇ ਕੇ ਨਾਭੇ ਤੋਂ ਦਿੱਲੀ ਬੁਲਵਾ ਲਿਆ ਗਿਆ ਸੀ। ਜਿਹੜਾ ਕਈ ਦੂਜੇ ਅਫਸਰਾਂ ਨਾਲ ਇਕ ਹੋਟਲ — ਮੈਨੂੰ ਠੀਕ ਯਾਦ ਨਹੀਂ ਰਿਹਾ ਸ਼ਾਇਦ ਮਹਾਰਾਜਾ ਹੋਟਲ ਸੀ ਜਿਹੜਾ ਨਾਵਲਟੀ ਸਿਨਮਾ ਦੇ ਕੋਲ ਹੈ — ਵਿਚ ਠਹਿਰਿਆ ਸੀ।

ਪੁਲੀਟੀਕਲ ਡੀਪਾਰਟਮੈਂਟ ਦੇ ਅਫ਼ਸਰ ਅਤੇ ਉਹਨਾਂ ਦਾ ਡੀਪਾਰਟਮੈਂਟ ਮਹਾਰਾਜਾ ਦਾ ਉਹਨਾਂ ਦੇ ਗੱਦੀ ਤੇ ਬੈਠਣ ਦੇ ਦਿਨ ਤੋਂ ਹੀ ਦੁਸ਼ਮਣ ਸੀ ਇਸ ਵਿਰੋਧਤਾ ਦੇ ਬਾਵਜੂਦ ਮਹਾਰਾਜਾ ਸਰਕਾਰੀ ਚਿਠੀ ਪੱਤਰ ਵਿਚ ਪੁਲੀਟੀਕਲ ਡੀਪਾਰਟਮੈਂਟ ਨੂੰ ਜੋ ਜੁਆਬ ਦਿੰਦੇ ਉਹ ਪੁਲੀਟੀਕਲ ਡੀਪਾਰਟਮੈਂਟ ਦੇ ਅਫ਼ਸਰਾਂ ਲਈ ਸੁਹਾਉਣਾ ਨਾ ਹੁੰਦਾ। ਇਹਨਾਂ ਅਜਿਹੇ ਉੱਤਰਾਂ ਵਿਚੋਂ ਉਦਾਹਰਣ ਹਿਤ ਇਕ ਘਟਨਾ ਦਸੀ ਜਾਂਦੀ ਹੈ। ਏਜੰਟ ਗਵਰਨਰ ਜਨਰਲ ਪੰਜਾਬ ਰਿਆਸਤਾਂ ਨੇ ਸਰਕਾਰ ਹਿੰਦ ਦੀ ਹਦਾਇਤ ਅਨੁਸਾਰ ਪੰਜਾਬ ਦੀਆਂ ਸਾਰੀਆਂ ਰਿਆਸਤਾਂ ਤੋਂ ਪੁਛਿਆ ਗਿਆ ਕਿ ਉਹਨਾਂ ਦੀ ਰਿਆਸਤ ਵਿਚ ਸਰਕਾਰੀ ਮੁਲਾਜ਼ਮਾਂ ਅਤੇ ਰਿਆਸਤਾਂ ਦਿਆਂ ਲੋਕਾਂ ਕੋਲ ਕਿੰਨੀਆਂ ਬੰਦੂਕਾਂ, ਕਿੰਨੀਆਂ ਤਲਵਾਰਾਂ, ਕਿੰਨੀਆਂ ਬਰਛੀਆਂ, ਕਿੰਨੇ ਨੇਜ਼ੇ ਅਤੇ ਕਿੰਨੇ ਦੂਜੇ ਹਥਿਆਰ ਹਨ। ਕਿਉਂਕਿ ਸਰਕਾਰ ਹਿੰਦ ਸਾਰੇ ਭਾਰਤ ਵਿਚ ਅਸਲਾ-ਸ਼ੁਮਾਰੀ ਕਰਨੀ ਚਾਹੁੰਦੀ ਸੀ। ਸਰਕਾਰ ਦੇ ਇਸ ਸਰਕੂਲਰ ਦੇ ਜੁਆਬ ਵਿਚ ਭਾਰਤ ਦੀ ਹਰ ਰਿਆਸਤ ਨੇ ਲੋੜੀਂਦੀ ਜਾਣਕਾਰੀ ਪਹੁੰਚਾਈ, ਪਰ ਮਹਾਰਾਜਾ ਨਾਭਾ ਨੇ ਇਸ ਦੇ ਜੁਆਬ ਵਿਚ ਲਿਖਿਆ ਕਿ ਤੁਸੀਂ ਇਕਰਾਰਨਾਮੇ ਦੀ ਕਿਹੜੀ ਧਾਰਾ ਅਨੁਸਾਰ ਇਹ ਪੁਛ ਕਰ ਰਹੇ ਹੋ ਅਤੇ ਅਜਿਹਾ ਪੁਛਣ ਦਾ ਤੁਹਾਨੂੰ ਕੀ ਅਧਿਕਾਰ ਹੈ। ਇਸ ਪਰਕਾਰ ਦੇ ਉਤਰ ਵਾਯੂਮੰਡਲ ਨੂੰ ਵਧੇਰੇ ਖ਼ਰਾਬ ਕਰਦੇ ਚਲੇ ਗਏ ਅਤੇ ਮਹਾਰਾਜਾ ਇਹ ਪਤਾ ਕਰਨ ਦੀ ਫ਼ਿਕਰ ਵਿਚ ਰਹਿੰਦੇ ਕਿ ਸਰਕਾਰ ਇਹਨਾਂ ਦੇ ਵਿਰੁਧ ਕੀ ਕੁਝ ਕਰ ਰਹੀ ਹੈ। ਇਸ ਪ੍ਰਕਾਰ ਮਹਾਰਾਜਾ ਨੇ ਪੁਲੀਟੀਕਲ ਡੀਪਾਰਟਮੈਂਟ ਦੇ ਦਫ਼ਤਰ ਵਿਚੋਂ ਆਪਣੇ ਬਾਰੇ ਸਾਰੇ ਸਮਾਂਚਾਰ ਜਾਨਣ ਲਈ ਪੁਲੀਟੀਕਲ ਡੀਪਾਰਟਮੈਂਟ ਦੇ ਕਈ ਵਡੇ ਅਫ਼ਸਰਾਂ ਅਤੇ ਕਲਰਕਾਂ ਨੂੰ ਭਾੜੇ ਤੇ



Digitized by Panjab Digital Library | www.panjabdigilib.org

ਖ਼ਰੀਦ ਰਖਿਆ ਸੀ। ਉਹਨਾਂ ਨੂੰ ਹਜ਼ਾਰਾਂ ਰੁਪਏ ਮਾਸਕ ਦਿਤੇ ਜਾਂਦੇ ਅਤੇ ਉਹ ਲੋਕ ਉਸ ਚਿਠੀ ਪੱਤ੍ਰਾਂ ਦੀਆਂ ਸਾਰੀਆਂ ਨਕਲਾਂ ਟਾਈਪ ਕਰਕੇ ਮਹਾਰਾਜਾ ਨੂੰ ਸਪਲਾਈ ਕਰਦੇ ਜੋ ਮਹਾਰਾਜਾ ਬਾਰੇ ਪੁਲੀਟੀਕਲ ਸਕੱਤ੍ਰ ਸਰਕਾਰ ਹਿੰਦ ਦੀ ਏਜੰਟ ਗਵਰਨਰ ਜਨਰਲ ਪੰਜਾਬ ਰਿਆਸਤਾਂ ਜਾਂ ਵਾਇਸਰਾਏ ਵਿਚਕਾਰ ਕਾਨਫ਼ੀਡੈਨਸ਼ਲ ਹੁੰਦੀ। ਮਹਾਰਾਜਾ ਇਹ ਤਮਾਮ ਨਕਲਾਂ ਅਤੇ ਕਾਗਜ਼ ਪੱਤ੍ਰ ਲਕੜੀ ਦੇ ਇਕ ਬਕਸੇ ਵਿਚ ਰਖਦੇ ਅਤੇ ਮਹਾਰਾਜਾ ਜਿਥੇ ਵੀ ਸਫ਼ਰ ਕਰਦੇ ਇਹ ਬਕਸ ਆਪਣੇ ਨਾਲ ਪੰਡਤ ਆਸਾ ਸਿੰਘ ਦੀ ਸਪੁਰਦਗੀ ਵਿਚ ਲੈ ਜਾਂਦੇ। ਇਸ ਪਰਕਾਰ ਉਸ ਜ਼ਮਾਨੇ ਵਿਚ ਇਹ ਬਕਸ ਵੀ ਮਹਾਰਾਜੇ ਦੇ ਨਾਲ ਸੀ ਜੋ ਪੰਡਤ ਆਸਾ ਸਿੰਘ ਦੀ ਸਪੁਰਦਗੀ ਵਿਚ ਉਹਨਾਂ ਦੇ ਤੰਬੂ ਵਿਚ ਰਹਿੰਦਾ।

ਰਿਆਸਤਾਂ ਦੇ ਰਾਜਿਆਂ, ਵੇਸ਼ਵਾਵਾਂ ਅਤੇ ਦੈਨਿਕ ਪਤ੍ਰਕਾਵਾਂ ਦੇ ਐਡੀਟਰਾਂ ਦੇ ਜੀਵਨ ਦਾ ਪ੍ਰੋਗਰਾਮ ਦੂਜੇ ਲੋਕਾਂ ਤੋਂ ਬਿਲਕੁਲ ਅਡਰਾ ਹੁੰਦਾ ਹੈ। ਦੁਨੀਆਂ ਸੌਂਦੀ ਹੈ ਤਾਂ ਇਹ ਜਾਗਦੇ ਹਨ। ਦੁਨੀਆਂ ਜਾਗਦੀ ਹੈ ਤਾਂ ਇਹ ਸੌਂਦੇ ਹਨ। ਮਹਾਰਾਜਾ ਨਾਭਾ ਵੀ ਦੂਜੇ ਰਾਜਿਆਂ ਵਾਂਗ ਸਵੇਰੇ ਦਸ ਵਜੇ ਜਾਗਦੇ, ਬਾਰਾਂ ਵਜੇ ਚਾਹ ਪੀਂਦੇ, ਦੋ ਵਜੇ ਖਾਣਾ ਖਾਂਦੇ, ਸ਼ਾਮ ਨੂੰ ਛੇ ਵਜੇ ਲੰਚ, ਰਾਤ ਨੂੰ ਦਸ ਵਜੇ ਸ਼ਾਮ ਦੀ ਚਾਹ ਅਤੇ ਰਾਤ ਨੂੰ ਦੋ ਵਜੇ ਡਿਨਰ ਖਾਣ ਪਿਛੋਂ ਤਿੰਨ ਵਜੇ ਬੈੱਡ ਰੂਮ ਵਿਚ ਜਾਂਦੇ। ਉਹ ਇਕ ਦਿਨ ਰਾਤ ਨੂੰ ਦੋ ਵਜੇ ਸੌਂ ਗਏ ਤਾਂ ਚਾਰ ਵਜੇ ਪੰਡਤ ਆਸਾ ਸਿੰਘ ਨੇ ਖ਼ਜ਼ਾਨਚੀ — ਜੋ ਕੈਂਪ ਵਿਚ ਨਾਲ ਰਹਿੰਦਾ ਸੀ — ਤੋਂ ਦੋ ਹਜ਼ਾਰ ਰੁਪਏ ਖ਼ਰਚੇ ਦੇ ਨਾਂ ਤੇ ਲਏ ਅਤੇ ਕਿਹਾ ਕਿ ਉਹ ਮਹਾਰਾਜਾ ਦੇ ਇਕ ਜ਼ਰੂਰੀ ਕੰਮ ਲਈ ਗਵਾਲੀਅਰ ਜਾ ਰਹੇ ਹਨ। ਇਸ ਤਰ੍ਹਾਂ ਉਹਨਾਂ ਨੇ ਇਕ ਟਾਂਗਾ ਮੰਗਵਾਇਆ। ਉਸ ਟਾਂਗੇ ਵਿਚ ਲਕੜੀ ਦਾ ਉਹ ਬਕਸ ਰਖਵਾਇਆ ਜਿਸ ਵਿਚ ਪੁਲੀਟੀਕਲ ਡੀਪਾਰਟਮੈਂਟ ਤੋਂ ਪ੍ਰਾਪਤ ਕੀਤੀਆਂ ਨਕਲਾਂ ਅਤੇ ਵੱਢੀ ਦੇ ਕੇ ਪ੍ਰਾਪਤ ਕੀਤੇ ਹੋਏ ਕਾਗਜ਼ ਸਨ। ਉਹਨਾਂ ਦੇ ਤੁਰਨ ਤੋਂ ਪਹਿਲਾਂ ਪਟਿਆਲੇ ਦੀਆਂ ਤੇਜ਼ ਰਫ਼ਤਾਰ ਮੋਟਰਾਂ ਇਸ ਕੋਠੀ ਤੋਂ ਕੁਝ ਵਿਥ ਤੇ ਹਾਜ਼ਰ ਸਨ। ਇਹ ਬਕਸ ਇਕ ਮੋਟਰ ਵਿਚ ਰਖਿਆ ਗਿਆ। ਪੰਡਤ ਜੀ ਵੀ ਬਹਿ ਗਏ ਅਤੇ ਇਹ ਮੋਟਰਾਂ ਪਟਿਆਲੇ ਲਈ ਚਲ ਪਈਆਂ। ਤੇਜ਼ ਮੋਟਰ ਦਿੱਲੀ ਤੋਂ ਪਟਿਆਲੇ ਚਹੁੰ ਘੰਟਿਆਂ ਵਿਚ ਪੁਚਾ ਸਕਦੀ ਹੈ। ਪੰਡਤ ਆਸਾ ਸਿੰਘ ਸਮੇਤ ਕਾਗਜ਼ਾਂ ਅਠ ਵਜੇ ਦੇ ਕਰੀਬ ਪਟਿਆਲੇ ਪਹੁੰਚ ਗਏ। ਦਸ ਵਜੇ ਦੇ ਕਰੀਬ ਮਹਾਰਾਜਾ ਨੀਂਦ ਤੋਂ ਜਾਗੇ। ਸ਼ੌਚ ਇਸ਼ਨਾਨ ਤੋਂ ਵਿਹਲੇ ਹੋਏ ਤਾਂ ਪੰਡਤ ਆਸਾ ਸਿੰਘ ਨੂੰ ਬੁਲਾਇਆ ਗਿਆ ਕਿਉਂਕਿ ਇਹ ਨੇਮ ਸੀ ਕਿ ਜਾਗਣ ਪਿਛੋਂ ਮਹਾਰਾਜੇ ਦਾ ਇਹ "ਇਤਬਾਰੀ" ਏ. ਡੀ. ਸੀ. ਹਰ ਰੋਜ਼ ਮਹਾਰਾਜਾ ਦੀ ਸੇਵਾ ਵਿਚ ਹਾਜ਼ਰ



Digitized by Panjab Digital Library | www.panjabdigilib.org

ਹੁੰਦਾ। ਮੁਲਾਜ਼ਮ ਪੰਡਤ ਆਸਾ ਸਿੰਘ ਨੂੰ ਬੁਲਾਉਣ ਗਿਆ ਤਾਂ ਪੰਡਤ ਜੀ ਆਪਣੇ ਤੰਬੂ ਵਿਚ ਨਹੀਂ ਸਨ। ਦੂਜਿਆਂ ਦਿਆਂ ਤੰਬੂਆਂ ਵਿਚ ਲਭਿਆ ਗਿਆ। ਉਥੇ ਵੀ ਨਾ ਮਿਲੇ। ਮਹਾਰਾਜਾ ਨੂੰ ਰੀਪੋਰਟ ਹੋਈ ਕਿ ਹਾਜ਼ਰ ਨਹੀਂ ਹਨ। ਮਹਾਰਾਜਾ ਨੇ ਜਾਤਾ ਕਿ ਸ਼ਾਇਦ ਏਥੇ ਹੀ ਕਿਤੇ ਹੋਣਗੇ। ਯਾਰਾਂ ਵਜ ਗਏ ਪੰਡਤ ਆਸਾ ਸਿੰਘ ਫਿਰ ਬੁਲਾਏ ਗਏ, ਪਰ ਉਹ ਫਿਰ ਵੀ ਨਾ ਮਿਲੇ। ਤਾਂ ਨਿਜੀ ਸਕੱਤ੍ਰ ਨੂੰ ਸਦਿਆ ਗਿਆ। ਨਿਜੀ ਸਕੱਤ੍ਰ ਸਰਦਾਰ ਗੁਰਦਿਆਲ ਸਿੰਘ ਸਨ। ਉਹਨਾਂ ਨੇ ਸਟਾਫ਼ ਦੇ ਦੂਜੇ ਲੋਕਾਂ ਤੋਂ ਪੁਛ ਕੀਤੀ ਤਾਂ ਖ਼ਜ਼ਾਨਚੀ ਨੇ ਦਸਿਆ ਕਿ ਸਵੇਰੇ ਚਾਰ ਵਜੇ ਦੋ ਹਜ਼ਾਰ ਰੁਪਏ ਲੈ ਕੇ ਗਵਾਲੀਅਰ ਗਏ ਹਨ ਅਤੇ ਉਹਨਾਂ ਨੇ ਆਪਣੇ ਨਾਲ ਇਕ ਬਕਸ ਵੀ ਟਾਂਗੇ ਵਿਚ ਰਖਵਾਇਆ ਸੀ। ਪੰਡਤ ਜੀ ਦੇ ਤੰਬੂ ਵਿਚ ਜਾ ਕੇ ਵੇਖਿਆ ਗਿਆ ਤਾਂ ਉਹ ਵੀ ਗੁੰਮ ਸੀ। ਹੁਣ ਫ਼ਿਕਰ ਪਿਆ ਕਿ ਮਹਾਰਾਜਾ ਨੇ ਤਾਂ ਪੰਡਤ ਜੀ ਨੂੰ ਕਿਤੇ ਭੇਜਿਆ ਨਹੀਂ। ਪੰਡਤ ਜੀ ਗਏ ਕਿਥੇ। ਮਹਾਰਾਜਾ ਦੀਆਂ ਮੋਟਰਾਂ ਪੰਡਤ ਦੀ ਭਾਲ ਵਿਚ ਨਿਕਲੀਆਂ। ਕੋਈ ਰੇਲਵੇ ਸਟੇਸ਼ਨ, ਕੋਈ ਵੁਡਲੈਂਡ ਹੋਟਲ ਵਿਚ ਤੇ ਕੋਈ ਦੂਜਿਆਂ ਹੋਟਲਾਂ ਵਿਚ। ਗਵਾਲੀਅਰ ਨੂੰ ਐਕਸਪ੍ਰੈਸ ਜਵਾਬੀ ਤਾਰ ਦਿਤੀ ਗਈ। ਉਥੋਂ ਅਗਿਆਨਤਾ ਦਾ ਉਤਰ ਆਇਆ।ਕਈ ਘੰਟਿਆਂ ਤਕ ਸੋਚ ਵਿਚਾਰ ਹੋਈ ਕਿ ਪੰਡਤ ਜੀ ਗਏ ਕਿਥੇ। ਆਖ਼ਰ ਕਈ ਘੰਟੇ ਸਲਾਹ ਕਰਨ ਉਪਰੰਤ ਫ਼ੈਸਲਾ ਹੋਇਆ ਕਿ ਪੁਲੀਸ ਵਿਚ ਰੀਪੋਰਟ ਦਿਤੀ ਜਾਏ। ਇਸ ਤਰ੍ਹਾਂ ਦੋ ਹਜ਼ਾਰ ਰੁਪਿਆ ਅਤੇ ਸਰਕਾਰੀ ਸਾਮਾਨ ਲੈ ਕੇ ਭਜ ਜਾਣ ਦੀ ਰੀਪੋਰਟ ਥਾਨੇ ਵਿਚ ਲਿਖਾਈ ਗਈ, ਪਰੰਤੂ ਪੜਤਾਲ ਹੋਵੇ ਤਾਂ ਕਿਥੇ ਅਤੇ ਕਰੇ ਤਾਂ ਕੌਣ। ਪੰਡਤ ਆਸਾ ਸਿੰਘ ਦੇ ਪਟਿਆਲਾ ਪੁਜਣ ਤੇ ਪੰਡਤ ਜੀ ਨੂੰ ਚਾਲ੍ਹੀ ਹਜ਼ਾਰ ਰੁਪਿਆ ਨਕਦ ਇਨਾਮ ਵਜੋਂ ਦਿਤਾ ਗਿਆ ਅਤੇ ਉਹਨਾਂ ਨੂੰ ਨਾਇਬ ਤਹਿਸੀਲਦਾਰ ਵੀ ਨੀਯਤ ਕੀਤਾ ਗਿਆ। ਜੋ ਸ਼ਾਇਦ ਮਗਰੋਂ ਉਥੇ ਤਰੱਕੀ ਕਰਕੇ ਤਹਿਸੀਲਦਾਰ ਵੀ ਹੋਏ।

ਪੰਡਤ ਆਸਾ ਸਿੰਘ ਵਾਲੇ ਬਕਸ ਨੂੰ ਸਰ ਦਯਾ ਕਿਸ਼ਨ ਕੌਲ ਪਰਧਾਨ ਮੰਤਰੀ ਪਟਿਆਲਾ ਦਿੱਲੀ ਲਿਆਏ। ਇਹ ਬਕਸ ਸਰ ਜਾਨ ਥਾਂਪਸਨ ਪੁਲੀਟੀਕਲ ਸਕੱਤ੍ਰ ਸਰਕਾਰ ਹਿੰਦ ਨੂੰ ਦਿਤਾ ਗਿਆ। ਸਰ ਜਾਨ ਨੇ ਸਾਰੇ ਕਾਗ਼ਜ਼ ਵੇਖੇ। ਕਾਗ਼ਜ਼ ਵੇਖਣ ਪਿਛੋਂ ਉਹ ਕਾਗਜ਼ਾਂ ਨੂੰ ਲਾਰਡ ਰੀਡਿੰਗ ਵਾਇਸਰਾਏ ਕੋਲ ਲੈ ਗਏ। ਲਾਰਡ ਰੀਡਿੰਗ ਨੇ ਸਾਰੇ ਕਾਗ਼ਜ਼ਾਂ ਨੂੰ ਵੇਖਿਆ ਤਾਂ ਉਹ ਉਨ੍ਹਾਂ ਚਿਠੀ ਪੱਤਰਾਂ ਦੀਆਂ ਨਕਲਾਂ ਸਨ ਜਿਹੜੀਆਂ ਮਹਾਰਾਜਾ ਨਾਭਾ ਬਾਰੇ ਵਾਇਸਰਾਏ ਅਤੇ ਪੁਲੀਟੀਕਲ ਸਕੱਤ੍ਰ ਸਰਕਾਰ ਹਿੰਦ ਜਾਂ ਪੁਲੀਟੀਕਲ ਸਕੱਤ੍ਰ ਹਿੰਦ ਅਤੇ ਏਜੰਟ ਗਵਰਨਰ ਜਨਰਲ ਪੰਜਾਬ ਰਿਆਸਤਾਂ ਵਿਚਕਾਰ ਹੋਈ ਸੀ



Digitized by Panjab Digital Library | www.panjabdigilib.org

ਅਤੇ ਬਿਲਕੁਲ ਹੀ ਕਾਨਫ਼ੀਡੈਂਸ਼ਲ ਸਨ। ਲਾਰਡ ਰੀਡਿੰਗ ਨੇ ਇਹਨਾਂ ਕਾਗ਼ਜ਼ਾਂ ਨੂੰ ਵੇਖ ਕੇ ਹੈਰਾਨੀ ਨਾਲ ਆਪਣੇ ਹਥ ਦੀ ਉਂਗਲੀ ਦੰਦਾਂ ਹੇਠ ਲੈ ਲਈ ਅਤੇ ਸਰ ਜਾਨ ਥਾਂਪਸਨ ਨੂੰ ਮਹਾਰਾਜਾ ਬਾਰੇ ਹੁਕਮ ਦੇਂਦਿਆਂ ਹੋਇਆਂ ਕਿਹਾ :

"ਇਸ ਆਦਮੀ ਦੇ ਹਥੋਂ ਸਰਕਾਰ ਹਿੰਦ ਦਾ ਕਾਨਫ਼ੀਡੈਂਸ਼ਲ ਰੀਕਾਰਡ ਵੀ ਸੁਰੱਖਿਅਤ ਨਹੀਂ। ਇਸ ਆਦਮੀ ਨੂੰ ਜ਼ਰੂਰ ਹੀ ਖ਼ਤਮ ਕੀਤਾ ਜਾਏ ਅਤੇ ਝਬਦੇ ਗੱਦੀ ਤੋਂ ਲਾਹਿਆ ਜਾਏ।"

ਇਸ ਘਟਨਾ ਤੋਂ ਪਹਿਲਾਂ ਨਾਭੇ ਅਤੇ ਪਟਿਆਲੇ ਵਿਚਕਾਰ ਮੁਕੱਦਮਾ-ਬਾਜ਼ੀ ਚਾਲੂ ਸੀ। ਲਖਨਊ ਚੀਫ਼ ਕੋਰਟ ਦੇ ਇਕ ਜੱਜ ਜਸਟਿਸ ਸਟੂਵਾਰਟ ਅੰਬਾਲੇ ਵਿਚ ਮੁਕੱਦਮੇ ਦੀ ਸੁਣਾਈ ਕਰ ਰਹੇ ਸਨ। ਨਾਭੇ ਵਲੋਂ ਮਿਸਟਰ ਐਡਰਲੀ ਨਾਰਟਨ, ਸਰ ਅਲੀ ਅਮਾਮ, ਮਿਸਟਰ ਹਸਨ ਅਮਾਮ ਅਤੇ ਸਰਦਾਰ ਬਹਾਦਰ ਭਗਵਾਨ ਸਿੰਘ — ਜਿਹੜੇ ਅਜ ਕਲ ਅਜਮੇਰ ਵਿਚ ਵਕਾਲਤ ਕਰਦੇ ਹਨ — ਆਦਿ ਅਤੇ ਪਟਿਆਲੇ ਵਲੋਂ ਕਲਕੱਤੇ ਦੇ ਮਿਸਟਰ ਸੇਨ ਅਤੇ ਅਧੀ ਦਰਜਨ ਦੂਜੇ ਵਡੇ ਵਡੇ ਵਕੀਲ — ਮੈਨੂੰ ਨਾਂ ਯਾਦ ਨਹੀਂ ਰਹੇ ਮੇਰਾ ਖ਼ਿਆਲ ਹੈ ਡਾਕਟਰ ਸਪਰੂ ਵੀ ਸਨ — ਪੈਰਵਾਈ ਕਰ ਰਹੇ ਸਨ। ਵਕੀਲਾਂ ਦੀ ਫ਼ੀਸ ਅਤੇ ਦੂਜੇ ਖ਼ਰਚਾਂ ਲਈ ਕਰੰਸੀ ਨੋਟਾਂ ਨਾਲ ਭਰੀਆਂ ਹੋਈਆਂ ਲਾਰੀਆਂ ਨਾਭੇ ਅਤੇ ਪਟਿਆਲੇ ਤੋਂ ਅੰਬਾਲੇ ਲਿਆਂਦੀਆਂ ਜਾਂਦੀਆਂ। ਸ਼ਾਇਦ ਹੀ ਕੋਈ ਗਵਾਹ ਅਜਿਹਾ ਹੋਵੇਗਾ ਜਿਸ ਨੂੰ ਦਸ ਹਜ਼ਾਰ ਤੋਂ ਘਟ ਵੱਢੀ ਦਿਤੀ ਜਾਂਦੀ। ਕਈਆਂ ਗਵਾਹਾਂ ਨੂੰ ਤਾਂ ਕੇਵਲ ਹਾਂ ਦੀ ਥਾਂ ਨਾਂਹ ਕਹਿਣ ਲਈ ਪੰਝੀ ਪੰਝੀ ਅਤੇ ਪੰਜਾਹ ਪੰਜਾਹ ਹਜ਼ਾਰ ਰੁਪਏ ਵੱਢੀ ਦਿਤੀ ਗਈ। ਨਾਭੇ ਅਤੇ ਪਟਿਆਲੇ ਦੀ ਪਰਜਾ ਦਾ ਮੁੜ੍ਹਕਾ ਵਹਾ ਕੇ ਪੈਦਾ ਕੀਤਾ ਹੋਇਆ ਰੁਪਿਆ ਮੁਕੱਦਮੇ ਦੇ ਨਾਂ ਤੇ ਵਕੀਲਾਂ ਅਤੇ ਗਵਾਹਾਂ ਦੇ ਖੀਸਿਆਂ ਵਿਚ ਗਿਆ। ਅਜੇ ਜਸਟਿਸ ਸਟੂਵਾਰਟ ਦਾ ਫ਼ੈਸਲਾ ਨਹੀਂ ਹੋਇਆ ਸੀ ਕਿ ਮਹਾਰਾਜਾ ਨਾਭਾ ਨੂੰ ਸਰਕਾਰ ਹਿੰਦ ਨੇ ਨੋਟਸ ਦੇ ਦਿਤਾ ਕਿ ਜਾਂ ਤਾਂ ਆਪਣੇ ਆਪ ਗੱਦੀ ਤੋਂ ਵੰਚਿਤ ਹੋ ਜਾਓ ਨਹੀਂ ਤਾਂ ਅਪਰਾਧਾਂ ਲਈ ਉਵੇਂ ਹੀ ਖੁਲ੍ਹੀ ਅਦਾਲਤ ਵਿਚ ਮੁਕੱਦਮਾ ਚਲਾ ਕੇ ਸਜ਼ਾ ਦਿਤੀ ਜਾਏਗੀ ਜਿਵੇਂ ਸਧਾਰਨ ਅਪਰਾਧੀਆਂ ਨੂੰ ਦਿਤੀ ਜਾਂਦੀ ਹੈ। ਮਹਾਰਾਜਾ ਗੱਦੀ ਤੋਂ ਵੰਚਿਤ ਹੋ ਗਏ। ਪੁਲੀਟੀਕਲ ਡੀਪਾਰਟਮੈਂਟ ਦੇ ਉਹਨਾਂ ਮੁਲਾਜ਼ਮਾਂ ਤੇ ਭੇਤ ਪਰਗਟ ਕਰਨ ਦੇ ਅਪਰਾਧ ਵਿਚ ਮੁਕੱਦਮਾਂ ਚਲਿਆ ਜਿਨ੍ਹਾਂ ਨੇ ਆਪਣੇ ਦਫ਼ਤਰ ਦੇ ਕਾਗ਼ਜ਼ਾਂ ਦੀਆਂ ਨਕਲਾਂ ਮਹਾਰਾਜੇ ਨੂੰ ਸਪਲਾਈ ਕੀਤੀਆਂ ਸਨ। ਇਸ ਮੁਕੱਦਮੇ ਵਿਚ ਸਰਦਾਰ ਗੁਰਦਿਆਲ ਸਿੰਘ ਨਿਜੀ ਸਕੱਤ੍ਰ ਮਹਾਰਾਜਾ ਨਾਭਾ ਅਤੇ ਬਦੇਸ਼ ਮੰਤ੍ਰੀ ਰਿਆਸਤ ਨਾਭਾ ਸਰਕਾਰੀ ਗਵਾਹ ਦੇ ਤੌਰ ਤੇ



Digitized by Panjab Digital Library | www.panjabdigilib.org

ਪੇਸ਼ ਹੋਏ। ਜਿਨ੍ਹਾਂ ਨੇ ਬਿਆਨ ਦਿਤਾ ਕਿ ਉਹ ਇਹਨਾਂ ਲੋਕਾਂ ਤੋਂ ਕਾਗ਼ਜ਼ ਲੈ ਕੇ ਮਹਾਰਾਜਾ ਨਾਭਾ ਨੂੰ ਦਿੰਦੇ ਰਹੇ। ਅਪਰਾਧੀਆਂ ਨੂੰ ਦੋ ਦੋ ਤਿੰਨ ਤਿੰਨ ਸਾਲ ਕੈਦ ਸਖ਼ਤ ਦਾ ਡੰਡ ਮਿਲਿਆ ਅਤੇ ਨੌਕਰੀਆਂ ਤੋਂ ਹਟਾਏ ਗਏ।

ਇਹਨਾਂ ਘਟਨਾਵਾਂ ਤੋਂ ਕਈ ਵਰ੍ਹੇ ਪਿਛੋਂ ਜਦ ਮਹਾਰਾਣੀ ਨਾਭਾ ਵਰਤਮਾਨ ਮਹਾਰਾਜਾ ਅਤੇ ਆਪਣੇ ਦੂਜੇ ਬੱਚਿਆਂ ਨੂੰ ਲੈ ਕੇ ਵਾਪਸ ਆਪਣੀ ਰਿਆਸਤ ਨਾਭੇ ਚਲੀ ਗਈ ਤਾਂ ਇਕ ਦਿਨ ਪੰਡਤ ਆਸਾ ਸਿੰਘ ਐਡੀਟਰ "ਰਿਆਸਤ" ਨੂੰ ਮਿਲਣ ਲਈ ਦਫ਼ਤਰ "ਰਿਆਸਤ" ਵਿਚ ਤਸ਼ਰੀਫ਼ ਲਿਆਏ। ਉਹਨਾਂ ਵਿਚਾਰਿਆਂ ਨੂੰ ਇਹ ਭਰਮ ਸੀ ਜਾਂ ਉਹਨਾਂ ਕਿਸੇ ਤੋਂ ਸੁਣਿਆ ਸੀ ਕਿ ਮਹਾਰਾਣੀ ਨਾਭਾ ਤੇ ਦੀਵਾਨ ਸਿੰਘ ਦਾ ਬੜਾ ਪ੍ਰਭਾਵ ਹੈ ਅਤੇ ਦੀਵਾਨ ਸਿੰਘ ਜੋ ਰਾਏ ਦੇਵੇ ਮਹਾਰਾਣੀ ਉਹਨੂੰ ਸਵੀਕਾਰ ਕਰ ਲੈਂਦੀ ਹੈ। ਪੰਡਤ ਆਸਾ ਸਿੰਘ ਜਦ ਤਸ਼ਰੀਫ਼ ਲਿਆਏ ਤਾਂ ਉਹੀ ਨਿਮਰ ਭਾਵ ਅਤੇ ਉਹੀ ਰਿਆਸਤੀਆਂ ਵਰਗਾ ਹਥ ਜੋੜ ਜੋੜ ਗਲਾਂ ਕਰਨਾ। ਸਾਹਬ ਸਲਾਮ ਪਿਛੋਂ ਗਲਾਂ ਹੋਈਆਂ ਤਾਂ ਉਹਨਾਂ ਇੱਛਾ ਪ੍ਰਗਟ ਕੀਤੀ ਕਿ ਕਿਉਂਕਿ ਮਹਾਰਾਣੀ ਨਾਭਾ ਹੁਣ ਨਾਭੇ ਚਲੀ ਗਈ ਹੈ ਅਤੇ ਉਹਨਾਂ ਨੂੰ ਸਰਬ ਅਧਿਕਾਰ ਪ੍ਰਾਪਤ ਹਨ ਅਤੇ ਮਹਾਰਾਣੀ ਦੇ ਦਿਲ ਵਿਚ ਐਡੀਟਰ "ਰਿਆਸਤ" ਲਈ ਬੜਾ ਸਤਿਕਾਰ ਹੈ। ਮਹਾਰਾਣੀ ਨੂੰ ਐਡੀਟਰ "ਰਿਆਸਤ" ਇਹ ਆਖੇ ਕਿ ਪੰਡਤ ਆਸਾ ਸਿੰਘ ਨਾਭਾ ਦੇ ਸ਼ਾਹੀ ਪਰਵਾਰ ਦੇ ਉਵੇਂ ਤਿਵੇਂ ਵਫ਼ਾਦਾਰ ਹਨ ਅਤੇ ਉਹਨਾਂ ਨੇ ਧਰੋਹ ਨਹੀਂ ਕੀਤਾ ਐਵੇਂ ਭੁਲੇਖਾ ਪਿਆ ਹੈ ਜਿਹੜਾ ਦੂਰ ਹੋ ਜਾਣਾ ਚਾਹੀਦਾ ਹੈ। ਮੈਂ ਪੰਡਤ ਆਸਾ ਸਿੰਘ ਤੋਂ ਜਦ ਇਹ ਸੁਣਿਆ ਤਾਂ ਹੈਰਾਨ ਰਹਿ ਗਿਆ ਕਿ ਦੁਨੀਆਂ ਵਿਚ ਕਿੰਨੇ ਵਡੇ ਆਪਾ ਭੁਲਾਊ ਲੋਕ ਹਾਜ਼ਰ ਹਨ ਜਿਹੜੇ ਆਪਣੇ ਆਪ ਨੂੰ ਧੋਖਾ ਦਿੰਦੇ ਹੋਏ ਆਪ ਵੀ ਮੂਰਖ ਬਣਦੇ ਹਨ ਅਤੇ ਦੂਜਿਆਂ ਨੂੰ ਵੀ ਮੂਰਖ ਬਣਾਉਣ ਦਾ ਅਸਫ਼ਲ ਜਤਨ ਕਰਦੇ ਹਨ। ਮੈਂ ਪੰਡਤ ਜੀ ਨੂੰ ਕਿਹਾ ਕਿ ਪੰਡਤ ਜੀ ਇਹ ਸੱਚ ਹੈ ਕਿ ਮੇਰਾ ਮਹਾਰਾਣੀ ਤੇ ਕੋਈ ਪਰਭਾਵ ਨਹੀਂ ਅਤੇ ਜੇਕਰ ਕੋਈ ਪ੍ਰਭਾਵ ਹੁੰਦਾ ਵੀ ਤਾਂ ਮੈਂ ਤੁਹਾਡੇ ਬਾਰੇ ਕੁਝ ਕਹਿਣ ਲਈ ਤਿਆਰ ਨਹੀਂ ਸਾਂ ਕਿਉਂਕਿ ਮੈਂ ਤੁਹਾਡੇ ਸਾਰਿਆਂ ਹਾਲਾਂ ਤੋਂ ਚੰਗੀ ਤਰ੍ਹਾਂ ਜਾਣੂ ਹਾਂ ਅਤੇ ਮਹਾਰਾਣੀ ਆਪ ਵੀ ਜਾਣਦੀ ਹੈ। ਇਹ ਕਿਵੇਂ ਸੰਭਵ ਹੈ ਕਿ ਅਸੀਂ ਦੋਵੇਂ ਹੀ ਆਪਣੇ ਦਿਮਾਗ ਨੂੰ ਭੁਲਾ ਕੇ ਇਹ ਜਾਣ ਜਾਈਏ ਕਿ ਤੁਸਾਂ ਮਹਾਰਾਜਾ ਨਾਲ ਧਰੋਹ ਨਹੀਂ ਕੀਤਾ। ਤੁਹਾਡਾ ਸਾਨੂੰ ਦੋਹਾਂ ਨੂੰ ਮੂਰਖ ਜਾਣਨਾ ਇਸ ਗਲ ਦੀ ਦਲੀਲ ਹੈ ਕਿ ਤੁਸੀਂ ਆਪ ਆਪਣੇ ਆਪ ਨੂੰ ਧੋਖਾ ਦੇ ਰਹੇ ਹੋ। ਮੇਰੀ ਤਾਂ ਇਹ ਰਾਏ ਹੈ ਕਿ ਤੁਸੀਂ ਕਦੇ ਵੀ ਇਹ ਜਤਨ ਨਾ ਕਰੋ ਕਿ ਸਚਾਈ ਨੂੰ ਭੁਲੇਖਾ ਆਖ



Digitized by Panjab Digital Library | www.panjabdigilib.org

ਤੇ ਉਸ ਨੂੰ ਦੂਰ ਕਰਨ ਦਾ ਨਿਸਫਲ ਜਤਨ ਕਰੋ। ਇਸ ਵਿਚ ਸਫਲਤਾ ਅਸੰਭਵ ਹੈ। ਤੁਹਾਡੇ ਕਹੇ ਅਨੁਸਾਰ ਇਸ ਦਾ ਭੇਡ ਇਹੋ ਬਥੇਰਾ ਹੈ ਕਿ ਪਟਿਆਲੇ ਵਿਚ ਲੋਕੀਂ ਤੁਹਾਨੂੰ ਧਰੋਹੀ ਸਮਝਦੇ ਹੋਏ ਤੁਹਾਥੋਂ ਘ੍ਰਿਣਾ ਕਰਦੇ ਹਨ ਅਤੇ ਤੁਹਾਡੇ ਮਿੱਤਰਾਂ ਦੇ ਹਿਰਦੇ ਵਿਚ ਵੀ ਤੁਹਾਡੇ ਲਈ ਸਤਿਕਾਰ ਨਹੀਂ।

ਮੈਨੂੰ ਪਤਾ ਨਹੀਂ ਕਿ ਪੰਡਤ ਆਸਾ ਸਿੰਘ ਅਜ ਕਲ ਰਿਆਸਤ ਪਟਿਆਲਾ ਵਿਚ ਨੌਕਰ ਹਨ ਜਾਂ ਨਹੀਂ ਅਤੇ ਜੀਊਂਦੇ ਹਨ ਕਿ ਜਾਂ ਮਰ ਚੁਕੇ ਹਨ, ਪਰ ਅਦਭੁਤ ਬਕਸੇ ਕੀ ਇਹ ਘਟਨਾ ਰਿਆਸਤ ਨਾਭਾ ਅਤੇ ਪਟਿਆਲਾ ਦੋਹਾਂ ਦੀ ਤਵਾਰੀਖ਼ ਵਿਚ ਵਿਸ਼ੇਸ਼ਤਾ ਰਖਦੀ ਹੈ ਜਿਸ ਦੇ ਕਾਰਨ ਵਾਇਸਰਾਏ ਨੇ ਮਹਾਰਾਜਾ ਨਾਭਾ ਨੂੰ ਗੱਦੀਉਂ ਲਾਹੁਣ ਦਾ ਪੱਕਾ ਫ਼ੈਸਲਾ ਕੀਤਾ।

## ਮਾਰਸ਼ਲ ਲਾਅ ਦਾ ਜ਼ਮਾਨਾ

ਮੈਂ ਲਾਹੌਰ ਵਿਚ ਲਾਲਾ ਸ਼ਾਮ ਲਾਲ ਕਪੂਰ ਦੇ ਰੋਜ਼ਾਨਾ ਅਖ਼ਬਾਰ ਵਿਚ ਕੰਮ ਕਰਦਾ ਸਾਂ। ਇਸ ਤੋਂ ਇਲਾਵਾ ਕੁਝ ਸਮਾਂ ਸਪਤਾਹਕ "ਹਿੰਦੂ" — ਜਿਸ ਨੂੰ ਇਕ ਪੰਡਤ ਜੀ ਕਢਦੇ ਸਨ। ਇਹ ਪੰਡਤ ਜੀ ਅਜ ਕਲ ਸ਼ਾਇਦ ਹਰਦੁਆਰ ਵਿਚ ਇਕ ਸੰਨਿਆਸੀ ਦੇ ਤੌਰ ਤੇ ਜੀਵਨ ਬਤੀਤ ਕਰਦੇ ਹਨ ਅਤੇ ਹੁਣ ਵੀ ਕਦੇ ਕਦੇ ਅਖ਼ਬਾਰ ਕਢ ਲੈਂਦੇ ਹਨ — ਅਤੇ ਇਕ ਹੋਰ ਦੂਜੇ ਅਖ਼ਬਾਰ ਵਿਚ ਵੀ ਕੁਝ ਸਮਾਂ ਦਿੰਦਾ ਸਾਂ ਤਾਕਿ ਮੇਰਾ ਝਟ ਸੁਖਾਲਾ ਲੰਘ ਸਕੇ। ਲਾਹੌਰ ਵਿਚ ਖ਼ਬਰ ਪੁਜੀ ਕਿ ਮਹਾਤਮਾ ਗਾਂਧੀ ਬੰਬਈ ਤੋਂ ਪੰਜਾਬ ਆਉਂਦਿਆਂ ਹੋਇਆਂ ਰੇਲਵੇ ਸਟੇਸ਼ਨ ਪਲੌਲ — ਪਲੌਲ ਦਿੱਲੀ ਦੇ ਕੋਲ ਹੈ ਅਤੇ ਏਥੋਂ ਜ਼ਿਲ੍ਹਾ ਗੁੜਗਾਵਾਂ (ਪੰਜਾਬ) ਦਾ ਪ੍ਰਾਂਤ ਅਰੰਭ ਹੁੰਦਾ ਹੈ — ਤੇ ਗ੍ਰਿਫ਼ਤਾਰ ਕਰ ਲੀਤੇ ਗਏ ਹਨ। ਮਹਾਤਮਾ ਗਾਂਧੀ ਦੀ ਗ੍ਰਿਫ਼ਤਾਰੀ ਦੀ ਖ਼ਬਰ ਅੱਗ ਵਾਂਗ ਸਾਰੇ ਸੂਬੇ ਵਿਚ ਖਿਲਰ ਗਈ। ਲਾਹੌਰ ਸ਼ਹਿਰ ਵਿਚ ਸਭ ਦੁਕਾਨਾਂ ਬੰਦ, ਪੰਜ ਪੰਜ ਸਤ ਸਤ ਹਜ਼ਾਰ ਦਾ ਇਕੱਠ ਥਾਂ ਥਾਂ। ਬਾਜ਼ਾਰ ਦਾ ਸਾਰਾ ਕੰਮ ਧੰਦਾ ਠਪ ਅਤੇ ਮਹਾਤਮਾ ਗਾਂਧੀ ਜ਼ਿੰਦਾਬਾਦ ਦੇ ਨਾਹਰੇ। ਮੈਨੂੰ ਖ਼ਬਰ ਮਿਲੀ ਕਿ ਸ਼ਾਹੀ ਮਸਜਿਦ ਵਿਚ ਮਹਾਤਮਾ ਗਾਂਧੀ ਦੀ ਗ੍ਰਿਫ਼ਤਾਰੀ ਵਿਰੁਧ ਰੋਸ ਵਜੋਂ ਜਲਸਾ ਹੋਏਗਾ। ਮੈਂ ਵੀ ਅਖ਼ਬਾਰ ਲਈ ਰੀਪੋਰਟ ਲੈਣ ਸ਼ਾਹੀ ਮਸਜਿਦ ਵਿਚ ਗਿਆ ਅਤੇ ਜਿਸ ਥਾਂ ਤਕਰੀਰਾਂ ਹੋਣੀਆਂ ਸਨ ਉਹਦੇ ਬਿਲਕੁਲ ਨੇੜੇ ਕਰਕੇ ਬਹਿ ਗਿਆ। ਤਕਰੀਰਾਂ ਅਰੰਭ ਹੋਈਆਂ। ਹਿੰਦੂਆਂ ਅਤੇ ਮੁਸਲਮਾਨਾਂ ਦੇ ਲੀਡਰਾਂ ਨੇ ਹਿੰਦੂ ਮੁਸਲਿਮ ਏਕਾ,



Digitized by Panjab Digital Library | www.panjabdigilib.org

ਮਹਾਤਮਾ ਗਾਂਧੀ ਦੀ ਗ੍ਰਿਫ਼ਤਾਰੀ ਅਤੇ ਅੰਗਰੇਜ਼ ਦੇ ਅਨਿਆਂ ਤੇ ਤਕਰੀਰਾਂ ਕੀਤੀਆਂ। ਮੈਂ ਕਾਗਜ਼ ਦੀਆਂ ਸਲਿੱਪਾਂ ਤੇ ਪੈਂਸਲ ਨਾਲ ਅਖ਼ਬਾਰ ਲਈ ਨੋਟ ਲੈਣੇ ਸ਼ੁਰੂ ਕੀਤੇ ਤਾਂ ਕੋਲ ਬੈਠੇ ਇਕ ਆਦਮੀ ਨੇ ਮੈਨੂੰ ਸ਼ੱਕੀ ਨਜ਼ਰਾਂ ਨਾਲ ਵੇਂਹਦਿਆਂ ਹੋਇਆਂ ਆਖਿਆ ਕਿ ਇਹ ਕੀ ਲਿਖ ਰਹੇ ਹੋ। ਮੈਂ ਕਿਹਾ ਅਖ਼ਬਾਰ ਲਈ ਤਕਰੀਰ ਲਿਖ ਰਿਹਾ ਹਾਂ। ਉਹ ਆਦਮੀ ਮੇਰਾ ਉੱਤਰ ਸੁਣ ਕੇ ਚੁਪ ਤਾਂ ਹੋ ਗਿਆ, ਪਰ ਉਸ ਦੇ ਚਿਹਰੇ ਤੇ ਅੱਖਾਂ ਤੋਂ ਪ੍ਰਤੀਤ ਹੁੰਦਾ ਸੀ ਉਸ ਨੂੰ ਮੇਰੇ ਉੱਤਰ ਤੋਂ ਤਸੱਲੀ ਨਹੀਂ ਹੋਈ ਅਤੇ ਮੈਨੂੰ ਸ਼ਾਇਦ ਸੀ. ਆਈ. ਡੀ. ਦਾ ਬੰਦਾ ਸਮਝਦਾ ਹੈ। ਮੈਂ ਖ਼ਿਆਲ ਕੀਤਾ ਕਿ ਇਸ ਸਮੇਂ ਲੋਕ ਰਾਜ ਹੈ ਅਤੇ ਹਰ ਮਨੁਖ ਤੇ ਲੀਡਰ ਸ੍ਵੈ-ਅਧਿਕਾਰੀ ਹੈ। ਲੋਕ ਜੋਸ਼ ਅਤੇ ਗੁੱਸੇ ਵਿਚ ਹਨ ਕਿਤੇ ਅਜਿਹਾ ਨਾ ਹੋਵੇ ਕਿ ਸ਼ੱਕ ਹੀ ਸ਼ੱਕ ਵਿਚ ਕੋਈ ਮੇਰੇ ਤੇ ਧਾਵਾ ਬੋਲ ਦੇਵੇ ਅਤੇ ਭੂੰਗੇ ਵਿਚ ਹੀ ਆਪਣੀ ਚਟਨੀ ਕਰਵਾ ਬਹਾਂ। ਮੈਂ ਸਲਿੱਪਾਂ ਤੇ ਪੈਂਸਲ ਆਪਣੇ ਖੀਸੇ ਵਿਚ ਪਾ ਲਈਆਂ ਅਤੇ ਤਕਰੀਰਾਂ ਸੁਣਨ ਲਗ ਪਿਆ ਤਾਕਿ ਮਗਰੋਂ ਮੈਂ ਆਪਣੀ ਯਾਦ ਸ਼ਕਤੀ ਦਵਾਰਾ ਇਹਨਾਂ ਨੂੰ ਅੰਕਿਤ ਕਰ ਲਵਾਂਗਾ।

ਹਿੰਦੂਆਂ ਤੇ ਮੁਸਲਮਾਨਾਂ ਦੇ ਲੀਡਰ ਸਪੀਚਾਂ ਕਰ ਰਹੇ ਸਨ ਤਾਂ ਮੈਨੂੰ ਕੁਝ ਸ਼ਰਮ ਜਿਹੀ ਅਨੁਭਵ ਹੋਈ ਕਿ ਇਹਨਾਂ ਸਪੀਚਾਂ ਕਰਨ ਵਾਲਿਆਂ ਵਿਚ ਸਿਖ ਇਕ ਵੀ ਨਹੀਂ, ਜਿਸ ਦਾ ਮਤਲਬ ਇਹ ਹੈ ਕਿ ਸਿਖ ਇਸ ਕੌਮੀ ਲਹਿਰ ਵਿਚ — ਜਿਸ ਨੂੰ ਲੋਕ ਮੁਲਕੀ ਵਿਦਰੋਹ ਸਮਝਦੇ ਸਨ — ਭਾਗ ਨਹੀਂ ਲੈ ਰਹੇ। ਮੇਰੇ ਬਿਲਕੁਲ ਨੇੜੇ ਮਾਸਟਰ ਮੋਤਾ ਸਿੰਘ ਬੀ. ਏ. — ਇਹ ਬਜ਼ੁਰਗ ਜੰਗ ਤੋਂ ਪਹਿਲਾਂ ਦਸ ਪੰਦਰਾਂ ਵਰ੍ਹੇ ਜੇਲ੍ਹ ਵਿਚ ਰਹੇ ਅਤੇ ਜੰਗ ਅਰੰਭ ਹੁੰਦਿਆਂ ਹੀ ਫੇਰ ਗ੍ਰਿਫ਼ਤਾਰ ਕਰ ਲਏ ਗਏ। ਸੁਰਗਵਾਸੀ ਕਿੰਗ ਨਾਦਰ ਖਾਨ ਦੇ ਬੜੇ ਡੂੰਘੇ ਮਿੱਤਰ ਸਨ। ਕਈ ਵਾਰ ਰੂਸ ਅਤੇ ਅਫ਼ਗਾਨਿਸਤਾਨ ਗਏ। ਸਪੀਚ ਕਰਨ ਦੇ ਲਿਹਾਜ਼ ਨਾਲ ਮੇਰਾ ਵਿਚਾਰ ਹੈ ਕਿ ਦੇਸ ਵਿਚ ਬਹੁਤ ਘਟ ਆਦਮੀ ਇਹਨਾਂ ਦੀ ਪੱਧਰ ਤੇ ਉਤਰ ਸਕਦੇ ਹਨ — ਬੈਠੇ ਸਨ। ਮੇਰੇ ਮਿੱਤਰ ਸਨ। ਮੈਂ ਉਹਨਾਂ ਨੂੰ ਕਿਹਾ ਕਿ ਮਾਸਟਰ ਜੀ ਤੁਸੀਂ ਸਿਖਾਂ ਦੇ ਪ੍ਰਤੀਨਿਧ ਦੇ ਤੌਰ ਤੇ ਤਕਰੀਰ ਕਰੋ। ਸਿਖਾਂ ਵਲੋਂ ਇਸ ਲਹਿਰ ਵਿਚ ਸਮਿਲਤ ਨਾ ਹੋਣਾ ਬੜੀ ਸ਼ਰਮ ਦੀ ਗਲ ਹੈ। ਮਾਸਟਰ ਜੀ ਨੇ ਨਾਂਹ ਕੀਤੀ ਅਤੇ ਕਿਹਾ ਕਿ ਉਹ ਸ਼ਾਮ ਦੀ ਗੱਡੀ ਚੜ੍ਹ ਕੇ ਅਗਲੀ ਸਵੇਰ ਭਸੌੜ — ਰਿਆਸਤ ਪਟਿਆਲਾ — ਜਿਥੇ ਕਿ ਉਹ ਹਾਈ ਸਕੂਲ ਦੇ ਹੈੱਡ ਮਾਸਟਰ ਸਨ ਜ਼ਰੂਰ ਪਹੁੰਚਣਾ ਚਾਹੁੰਦੇ ਹਨ ਕਿਉਂਕਿ ਜ਼ਰੂਰੀ ਕੰਮ ਹੈ। ਮੈਂ ਉਹਨਾਂ ਦੇ ਬਹਾਨੇ ਨੂੰ ਟਾਲਮਟੋਲ ਸਮਝਦਿਆਂ ਫੇਰ ਜ਼ੋਰ ਦਿਤਾ। ਮਾਸਟਰ ਜੀ ਨੇ ਫੇਰ ਨਾਂਹ ਕੀਤੀ ਤਾਂ ਮੈਥੋਂ



Digitized by Panjab Digital Library | www.panjabdigilib.org

ਰਿਹਾ ਨਾ ਗਿਆ। ਇਕ ਦੂਸਰੇ ਨੇਤਾ ਤਕਰੀਰ ਮੁਕਾ ਚੁਕੇ ਤਾਂ ਮੈਂ ਖੜਿਆਂ ਹੋ ਕੇ ਐਲਾਨ ਕਰ ਦਿਤਾ ਕਿ ਹੁਣ ਸਿਖਾਂ ਵਲੋਂ ਸਿਖਾਂ ਦੇ ਨੇਤਾ ਮਾਸਟਰ ਮੋਤਾ ਸਿੰਘ ਜੀ ਤਕਰੀਰ ਕਰਨਗੇ। ਇਸ ਐਲਾਨ ਪਿਛੋਂ ਮਾਸਟਰ ਜੀ ਨੂੰ ਮਜਬੂਰ ਹੋ ਕੇ ਉਠਣਾ ਪਿਆ। ਪੰਜਾਬ ਦੇ ਹਿੰਦੂ ਅਤੇ ਮੁਸਲਮਾਨ ਵੀ ਮਾਸਟਰ ਜੀ ਦੇ ਨਾਂ ਅਤੇ ਉਹਨਾਂ ਦੇ ਜੇਲ੍ਹਾਂ ਦੇ ਜੀਵਨ ਤੋਂ ਜਾਣੂ ਸਨ। ਅਲਾ ਹੂ ਅਕਬਰ, ਮਹਾਤਮਾ ਗਾਂਧੀ ਦੀ ਜੈ ਅਤੇ ਮਾਸਟਰ ਮੋਤਾ ਸਿੰਘ ਜ਼ਿੰਦਾਬਾਦ ਦੇ ਨਾਹਰੇ ਲਗੇ। ਮਾਸਟਰ ਜੀ ਨੇ ਤਕਰੀਰ ਕੀਤੀ। ਉਹਨਾਂ ਦੀ ਤਕਰੀਰ ਦੂਜੇ ਸਾਰਿਆਂ ਨੇਤਾਵਾਂ ਨਾਲੋਂ ਵਧੇਰੀ ਕਰੜੀ ਤੇ ਭਾਵ ਪੂਰਤ ਸੀ। ਮੈਨੂੰ ਹੁਣ ਤਕ ਯਾਦ ਹੈ ਇਸ ਤਕਰੀਰ ਵਿਚ ਉਹਨਾਂ ਨੇ ਫ਼ਰਮਾਇਆ ਸੀ :

"ਅਨਿਆਂ ਨੂੰ ਸਹਿਨ ਕਰਨਾ ਅਨਿਆਂ ਦੀ ਪਾਲਨਾ ਕਰਨਾ ਹੈ।"

ਮਾਸਟਰ ਜੀ ਦੀ ਤਕਰੀਰ ਪਿਛੋਂ ਦੋ ਤਿੰਨ ਹੋਰ ਸਜਨਾਂ ਦੀਆਂ ਤਕਰੀਰਾਂ ਹੋਈਆਂ ਤਾਂ ਅਸੀਂ ਵੇਖਿਆ ਕਿ ਸਾਡੇ ਕੋਲ ਹੀ ਇਕ ਆਦਮੀ ਦੇ ਹਥ ਵਿਚ ਕਾਗਜ਼ ਅਤੇ ਪਿੰਸਲ ਹੈ ਅਤੇ ਲੋਕ ਉਹਨੂੰ ਬੁਰੀ ਤਰ੍ਹਾਂ ਮਾਰਦੇ ਕੁਟਦੇ ਹੋਏ ਸੀ. ਆਈ. ਡੀ. ਦਾ ਆਦਮੀ ਆਖ ਰਹੇ ਹਨ। ਮੈਨੂੰ ਝਟ ਖ਼ਿਆਲ ਆਇਆ ਕਿਤੇ ਇਹ ਵਿਚਾਰਾ ਵੀ ਸ਼ਾਇਦ ਮੇਰੇ ਵਾਂਗ ਕਿਸੇ ਅਖ਼ਬਾਰ ਦਾ ਰੀਪੋਰਟਰ ਹੀ ਨਾ ਹੋਵੇ। ਮੈਂ ਝਟ ਉਠਿਆ ਅਤੇ ਮਾਰਨ ਵਾਲੇ ਲੋਕਾਂ ਤੇ ਮਾਰ ਖਾਣ ਵਾਲੇ ਆਦਮੀ ਵਿਚਕਾਰ ਖਲੋ ਗਿਆ ਤਾਕਿ ਉਹਨੂੰ ਬਚਾਇਆ ਜਾ ਸਕੇ। ਮੈਂ ਹਥ ਫੈਲਾ ਦਿਤੇ ਤਾਕਿ ਉਹਨੂੰ ਸੱਟ ਨਾ ਲਗੇ। ਲੋਕਾਂ ਦਾ ਹਲਾ ਮੇਰਿਆਂ ਹਥਾਂ ਤੇ ਵੀ ਹੋਇਆ ਅਤੇ ਮੇਰੇ ਹਥ ਦੀਆਂ ਉਂਗਲਾਂ ਫੱਟੜ ਹੋ ਗਈਆਂ। ਮੇਰੇ ਨਾਲ ਤਕਰੀਰਾਂ ਕਰਨ ਵਾਲੇ ਕਈ ਲੀਡਰ ਵੀ ਉਸ ਆਦਮੀ ਨੂੰ ਬਚਾਉਣ ਲਈ ਲਗੇ ਹੋਏ ਸਨ। ਇਸ ਤਰ੍ਹਾਂ ਸਾਡੀ ਬੇਨਤੀ ਤੇ ਲੁਕਾਈ ਕੁਝ ਠੰਢੀ ਪਈ ਅਤੇ ਉਸ ਆਦਮੀ ਨੂੰ ਜਲਸੇ ਵਿਚੋਂ ਬਾਹਰ ਕਢ ਦਿਤਾ ਗਿਆ। ਇਸ ਪਿਛੋਂ ਇਕ ਹੋਰ ਆਦਮੀ ਨੇ ਭਾਸ਼ਨ ਦਿਤਾ ਹੀ ਸੀ ਕਿ ਕੁਝ ਆਦਮੀ ਦੂਰੋਂ ਫ਼ੌਜੀ ਵਰਦੀ ਪਾਈ ਇਕ ਆਦਮੀ ਨੂੰ ਮੋਢਿਆਂ ਤੇ ਚੁਕੀ ਲਿਆ ਰਹੇ ਸਨ ਅਤੇ ਅੱਲਾ-ਹੂ-ਅਕਬਰ ਦੇ ਨਾਹਰੇ ਲਗ ਰਹੇ ਸਨ। ਖ਼ਲਕਤ ਵਿਚ ਰੌਲਾ ਮਚ ਗਿਆ। ਪੁਛ ਕੀਤੀ ਕਿ ਕੀ ਮੁਆਮਲਾ ਹੈ ਤਾਂ ਲੋਕਾਂ ਨੇ ਦਸਿਆ ਕਿ ਜਲੰਧਰ ਛਾਉਣੀ ਦੀ ਫ਼ੌਜ ਵਿਚ ਵਿਦਰੋਹ ਹੋ ਗਿਆ ਹੈ ਅਤੇ ਇਹ ਫ਼ੌਜੀ ਨੌਜਵਾਨ ਦਸਾਂ ਬਾਰਾਂ ਗੋਰਿਆਂ ਨੂੰ ਜਾਨੋਂ ਮਾਰ ਕੇ ਨਸ ਆਇਆ ਹੈ। ਏਸੇ ਚਾਅ ਵਿਚ ਲੋਕਾਂ ਨੇ ਉਸ ਨੂੰ ਚੁਕ ਲਿਆ ਹੈ ਅਤੇ ਨਾਹਰੇ ਲਗ ਰਹੇ ਹਨ। ਭਾਸ਼ਨ ਦੇਣ ਵਾਲੇ ਕੁਝ ਨੇਤਾ ਅਸਚਰਜ ਸਨ ਕਿ ਕਿਥੇ ਮਹਾਤਮਾ ਗਾਂਧੀ ਦੀ ਸ਼ਾਂਤਮਈ ਅਤੇ ਕਿਥੇ ਆਮ ਲੁਕਾਈ ਦੀ



Digitized by Panjab Digital Library | www.panjabdigilib.org

ਇਹ ਸਪਿਰਿਟ। ਦੇਸ ਦਾ ਕੀ ਹਾਲ ਹੋਵੇਗਾ, ਪਰ ਇਹਨਾਂ ਲੀਡਰਾਂ ਦੀ ਸੁਣਦਾ ਕੌਣ ਸੀ। ਇਸ ਫ਼ੌਜੀ ਦੇ ਆਉਣ ਪਿਛੋਂ ਜਲਸਾ ਖਿਲਰ ਪੁਲਰ ਗਿਆ। ਜਦ ਅਸੀਂ ਜਲਸੇ ਚੋਂ ਸ਼ਹਿਰ ਵਲ ਜਾਣ ਲਗੇ ਤਾਂ ਵੇਖਿਆ ਕਿ ਘੋੜਿਆਂ ਤੇ ਸਵਾਰ ਪੁਲੀਸ ਉਸ ਦਰਵਾਜ਼ੇ ਦੇ ਬਾਹਰ ਪਹੁੰਚ ਚੁਕੀ ਹੈ ਜਿਹੜਾ ਦਰਵਾਜ਼ਾ ਸ਼ਾਹੀ ਮਸੀਤ ਤੋਂ ਸ਼ਹਿਰ ਨੂੰ ਜਾਂਦਾ ਹੈ। ਲੋਕੀ ਹੌਲੀ ਹੌਲੀ ਇਸ ਦਰਵਾਜ਼ਿਉਂ ਲੰਘ ਗਏ, ਪੁਲਸ ਸਵਾਰਾਂ ਨੇ ਕੁਝ ਨਾ ਆਖਿਆ।

ਮੈਂ ਭੀੜ ਦੇ ਨਾਲ ਨਾਲ ਸ਼ਹਿਰ ਨੂੰ ਗਿਆ ਤਾਂ ਅਗੇ ਚੌਕ ਵਿਚ — ਜਿਥੇ ਇਕ ਕਬਰ, ਜਿਸ ਨੂੰ ਸ਼ਾਇਦ ਨੌਂ ਗਜ਼ੇ ਦੀ ਕਬਰ ਕਹਿੰਦੇ ਹਨ — ਪੁਲੀਸ ਬੰਦੂਕਾਂ ਫੜੀ ਖਲੋਤੀ ਸੀ। ਭੀੜ ਪੁਲੀਸ ਨੂੰ ਵੇਖ ਕੇ ਰੁਕ ਗਈ। ਪੁਲੀਸ ਦੇ ਨਾਲ ਇਕ ਅੰਗਰੇਜ਼ ਇਨਸਪੈਕਟਰ ਸੀ। ਉਸ ਨੇ ਲੋਕਾਂ ਨੂੰ ਕਿਹਾ ਕਿ ਆਪਣੇ ਆਪਣੇ ਘਰ ਚਲੇ ਜਾਓ। ਇਕ ਥਾਂ ਇਕੱਠੇ ਨਾ ਹੋਵੋ, ਪਰ ਲੋਕ ਕੇਵਲ ਆਪ ਤਮਾਸ਼ਾ ਹੀ ਨਹੀਂ ਸਨ ਸਗੋਂ ਤਮਾਸ਼ਾ ਵੇਖਣ ਵਾਲੇ ਵੀ ਸਨ। ਲੋਕੀਂ ਨਾ ਗਏ ਤਾਂ ਉਸ ਪੁਲੀਸ ਅਫ਼ਸਰ ਦੇ ਹੁਕਮ ਨਾਲ ਪੁਲੀਸ ਨੇ ਬੰਦੂਕਾਂ ਚਲਾ ਦਿਤੀਆਂ। ਇਕ ਦੋ ਆਦਮੀ ਮਰ ਗਏ ਤਿੰਨ ਚਾਰ ਘਾਇਲ ਹੋਏ ਤਾਂ ਲੋਕੀ ਆਪਣੇ ਆਪਣੇ ਘਰਾਂ ਨੂੰ ਵਗ ਗਏ।

ਰਾਤ ਮੈਂ ਲਾਲਾ ਬਾਂਕੇ ਦਿਆਲ ਐਡੀਟਰ "ਝੰਗ ਸਿਆਲ" ਦੇ ਮਕਾਨ ਤੇ ਭਾਟੀ ਦਰਵਾਜ਼ੇ ਸਵਿਆਂ ਕਰਦਾ ਸਾਂ, ਕਿਉਂਕਿ ਸੌਣ ਤੋਂ ਵਧੇਰੇ ਸੁਆਦ ਵਾਪਰ ਰਹੀਆਂ ਘਟਨਾਵਾਂ ਸੰਬੰਧੀ ਗਲਾਂ ਬਾਤਾਂ ਅਤੇ ਵਾਦ ਵਿਵਾਦ ਕਰਨ ਵਿਚ ਸੀ। ਇਸ ਘਟਨਾ ਤੋਂ ਅਗਲੇ ਦਿਨ ਜਾਂ ਇਕ ਦੋ ਦਿਨ ਪਿਛੋਂ —ਮੈਨੂੰ ਠੀਕ ਯਾਦ ਨਹੀਂ—ਸਵੇਰੇ ਮੈਂ ਹਾਲ ਚਾਲ ਦਾ ਪਤਾ ਕਰਨ ਸ਼ਹਿਰ ਵਿਚ ਗਿਆ ਤਾਂ ਪਤਾ ਲਗਾ ਕਿ ਸ਼ਾਹੀ ਮਸੀਤ ਵਿਚ ਜਿਹੜਾ ਆਦਮੀ ਕੁਟਿਆ ਗਿਆ ਸੀ ਅਤੇ ਜਿਸ ਨੂੰ ਬਚਾਉਂਦਿਆਂ ਹੋਇਆਂ ਮੇਰੇ ਹੱਥ ਦੀਆਂ ਉਂਗਲਾਂ ਤੇ ਸੱਟ ਲਗੀ ਸੀ ਉਹ ਅਲੀ ਗੌਹਰ ਇਨਸਪੈਕਟਰ ਸੀ. ਆਈ. ਡੀ. ਸੀ ਜਿਹੜਾ ਜਲਸੇ ਵਿਚ ਸਰਕਾਰੀ ਰੀਪੋਰਟਰ ਦੇ ਤੌਰ ਤੇ ਗਿਆ ਸੀ। ਮੈਂ ਲਾਲਾ ਦੀਨਾ ਨਾਥ ਐਡੀਟਰ "ਦੇਸ਼" ਦੇ ਮਕਾਨ ਤੇ ਪੁਜਾ ਤਾਂ ਉਥੋਂ ਪਤਾ ਲਗਾ ਕਿ ਮਾਰਸ਼ਲ ਲਾਅ ਲਗ ਚੁਕਾ ਹੈ ਅਤੇ ਰਾਤ ਨੂੰ ਡਾਕਟਰ ਗੋਕਲ ਚੰਦ ਨਾਰੰਗ, ਪੰਡਤ ਰਾਮ ਭਜ ਦਤ, ਚੌਧਰੀ ਅਤੇ ਲਾਲਾ ਹਰਕਿਸ਼ਨ ਲਾਲ ਆਦਿ ਸਾਰੇ ਲੀਡਰ ਬਾਦਸ਼ਾਹ ਸਲਾਮਤ ਦੇ ਵਿਰੁਧ ਜੰਗ ਕਰਨ ਦੇ ਅਪਰਾਧ ਵਿਚ ਗਰਿਫ਼ਤਾਰ ਹੋ ਗਏ ਹਨ। ਲਾਲਾ ਦੀਨਾ ਨਾਥ ਦੇ ਘਰੋਂ ਮੈਂ ਗਵਾਲਮੰਡੀ ਨੂੰ ਗਿਆ ਤਾਂ ਉਥੇ ਇਕ ਮਿਤਰ ਮਿਲੇ। ਉਹਨਾਂ ਨੇ ਕਿਹਾ ਕਿ ਸਠ ਗਰਿਫ਼ਤਾਰੀਆਂ



Digitized by Panjab Digital Library | www.panjabdigilib.org

ਹੋ ਚੁਕੀਆਂ ਹਨ। ਉਥੋਂ ਮੈਂ ਸਰਦਾਰ ਸਰਦੂਲ ਸਿੰਘ ਕਵੀਸ਼ਰ ਦੇ ਮਕਾਨ ਤੇ ਪੁਜਾ ਤਾਂ ਉਹਨਾਂ ਦੇ ਆਦਮੀ ਨੇ ਦਸਿਆ ਕਿ ਸਰਦਾਰ ਸਾਹਿਬ ਨੂੰ ਕਲ ਹੀ ਪਤਾ ਲਗ ਗਿਆ ਸੀ ਕਿ ਉਹਨਾਂ ਦੀ ਗਰਿਫ਼ਤਾਰੀ ਦੇ ਵਾਰੰਟ ਨਿਕਲ ਚੁਕੇ ਹਨ, ਇਸ ਲਈ ਉਹ ਲਾਹੌਰੋਂ ਬਾਹਰ ਕਿਸੇ ਅਗਿਆਤ ਥਾਂ ਤੇ ਚਲੇ ਗਏ ਹਨ ਅਤੇ ਜਾਂਦੇ ਹੋਏ ਮੇਰੇ — ਭਾਵ ਦੀਵਾਨ ਸਿੰਘ — ਲਈ ਸੁਨੇਹਾ ਛਡ ਗਏ ਹਨ ਕਿ ਮੈਂ ਵੀ ਝਟ ਲਾਹੌਰੋਂ ਕਿਤੇ ਲੁਕਵੀਂ ਥਾਂ ਤੇ ਚਲਾ ਜਾਵਾਂ । ਸਰ ਮਾਈਕਲ ਉਡਵਾਇਰ ਨੇ ਜਿਨ੍ਹਾਂ ਢਾਈ ਸੌ ਆਦਮੀਆਂ ਦੇ ਵਾਰੰਟ ਕਢੇ ਹਨ ਉਹਨਾਂ ਵਿਚ ਮੇਰਾ ਨਾਂ ਵੀ ਹੈ ਕਿਉਂਕਿ ਮੈਂ ਸ਼ਾਹੀ ਮਸੀਤ ਵਿਚ ਮਾਸਟਰ ਮੋਤਾ ਸਿੰਘ ਦੀ ਜਾਣ ਪਛਾਣ ਕਰਾਈ ਸੀ। ਸਰਦਾਰ ਸਰਦੂਲ ਸਿੰਘ ਦੇ ਮਕਾਨ ਤੋਂ ਵਾਪਸ ਲਾਲਾ ਦੀਨਾ ਨਾਥ ਦੇ ਘਰ ਫੇਰ ਸਲਾਹ ਲਈ ਆਇਆ ਤਾਂ ਪਤਾ ਲਗਾ ਕਿ ਉਸ ਵੇਲੇ ਤਕ ਸਵਾ ਸੌ ਦੇ ਲਗ ਪਗ ਗਰਿਫ਼ਤਾਰੀਆਂ ਹੋ ਚੁਕੀਆਂ ਹਨ। ਉਥੋਂ ਲਾਲਾ ਬਾਂਕੇ ਦਿਆਲ ਦੇ ਮਕਾਨ ਤੇ ਪੁਜਾ, ਸਮਾਚਾਰ ਦਸੇ, ਸਲਾਹ ਕੀਤੀ ਤਾਂ ਲਾਲਾ ਬਾਂਕੇ ਦਿਆਲ ਨੇ ਕਿਹਾ "ਹੁਣ ਸ਼ਹਿਰ ਵਿਚ ਨਾ ਜਾਓ ਅਤੇ ਢਿਲ ਨਾ ਕਰੋ ਤਾਕਿ ਅਜਿਹਾ ਨਾ ਹੋਵੇ ਕਿ ਗਰਿਫ਼ਤਾਰੀ ਹੋ ਜਾਏ।" ਮੈਂ ਉਥੋਂ ਸਿਧਾ ਦਰਿਆ ਰਾਵੀ ਵਲ ਪੈਦਲ ਤੁਰ ਪਿਆ ਕਿਉਂਕਿ ਮਾਰਸ਼ਲ ਲਾਅ ਦੇ ਕਾਰਨ ਸਭ ਲੋਕਾਂ ਦਾ ਸ਼ਹਿਰ ਵਿਚ ਆਉਣਾ ਜਾਣਾ ਬਿਨਾਂ ਆਗਿਆ ਬੰਦ ਕੀਤਾ ਗਿਆ ਸੀ ਅਤੇ ਟਾਂਗੇ ਆਦਿ ਚਲਣੇ ਸਵੇਰ ਤੋਂ ਹੀ ਬੰਦ ਹੋ ਚੁਕੇ ਸਨ। ਉਸ ਵੇਲੇ ਮੇਰੇ ਕੋਲ ਕੇਵਲ ਦੋ ਰੁਪਏ ਸਨ ਅਤੇ ਮੇਰੇ ਲਈ ਸੰਭਵ ਹੀ ਨਹੀਂ ਸੀ ਕਿ ਮੈਂ ਦੁਬਾਰਾ ਸ਼ਹਿਰ ਵਿਚ ਜਾ ਕੇ ਕਿਸੇ ਤੋਂ ਰੁਪਿਆਂ ਦਾ ਪਰਬੰਧ ਕਰ ਸਕਦਾ।

ਮੈਂ ਜਦ ਦਰਿਆ ਰਾਵੀ ਦੇ ਪੁਲ ਤੇ ਪੁਜਾ ਤਾਂ ਵੇਖਿਆ ਕਿ ਉਥੇ ਹਥਿਆਰ ਬੰਦ ਪੁਲੀਸ ਦਾ ਪਹਿਰਾ ਹੈ ਅਤੇ ਕਿਸੇ ਆਦਮੀ ਨੂੰ ਲਾਹੌਰ ਤੋਂ ਬਾਹਰ ਜਾਣ ਦੀ ਆਗਿਆ ਨਹੀਂ। ਮੈਨੂੰ ਵੀ ਪੁਲੀਸ ਨੇ ਰੋਕ ਦਿਤਾ ਅਤੇ ਕਿਹਾ ਕਿ ਵਾਪਸ ਸ਼ਹਿਰ ਨੂੰ ਚਲੇ ਜਾਓ, ਪੁਲ ਤੋਂ ਲੰਘਣ ਦੀ ਆਗਿਆ ਨਹੀਂ। ਪੁਲੀਸ ਦੇ ਇਹ ਸਿਪਾਹੀ ਮੁਸਲਮਾਨ ਸਨ। ਮੈਂ ਉਹਨਾਂ ਨੂੰ ਕਿਹਾ ਕਿ ਮੈਂ ਇਕ ਜ਼ਰੂਰੀ ਕੰਮ ਲਈ ਕੇਵਲ ਸ਼ਾਹਦਰੇ ਤਕ ਜਾ ਰਿਹਾ ਹਾਂ। ਉਥੇ ਮੇਰੇ ਸੰਬੰਧੀਆਂ 'ਚੋਂ ਇਕ ਸਜਨ ਬੀਮਾਰ ਹਨ। ਦਵਾਈ ਦਾ ਪਰਬੰਧ ਕਰਨਾ ਹੈ। ਤੁਸੀਂ ਕਿਰਪਾ ਕਰਕੇ ਮੈਨੂੰ ਜਾਣ ਦਿਓ। ਮੈਂ ਦਵਾਈ ਦਾ ਪਰਬੰਧ ਕਰ ਕੇ ਹੁਣੇ ਵਾਪਸ ਆ ਜਾਵਾਂਗਾ। ਦੂਜੇ ਸਿਪਾਹੀਆਂ ਨੇ ਤਾਂ ਮੇਰੀ ਇਸ ਬਿਨਯ ਦੀ ਕੋਈ ਪਰਵਾਹ ਨਾ ਕੀਤੀ, ਪਰ ਇਕ ਆਦਮੀ ਬੜਾ ਨੇਕ ਸੀ । ਉਹਨੇ ਆਪਣੇ ਸਾਥੀਆਂ ਨੂੰ ਕਿਹਾ, "ਯਾਰ ਹਨੇਰ ਕਾਹਦਾ ਆ ਜਾਏਗਾ, ਜਾਣ ਦੇਹ ਸੂ। ਬੀਮਾਰ ਲਈ ਦਵਾਈ

ਲਿਜਾਣੀ ਚਾਹੁੰਦਾ ਹੈ। ਇਹ ਕਿਹੜਾ ਕੋਈ ਲੜਾ ਲੀਡਰ ਐ ਕਿ ਭਜੀ ਜਾਂਦਾ ਹੈ।" ਉਸ ਆਦਮੀ ਦੀ ਸਫ਼ਾਰਸ਼ ਤੇ ਉਸ ਦੇ ਸਾਥੀਆਂ ਨੇ ਮੈਨੂੰ ਕਿਹਾ, "ਚੰਗਾ ਸਰਦਾਰ ਜੀ ਛੇਤੀ ਛੇਤੀ ਲੰਘ ਜਾਓ, ਕੋਈ ਅਫ਼ਸਰ ਵੇਖ ਨਾ ਲਵੇ ਨਹੀਂ ਤਾਂ ਸਾਨੂੰ ਅਬੇ ਤਬੇ ਕਰੇਗਾ।" ਮੈਂ ਛੇਤੀ ਛੇਤੀ ਵਗ ਤੁਰਿਆ। ਪੁਲ ਪਾਰ ਕਰਨ ਪਿਛੋਂ ਗੁਜਰਾਂਵਾਲੇ ਨੂੰ ਤੁਰ ਪਿਆ। ਸੜਕ ਤੇ ਪੈਦਲ ਜਾ ਰਿਹਾ ਸਾਂ। ਪਹਿਲਾਂ ਏਨਾਂ ਜ਼ਿਆਦਾ ਤੁਰਣ ਦਾ ਕਦੇ ਅਵਸਰ ਨਹੀਂ ਮਿਲਿਆ ਸੀ। ਬੜੀ ਔਖ ਨਾਲ ਤੁਰਿਆ ਜਾਂਦਾ। ਸਵੇਰੇ ਨੌਂ ਵਜੇ ਦੇ ਆਨ ਮਾਨ ਲਾਹੌਰੋਂ ਤੁਰਿਆ ਸਾਂ। ਰਾਤ ਨੂੰ ਦਸ ਵਜੇ ਦੇ ਕਰੀਬ ਤੀਹਾਂ ਮੀਲਾਂ ਦਾ ਪੰਧ ਮਾਰ ਕੇ ਕਾਮੋਂਕੇ ਪਹੁੰਚਿਆ। ਰਸਤੇ ਵਿਚ ਕੁਝ ਨਾ ਖਾਧਾ। ਇਕ ਦੋ ਥਾਂ ਪਾਣੀ ਪੀਤਾ। ਪੈਰਾਂ ਵਿਚ ਢੇਰ ਸਾਰੇ ਛਾਲੇ ਪੈ ਗਏ ਸਨ। ਤੁਰਿਆ ਨਹੀਂ ਸੀ ਜਾਂਦਾ। ਜਦ ਕਾਮੋਂਕੇ ਪੁਜਾ ਤਾਂ ਖ਼ਿਆਲ ਆਇਆ ਕਿ ਇਕ ਸਜਨ ਏਥ ਮਰ ਜਾਣੂ ਹਨ। ਲਾਹੌਰ ਵਿਚ ਕਈ ਵਾਰ ਮਿਲ ਚੁਕੇ ਹਨ, ਉਹਨਾਂ ਦੇ ਘਰ ਚਲਣਾ ਚਾਹੀਦਾ ਹੈ। ਇਹਨਾਂ ਦਾ ਨਾਂ ਯਾਦ ਨਹੀਂ ਸੀ ਕਿਉਂਕਿ ਜੀਵਨ ਭਰ ਨੇਮ ਰਿਹਾ ਹੈ ਕਿ ਜੇਕਰ ਕੋਈ ਆਦਮੀ ਮਿਲਣ ਲਈ ਵੀ ਆਏ ਤਾਂ ਕਦੀ ਨਾਂ ਨਹੀਂ ਪੁਛਦਾ ਅਤੇ ਜਤਨ ਹੁੰਦਾ ਹੈ ਕਿ ਇਹ ਸਜਣ ਫੇਰ ਦੁਬਾਰਾ ਮਿਲਣ ਲਈ ਤਸ਼ਰੀਫ਼ ਨਾ ਲਿਆਏ ਕਿਉਂਕਿ ਮੈਂ ਸਦਾ ਇਹੋ ਚਾਹਿਆ ਕਿ ਦੋਸਤਾਂ ਦਾ ਘੇਰਾ ਬਹੁਤ ਹੀ ਸੀਮਿਤ ਰਹੇ ਅਤੇ ਜਿਹੜੇ ਹੋਣ ਉਹ ਬੜੇ ਹਿਤੂ ਅਤੇ ਡੂੰਘੇ ਦੋਸਤ ਹੋਣ। ਰਾਮ ਰਾਮ, ਜੈ ਰਾਮ ਜੀ ਕੀ ਕਰਨ ਵਾਲੇ ਦੋਸਤ ਨਾ ਹੀ ਹੋਣ ਤਾਂ ਚੰਗਾ ਹੈ। ਮੈਨੂੰ ਏਨਾ ਯਾਦ ਸੀ ਕਿ ਉਹਨਾਂ ਦੇ ਪਿਤਾ ਐਂਜੀਨੀਅਰ ਸਨ। ਮੈਂ ਕਿਸੇ ਆਦਮੀ ਤੋਂ ਪੁਛਿਆ ਤਾਂ ਉਸ ਨੇ ਦਸਿਆ ਕਿ ਦੂਜੇ ਪਾਸੇ ਥਾਨੇ ਦੇ ਕੋਲ ਹੀ ਉਹਨਾਂ ਦਾ ਮਕਾਨ ਹੈ। ਮੈਂ ਉਥੇ ਪੁਜਾ ਤਾਂ ਘਰ ਦੇ ਸਾਰੇ ਜੀਅ ਸੁਤੇ ਹੋਏ ਸਨ। ਮੈਂ ਬੂਹਾ ਖੜਕਾਇਆ ਤਾਂ ਮਾਲਕ ਮਕਾਨ ਉਪਰਲੀ ਮੰਜ਼ਲ ਤੋਂ ਹੇਠਾਂ ਉਤਰਿਆ — ਮੇਰਾ ਖ਼ਿਆਲ ਹੈ ਕਿ ਉਸ ਦਾ ਨਾਂ ਸ਼ਾਇਦ ਰਘਬੀਰ ਸਿੰਘ ਸੀ — ਉਹਨੇ ਬੂਹਾ ਖੋਹਲਿਆ। ਉਸਦੇ ਹਥ ਵਿਚ ਲਾਲਟੈਨ ਸੀ। ਚਾਨਣ ਸਾਹਮਣੇ ਕਰਕੇ ਮੈਨੂੰ ਵੇਖਿਆ ਤਾਂ ਹੈਰਾਨ ਹੋ ਗਿਆ ਕਿ ਮੈਂ ਹਾਂ। ਮੈਨੂੰ ਉਪਰ ਲੈ ਗਿਆ। ਪੰਜਾਬ ਦੇ ਲੋਕ ਬੜੇ ਪ੍ਰਾਹੁਣਾਚਾਰੀ ਕਰਨ ਵਾਲੇ ਹੁੰਦੇ ਹਨ। ਸਭ ਤੋਂ ਪਹਿਲਾਂ ਉਹਨਾਂ ਨੇ ਰੋਟੀ ਲਈ ਪੁਛਿਆ। ਮੈਂ ਦਿਨ ਭਰ ਦੇ ਥਕੇਵੇਂ ਅਤੇ ਭੁਖ ਦੇ ਕਾਰਨ ਬਹੁਤ ਹੀ ਨਿਢਾਲ ਹੋ ਰਿਹਾ ਸਾਂ। ਜਦ ਵੇਖਿਆ ਕਿ ਇਹ ਤਾਂ ਸਭ ਸੁਤੇ ਪਏ ਹਨ ਤਾਂ ਮਨ ਨੇ ਆਗਿਆ ਨਾ ਦਿਤੀ ਕਿ ਇਹਨਾਂ ਨੂੰ ਤਕਲੀਫ਼ ਦਿਆਂ। ਮੈਂ ਆਪਣੇ ਦਿਲ ਤੇ ਜਬਰ ਕਰਦਿਆਂ ਹੋਇਆਂ ਬੇਧਿਆਨੀ ਨਾਲ ਆਖਿਆ ਕਿ ਮੈਂ ਰੋਟੀ ਖਾ



Digitized by Panjab Digital Library | www.panjabdigilib.org

ਆਇਆ ਹਾਂ, ਇਸ ਬਾਰੇ ਕਿਸੇ ਖੇਚਲ ਦੀ ਲੋੜ ਨਹੀਂ । ਮੇਰਾ ਇਹ ਉੱਤਰ ਸੁਣ ਕੇ ਉਹ ਚੁਪ ਹੋ ਗਏ । ਫੇਰ ਗੱਲਾਂ ਬਾਤਾਂ ਸ਼ੁਰੂ ਹੋਈਆਂ । ਉਹਨਾਂ ਨੇ ਪੁਛਿਆ ਕਿ ਇਸ ਵੇਲੇ ਕਿਥੋਂ ਆਏ ਹੋ । ਮੈਂ ਸਾਰੇ ਸਮਾਂਚਾਰ ਸੁਣਾਏ ਤਾਂ ਉਹਨਾਂ ਨੇ ਕਿਹਾ ਕਿ ਏਥੇ ਕਾਮੋਂਕੇ ਕੋਲ ਹੀ ਰੇਲਵੇ ਟੈਲੀਗਰਾਫ਼ ਦੀਆਂ ਤਾਰਾਂ ਕਟ ਦਿਤੀਆਂ ਗਈਆਂ ਹਨ ਅਤੇ ਪੁਲੀਸ ਪੜਤਾਲ ਕਰ ਰਹੀ ਹੈ ਅਤੇ ਉਹਨਾਂ ਤੋਂ ਵੀ ਕਈ ਵਾਰ ਪੁਛ ਹੋ ਚੁਕੀ ਹੈ । ਹੁਣ ਤਾਂ ਰਾਤ ਦਾ ਵੇਲਾ ਹੈ, ਅਜੇ ਹੁਣੇ ਹੀ ਆਏ ਹੋ ਤੇ ਇਸ ਵੇਲੇ ਇਹ ਆਖਣਾ ਚੰਗਾ ਨਹੀਂ ਲਗਦਾ ਕਿ ਹੁਣੇ ਹੀ ਤੁਰ ਜਾਓ । ਰਾਤ ਤਾਂ ਟਿਕੇ ਰਹੋ, ਪਰ ਸਵੇਰੇ ਪਹੁ ਫੁਟਾਲਾ ਹੋਣ ਤੋਂ ਪਹਿਲਾਂ ਹੀ ਏਥੋਂ ਖਿਸਕ ਜਾਣਾ । ਮੈਂ ਕਿਹਾ ਬਹੁਤ ਚੰਗਾ, ਪਰ ਮੈਨੂੰ ਪੰਜ ਸਤ ਰੁਪਏ ਉਦਾਰ ਦੇ ਦਿਓ । ਮੇਰੇ ਕੋਲ ਕੇਵਲ ਦੋ ਰੁਪਏ ਹਨ ਤਾਕਿ ਮੈਂ ਆਪਣੇ ਘਰ ਹਾਫ਼ਜ਼ਾਬਾਦ ਅਪੜ ਸਕਾਂ । ਅਗਾਂਹ ਫਿਰ ਜਿਥੇ ਜਾਣਾ ਹੋਊ ਹਾਫ਼ਜ਼ਾਬਾਦੋਂ ਸਲਾਹ ਕਰਕੇ ਚਲਾ ਜਾਵਾਂਗਾ । ਉਹਨਾਂ ਨੇ ਮੈਨੂੰ ਸਤ ਰੁਪਏ ਉਸੇ ਵੇਲੇ ਦੇ ਦਿਤੇ । ਮੈਂ ਸੌਂ ਗਿਆ । ਬੜਾ ਥੱਕਿਆ ਹੋਇਆ ਸਾਂ ਪੈਂਦਿਆਂ ਹੀ ਘੂਕ ਸੌਂ ਗਿਆ । ਸਰਦਾਰ ਹੋਰਾਂ ਚਾਰ ਵਜੇ ਦਾ ਅਲਾਰਮ ਲਾ ਦਿਤਾ । ਚਾਰ ਵਜੇ ਉਹਨਾਂ ਦੇ ਟਾਈਮ ਪੀਸ ਨੇ ਘੰਟੀ ਵਜਾਈ ਤਾਂ ਉਹ ਜਾਗੇ । ਉਹਨਾਂ ਮੈਨੂੰ ਜਗਾਇਆ ਅਤੇ ਆਖਿਆ ਕਿ ਤਸ਼ਰੀਫ਼ ਲੈ ਜਾਓ ਅਤੇ ਨਾਲ ਹੀ ਸਲਾਹ ਦਿੱਤੀ ਕਿ ਮੈਂ ਗੁਜਰਾਂਵਾਲੇ ਦੇ ਰਾਹ ਹਾਫ਼ਜ਼ਾਬਾਦ ਨਾ ਜਾਵਾਂ ਕਿਉਂਕਿ ਗੁਜਰਾਂਵਾਲੇ ਵਿਚ ਕਾਫ਼ੀ ਗ੍ਰਿਫ਼ਤਾਰੀਆਂ ਹੋ ਚੁਕੀਆਂ ਹਨ । ਰੇਲਵੇ ਸਟੇਸ਼ਨ ਆਦਿ ਸਾੜ ਦਿਤਾ ਗਿਆ ਹੈ । ਮੈਂ ਕਾਮੋਂਕੇ ਤੋਂ ਸਿਧਾ ਕਿਲ੍ਹਾ ਦੀਦਾਰ ਸਿੰਘ ਨੂੰ ਜਾਵਾਂ ਅਤੇ ਉਥੋਂ ਮੁੜ ਹਾਫ਼ਜ਼ਾਬਾਦ । ਰਾਤ ਦੇ ਚਾਰ ਵਜੇ ਸਨ । ਹਨੇਰਾ ਘੁਪ ਅਤੇ ਰਾਹ ਤੋਂ ਉੱਕਾ ਹੀ ਓਭੜ ਸਾਂ। ਉਹ ਸ਼੍ਰੀਮਾਨ ਜੀ ਦੋ ਫ਼ਰਲਾਂਗਾਂ ਦੇ ਕਰੀਬ ਪਿੰਡੋਂ ਬਾਹਰ ਮੇਰੇ ਨਾਲ ਆਏ ਅਤੇ ਇਕ ਰਾਹ ਵਿਖਾ ਕੇ ਆਖਿਆ ਕਿ ਇਸ ਰਾਹ ਚਲੇ ਜਾਓ ।

ਥਕਾਵਟ ਤੇ ਛਾਲਿਆਂ ਦੇ ਕਾਰਨ ਮੇਰੇ ਪੈਰ ਡਿਗੂੰ ਢਨੂੰ ਕਰ ਰਹੇ ਸਨ । ਤੁਰਿਆ ਜਾਂਦਾ ਨਹੀਂ ਸੀ । ਨੀਂਦ ਦਾ ਜ਼ੋਰ ਸੀ । ਥੋੜੀ ਵਾਟ ਹੀ ਗਿਆ ਹੋਵਾਂਗਾ ਕਿ ਇਕ ਸੁਏ ਦੀ ਪੁਲੀ ਆ ਗਈ । ਸੁਏ ਦੀ ਪੁਲੀ ਟੁਟੀ ਹੋਈ ਸੀ ਅਤੇ ਰਸਤਾ ਪਾਣੀ ਨਾਲ ਭਰਿਆ ਪਿਆ ਸੀ । ਮੈਂ ਫ਼ੈਸਲਾ ਕੀਤਾ ਕਿ ਭਾਵੇਂ ਫੜਿਆ ਹੀ ਜਾਵਾਂ, ਪਰ ਇਸ ਵੇਲੇ ਏਦੂੰ ਅਗਾਂਹ ਨਹੀਂ ਜਾਵਾਂਗਾ । ਨਹਿਰ ਦੇ ਪੁਲ ਤੇ ਜਿਹੜੀ ਨਿਕੀ ਜਿਹੀ ਪਕੀ ਬੰਨੀ ਬਣੀ ਹੋਈ ਸੀ ਮੈਂ ਉਸ ਤੇ ਸੌਂ ਗਿਆ । ਜਦ ਮੇਰੀ ਅੱਖ ਖੁਲ੍ਹੀ ਉਸ ਵੇਲੇ ਸੂਰਜ ਦੀਆਂ



Digitized by Panjab Digital Library | www.panjabdigilib.org

ਕਿਰਨਾਂ ਖੇਤਾਂ ਨੂੰ ਚਾਨਣਿਆ ਰਹੀਆਂ ਸਨ। ਮੈਂ ਉਠਿਆ। ਸੂਏ ਦੇ ਕੰਢੇ ਜੰਗਲ ਪਾਣੀ ਹੋ ਕੇ ਵੇਹਲਾ ਹੋਇਆ। ਹੱਥ ਮੂੰਹ ਧੋਤਾ। ਪੰਜ ਦਸ ਮਿੰਟ ਪੈਲੀਆਂ ਦਾ ਦ੍ਰਿਸ਼ ਮਾਣਿਆ। ਏਨੇ ਵਿਚ ਇਕ ਆਦਮੀ ਆਉਂਦਾ ਨਜ਼ਰੀਂ ਪਿਆ ਤਾਂ ਉਸ ਤੋਂ ਪੁਛਿਆ ਕਿ ਕਿਲ੍ਹਾ ਦੀਦਾਰ ਸਿੰਘ ਨੂੰ ਕਿਹੜਾ ਰਾਹ ਜਾਂਦਾ ਹੈ। ਉਸਨੇ ਰਾਹ ਦਸਿਆ। ਮੈਂ ਉਥੋਂ ਤੁਰ ਪਿਆ। ਕਿਲ੍ਹਾ ਦੀਦਾਰ ਸਿੰਘ ਅਤੇ ਕਾਮੋਂਕੇ ਵਿਚਕਾਰ ਇਕ ਨਿੱਕਾ ਜਿਹਾ ਪਿੰਡ ਸੀ। ਉਸ ਪਿੰਡ ਵਿਚ ਗਿਆ। ਅਪ੍ਰੈਲ ਦਾ ਮਹੀਨਾ ਸੀ ਅਤੇ ਕਣਕਾਂ ਦੀ ਵਾਢੀ ਸ਼ੁਰੂ ਸੀ। ਸਭ ਜ਼ਿਮੀਂਦਾਰ ਖੇਤਾਂ ਵਿਚ ਸਨ। ਉਸ ਪਿੰਡ ਦੇ ਇਕ ਘਰ ਵਿਚ ਇਕ ਬੁਢੀ ਮੁਸਲਮਾਨ ਜ਼ਨਾਨੀ ਬੈਠੀ ਸੀ। ਮੈਂ ਪੁਛਿਆ ਕਿ ਕੀ ਪੀਣ ਲਈ ਪਾਣੀ ਮਿਲ ਸਕੇਗਾ। ਉਸ ਇਸਤ੍ਰੀ ਨੇ ਬੜੇ ਪ੍ਰੇਮ ਪਿਆਰ ਨਾਲ ਉੱਤਰ ਦਿਤਾ ਕਿ ਏਥੇ ਸਾਰੇ ਘਰ ਮੁਸਲਮਾਨਾਂ ਦੇ ਹਨ, ਕੋਈ ਘਰ ਹਿੰਦੂਆਂ ਦਾ ਨਹੀਂ। ਮੈਂ ਕਿਹਾ ਮੈਂ ਮੁਸਲਮਾਨਾਂ ਦੇ ਘਰ ਦਾ ਹੀ ਪਾਣੀ ਪੀ ਲਵਾਂਗਾ। ਉਸ ਬਿਧਾ ਨੇ ਮੈਨੂੰ ਅੰਦਰੋਂ ਮੰਜੀ ਕਢ ਕੇ ਡਾਹ ਦਿਤੀ। ਮੈਂ ਬਹਿ ਗਿਆ। ਉਹ ਅੰਦਰੋਂ ਘੜੇ ਦਾ ਠੰਢਾ ਪਾਣੀ ਪੀਣ ਲਈ ਲਿਆਈ ਤਾਂ ਉਸ ਨੂੰ ਖਿਆਲ ਆਇਆ ਕਿ ਜੇਕਰ ਇਹ ਸਿਖ ਮੁਸਲਮਾਨਾਂ ਦੇ ਘਰ ਦਾ ਪਾਣੀ ਪੀ ਸਕਦਾ ਹੈ ਤਾਂ ਸ਼ਾਇਦ ਛਾਹ ਵੀ ਪੀ ਲਏ। ਉਸ ਨੇ ਪੁਛਿਆ ਕਿ ਪੁਤਰ ਜੇਕਰ ਤੂੰ ਪਾਣੀ ਪੀ ਸਕਦਾ ਹੈਂ ਤਾਂ ਕੀ ਲਸੀ (ਛਾਹ) ਨਹੀਂ ਪੀ ਸਕਦਾ। ਮੈਂ ਕਿਹਾ ਕਿ ਪੀ ਲਵਾਂਗਾ। ਪੰਜਾਬ ਵਿਚ ਛਾਹ ਦਾ ਬੜਾ ਰਿਵਾਜ ਹੈ ਅਤੇ ਸ਼ਾਇਦ ਹੀ ਕੋਈ ਅਜਿਹਾ ਬੰਦਾ ਹੋਵੇਗਾ ਜਿਹੜਾ ਦਿਨ ਵਿਚ ਕਈ ਵਾਰ ਦਹੀਂ ਦੀ ਲਸੀ (ਛਾਹ) ਨਾ ਪੀਂਦਾ ਹੋਵੇ। ਉਹ ਵਿਚਾਰੀ ਮੇਰੇ ਲਈ ਮੱਖਣ ਪਾ ਕੇ ਛਾਹ ਲੈ ਆਈ। ਮੈਂ ਲਸੀ ਪੀ ਲੀਤੀ ਤਾਂ ਮੇਰੇ ਕੋਲ ਦੂਜੀ ਮੰਜੀ ਤੇ ਬਹਿ ਗਈ ਅਤੇ ਉਹਨੇ ਗਲਾਂ ਸ਼ੁਰੂ ਕਰ ਦਿਤੀਆਂ। ਮੈਥੋਂ ਪੁਛਿਆ ਕਿ ਕਿਥੋਂ ਆ ਰਹੇ ਹੋ ਅਤੇ ਕਿਥੇ ਜਾਓਗੇ। ਮੈਂ ਕਿਹਾ ਕਿ ਲਾਹੌਰੋਂ ਆ ਰਿਹਾ ਹਾਂ ਅਤੇ ਹਾਫ਼ਿਜ਼ਾਬਾਦ ਜਾਵਾਂਗਾ। ਸਵਾਰੀ ਨਹੀਂ ਸੀ ਮਿਲੀ। ਏਸ ਲਈ ਕਾਮੋਂਕੇ ਤੋਂ ਸਿਧਾ ਕਿਲ੍ਹਾ ਦੀਦਾਰ ਸਿੰਘ ਦੇ ਰਸਤੇ ਜਾਵਾਂਗਾ। ਉਸ ਨੇ ਪੁਛਿਆ ਕਿ ਸੁਣਿਆ ਹੈ ਮਹਾਤਮਾ ਗਾਂਧੀ ਫੜਿਆ ਗਿਆ ਹੈ ਅਤੇ ਹਿੰਦੂ ਮੁਸਲਮਾਨ ਇਕ ਹੋ ਗਏ ਹਨ। ਮੈਂ ਉੱਤਰ ਦਿਤਾ ਕਿ ਹਾਂ ਮਹਾਤਮਾ ਗਾਂਧੀ ਫੜਿਆ ਗਿਆ ਹੈ ਅਤੇ ਹਿੰਦੂ ਮੁਸਲਮਾਨ ਇਕ ਹੋ ਗਏ ਹਨ। ਉਸ ਨੇ ਫਿਰ ਪੁਛਿਆ ਕਿ ਕੀ ਮੈਂ ਏਸੇ ਲਈ ਹੀ ਮੁਸਲਮਾਨਾਂ ਦੇ ਘਰ ਦਾ ਪਾਣੀ ਪੀ ਲੈਂਦਾ ਹਾਂ। ਮੈਂ ਕਿਹਾ ਕਿ ਨਹੀਂ ਮੈਂ ਤਾਂ ਕਈਆਂ ਵਰ੍ਹਿਆਂ ਤੋਂ ਮੁਸਲਮਾਨਾਂ ਦੇ ਘਰਾਂ ਦਾ



Digitized by Panjab Digital Library | www.panjabdigilib.org

ਪਾਣੀ ਪੀ ਲੈਂਦਾ ਹਾਂ। ਇਸ ਪਿਛੋਂ ਉਹ ਜ਼ਨਾਨੀ ਕੁਝ ਚਿਰ ਚੁਪ ਹੋ ਗਈ ਅਤੇ ਕੁਝ ਸੋਚਦੀ ਰਹੀ। ਫਿਰ ਮੈਥੋਂ ਪੁਛਣ ਲਗੀ ਕਿ ਜਦ ਹਿੰਦੂ ਮੁਸਲਮਾਨ ਇਕ ਹੋ ਗਏ ਹਨ ਤਾਂ ਕੀ ਹੁਣ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਵਿਆਹ ਸ਼ਾਦੀ ਵੀ ਹੋਇਆ ਕਰੇਗਾ। ਇਹ ਪ੍ਰਸ਼ਨ ਸੁਣ ਕੇ ਮੈਂ ਹੱਸ ਪਿਆ, ਕੀ ਉੱਤਰ ਦਿੰਦਾ। ਮੈਂ ਟਾਲ ਦਿਤਾ ਅਤੇ ਆਖਿਆ ਕਿ ਅਜੇ ਹਿੰਦੂ ਮੁਸਲਮਾਨ ਇਸ ਹਦ ਤਕ ਨਹੀਂ ਅਪੜੇ। ਅਗੋਂ ਜਾ ਕੇ ਅਜਿਹਾ ਕਰਨਗੇ। ਮੇਰਾ ਜੀਅ ਨਹੀਂ ਸੀ ਕਰਦਾ ਕਿ ਮੈਂ ਹੋਰ ਪੈਂਡਾ ਮਾਰਾਂ, ਪਰ ਆਤੁਰ ਸਾਂ। ਤੁਰਨ ਲਗਾ ਤਾਂ ਉਸ ਬ੍ਰਿਧ ਇਸਤ੍ਰੀ ਨੇ ਕਿਹਾ ਕਿ ਪੁਤਰ ਜੀ, ਥੋੜਾ ਚਿਰ ਆਰਾਮ ਕਰ ਲਓ। ਰੋਟੀ ਖਾ ਕੇ ਚਲੇ ਜਾਣਾ। ਮੇਰੀ ਇੱਛਾ ਸੀ ਕਿ ਉਹ ਮੈਨੂੰ ਇਵੇਂ ਹੀ ਆਖਦੀ। ਮੈਂ ਓਪਰੇ ਮਨੋਂ ਨਾਂਹ ਕਰਦਿਆਂ ਹੋਇਆਂ ਉਸ ਦੇ ਦੁਬਾਰਾ ਆਖਣ ਤੇ ਹਾਂ ਕਰ ਦਿਤੀ। ਉਸੇ ਮੰਜੀ ਤੇ ਹੀ ਸੌਂ ਗਿਆ। ਏਨੇ ਵਿਚ ਉਸ ਇਸਤ੍ਰੀ ਨੇ ਰੋਟੀ ਤਿਆਰ ਕੀਤੀ। ਬਤਾਊਂਆਂ ਦੀ ਭਾਜੀ, ਘਰ ਦੇ ਘਿਓ ਦੇ ਪ੍ਰਾਉਂਠੇ, ਦਹੀਂ, ਮੱਖਣ ਅਤੇ ਲੱਸੀ। ਚਾਲ੍ਹੀ ਘੰਟਿਆਂ ਤੋਂ ਕੁਝ ਨਹੀਂ ਸੀ ਖਾਧਾ ਹੋਇਆ। ਬ੍ਰਿਧਾ ਦੇ ਪ੍ਰੇਮ ਪਿਆਰ ਦੀ ਰਸੋਈ ਵਿਚ ਉਹ ਆਨੰਦ ਆਇਆ ਜਿਹੜਾ ਕਿ ਉਸ ਪਿਛੋਂ ਮਹਾਰਾਜਿਆਂ ਅਤੇ ਨਵਾਬਾਂ ਦੇ ਸ਼ਾਹੀ ਖਾਣਿਆਂ ਵਿਚ ਵੀ ਕਦੇ ਨਸੀਬ ਨਹੀਂ ਹੋਇਆ। ਰੋਟੀ ਖਾਣ ਪਿਛੋਂ ਮੈਂ ਇਕ ਘੰਟੇ ਕਰੀਬ ਫੇਰ ਸੌਂ ਗਿਆ। ਜਾਗਣ ਪਿਛੋਂ ਉਥੋਂ ਤੁਰਨ ਲਗਾ ਤਾਂ ਮੈਂ ਚਾਹਿਆ ਕਿ ਉਸ ਬ੍ਰਿਧਾ ਦੇ ਪੋਤੇ ਜਿਹੜੇ ਕਿ ਉਥੇ ਖੇਡ ਰਹੇ ਸਨ, ਉਹਨਾਂ ਨੂੰ ਦੋ ਰੁਪਏ ਦਿਆਂ, ਪਰ ਉਸ ਇਸਤ੍ਰੀ ਨੇ ਲੈਣ ਤੋਂ ਨਾਂਹ ਕਰ ਦਿਤੀ ਅਤੇ ਆਖਿਆ, "ਪੁਤਰ ਭਾਵੇਂ ਅਸੀਂ ਗਰੀਬ ਆਦਮੀ ਹਾਂ, ਪਰ ਰੋਟੀਆਂ ਵੇਚਦੇ ਨਹੀਂ। ਸਾਡੇ ਧੰਨ ਭਾਗ ਹਨ ਕਿ ਤੇਰੇ ਵਰਗਾ ਪ੍ਰਾਹੁਣਾ ਸਾਡੇ ਘਰ ਵਿਚ ਆਇਆ ਹੈ। ਜੇਕਰ ਇਸ ਬੰਨੇ ਫੇਰ ਕਦੀ ਆਉਣ ਦਾ ਸਮਾਂ ਮਿਲਿਆ ਤਾਂ ਸਾਡੇ ਘਰ ਜ਼ਰੂਰ ਆਉਣਾ।" ਉਸ ਇਸਤ੍ਰੀ ਦੇ ਵਰਤਾਓ ਤੇ ਪ੍ਰੇਮ ਪਿਆਰ ਦੇ ਇਹ ਅੱਖਰ ਸੁਣ ਕੇ ਮੇਰੀਆਂ ਅੱਖਾਂ ਵਿਚ ਸ਼ੁਕਰਾਨੇ ਦੇ ਅੱਥਰੂ ਭਰ ਆਏ। ਪੰਜਾਬ ਵਿਚ ਤਾਂ ਸ਼ਹਿਰਾਂ ਦੇ ਅੰਦਰ ਵੀ ਲੋਕੀਂ ਪ੍ਰਾਹੁਣਿਆਂ ਨੂੰ ਖਾਣਾ ਖਵਾਉਣ ਅਤੇ ਖਾਤਰ ਤਵਾਜ਼ਿਆ ਕਰਨੀ ਆਪਣੇ ਚੰਗੇ ਭਾਗ ਜਾਣਦੇ ਹਨ। ਪਿੰਡ ਦੀ ਇਹ ਇਸਤ੍ਰੀ ਕਿਵੇਂ ਦੋ ਰੁਪਏ ਲੈ ਸਕਦੀ ਸੀ। ਉਸ ਨੇ ਬੱਚੇ ਤੋਂ ਦੋ ਰੁਪਏ ਲੈ ਕੇ ਮੈਨੂੰ ਮੋੜ ਦਿਤੇ। ਮੈਂ ਬਥੇਰਾ ਜਤਨ ਕੀਤਾ, ਪਰ ਉਸ ਨੇ ਫਿਰ ਨਾਂਹ ਕਰ ਦਿਤੀ। ਮੈਂ ਵੀ ਅਨੁਭਵ ਕੀਤਾ ਕਿ ਰੋਟੀ ਦਾ ਇਵਜ਼ਾਨਾ ਲੈਣਾ ਇਹ ਆਪਣੀ ਹਤਕ ਸਮਝੇਗੀ। ਇਸ ਪਿੰਡੋਂ ਤੁਰ ਕੇ ਮੈਂ ਇਕ ਦੂਜੇ



Digitized by Panjab Digital Library | www.panjabdigilib.org

ਪਿੰਡ ਪਹੁੰਚਿਆ। ਉਸ ਵੇਲੇ ਸ਼ਾਮ ਦੇ ਪੰਜ ਛੇ ਵਜ ਚੁਕੇ ਸਨ। ਮੈਨੂੰ ਉਸ ਪਿੰਡ ਦਾ ਠੀਕ ਨਾਂ ਚੇਤੇ ਨਹੀਂ ਰਿਹਾ। ਸ਼ਾਇਦ ਕਿਲ੍ਹਾ ਸੋਭਾ ਸਿੰਘ ਹੈ। ਉਸ ਪਿੰਡ ਵਿਚ ਕੁਝ ਪੱਕੀਆਂ ਦੋ ਮੰਜ਼ਲਾ ਇਮਾਰਤਾਂ ਵੀ ਹਨ। ਜਿਹੜੀਆਂ ਉਥੋਂ ਦੇ ਦਰਜ਼ੀਆਂ ਦੀਆਂ ਹਨ। ਇਹ ਦਰਜ਼ੀ ਕਿਸੇ ਵਡੇ ਸ਼ਹਿਰ ਵਿਚ ਫ਼ੌਜੀ ਠੇਕੇਦਾਰ ਹਨ ਅਤੇ ਲੱਖਾਂ ਰੁਪਿਆਂ ਦੇ ਮਾਲਕ ਅਤੇ ਪੜ੍ਹੇ ਲਿਖੇ ਹਨ। ਉਸ ਪਿੰਡ ਵਿਚ ਪਹੁੰਚਿਆ ਅਤੇ ਆਰਾਮ ਕਰਨ ਲਈ ਇਕ ਦਰਖਤ ਹੇਠ ਬੈਠਾ ਤਾਂ ਉਹਨਾਂ ਦਰਜ਼ੀਆਂ ਵਿਚੋਂ ਇਕ ਜਣੇ ਨੇ ਮੈਨੂੰ ਵੇਖ ਲਿਆ। ਉਹ ਸਜਨ ਮੇਰੇ ਕੋਲ ਆਏ ਅਤੇ ਪੁਛਿਆ ਕਿ ਕਿਥੋਂ ਆਏ ਹੋ ਤੇ ਕਿਥੇ ਜਾਣਾ ਹੈ। ਮੈਂ ਕਿਹਾ ਕਿ ਲਾਹੌਰੋਂ ਆ ਰਿਹਾ ਹਾਂ ਅਤੇ ਹਾਫ਼ਿਜ਼ਾਬਾਦ ਜਾਣਾ ਹੈ। ਉਹ ਮੈਨੂੰ ਆਪਣੇ ਘਰ ਲੈ ਗਏ। ਚਾਹ ਤਿਆਰ ਕੀਤੀ। ਘਰ ਦੇ ਦੂਜੇ ਆਦਮੀਆਂ ਨਾਲ ਸਾਂਝ ਕਰਾਈ। ਬੜੀ ਆਓ ਭਾਗਤ ਨਾਲ ਪੇਸ਼ ਆਏ। ਜਦ ਚਾਹ ਪੀ ਚੁਕੇ ਤਾਂ ਉਹਨਾਂ ਨੇ ਆਪਣੇ ਘਰ ਦਾ ਟਾਂਗਾ ਮੇਰੀ ਸਵਾਰੀ ਲਈ ਤਿਆਰ ਕਰਵਾਇਆ ਤਾਕਿ ਉਹ ਟਾਂਗਾ ਮੈਨੂੰ ਕਿਲ੍ਹਾ ਦੀਦਾਰ ਸਿੰਘ ਛਡ ਆਏ। ਉਹ ਟਾਂਗਾ ਮੈਨੂੰ ਕਿਲ੍ਹਾ ਦੀਦਾਰ ਸਿੰਘ ਛਡ ਆਇਆ। ਉਥੋਂ ਭਾੜੇ ਦੇ ਟਾਂਗੇ ਹਾਫ਼ਿਜ਼ਾਬਾਦ ਜਾ ਰਹੇ ਸਨ। ਇਕ ਟਾਂਗੇ ਵਿਚ ਮੈਂ ਹਾਫ਼ਿਜ਼ਾਬਾਦ ਲਈ ਤੁਰ ਪਿਆ। ਉਥੇ ਰਾਤ ਨੂੰ ਯਾਰਾਂ ਵਜੇ ਪੁਜਾ।

ਹਾਫ਼ਿਜ਼ਾਬਾਦ ਪਹੁੰਚ ਕੇ ਮੈਂ ਕਿਸੇ ਨੂੰ ਨਾ ਦਸਿਆ ਕਿ ਕਿਉਂ ਆਇਆਂ ਤੇ ਕੀ ਵਾਪਰਿਆ ਹੈ। ਚੁਪ ਕਰ ਕੇ ਕੁਝ ਦਿਨ ਲੰਘਾ ਦਿਤੇ। ਏਨੇ ਵਿਚ ਸਰ ਮਾਇਕਲ ਓਡਵਾਇਰ ਵੀ ਗਵਰਨਰੀ ਦਾ ਚਾਰਜ ਦੇ ਕੇ ਚਲਾ ਗਿਆ। ਸਰ ਐਡਵਰਡ ਮੈਕਲੇਗਨ ਗਵਰਨਰ ਨੀਯਤ ਹੋਏ। ਪੜਤਾਲੀਆ ਕਮੇਟੀਆਂ ਸਥਾਪਤ ਹੋ ਗਈਆਂ ਸਨ ਅਤੇ ਓਡਵਾਇਰ ਨੇ ਜੋ ਕੁਝ ਕੀਤਾ ਸੀ ਸਰਕਾਰ ਉਸ ਲਈ ਸ਼ਰਮਿੰਦੀ ਸੀ। ਮੈਂ ਲਾਹੌਰ ਵਾਪਸ ਆਇਆ ਤਾਂ ਪਤਾ ਲਗਾ ਕਿ ਉਹੋ ਆਦਮੀ, ਜਿਹੜੇ ਫੜੇ ਗਏ ਸਨ, ਉਹੋ ਹੀ ਫੜੇ ਗਏ ਅਤੇ ਜਿਹੜੇ ਏਧਰ ਓਧਰ ਹੋ ਗਏ, ਪੁਲੀਸ ਨੇ ਉਹਨਾਂ ਦਾ ਪਿਛਾ ਨਹੀਂ ਕੀਤਾ ਤੇ ਉਹ ਨਹੀਂ ਫੜੇ ਗਏ।



Digitized by Panjab Digital Library | www.panjabdigilib.org

## ਪੁਲੀਸ ਦੇ ਨਹਿਲੇ ਤੇ ਜਨਤਾ ਦਾ ਦਹਿਲਾ

ਮਾਰਸ਼ਲ ਲਾਅ ਦੇ ਐਲਾਨ ਤੋਂ ਪਹਿਲਾਂ ਪੰਜਾਬ ਦੇ ਹਰ ਸ਼ਹਿਰ ਅਤੇ ਨਗਰ ਵਿਚ ਸਿਆਸੀ ਜਾਗ੍ਰਿਤੀ ਤੇ ਜੋਸ਼ ਪੈਦਾ ਹੋ ਰਿਹਾ ਸੀ । ਕਿਤੇ ਰੇਲਾਂ ਦੀਆਂ ਤਾਰਾਂ ਕਟੀਆਂ ਜਾ ਰਹੀਆਂ ਹਨ, ਕਿਤੇ ਸਰਕਾਰੀ ਇਮਾਰਤਾਂ ਸੜ ਰਹੀਆਂ ਹਨ ਕਿਤੇ ਬੈਂਕ ਲੁਟੇ ਜਾ ਰਹੇ ਹਨ ਅਤੇ ਕਿਤੇ ਅੰਗਰੇਜ਼ਾਂ ਅਤੇ ਸਰਕਾਰੀ ਕਰਮਚਾਰੀਆਂ ਤੇ ਹੱਲੇ ਹੋ ਰਹੇ ਹਨ । ਇਹਨੀਂ ਦਿਨੀਂ ਫ਼ੌਜ ਦੇ ਇਕ ਅੰਗਰੇਜ਼ ਲੈਫ਼ਟੀਨੈਂਟ ਟਾਟਨਹਮ—ਸ਼ਾਇਦ ਇਹੋ ਨਾਂ ਸੀ ਜਾਂ ਟਾਂਨਟਨ—ਲਾਇਲਪੁਰ ਤੋਂ ਵਜ਼ੀਰਾਬਾਦ ਨੂੰ ਜਾ ਰਿਹਾ ਸੀ । ਰਸਤੇ ਵਿਚ ਜਦ ਗਡੀ ਹਾਫ਼ਿਜ਼ਾਬਾਦ ਦੇ ਸਟੇਸ਼ਨ ਤੇ ਪਹੁੰਚੀ ਤਾਂ ਲੋਕਾਂ ਨੇ ਵੇਖਿਆ ਕਿ ਇਸ ਗਡੀ ਵਿਚ ਇਕ ਅੰਗਰੇਜ਼ ਬੈਠਾ ਹੋਇਆ ਹੈ । ਅੰਗਰੇਜ਼ ਦਾ ਚਿਹਰਾ ਹੀ ਇਹਨਾਂ ਦਿਨਾਂ ਵਿਚ ਜਨਤਾ ਦੇ ਜੋਸ਼ ਅਤੇ ਭਵਿਖ ਤੋਂ ਲਾ ਪ੍ਰਵਾਹ ਹੋਣ ਦਾ ਕਾਫ਼ੀ ਕਾਰਨ ਹੋ ਸਕਦਾ ਸੀ । ਲੋਕ ਉਸ ਅੰਗਰੇਜ਼ ਨੂੰ ਵੇਖ ਕੇ ਲੋਹੇ ਲਾਖੇ ਹੋ ਗਏ ਅਤੇ ਖਲਕਤ ਨੇ ਉਸ ਤੇ ਹਲਾ ਬੋਲ ਦਿਤਾ । ਕੋਈ ਨੇਮਬਧ ਆਰਗੇਨਾਈਜ਼ ਕੀਤੀ ਹੋਈ ਲਹਿਰ ਤਾਂ ਸੀ ਨਹੀਂ । ਇਕ ਪ੍ਰਕਾਰ ਦਾ ਉਬਾਲ ਜਿਹਾ ਸੀ । ਲੋਕਾਂ ਨੇ ਉਸ ਅੰਗਰੇਜ਼ ਨੂੰ ਜੁਤੀਆਂ, ਚਪੇੜਾਂ, ਸੋਟੀਆਂ ਅਤੇ ਘਸੁੰਨਾਂ ਨਾਲ ਮਾਰਿਆ । ਰੇਲਵੇ ਡਰਾਈਵਰ ਤੇ ਗਾਰਡ ਨੇ ਜਦ ਇਹ ਹਾਲ ਵੇਖਿਆ ਤਾਂ ਉਹਨਾਂ ਨੇ ਰੇਲ ਗੱਡੀ ਨੂੰ ਸਮੇਂ ਤੋਂ ਪਹਿਲਾਂ ਹੀ ਚਲਾ ਦਿਤਾ ਤਾਕਿ ਉਹ ਅੰਗਰੇਜ਼ ਬਚ ਜਾਏ । ਇਸ ਪ੍ਰਕਾਰ ਗਡੀ ਦੇ ਛੇਤੀ ਤੁਰ ਪੈਣ ਦੇ ਕਾਰਨ ਉਸ ਅੰਗਰੇਜ਼ ਦੀ ਜਾਨ ਬਚ ਗ਼ਈ । ਨਹੀਂ ਤਾਂ ਇਹ ਅਣਹੋਣੀ ਨਹੀਂ ਸੀ ਕਿ ਉਸ ਨੂੰ ਹਾਫ਼ਿਜ਼ਾਬਾਦ ਸਟੇਸ਼ਨ ਤੇ ਹੀ ਖ਼ਤਮ ਕਰ ਦਿਤਾ ਜਾਂਦਾ ।

ਇਸ ਘਟਨਾ ਪਿਛੋਂ ਪੰਜਾਬ ਵਿਚ ਮਾਰਸ਼ਲ ਲਾਅ ਲਗ ਗਿਆ । ਗ੍ਰਿਫ਼ਤਾਰੀਆਂ, ਮੁਕੱਦਮੇ ਅਤੇ ਸਜ਼ਾਵਾਂ । ਪੁਲੀਸ ਨੇ ਲੈਫ਼ਟੀਨੈਂਟ ਟਾਟਨਹੱਮ ਨੂੰ ਮਾਰਨ ਦੇ ਅਪਰਾਧ ਵਿਚ ਹਾਫ਼ਿਜ਼ਾਬਾਦ ਵਿਚ ਗ੍ਰਿਫ਼ਤਾਰੀਆਂ ਸ਼ੁਰੂ ਕੀਤੀਆਂ । ਅਪਰਾਧੀਆਂ ਦੀ ਪਛਾਣ ਕਰਨ ਲਈ ਟਾਟਨਹੱਮ ਸਾਹਿਬ ਹਾਫ਼ਿਜ਼ਾਬਾਦ ਤਸ਼ਰੀਫ਼ ਲਿਆਏ । ਪੁਲੀਸ ਨੇ ਮੁਨਾਦੀ ਰਾਹੀਂ ਹੁਕਮ ਦਿਤਾ ਕਿ ਸ਼ਹਿਰ ਦਾ ਹਰ ਵਾਸੀ, ਬੱਚਾ, ਜਵਾਨ ਜਾਂ ਬੁੱਢਾ ਜੋ ਵੀ ਹੈ ਤਹਿਸੀਲ ਦੇ ਸਾਹਮਣੇ ਹਾਜ਼ਰ ਹੋ ਜਾਏ । ਜਿਹੜਾ ਹਾਜ਼ਰ ਨਹੀਂ ਹੋਵੇਗਾ ਉਹ ਗੋਲੀ ਨਾਲ ਉਡਾ ਦਿਤਾ ਜਾਏਗਾ । ਫਸਦੀ ਨੂੰ ਹਰ ਮਨੁੱਖ ਤਹਿਸੀਲ ਸਾਹਮਣੇ ਪੁਜ ਗਿਆ । ਸਭ ਲੋਕਾਂ ਨੂੰ ਇਕ ਲਾਈਨ ਵਿਚ ਖੜਾ ਕਰ ਦਿਤਾ ਗਿਆ ਅਤੇ ਲੈਫ਼ਟੀਨੈਂਟ ਟਾਟਨਹੱਮ ਨੇ ਅਪਰਾਧੀਆਂ



Digitized by Panjab Digital Library | www.panjabdigilib.org

ਨੂੰ ਪਛਾਣਨਾ ਆਰੰਭ ਕੀਤਾ। ਉਹਦੇ ਨਾਲ ਪੁਲੀਸ ਸੀ ਅਤੇ ਪੁਲੀਸ ਆਪਣੀ ਕਾਰਗੁਜ਼ਾਰੀ ਵਿਖਾਉਣ ਲਈ ਬੜੀ ਤਿਆਰ-ਬਰ-ਤਿਆਰ ਸੀ। ਜਿਨ੍ਹਾਂ ਆਦਮੀਆਂ ਤੇ ਪੁਲੀਸ ਨੇ ਲੈਫਟੀਨੈਂਟ ਟਾਟਨਹੱਮ ਜਾਂ ਸਰਕਾਰੀ ਗਵਾਹਾਂ ਨੇ — ਜਿਹੜੇ ਇਸ ਗਲ ਲਈ ਤਿਆਰ ਹੋਏ ਸਨ ਕਿ ਉਹ ਘਟਨਾ ਦੇ ਸਮੇਂ ਰੇਲਵੇ ਸਟੇਸ਼ਨ ਤੇ ਹਾਜ਼ਰ ਸਨ ਜਦ ਕਿ ਲੈਫਟੀਨੈਂਟ ਟਾਟਨਹੱਮ ਨੂੰ ਕੁਟਿਆ ਗਿਆ — ਹਥ ਰਖਿਆ, ਉਹ ਬੰਦੇ ਭਾਵੇਂ ਨਿਰਦੋਸ਼ ਸਨ ਜਾਂ ਦੋਸ਼ੀ, ਬਾਦਸ਼ਾਹ ਸਲਾਮਤ ਜਾਰਜ ਪੰਜਮ ਦੇ ਵਿਰੁਧ ਜੰਗ ਦਾ ਐਲਾਨ ਅਤੇ ਵਿਦਰੋਹ ਦਾ ਝੰਡਾ ਉਚਾ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਏ ਗਏ। ਇਹਨਾਂ ਫੜੇ ਜਾਣ ਵਾਲਿਆਂ ਵਿਚ ਮੇਰੇ ਇਕ ਚਾਚੇ ਦੇ ਪੁੱਤਰ ਭਰਾ ਹੁਸ਼ਿਆਰ ਸਿੰਘ — ਇਹ ਅਜ ਕਲ ਅੰਮ੍ਰਿਤਸਰ ਵਿਚ ਹੁਸ਼ਿਆਰ ਸਿੰਘ ਐਂਡ ਕੰਪਨੀ ਅਤੇ ਜਨਰਲ ਇੰਕ ਵਰਕਸ ਆਦਿ ਦੇ ਨਾਂ ਤੇ ਧੰਦਾ ਕਰਦੇ ਹਨ ਅਤੇ ਚੰਗੇ ਸਫਲ ਹਨ — ਵੀ ਸਨ। ਜਿਨ੍ਹਾਂ ਨੂੰ ਪੁਲੀਸ ਨੇ ਇਸੇ ਅਪਰਾਧ ਵਿਚ ਫੜਿਆ ਸੀ। ਹਾਲਾਂ ਕਿ ਸਚਾਈ ਇਹ ਹੈ ਸੀ ਕਿ ਉਹ ਮੁੰਡਾ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਬੀ. ਐਸ. ਸੀ. ਦੀ ਸ਼੍ਰੇਣੀ ਵਿਚ ਪੜ੍ਹਦਾ ਸੀ। ਜਦ ਸਿਆਸੀ ਖਿਚੋਤਾਣ ਅਰੰਭ ਹੋਈ ਅਤੇ ਅੰਮ੍ਰਿਤਸਰ ਵਿਚ ਬੈਂਕ ਅਤੇ ਸਰਕਾਰੀ ਇਮਾਰਤਾਂ ਜਨਤਾ ਨੇ ਸਾੜੀਆਂ ਤਾਂ ਮੇਰੇ ਚਾਚੇ ਸਰਦਾਰ ਮੇਵਾ ਸਿੰਘ — ਹੁਸ਼ਿਆਰ ਸਿੰਘ ਦੇ ਪਿਤਾ — ਨੇ ਬਚਾਓ ਦੇ ਵਿਚਾਰ ਨਾਲ ਉਹਨੂੰ ਹਾਫ਼ਿਜ਼ਾਬਾਦ ਬੁਲਾ ਲਿਆ। ਉਸ ਦਾ ਲੈਫਟੀਨੈਂਟ ਟਾਟਨਹੱਮ ਨੂੰ ਮਾਰਣ ਕੁਟਣ ਨਾਲ ਕੋਈ ਸੰਬੰਧ ਨਹੀਂ ਸੀ, ਪਰ ਉਸ ਰੋਜ਼ ਉਹ ਹਾਫ਼ਿਜ਼ਾਬਾਦ ਵਿਚ ਹਾਜ਼ਰ ਜ਼ਰੂਰ ਸੀ ਅਤੇ ਘਟਨਾ ਦੇ ਸਮੇਂ ਆਪਣੇ ਘਰ ਵਿਚ ਸੀ ਭਾਵ ਇਸ ਦੁਰਘਟਨਾ ਨਾਲ ਉਸ ਦਾ ਕੋਈ ਵਾਸਤਾ ਨਹੀਂ ਸੀ।

ਹੁਸ਼ਿਆਰ ਸਿੰਘ ਚੜ੍ਹਦੀ ਜਵਾਨੀ ਵਿਚ ਅਤੇ ਹੋਣਹਾਰ ਮੁੰਡਾ ਸੀ। ਗੋਰਾ ਰੰਗ, ਬੜਾ ਸੁਹਣਾ। ਕਾਲਜ ਦਾ ਹਰ ਮੁੰਡਾ ਅਤੇ ਕਾਲਜ ਦੇ ਪ੍ਰੋਫ਼ੈਸਰ ਤਕ ਵੀ ਉਸ ਨੂੰ ਬੜਾ ਪਿਆਰਦੇ। ਘਰ ਵਿਚ ਵੀ ਉਸ ਲਈ ਹਰ ਮਨੁਖ ਦੇ ਦਿਲ ਵਿਚ ਪਿਆਰ ਸੀ। ਅਨੁਮਾਨ ਲਾਇਆ ਜਾ ਸਕਦਾ ਹੈ ਕਿ ਜਦ ਬਾਦਸ਼ਾਹ ਸਲਾਮਤ ਜਾਰਜ ਪੰਚਮ ਦੇ ਵਿਰੁਧ ਜੰਗ ਵਿਚ ਭਾਗ ਲੈਣ ਜਾਂ ਵਿਦਰੋਹ ਕਰਨ ਦੇ ਦੋਸ਼ ਵਿਚ — ਜਿਸ ਦਾ ਦੰਡ ਫ਼ਾਂਸੀ ਜਾਂ ਉਮਰ ਕੈਦ ਤੋਂ ਘਟ ਕੋਈ ਦੂਜਾ ਦੰਡ ਨਹੀਂ ਸੀ — ਫੜ ਲਿਆ ਗਿਆ, ਹਵਾਲਾਤ ਵਿਚ ਡੱਕ ਦਿਤਾ ਗਿਆ, ਉਸ ਨਾਲ ਘਰ ਦਾ ਕੋਈ ਬੰਦਾ ਨਾ ਮਿਲ ਸਕਦਾ ਸੀ ਅਤੇ ਨਾ ਗਲ ਬਾਤ ਕਰ ਸਕਦਾ ਸੀ, ਉਸ ਦੇ ਮਾਪਿਆਂ ਅਤੇ ਘਰ ਦਿਆਂ ਜੀਆਂ ਦਾ ਕੀ ਹਾਲ ਹੋਵੇਗਾ। ਪਰ ਕੀ ਹੋ ਸਕਦਾ ਸੀ, ਕਾਨੂੰਨ ਅਤੇ ਨਿਆਂ ਕੇਵਲ ਅਪਰਾਧੀਆਂ



Digitized by Panjab Digital Library | www.panjabdigilib.org

ਅਤੇ ਦੋਸ਼ੀਆਂ ਨੂੰ ਹੀ ਦੰਡ ਦੇਣ ਲਈ ਨਹੀਂ ਸੀ । ਭਾਰਤ ਵਿਚ ਇਸ ਰਾਹੀਂ ਪ੍ਰਤੀ ਦਿਨ ਦਰਜਨਾਂ, ਸੈਆਂ ਅਤੇ ਹਜ਼ਾਰਾਂ ਨਿਰਦੋਸ਼ਾਂ ਨੂੰ ਵੀ ਸੂਲੀ ਚਾੜ੍ਹਿਆ ਜਾਂਦਾ ਅਤੇ ਜੇਲ੍ਹਾਂ ਵਿਚ ਡਕਿਆ ਜਾ ਰਿਹਾ ਸੀ ।

ਹੁਸ਼ਿਆਰ ਸਿੰਘ ਕੁਝ ਦਿਨ ਤਾਂ ਹਾਫ਼ਿਜ਼ਾਬਾਦ ਦੇ ਥਾਣੇ ਦੀ ਹਵਾਲਾਤ ਵਿਚ ਰਖਿਆ ਗਿਆ । ਇਸ ਪਿਛੋਂ ਦੂਜੇ ਦਰਜਨਾਂ ਅਪਰਾਧੀਆਂ ਨਾਲ ਲਾਹੌਰ ਬੋਰਸਟਲ ਜੇਲ੍ਹ ਵਿਚ ਭੇਜ ਦਿਤਾ । ਇਧਰ ਉਸ ਦੇ ਪਿਤਾ, ਉਸ ਦੇ ਭਰਾ ਅਤੇ ਘਰ ਦੇ ਲੋਕ ਵੀ ਮੁਕੱਦਮੇ ਦੀ ਪੈਰਵਾਈ ਲਈ ਲਾਹੌਰ ਪਹੁੰਚੇ । ਉਹਨਾਂ ਦਿਨਾਂ ਵਿਚ ਰਾਏ ਬਹਾਦਰ ਲਾਲਾ ਬਦਰੀ ਦਾਸ ਲਾਹੌਰ ਦੇ ਚੋਟੀ ਦਿਆਂ ਵਕੀਲਾਂ ਵਿਚ ਗਿਣੇ ਜਾਂਦੇ ਸਨ, ਕਿਉਂਕਿ ਉਹ "ਰਾਏ ਬਹਾਦਰ" ਵੀ ਸਨ । ਮੁਕੱਦਮਾ ਲੜਨ ਵਾਲਿਆਂ ਨੂੰ ਇਹ ਖ਼ਿਆਲ ਵੀ ਹੋ ਸਕਦਾ ਸੀ ਕਿ ਸ਼ਾਇਦ ਉਹਨਾਂ ਦੀ ਰਾਏ ਬਹਾਦਰੀ ਦਾ ਅਦਾਲਤ ਤੇ ਵੀ ਕੁਝ ਰੁਹਬ ਜਾਂ ਪ੍ਰਭਾਵ ਪਵੇ । ਇਸ ਖ਼ਿਆਲ ਨਾਲ ਰਾਏ ਬਹਾਦਰ ਸਾਹਿਬ ਨੂੰ ਬਹੁਤ ਵਧੇਰੇ ਫ਼ੀਸ ਦੇ ਕੇ ਨੀਯਤ ਕੀਤਾ ਗਿਆ ਅਤੇ ਮੁਕੱਦਮਾ ਇਕ ਟੀਬਿਊਨਲ ਦੇ ਹਵਾਲੇ ਹੋਇਆ । ਜਿਸ ਦਾ ਅੰਗਰੇਜ਼ ਜੱਜ ਪ੍ਰਧਾਨ ਅਤੇ ਦੋ ਭਾਰਤੀ ਮੈਂਬਰ ਸਨ ਅਤੇ ਇਹ ਟ੍ਰੀਬਿਊਨਲ ਇਸ ਲਈ ਨੀਯਤ ਕੀਤਾ ਗਿਆ ਸੀ ਕਿ ਇਸ ਟ੍ਰੀਬਿਊਨਲ ਦਾ ਫ਼ੈਸਲਾ ਆਖ਼ਰੀ ਫ਼ੈਸਲਾ ਹੋਵੇਗਾ । ਇਸ ਦੇ ਫ਼ੈਸਲੇ ਪਿਛੋਂ ਹਾਈਕੋਰਟ ਆਦਿ ਵਿਚ ਕੋਈ ਅਪੀਲ ਨਹੀਂ ਕੀਤੀ ਜਾ ਸਕੇਗੀ ।

ਮੁਕੱਦਮੇ ਦੀਆਂ ਤਿਆਰੀਆਂ ਆਰੰਭ ਹੋਈਆਂ । ਮੇਰੇ ਚਾਚਾ, ਉਹਨਾਂ ਦੇ ਪੁੱਤਰ ਅਤੇ ਮੈਂ ਵਕੀਲ ਸਾਹਿਬ ਦੇ ਘਰ ਗੇੜੇ ਲਾਉਣੇ ਸ਼ੁਰੂ ਕੀਤੇ । ਇਕ ਦਿਨ ਅਸੀਂ ਰਾਏ ਬਹਾਦਰ ਬਦਰੀ ਦਾਸ ਦੇ ਕੋਲ ਬੈਠੇ ਉਸ ਨੂੰ ਮੁਕੱਦਮੇ ਦੀਆਂ ਘਟਨਾਵਾਂ ਸਮਝਾ ਰਹੇ ਸਾਂ ਕਿ ਮੇਰੇ ਚਾਚੇ ਨੇ ਕਿਹਾ :

"ਰਾਏ ਬਹਾਦਰ ਸਾਹਿਬ, ਅਸੀਂ ਬੜੇ ਮੁਸੀਬਤ ਵਿਚ ਫਸੇ ਪਏ ਹਾਂ । ਮੇਰਾ ਪੁੱਤਰ ਘਟਨਾ ਵੇਲੇ ਸਟੇਸ਼ਨ ਤੇ ਹਾਜ਼ਰ ਨਹੀਂ ਸੀ । ਪੁਲੀਸ ਨੇ ਵਡੇ ਵਡੇ ਲੋਕਾਂ ਦਿਆਂ ਪੁੱਤਰਾਂ ਨੂੰ ਕੇਵਲ ਵੱਢੀ ਲੈਣ ਖ਼ਾਤਰ ਫੜਿਆ ਹੈ । ਫੜੇ ਜਾਣ ਵਾਲਿਆਂ ਵਿਚ ਬਹੁਤ ਸਾਰੇ ਨਿਰਦੋਸ਼ ਹਨ । ਦੋਸ਼ ਬੜਾ ਸਖ਼ਤ ਲਾਇਆ ਗਿਆ ਹੈ । ਤੁਸੀਂ ਵਧ ਤੋਂ ਵਧ ਜਤਨ ਕਰੋ । ਜੇਕਰ ਮੇਰੇ ਮੁੰਡੇ ਨੂੰ ਸਜ਼ਾ ਬੋਲ ਗਈ ਤਾਂ ਅਸੀਂ ਤਬਾਹ ਬਰਬਾਦ ਹੋ ਜਾਵਾਂਗੇ ।"

ਰਾਏ ਬਹਾਦਰ ਬਦਰੀ ਦਾਸ ਨੇ ਮੇਰੇ ਚਾਚੇ ਦੇ ਇਹ ਦਰਦੀਲੇ ਸ਼ਬਦ ਸੁਣਨ ਪਿਛੋਂ ਉੱਤਰ ਦਿਤਾ :

"ਸਰਦਾਰ ਸਾਹਿਬ, ਮੁੰਡਾ ਦੋਸ਼ੀ ਹੈ ਜਾਂ ਨਿਰਦੋਸ਼, ਇਹ ਕੋਈ ਪ੍ਰਸ਼ਨ ਨਹੀਂ



Digitized by Panjab Digital Library | www.panjabdigilib.org

ਉਠਦਾ। ਇਹ ਤਾਂ ਅਦਾਲਤਾਂ ਹਨ ਅਤੇ ਅਦਾਲਤਾਂ ਵੀ ਸਾਧਾਰਨ ਅਦਾਲਤਾਂ ਨਹੀਂ, ਮਾਰਸ਼ਲ ਲਾਅ ਦੀਆਂ ਅਦਾਲਤਾਂ ਹਨ। ਏਥੇ ਝੂਠ ਅਤੇ ਬੇਈਮਾਨੀ ਦੀ ਦੌੜ ਹੈ, ਜੇਕਰ ਤੁਸੀਂ ਪੁਲੀਸ ਤੋਂ ਵਧੇਰੇ ਝੂਠ ਬਣਾ ਸਕਦੇ ਹੋਵੋ ਤਾਂ ਮੁੰਡਾ ਛੁਟ ਜਾਏਗਾ ਅਤੇ ਜੇਕਰ ਤੁਸੀਂ ਪੁਲੀਸ ਤੋਂ ਵਧੇਰੇ ਝੂਠ ਨਹੀਂ ਬਣਾ ਸਕਦੇ ਜਿਹੜਾ ਪੁਲੀਸ ਦੇ ਝੂਠ ਨੂੰ ਮਾਤ ਕਰ ਸਕੇ ਤਾਂ ਜ਼ਰੂਰ ਮੁੰਡੇ ਨੂੰ ਦੰਡ ਮਿਲੇਗਾ ਅਤੇ ਸ਼ਾਇਦ ਮੁੰਡੇ ਨੂੰ ਫਾਹੇ ਵੀ ਲਾ ਦੇਣ। ਏਥੇ ਨਿਆਂ ਅਤੇ ਕਾਨੂੰਨ ਦਾ ਕੋਈ ਪ੍ਰਸ਼ਨ ਨਹੀਂ ਉਠਦਾ। ਝੂਠ ਦੀ ਦੌੜ ਦਾ ਪ੍ਰਸ਼ਨ ਹੈ। ਜਿਹੜਾ ਵਧੇਰੇ ਝੂਠ ਬਣਾ ਸਕੇਗਾ ਉਹੀ ਸਫ਼ਲ ਹੋਵੇਗਾ। ਤੁਸੀਂ ਹੋਵੋ ਚਾਹੇ ਪੁਲੀਸ।"

ਰਾਏ ਬਹਾਦਰ ਦੇ ਇਹ ਸ਼ਬਦ ਸੁਣ ਕੇ ਇਹ ਪ੍ਰਸ਼ਨ ਉਤਪੰਨ ਹੋਇਆ ਕਿ ਮੁਕੱਦਮੇ ਦਾ ਡੀਫ਼ੈਂਸ ਕੀ ਹੋਵੇ। ਫ਼ੌਜਦਾਰੀ ਮੁਕੱਦਮੇ ਵਿਚ ਇਹ ਡੀਫ਼ੈਂਸ ਜੜ੍ਹੋਂ ਹੀ ਲੱਚਰ ਅਤੇ ਨਿਰਮੂਲ ਹੁੰਦਾ ਹੈ ਕਿ ਅਪਰਾਧੀ ਭਲਾਮਾਣਸ ਹੈ, ਖ਼ਾਨਦਾਨੀ ਹੈ ਜਾਂ ਵਡਿਆਂ ਲੋਕਾਂ ਦਾ ਰਿਸ਼ਤੇਦਾਰ ਹੈ। ਫ਼ੌਜਦਾਰੀ ਮੁਕੱਦਮੇ ਵਿਚ ਤਾਂ ਕੇਵਲ ਉਹੀ ਡੀਫ਼ੈਂਸ ਕੰਮ ਦਾ ਹੁੰਦਾ ਹੈ ਜਿਹੜਾ ਦੋਸ਼ ਨਾਲ ਸਿਧੀ ਟੱਕਰ ਲਵੇ ਤੇ ਉਸ ਦਾ ਖੰਡਨ ਕਰੇ। ਇਸ ਪ੍ਰਕਾਰ ਸਲਾਹ ਮਸ਼ਵਰੇ ਪਿਛੋਂ ਇਹ ਫ਼ੈਸਲਾ ਕੀਤਾ ਗਿਆ ਕਿ ਡੀਫ਼ੈਂਸ ਕੇਵਲ ਇਹ ਹੋਣਾ ਚਾਹੀਦਾ ਹੈ ਕਿ ਦੋਸ਼ੀ ਘਟਨਾ ਵਾਲੇ ਦਿਨ ਹਾਫ਼ਿਜ਼ਾਬਾਦ ਨਹੀਂ ਸੀ ਸਗੋਂ ਏਥੋਂ ਸੈਆਂ ਕੋਹਾਂ ਦੂਰ ਸੀ ਜਿਥੋਂ ਉਸੇ ਦਿਨ ਹਾਫ਼ਿਜ਼ਾਬਾਦ ਪਹੁੰਚ ਕੇ ਅਪਰਾਧ ਦਾ ਭਾਗੀ ਬਣਨਾ ਸੰਭਵ ਹੀ ਨਹੀਂ ਸੀ।

ਹੁਣ ਪ੍ਰਸ਼ਨ ਉਤਪੰਨ ਹੋਇਆ ਕਿ ਹਾਫ਼ਿਜ਼ਾਬਾਦ ਵਿਚ ਦੋਸ਼ੀ ਦੀ ਅਣਹੋਂਦ ਕਿਵੇਂ ਸਾਬਤ ਕੀਤੇ ਜਾਏ। ਇਸ ਪ੍ਰਸ਼ਨ ਤੇ ਵਿਚਾਰ ਹੋਇਆ ਕਿ ਕਿਥੇ ਕਿਥੇ ਡੂੰਘੇ ਸੰਬੰਧ ਹਨ। ਜਿਥੋਂ ਕਿ ਡਾਕਖ਼ਾਨੇ ਦੀ ਮੋਹਰ ਕਾਰਡ ਤੇ ਲਗਵਾਈ ਜਾ ਸਕਦੀ ਹੈ। ਇਹ ਫ਼ੈਸਲਾ ਕਰਨ ਪਿਛੋਂ ਅਸਾਂ ਇਕ ਲੇਖ ਤਿਆਰ ਕੀਤਾ ਜਿਹੜਾ ਹੁਸ਼ਿਆਰ ਸਿੰਘ ਵਲੋਂ ਪੋਸਟ ਕਾਰਡ ਤੇ ਲਿਖਿਆ ਜਾਏ। ਅਸਾਂ ਬੋਰਸਟਲ ਜੇਲ੍ਹ ਲਾਹੌਰ ਦੇ ਇਕ ਵਾਰਡਰ ਰਾਹੀਂ ਹੁਸ਼ਿਆਰ ਸਿੰਘ ਨੂੰ ਉਹ ਲੇਖ ਅਤੇ ਇਕ ਸਾਦਾ ਪੋਸਟ ਕਾਰਡ ਲਿਖਣ ਲਈ ਜੇਲ੍ਹ ਅੰਦਰ ਭੇਜਿਆ। ਇਸ ਪੋਸਟ ਕਾਰਡ ਤੇ ਹੁਸ਼ਿਆਰ ਸਿੰਘ ਨੇ ਲਿਖਿਆ ਕਿ ਉਹ ਕਾਰਡ ਲਿਖਣ ਦੇ ਦਿਨ — ਭਾਵ ਟਾਟਨਹੈਮ ਦੀ ਘਟਨਾ ਦੇ ਦਿਨ — ਲੁਧਿਆਣੇ ਵਿਚ ਹੈ। ਅਜੇ ਲੁਧਿਆਣੇ ਦੋ ਤਿੰਨ ਦਿਨ ਹੋਰ ਰਹੇਗਾ। ਇਸ ਪਿਛੋਂ ਸਾਂਗਲਾ — ਜਿਥੇ ਕਿ ਇਕ ਮਿਤਰ ਦੇ ਨਾਂ ਕਾਰਡ ਲਿਖਿਆ ਗਿਆ ਸੀ — ਆਏਗਾ ਅਤੇ ਫੇਰ ਹਾਫ਼ਿਜ਼ਾ-ਬਾਦ ਜਾਏਗਾ। ਹੁਸ਼ਿਆਰ ਸਿੰਘ ਨੇ ਇਹ ਕਾਰਡ ਲਿਖ ਕੇ ਸਾਨੂੰ ਜੇਲ੍ਹੋਂ ਬਾਹਰ ਜੇਲ੍ਹ ਦੇ ਵਾਰਡਰ ਰਾਹੀਂ ਭੇਜ ਦਿਤਾ। ਸਾਡੇ ਵਿਚੋਂ ਇਕ ਆਦਮੀ ਇਸ ਖ਼ਤ



Digitized by Panjab Digital Library | www.panjabdigilib.org

ਨੂੰ ਲੈ ਕੇ ਪਹਿਲਾਂ ਲੁਧਿਆਣੇ ਗਿਆ ਉਥੋਂ ਦੇ ਡਾਕਖ਼ਾਨੇ ਦੇ ਮੋਹਰ ਲਾਉਣ ਵਾਲੇ ਨੂੰ ਪੰਜ ਰੁਪਏ ਦੇ ਕੇ ਉਸ ਦਿਨ ਦੀ ਡਿਸਪੈਚ ਤਰੀਕ ਦੀ ਮੋਹਰ ਲਵਾ ਲਈ ਜਿਸ ਦਿਨ ਟਾਟਨਹਮ ਨਾਲ ਘਟਨਾ ਵਾਪਰੀ ਸੀ। ਫਿਰ ਇਹ ਕਾਰਡ ਸਾਂਗਲੇ ਲਿਆਂਦਾ ਗਿਆ। ਉਸੇ ਤਰ੍ਹਾਂ ਹੀ ਉਥੋਂ ਦੇ ਡਾਕਖ਼ਾਨੇ ਦੇ ਮੋਹਰ ਲਾਉਣ ਵਾਲੇ ਨੂੰ ਪੰਜ ਰੁਪਏ ਦੇ ਕੇ ਘਟਨਾ ਤੋਂ ਦੂਜੇ ਦਿਨ ਦੀ ਤਰੀਕ ਦੀ ਮੋਹਰ ਲਵਾ ਲਈ। ਜਿਸ ਦਾ ਭਾਵ ਇਹ ਸੀ ਕਿ ਹੁਸ਼ਿਆਰ ਸਿੰਘ ਨੇ ਘਟਨਾ ਵਾਲੇ ਦਿਨ ਇਹ ਪੋਸਟ ਕਾਰਡ ਲੁਧਿਆਣੇ ਤੋਂ ਲਿਖਿਆ ਅਤੇ ਘਟਨਾ ਦੇ ਅਗਲੇ ਦਿਨ ਇਹ ਸਾਂਗਲਾ — ਜ਼ਿਲ੍ਹਾ ਗੁਜਰਾਂਵਾਲਾ — ਪਹੁੰਚਾ।

ਮੁਕੱਦਮਾ ਅਰੰਭ ਹੋਇਆ, ਪੁਲੀਸ ਦੇ ਸਰਕਾਰੀ ਗਵਾਹਾਂ ਦੀਆਂ ਗਵਾ-ਹੀਆਂ ਹੋਈਆਂ ਕਿ ਘਟਨਾ ਦੇ ਦਿਨ ਉਹਨਾਂ ਨੇ ਆਪਣੀ ਅੱਖੀਂ ਡਿੱਠਾ ਸੀ ਕਿ ਦੂਜਿਆਂ ਲੋਕਾਂ ਦੇ ਨਾਲ ਹੁਸ਼ਿਆਰ ਸਿੰਘ ਲੈਫਟੀਨੈਂਟ ਟਾਟਨਹਮ ਨੂੰ ਮਾਰ ਰਿਹਾ ਸੀ। ਪੁਲੀਸ ਦਾ ਮੁਕੱਦਮਾ ਬੜਾ ਮਜ਼ਬੂਤ ਰਿਹਾ ਅਤੇ ਫ਼ਰਦ ਜੁਰਮ ਵੀ ਲਗ ਗਿਆ, ਪਰ ਜਦ ਡੀਫੈਂਸ ਸ਼ੁਰੂ ਹੋਇਆ ਤਾਂ ਲੁਧਿਆਣੇ ਦੇ ਸਾਡੇ ਗਵਾਹ ਪੇਸ਼ ਹੋਏ ਜਿਨ੍ਹਾਂ ਨੇ ਕਿਹਾ ਕਿ ਘਟਨਾ ਦੇ ਦਿਨ ਹੁਸ਼ਿਆਰ ਸਿੰਘ ਲੁਧਿਆਣੇ ਵਿਚ ਸੀ। ਸਾਂਗਲਾ ਦੇ ਗਵਾਹ ਪੇਸ਼ ਹੋਏ ਕਿ ਘਟਨਾ ਤੋਂ ਅਗਲੇ ਦਿਨ ਇਹ ਪੋਸਟ ਕਾਰਡ ਡਾਕ ਰਾਹੀਂ ਮਿਲਿਆ ਸੀ ਜਿਹੜਾ ਇਕ ਦਿਨ ਪਹਿਲਾਂ ਹੁਸ਼ਿਆਰ ਸਿੰਘ ਨੇ ਲੁਧਿਆਣੇ ਤੋਂ ਡਾਕੇ ਪਾਇਆ ਸੀ। ਹੁਸ਼ਿਆਰ ਸਿੰਘ ਦੇ ਹਥਾਂ ਦਾ ਲਿਖਿਆ ਹੋਇਆ ਪੋਸਟ ਕਾਰਡ ਅਤੇ ਉਸ ਦੀਆਂ ਮੋਹਰਾਂ ਨੂੰ ਵੇਖ ਕੇ ਟ੍ਰਿਬਯੂਨਲ ਅਤੇ ਉਸ ਦੇ ਯੂਰਪੀਅਨ ਜੱਜ ਨੂੰ ਭਰੋਸਾ ਹੋ ਗਿਆ ਕਿ ਹੁਸ਼ਿਆਰ ਸਿੰਘ ਘਟਨਾ ਵਾਲੇ ਦਿਨ ਹਾਫ਼ਿਜ਼ਾਬਾਦ ਵਿਚ ਨਹੀਂ ਸੀ। ਲੁਧਿਆਣੇ ਸੀ। ਇਸ ਪਰਕਾਰ ਹੁਸ਼ਿਆਰ ਸਿੰਘ ਸਤਿਕਾਰ ਸਹਿਤ ਬਰੀ ਕਰ ਦਿਤਾ ਗਿਆ ਕਿਉਂਕਿ ਭਾਰਤੀ ਮੈਜਿਸਟਰੇਟ ਤਾਂ ਆਪਣੇ ਡਿਪਟੀ ਕਮਿਸ਼ਨਰ ਦੇ ਇਸ਼ਾਰੇ ਤੇ ਆਪਣੇ ਸੱਕੇ ਭਰਾ ਨੂੰ ਨਿਰਦੋਸ਼ ਹੁੰਦਿਆਂ ਹੋਇਆਂ ਵੀ ਕੈਦ ਕਰ ਸਕਦੇ ਸਨ ਤਾਕਿ ਸਾਹਿਬ ਬਹਾਦਰ ਕਿਤੇ ਨਾਰਾਜ਼ ਨਾ ਹੋ ਜਾਣ, ਪਰ ਯੂਰਪੀਅਨ ਜੱਜਾਂ ਅੰਦਰ ਫਿਰ ਵੀ ਸੂਝ ਬੂਝ ਸੀ, ਉਹ ਆਪਣੀ ਸੂਝ ਤੇ ਮਨ ਦੀ ਆਵਾਜ਼ ਦੇ ਟਾਕਰੇ ਤੇ ਕਿਸੇ ਨਿਰਦੋਸ਼ੀ ਨੂੰ ਦੰਡ ਦਿੰਦੇ ਹੋਇਆਂ ਕਈ ਵਾਰ ਆਪਣੇ ਦਿਮਾਗ਼ ਅਤੇ ਦਿਲ ਤੋਂ ਸਲਾਹ ਲੈਂਦੇ ਹਨ।

ਇਸ ਸਿਲਸਲੇ ਵਿਚ ਇਹ ਦਸ ਦੇਣਾ ਵੀ ਮੈਂ ਆਪਣਾ ਫ਼ਰਜ਼ ਸਮਝਦਾ ਹਾਂ ਕਿ ਇਸ ਤਰ੍ਹਾਂ ਕੋਈ ਸਜਣ ਮੁਕੱਦਮੇ ਵਿਚ ਅਨਹੋਂਦ ਪ੍ਰਗਟ ਕਰਦੇ ਹੋਏ ਅਜਿਹੇ ਕਾਰਡ ਬਣਵਾਉਣ ਦੀ ਮੂਰਖਤਾ ਨਾ ਕਰਨ ਕਿਉਂਕਿ ਇਸ



Digitized by Panjab Digital Library | www.panjabdigilib.org

ਘਟਨਾ ਦੇ ਪਿਛੋਂ ਕਈ ਹਾਈ ਕੋਰਟਾਂ ਦੇ ਫ਼ੈਸਲੇ ਅਜਿਹੇ ਖਤਾਂ ਬਾਰੇ ਹੋ ਚੁਕੇ ਹਨ ਜਿਨ੍ਹਾਂ ਵਿਚ ਅਜਿਹੇ ਖਤਾਂ ਜਾਂ ਪੋਸਟ ਕਾਰਡਾਂ ਨੂੰ ਮੰਨਣ ਯੋਗ ਕਰਾਰ ਨਹੀਂ ਦਿਤਾ ਜਾਂਦਾ।

ਹੁਸ਼ਿਆਰ ਸਿੰਘ ਦੇ ਮੁਕੱਦਮੇ ਦੀ ਘਟਨਾ ਤੋਂ ਅਨੁਮਾਨ ਲਗ ਸਕਦਾ ਹੈ ਕਿ ਪੁਲੀਸ ਕਿਵੇਂ ਝੂਠੇ ਮੁਕੱਦਮੇ ਤਿਆਰ ਕਰਦੀ ਹੈ ਅਤੇ ਇਸ ਝੂਠ ਨੂੰ ਕਟਣ ਵਾਸਤੇ ਕਿਵੇਂ ਜਨਤਾ ਨੂੰ ਮਜਬੂਰ ਹੋ ਕੇ ਪੁਲੀਸ ਤੋਂ ਵਧੇਰੇ ਝੂਠ ਬਣਾਉਣਾ ਪੈਂਦਾ ਹੈ ਕਿਉਂਕਿ ਕਾਨੂੰਨ ਭਾਵੇਂ ਕਿੰਨਾ ਵੀ ਚੰਗਾ ਹੋਵੇ। ਕਾਨੂੰਨ ਨੂੰ ਵਰਤੋਂ ਵਿਚ ਲਿਆਉਣ ਦਾ ਢੰਗ ਏਨਾ ਗ਼ਲਤ, ਗੁੰਝਲਦਾਰ ਅਤੇ ਕਿੰਤੂ ਯੋਗ ਹੈ ਕਿ ਮੁਕੱਦਮੇ ਵਿਚ ਪੈਰ ਪੈਰ ਤੇ ਝੂਠ ਬੋਲਣ, ਝੂਠ ਘੜਨ, ਝੂਠ ਉਸਾਰਣ ਅਤੇ ਝੂਠੇ ਧਰਮੀਆ ਬਿਆਨ ਦੇਣ ਦੀ ਲੋੜ ਹੈ ਅਤੇ ਅਦਾਲਤਾਂ ਝੂਠ, ਬੇਈ-ਮਾਨੀ, ਅਨਿਆਂ ਅਤੇ ਜ਼ੁਲਮਾਂ ਦੀਆਂ ਸਭ ਤੋਂ ਵਡੀਆਂ ਕੇਂਦਰ ਹਨ।

## ਰਜਵਾੜਿਆਂ ਦੇ ਰਾਜਿਆਂ ਦਾ ਵਕਾਰ

ਸੂਰਗਵਾਸੀ ਰਾਏ ਬਹਾਦਰ ਸਰਦਾਰ ਨਰਾਇਣ ਸਿੰਘ ਠੇਕੇਦਾਰ ਦਿੱਲੀ ਸੈਲਫ ਮੇਡ (ਸ੍ਵੈ-ਉਸਰਿਤ) ਬਜ਼ੁਰਗ ਸਨ। ਉਹਨਾਂ ਦਾ ਜੀਵਨ ਛੇ ਰੁਪਏ ਮਾਸਕ ਦੇ ਇਕ ਫ਼ੌਜੀ ਸਿਪਾਹੀ ਤੋਂ ਅਰੰਭ ਹੋਇਆ ਅਤੇ ਜਦ ਉਹਨਾਂ ਨੇ ਚੜ੍ਹਾਈ ਕੀਤੀ ਤਾਂ ਉਹਨਾਂ ਦੀ ਜਾਇਦਾਦ ਦੇ ਕਿਰਾਏ ਆਦਿ ਦੀ ਆਮਦਨੀ ਅਠ ਲਖ ਰੁਪਏ ਵਾਰਸ਼ਕ ਸੀ। ਇਹਨਾਂ ਰਾਏ ਬਹਾਦਰ ਦੇ ਸਪੁਤਰ ਸਰਦਾਰ ਬਹਾਦਰ ਰਣਜੀਤ ਸਿੰਘ ਨੇ ਕੁਝ ਵਰ੍ਹੇ ਹੋਏ ਸਰਕਾਰ ਨੂੰ ਬਾਈ ਲਖ ਰੁਪਿਆ ਇਨਕਮ ਟੈਕਸ ਦਾ ਦਿਤਾ ਹੈ।

ਰਾਏ ਬਹਾਦਰ ਨਰਾਇਣ ਸਿੰਘ ਪਟਿਆਲੇ ਦੇ ਰਹਿਣ ਵਾਲੇ ਸਨ। ਕਿਉਂਕਿ "ਰਿਆਸਤ" ਵਿਚ ਸੂਰਗਵਾਸੀ ਮਹਾਰਾਜਾ ਪਟਿਆਲਾ ਦੇ ਜ਼ੁਲਮਾਂ ਨੂੰ ਨੰਗਿਆਂ ਕੀਤਾ ਜਾਂਦਾ ਸੀ ਅਤੇ ਰਾਏ ਬਹਾਦਰ ਨਰਾਇਣ ਸਿੰਘ ਇਹਨਾਂ ਸਾਰਿਆਂ ਹਾਲਾਂ ਤੋਂ ਜਾਣੂ ਸਨ। ਉਹ "ਰਿਆਸਤ" ਨੂੰ ਬੜਾ ਪਿਆਰਦੇ ਸਨ ਅਤੇ ਐਡੀਟਰ "ਰਿਆਸਤ" ਦੇ ਬੜੇ ਪ੍ਰਸੰਸਕਾਂ ਵਿਚੋਂ ਸਨ। ਮੈਂ ਇਕ ਦਿਨ ਮਨਸੂਰੀ ਜਾ ਰਿਹਾ ਸਾਂ। ਡੇਹਰਾਦੂਨ ਜਾਣ ਵਾਲੀ ਗਡੀ ਵਿਚ ਸਾਮਾਨ ਰਖਵਾਇਆ ਤਾਂ ਰਾਏ ਬਹਾਦਰ ਵੀ ਉਸੇ ਡਬੇ ਵਿਚ ਆ ਗਏ ਕਿਉਂਕਿ ਦੋਹਾਂ ਲਈ ਉਸੇ ਡਬੇ ਵਿਚ ਥਾਂ ਰੀਜ਼ਰਵ ਸੀ। ਗਡੀ ਵਿਚ ਬਿਸਤਰੇ ਵਿਛਾ



Digitized by Panjab Digital Library | www.panjabdigilib.org

ਕੇ ਅਸੀਂ ਬਹਿ ਗਏ ਤਾਂ ਰਾਏ ਬਹਾਦਰ ਨੇ ਅਖ਼ਬਾਰ "ਰਿਆਸਤ" ਦੀ ਉਪਮਾ ਸ਼ੁਰੂ ਕਰ ਦਿੱਤੀ ਅਤੇ ਪਿਛਲੇ ਕਈ ਲੇਖਾਂ ਬਾਰੇ ਆਪਣੀ ਪਸੰਦ ਦਾ ਪ੍ਰਗਟਾਅ ਕੀਤਾ। ਉਸ ਪਿਛੋਂ ਉਹਨਾਂ ਨੇ ਦਸਿਆ ਕਿ ਪਟਿਆਲੇ ਦੇ ਸਰਦਾਰ ਬਹਾਦਰ ਜਨਰਲ ਬਖਸ਼ੀਸ਼ ਸਿੰਘ ਉਥੋਂ ਦੀ ਫ਼ੌਜ ਵਿਚ ਜਰਨੈਲ ਸਨ। ਅੰਗਰੇਜ਼ੀ ਸਰਕਾਰ ਦੀਆਂ ਕਈ ਪਦਵੀਆਂ ਅਤੇ ਬਹਾਦਰੀ ਦੇ ਤਮਗੇ ਪ੍ਰਾਪਤ ਕਰ ਚੁਕੇ ਸਨ ਅਤੇ ਉਹਨਾਂ ਨੂੰ ਪਟਿਆਲੇ ਵਿਚ ਵੀ ਬਹੁਤ ਸਤਿਕਾਰ ਪ੍ਰਾਪਤ ਸੀ, ਪਰੰਤੂ ਕਿਉਂਕਿ ਮਹਾਰਾਣੀ ਨਿਜੀ ਤੌਰ ਤੇ ਉਹਨਾਂ ਨਾਲ ਗੁਸੇ ਹੋ ਗਈ ਇਸ ਲਈ ਇਕ ਝੂਠਾ ਮੁਕੱਦਮਾ ਘੜ ਕੇ ਜੇਲ੍ਹ ਵਿਚ ਸੁਟ ਦਿਤਾ ਗਿਆ। ਉਹ ਫ਼ੌਜੀ ਜਰਨੈਲ ਜੇਲ੍ਹ ਦੇ ਕੈਦੀਆਂ ਦੀ ਵਰਦੀ ਪਾਈ ਜੇਲ੍ਹ ਦੀਆਂ ਕੋਠੜੀਆਂ ਵਿਚ ਜੇਲ੍ਹ ਦੀ ਰੋਟੀ ਖਾ ਰਿਹਾ ਹੈ ਅਤੇ ਕੈਦ ਕਟ ਰਿਹਾ ਹੈ। ਰਾਏ ਬਹਾਦਰ ਇਹ ਸਾਰੇ ਸਮਾਂਚਾਰ ਸੁਣਾਉਂਦੇ ਰਹੇ ਅਤੇ ਮੈਂ ਸੁਣਦਾ ਰਿਹਾ। ਇਸ ਪਿਛੋਂ ਅਸੀਂ ਸੌਂ ਗਏ। ਸਵੇਰੇ ਜਦ ਜਾਗੇ ਤਾਂ ਹਰਦੁਆਰ ਦਾ ਸਟੇਸ਼ਨ ਸੀ। ਹਰਦੁਆਰ ਅਤੇ ਡੇਹਰਾਦੂਨ ਵਿਚਕਾਰ ਅਸਾਂ ਹਥ ਮੂੰਹ ਧੋਤਾ, ਕਪੜੇ ਬਦਲੇ। ਡੇਹਰਾਦੂਨ ਪਹੁੰਚਣ ਤੇ ਰਾਏ ਬਹਾਦਰ ਆਪਣੀ ਕੋਠੀ ਚਲੇ ਗਏ ਅਤੇ ਮੈਂ ਮੋਟਰ ਵਿਚ ਬੈਠ ਕੇ ਮਨਸੂਰੀ ਚਲਾ ਗਿਆ।

ਮੈਂ ਮਨਸੂਰੀ ਤੋਂ ਜਦ ਵਾਪਸ ਆਇਆ ਤਾਂ ਜਨਰਲ ਬਖਸ਼ੀਸ਼ ਸਿੰਘ ਦਾ ਮਾਮਲਾ ਮੇਰੇ ਦਿਮਾਗ਼ ਵਿਚ ਖਟਕ ਰਿਹਾ ਸੀ। ਦਿੱਲੀ ਪਹੁੰਚਣ ਤੇ ਮੈਂ "ਰਿਆਸਤ" ਵਿਚ ਇਕ ਬੜਾ ਸਖ਼ਤ ਨੋਟ ਲਿਖਿਆ ਜਿਸ ਵਿਚ ਬਖ਼ਸ਼ੀਸ਼ ਸਿੰਘ ਦੇ ਸਮਾਂਚਾਰ ਅੰਕਿਤ ਸਨ ਅਤੇ ਕਮਾਂਡਰ ਇਨਚੀਫ਼ ਹਿੰਦ ਦਾ ਧਿਆਨ ਇਸ ਪਾਸੇ ਦਿਵਾਉਂਦਿਆਂ ਹੋਇਆਂ ਸਰਕਾਰ ਹਿੰਦ ਨੂੰ ਕਿਹਾ ਗਿਆ ਕਿ ਸਰਦਾਰ ਬਹਾਦਰੀ ਦੀ ਪਦਵੀ ਅਤੇ ਫ਼ੌਜੀ ਬਹਾਦਰੀ ਦੇ ਤਮਗਿਆਂ ਦੀ ਮੌਜੂਦਗੀ ਵਿਚ ਜਨਰਲ ਬਖਸ਼ੀਸ਼ ਸਿੰਘ ਦਾ ਪਟਿਆਲਾ ਜੇਲ੍ਹ ਵਿਚ ਰਹਿਣਾ ਇਸ ਪਦਵੀ ਅਤੇ ਤਮਗਿਆਂ ਦੀ ਸਖ਼ਤ ਹਤਕ ਹੈ ਅਤੇ ਸਰਕਾਰ ਦਾ ਕਰਤਵ ਹੈ ਕਿ ਉਹ ਜਨਰਲ ਬਖਸ਼ੀਸ਼ ਸਿੰਘ ਦੇ ਦੋਸ਼ਾਂ ਦੀ ਪੜਤਾਲ ਕਰੇ। ਜੇਕਰ ਬਖ਼ਸ਼ੀਸ਼ ਸਿੰਘ ਸਚਮੁਚ ਹੀ ਅਪਰਾਧੀ ਹੈ ਤਾਂ ਉਹਨਾਂ ਦੀ ਪਦਵੀ ਅਤੇ ਤਮਗ਼ਿਆਂ ਨੂੰ ਜ਼ਬਤ ਕਰ ਲਿਆ ਜਾਏ ਅਤੇ ਜੇਕਰ ਨਿਰਦੋਸ਼ ਹੈ ਤਾਂ ਉਹਨਾਂ ਨੂੰ ਪਟਿਆਲਾ ਜੇਲ੍ਹ ਵਿਚੋਂ ਕਢਵਾਇਆ ਜਾਏ ਕਿਉਂਕਿ ਇਕ ਨਿਰਦੋਸ਼ ਜਰਨੈਲ ਦਾ ਬਿਨਾਂ ਕਾਰਨ ਕੈਦ ਕੀਤਾ ਜਾਣਾ ਅੰਗਰੇਜ਼ ਸਰਕਾਰ ਲਈ ਹਤਕ ਅਤੇ ਬਦਨਾਮੀ ਦਾ ਕਾਰਨ ਅਤੇ ਫ਼ੌਜੀਆਂ ਵਿਚ ਬੇਦਿਲੀ ਉਤਪਨ ਕਰਨ ਦਾ ਕਾਰਨ ਵੀ ਹੈ।

ਇਸ ਲੇਖ ਦੇ ਪ੍ਰਕਾਸ਼ਤ ਹੋਣ ਪਿਛੋਂ ਦਿੱਲੀ ਦੀ ਸਥਾਨਕ ਸਰਕਾਰ ਦੀ



Digitized by Panjab Digital Library | www.panjabdigilib.org

ਸਰਕਾਰੀ ਪ੍ਰੈਸ ਬ੍ਰਾਂਚ ਨੇ ਇਸ ਲੇਖ ਦਾ ਉਲਥਾ ਮਿਲਟਰੀ ਸਕੱਤਰ ਸਰਕਾਰ ਹਿੰਦ ਨੂੰ ਭੇਜਿਆ। — ਮਿਰਜ਼ਾ ਅਬਦੁਲ ਰਹਿਮਾਨ ਸੁਪ੍ਰੰਟੈਂਡੈਂਟ ਪ੍ਰੈਸ ਬ੍ਰਾਂਚ ਦਿੱਲੀ ਨੇ ਇਕ ਵਾਰ ਐਡੀਟਰ "ਰਿਆਸਤ" ਨੂੰ ਦਸਿਆ ਸੀ ਕਿ ਜਿਸ ਦਿਨ "ਰਿਆਸਤ" ਪ੍ਰਕਾਸ਼ਤ ਹੁੰਦਾ ਹੈ ਉਹਨਾਂ ਦੇ ਦਫ਼ਤਰ ਦੇ ਭਾ ਦੀ ਮੁਸੀਬਤ ਹੁੰਦੀ ਹੈ ਕਿਉਂਕਿ ਉਹਨਾਂ ਲਈ ਆਗਿਆ ਹੈ ਕਿ ਰਿਆਸਤਾਂ ਬਾਰੇ ਲੇਖਾਂ ਦਾ ਉਲਥਾ ਕਰ ਕੇ ਸੰਬੰਧਤ ਅਫ਼ਸਰਾਂ ਅਤੇ ਪੁਲੀਟੀਕਲ ਏਜੰਟਾਂ ਨੂੰ ਭੇਜਿਆ ਜਾਏ — ।

ਰਾਏ ਬਹਾਦਰ ਨਰਾਇਣ ਸਿੰਘ ਅੰਗਰੇਜ਼ੀ ਬਿਲਕੁਲ ਨਹੀਂ ਜਾਣਦੇ ਸਨ ਅਤੇ ਉਰਦੂ ਵੀ ਸਾਧਾਰਨ ਜਿਹਾ, ਪਰ ਉਹ ਵਾਇਸਰਾਏ ਅਤੇ ਵਡੇ ਤੋਂ ਵਡੇ ਅੰਗਰੇਜ਼ ਨੂੰ ਮਿਲਦੇ ਅਤੇ ਬੜੇ ਖੁਲ੍ਹੇ ਤੌਰ ਤੇ ਗੱਲਾਂ ਬਾਤਾਂ ਕਰਿਆ ਕਰਦੇ। ਇਹ ਲੇਖ ਜਦ ਉਹਨਾਂ ਨੇ ਵੇਖਿਆ ਤਾਂ ਉਹ ਇਸ ਲੇਖ ਵਾਲੇ ਪਰਚੇ ਨੂੰ ਨਾਲ ਲੈ ਕੇ ਸ਼ਿਮਲੇ ਗਏ। ਉਥੇ ਹਿੰਦ ਦੇ ਕਮਾਂਡਰ ਇਨਚੀਫ਼ ਸਰ ਵਿਲੀਅਮ ਬਰਡਵੁਡ ਨੂੰ ਮਿਲੇ ਅਤੇ ਸਰ ਵਿਲੀਅਮ ਬਰਡਵੁਡ ਨੂੰ "ਰਿਆਸਤ" ਦਾ ਪਰਚਾ ਦਿੰਦੇ ਹੋਇਆਂ ਕਿਹਾ ਕਿ ਇਸ ਲੇਖ ਨੂੰ ਪੜ੍ਹੋ। ਤੁਹਾਡੀਆਂ ਦਿਤੀਆਂ ਪਦਵੀਆਂ ਅਤੇ ਤਮਗਿਆਂ ਦੀ ਕਿੰਨੀ ਮਿਟੀ ਪਲੀਤ ਹੋ ਰਹੀ ਹੈ। ਸਰਕਾਰ ਜਾਂ ਤਾਂ ਇਹ ਪਦਵੀਆਂ ਅਤੇ ਤਮਗ਼ੇ ਬਖ਼ਸ਼ੀਸ਼ ਸਿੰਘ ਤੋਂ ਵਾਪਸ ਲੈ ਲਏ ਤੇ ਜਾਂ ਬਖ਼ਸ਼ੀਸ਼ ਸਿੰਘ ਨੂੰ ਜੇਲ੍ਹੋਂ ਕਢਿਆ ਜਾਏ, ਨਹੀਂ ਤਾਂ ਸਰਕਾਰ ਦੀ ਇਸ ਵਿਚ ਬੜੀ ਭਾਰੀ ਬਦਨਾਮੀ ਹੈ।

ਰਾਏ ਬਹਾਦਰ ਨਰਾਇਣ ਸਿੰਘ ਜਦ ਅੰਗਰੇਜ਼ਾਂ ਨਾਲ ਗਲ ਬਾਤ ਕਰਦੇ ਤਾਂ ਬਿਲਕੁਲ ਉਸੇ ਤਰ੍ਹਾਂ ਖੁਲ੍ਹੀ ਡੁਲ੍ਹੀ ਉਹਨਾਂ ਨੂੰ ਮਿਤਰ ਜਾਣਦਿਆਂ ਹੋਇਆਂ ਜਿਵੇਂ ਇਕ ਜੱਟ ਦੂਜੇ ਜੱਟ ਨਾਲ ਕਰਦਾ ਹੈ ਅਤੇ ਅੰਗਰੇਜ਼ ਇਸ ਖੁਲ੍ਹਾਂਸੇਪਣ ਵਿਚ ਪਿਆਰ ਅਨੁਭਵ ਕਰਦੇ ਹੋਏ ਰਾਏ ਬਹਾਦਰ ਦਾ ਬੜਾ ਸਤਿਕਾਰ ਕਰਦੇ। ਸਰ ਵਿਲੀਅਮ ਬਰਡਵੁਡ ਉਂਜ ਵੀ ਭਾਰਤੀਆਂ ਦੇ ਬੜੇ ਦੋਸਤ ਅਤੇ ਰੋਹਬ ਵਾਲੇ ਅਫ਼ਸਰ ਸਨ। ਉਹਨਾਂ ਦਾ ਸਾਰਾ ਜੀਵਨ ਭਾਰਤ ਵਿਚ ਲੰਘਿਆ ਅਤੇ ਉਹਨਾਂ ਕਲਰਕਾਂ ਅਤੇ ਮੁਲਾਜ਼ਮਾਂ ਦੇ ਬੀਮਾਰ ਹੋਣ ਤੇ ਉਹਨਾਂ ਦੇ ਘਰੀਂ ਚਲੇ ਜਾਂਦੇ ਜਿਹੜੇ ਵੀਹ ਵੀਹ ਵਰ੍ਹੇ ਪਹਿਲਾਂ ਉਹਨਾਂ ਦੇ ਅਧੀਨ ਸਨ। ਸਰ ਵਿਲੀਅਮ ਨੇ ਰਾਏ ਬਹਾਦਰ ਨੂੰ ਕਿਹਾ ਕਿ ਇਸ ਲੇਖ ਨੂੰ ਉਹ ਪਹਿਲਾਂ ਵੀ ਵੇਖ ਚੁਕੇ ਹਨ। ਮਿਲਟਰੀ ਸਕੱਤ੍ਰ ਨੇ ਉਹਨਾਂ ਨੂੰ ਇਸ ਦਾ ਉਲਥਾ ਭੇਜਿਆ ਹੈ ਅਤੇ ਉਹ ਇਸ ਮਾਮਲੇ ਪੁਰ ਵਾਇਸਰਾਏ ਦਾ ਧਿਆਨ ਦਿਵਾਉਣਗੇ।

ਇਸ ਲੇਖ ਨੂੰ ਛਪਿਆਂ ਇਕ ਮਹੀਨਾ ਹੋਇਆ ਸੀ ਕਿ ਸੁਰਗਵਾਸੀ



Digitized by Panjab Digital Library | www.panjabdigilib.org

ਮਹਾਰਾਜਾ ਪਟਿਆਲਾ ਇਕ ਦਿਨ ਪਟਿਆਲਾ ਜੇਲ੍ਹ ਵਿਚ ਗਏ । ਜੇਲ੍ਹਖ਼ਾਨੇ ਦਾ ਦੌਰਾ ਕੀਤਾ । ਸਾਰਿਆਂ ਕੈਦੀਆਂ ਦੀ ਪ੍ਰੇਡ ਵੇਖਣ ਪਿਛੋਂ ਉਹਨਾਂ ਨੇ ਸਠ ਕੈਦੀਆਂ ਦੀ ਰਿਹਾਈ ਦਾ ਹੁਕਮ ਦਿਤਾ । ਉਹਨਾਂ ਸਠ ਕੈਦੀਆਂ ਵਿਚ ਸਰਦਾਰ ਬਹਾਦਰ ਜਨਰਲ ਬਖ਼ਸ਼ੀਸ਼ ਸਿੰਘ ਵੀ ਸਨ ।

ਰਾਏ ਬਹਾਦਰ ਨਰਾਇਣ ਸਿੰਘ ਡੇਹਰਾਦੂਨ ਤੋਂ ਜਦ ਵਾਪਸ ਦਿੱਲੀ ਆਏ ਤਾਂ ਉਹਨਾਂ ਨੇ ਦਸਿਆ ਕਿ ਉਹ ਸਰ ਵਿਲੀਅਮ ਬਰਡਵੁਡ ਨੂੰ ਮਿਲੇ ਸਨ । ਸਰ ਵਿਲੀਅਮ ਨੇ ਵਾਇਸਰਾਏ ਨੂੰ ਸਾਰੇ ਸਮਾਂਚਾਰ ਲਿਖੇ । ਵਾਇਸਰਾਏ ਨੇ ਪੁਲੀਟੀਕਲ ਸਕੱਤ੍ਰ ਨੂੰ ਕਿਹਾ ਕਿ ਮਹਾਰਾਜਾ ਪਟਿਆਲਾ ਨੂੰ ਬਖ਼ਸ਼ੀਸ਼ ਸਿੰਘ ਦੀ ਰਿਹਾਈ ਲਈ ਲਿਖਿਆ ਜਾਏ । ਇਸ ਪਰਕਾਰ ਪੁਲੀਟੀਕਲ ਸਕੱਤ੍ਰ ਦਾ ਹੁਕਮ ਜਦ ਮਹਾਰਾਜਾ ਪਟਿਆਲਾ ਕੋਲ ਪੁਜਾ ਤਾਂ ਮਹਾਰਾਜਾ ਪਟਿਆਲਾ ਜਨਰਲ ਬਖ਼ਸ਼ੀਸ਼ ਸਿੰਘ ਨੂੰ ਰਿਹਾ ਕਰਨ ਲਈ ਮਜਬੂਰ ਸਨ । ਇਸ ਮਜਬੂਰੀ ਕਾਰਨ ਹੀ ਮਹਾਰਾਜਾ ਪਟਿਆਲਾ ਜੇਲ੍ਹ ਵੇਖਣ ਗਏ ਅਤੇ ਸਰਦਾਰ ਬਖ਼ਸ਼ੀਸ਼ ਸਿੰਘ ਦੇ ਨਾਲ ਨਾਲ ਸਠ ਦੂਜੇ ਸਾਧਾਰਨ ਕੈਦੀਆਂ ਨੂੰ ਰਿਹਾ ਕਰਨ ਦਾ ਕਾਰਨ ਇਹ ਸੀ ਕਿ ਮਹਾਰਾਜਾ ਦਾ ਵਕਾਰ ਬਣਿਆ ਰਹੇ ਅਤੇ ਉਹਨਾਂ ਦੀ ਪਰਜਾ ਇਹ ਸਮਝੇ ਕਿ ਮਹਾਰਾਜਾ ਨੇ ਆਪਣੀ ਦਰਿਆ ਦਿਲੀ ਦੇ ਕਾਰਨ ਸਠ ਕੈਦੀਆਂ ਨੂੰ ਰਿਹਾ ਕਰਨ ਦਾ ਹੁਕਮ ਦਿਤਾ ਹੈ ਅਤੇ ਚਾਣਚਕ ਹੀ ਇਹਨਾਂ ਸੱਠਾਂ ਵਿਚ ਜਨਰਲ ਬਖ਼ਸ਼ੀਸ਼ ਸਿੰਘ ਵੀ ਰਿਹਾ ਹੋ ਗਏ ।

## ਸੁਭਾਵ ਦਾ ਮਨ ਦੀ ਪਕਿਆਈ ਤੇ ਪ੍ਰਭਾਵ

ਮੈਂ ਲਾਹੌਰ ਦੇ ਇਕ ਰੋਜ਼ਾਨਾ ਅਖ਼ਬਾਰ ਵਿਚ ਮੀਤ ਐਡੀਟਰ ਸਾਂ । ਉਹਨੀਂ ਦਿਨੀਂ ਮੇਰੇ ਕੋਲ ਇਕ ਦੂਜੇ ਸਿਖ ਪਤਰਕਾਰ ਆਇਆ ਕਰਦੇ । ਉਹਨਾਂ ਦੀ ਵਿਦਿਆ ਬੀ. ਏ. ਤਕ ਸੀ । ਚੰਗੇ ਘਰਾਨੇ ਦੇ ਸਨ, ਪਰ ਵਧੇਰੇ ਸ਼ਰਾਬ ਪੀਣ ਦੇ ਕਾਰਨ ਉਹਨਾਂ ਦਾ ਮਨ ਅਤੇ ਉਹਨਾਂ ਦੇ ਮਨ ਦੀ ਪਕਿਆਈ ਮਰ ਚੁਕੀ ਸੀ । ਸ਼ਰਾਬ ਪ੍ਰਾਪਤ ਕਰਨ ਲਈ ਕੋਈ ਜੁਰਮ ਅਜਿਹਾ ਨਹੀਂ ਸੀ ਜਿਸ ਤੇ ਉਹ ਤਤਪਰ ਨਾ ਹੋ ਸਕਦੇ ਹੋਣ । ਇਸ ਤਰ੍ਹਾਂ ਸ਼ਰਾਬ ਦੀ ਵਧੇਰੇ ਆਦਤ ਨੇ ਉਹਨਾਂ ਦੇ ਅੰਗਾਂ ਤੇ ਵੀ ਪਰਭਾਵ ਪਾਇਆ ਸੀ ਅਤੇ ਉਹ ਵਧੇਰੇ ਮਿਹਨਤ ਕਰਨ ਦੇ ਯੋਗ ਵੀ ਨਹੀਂ ਰਹੇ ਸਨ ।

ਮੇਰੇ ਕੋਲ ਕਈ ਦਿਨ ਆਉਂਦੇ ਰਹੇ ਅਤੇ ਮਿਲਦੇ ਰਹੇ । ਉਹਨਾਂ ਨੇ



Digitized by Panjab Digital Library | www.panjabdigilib.org

ਦਸਿਆ ਕਿ ਉਹ ਬੜੀ ਤਕਲੀਫ਼ ਵਿਚ ਹਨ ਕੋਈ ਆਦਮੀ ਉਹਨਾਂ ਦਾ ਇਤਬਾਰ ਨਹੀਂ ਕਰਦਾ। ਮਿਤਰਾਂ ਦੀਆਂ ਨਜ਼ਰਾਂ ਵਿਚ ਡਿਗ ਚੁਕੇ ਹਨ। ਘਰ ਵਾਲਿਆਂ ਲਈ ਭਾਰ ਹਨ ਅਤੇ ਸਾਧਾਰਨ ਜਿਹੇ ਖ਼ਰਚ ਵੀ ਪੂਰੇ ਨਹੀਂ ਕਰ ਸਕਦੇ। ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ।

ਉਹਨਾਂ ਦੇ ਸਮਾਂਚਾਰਾਂ ਤੇ ਮੈਂ ਕਈ ਦਿਨ ਹਮਦਰਦੀ ਨਾਲ ਵਿਚਾਰ ਕਰਦਾ ਰਿਹਾ, ਪਰ ਮੇਰੀ ਸਮਝ ਵਿਚ ਨਹੀਂ ਆਉਂਦਾ ਸੀ ਕਿ ਕੀ ਕਰਨਾ ਚਾਹੀਦਾ ਹੈ। ਏਧਰ ਉਹਨਾਂ ਦੀ ਹਾਲਤ ਇਹ ਸੀ ਕਿ ਖਾਣ ਲਈ ਰੋਟੀ ਭਾਵੇਂ ਨਾ ਮਿਲੇ, ਪਰ ਸ਼ਰਾਬ ਜ਼ਰੂਰ ਮਿਲੇ। ਦੋਸਤਾਂ ਤੋਂ ਇਕ ਇਕ ਦੋ ਦੋ ਰੁਪਏ ਹੁਦਾਰ ਲੈ ਕੇ ਵੀ ਸ਼ਰਾਬ ਦੀ ਤੋਟ ਨੂੰ ਪੂਰਿਆਂ ਕਰਦੇ।

ਮੇਰੀ ਉਮਰ ਜਦ ਅਠਾਰਾਂ ਉਨ੍ਹੀਆਂ ਵਰ੍ਹਿਆਂ ਦੀ ਸੀ ਅਤੇ ਮੇਰਾ ਫ਼ੀਰੋਜ਼ਪੁਰ ਦੇ ਸਿੱਖਾਂ ਦੇ ਘੇਰੇ ਵਿਚ ਆਉਣ ਜਾਣ ਸੀ ਤਾਂ ਇਕ ਹਦ ਤਕ ਮੇਰੇ ਦਿਮਾਗ਼ ਵਿਚ ਵੀ ਮਜ਼ਹਬੀ ਜਨੂੰਨ ਸੀ ਅਤੇ ਬਿਨਾਂ ਸਿੱਖਾਂ ਦੇ ਦੂਜੇ ਸਾਰੇ ਮਜ਼ਹਬਾਂ ਨੂੰ ਭੈੜਾ ਸਮਝਦਾ ਸਾਂ ਹਾਲਾਂਕਿ ਨਾ ਸਿੱਖ ਧਰਮ ਤੋਂ ਵਾਕਫ਼ੀ ਸੀ, ਨਾ ਇਸਲਾਮ ਤੇ ਨਾ ਹਿੰਦੂ ਧਰਮ ਤੋਂ। ਇਹ ਪਰਭਾਵ ਕੇਵਲ ਸੰਗਤ ਦੇ ਅਸਰ ਕਰਕੇ ਸੀ। ਜਦ ਮਿਲਣ ਵਾਲੇ ਸਿੱਖਾਂ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਰੁਧ ਗੱਲਾਂ ਕਰਦਿਆਂ ਵੇਖਦਾ ਤਾਂ ਆਪ ਵੀ ਉਹਨਾਂ ਵਿਚ ਸ਼ਾਮਲ ਹੋ ਜਾਂਦਾ ਅਤੇ ਵਾਦ ਵਿਵਾਦ ਵਿਚ ਭਾਗ ਲੈਂਦਾ, ਪਰ ਇਸ ਪਿਛੋਂ ਇਹ ਧਾਰਮਕ ਸ਼ੁਦਾਅ ਦਿਨ ਪ੍ਰਤੀ ਦਿਨ ਘਟ ਹੁੰਦਾ ਚਲਾ ਗਿਆ। ਜਦ ਇਹ ਸਜਨ ਲਾਹੌਰ ਵਿਚ ਆਇਆ ਕਰਦੇ ਤਾਂ ਉਸ ਸਮੇਂ ਦਿਮਾਗ਼ੀ ਤੌਰ ਤੇ ਮੈਂ ਹਿੰਦੂਆਂ, ਮੁਸਲਮਾਨਾਂ, ਈਸਾਈਆਂ ਅਤੇ ਸਿੱਖਾਂ ਵਿਚ ਕੋਈ ਭਿੰਨ ਭੇਦ ਨਹੀਂ ਸਾਂ ਜਾਣਦਾ। ਮੈਂ ਉਹਨਾਂ ਨੂੰ ਕਿਹਾ ਕਿ ਭਾਵੇਂ ਤੁਹਾਡਾ ਰੋਗ ਹਦ ਤੋਂ ਟਪ ਚੁਕਾ ਹੈ ਅਤੇ ਜਿਹੜਾ ਮਨੁਖ ਇਰਾਦੇ ਦੀ ਪਕਿਆਈ ਤੋਂ ਏਨਾਂ ਸਖਨਾ ਹੋ ਚੁਕਿਆ ਹੋਵੇ ਉਸ ਦਾ ਇਲਾਜ ਕਰੀਬ ਕਰੀਬ ਅਸੰਭਵ ਹੈ, ਪਰ ਫਿਰ ਵੀ ਜਤਨ ਕਰਨਾ ਚਾਹੀਦਾ ਹੈ। ਮੇਰੇ ਵਿਚਾਰ ਵਿਚ ਸਿੱਖਾਂ ਵਿਚ ਕੋਈ ਅਜਿਹੀ ਸੁਸਾਇਟੀ ਮੌਜੂਦ ਨਹੀਂ ਜਿਹੜੀ ਤੁਹਾਡੇ ਵਰਗੇ ਗਏ ਗੁਜ਼ਰੇ ਮਨੁਖ ਦੇ ਸੁਧਾਰ ਦਾ ਭਾਰ ਚੁਕ ਸਕੇ। ਮੇਰੀ ਤਾਂ ਰਾਇ ਹੈ ਕਿ ਤੁਸੀਂ ਈਸਾਈ ਬਣ ਜਾਓ। ਸੰਭਵ ਹੈ ਕਿ ਪਾਦਰੀ ਲੋਕ ਤੁਹਾਡਾ ਸੁਧਾਰ ਕਰ ਸਕਣ ਅਤੇ ਤੁਹਾਡਾ ਜੀਵਨ ਵਟਿਆ ਜਾਏ। ਮੇਰੇ ਮੂੰਹੋਂ ਇਹ ਸ਼ਬਦ ਸੁਣ ਕੇ ਉਹ ਸੱਜਨ ਬੜੇ ਹੈਰਾਨ ਹੋਏ ਕਿ ਮੈਂ ਕੀ ਆਖ ਰਿਹਾ ਹਾਂ। ਮੈਂ ਉਹਨਾਂ ਨੂੰ ਭਰੋਸਾ ਦਵਾਇਆ ਕਿ ਮੈਂ ਜੋ ਕੁਝ ਆਖ ਰਿਹਾ ਹਾਂ ਦਿਲੋਂ ਅਤੇ ਈਮਾਨਦਾਰੀ ਨਾਲ ਆਪਣੀ ਰਾਏ ਦੇ ਰਿਹਾ ਹਾਂ।



Digitized by Panjab Digital Library | www.panjabdigilib.org

ਮੇਰੀ ਰਾਏ ਸੁਣ ਕੇ ਉਹ ਚਲੇ ਗਏ ਅਤੇ ਤਿੰਨ ਚਾਰ ਦਿਨਾਂ ਪਿਛੋਂ ਫਿਰ ਵਾਪਸ ਆਏ ਤਾਂ ਫੇਰ ਉਸੇ ਵਿਸ਼ੇ ਤੇ ਗਲ ਬਾਤ ਅਰੰਭ ਹੋਈ । ਮੈਂ ਉਹਨਾਂ ਨੂੰ ਸਾਫ਼ ਆਖਿਆ ਕਿ ਤੁਹਾਡਾ ਰੋਗ ਸ਼ਾਇਦ ਅਸਾਧ ਸੀਮਾ ਤਕ ਪੁਜ ਚੁਕਿਆ ਹੈ ਅਤੇ ਹੁਣ ਤੁਹਾਡਾ ਸ਼ਾਇਦ ਹੀ ਸੁਧਾਰ ਹੋ ਸਕੇ । ਜੇਕਰ ਸੁਧਾਰ ਹੋਇਆ ਵੀ ਤਾਂ ਤੁਹਾਨੂੰ ਮਨ ਦੀ ਪਕਿਆਈ ਉਤਪਨ ਕਰਨ ਲਈ ਆਪਣੇ ਦਿਲ ਤੇ ਦਿਮਾਗ਼ ਨਾਲ ਬਹੁਤ ਹੀ ਘੋਲ ਕਰਨਾ ਪਏਗਾ । ਤੁਸੀਂ ਸੋਚ ਲਓ ਕਿ ਕੀ ਕਰਨਾ ਚਾਹੀਦਾ ਹੈ । ਕੁਝ ਚਿਰ ਗੱਲਾਂ ਕਰਨ ਪਿਛੋਂ ਉਹਨਾਂ ਨੇ ਅਨੁਭਵ ਕੀਤਾ ਅਤੇ ਇੱਛਾ ਕੀਤੀ ਕਿ ਈਸਾਈ ਹੋ ਜਾਣ । ਉਹਨਾਂ ਨੇ ਇੱਛਾ ਪ੍ਰਗਟ ਕੀਤੀ ਕਿ ਮੈਂ ਉਹਨਾਂ ਦੇ ਈਸਾਈ ਧਰਮ ਬਦਲੀ ਕਰਵਾਉਣ ਦਾ ਪਰਬੰਧ ਕਰਾਂ । ਪਰ ਮੈਂ ਕਿਸੇ ਨੂੰ ਜਾਣਦਾ ਨਹੀਂ ਸਾਂ ਨਾ ਈਸਾਈਆਂ ਦੇ ਘੇਰੇ ਤੋਂ ਹੀ ਜਾਣੂ ਸਾਂ। ਉਹਨਾਂ ਨੇ ਫਿਰ ਜ਼ੋਰ ਦਿਤਾ ਕਿ ਮੈਂ ਪਰਬੰਧ ਕਰਾਂ ਕਿਉਂਕਿ ਉਹ ਇਸ ਮਾਮਲੇ ਵਿਚ ਕੁਝ ਲੱਜਿਆ ਅਨੁਭਵ ਕਰਦੇ ਸਨ ।

ਮੈਂ ਈਸਾਈਆਂ ਦੇ ਘੇਰੇ ਤੋਂ ਬਿਲਕੁਲ ਅਗਿਆਤ ਸਾਂ, ਪਰ ਅਖ਼ਬਾਰਾਂ ਵਿਚ ਡਾਕਟਰ ਦੱਤਾ — ਮੇਰਾ ਖ਼ਿਆਲ ਹੈ ਇਹੋ ਨਾਂ ਸੀ ਜੇਕਰ ਮੈਂ ਭੁਲੇਖਾ ਨਹੀਂ ਖਾਂਦਾ — ਪ੍ਰੋਫ਼ੈਸਰ ਫੋਰਮੈਨ ਕ੍ਰਿਸਚਨ ਕਾਲਜ ਦਾ ਨਾਂ ਕਈ ਵਾਰ ਪੜ੍ਹਿਆ ਸੀ । ਮੈਂ ਉਹਨਾਂ ਪੱਤਰਕਾਰ ਸਾਹਿਬ ਨੂੰ ਆਪਣੇ ਨਾਲ ਲਿਆ ਅਤੇ ਅਸੀਂ ਡਾਕਟਰ ਦੱਤਾ ਦੇ ਮਕਾਨ ਦੀ ਭਾਲ ਵਿਚ ਨਿਕਲੇ । ਇਕ ਦੋ ਥਾਂਈਂ ਪਤਾ ਕਰਨ ਤੋਂ ਪਤਾ ਲਗਾ ਕਿ ਉਹ ਉਸ ਸੜਕ ਤੇ ਰਹਿੰਦੇ ਹਨ ਜਿਹੜੀ ਸੜਕ ਨੀਲਾ ਗੁੰਬਦ ਤੋਂ ਮਿਉ ਹਸਪਤਾਲ ਨੂੰ ਜਾਂਦੀ ਹੈ ਜਾਂ ਉਸ ਦੇ ਕੋਲ ਦੂਜੀ ਸੜਕ ਹੈ । ਅਸੀਂ ਲਭਦੇ ਲਭਦੇ ਡਾਕਟਰ ਦੱਤਾ ਦੀ ਕੋਠੀ ਪਹੁੰਚੇ । ਮੈਨੂੰ ਭਲੀ ਪ੍ਰਕਾਰ ਯਾਦ ਹੈ ਕਿ ਉਹ ਕੋਠੀ ਸੜਕ ਦੇ ਤਲ ਤੋਂ ਕਾਫ਼ੀ ਉਚੀ ਸੀ ਅਤੇ ਉਸ ਦੇ ਵਿਹੜੇ ਵਿਚ ਫੁੱਲਾਂ ਦੇ ਗਮਲੇ ਸਨ । ਸ਼ਾਮ ਦਾ ਵੇਲਾ ਸੀ ਅਤੇ ਡਾਕਟਰ ਦੱਤਾ ਬਰਾਂਡੇ ਵਿਚ ਬੈਠੇ ਸਨ । ਕੋਠੀ ਦੇ ਦਰਵਾਜ਼ੇ ਕੋਲ ਉਹਨਾਂ ਦਾ ਨੌਕਰ ਸੀ । ਉਸ ਨੌਕਰ ਨੂੰ ਮੈਂ ਆਪਣਾ ਵਿਜ਼ਿਟਿੰਗ ਕਾਰਡ ਦਿਤਾ ਜਿਸ ਤੇ ਲਿਖਿਆ ਸੀ "ਦੀਵਾਨ ਸਿੰਘ ਸਬ-ਐਡੀਟਰ ਰੋਜ਼ਾਨਾ ਅਖ਼ਬਾਰ ਅਮਕਾ" ਮੇਰਾ ਕਾਰਡ ਜਦ ਡਾਕਟਰ ਦੱਤਾ ਕੋਲ ਪੁਜਾ ਤਾਂ ਉਹਨਾਂ ਨੇ ਬੁਲਵਾ ਲਿਆ । ਅਸੀਂ ਬਰਾਂਡੇ ਵਿਚ ਡਾਕਟਰ ਸਾਹਿਬ ਕੋਲ ਪੁਜੇ । ਡਾਕਟਰ ਸਾਹਿਬ ਬੜੀ ਨਿੱਘੀ ਆਉ ਭਗਤ ਨਾਲ ਮਿਲੇ । ਪੱਤਰਕਾਰ ਹੋਣ ਦੇ ਨਾਤੇ ਇਕ ਬਹੁਤ ਵਡਾ ਲਾਭ ਇਹ ਵੀ ਹੈ ਕਿ ਕੋਈ ਆਦਮੀ ਵੀ ਮਿਲਣੋਂ ਨਾਂਹ ਨਹੀਂ ਕਰਦਾ ਅਤੇ ਮਿਲਦੇ ਹੋਇਆਂ ਹਰ ਆਦਮੀ ਸਤਿਕਾਰ ਨਾਲ ਪੇਸ਼ ਆਉਂਦਾ ਹੈ । ਅਸੀਂ ਜਦ



Digitized by Panjab Digital Library | www.panjabdigilib.org

ਬੈਠੇ ਤਾਂ ਰਾਜ਼ੀ ਖ਼ੁਸ਼ੀ ਦੀ ਪੁਛ ਦੇ ਵਟਾਂਦਰੇ ਪਿਛੋਂ ਮੈਂ ਕਿਹਾ ਕਿ ਡਾਕਟਰ ਸਾਹਿਬ ਮੈਂ ਇਹਨਾਂ ਸ਼੍ਰੀ ਮਾਨ ਹੋਰਾਂ ਨੂੰ ਲਿਆਇਆ ਹਾਂ ਤੁਹਾਥੋਂ ਕੋਈ ਗਲ ਲੁਕਾਉਣੀ ਨਹੀਂ ਚਾਹੁੰਦਾ। ਇਹ ਭੱਦਰ ਪੁਰਸ਼ ਸਿਖ ਹਨ, ਬੀ. ਏ. ਹਨ, ਪੱਤਰਕਾਰ ਹਨ, ਬੜੇ ਵਡੇ ਘਰਾਣੇ ਨਾਲ ਸੰਬੰਧ ਰਖਦੇ ਹਨ, ਪਰ ਸ਼ਰਾਬ ਪੀਂਦੇ ਹਨ, ਰੰਡੀਬਾਜ਼ੀ ਕਰਦੇ ਹਨ, ਸਿਗਰਟ ਦੇ ਸੂਟੇ ਲਾਂਦੇ ਹਨ। ਜੂਆ ਵੀ ਕਦੇ ਕਦੇ ਮਨ ਪਰਚਾਵੇ ਲਈ ਖੇਡ ਲੈਂਦੇ ਹਨ। ਫ਼ਾਕੇ ਕਟਦੇ ਹਨ, ਇਹਨਾਂ ਦਾ ਮਨ ਅਤੇ ਮਨ ਦੀ ਪਕਿਆਈ ਬਿਲਕੁਲ ਮਰ ਚੁਕੇ ਹਨ। ਇਹ ਈਸਾਈ ਹੋਣਾ ਚਾਹੁੰਦੇ ਹਨ। ਇਹਨਾਂ ਨੂੰ ਈਸਾਈ ਬਣਾ ਲਓ। ਸ਼ਾਇਦ ਇਹਨਾਂ ਦਾ ਸੁਧਾਰ ਹੋ ਜਾਵੇ। ਡਾਕਟਰ ਦੱਤਾ ਮੇਰੇ ਸ਼ਬਦ ਸੁਣ ਕੇ ਹੈਰਾਨ ਜਿਹੇ ਹੋ ਗਏ ਕਿ ਇਕ ਸਿਖ ਦੂਜੇ ਸਿਖ ਨੂੰ ਈਸਾਈ ਕਰਨ ਲਈ ਲਿਆਇਆ ਹੈ। ਮੇਰਾ ਖ਼ਿਆਲ ਹੋ ਕੇ ਕਿ ਡਾਕਟਰ ਦੱਤਾ ਨੇ ਸਮਝਿਆ ਕਿ ਇਹ ਜਾਂ ਤੇ ਮਖ਼ੌਲ ਕੀਤਾ ਜਾ ਰਿਹਾ ਹੈ ਤੇ ਜਾਂ ਕੋਈ ਛਲ ਫ਼ਰੇਬ ਹੈ। ਉਹਨਾਂ ਨੇ ਉੱਤਰ ਦਿਤਾ "ਤੁਸੀਂ ਸਿਖ ਹੋ ਇਕ ਸਿਖ ਨੂੰ ਈਸਾਈ ਬਣਾਉਣ ਲਈ ਲਿਆਏ ਹੋ, ਇਹ ਮਾਮਲਾ ਕੀ ਹੈ?" ਮੈਂ ਫੇਰ ਠਰ੍ਹੰਮੇ ਨਾਲ ਬੇਨਤੀ ਕੀਤੀ ਕਿ ਇਹਨਾਂ ਦੇ ਜਿਹੜੇ ਔਗੁਣ ਮੈਂ ਦਸੇ ਹਨ ਉਹ ਸਚ ਮੁਚ ਇਹਨਾਂ ਵਿਚ ਮੌਜੂਦ ਹਨ। ਮੈਂ ਤੁਹਾਨੂੰ ਹਨੇਰੇ ਵਿਚ ਰਖਣਾ ਯੋਗ ਨਹੀਂ ਜਾਤਾ ਤਾਕਿ ਪਿਛੋਂ ਤੁਹਾਨੂੰ ਪਤਾ ਲਗੇ ਤੇ ਸਾਨੂੰ ਮਗਰੋਂ ਸ਼ਰਮਸਾਰ ਨਾ ਹੋਣਾ ਪਏ। ਇਹ ਸ੍ਰੀ ਮਾਨ ਜੀ ਮੇਰੇ ਕੋਲ ਆਏ ਸਨ ਕਿ ਇਹਨਾਂ ਦੇ ਵਰਤਮਾਨ ਘ੍ਰਿਣਾ ਯੋਗ ਜੀਵਨ ਨੂੰ ਬਦਲਣ ਲਈ ਕੀ ਕਰਨਾ ਚਾਹੀਦਾ ਹੈ। ਮੈਂ ਇਹਨਾਂ ਨੂੰ ਈਮਾਨਦਾਰੀ ਨਾਲ ਰਾਏ ਦਿਤੀ ਕਿ ਈਸਾਈ ਹੋ ਜਾਉ ਸ਼ਾਇਦ ਈਸਾਈਆਂ ਦੇ ਪਾਦਰੀਆਂ ਦੀ ਨੇਕੀ ਦਾ ਇਹਨਾਂ ਤੇ ਪ੍ਰਭਾਵ ਪਵੇ ਅਤੇ ਇਹਨਾਂ ਦਾ ਜੀਵਨ ਵਟਿਆ ਜਾ ਸਕੇ। ਅਸੀਂ ਕੁਝ ਚਿਰ ਗੱਲਾਂ ਕਰਦੇ ਰਹੇ। ਇਸ ਪਿਛੋਂ ਡਾਕਟਰ ਸਾਹਿਬ ਨੇ ਕਿਹਾ ਕਿ ਅਸੀਂ ਫੇਰ ਕਿਸੇ ਦਿਨ ਉਹਨਾਂ ਨੂੰ ਮਿਲੀਏ। ਇਹ ਪਾਦਰੀਆਂ ਨਾਲ ਸਲਾਹ ਕਰਨੀ ਚਾਹੁੰਦੇ ਹਨ। ਮੈਂ ਕਿਹਾ ਕਿ ਮੇਰਾ ਕੰਮ ਤਾਂ ਮੁਕ ਗਿਆ ਹੁਣ ਮੈਂ ਤੁਹਾਡੇ ਘਰ ਆਉਣ ਦੀ ਲੋੜ ਨਹੀਂ ਸਮਝਦਾ ਹੁਣ ਇਹ ਸਰਦਾਰ ਸਾਹਿਬ ਆਪ ਹੀ ਆਉਣਗੇ।

ਮੈਂ ਉਸ ਉਪ੍ਰੰਤ ਡਾਕਟਰ ਦੱਤਾ ਨੂੰ ਕਦੀ ਨਹੀਂ ਮਿਲਿਆ। ਕਈ ਮਹੀਨਿਆਂ ਪਿਛੋਂ ਇਹ ਸਿਖ ਪੱਤਰਕਾਰ ਫੇਰ ਮਿਲੇ ਤਾਂ ਉਹਨਾਂ ਨੇ ਦਸਿਆ ਕਿ ਉਹ ਡਾਕਟਰ ਦੇ ਘਰ ਗਏ ਸਨ। ਡਾਕਟਰ ਸਾਹਿਬ ਨੇ ਉਹਨਾਂ ਨੂੰ ਇਕ ਪਾਦਰੀ ਦੇ ਹਵਾਲੇ ਕੀਤਾ। ਉਸ ਪਾਦਰੀ ਨੇ ਇਹਨਾਂ ਨੂੰ ਮਿੰਟਗੁਮਰੀ ਰਖਿਆ। ਉਥੋਂ ਕੁਝ ਦਿਨ ਦੀ ਦੇਖ ਰੇਖ ਪਿਛੋਂ ਇਹਨਾਂ ਨੂੰ ਦੂਜੇ ਯੂਰਪੀਅਨ



Digitized by Panjab Digital Library | www.panjabdigilib.org

ਪਾਦਰੀ ਕੋਲ ਮਨਸੂਰੀ ਪਹਾੜ ਤੇ ਭੇਜਿਆ । ਇਹ ਮਨਸੂਰੀ ਵਿਚ ਪਾਦਰੀ ਸਾਹਿਬ ਦੇ ਘਰ ਸ਼ਾਇਦ ਦੋ ਮਹੀਨੇ ਰਹੇ । ਪਾਦਰੀ ਸਾਹਿਬ ਇਹਨਾਂ ਦੇ ਸਾਰੇ ਖ਼ਰਚੇ ਸਹਿੰਦੇ ਸਨ । ਇਕ ਦਿਨ ਪਾਦਰੀ ਸਾਹਿਬ ਨੇ ਵੇਖਿਆ ਕਿ ਸਰਦਾਰ ਸਾਹਿਬ ਦੇ ਕਮਰੇ ਵਿਚ ਸ਼ਰਾਬ ਦੀ ਖ਼ਾਲੀ ਬੋਤਲ ਪਈ ਹੈ । ਇਸ ਲਈ ਉਹਨਾਂ ਨੂੰ ਬੜੀ ਅਬੇ ਤਬੇ ਕੀਤੀ । ਉਸ ਪਿਛੋਂ ਇਕ ਰਾਤ ਪਾਦਰੀ ਸਾਹਿਬ ਨੂੰ ਉਸ ਕਮਰੇ ਵਿਚੋਂ ਰੌਲਾ ਸੁਣਾਈ ਦਿਤਾ ਜਿਥੇ ਕਿ ਉਹਨਾਂ ਦੀਆਂ ਨੌਜਵਾਨ ਧੀਆਂ ਸੁਤੀਆਂ ਹੋਈਆਂ ਸਨ । ਪਾਦਰੀ ਸਾਹਿਬ ਉਸ ਕਮਰੇ ਵਿਚ ਪਹੁੰਚੇ ਤਾਂ ਵੇਖਿਆ ਕਿ ਸਰਦਾਰ ਸਾਹਿਬ ਸ਼ਰਾਬ ਵਿਚ ਗੁਟ ਸ਼ਰਮਿੰਦੀ ਹਾਲਤ ਵਿਚ ਖਲੋਤੇ ਹਨ ਅਤੇ ਪਾਦਰੀ ਸਾਹਿਬ ਦੀ ਨੇਕ ਦਿਲ ਲੜਕੀ ਉਹਨਾਂ ਨੂੰ ਬੁਰਾ ਭਲਾ ਆਖ ਰਹੀ ਹੈ । ਸਵੇਰੇ ਪਾਦਰੀ ਸਾਹਿਬ ਨੇ ਉਹਨਾਂ ਨੂੰ ਲਾਹੌਰ ਦਾ ਕਿਰਾਇਆ ਦਿਤਾ ਅਤੇ ਵਾਪਸ ਕਰ ਦਿਤਾ । ਜਿਸ ਦਾ ਭਾਵ ਇਹ ਸੀ ਕਿ ਹਜ਼ਰਤ ਯਸੂਹ ਮਸੀਹ ਦੀ ਸਿਖਸ਼ਾ ਦਾ ਵੀ ਆਪ ਵਰਗੇ "ਪਕੇ ਇਰਾਦੇ" ਦੇ ਨੌਜਵਾਨ ਤੇ ਕੋਈ ਪ੍ਰਭਾਵ ਨਹੀਂ ਹੋ ਸਕਦਾ । ਲਾਹੌਰ ਆਉਣ ਪਿਛੋਂ ਇਹਨਾਂ ਦੀ ਉਹੀ ਹਾਲਤ ਸੀ ਜਿਹੜੀ ਲਾਹੌਰ ਤੋਂ ਮਿੰਟਗੁਮਰੀ ਜਾਣ ਤੋਂ ਪਹਿਲਾਂ ਸੀ ਭਾਵ ਸ਼ਰਾਬ, ਜੂਆ, ਤਾਸ਼, ਰੰਡੀਬਾਜ਼ੀ, ਕਰਜ਼ਾ ਅਤੇ ਦੋਸਤਾਂ ਤੋਂ ਇਕ ਇਕ ਦੋ ਦੋ ਰੁਪਏ ਦੀ ਮੰਗ ਕਰਨਾ ।

ਮੇਰਾ ਜੇਲਾਂ ਦਾ ਅਤੇ ਜੇਲ੍ਹਾਂ ਤੋਂ ਬਾਹਰ ਦਾ ਤਜਰਬਾ ਹੈ ਕਿ ਜਦ ਮਨੁਖ ਨੂੰ ਚੋਰੀ ਸ਼ਰਾਬ, ਡਾਕਾ, ਛਲ ਕਪਟ ਜਾਂ ਕਿਸੀ ਪ੍ਰਕਾਰ ਦੀ ਆਦਤ ਪੈ ਜਾਏ ਤਾਂ ਇਹ ਆਦਤ ਜੀਵਨ ਦਾ ਇਕ ਭਾਗ ਬਣ ਜਾਂਦੀ ਹੈ । ਇਸ ਸੁਭਾਵ ਦਾ ਜਾਣ ਬਹੁਤ ਅਸੰਭਵ ਅਤੇ ਕਰੜੀ ਘਾਲਨਾ ਮੰਗਦਾ ਹੈ ਅਤੇ ਇਸ ਵਿਚ ਜੇਕਰ ਤਬਦੀਲੀ ਸੰਭਵ ਹੈ ਵੀ ਤਾਂ ਕਈ ਵਰ੍ਹਿਆਂ ਦੀ ਲਗਾਤਾਰ ਦਿਨ ਰਾਤ ਆਪਣੇ ਮਨ ਨਾਲ ਲੜਾਈ ਕਰਨ ਪਿਛੋਂ ਅਤੇ ਉਹ ਵੀ ਜੇਕਰ ਮਨੁਖ ਦੇ ਭਾਗ ਚੰਗੇ ਹੋਣ ।

## ਹਰਮਨ ਪਿਆਰਤਾ ਸੰਤੁਸ਼ਟਤਾ ਦਾ ਕਾਰਨ

ਮੈਂ ਜਦ ਨਾਭੇ ਵਿਚ ਸਰਕਾਰੀ ਮੁਲਾਜ਼ਮ ਸਾਂ । ਉਥੇ ਮੈਨੂੰ ਦੋ ਸੌ ਰੁਪਏ ਮਾਸਕ ਤਨਖ਼ਾਹ ਮਿਲਦੀ ਸੀ ਤਾਂ ਮੇਰੀ ਕੁੜਮਾਈ ਜ਼ਿਲ੍ਹਾ ਗੁਜਰਾਂਵਾਲਾ ਦੇ ਇਕ ਪਿੰਡ ਵਿਚ ਸਰਦਾਰ ਹਰਨਾਮ ਸਿੰਘ ਦੀ ਪੁੜ੍ਹੀ ਨਾਲ ਹੋ ਗਈ । ਭਾਰਤ ਵਿਚ



Digitized by Panjab Digital Library | www.panjabdigilib.org

ਆਮ ਤੌਰ ਤੇ ਅਤੇ ਨੌਕਰੀ ਪੇਸ਼ਾ ਲੋਕਾਂ ਵਿਚ ਖ਼ਾਸ ਕਰਕੇ ਵਪਾਰ ਜਾਂ ਦਸਤਕਾਰ ਲੋਕਾਂ ਦੀ ਕੋਈ ਕਦਰ ਨਹੀਂ। ਜੇਕਰ ਕੋਈ ਆਦਮੀ ਵਪਾਰ ਜਾਂ ਦਸਤਕਾਰੀ ਤੋਂ ਇਕ ਹਜ਼ਾਰ ਰੁਪਿਆ ਮਹੀਨਾ ਵੀ ਕਮਾਉਂਦਾ ਹੋਵੇ ਤਾਂ ਉਸ ਨੂੰ ਸਾਧਾਰਨ ਜਿਹਾ ਆਦਮੀ ਸਮਝਿਆ ਜਾਂਦਾ ਹੈ, ਪਰ ਉਸ ਆਦਮੀ ਦੀ ਵਧੇਰੇ ਕਦਰ ਹੈ ਜਿਹੜਾ ਪੰਜਾਹ ਰੁਪਏ ਮਹੀਨੇ ਦਾ ਸਰਕਾਰੀ ਨੌਕਰ ਹੈ। ਇਸ ਨੌਕਰੀ ਨਾਲ ਜੇਕਰ ਵੀਹ ਰੁਪਏ ਮਹੀਨਾ ਵੀ ਵੱਢੀ ਤੋਂ ਹੋਰ ਆਮਦਨ ਹੋਵੇ ਤਾਂ ਇਹ ਵੀਹ ਰੁਪਏ ਸੌ ਰੁਪਏ ਬਰਾਬਰ ਜਾਣੇ ਜਾਂਦੇ ਹਨ। ਇਸ ਤਰ੍ਹਾਂ ਜਦ ਕੋਈ ਆਦਮੀ ਆਪਣੀ ਲੜਕੀ ਦਾ ਸਾਕ ਕਰਨਾ ਚਾਹੇ ਤਾਂ ਉਹ ਸਭ ਤੋਂ ਪਹਿਲਾਂ ਪੁਛੇਗਾ, ਤਨਖ਼ਾਹ ਕੀ ਹੈ ਅਤੇ ਉਪਰੋਂ ਆਮਦਨੀ — ਭਾਵ ਵੱਢੀ — ਕਿੰਨੀ ਹੈ। ਜੇਕਰ ਮੁੰਡੇ ਵਾਲਿਆਂ ਨੇ ਪੰਜਾਹ ਰੁਪਏ ਤਨਖ਼ਾਹ ਅਤੇ ਵੀਹ ਰੁਪਏ ਉਪਰਲੀ ਆਮਦਨ ਦਸ ਦਿਤੀ ਤਾਂ ਕੁੜੀ ਵਾਲਿਆਂ ਦੀਆਂ ਵਾਛਾਂ ਖਿੜ ਜਾਂਦੀਆਂ ਹਨ ਅਤੇ ਝਟ ਸਾਕ ਕਰ ਦਿਤਾ ਜਾਂਦਾ ਹੈ। ਭਾਵੇਂ ਵਿਆਹ ਪਿਛੋਂ ਵਹੁਟੀ ਗੱਭਰੂ ਭੁਖੇ ਹੀ ਕਿਉਂ ਨਾ ਮਰਨ ਅਤੇ ਉਹਨਾਂ ਦਾ ਸਾਰਾ ਜੀਵਨ ਦੁਖਾਂ ਭਰਿਆ ਹੀ ਕਿਉਂ ਨਾ ਲੰਘੇ। ਮੈਂ ਨਾਭੇ ਵਿਚ ਦੋ ਸੌ ਰੁਪਏ ਮਹੀਨਾ ਤਨਖ਼ਾਹ ਲੈਂਦਾ ਸਾਂ। ਰਿਆਸਤ ਦੀ ਸਰਕਾਰੀ ਨੌਕਰੀ, ਰਿਆਸਤਾਂ ਦੀ ਲੋਟੀ ਪਰਸਿਧ ਹੈ। ਉਪਰਲੀ ਆਮਦਨ ਦੇ ਪੁਛਣ ਦਾ ਪ੍ਰਸ਼ਨ ਹੀ ਨਹੀਂ ਸੀ। ਹਰ ਆਦਮੀ ਅਨੁਮਾਨ ਲਾ ਸਕਦਾ ਸੀ ਕਿ ਜੇਕਰ ਦੋ ਸੌ ਰੁਪਏ ਮਹੀਨਾ ਤਨਖ਼ਾਹ ਹੈ ਤਾਂ ਰਿਆਸਤ ਦੀ ਨੌਕਰੀ ਵਿਚ "ਉਪਰਲੀ ਆਮਦਨ" ਚਾਰ ਪੰਜ ਸੌ ਰੁਪਏ ਮਹੀਨੇ ਤੋਂ ਘਟ ਕੀ ਹੋ ਸਕਦੀ ਹੈ। ਇਸ ਪ੍ਰਕਾਰ ਸਰਦਾਰ ਹਰਨਾਮ ਸਿੰਘ ਨੇ ਆਪਣੀ ਲੜਕੀ ਦਾ ਰਿਸ਼ਤਾ ਮੇਰੇ ਨਾਲ ਕਰ ਦਿਤਾ ਅਤੇ ਵਿਆਹ ਦੀਆਂ ਤਿਆਰੀਆਂ ਅਰੰਭ ਹੋਈਆਂ।

ਇਸ ਰਿਸ਼ਤੇ ਹੋਏ ਨੂੰ ਕੁਝ ਮਹੀਨੇ ਹੀ ਹੋਏ ਸਨ ਕਿ ਮਹਾਰਾਜਾ ਨਾਭਾ ਤੇ ਮੁਸੀਬਤਾਂ ਦੇ ਬੱਦਲ ਘਿਰ ਆਏ ਅਤੇ ਉਹ ਗੱਦੀਓਂ ਲਾਹ ਦਿਤੇ ਗਏ। ਮਹਾਰਾਜਾ ਦੇ ਗੱਦੀਓਂ ਲਾਹੇ ਜਾਣ ਪਿਛੋਂ ਅੰਗਰੇਜ਼ ਐਡਮਨਿਸਟ੍ਰੇਟਰ ਆ ਗਿਆ। ਮੈਂ ਤਿਆਗ-ਪੱਤਰ ਦਿਤਾ ਤਾਂ ਉਸ ਨੂੰ ਪਰਵਾਨ ਨਾ ਕੀਤਾ ਗਿਆ। ਆਖ਼ਰ ਬਿਨਾਂ ਤਿਆਗ-ਪੱਤਰ ਦਿਤੇ ਹੀ ਮੈਂ ਨਾਭਾ ਛਡਣ ਵਾਲਾ ਸਾਂ ਕਿ ਗ੍ਰਿਫ਼ਤਾਰ ਕੀਤਾ ਜਾ ਕੇ ਪੁਲੀਸ ਦੇ ਪਹਿਰੇ ਵਿਚ ਨਜ਼ਰਬੰਦ ਕਰ ਦਿਤਾ ਗਿਆ। ਤਿੰਨ ਮਹੀਨੇ ਮੈਂ ਨਾਭੇ ਵਿਚ ਬੰਦੀ ਦੀ ਅਵਸਥਾ ਵਿਚ ਰਿਹਾ। ਉਥੋਂ ਜਦ ਛਡਿਆ ਗਿਆ ਤਾਂ ਰੋਜ਼ਾਨਾ ਉਰਦੂ ਅਖ਼ਬਾਰ "ਅਕਾਲੀ" ਨੂੰ ਐਡਿਟ ਕਰਨ ਅੰਮ੍ਰਿਤਸਰ ਚਲਾ ਗਿਆ। ਉਥੇ ਕੁਝ ਚਿਰ ਇਸ ਅਖ਼ਬਾਰ ਨੂੰ ਐਡਿਟ ਕਰਦਾ ਰਿਹਾ। ਇਸ



Digitized by Panjab Digital Library | www.panjabdigilib.org

ਪਿਛੋਂ ਆਪਣੇ ਘਰ ਹਾਫ਼ਿਜ਼ਾਬਾਦ ਚਲਾ ਗਿਆ। ਉਥੇ ਬਿਲਕੁਲ ਵਿਹਲਾ ਸਾਂ। ਨਾ ਕੋਈ ਪ੍ਰੋਗਰਾਮ, ਨਾ ਨੌਕਰੀ ਅਤੇ ਨਾ ਕੋਈ ਰੋਟੀ ਦਾ ਧੰਦਾ।

ਸਰਦਾਰ ਹਰਨਾਮ ਸਿੰਘ ਜਿਨ੍ਹਾਂ ਦੀ ਸਪੁਤ੍ਰੀ ਨਾਲ ਮੇਰਾ ਰਿਸ਼ਤਾ ਸੀ। ਬੜੇ ਭਲੇ ਲੋਕ ਅਤੇ ਪੁਜ ਕੇ ਨੇਕ ਆਦਮੀ ਸਨ। ਉਹਨਾਂ ਦੇ ਪਿੰਡ ਦੇ ਸਾਰੇ ਲੋਕ ਦੇਸ-ਭਗਤ ਸਨ। ਜਿੰਨੇ ਲੋਕ ਕਾਂਗਰਸ ਦੀ ਲਹਿਰ ਵਿਚ ਇਸ ਪਿੰਡ ਦੇ ਕੈਦ ਹੋਏ, ਸ਼ਾਇਦ ਪੰਜਾਬ ਦੇ ਕਿਸੇ ਦੂਜੇ ਪਿੰਡ ਵਿਚੋਂ ਏਨੇ ਨਹੀਂ ਸਨ ਹੋਏ ਅਤੇ ਜੇਕਰ ਮੈਂ ਭੁਲਦਾ ਨਹੀਂ ਤਾਂ ਪੰਜਾਬ ਵਿਚ ਕੇਵਲ ਇਸ ਪਿੰਡ ਨੇ ਹੀ ਸਰਕਾਰੀ ਮਾਮਲਾ ਦੇਣ ਤੋਂ ਨਾਂਹ ਕਰ ਦਿਤੀ ਸੀ ਅਤੇ ਕੌਮੀ ਘੇਰਿਆਂ ਵਿਚ ਇਸ ਪਿੰਡ ਨੂੰ ਪੰਜਾਬ ਦਾ ਬਾਰਦੋਲੀ ਆਖਿਆ ਜਾਂਦਾ ਸੀ। ਸਰਦਾਰ ਹਰਨਾਮ ਸਿੰਘ ਨੇ ਜਦ ਮੇਰੇ ਬਾਰੇ ਸੁਣਿਆ ਕਿ ਮੈਂ ਨਾਭੇ ਦੀ ਨੌਕਰੀ ਤੋਂ ਵਖ ਕਰ ਦਿਤਾ ਗਿਆ ਹਾਂ ਅਤੇ ਵਿਹਲਾ ਹਾਂ ਤਾਂ ਉਹ ਹਾਫ਼ਿਜ਼ਾਬਾਦ ਆਏ। ਮੇਰੇ ਚਾਚਾ ਸਰਦਾਰ ਭਗਵਾਨ ਸਿੰਘ ਨੂੰ ਮਿਲੇ ਅਤੇ ਉਹਨਾਂ ਨੇ ਮੇਰੀ ਬੇਕਾਰੀ ਬਾਰੇ ਚਿੰਤਾ ਪ੍ਰਗਟ ਕੀਤੀ। ਕੁਦਰਤੀ ਤੌਰ ਤੇ ਹੀ ਉਹਨਾਂ ਨੂੰ ਚਿੰਤਾ ਹੋਣੀ ਚਾਹੀਦੀ ਸੀ ਕਿਉਂਕਿ ਆਖਿਆ ਨਹੀਂ ਸੀ ਜਾ ਸਕਦਾ ਕਿ ਮੈਂ ਅਗੋਂ ਕਦ ਰੋਜ਼ੀ ਕਮਾਉਣ ਜੋਗਾ ਹੋ ਸਕਾਂਗਾ ਅਤੇ ਕਿਥੇ ਨੌਕਰੀ ਮਿਲੇ। ਮੇਰੇ ਚਾਚਾ ਨੇ ਬਿਲਕੁਲ ਉਵੇਂ ਜਿਵੇਂ ਹੀ ਝੂਠੀਆਂ ਆਸਾਂ ਦਿਵਾਉਂਦਿਆਂ ਹੋਇਆਂ, ਜਿਸ ਤਰ੍ਹਾਂ ਸਭ ਲੋਕ ਅਜਿਹੇ ਸਮੇਂ ਦਿਵਾਉਂਦੇ ਹਨ, ਸਰਦਾਰ ਹਰਨਾਮ ਸਿੰਘ ਨੂੰ ਕਿਹਾ ਕਿ ਅਮਕੀ ਅਮਕੀ ਥਾਂ ਨੌਕਰੀ ਲਈ ਜਤਨ ਹੋ ਰਿਹਾ ਹੈ। ਤੁਸੀਂ ਚਿੰਤਾ ਨਾ ਕਰੋ। ਝਬਦੇ ਹੀ ਰੁਜ਼ਗਾਰ ਮਿਲ ਜਾਏਗਾ। ਕੁਝ ਦਿਨਾਂ ਦੀ ਹੀ ਗਲ ਹੈ। ਦੀਵਾਨ ਸਿੰਘ ਨੂੰ ਨੌਕਰੀ ਦਾ ਕੀ ਘਾਟਾ ਹੈ। ਇਸ ਦੇ ਸੰਬੰਧ ਬੜੇ ਵਡਿਆਂ ਵਡਿਆਂ ਲੋਕਾਂ ਨਾਲ ਹਨ ਇਤਿਆਦਿ।

ਸਰਦਾਰ ਹਰਨਾਮ ਸਿੰਘ ਅਤੇ ਮੇਰੇ ਚਾਚੇ ਦੀ ਗਲ ਬਾਤ ਦਾ ਪਤਾ ਮੈਨੂੰ ਸਰਦਾਰ ਹਰਨਾਮ ਸਿੰਘ ਦੇ ਹਾਫ਼ਿਜ਼ਾਬਾਦੋਂ ਵਾਪਸ ਚਲੇ ਜਾਣ ਪਿਛੋਂ ਅਗਲੇ ਦਿਨ ਹੋਇਆ। ਮੈਂ ਜਦ ਸਭ ਗਲਾਂ ਸੁਣੀਆਂ ਤਾਂ ਮੈਂ ਸੋਚਦਾ ਰਿਹਾ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ। ਸਰਦਾਰ ਹਰਨਾਮ ਸਿੰਘ ਬੇਹਦ ਭਲੇਮਾਨਸ ਅਤੇ ਨੇਕ ਮਨੁਖ, ਬੜਾ ਚੰਗਾ ਸ਼ਰੀਫ਼ ਘਰਾਣਾ, ਉਹਨਾਂ ਦੀ ਲੜਕੀ ਜਵਾਨ ਵਿਆਹ ਦੇ ਯੋਗ। ਮੈਂ ਬੇਕਾਰ ਅਤੇ ਮੇਰਾ ਭਵਿੱਖ ਹਨੇਰਾ। ਕੁਝ ਨਹੀਂ ਆਖਿਆ ਜਾ ਸਕਦਾ ਕਿ ਮੈਂ ਭਵਿੱਖਤ ਜੀਵਨ ਵਿਚ ਕੀ ਕਰਾਂ ਅਤੇ ਕਦ ਕਰਾਂ, ਨਿਰਪਖਤਾ ਨਾਲ ਵੇਖਿਆ ਜਾਏ ਤਾਂ ਸਰਦਾਰ ਹਰਨਾਮ ਸਿੰਘ ਨੂੰ ਮੇਰੇ ਰੋਜ਼ਗਾਰ ਸਿਰ ਹੋਣ ਲਈ ਅਕਹਿ ਸਮੇਂ ਤਕ ਉਡੀਕ ਨਹੀਂ ਕਰਨੀ ਚਾਹੀਦੀ।



Digitized by Panjab Digital Library | www.panjabdigilib.org

ਏਧਰ ਤਾਂ ਇਹ ਵਿਚਾਰ, ਦੂਜੇ ਪਾਸੇ ਇਹ ਅਨੁਭਵ ਕਿ ਜੇਕਰ ਸਾਕ ਟੁੱਟ ਗਿਆ ਤਾਂ ਰਿਸ਼ਤੇਦਾਰ ਅਤੇ ਬਰਾਦਰੀ ਦੇ ਲੋਕ ਗੁਡਾ ਬੰਨ੍ਹਣਗੇ ਅਤੇ ਆਖਣਗੇ ਬੇਕਾਰੀ ਦੇ ਕਾਰਨ ਵਿਆਹ ਨਹੀਂ ਹੋ ਸਕਿਆ। ਮੈਂ ਰਾਤ ਨੂੰ ਕਈ ਘੰਟਿਆਂ ਤਕ ਸੋਚਦਾ ਰਿਹਾ ਕਿ ਮੈਨੂੰ ਕੀ ਕਰਨਾ ਚਾਹੀਦੈ। ਆਖ਼ਰ ਮੈਂ ਫ਼ੈਸਲਾ ਕੀਤਾ ਕਿ ਮੈਨੂੰ ਨਿਰਪੱਖਤਾ ਤੇ ਨਿਆਂ ਦਾ ਪੱਲਾ ਫੜਨਾ ਚਾਹੀਦਾ ਹੈ। ਆਪਣੇ ਸਵਾਰਥ ਦੇ ਕਾਰਨ ਸਰਦਾਰ ਹਰਨਾਮ ਸਿੰਘ ਨੂੰ ਝੂਠੀਆਂ ਆਸਾਂ ਅਤੇ ਭੁਲੇਖਿਆਂ ਵਿਚ ਰਖਣਾ ਯੋਗ ਨਹੀਂ। ਅਗਲੇ ਦਿਨ ਮੈਂ ਸਰਦਾਰ ਹਰਨਾਮ ਸਿੰਘ ਨੂੰ ਇਕ ਰਜਿਸਟਰੀ ਚਿਠੀ ਭੇਜੀ — ਰਜਿਸਟਰੀ ਰਾਹੀਂ ਚਿਠੀ ਭੇਜਣ ਦਾ ਭਾਵ ਇਹ ਸੀ ਕਿ ਇਹ ਉਹਨਾਂ ਨੂੰ ਮਿਲ ਜਾਏ — ਜਿਸ ਵਿਚ ਲਿਖਿਆ ਕਿ ਮੈਂ ਬੇਕਾਰ ਹਾਂ, ਨੌਕਰੀ ਤੋਂ ਹਟ ਚੁਕਾ ਹਾਂ। ਮੇਰਾ ਭਵਿੱਖ ਹਨੇਰਾ ਹੈ, ਨਹੀਂ ਕਿਹਾ ਜਾ ਸਕਦਾ ਕਿ ਅਗੋਂ ਮੇਰਾ ਰੁਜ਼ਗਾਰ ਕੀ ਹੋਵੇ ਅਤੇ ਕਦ ਹੋਵੇ। ਤੁਹਾਡਾ ਉਡੀਕ ਕਰਨਾ ਯੋਗ ਨਹੀਂ। ਮੇਰੇ ਦਿਲ ਵਿਚ ਤੁਹਾਡੇ ਭਲਮਨਸਊ, ਸਦਾਚਾਰ ਅਤੇ ਵਡਪਣ ਦਾ ਬੜਾ ਸਤਿਕਾਰ ਤੇ ਕਦਰ ਹੈ। ਮੇਰੀ ਰਾਏ ਹੈ ਕਿ ਤੁਸੀਂ ਆਪਣੀ ਸਪੁਤ੍ਰੀ ਦਾ ਵਿਆਹ ਕਿਸੇ ਦੂਜੀ ਥਾਂ ਕਰ ਦਿਊ ਅਤੇ ਮੇਰੇ ਦਿਨ ਫਿਰਨ ਦੀ ਉਡੀਕ ਨਾ ਕਰੋ। ਇਸ ਚਿਠੀ ਨੂੰ ਭੇਜਣ ਪਿਛੋਂ ਮੈਂ ਕੁਝ ਸ਼ਾਂਤੀ ਜਿਹੀ ਅਨੁਭਵ ਕੀਤੀ, ਜਿਵੇਂ ਇਕ ਥਾਪੇ ਗਏ ਕੰਮ ਨੂੰ ਸਿਰੇ ਚਾੜ੍ਹਨ ਪਿਛੋਂ ਮਨੁਖ ਅਨੁਭਵ ਕਰਦਾ ਹੈ।

ਮੇਰੇ ਚਿੱਠੀ ਲਿਖਣ ਪਿਛੋਂ ਸਰਦਾਰ ਹਰਨਾਮ ਸਿੰਘ ਨੇ ਆਪਣੀ ਲੜਕੀ ਦਾ ਵਿਆਹ ਸ਼ੇਖ਼ੂਪੁਰੇ ਦੀ ਇਕ ਫ਼ੈਮਲੀ ਵਿਚ ਕਰ ਦਿਤਾ।

ਮੈਂ ਹਾਫ਼ਿਜ਼ਾਬਾਦ ਸ਼ਾਇਦ ਪੰਜ ਛੇ ਮਹੀਨੇ ਵਿਹਲਾ ਰਿਹਾ। ਇਹ ਸਮਾਂ ਮੈਂ ਹਾਫ਼ਿਜ਼ਾਬਾਦ ਤੋਂ ਦੋ ਮੀਲ ਦੀ ਵਿਥ ਤੇ ਇਕ ਬਾਗ਼ ਵਿਚ ਲੰਘਾਇਆ। ਇਹ ਬਾਗ਼ ਮੇਰੇ ਪਿਆਰੇ ਮਿੱਤਰ ਅਤੇ ਚਚੇਰੇ ਭਰਾ ਸਰਦਾਰ ਹਾਕਮ ਸਿੰਘ ਕਪੂਰ ਦਾ ਸੀ। ਇਸ ਬਾਗ਼ ਵਿਚ ਇਕ ਤੰਬੂ ਲਾ ਲਿਆ ਗਿਆ। ਮੈਂ ਸ਼ਹਿਰ ਵਿਚ ਬਹੁਤ ਘਟ ਜਾਂਦਾ ਅਤੇ ਸਜਨ ਮਿੱਤਰ ਆਮ ਤੌਰ ਤੇ ਲੋੜ੍ਹੇ ਵੇਲੇ ਨੂੰ ਉਥੇ ਹੀ ਪਹੁੰਚ ਜਾਂਦੇ। ਇਸ ਪ੍ਰਕਾਰ ਕਈ ਵਾਰ ਅਜਿਹਾ ਹੁੰਦਾ ਕਿ ਖਾਊ ਪੀਊ ਨੂੰ ਅਠ ਅਠ ਦਸ ਦਸ ਦੋਸਤਾਂ ਦੀ ਉਥੇ ਹੀ ਮਹਿਫ਼ਲ ਜੰਮਦੀ ਅਤੇ ਸ਼ਾਇਦ ਹੀ ਕੋਈ ਸ਼ਾਮ ਹੁੰਦੀ ਜਦ ਕਿ ਅਸੀਂ ਚਹੁੰ ਪੰਜਾਂ ਮਿੱਤਰਾਂ ਨੇ ਰਲ ਕੇ ਖਾਣਾ ਨਾ ਖਾਧਾ ਹੋਵੇ।

ਪੰਜ ਛੇ ਮਹੀਨੇ ਲੰਘਣ ਪਿਛੋਂ ਮੈਂ ਦਿੱਲੀ ਆ ਕੇ ਏਥੋਂ "ਰਿਆਸਤ" ਚਾਲੂ ਕੀਤਾ। "ਰਿਆਸਤ" ਨੂੰ ਅਰੰਭ ਤੋਂ ਹੀ ਸਫ਼ਲਤਾ ਪ੍ਰਾਪਤ ਹੋਈ। ਦਿਨ



Digitized by Panjab Digital Library | www.panjabdigilib.org

ਬਦਿਨ ਇਸ਼ਤਿਹਾਰਾਂ, ਪ੍ਰਕਾਸ਼ਨਾਂ ਅਤੇ ਆਮਦਨੀ ਵਿਚ ਵਾਧਾ ਹੁੰਦਾ ਚਲਾ ਗਿਆ। ਮੇਰੇ ਪ੍ਰਸੰਸਕਾਂ ਅਤੇ ਹਿਤੂਆਂ ਦਾ ਘੇਰਾ ਬੜਾ ਵਿਸ਼ਾਲ ਹੋ ਗਿਆ। "ਰਿਆਸਤ" ਨੂੰ ਕੁਝ ਮਹੀਨਿਆਂ ਵਿਚ ਹੀ ਬਹੁਤ ਸਾਰੀ ਪ੍ਰਸਿੱਧਤਾ ਪ੍ਰਾਪਤ ਹੋਈ ਅਤੇ ਇਸ ਸਫ਼ਲਤਾ ਦੀ ਸੂਚਨਾ ਸਰਦਾਰ ਹਰਨਾਮ ਸਿੰਘ ਨੂੰ ਵੀ ਮਿਲਦੀ ਰਹੀ।

ਪੰਜਾਬ ਦੇ ਕਰੀਬ ਕਰੀਬ ਹਰ ਪਿੰਡ ਦੇ ਕੋਲ ਤਲਾਅ ਜਾਂ ਛਪੜ ਹੁੰਦੇ ਹਨ। ਇਹ ਤਲਾਅ ਨਹਿਰਾਂ ਦੇ ਪਾਣੀ ਨਾਲ ਭਰੇ ਰਹਿੰਦੇ ਹਨ ਅਤੇ ਇਹਨਾਂ ਤਲਾਆਂ ਤੇ ਲੋਕੀਂ ਨਹਾਉਂਦੇ ਤੇ ਕਪੜੇ ਧੋਂਦੇ ਹਨ ਅਤੇ ਇਹਨਾਂ ਦਾ ਪਾਣੀ ਮਾਲ ਡੰਗਰ ਦੇ ਪੀਣ ਜਾਂ ਉਹਨਾਂ ਨੂੰ ਨਵ੍ਹਾਉਣ ਆਦਿ ਦੇ ਕੰਮ ਵੀ ਆਉਂਦਾ ਹੈ। ਮੈਨੂੰ ਯਾਦ ਹੈ ਮੈਂ ਆਪ ਵੀ ਹਾਫ਼ਿਜ਼ਾਬਾਦ ਦੇ ਤਲਾਅ ਤੇ ਬਚਪਨ ਵਿਚ ਨਹਾਉਣ ਅਤੇ ਆਪਣੇ ਕਪੜੇ ਧੋਣ ਜਾਂਦਾ ਹੁੰਦਾ ਸਾਂ। ਤਲਾਅ ਦੀਆਂ ਪੌੜੀਆਂ ਤੀਵੀਆਂ ਮਰਦਾਂ ਨਾਲ ਭਰੀਆਂ ਰਹਿੰਦੀਆਂ ਸਨ ਜਿਹੜੇ ਨਹਾਉਣ ਅਤੇ ਆਪਣੇ ਕਪੜੇ ਧੋਣ ਲਈ ਉਥੇ ਜਾਂਦੇ ਸਨ।

ਗੁਰੂ ਨਾਨਕ ਦੇਵ ਜੀ ਦਾ ਜਨਮ ਸ਼ੇਖ਼ੂਪੁਰੇ ਦੇ ਜ਼ਿਲ੍ਹੇ ਵਿਚ ਨਨਕਾਣੇ ਸਾਹਿਬ ਦੇ ਅਸਥਾਨ ਤੇ ਹੋਇਆ। ਕਤਕ ਪੂਰਨਮਾਸ਼ੀ ਭਾਵ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਤੇ ਇਸ ਥਾਂ ਲੱਖਾਂ ਯਾਤਰੂ ਜਾਂਦੇ ਹਨ। ਇਸ ਤਰ੍ਹਾਂ ਹਾਫ਼ਿਜ਼ਾਬਾਦ ਤੋਂ ਵੀ ਦਸ ਦਸ ਬਾਰਾਂ ਬਾਰਾਂ ਬੈਲ ਗੱਡੀਆਂ ਦਾ ਟੋਲਾ ਨਨਕਾਣਾ ਸਾਹਿਬ ਜਾਂਦਾ ਹੁੰਦਾ ਸੀ। ਇਹਨਾਂ ਗਡਿਆਂ ਤੇ ਕਿਸੇ ਵਿਚ ਮਰਦ ਭਰੇ ਹੁੰਦੇ ਅਤੇ ਕਿਸੇ ਵਿਚ ਇਸਤ੍ਰੀਆਂ ਤੇ ਬੱਚੇ। ਇਹ ਕਾਫਲਾ ਅੱਠ ਜਾਂ ਦੱਸ ਮੀਲਾਂ ਪਿਛੋਂ ਭਿੰਨ ਭਿੰਨ ਥਾਂਵਾਂ ਤੇ ਪੜਾਅ ਕਰਦਾ ਹੋਇਆ ਜਾਂਦਾ ਅਤੇ ਜਾਤਰੀ ਗੁਰੂ ਸਾਹਿਬਾਂ ਦੇ ਸ਼ਬਦ ਪੜ੍ਹਦੇ ਹੋਏ ਜਾਂਦੇ।

"ਰਿਆਸਤ" ਨੂੰ ਚਾਲੂ ਹੋਇਆਂ ਦੋ ਤਿੰਨ ਵਰ੍ਹੇ ਹੋਏ ਸਨ ਕਿ ਹਾਫ਼ਿਜ਼ਾ-ਬਾਦ ਤੋਂ ਨਨਕਾਣੇ ਸਾਹਿਬ ਲਈ ਇਕ ਜੱਥਾ ਯਾਤਰੂਆਂ ਦਾ ਤੁਰਿਆ। ਉਸ ਜੱਥੇ ਵਿਚ ਮੇਰੀਆਂ ਦੂਜੀਆਂ ਕਈ ਰਿਸ਼ਤੇਦਾਰ ਇਸਤ੍ਰੀਆਂ ਤੋਂ ਇਲਾਵਾ ਮੇਰੀ ਮਾਤਾ ਅਤੇ ਮੇਰੇ ਮਾਸੀ ਜੀ ਵੀ ਸਨ। ਇਹ ਜੱਥਾ ਪੰਧ ਮਾਰਦਾ ਹੋਇਆ ਸ਼ੇਖ਼ੂਪੁਰੇ ਪੁਜਾ, ਕਿਉਂਕਿ ਬਲਦਾਂ ਨੂੰ ਪਾਣੀ ਡਾਹੁਣ ਦਾ ਸਵਾਲ ਸੀ। ਇਸ ਜੱਥੇ ਦਾ ਡੇਰਾ ਉਥੋਂ ਦੇ ਤਲਾਅ ਦੇ ਕੰਢੇ ਲੱਗਾ। ਗਡਿਆਂ ਨਾਲੋਂ ਬੌਲਦ ਖੋਹਲ ਦਿਤੇ ਗਏ ਤਾਕਿ ਉਹਨਾਂ ਨੂੰ ਪਠੇ ਪਾਏ ਜਾ ਸਕਣ ਅਤੇ ਲੋਕੀਂ ਆਰਾਮ ਕਰ ਲੈਣ। ਇਸਤ੍ਰੀਆਂ ਤੇ ਮਰਦ ਵਖ ਵਖ ਟੋਲੀਆਂ ਦੀ ਸ਼ਕਲ ਵਿਚ ਦਰਖ਼ਤਾਂ ਦੀ ਛਾਂ ਹੇਠ ਤਲਾਅ ਦੇ ਕੰਢੇ ਬਹਿ ਗਏ। ਤੀਵੀਂਆਂ ਜਿਥੇ ਬੈਠੀਆਂ ਸਨ ਉਥੇ ਕੋਲ ਹੀ ਸ਼ੇਖ਼ੂਪੁਰੇ ਦੀਆਂ ਤੀਵੀਂਆਂ ਤਲਾਅ ਤੇ ਨਹਾਉਣ ਅਤੇ ਕਪੜੇ



Digitized by Panjab Digital Library | www.panjabdigilib.org

ਧੋਣ ਲਈ ਆਈਆਂ ਹੋਈਆਂ ਸਨ । ਜਦ ਜ਼ਨਾਨੀਆਂ ਨੇ ਜ਼ਨਾਨੀਆਂ ਨੂੰ ਵੇਖਿਆ ਤਾਂ ਸ਼ੇਖੂਪੁਰੇ ਦੀਆਂ ਜ਼ਨਾਨੀਆਂ ਹਾਫ਼ਿਜ਼ਾਬਾਦ ਦੀਆਂ ਜ਼ਨਾਨੀਆਂ ਕੋਲ ਆ ਗਈਆਂ । ਮੁਭਾਵਕ ਅਤੇ ਵਰਤੋਂ 'ਚ ਜਿਥੇ ਵੀ ਇਕ ਥਾਂ ਦੋ ਜ਼ਨਾ-ਨੀਆਂ ਇਕੱਠੀਆਂ ਹੋ ਜਾਣ ਉਥੇ ਇਕ ਕਾਨਫ੍ਰੰਸ ਦਾ ਨਜ਼ਾਰਾ ਬਝ ਜਾਂਦਾ ਹੈ । ਏਨੀਆਂ ਜ਼ਨਾਨੀਆਂ ਚੁਪ ਕਿਥੇ ਰਹਿ ਸਕਦੀਆਂ ਸਨ । ਉਹਨਾਂ ਦੀਆਂ ਆਪਸ ਵਿਚ ਗੱਲਾਂ ਸ਼ੁਰੂ ਹੋਈਆਂ । ਤੂੰ ਕਿਥੋਂ ਦੀ ਰਹਿਣ ਵਾਲੀ ਹੈਂ ? ਤੇਰੇ ਪੇਕੇ ਕਿਥੇ ਹਨ । ਤੇਰੇ ਸਹੁਰੇ ਕਿਥੇ ਹਨ, ਤੇਰਾ ਘਰ ਵਾਲਾ ਕੀ ਕੰਮ ਕਰਦਾ ਹੈ ਅਤੇ ਤੇਰੇ ਧੀਆਂ ਪੁਤ ਕਿੰਨੇ ਹਨ ਇਤਿਆਦਿ । ਰਬ ਸਬੱਬੀ ਸਮਝ ਲਓ ਜਾਂ ਪਿਛਲੇ ਜਨਮ ਦੇ ਸਬੰਧਾਂ ਦੇ ਕਾਰਨ ਇਸ ਜੀਵਨ ਵਿਚ ਮਿਲਣਾ ਜੁਲਨਾ — ਮੈਂ ਇਸ ਗੱਲ ਦਾ ਵਿਸ਼ਵਾਸ਼ੀ ਹਾਂ ਕਿ ਜਿਨ੍ਹਾਂ ਲੋਕਾਂ ਨਾਲ ਇਸ ਜੀਵਨ ਵਿਚ ਸੰਬੰਧ ਹੋਏ । ਉਹਨਾਂ ਨਾਲ ਪਿਛਲੇ ਜਨਮ ਵਿਚ ਵੀ ਸਬੰਧ ਸਨ । ਭਾਵੇਂ ਕਿਸੇ ਸ਼ਕਲ ਵਿਚ ਵੀ ਸਨ ਅਤੇ ਅਗਲੇ ਜਨਮ ਵਿਚ ਵੀ ਹੋਣਗੇ । ਇਸ ਦਾ ਮੇਰੇ ਕੋਲ ਪੱਕਾ ਪ੍ਰਮਾਣ ਮੌਜੂਦ ਹੈ ਜਿਹੜਾ ਕਦੀ ਫੇਰ ਦਸਾਂਗਾ — ਮੇਰੀ ਮਾਤਾ ਅਤੇ ਮੇਰੀ ਮਾਸੀ ਦੇ ਕੋਲ ਇਕ ਕੁੜੀ ਆ ਬੈਠੀ ਜਿਸ ਨਾਲ ਇਹ ਗੱਲਾਂ ਅਰੰਭ ਹੋਈਆਂ :

ਮੇਰੀ ਮਾਤਾ – ਬੱਚੀ ਤੂੰ ਕਿਥੋਂ ਦੀ ਰਹਿਣ ਵਾਲੀ ਏਂ ?

ਕੁੜੀ — ਮੈਂ ਏਥੇ ਸ਼ੇਖੂਪੁਰੇ ਦੀ ਰਹਿਣ ਵਾਲੀ ਹਾਂ ।

ਮੇਰੀ ਮਾਤਾ — ਤੇਰੇ ਪੇਕੇ ਸ਼ੇਖੂਪੁਰੇ ਵਿਚ ਹਨ ਜਾਂ ਕਿ ਤੂੰ ਇਥੇ ਵਿਆਹੀ ਆਈ ਏਂ ?

ਕੁੜੀ — ਮੇਰੇ ਇਥੇ ਸਹੁਰੇ ਹਨ ਤੇ ਪੇਕੇ ਤਾਂ ਗੋਬਿੰਦਪੁਰੇ ਵਿਚ ਹਨ ।

ਮੇਰੀ ਮਾਤਾ — ਮੇਰੇ ਪੁਤਰ ਦਾ ਵਿਆਹ ਵੀ ਗੋਬਿੰਦਪੁਰੇ ਵਿਚ ਹੋਣ ਵਾਲਾ ਸੀ, ਪਰ ਸਾਕ ਟੁਟ ਗਿਆ ਸੀ ।

ਕੁੜੀ — ਗੋਬਿੰਦਪੁਰੇ ਵਿਚ ਕਿਹਦੇ ਘਰ ਰਿਸ਼ਤਾ ਹੋਇਆ ਸੀ ।

ਮੇਰੀ ਮਾਤਾ — ਉਥੇ ਇਕ ਸਰਦਾਰ ਹਰਨਾਮ ਸਿੰਘ ਹਨ । ਉਹਨਾਂ ਦੀ ਲੜਕੀ ਨਾਲ ਰਿਸ਼ਤਾ ਹੋਇਆ ਸੀ ।

ਕੁੜੀ — ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ ?

ਮੇਰੀ ਮਾਤਾ — ਅਸੀਂ ਹਾਫ਼ਿਜ਼ਾਬਾਦ ਦੇ ਰਹਿਣ ਵਾਲੇ ਹਾਂ ।

ਕੁੜੀ — ਤੁਸੀਂ ਕੌਣ ਹੁੰਦੇ ਹੋ ?

ਮੇਰੀ ਮਾਤਾ — ਅਸੀਂ ਖਤਰੀ ਘੰਨੇ ਹਾਂ ।

ਕੁੜੀ — ਤੁਹਾਡਾ ਪੁਤਰ ਕੀ ਕੰਮ ਕਰਦਾ ਹੈ ?



Digitized by Panjab Digital Library | www.panjabdigilib.org

ਮੇਰੀ ਮਾਤਾ — ਪਹਿਲਾਂ ਰਿਆਸਤ ਨਾਭੇ ਵਿਚ ਨੌਕਰ ਸੀ। ਹੁਣ ਦਿੱਲੀਓਂ "ਰਿਆਸਤ" ਅਖ਼ਬਾਰ ਕਢਦਾ ਹੈ।

ਕੁੜੀ ਇਹ ਜੁਆਬ ਸੁਣ ਕੇ ਕੁਝ ਹੈਰਾਨ ਤੇ ਚੁਪ ਜਿਹੀ ਹੋ ਗਈ ਅਤੇ ਉਸਦੀਆਂ ਅੱਖਾਂ ਭਰ ਆਈਆਂ। ਮੇਰੀ ਮਾਤਾ ਨੇ ਪੁਛਿਆ ਕਿ ਬਚੀ ਕੀ ਗਲ ਹੈ ਤੂੰ ਚੁਪ ਕਿਉਂ ਹੋ ਗਈ ਏਂ। ਕੁੜੀ ਫਿਰ ਵੀ ਚੁਪ ਰਹੀ ਅਤੇ ਉਸਨੇ ਕੋਈ ਉਤਰ ਨਾ ਦਿਤਾ। ਆਖ਼ਰ ਮੇਰੀ ਮਾਤਾ ਤੇ ਮਾਸੀ ਜੀ ਨੇ ਫੇਰ ਜ਼ੋਰ ਦੇ ਕੇ ਪੁਛਿਆ ਕਿ ਕੀ ਗਲ ਹੈ ਤੂੰ ਚੁਪ ਕਿਉਂ ਹੋ ਗਈ ਏਂ। ਤਾਂ ਕੁੜੀ ਨੇ ਦਸਿਆ ਕਿ ਉਹੋ ਹੀ ਸਰਦਾਰ ਹਰਨਾਮ ਸਿੰਘ ਦੀ ਲੜਕੀ ਹੈ ਅਤੇ ਉਸੇ ਦਾ ਸਾਕ ਹੀ ਹਾਫ਼ਿਜ਼ਾਬਾਦ ਵਿਚ ਹੋਇਆ ਸੀ।

ਉਸ ਕੁੜੀ ਦੀ ਇਸ ਗਲ ਨੂੰ ਸੁਣ ਕੇ ਮੇਰੀ ਮਾਂ ਨੇ ਕਿਹਾ "ਬਚੀ ਸੰਜੋਗ ਜ਼ੋਰਾਵਰ ਹੁੰਦੇ ਹਨ। ਜਿਥੇ ਸੰਜੋਗ ਹੋਣ ਉਥੇ ਹੀ ਵਿਆਹ ਹੁੰਦਾ ਹੈ। ਜੇਕਰ ਤੇਰਿਆਂ ਭਾਗਾਂ ਵਿਚ ਸਾਡੇ ਘਰ ਆਉਣਾ ਲਿਖਿਆ ਹੁੰਦਾ ਤਾਂ ਹੀ ਤੂੰ ਆਉਂਦੀ। ਅਜਿਹਾ ਨਹੀਂ ਸੀ ਲਿਖਿਆ ਹੋਇਆ। ਉਸ ਪਿਛੋਂ ਹੋਰ ਹੋਰ ਗਲਾਂ ਹੁੰਦੀਆਂ ਰਹੀਆਂ ਅਤੇ ਕੁਝ ਚਿਰ ਪਿਛੋਂ ਜਥਾ ਨਨਕਾਣੇ ਸਾਹਿਬ ਨੂੰ ਤੁਰ ਪਿਆ ਅਤੇ ਉਹ ਕੁੜੀ ਆਪਣੇ ਘਰ ਚਲੀ ਗਈ।

ਇਹਨਾਂ ਸਮਾਚਾਰਾਂ ਦੇ ਲਿਖਣ ਦਾ ਭਾਵ ਇਹ ਹੈ ਕਿ ਜੇਕਰ ਮਨੁਖ ਸਵਾਰਥ ਤੋਂ ਉਚਿਆਂ ਰਹਿ ਕੇ ਨਿਰਪਖਤਾ ਨਾਲ ਕਿਸੇ ਵੀ ਗਲ ਤੇ ਵਿਚਾਰ ਕਰੇ ਅਤੇ ਫਿਰ ਨਿਆਂ ਦਾ ਧਿਆਨ ਰਖਦਿਆਂ ਹੋਇਆਂ ਪੈਰ ਵਧਾਵੇ ਮਗਰੋਂ ਇਹ ਪੈਰ ਭਾਵੇਂ ਪਿਛੇ ਹੀ ਲੈ ਜਾਣਾ ਪਵੇ, ਪਰ ਮਨੁਖ ਦਾ ਮਨ ਹਾਨੀ ਉਠਾਉਣ ਦੀ ਹਾਲਤ ਵਿਚ ਵੀ ਸੁਖ ਅਤੇ ਸੰਤੁਸ਼ਟਤਾ ਅਨੁਭਵ ਕਰਦਾ ਹੈ। ਜੇਕਰ ਨਿਆਂ, ਸਚਾਈ ਅਤੇ ਨਿਰਪਖਤਾ ਦਾ ਵਿਚਾਰ ਨਾ ਕਰਦਿਆਂ ਹੋਇਆਂ ਲਾਭ ਵੀ ਉਠਾਇਆ ਜਾਏ — ਜਿਵੇਂ ਕਿ ਚੋਰੀ, ਵਢੀ ਜਾਂ ਡਾਕੇ ਵਿਚ ਲੋਕੀਂ ਉਠਾਉਂਦੇ ਹਨ — ਤਾਂ ਰੁਪਿਆ ਅਤੇ ਦੌਲਤ ਜਾਂ ਦੂਜੇ ਐਸ਼ਵਰਜ ਦੇ ਸਾਧਨ ਹੁੰਦਿਆਂ ਹੋਇਆਂ ਵੀ ਮਨ ਪਸ਼ਚਾਤਾਪ ਜਿਹਾ ਅਨੁਭਵ ਕਰਦਾ ਹੈ ਅਤੇ ਸੰਤੋਖ, ਸ਼ਾਂਤੀ ਤੇ ਸੰਤੁਸ਼ਟਤਾ ਨਸੀਬ ਨਹੀਂ ਹੁੰਦੀ।



Digitized by Panjab Digital Library | www.panjabdigilib.org

# ਕਾਨੂੰਨ ਅਤੇ ਕਰਤਬ ਪਾਲਣਾ

ਮੈਂ ਆਪਣੇ ਜੀਵਨ ਵਿਚ ਪੰਦਰਾਂ ਵਾਰ ਗਰਿਫ਼ਤਾਰ ਕੀਤਾ ਗਿਆ ਅਤੇ ਏਨੀ ਵਾਰ ਹੀ ਮੇਰੇ ਵਿਰੁਧ ਮੁਕੱਦਮੇ ਚਲਾਏ ਗਏ । ਇਹਨਾਂ ਮੁਕੱਦਮਿਆਂ ਦੇ ਸਿਲਸਲੇ ਵਿਚ ਮੈਨੂੰ ਅਠਾਂ ਜੇਲ੍ਹਾਂ ਵਿਚ ਰਹਿਣ ਅਤੇ ਉਥੋਂ ਦੇ ਸਮਾਚਾਰਾਂ ਨੂੰ ਗਹੁ ਨਾਲ ਅਧਿਅਨ ਕਰਨ ਦਾ ਸਮਾਂ ਮਿਲਿਆ । ਇਹ ਅਠ ਜੇਲਾਂ ਇਹ ਸਨ : ੧. ਹੋਸ਼ੰਗਾਬਾਦ, ੨. ਨਾਗਪੁਰ, ੩. ਦਿੱਲੀ, ੪. ਗੁੜਗਾਵਾਂ, ੫. ਮੁਲਤਾਨ ਓਲਡ ਸੰਟ੍ਰਲ, ੬. ਅੰਬਾਲਾ, ੭. ਫ਼ੀਰੋਜ਼ਪੁਰ, ਅਤੇ ੮. ਲਾਹੌਰ ਸੰਟਰਲ ਜੇਲ । ਜੇਲ ਦੇ ਜੀਵਨ ਬਾਰੇ ਮੈਂ ਇਸ ਸਿੱਟੇ ਤੇ ਪੁਜਾ ਹਾਂ ਕਿ ਜੇਕਰ ਕੋਈ ਮਨੁਖ, ਮਨੁਖੀ ਸੁਭਾਅ ਅਤੇ ਮਨੁਖ ਦੇ ਮਨ ਦੀਆਂ ਹਾਲਤਾਂ ਦਾ ਅਧਿਅਨ ਕਰਨਾ ਚਾਹੇ ਤਾਂ ਜੇਲ ਤੋਂ ਵਧੇਰੇ ਚੰਗੀ ਦੂਜੀ ਕੋਈ ਥਾਂ ਨਹੀਂ । ਸਗੋਂ ਮੇਰਾ ਤਾਂ ਵਿਚਾਰ ਹੈ ਕਿ ਮਨੁਖ ਜੇਕਰ ਆਪਣੇ ਆਪ ਨੂੰ ਉਚਿਆਂ ਕਰਨਾ ਚਾਹੇ ਤਾਂ ਜੇਲ ਉਸ ਲਈ ਸਰਬ ਸਰੇਸ਼ਟ ਮਾਰਗ ਹੈ ਅਤੇ ਜੇ ਨਿਵਾਨਾਂ ਵਲ ਜਾਣਾ ਚਾਹੇ ਤਾਂ ਵੀ ਮਨੁਖ ਦੀ ਗਿਰਾ-ਵਟ ਲਈ ਜੇਲ ਤੋਂ ਵਧੇਰੇ ਭੈੜੀ ਕੋਈ ਥਾਂ ਨਹੀਂ ਕਿਉਂਕਿ ਜੇਲ ਵਿਚ ਆਪਣੀ ਅਤੇ ਦੂਜਿਆਂ ਦੀ ਅਵਸਥਾ ਤੇ ਵਿਚਾਰ ਕਰਨ ਦਾ ਢੇਰ ਸਮਾਂ ਅਤੇ ਹੋਰ ਬਹੁਤ ਅਵਸਰ ਮਿਲਦੇ ਹਨ । ਇਹਨਾਂ ਜੇਲਾਂ ਬਾਰੇ ਦਰਜਨਾਂ ਹੀ ਮਜ਼ੇਦਾਰ ਘਟਨਾਵਾਂ ਮੈਨੂੰ ਯਾਦ ਹਨ, ਜਿਨ੍ਹਾਂ ਤੋਂ ਮਨੁਖ ਸਿਖਿਆ ਪ੍ਰਾਪਤ ਕਰ ਸਕਦਾ ਹੈ । ਮੈਂ ਅਜ ਇਕ ਘਟਨਾ ਦਾ ਵਰਣਨ ਕਰਦਾ ਹਾਂ । ਸਨਿਚਰ ਦਾ ਦਿਨ ਅਤੇ ਦਸੰਬਰ ਦਾ ਮਹੀਨਾ ਸੀ । ਐਡੀਸ਼ਨਲ ਡਿਸਟ੍ਰਿਕਟ ਮੈਜਿਸ਼ਟ੍ਰੇਟ ਦਿੱਲੀ ਨੇ ਮੇਰੀ ਜ਼ਮਾਨਤ ਨਾਮਨਜ਼ੂਰ ਕੀਤੀ ਅਤੇ ਹੁਕਮ ਦਿਤਾ ਕਿ ਮੈਂ ਦਿੱਲੀ ਜੇਲ ਭੇਜਿਆ ਜਾਵਾਂ ਅਤੇ ਉਥੇ ਮੇਰੇ ਨਾਲ ਸਪੈਸ਼ਲ ਕਲਾਸ ਦੇ ਕੈਦੀਆਂ ਦਾ ਵਰਤਾਉ ਕੀਤਾ ਜਾਏ । ਸਬ-ਇਨਸਪੈਕਟਰ ਮੈਨੂੰ ਲੈ ਕੇ ਜੇਲ ਗਿਆ ਅਤੇ ਉਥੇ ਦਰਵਾਜ਼ੇ ਤੇ ਦਰਬਾਨ ਦੇ ਹਵਾਲੇ ਕਰਕੇ ਵਾਪਸ ਚਲਾ ਗਿਆ । ਦਰਬਾਨ ਨੇ ਨਾਂ, ਪਿਤਾ ਦਾ ਨਾਂ, ਆਦਿ ਪੁਛਿਆ ਅਤੇ ਇਹ ਲਿਖਣ ਪਿਛੋਂ ਉਸ ਨੇ ਇਕ ਨੰਬਰਦਾਰ — ਜੇਲ ਵਿਚ ਲੰਮਾਂ ਸਮਾਂ ਰਹਿਣ ਪਿਛੋਂ ਕੈਦੀ ਨੂੰ ਨੰਬਰਦਾਰ ਬਣਾ ਦਿਤਾ ਜਾਂਦਾ ਹੈ । ਇਹ ਨੰਬਰਦਾਰ ਆਪ ਕੋਈ ਕੰਮ ਨਹੀਂ ਕਰਦੇ । ਦੂਜੇ ਕੈਦੀਆਂ ਤੋਂ ਕੰਮ ਲੈਂਦੇ ਹਨ— ਨੂੰ ਕਿਹਾ ਕਿ ਇਸ ਨਵੇਂ ਕੈਦੀ ਨੂੰ ਜੇਲ ਅੰਦਰ ਲੈ ਜਾ । ਮੈਂ ਜੇਲ ਅੰਦਰ ਗਿਆ ਤਾਂ ਉਥੇ ਖੁਲ੍ਹੇ ਮੈਦਾਨ ਵਿਚ ਡਿਪਟੀ ਸੁਪ੍ਰੰਟੰਡੰਟ ਜੇਲ ਮੇਜ਼ ਕੁਰਸੀ ਲਾਈ ਬੈਠੇ ਸਨ । ਸਾਹਮਣੇ ਬਹੁਤ ਸਾਰੇ ਕੈਦੀ ਆਪਣੇ ਹੱਥਾਂ ਵਿਚ ਆਪਣਾ ਆਪਣਾ ਟਿਕਟ—ਭਾਵ ਕੱਚਾ ਚਿੱਠਾ ਜਿਸ ਤੇ ਕੈਦੀ ਦਾ ਨਾਂ, ਪਤਾ, ਕੈਦ ਦੀ ਮਿਆਦ,



Digitized by Panjab Digital Library | www.panjabdigilib.org

ਕੰਮ, ਆਚਰਣ ਅਤੇ ਮੁਸ਼ੱਕਤ ਆਦਿ ਲਿਖੀ ਜਾਂਦੀ ਹੈ — ਲਈ ਖਲੋਤੇ ਸਨ। ਇਕ ਨੰਬਰਦਾਰ ਡਿਪਟੀ ਸਾਹਿਬ ਦੇ ਕੋਲ ਤੌਲੀਏ ਵਰਗੇ ਕੱਪੜੇ ਨਾਲ ਇਸ ਪਰਕਾਰ ਮੱਖੀਆਂ ਹਟਾ ਰਿਹਾ ਸੀ ਜਿਵੇਂ ਹਨੂੰਮਾਨ ਸ੍ਰੀ ਰਾਮਚੰਦਰ ਜੀ ਦੇ ਪਿਛੇ ਖਲੋ ਕੇ ਚੌਰ ਕਰਦਾ ਹੈ। ਸਿਆਲੇ ਦੀ ਰੁੱਤ ਸੀ। ਦਸੰਬਰ ਦਾ ਮਹੀਨਾ। ਲੌਢੇ ਪਹਿਰ ਦਾ ਵੇਲਾ ਅਤੇ ਮੱਖੀ ਦਾ ਕਿਤੇ ਨਾਂ ਨਿਸ਼ਾਨ ਤਕ ਨਹੀਂ ਸੀ, ਪਰ ਕਿਉਂਕਿ ਜੇਲ ਵਿਚ ਅਫ਼ਸਰਾਂ ਨੂੰ ਬਿਨਾਂ ਤਨਖ਼ਾਹ ਨੌਕਰ ਮਿਲਦੇ ਹਨ, ਇਸ ਲਈ ਗਰਮੀ ਹੋਵੇ ਜਾਂ ਸਰਦੀ ਹਰ ਅਫ਼ਸਰ ਦੇ ਨਾਲ ਮੱਖੀਆਂ ਅਤੇ ਮੱਛਰ ਉਡਾਉਣ ਵਾਲਾ ਇਕ ਨੰਬਰਦਾਰ ਜ਼ਰੂਰ ਹੁੰਦਾ ਹੈ ਜਿਹੜਾ ਮੱਖੀਆਂ ਨਾ ਹੋਣ ਦੀ ਹਾਲਤ ਵਿਚ ਵੀ ਖ਼ੁਸ਼ਾਮਦ ਵਜੋਂ ਕੱਪੜਾ ਹਲਾਉਂਦਾ ਰਹਿੰਦਾ ਹੈ।

ਮੈਨੂੰ ਕੁਝ ਪਤਾ ਨਹੀਂ ਸੀ ਕਿ ਹੁਣ ਕਿਥੇ ਜਾਣਾ ਹੈ ਅਤੇ ਕੀ ਕਰਨਾ ਹੈ। ਮੈਂ ਡਿਪਟੀ ਸਾਹਿਬ ਦੇ ਕੋਲ ਗਿਆ ਅਤੇ ਕਿਹਾ :

"ਮੈਂ ਹੁਣੇ ਬਾਹਰੋਂ ਆਇਆ ਹਾਂ ਅਤੇ ਜੇਲ ਵਿਚ ਦਾਖ਼ਲ ਕੀਤਾ ਗਿਆ ਹਾਂ ਮੇਰੇ ਲਈ ਕੀ ਆਗਿਆ ਹੈ।"

ਇਸ ਵੇਲੇ ਮੈਂ ਕਾਲੀ ਸਰਜ ਦਾ ਗਰਮ ਕੋਟ ਅਤੇ ਵਾਸਕਟ ਪਾਈ ਹੋਈ ਸੀ। ਕੋਟ ਦੇ ਬਟਨ ਖੁਲ੍ਹੇ ਸਨ। ਮੇਰੇ ਹੱਥਾਂ ਦੇ ਅੰਗੂਠੇ ਵਾਸਕਟ ਦੇ ਮੋਢਿਆਂ ਵਾਲੀ ਥਾਂ — ਭਾਵ ਕੱਛਾਂ ਕੋਲ — ਤੋਂ ਵਾਸਕਟ ਦੇ ਅੰਦਰ ਸਨ ਅਤੇ ਹੱਥ ਬਾਹਰ — ਜਦ ਮਨੁਖ ਸੋਚ ਰਿਹਾ ਹੋਵੇ, ਉਹ ਸੋਚਣ ਦੀ ਹਾਲਤ ਵਿਚ ਆਮ ਤੌਰ ਤੇ ਹੱਥਾਂ ਰਾਹੀਂ ਇਸ ਤਰ੍ਹਾਂ ਵਾਸਕਟ ਦਾ ਸਹਾਰਾ ਲੈਂਦਾ ਹੈ — ਦੂਜੇ ਲੋਕ ਹਥ ਜੋੜੀ ਖਲੋਤੇ ਸਨ। ਮੇਰਾ ਇਹ ਖੁਲਾਸਾ-ਪਨ ਡਿਪਟੀ ਸਾਹਿਬ ਨੂੰ ਪਸੰਦ ਨਾ ਆਇਆ। ਉਹਨਾਂ ਨੇ ਫ਼ਰਮਾਇਆ :

"ਬੰਦਿਆਂ ਵਾਂਗ ਖੜਾ ਹੋ।"

ਮੈਂ ਆਪਣੇ ਹੱਥਾਂ ਦੇ ਅੰਗੂਠੇ ਵਾਸਕਟ 'ਚੋਂ ਬਾਹਰ ਕੱਢ ਲਏ। ਡਿਪਟੀ ਸਾਹਿਬ ਨੇ ਪੁਛਿਆ ਕਿ ਕੌਣ ਹੈਂ ਤੇ ਕਦੋਂ ਆਇਆ ਹੈਂ। ਮੈਂ ਉਤਰ ਦਿਤਾ ਕਿ ਇਕ ਮੁਲਜ਼ਮ ਹਾਂ, ਹੁਣੇ ਆਇਆ ਹਾਂ ਅਤੇ ਮੈਜਿਸਟ੍ਰੇਟ ਨੇ ਸਪੈਸ਼ਲ ਕਲਾਸ ਵਿਚ ਰਖਣ ਦਾ ਹੁਕਮ ਦਿਤਾ ਹੈ। ਉਹਨਾਂ ਨੇ ਕੋਲ ਖਲੋਤੇ ਨੰਬਰਦਾਰਾਂ ਵਿਚੋਂ ਇਕ ਨੰਬਰਦਾਰ ਨੂੰ ਹੁਕਮ ਦਿਤਾ ਕਿ ਇਸ ਕੈਦੀ ਦਾ ਵਾਰੰਟ ਲਿਆ। ਨੰਬਰਦਾਰ ਦਰਬਾਨ ਕੋਲ ਜਾ ਕੇ ਉਹ ਵਾਰੰਟ ਲਿਆਇਆ, ਜਿਹੜਾ ਪੁਲੀਸ ਨੇ ਮੇਰੇ ਨਾਲ ਭੇਜਿਆ ਸੀ। ਡਿਪਟੀ ਸਾਹਿਬ ਨੇ ਵੇਖਿਆ ਤਾਂ ਉਸ ਤੇ ਸਪੈਸ਼ਲ ਕਲਾਸ ਨਹੀਂ ਸੀ ਲਿਖੀ ਹੋਈ। ਵਾਰੰਟ ਵੇਖਣ ਪਿਛੋਂ ਉਹਨਾਂ ਨੇ ਘ੍ਰਿਣਾ ਅਤੇ ਵਿਅੰਗ ਮਈ ਮੁਸਕ੍ਰਾਹਟ ਨਾਲ ਮੈਨੂੰ ਵੇਖਿਆ ਜਿਸਦਾ ਭਾਵ ਇਹ ਸੀ ਕਿ



Digitized by Panjab Digital Library | www.panjabdigilib.org

ਮੈਂ ਝੂਠ ਬੋਲ ਰਿਹਾ ਹਾਂ ਅਤੇ ਜੇਲ ਦਿਆਂ ਹਾਕਮਾਂ ਨੂੰ ਧੋਖਾ ਦੇਣ ਦਾ ਜਤਨ ਕਰ ਰਿਹਾ ਹਾਂ, ਪਰ ਜੇਲ੍ਹ ਦੇ ਹਾਕਮ ਕਾਫ਼ੀ ਹੁਸ਼ਿਆਰ ਹਨ ਜਿਹੜੇ ਧੋਖੇ ਵਿਚ ਨਹੀਂ ਆ ਸਕਦੇ । ਇਸ ਮੁਸਕ੍ਰਾਹਟ ਅਤੇ ਘ੍ਰਿਣਾ ਨਾਲ ਵੇਖਣ ਪਿਛੋਂ ਉਹਨਾਂ ਨੇ ਨੰਬਰਦਾਰ ਨੂੰ ਹੁਕਮ ਦਿਤਾ ਕਿ ਇਸ ਕੈਦੀ ਨੂੰ ਚਾਲ੍ਹੀ ਚਕੀਆਂ ਵਿਚ ਲੈ ਜਾਓ । ਚਾਲ੍ਹੀ ਚਕੀਆਂ ਉਹ ਥਾਂ ਹੈ ਜਿਥੇ ਕਿ ਚਾਲ੍ਹੀ ਕੋਠੜੀਆਂ ਕੈਦੀਆਂ ਨੂੰ ਇਕੱਲ ਵਿਚ ਰੱਖਣ ਲਈ ਹਨ ਅਤੇ ਹਰ ਕੋਠੜੀ ਵਿਚ ਦਾਣੇ ਪੀਹਣ ਲਈ ਚਕੀ ਲਗੀ ਹੋਈ ਹੈ । ਨੰਬਰਦਾਰ ਮੈਨੂੰ ਉਹਨਾਂ ਕੋਠੜੀਆਂ ਵਲ ਲੈ ਗਿਆ ਅਤੇ ਜਾਂਦਿਆਂ ਹੋਇਆਂ ਕੱਪੜਾ ਗੁਦਾਮ ਦੇ ਇੰਚਾਰਜ ਨੰਬਰਦਾਰ ਨੂੰ ਸੁਨੇਹਾ ਭੇਜਿਆ ਕਿ ਇਕ ਨਵੇਂ ਕੈਦੀ ਲਈ ਕੰਬਲ ਅਤੇ ਤਪੜੀ ਭੇਜ ਦਿਓ । ਮੈਂ ਜਦ ਕੋਠੜੀਆਂ ਕੋਲ ਪੁਜਾ ਤਾਂ ਇਕ ਕੋਠੜੀ ਵਲ ਇਸ਼ਾਰਾ ਕਰ ਕੇ ਮੈਨੂੰ ਦਸਿਆ ਗਿਆ ਕਿ ਇਸ ਕੋਠੜੀ ਵਿਚ ਰਹੋਗੇ । ਮੈਨੂੰ ਉਥੇ ਪੁਜਿਆਂ ਦੋ ਤਿੰਨ ਮਿੰਟ ਹੀ ਹੋਏ ਸਨ ਕਿ ਕੱਪੜੇ ਗੁਦਾਮ ਦਾ ਨੰਬਰਦਾਰ ਮੇਰੇ ਲਈ ਤਿੰਨ ਪਾਟੇ ਹੋਏ, ਪੁਰਾਣੇ, ਗੰਦੇ, ਅਤੇ ਮੈਲੇ ਕੁਚੈਲੇ ਕੰਬਲ ਅਤੇ ਇਕ ਮੁੰਜ ਦੀ ਤਪੜੀ — ਇਹ ਤਪੜੀ ਹੇਠਾਂ ਵਿਛਾਉਣ ਦਾ ਇਕ ਪਰਕਾਰ ਦਾ ਫ਼ਰਸ਼ ਹੁੰਦਾ ਹੈ ਜੋ ਛੇ ਫੁਟ ਲੰਮਾ ਅਤੇ ਤਿੰਨ ਫੁਟ ਚੌੜਾ ਤਿਆਰ ਕੀਤਾ ਜਾਂਦਾ ਹੈ ਅਤੇ ਇਹ ਹਰ ਕੈਦੀ ਨੂੰ ਹੇਠਾਂ ਵਿਛਾਉਣ ਲਈ ਦਿਤਾ ਜਾਂਦਾ ਹੈ — ਲੈ ਕੇ ਆਇਆ । ਇਹ ਸਿੱਖ ਸੀ । ਉਸਨੇ ਮੈਨੂੰ ਵੇਖਿਆ ਤੇ ਸੋਚਦਾ ਰਿਹਾ ਕਿ ਮੈਂ ਕੌਣ ਹਾਂ । ਮੈਨੂੰ ਗਹੁ ਨਾਲ ਵੇਂਹਦਾ ਰਿਹਾ । ਫਿਰ ਉਸਨੇ ਪੁਛਿਆ ਕਿ ਕਿਥੇ ਦੇ ਰਹਿਣ ਵਾਲੇ ਓ । ਮੈਂ ਉਤਰ ਦਿਤਾ ਕਿ ਦਿੱਲੀ ਵਿਚ ਹੀ ਰਹਿੰਦਾ ਹਾਂ । ਇਸ ਪਿਛੋਂ ਉਹ ਫਿਰ ਸੋਚਦਾ ਰਿਹਾ ਤੇ ਸੋਚਣ ਪਿਛੋਂ ਉਹਨੇ ਪੁਛਿਆ "ਕੀ ਤੁਸੀਂ ਸਰਦਾਰ ਦੀਵਾਨ ਸਿੰਘ ਅਖ਼ਬਾਰ "ਰਿਆਸਤ" ਵਾਲੇ ਤਾਂ ਨਹੀਂ ।" ਮੈਂ ਕਿਹਾ ਕਿ ਹਾਂ ਮੇਰਾ ਨਾਂ ਦੀਵਾਨ ਸਿੰਘ ਹੈ । ਉਹ ਵਿਚਾਰੇ ਹੈਰਾਨ ਹੋਏ ਕਿ ਮੈਂ ਕਿਉਂ ਜੇਲ ਆਇਆ । ਫਿਰ ਉਹਨਾਂ ਨੇ ਦਸਿਆ ਕਿ ਉਹ ਲਾਇਲਪੁਰ ਦੇ ਇਕ ਜ਼ਿਮੀਂਦਾਰ ਸਰਦਾਰ ਨਰਾਇਣ ਸਿੰਘ ਹਨ । ਕਈ ਵਰ੍ਹਿਆਂ ਤੋਂ ਰਿਆਸਤਾਂ ਵਿਚ ਜਾਗ੍ਰਿਤੀ ਲਿਆਉਣ ਦਾ ਕੰਮ ਕਰਦੇ ਰਹੇ । ਪੰਜਾਬ ਰਿਆਸਤੀ ਪਰਜਾ ਮੰਡਲ ਨੂੰ ਕੰਮ ਕਰਨ ਲਈ ਰੁਪਏ ਦੀ ਲੋੜ ਸੀ । ਉਹਨਾਂ ਨੇ ਇਕ ਡਾਕਾ ਤਾਂ ਰਿਆਸਤ ਜੀਂਦ ਵਿਚ ਅਤੇ ਦੂਜਾ ਅੰਗਰੇਜ਼ੀ ਪ੍ਰਾਂਤ ਵਿਚ ਮਾਰਿਆ ਤਾਕਿ ਰੁਪਿਆ ਪ੍ਰਾਪਤ ਕਰ ਕੇ ਪਰਜਾ ਮੰਡਲ ਦੇ ਕੰਮ ਤੇ ਖ਼ਰਚ ਕਰਨ । ਡਾਕਾ ਮਾਰਨ ਦੇ ਕੁਝ ਸਮੇਂ ਮਗਰੋਂ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ । ਸਤ ਸਾਲ ਲਈ ਕੈਦ ਕਰ ਦਿਤੇ ਗਏ । ਉਹਨਾਂ ਨੇ ਇਹ ਵੀ ਦਸਿਆ ਕਿ ਕੈਦ ਹੋਣ ਤੋਂ ਇਕ ਸਾਲ ਪਹਿਲਾਂ



Digitized by Panjab Digital Library | www.panjabdigilib.org

ਪੰਜਾਬ ਰਿਆਸਤੀ ਪਰਜਾ ਮੰਡਲ ਦੇ ਸਕੱਤ੍ਰ ਸ੍ਰ: ਭਗਵਾਨ ਸਿੰਘ ਲੌਂਗੋਵਾਲੀਆ ਨਾਲ ਮੈਨੂੰ ਮਿਲਣ ਲਈ ਦਫ਼ਤਰ "ਰਿਆਸਤ" ਵਿਚ ਵੀ ਆਏ ਸਨ।

ਮੈਂ ਉਹਨਾਂ ਨੂੰ ਪਛਾਣ ਨਾ ਸਕਿਆ ਅਤੇ ਚੇਤੇ ਤੇ ਜ਼ੋਰ ਦੇਣ ਤੇ ਵੀ ਮੈਨੂੰ ਯਾਦ ਨਾ ਆਇਆ ਕਿ ਇਹ ਕਦ ਮਿਲੇ ਸਨ। ਉਹਨਾਂ ਨੇ ਜਿਹੜੇ ਸਮਾਂਚਾਰ ਅਤੇ ਸਰਦਾਰ ਭਗਵਾਨ ਸਿੰਘ ਦੇ ਨਾਲ ਆਉਣ ਦੇ ਹਾਲ ਦਸੇ ਉਹਨਾਂ ਤੋਂ ਯਕੀਨ ਆ ਗਿਆ ਕਿ ਸਰਦਾਰ ਨਰਾਇਣ ਸਿੰਘ ਨੇਕ ਦਿਲ ਅਤੇ ਕੌਮੀ ਵਰਕਰ ਹਨ। ਉਹ ਉਹਨਾਂ ਮੈਲੇ ਅਤੇ ਗੰਦੇ ਕੰਬਲਾਂ ਨੂੰ ਲੈ ਕੇ ਫਿਰ ਵਾਪਸ ਕੱਪੜਾ ਗੁਦਾਮ ਵਿਚ ਗਏ। ਉਥੋਂ ਉਹਨਾਂ ਨੇ ਤਿੰਨ ਚੰਗੇ ਕੰਬਲ ਅਤੇ ਇਕ ਨਵੀਂ ਤਪੜੀ ਚੁਣੀਂ ਅਤੇ ਫਿਰ ਵਾਪਸ ਮੇਰੇ ਕੋਲ ਪੁਜੇ ਅਤੇ ਇਹ ਸਾਮਾਨ ਉਹਨਾਂ ਨੇ ਮੇਰੀ ਕੋਠੜੀ ਵਿਚ ਰੱਖ ਦਿਤਾ। ਸਾਮਾਨ ਰੱਖਣ ਪਿਛੋਂ ਉਹਨਾਂ ਰੋਟੀ ਟੁਕ ਲਈ ਪੁਛਿਆ। ਮੈਂ ਨਾਂਹ ਕਰ ਦਿਤੀ ਇਸ ਪਿਛੋਂ ਉਹ ਵਾਪਸ ਚਲੇ ਗਏ। ਜੇਲ ਅੰਦਰ ਉਹ ਇਸ ਤੋਂ ਵਧੇਰੇ ਮੇਰੇ ਨਾਲ ਚੰਗਾ ਵਰਤਾਓ ਜਾਂ ਹਮਦਰਦੀ ਦਾ ਪਰਮਾਣ ਦੇ ਵੀ ਕੀ ਸਕਦੇ ਸਨ।

ਕੁਝ ਮਿੰਟਾਂ ਪਿਛੋਂ ਕੋਠੜੀਆਂ ਦੇ ਨੰਬਰਦਾਰ ਨੇ ਮੈਨੂੰ ਕੋਠੜੀ ਅੰਦਰ ਜਾਣ ਲਈ ਕਿਹਾ ਅਤੇ ਬਾਹਰੋਂ ਜੰਦਰਾ ਮਾਰ ਦਿਤਾ। ਮੈਂ ਕੋਠੜੀ ਅੰਦਰ ਜਾ ਕੇ ਬਹਿ ਗਿਆ। ਕੰਬਲਾਂ ਨੂੰ ਵੇਖਿਆ ਤਾਂ ਉਹ ਬਿਲਕੁਲ ਅਜਿਹੇ ਸਨ ਜਿਹੋ ਜਿਹੇ ਕਿ ਪਿੰਡਾਂ ਵਿਚ ਸਿਆਲੇ ਦੇ ਦਿਨੀਂ ਰਾਤ ਨੂੰ ਗਊਆਂ ਮੱਝਾਂ ਆਦਿ ਡੰਗਰਾਂ ਤੇ ਪਾਉਣ ਵਾਲੇ ਝੁਲ। ਮੈਨੂੰ ਬਹੁਤ ਕਰਿਆਣ ਅਨੁਭਵ ਹੋਈ। ਕੰਬਲਾਂ ਨੂੰ ਮੈਂ ਖੱਡੀ — ਜੇਲ ਵਿਚ ਖੱਡੀ ਉਸ ਉਚੀ ਥਾਂ ਨੂੰ ਆਖਦੇ ਹਨ ਜਿਹੜੀ ਕੈਦੀ ਦੇ ਸੌਣ ਲਈ ਕੋਠੜੀ ਵਿਚ ਬਣਾਈ ਜਾਂਦੀ ਹੈ — ਤੇ ਇਕ ਪਾਸੇ ਰਖ ਦਿਤੇ ਅਤੇ ਫ਼ੈਸਲਾ ਕੀਤਾ ਕਿ ਇਹਨਾਂ ਗੰਦੇ ਅਤੇ ਮੈਲੇ ਕੰਬਲਾਂ ਨੂੰ ਨਹੀਂ ਵਰਤਾਂਗਾ ਅਤੇ ਗਰਮ ਕੋਟ ਤੇ ਵਾਸਕਟ ਪਾਈ ਹੀ ਸੌਂ ਜਾਵਾਂਗਾ। ਮੈਂ ਖੱਡੀ ਤੇ ਬਹਿ ਗਿਆ। ਸੋਚਦਾ ਰਿਹਾ ਕਿ ਮੁਕੱਦਮੇ ਬਾਰੇ ਮੈਨੂੰ ਅਗੋਂ ਕੀ ਕਰਨਾ ਚਾਹੀਦੈ। ਜੇਕਰ ਕਈ ਵਰ੍ਹਿਆਂ ਲਈ ਕੈਦ ਹੋ ਗਿਆ ਤਾਂ ਅਖ਼ਬਾਰ ਦਾ ਅੰਤ ਕੀ ਹੋਵੇਗਾ। ਦੋ ਤਿੰਨ ਘੰਟਿਆਂ ਤਕ ਸੋਚਦਾ ਰਿਹਾ। ਤਪੜੀ ਵਿਛੀ ਹੋਈ ਸੀ ਫਿਰ ਉਸ ਤੇ ਲੇਟ ਗਿਆ। ਜਦ ਰਾਤ ਨੂੰ ਦਸ ਵਜੇ ਤਾਂ ਪਾਲਾ ਲੱਗਾ। ਮੈਂ ਸੋਚਿਆ ਕੰਬਲਾਂ ਨੂੰ ਪੈਰਾਂ ਤੇ ਹੀ ਕਿਉਂ ਨਾ ਸੁਟ ਲਵਾਂ। ਮੈਂ ਬੂਟ ਨਹੀਂ ਸਨ ਲਾਹੇ। ਪਏ ਪਵਾਏ ਹੀ ਲੇਟ ਗਿਆ ਸਾਂ। ਕੰਬਲਾਂ ਦੇ ਇਕ ਭਾਗ ਨੂੰ ਮੈਂ ਪੈਰਾਂ ਤੇ ਸੁਟ ਲਿਆ ਤਾਕਿ ਪੈਰ ਤਾਂ ਗਰਮ ਰਹਿਣ। ਲੰਮੇ ਪੈਣ ਪਿਛੋਂ ਝਟ ਕੁ ਮਗਰੋਂ ਕੁਝ ਨੀਂਦ ਜਿਹੀ ਆ ਗਈ ਘੰਟਾ ਦੋ ਘੰਟੇ ਪਿਛੋਂ ਵਧੇਰੇ ਠੰਡ ਹੋ ਗਈ। ਮਜਬੂਰ ਸਾਂ।



Digitized by Panjab Digital Library | www.panjabdigilib.org

ਮੈਂ ਕੰਬਲਾਂ ਨੂੰ ਖਿਸਕਾ ਕੇ ਗੋਡਿਆਂ ਤਕ ਕਰ ਲਿਆ। ਇਸ ਪਿਛੋਂ ਹੋਰ ਪਾਲਾ ਵਧਿਆ ਤਾਂ ਜ਼ਰਾ ਹੋਰ ਉਚੇ ਖਿਸਕ ਆਏ। ਇਸ ਪਰਕਾਰ ਸਵੇਰੇ ਜਦ ਪੰਜ ਵਜੇ ਮੇਰੀ ਅੱਖ ਖੁਲ੍ਹੀ ਤਾਂ ਕੰਬਲ ਹੌਲੀ ਹੌਲੀ ਮੇਰੇ ਮੋਢਿਆਂ ਤਕ ਪੁਜ ਚੁਕੇ ਸਨ ਅਤੇ ਜਿਨ੍ਹਾਂ ਕੰਬਲਾਂ ਨੂੰ ਵੇਖ ਕੇ ਤ੍ਰਿਕਾਲੀਂ ਮੈਨੂੰ ਕਚਿਆਣ ਪ੍ਰਤੀਤ ਹੁੰਦੀ ਸੀ ਸਵੇਰੇ ਪੰਜ ਵਜੇ ਉਹੀ ਕੰਬਲ ਮੇਰੇ ਉਤੇ ਸਨ। ਮਨੁਖ ਦੇ ਇਰਾਦੇ ਦਾ ਬਲ ਨਤਾਣਾ ਹੋਏ ਤਾਂ ਲੋੜਾਂ ਦੇ ਕਾਰਨ ਮਨੁਖ ਗੋਡੇ ਟੇਕ ਦਿੰਦਾ ਹੈ। ਅੱਖ ਖੁਲ੍ਹਣ ਤੇ ਸੋਚਦਾ ਰਿਹਾ ਕਿ ਜੇਕਰ ਕੰਬਲਾਂ ਦੀ ਇਹੋ ਹਾਲਤ ਮਹਾਤਮਾ ਗਾਂਧੀ ਨਾਲ ਵਾਪਰਦੀ ਅਤੇ ਮਹਾਤਮਾ ਗਾਂਧੀ ਇਹਨਾਂ ਕੰਬਲਾਂ ਨੂੰ ਵਰਤੋਂ ਵਿਚ ਨਾ ਲਿਆਉਣਾ ਚਾਹੁੰਦੇ ਤਾਂ ਉਹ ਆਪਣੇ ਤਕੜੇ ਮਨ ਦੇ ਬਲ ਕਾਰਨ ਜਾਨ ਦੇ ਦਿੰਦੇ, ਪਰ ਕੰਬਲ ਨਾ ਵਰਤਦੇ, ਪਰ ਏਥੇ ਤਾਂ ਦੀਵਾਨ ਸਿੰਘ ਹੈ। ਤ੍ਰਿਕਾਲਾਂ ਨੂੰ ਇਹਨਾਂ ਕੰਬਲਾਂ ਤੋਂ ਘ੍ਰਿਣਾ ਸੀ, ਪਰ ਮਨ ਦੇ ਨਿਤਾਣੇ ਹੋਣ ਕਰਕੇ ਹੁਣ ਉਹਨਾਂ ਵਿਚ ਹੀ ਵਲ੍ਹੇਟਿਆ ਪਿਆ ਹਾਂ।

ਸਵੇਰੇ ਚਾਨਣ ਹੁੰਦਿਆਂ ਹੀ ਨੰਬਰਦਾਰ ਨੇ ਬੂਹਾ ਖੋਹਲਿਆ। ਉਸ ਨੰਬਰਦਾਰ ਦਾ ਨਾਂ ਨੱਥੂ ਸੀ ਅਤੇ ਇਕ ਖ਼ੂਨ ਦੇ ਮੁਕੱਦਮੇ ਵਿਚ ਸਤਾਂ ਸਾਲਾਂ ਲਈ ਆਇਆ ਹੋਇਆ ਸੀ। ਉਹਦੇ ਪੰਜ ਸਾਲ ਲੰਘ ਚੁਕੇ ਸਨ ਅਤੇ ਦੋ ਸਾਲ ਬਾਕੀ ਸਨ। ਇਹ ਜੇਲ੍ਹ ਦੇ ਅਫ਼ਸਰਾਂ ਦਾ ਟਾਊਟ ਸੀ ਅਤੇ ਸਾਰੇ ਕੈਦੀਆਂ ਨੂੰ ਇਹਦੇ ਨਾਲ ਸ਼ਕਾਇਤ ਸੀ ਕਿ ਇਹ ਅਫ਼ਸਰਾਂ ਦੇ ਕਹੇ ਤੇ ਕੈਦੀਆਂ ਨਾਲ ਭੈੜਾ ਵਰਤਾਉ ਕਰਦਾ ਹੈ।

ਦਿੱਲੀ ਸ਼ਹਿਰ ਵਿਚ ਹੀ ਬਹੁਤ ਘਟ ਆਦਮੀ ਹਨ ਜੋ ਮੈਨੂੰ ਪਛਾਣ ਸਕਦੇ ਹਨ ਹਾਲਾਂ ਕਿ ਅਖ਼ਬਾਰ ਅਤੇ ਮੇਰੇ ਨਾਂ ਤੋਂ ਹਰ ਪੜ੍ਹਿਆ ਲਿਖਿਆ ਮਨੁਖ ਜਾਣੂ ਹੈ ਕਿਉਂਕਿ ਮੈਂ ਕਦੀ ਪਬਲਕ ਜਲਸੇ, ਜਲੂਸਾਂ ਜਾਂ ਇਕੱਤ੍ਰਤਾਵਾਂ ਵਿਚ ਨਹੀਂ ਜਾਂਦਾ। ਮੋਟਰ ਵਿਚ ਦਫ਼ਤਰ ਅਤੇ ਮੋਟਰ ਵਿਚ ਹੀ ਦਫ਼ਤਰੋਂ ਘਰ। ਸ਼ਹਿਰ ਜਾਂ ਨਵੀਂ ਦਿੱਲੀ ਵਿਚ ਜਾਣਾ ਵੀ ਹੁੰਦਾ ਤਾਂ ਮੋਟਰ ਵਿਚ। ਮੈਨੂੰ ਜੇਲਾਂ ਵਿਚ ਕਿਹੜਾ ਜਾਣਦਾ ਸੀ। ਨੱਥੂ ਨੰਬਰਦਾਰ ਨੇ ਮੈਨੂੰ ਵੀ ਚੋਰਾਂ ਡਾਕੂਆਂ ਅਤੇ ਦੂਜੇ ਅਪਰਾਧੀਆਂ ਹਾਰ ਇਕ ਸਧਾਰਨ ਕੈਦੀ ਜਾਣਿਆਂ। ਉਹਨੇ ਮੈਨੂੰ ਕੋਠੜੀ ਦੀ ਸਫ਼ਾਈ ਕਰਨ ਲਈ ਕਿਹਾ। ਮੈਂ ਕਿਹਾ ਮੈਨੂੰ ਦਸ ਕਿਸ ਤਰ੍ਹਾਂ ਕਰਾਂ, ਉਸੇ ਤਰ੍ਹਾਂ ਹੀ ਅਗੇ ਤੋਂ ਕਰ ਦਿਆ ਕਰਾਂਗਾ। ਉਸ ਦਿਨ ਐਤਵਾਰ ਸੀ ਅਤੇ ਜੇਲ੍ਹ ਵਿਚ ਕੈਦੀਆਂ ਦੀ ਛੁਟੀ ਸੀ। ਜਦ ਛੁਟੀ ਹੋਵੇ ਤਾਂ ਕੈਦੀ ਸਾਰੀ ਜੇਲ੍ਹ ਦੀ ਸਫ਼ਾਈ ਕਰਦੇ ਹਨ। ਧਰਤੀ ਤੇ ਪੋਚਾ ਦਿਤਾ ਜਾਂਦਾ ਹੈ ਤਾਕਿ ਮਿਟੀ ਬੈਠੀ ਰਹੇ। ਉਸ ਨੇ ਮੈਨੂੰ ਉਸ ਕੋਠੜੀ ਦਾ ਕੁਝ ਭਾਗ ਪੋਚਾ ਦੇ ਕੇ ਦਸਿਆ ਕਿ ਏਵੇਂ ਪੋਚਾ ਫੇਰ। ਮੈਂ ਬਾਕੀ ਦੀ ਕੋਠੜੀ ਨੂੰ



Digitized by Panjab Digital Library | www.panjabdigilib.org

ਪੋਚ ਦਿਤਾ ਕਿਉਂਕਿ ਮੈਂ ਇਸ ਅਸੂਲ ਦੇ ਹੱਕ ਵਿਚ ਹਾਂ ਅਤੇ ਸਦਾ ਇਸ ਦਾ ਪਾਬੰਦ ਰਿਹਾ ਹਾਂ ਕਿ ਜੇਲ ਅੰਦਰ ਉਹ ਸਭ ਕੰਮ ਕੀਤਾ ਜਾਏ ਜੋ ਜੇਲ ਦੇ ਕਾਨੂੰਨਾਂ ਅਨੁਸਾਰ ਕੈਦੀ ਨੂੰ ਕਰਨਾ ਚਾਹੀਦਾ ਹੈ। ਇਸ ਨੂੰ ਇਕ ਕਰਤਬ ਪਾਲਣਾ ਸਮਝਦਾ ਹਾਂ। ਕੋਠੜੀ ਪੋਚਣ ਪਿਛੋਂ ਮੈਂ ਨਲਕੇ ਤੋਂ ਹੱਥ ਧੋਤੇ ਫਿਰ ਟੱਟੀ ਗਿਆ। ਹੱਥ ਸਾਫ਼ ਕੀਤੇ। ਕਈ ਵਰ੍ਹਿਆਂ ਤੋਂ ਮਿੱਟੀ ਨਾਲ ਹੱਥ ਸਾਫ਼ ਨਹੀਂ ਸਨ ਕੀਤੇ ਸਦਾ ਸਾਬਣ ਨਾਲ ਕਰਦਾ ਸਾਂ। ਸਗੋਂ ਘਰ ਵਿਚ ਰਸੋਈਏ ਲਈ ਵੀ ਇਹ ਸਖਤ ਹੁਕਮ ਸੀ ਕਿ ਉਹ ਭਾਂਡਿਆਂ ਨੂੰ ਕਦੇ ਮਿਟੀ ਨਾਲ ਸਾਫ਼ ਨਾ ਕਰੇ ਸਦਾ ਸਾਬਣ ਨਾਲ ਕਰੇ, ਪਰ ਜੇਲ ਵਿਚ ਸਾਬਣ ਕਿਥੇ। ਮੈਂ ਅਜ ਸੀ ਕਲਾਸ ਦਾ ਕੈਦੀ ਸਾਂ। ਮੈਨੂੰ ਉਸੀ ਪਰਕਾਰ ਜੀਵਨ ਬਤੀਤ ਕਰਨਾ ਚਾਹੀਦਾ ਹੈ ਜਿਵੇਂ ਦੂਜੇ ਸਾਰੇ ਕੈਦੀ ਕਰਦੇ ਹਨ। ਮੈਂ ਮਿੱਟੀ ਨਾਲ ਹੱਥਾਂ ਨੂੰ ਸਾਫ਼ ਕੀਤਾ। ਇਕ ਪਾਸੇ ਧੁਪ ਵਿਚ ਜਾ ਕੇ ਖਲੋ ਗਿਆ ਅਤੇ ਦੂਜੇ ਕੈਦੀਆਂ ਨੂੰ ਵੇਖਦਾ ਰਿਹਾ ਕਿ ਉਹ ਆਪਣਾ ਜੀਵਨ ਜੇਲ੍ਹ ਵਿਚ ਕਿਵੇਂ ਬਤੀਤ ਕਰਦੇ ਹਨ। ਥੋੜ੍ਹੇ ਚਿਰ ਪਿਛੋਂ ਕੈਦੀਆਂ ਵਿਚ ਭੁਜੇ ਹੋਏ ਛੋਲੇ ਵੰਡੇ ਗਏ। ਕੈਦੀ ਉਹ ਖਾਂਦੇ ਰਹੇ। ਐਤਵਾਰ ਛੁਟੀ ਦੇ ਕਾਰਨ ਮਨ ਪਰਚਾਵੇ ਹੋ ਰਹੇ ਸਨ। ਪਿਆਰ ਜਤਾਵੇ ਵਿਚ ਇਕ ਦੂਜੇ ਨੂੰ ਗਾਲ੍ਹਾਂ ਕਢ ਰਹੇ ਸਨ। ਕਈ ਕੈਦੀ ਇਹਨਾਂ ਵਿਚ ਅਜਿਹੇ ਸਨ ਜੋ ਕਈ ਕਈ ਵਰ੍ਹਿਆਂ ਤੋਂ ਜੇਲ੍ਹ ਦਾ ਜੀਵਨ ਜੀਊ ਰਹੇ ਸਨ ਅਤੇ ਕਈ ਅਜਿਹੇ ਰੰਗਰੂਟ ਵੀ ਸਨ ਜਿਹੜੇ ਪਹਿਲੀ ਵਾਰ ਆਏ ਸਨ ਦਸ ਵਜੇ ਦੇ ਆਨ ਮਾਨ ਇਹਨਾਂ ਵਿਚ ਰੋਟੀ ਵੰਡੀ ਗਈ। ਸੜੀ ਗਲੀ ਪਕੀ ਹੋਈ ਸਬਜ਼ੀ ਅਤੇ ਦੋ ਦੋ ਰੋਟੀਆਂ। ਨੱਥੂ ਨੰਬਰਦਾਰ ਅਤੇ ਦੂਜੇ ਇਕ ਦੋ ਕੈਦੀਆਂ ਨੇ ਮੈਨੂੰ ਵੀ ਰੋਟੀ ਅਤੇ ਸਬਜ਼ੀ ਖਾਣ ਲਈ ਕਿਹਾ, ਪਰ ਮੈਂ ਭੁਖ ਪ੍ਰਤੀਤ ਨਹੀਂ ਸਾਂ ਕਰ ਰਿਹਾ, ਨਾਂਹ ਕਰ ਦਿਤੀ। ਚਾਹ ਨੂੰ ਮਨ ਭੜਕਦਾ ਸੀ, ਪਰ ਉਥੇ ਚਾਹ ਕਿਥੇ। ਕੈਦੀਆਂ ਦੇ ਹਾਲ ਵੇਂਹਦਾ ਰਿਹਾ। ਯਾਰਾਂ ਵਜੇ ਦੇ ਲਗ ਪਗ ਨੱਥੂ ਨੇ ਆਵਾਜ਼ ਦਿਤੀ ਕਿ ਸਭ ਕੈਦੀ ਆਪਣੀ ਆਪਣੀ ਕੋਠੜੀ ਵਿਚ ਚਲੇ ਜਾਣ। ਮੈਂ ਵੀ ਕੋਠੜੀ ਵਿਚ ਗਿਆ ਤਾਂ ਨੱਥੂ ਨੇ ਬਾਹਰੋਂ ਨਿਯਮ ਅਨੁਸਾਰ ਜੰਦਰਾ ਮਾਰ ਦਿਤਾ ਕਿਉਂਕਿ ਜੇਲ੍ਹ ਦੇ ਨਿਯਮਾਂ ਅਨੁਸਾਰ ਕੈਦੀਆਂ ਨੂੰ ਐਤਵਾਰ ਦੇ ਦਿਨ ਦੁਪਹਿਰੇ ਬੰਦ ਕਰ ਦਿਤਾ ਜਾਂਦਾ ਹੈ। ਇਸ ਕੋਠੜੀ ਸੰਬੰਧੀ ਇਹ ਦਸ ਦੇਣਾ ਸਵਾਦੋਂ ਖ਼ਾਲੀ ਨਹੀਂ ਹੋਏਗਾ ਕਿ ਇਹ ਕੋਠੜੀ ਲਹਿੰਦੀ ਬਾਹੀ ਇਕ ਛਡ ਕੇ ਅਖੀਰ ਵਿਚ ਹੈ। ਉਹਨਾਂ ਤਿੰਨਾਂ ਚਹੁੰ ਕੋਠੜੀਆਂ ਵਿਚੋਂ ਇਕ ਹੈ ਜਿਸ ਵਿਚ ਲਾਰਡ ਹਾਰਡਿੰਗ ਤੇ ਬੰਬ ਸੁਟਣ ਵਾਲੇ ਦਿੱਲੀ ਸਾਜ਼ਸ਼ ਕੇਸ ਦੇ ਉਹ ਮੁਲਜ਼ਮ ਰਹੇ ਸਨ ਜਿਨ੍ਹਾਂ ਨੂੰ ਮਗਰੋਂ ਫਾਂਸੀ ਮਿਲੀ। ਇਹ ਮੈਨੂੰ ਲਾਲਾ



Digitized by Panjab Digital Library | www.panjabdigilib.org

ਹੁਨਵੰਤ ਸਹਾਏ ਨੇ ਦਇਆ ਜੋ ਆਪ ਉਸ ਮੁਕੱਦਮੇ ਵਿਚ ਮੁਲਜ਼ਮ ਸਨ। ਮੈਂ ਕੋਟ ਵਾਸਕਟ ਲਾਹ ਕੇ ਕੋਠੜੀ ਦੇ ਅੰਦਰ ਖੱਡੀ ਤੇ ਬਹਿ ਗਿਆ ਅਤੇ ਭਵਿੱਖ ਬਾਰੇ ਸੋਚਣ ਲਗਾ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ। ਸੋਚਦਿਆਂ ਹੋਇਆਂ ਮੈਂ ਨਿਸ਼ਚਾ ਕੀਤਾ ਕਿ ਅਖ਼ਬਾਰ ਨੂੰ ਬਿਨਾਂ ਕਿਸੇ ਬਦਲੇ ਦੇ ਡਾਕਟਰ ਅਸ਼ਰਫ਼ — ਜੋ ਕਮਿਊਨਿਸਟ ਪਾਰਟੀ ਦੇ ਲੀਡਰ ਹਨ ਅਤੇ ਮੇਰੀ ਇਸ ਗ੍ਰਿਫ਼ਤਾਰੀ ਤੋਂ ਕੁਝ ਦਿਨ ਪਹਿਲਾਂ ਮਜਾਜ਼ ਸਾਹਿਬ ਨਾਲ ਮਿਲਣ ਲਈ ਦਫ਼ਤਰ "ਰਿਆਸਤ" ਵਿਚ ਤਸ਼ਰੀਫ਼ ਲਿਆਏ ਸਨ — ਦੇ ਹਵਾਲੇ ਕਰ ਦਿਤਾ ਜਾਏ ਅਤੇ ਇਸ ਪ੍ਰਕਾਰ ਦੀ ਇਕ ਲਿਖਤ ਡਾਕਟਰ ਸਾਹਿਬ ਨੂੰ ਦੇ ਦਿਤੀ ਜਾਏ ਕਿ ਮੈਂ ਇਹ ਅਖ਼ਬਾਰ ਉਹਨਾਂ ਨੂੰ ਬਿਨਾਂ ਕਿਸੇ ਵਟਾਂਦਰੇ ਦੇ ਦਿੰਦਾ ਹਾਂ। ਮੈਂ ਸੋਚ ਹੀ ਰਿਹਾ ਸਾਂ ਕਿ ਨੱਥੂ ਨੰਬਰਦਾਰ ਆਇਆ। ਉਹਨੇ ਜੰਦਰਾ ਖੋਹਲਿਆ ਅਤੇ ਕਿਹਾ ਕਿ ਦਫ਼ਤਰ ਵਿਚ ਡਿਪਟੀ ਸਾਹਿਬ ਬੁਲਾਂਦੇ ਹਨ। ਮੈਂ ਕੋਟ ਵਾਸਕਟ ਪਾਈ ਅਤੇ ਨੱਥੂ ਨਾਲ ਦਫ਼ਤਰ ਵਿਚ ਗਿਆ ਤਾਂ ਉਥੇ ਡਿਪਟੀ ਸੁਪ੍ਰੰਟੰਡੰਟ ਸਰਦਾਰ ਰਘੁਨੰਦਨ ਸਿੰਘ ਬੈਠੇ ਸਨ ਅਤੇ ਉਹਨਾਂ ਦੇ ਕੋਲ ਦਫ਼ਤਰ "ਰਿਆਸਤ" ਦੇ ਮਿਸਟਰ ਜ਼ਫ਼ਰ ਅਹਿਮਦ ਮੇਰਾ ਬਿਸਤਰਾ, ਕਪੜੇ, ਸਾਮਾਨ ਅਤੇ ਭੋਜਨ ਲਈ ਬੈਠੇ ਸਨ। ਮੈਂ ਜਦ ਪੁਜਾ ਤਾਂ ਡਿਪਟੀ ਸਾਹਿਬ ਖੜੇ ਹੋ ਗਏ, ਉਹਨਾਂ ਨੇ ਹਥ ਮਲਾਇਆ ਤੇ ਆਖਿਆ :

"ਸਰਦਾਰ ਸਾਹਿਬ ਮੈਂ ਬਹੁਤ ਸਖ਼ਤ ਸ਼ਰਮਸਾਰ ਤੇ ਲੱਜਿਆਵਾਨ ਹਾਂ। ਮੈਨੂੰ ਕਲ ਤਰਕਾਲਾਂ ਨੂੰ ਪਤਾ ਨਹੀਂ ਸੀ ਕਿ ਤੁਸੀਂ ਕੌਣ ਹੋ। ਮੈਂ ਜਿਹੜੇ ਕਬੋਲ ਤੁਹਾਨੂੰ ਸ਼ਾਮੀਂ ਕਹੇ ਸਨ ਉਹਨਾਂ ਲਈ ਮੈਂ ਖਿਮਾਂ ਦਾ ਜਾਚਕ ਹਾਂ ਅਤੇ ਇਹ ਸਚ ਜਾਣੋ ਮੈਨੂੰ ਬੜਾ ਹਿਰਖ ਹੈ ਅਤੇ ਮੈਂ ਬਹੁਤ ਸ਼ਰਮਿੰਦਾ ਹਾਂ।"

ਮੈਂ ਕਿਹਾ ਕਿ ਤੁਸੀਂ ਇਸ ਦਾ ਕੋਈ ਵਿਚਾਰ ਨਾ ਕਰੋ। ਤੁਹਾਡਾ ਕੀ ਦੋਸ਼ ਹੈ। ਤੁਹਾਨੂੰ ਪਤਾ ਹੀ ਨਹੀਂ ਸੀ ਕਿ ਮੈਂ ਕੌਣ ਹਾਂ। ਬਿਲਕੁਲ ਸਾਧਾਰਨ ਜਿਹੀ ਗਲ ਹੈ ਅਤੇ ਤੁਸਾਂ ਆਖਿਆ ਵੀ ਕੀ ਸੀ ਕੋਈ ਅਯੋਗ ਗਲ ਨਹੀਂ ਸੀ। ਡਿਪਟੀ ਸਾਹਿਬ ਤੋਂ ਮੈਨੂੰ ਪਤਾ ਲਗਾ ਕਿ ਥੋੜ੍ਹਾ ਚਿਰ ਪਹਿਲਾਂ ਕਿਸੇ ਦੂਜੇ ਕੰਮ ਲਈ ਉਹਨਾਂ ਨੇ ਮਿਸਟਰ ਲੂਈਸ ਐਡੀਸ਼ਨਲ ਡਿਸਟ੍ਰਿਕਟ ਮੈਜਿਸਟ੍ਰੇਟ — ਜਿਹੜੇ ਜੇਲ ਦੇ ਸੁਪ੍ਰੰਟੰਡੰਟ ਵੀ ਸਨ — ਨੂੰ ਟੈਲੀਫ਼ੂਨ ਕੀਤਾ ਤਾਂ ਉਸ ਵੇਲੇ ਮਿਸਟਰ ਲੂਈਸ ਨੇ ਡਿਪਟੀ ਸੁਪ੍ਰੰਟੰਡੰਟ ਨੂੰ ਪੱਕੀ ਕੀਤੀ ਸੀ ਕਿ ਐਡੀਟਰ "ਰਿਆਸਤ" ਨੂੰ ਕਲ ਸ਼ਾਮ ਨੂੰ ਜੇਲ੍ਹ ਭੇਜਿਆ ਗਿਆ ਹੈ। ਉਹ ਸਪੈਸ਼ਲ ਕਲਾਸ ਵਿਚ ਰਹਿਣ। ਵਡੀ ਪੁਜ਼ੀਸ਼ਨ ਦੇ ਆਦਮੀ ਹਨ। ਉਹਨਾਂ ਨੂੰ ਕੋਈ ਕਸ਼ਟ ਨਾ ਹੋਵੇ।

ਜ਼ਫ਼ਰ ਸਾਹਿਬ ਨੇ ਮੈਨੂੰ ਦਸਿਆ ਕਿ ਕਲ ਸ਼ਾਮ ਨੂੰ ਹੀ ਜਦ ਦਫ਼ਤਰ ਦੇ



Digitized by Panjab Digital Library | www.panjabdigilib.org

ਕਰਮਚਾਰੀਆਂ ਨੇ ਸੁਣਿਆ ਕਿ ਮੈਨੂੰ ਜੇਲ੍ਹ ਭੇਜ ਦਿਤਾ ਗਿਆ ਹੈ ਤਾਂ ਉਹ ਮੇਰਾ ਬਿਸਤਰਾ, ਪ੍ਰਸ਼ਾਦ ਅਤੇ ਸਾਮਾਨ ਲੈ ਕੇ ਜੇਲ੍ਹ ਆਏ ਸਨ, ਪਰ ਕਿਸੇ ਨੇ ਉਹਨਾਂ ਦੀ ਪਰਵਾਹ ਨਹੀਂ ਸੀ ਕੀਤੀ। ਜ਼ਫ਼ਰ ਸਾਹਿਬ ਦੀ ਇਹ ਗਲ ਸੁਣ ਕੇ ਡਿਪਟੀ ਸਾਹਿਬ ਨੇ ਫਿਰ ਖਿਮਾ ਮੰਗੀ। ਮੈਂ ਫਿਰ ਉਹਨਾਂ ਨੂੰ ਕਿਹਾ ਕਿ ਸਾਧਾਰਨ ਗੱਲ ਹੈ ਤੁਸੀਂ ਵਿਚਾਰ ਨਾ ਕਰੋ। ਇਸ ਗਲ ਬਾਤ ਪਿਛੋਂ ਮੈਂ ਡਾਕਟਰ ਅਸ਼ਰਫ਼ ਦੇ ਨਾਂ ਡਾਕਟਰ ਸ਼ੌਕਤ ਅੱਲਾ ਅਨਸਾਰੀ ਦੀ ਕੋਠੀ ਦੇ ਪਤੇ ਤੇ ਚਿਠੀ ਲਿਖੀ, ਜਿਸ ਵਿਚ ਅਖ਼ਬਾਰ "ਰਿਆਸਤ" ਬਿਨਾਂ ਕਿਸੇ ਮੁਆਵਜ਼ੇ ਦੇ ਦੇਣ ਤੇ ਰਜ਼ਾਮੰਦੀ ਦਾ ਪ੍ਰਗਟਾਅ ਕੀਤਾ ਸੀ ਅਤੇ ਲਿਖਿਆ ਸੀ ਕਿ ਜੇਲ ਆ ਕੇ ਇਸ ਬਾਰੇ ਲਿਖਤ ਕਰਵਾ ਲਈ ਜਾਏ। ਇਹ ਚਿਠੀ ਮੈਂ ਡਿਪਟੀ ਸਾਹਿਬ ਦੇ ਹਵਾਲੇ ਕੀਤੀ, ਪਰ ਪੁਲੀਸ ਨੇ ਉਸ ਨੂੰ ਰੋਕ ਲਿਆ। ਡਾਕਟਰ ਅਸ਼ਰਫ਼ ਕੋਲ ਨਹੀਂ ਭੇਜਿਆ ਗਿਆ। ਉਹ ਹੁਣ ਤਕ ਮੁਕੱਦਮੇ ਦੀ ਮਿਸਲ ਵਿਚ ਮੌਜੂਦ ਹੈ। ਹੁਣ ਡਿਪਟੀ ਸਾਹਿਬ ਨੇ ਇਕ ਨੰਬਰਦਾਰ ਨੂੰ ਬੁਲਾਇਆ ਅਤੇ ਹੁਕਮ ਦਿਤਾ ਕਿ ਮੇਰੇ ਲਈ ਉਥੇ ਪ੍ਰਬੰਧ ਕੀਤਾ ਜਾਏ ਜਿਥੇ ਸਪੈਸ਼ਲ ਕਲਾਸ ਦੇ ਲੋਕ ਰਖੇ ਜਾਂਦੇ ਹਨ। ਇਹ ਥਾਂ ਬੜੀ ਚੰਗੀ, ਸਾਫ਼ ਸੁਥਰੀ, ਚਾਨਣ ਵਾਲੀ ਤੇ ਹਵਾਦਾਰ ਹੈ। ਉਥੇ ਮੰਜੀ, ਮੇਜ਼ ਅਤੇ ਨਿਕੀ ਅਲਮਾਰੀ ਆਦਿ ਸਾਮਾਨ ਭੇਜ ਦਿਤਾ ਗਿਆ। ਮੇਰਾ ਸਾਮਾਨ, ਨਹਾਉਣ ਦੇ ਬਸਤਰ ਅਤੇ ਬਿਸਤਰਾ ਆਦਿ ਜੋ ਜ਼ਫ਼ਰ ਸਾਹਿਬ ਲਿਆਏ ਸਨ ਉਹ ਵੀ ਉਥੇ ਪੁਜ ਗਿਆ। ਇਹਨਾਂ ਕਮਰਿਆਂ ਵਿਚ ਮੈਥੋਂ ਪਹਿਲੇ ਅਹਿਰਾਰੀ ਨੇਤਾ ਅਬਦੁਲ ਕਯੂਮ ਸਾਹਿਬ ਕਾਨ੍ਹਪੁਰੀ ਵੀ ਮੌਜੂਦ ਸਨ।

ਤਿੰਨ ਚਾਰ ਵਰ੍ਹੇ ਹੋਏ ਮੈਂ ਇਕ ਫ਼ਿਲਮ ਵੇਖੀ ਸੀ। ਉਸ ਫ਼ਿਲਮ ਵਿਚ ਇਕ ਥਾਂ ਫ਼ਿਲਮ ਐਕਟਰ ਕਹਿੰਦਾ ਹੈ "ਦੁਨੀਆਂ ਝੁਕਦੀ ਹੈ ਝੁਕਾਉਣ ਵਾਲਾ ਚਾਹੀਦੈ।" ਜੇਲ੍ਹਾਂ ਵਿਚ ਸਾਧਾਰਨ ਕੈਦੀਆਂ ਨਾਲ ਜੋ ਅੱਤਿਆਚਾਰਾਂ ਭਰਿਆਂ ਵਰਤਾਉ ਕੀਤਾ ਜਾਂਦਾ ਹੈ ਮਨੁਖਤਾ ਉਸ ਦੀ ਆਗਿਆ ਨਹੀਂ ਦਿੰਦੀ, ਪਰ ਜੇਲ੍ਹ ਦੇ ਹਾਕਮ ਅਖ਼ਬਾਰ ਦੇ ਐਡੀਟਰਾਂ ਅਤੇ ਪੁਲੀਟੀਕਲ ਲੀਡਰਾਂ ਨਾਲ ਜਿਸ ਖ਼ੁਸ਼ਾਮਦ, ਚਾਪਲੋਸੀ, ਅਖੌਤੀ ਦਿਖਾਵੇ ਦਾ ਪਿਆਰ ਅਤੇ ਦਿਲ ਰਖਵਾਂ ਵਰਤਾਉ ਕਰਦੇ ਹਨ ਉਸ ਦੀ ਉਦਾਹਰਣ ਸਹੁਰੇ ਘਰ ਤੋਂ ਬਿਨਾਂ ਮਨੁਖ ਨੂੰ ਕਿਤੇ ਦੂਜੀ ਥਾਂ ਨਹੀਂ ਮਿਲ ਸਕਦੀ। ਇਸ ਪ੍ਰਕਾਰ ਇਸ ਵਾਰ ਦਿੱਲੀ ਜੇਲ ਵਿਚ ਪੰਜ ਮਹੀਨੇ ਦੇ ਲਗ ਪਗ ਰਿਹਾ। ਪ੍ਰਸ਼ਾਦਾ ਦੋਵੇਂ ਵੇਲੇ ਘਰੋਂ ਆਉਂਦਾ। ਕਿਤਾਬਾਂ, ਕਾਗਜ਼, ਕਲਮ ਦਵਾਤ, ਲਿਖਣਾ ਪੜ੍ਹਨਾ, ਅਖ਼ਬਾਰਾਂ ਆਦਿ ਸਭ ਸਹੂਲਤਾਂ। ਦੂਜੇ ਲੋਕਾਂ ਨੂੰ ਤਾਂ ਆਪਣੀ ਬੈਰਕ ਜਾਂ ਕਠੜੀ ਵਿਚੋਂ ਨਿਕਲਣ ਦੀ



Digitized by Panjab Digital Library | www.panjabdigilib.org

ਆਗਿਆ ਨਾ ਹੁੰਦੀ। ਏਥੋਂ ਤਕ ਕਿ ਮੇਰੇ ਨਾਲ ਰਹਿਣ ਵਾਲੇ ਇਕ ਯੂਰਪੀਅਨ ਮਿਸਟਰ ਵਾਟਸਨ ਆਪਣੇ ਕਮਰੇ ਵਿਚੋਂ ਵੀ ਨਹੀਂ ਨਿਕਲ ਸਕਦੇ ਸਨ, ਪਰ ਮੈਂ ਸਾਰੀ ਜੇਲ ਵਿਚ ਫਿਰ ਆਉਂਦਾ। ਦੁਪਹਿਰ ਨੂੰ ਘੰਟਾ ਦੋ ਘੰਟੇ ਗੱਲਾ ਗੁਦਾਮ ਦੇ ਇਨਚਾਰਜ ਸਰਦਾਰ ਜਾਗੀਰ ਸਿੰਘ — ਜਿਹੜੇ ਅਜ ਕਲ ਦਿੱਲੀ ਜੇਲ ਵਿਚ ਅਸਿਸਟੈਂਟ ਸੁਪ੍ਰੰਟੈਂਡੈਂਟ ਹਨ ਅਤੇ ਅਸਾਧਾਰਨ ਤੌਰ ਤੇ ਈਮਾਨਦਾਰ ਅਤੇ ਭਲੇ ਲੋਕ ਹਨ — ਕੋਲ ਚਲਾ ਜਾਂਦਾ ਅਤੇ ਜਿਸ ਕੈਦੀ ਨਾਲ ਚਾਹੁੰਦਾ ਗਲ ਬਾਤ ਕਰਦਾ, ਪਰ ਮੈਨੂੰ ਕੋਈ ਨਾ ਰੋਕਦਾ। ਇਸ "ਰਈ" ਦਾ ਕਾਰਨ ਕੇਵਲ ਇਹ ਸੀ ਕਿ ਇਹ ਲੋਕ ਅਨੁਭਵ ਕਰਦੇ ਸਨ ਕਿ ਜੇਲ੍ਹ ਵਿਚੋਂ ਰਿਹਾ ਹੋਣ ਪਿਛੋਂ ਜੇਲ੍ਹ ਦੀਆਂ ਖ਼ਰਾਬੀਆਂ ਨੂੰ ਨੰਗਿਆਂ ਕਰ ਸਕਦਾ ਹਾਂ ਅਤੇ ਨੰਗਿਆਂ ਹੋਣਾ ਇਹਨਾਂ ਲਈ ਮੁਸੀਬਤਾਂ ਤੇ ਕਸ਼ਟਾਂ ਦਾ ਕਾਰਨ ਹੋਵੇਗਾ।

ਮੈਂ ਜੇਲ ਵਿਚ ਹੀ ਸਾਂ ਤਾਂ ਉਥੇ ਇਕ ਕਤਲ ਦੇ ਸਿਲਸਲੇ ਵਿਚ ਤਿੰਨ ਅਲ੍ਹੜ ਪੇਂਡੂ ਜੱਟ ਜੇਲ ਵਿਚ ਆਏ। ਇਕ ਅਠਾਰਾਂ ਵਰ੍ਹਿਆਂ ਦਾ ਮੁੰਡਾ ਜਿਸ ਨੇ ਚਾਰ ਪੰਜ ਵਰ੍ਹਿਆਂ ਦੇ ਬੱਚੇ ਨੂੰ ਗਹਿਣਿਆਂ ਦੇ ਲਾਲਚ ਵਿਚ ਜਾਨੋਂ ਮਾਰ ਦਿਤਾ ਸੀ ਅਤੇ ਦੋ ਵਡੀ ਉਮਰ ਦੇ ਜੱਟ ਜਿਨ੍ਹਾਂ ਬਾਰੇ ਪੁਲੀਸ ਨੇ ਮੁੰਡੇ ਤੋਂ ਬਿਆਨ ਦੁਆ ਦਿਤਾ ਕਿ ਇਹ ਦੋਵੇਂ ਵੀ ਕਤਲ ਕਰਨ ਵਿਚ ਨਾਲ ਸਨ। ਇਸ ਕਤਲ ਦੇ ਠੀਕ ਅਤੇ ਸੱਚੇ ਹਾਲ ਇਹ ਸਨ। ਦਿੱਲੀ ਪ੍ਰਾਂਤ ਦੇ ਇਕ ਪਿੰਡ ਵਿਚ ਚਾਰ ਪੰਜ ਵਰ੍ਹਿਆਂ ਦਾ ਇਕ ਬੱਚਾ ਖੇਡ ਰਿਹਾ ਸੀ ਅਤੇ ਉਹਨੇ ਪੰਜਾਂ ਸਤਾਂ ਰੁਪਿਆਂ ਦੇ ਚਾਂਦੀ ਦੇ ਗਹਿਣੇ ਪਾਏ ਹੋਏ ਸਨ। ਬੱਚਾ ਜਦ ਗਲੀ ਵਿਚ ਇਕੱਲਾ ਸੀ ਤਾਂ ਇਕ ਅਠਾਰਾਂ ਵਰ੍ਹਿਆਂ ਦਾ ਨੌਜਵਾਨ ਜੱਟ ਉਸ ਬੱਚੇ ਨੂੰ ਆਪਣੇ ਘਰ — ਜਿਥੇ ਉਹ ਇਕੱਲਾ ਰਹਿੰਦਾ ਸੀ — ਲੈ ਗਿਆ। ਉਹਨੇ ਬੱਚੇ ਦਾ ਗਹਿਣਾ ਗਟਾ ਲਾਹ ਲਿਆ। ਬੱਚਾ ਜਦ ਰੋਣ ਲਗਾ ਤਾਂ ਉਹਨੇ ਬੱਚੇ ਦਾ ਗਲ ਘੁਟ ਕੇ ਉਹਨੂੰ ਜਾਨੋਂ ਮਾਰ ਦਿਤਾ। ਇਹ ਨੌਜਵਾਨ ਅਪਰਾਧ ਬੜਾ ਮੂਰਖ ਅਤੇ ਯਬ੍ਹਲ ਕਿਸਮ ਦਾ ਪੇਂਡੂ ਸੀ। ਬੱਚੇ ਨੂੰ ਮਾਰਨ ਪਿਛੋਂ ਉਹਨੇ ਬੱਚੇ ਦੀ ਲੋਥ ਨੂੰ ਆਪਣੇ ਘਰ ਦੀ ਕੰਧ ਦੇ ਇਕ ਵਡੇ ਸਾਰੇ ਮਘੋਰੇ ਵਿਚ ਰਖ ਦਿਤਾ ਅਤੇ ਉਪਰੋਂ ਇੱਟਾਂ ਚੁਣ ਦਿਤੀਆਂ। ਬੱਚਾ ਜਦ ਘਰ ਨਾ ਪੁਜਾ ਤਾਂ ਉਸ ਦੀ ਮਾਂ ਲੱਭਣ ਲਈ ਗਲੀ ਵਿਚ ਨਿਕਲੀ। ਏਧਰ ਓਧਰ ਵੇਖਿਆ। ਕੋਈ ਪਤਾ ਨਾ ਲਗਾ। ਫ਼ਿਕਰ ਪੈ ਗਿਆ ਕਿ ਗਿਆ ਕਿਥੇ। ਲੋਕ ਇਕੱਠੇ ਹੋ ਗਏ ਤਾਂ ਇਕ ਆਦਮੀ ਨੇ ਦਸਿਆ ਕਿ ਕੁਝ ਚਿਰ ਪਹਿਲਾਂ ਉਹਨੇ ਅਮਕੇ ਨੌਜਵਾਨ ਜੱਟ ਨੂੰ ਬੱਚੇ ਕੋਲ ਖਲੋਤਿਆਂ ਵੇਖਿਆ ਸੀ। ਇਸ ਪ੍ਰਕਾਰ ਪਿੰਡ ਦੇ ਲੋਕਾਂ ਨੇ ਜਦ ਇਸ ਨੂੰ ਧਮਕਾਇਆ ਅਤੇ ਦੋ ਚਾਰ ਚਪੇੜਾਂ ਮਾਰੀਆਂ ਤਾਂ



Digitized by Panjab Digital Library | www.panjabdigilib.org

ਅਪਰਾਧੀ ਨੇ ਦਸ ਦਿਤਾ ਕਿ ਉਹਨੇ ਗਹਿਣਿਆਂ ਦੇ ਲੋਭ ਵਿਚ ਬੱਚੇ ਨੂੰ ਮਾਰ ਦਿਤਾ ਹੈ ਅਤੇ ਲੋਥ ਅਮਕੀ ਥਾਂ ਪਈ ਹੈ। ਲੋਕਾਂ ਨੇ ਲੋਥ ਕਢ ਲਈ। ਪੁਲੀਸ ਨੂੰ ਖ਼ਬਰ ਹੋਈ, ਪੁਲੀਸ ਆ ਗਈ। ਹਰ ਪਿੰਡ ਅਤੇ ਗਰਾਂ ਵਿਚ ਕੁਝ ਆਦਮੀ ਪੁਲੀਸ ਦੇ ਏਜੰਟ ਹੁੰਦੇ ਹਨ ਜਿਹੜੇ ਪੁਲੀਸ ਅਤੇ ਦੋਸ਼ੀਆਂ ਵਿਚਕਾਰ ਵਢੀ ਦੇ ਸੌਦੇ ਕਰਾਉਂਦੇ ਹਨ। ਝੂਠੇ ਗਵਾਹ ਤਿਆਰ ਕਰਦੇ ਹਨ। ਆਪ ਗਵਾਹੀਆਂ ਦਿੰਦੇ ਹਨ। ਮੁਖ਼ਬਰੀਆਂ ਕਰਦੇ ਹਨ ਅਤੇ ਪੁਲੀਸ ਉਹਨਾਂ ਦੇ ਸਾਰਿਆਂ ਅਪਰਾਧਾਂ ਤੇ ਪੜਦਾ ਪਾਉਂਦੀ ਹੈ। ਇਸ ਪਿੰਡ ਦੇ ਪੁਲੀਸ ਦੇ ਟਾਊਟਾਂ ਨੇ ਪੁਲੀਸ ਨਾਲ ਮਿਲ ਕੇ ਅਸਲੀ ਦੋਸ਼ੀ ਤੋਂ ਬੱਚੇ ਦੇ ਗਹਿਣੇ ਲਏ ਅਤੇ ਪਿੰਡੋਂ ਬਾਹਰ ਅਖੌਤੀ ਅਪਰਾਧੀਆਂ ਦੇ ਖੇਤਾਂ ਵਿਚ ਨਪ ਦਿਤੇ। ਏਧਰ ਨੌਜਵਾਨ ਦੋਸ਼ੀ ਨੂੰ ਪਹਿਲਾਂ ਤਾਂ ਪੁਲੀਸ ਨੇ ਮਾਰਿਆ ਤੇ ਡਰਾਇਆ ਅਤੇ ਜਦ ਇਹ ਪੁਲੀਸ ਦੇ ਇਸ਼ਾਰੇ ਤੇ ਬਿਆਨ ਦੇਣ ਨੂੰ ਤਤਪਰ ਹੋ ਗਿਆ ਤਾਂ ਉਹਦੀ ਖਾਤਰ ਤਵਾਜਿਆ ਅਰੰਭ ਹੋਈ। ਉਹਨੂੰ ਜਲੇਬੀਆਂ ਅਤੇ ਲੱਡੂ ਖਵਾਏ ਗਏ ਅਤੇ ਉਹਨੂੰ ਕਿਹਾ ਗਿਆ ਕਿ ਉਹ ਅਦਾਲਤ ਵਿਚ ਇਹ ਬਿਆਨ ਦੇਵੇ ਕਿ ਉਹਨੇ ਦੋਹਾਂ ਅਖੌਤੀ ਦੋਸ਼ੀਆਂ ਦੇ ਕਹਿਣ ਤੇ ਖ਼ੂਨ ਕੀਤਾ ਹੈ। ਅਖੌਤੀ ਦੋਸ਼ੀ ਤਾਂ ਫਸ ਜਾਣਗੇ, ਪਰ ਉਹ ਆਪ ਬਚ ਜਾਏਗਾ ਕਿਉਂਕਿ ਜੇਕਰ ਕਿਸੇ ਦੂਜੇ ਦੇ ਕਹਿਣ ਤੇ ਅਪਰਾਧ ਕੀਤਾ ਜਾਏ ਤਾਂ ਅਪਰਾਧ ਕਰਨ ਵਾਲੇ ਨੂੰ ਡੰਡ ਨਹੀਂ ਮਿਲਦਾ। ਪ੍ਰੇਰਨਾ ਕਰਨ ਵਾਲੇ ਨੂੰ ਹੀ ਮਿਲਦਾ ਹੈ। ਇਸ ਤਰ੍ਹਾਂ ਉਸ ਨੌਜਵਾਨ ਯਬੁਲ ਮੇਲ ਨੇ ਪੁਲੀਸ ਦੇ ਕਹਿਣ ਤੇ ਇਕਬਾਲ ਕਰ ਲਿਆ ਅਤੇ ਉਹਨੇ ਬਿਆਨ ਦੇ ਦਿਤਾ ਕਿ ਦੋਹਾਂ ਅਖੌਤੀ ਦੋਸ਼ੀਆਂ ਨੇ ਉਹਨੂੰ ਅਪਰਾਧ ਕਰਨ ਲਈ ਪ੍ਰੇਰਿਆ ਸੀ। ਦੋਹਾਂ ਦੋਸ਼ੀਆਂ ਦੇ ਆਖਣ ਤੇ ਉਹਨੇ ਬੱਚੇ ਨੂੰ ਮਾਰ ਦਿਤਾ। ਦੋਵੇਂ ਦੋਸ਼ੀ ਗਹਿਣੇ ਲੈ ਗਏ ਅਤੇ ਉਹਨਾਂ ਨੇ ਆਪਣੀਆਂ ਪੈਲੀਆਂ ਵਿਚ ਗਹਿਣੇ ਨੱਪ ਦਿਤੇ। ਇਸ ਬਿਆਨ ਅਨੁਸਾਰ ਖੇਤ ਵਿਚੋਂ ਗਵਾਹਾਂ ਦੇ ਸਾਹਮਣੇ ਗਹਿਣਾ ਕਢਿਆ ਗਿਆ। ਗਵਾਹੀਆਂ ਤਿਆਰ ਕੀਤੀਆਂ ਗਈਆਂ ਅਤੇ ਦੋਵੇਂ ਨਿਰਦੋਸ਼, ਗ਼ਰੀਬ, ਭੋਲੇ ਅਤੇ ਅਲ੍ਹੜ ਜੱਟ ਜਿਨ੍ਹਾਂ ਨੂੰ ਜੁਰਮ ਦਾ ਕੁਝ ਪਤਾ ਵੀ ਨਹੀਂ ਸੀ ਅਸਲੀ ਨੌਜਵਾਨ ਅਪਰਾਧੀ ਨਾਲ ਗ੍ਰਿਫ਼ਤਾਰ ਕਰਕੇ ਜੇਲ ਭੇਜ ਦਿਤੇ ਗਏ। ਜੇਲ ਵਿਚ ਇਹ ਲੋਕ ਜਦ ਪਹੁੰਚੇ ਤਾਂ ਜੇਲ ਦੇ ਹਾਕਮਾਂ ਨੇ ਪੁਲੀਸ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਨੌਜਵਾਨ ਦੋਸ਼ੀ ਨੂੰ ਤਾਂ ਜੇਲ ਦੇ ਚੜ੍ਹਦੇ ਬੰਨੇ ਆਖ਼ਰੀ ਕੋਠੜੀਆਂ ਵਿਚ ਰਖਿਆ ਅਤੇ ਦੋਹਾਂ ਅਖੌਤੀ ਦੋਸ਼ੀਆਂ ਨੂੰ ਲਹਿੰਦੇ ਵਾਲੇ ਪਾਸੇ ਦੀਆਂ ਕੋਠੜੀਆਂ ਵਿਚ ਤਾਕਿ ਇਹ ਲੋਕ ਆਪਸ ਵਿਚ ਮਿਲ ਕੇ ਨੌਜਵਾਨ ਦੋਸ਼ੀ ਦੇ ਬਿਆਨ ਬਦਲਣ ਦਾ ਕਾਰਨ ਨਾ ਹੋਣ ਅਤੇ ਮੁਕੱਦਮਾ



Digitized by Panjab Digital Library | www.panjabdigilib.org

"ਸਫ਼ਲ" ਹੋ ਸਕੇ । ਇਹ ਸਾਰੇ ਸਮਾਂਚਾਰ ਮੈਨੂੰ ਦੋਹਾਂ ਅਖੌਤੀ ਦੋਸ਼ੀਆਂ ਨੇ ਦਸੇ । ਮੈਂ ਉਹਨਾਂ ਤੇ ਕਈ ਪ੍ਰਸ਼ਨ ਵੀ ਕੀਤੇ ਤਾਕਿ ਪਤਾ ਲਗ ਸਕੇ ਕਿ ਕਿਤੇ ਇਹ ਝੂਠ ਤਾਂ ਨਹੀਂ ਬੋਲ ਰਹੇ । ਮੈਨੂੰ ਭਰੋਸਾ ਹੋ ਗਿਆ ਕਿ ਉਹ ਸਚ ਬੋਲ ਰਹੇ ਹਨ । ਉਹ ਵਿਚਾਰੇ ਬਹੁਤ ਕੁੜਿਕੀ ਵਿਚ ਸਨ । ਨਿਰ ਅਪਰਾਧ, ਖ਼ੂਨ ਦਾ ਮੁਕੱਦਮਾ ਜਿਸ ਵਿਚ ਫ਼ਾਂਸੀ ਦੀ ਸਜ਼ਾ ਦਿਤੀ ਜਾ ਸਕਦੀ ਹੈ । ਕਾਨੂੰਨ ਅਤੇ ਮੁਕੱਦਮੇ ਤੋਂ ਅਗਿਆਤ, ਕਰਨ ਵੀ ਤਾਂ ਕੀ ਕਰਨ । ਸਿਵਾਏ ਚਿੰਤਾ ਵਿਚ ਘੁਲਣ ਅਤੇ ਰਾਤ ਨੂੰ ਨਾ ਸੌਣ ਦੇ ਹੋਰ ਕਰ ਵੀ ਕੀ ਸਕਦੇ ਸਨ । ਮੈਂ ਅਗਲੇ ਦਿਨ ਸਵੇਰੇ ਨੌਜਵਾਨ ਜੱਟ ਮੁੰਡੇ ਦੀ ਕੋਠੀ ਵਲ ਗਿਆ ਤਾਂ ਉਹਦੇ ਨਾਲ ਬੜੇ ਪਿਆਰ ਤੇ ਹਿਤ ਨਾਲ ਪੇਸ਼ ਆਇਆ ਤਾਕਿ ਉਹ ਠੀਕ ਠੀਕ ਸਚੀਆਂ ਗੱਲਾਂ ਦਸ ਦੇਵੇ । ਉਹ ਭੋਲਾ ਭਾਲਾ ਮੂਰਖ ਤਾਂ ਸੀ ਹੀ । ਉਸ ਨਾਲ ਜਦ ਮੈਂ ਇਕ ਦੋ ਗੱਲਾਂ ਹਿਤ ਦੀਆਂ ਕੀਤੀਆਂ ਤਾਂ ਉਹਨੇ ਸਭ ਸਮਾਂਚਾਰ ਇਨ ਬਿਨ ਦਸ ਦਿਤੇ ਜੋ ਉਪਰ ਦਸੇ ਗਏ ਹਨ ਕਿ ਕਿਵੇਂ ਪੁਲੀਸ ਅਤੇ ਪੁਲੀਸ ਦਿਆਂ ਟਾਊਟਾਂ ਦੇ ਕਹਿਣ ਤੇ ਉਹਨੇ ਝੂਠਾ ਬਿਆਨ ਦਿਤਾ । ਨਿਰਦੋਸ਼ਾਂ ਨੂੰ ਫਸਾਇਆ ਅਤੇ ਉਹਨੂੰ ਜਲੇਬੀਆਂ ਤੇ ਲੱਡੂ ਖਵਾਏ ਗਏ ਆਦਿ । ਮੈਂ ਉਹਦੇ ਨਾਲ ਗੱਲਾਂ ਕਰ ਕੇ ਵਾਪਸ ਆਪਣੇ ਕਮਰੇ ਵਿਚ ਆਇਆ ਤਾਂ ਕੁਝ ਅਵਾਜ਼ਾਰੀ ਜਿਹੀ ਅਨੁਭਵ ਕਰ ਰਿਹਾ ਸਾਂ ਕਿਉਂਕਿ ਕਾਨੂੰਨ ਅਨੁਸਾਰ ਪੁਜ਼ੀਸ਼ਨ ਇਹ ਹੈ ਕਿ ਜੇਕਰ ਇਕ ਅਪਰਾਧੀ ਆਪਣੇ ਅਪਰਾਧ ਨੂੰ ਮੰਨਦਾ ਹੋਇਆ ਆਪਣੇ ਸਾਥੀ ਅਪਰਾਧੀਆਂ ਦਾ ਨਾਂ ਵੀ ਲੈਂਦਾ ਹੈ ਤਾਂ ਸਾਥੀ ਅਪਰਾਧੀ ਭਾਵੇਂ ਨਿਰਦੋਸ਼ ਹੋਣ ਉਹ ਵੀ ਦੋਸ਼ੀ ਜਾਣੇ ਜਾਂਦੇ ਹਨ ਕਿਉਂਕਿ ਇਕ ਮੈਜਿਸਟਰੇਟ ਜਾਂ ਜੱਜ ਉਸ ਦੋਸ਼ੀ ਦੇ ਸਾਰੇ ਦੇ ਸਾਰੇ ਬਿਆਨਾਂ ਤੇ ਭਰੋਸਾ ਕਰਨ ਲਈ ਮਜਬੂਰ ਹੈ — ਮੇਰੇ ਤੇ ਪੰਦਰਾਂ ਦੇ ਕਰੀਬ ਮੁਕੱਦਮੇ ਸਥਾਪਤ ਹੋਏ । ਜਿਥੋਂ ਤੋੜੀ ਫ਼ੌਜਦਾਰੀ ਮੁਕੱਦਮਿਆਂ ਦੇ ਡੀਫ਼ੈਂਸ ਦਾ ਪ੍ਰਸ਼ਨ ਹੈ ਸਾਧਾਰਨ ਵਕੀਲਾਂ ਤੋਂ ਮੈਂ ਵਧੇਰੇ ਮੁਕੱਦਮੇ ਦੀ ਬਣਤਰ ਨੂੰ ਸਮਝਦਾ ਹਾਂ ਅਤੇ ਇਹ ਮਜ਼ੇਦਾਰ ਵਰਣਨ ਹੈ ਕਿ ਹੋਸ਼ੰਗਾਬਾਦ ਵਾਲੇ ਮੁਕੱਦਮਾ ਨਵਾਬ ਭੂਪਾਲ ਬਨਾਮ ਐਡੀਟਰ "ਰਿਆਸਤ" ਵਿਚ ਛੇ ਸਾਲ ਵਕੀਲਾਂ ਦੀ ਪੈਰਵਾਈ ਕਰਨ ਪਿਛੋਂ ਆਖ਼ਰੀ ਬਹਿਸ ਐਡੀਟਰ "ਰਿਆਸਤ" ਨੇ ਆਪ ਕੀਤੀ ਕਿਉਂਕਿ ਐਡੀਟਰ "ਰਿਆਸਤ" ਦੇ ਵਕੀਲ ਰੁਝੇਵੇਂ ਕਾਰਨ ਉਸ ਦਿਨ ਪਹੁੰਚ ਨਾ ਸਕੇ । ਐਡੀਟਰ "ਰਿਆਸਤ" ਨੇ ਆਪਣੇ ਵਲੋਂ ਬਹਿਸ ਆਪ ਹੀ ਕੀਤੀ ਅਤੇ ਨਵਾਬ ਭੂਪਾਲ ਵਲੋਂ ਬਹਿਸ ਕਰਨ ਵਾਲੇ ਸਰ ਅਬਦੁਲ ਰਹਿਮਾਨ ਸਨ ਜਿਹੜੇ ਮਗਰੋਂ ਪੰਜਾਬ ਦੇ ਜੱਜ ਹਾਈਕੋਰਟ ਬਣੇ । ਬਹਿਸ ਮਗਰੋਂ ਮੈਜਿਸਟ੍ਰੇਟ ਮਿਸਟਰ ਰਾਡਰਕ ਨੇ ਕਿਹਾ "ਸਰਦਾਰ ਦੀਵਾਨ ਸਿੰਘ ਮੈਂ ਤੁਹਾਨੂੰ ਇਸ ਬਹਿਸ ਤੇ



Digitized by Panjab Digital Library | www.panjabdigilib.org

ਵਧਾਈ ਦਿੰਦਾ ਹਾਂ — ਇਸ ਤੋਂ ਚੰਗੇਰੀ ਬਹਿਸ ਕੋਈ ਵਕੀਲ ਵੀ ਨਹੀਂ ਕਰ ਸਕਦਾ। — ਮੈਂ ਆਪਣੇ ਕਮਰੇ ਵਿਚ ਪੁਜਾ ਤਾਂ ਸਾਰੇ ਹਾਲ ਤੇ ਵਿਚਾਰ ਕਰਦਾ ਰਿਹਾ ਅਤੇ ਸੋਚਦਾ ਰਿਹਾ ਕਿ ਅਸੀਂ ਲੋਕ ਅਖ਼ਬਾਰਾਂ ਵਿਚ ਦਾਅਵਾ ਤਾਂ ਕਰਦੇ ਹਾਂ, ਦੁਨੀਆਂ ਭਰ ਵਿਚੋਂ ਜ਼ੁਲਮਾਂ ਨੂੰ ਖ਼ਤਮ ਕਰਨ ਦੇ ਜਤਨ ਦਾ, ਪਰ ਇਹ ਜ਼ੁਲਮ ਸਾਹਮਣੇ ਹੋ ਰਿਹਾ ਹੈ। ਨਿਰਦੋਸ਼ ਬੰਦੇ ਫ਼ਾਂਸੀ ਤੇ ਟੰਗੇ ਜਾਣਗੇ। ਦਿਨ ਭਰ ਮੈਂ ਆਰਾਮ ਨਾਲ ਬਹਿ ਨਾ ਸਕਿਆ। ਕਦੀ ਦੋਹਾਂ ਨਿਰਦੋਸ਼ ਅਪਰਾਧੀਆਂ ਕੋਲ ਜਾ ਕੇ ਫਿਰ ਗੱਲਾਂ ਕਰਦਾ, ਕਦੀ ਵਾਪਸ ਆ ਕੇ ਸੋਚਦਾ। ਮੈਂ ਸੋਚਿਆ ਕਿ ਸੈਸ਼ਨ ਜੱਜ ਜਿਸ ਕੋਲ ਮੁਕੱਦਮਾ ਭੁਗਤਨ ਵਾਲਾ ਹੈ ਨੂੰ ਸਾਰੇ ਹਾਲ ਲਿਖ ਕੇ ਭੇਜ ਦਿਆਂ। ਫਿਰ ਵਿਚਾਰ ਆਇਆ ਕਿ ਇਸ ਲਿਖਣ ਦੀ ਕਾਨੂੰਨੀ ਹੈਸੀਅਤ ਕੁਝ ਵੀ ਨਾ ਹੋਵੇਗੀ। ਰਾਤ ਭਰ ਨੀਂਦ ਨਾ ਆਈ। ਸੋਚਦਾ ਰਿਹਾ ਕਿ ਕਿਹੜਾ ਕੰਮ ਕੀਤਾ ਜਾਏ। ਸਵੇਰੇ ਚਾਰ ਵਜੇ ਮੰਜੀ ਤੋਂ ਉਠਿਆ। ਟੱਟੀ ਗਿਆ। ਹੱਥ ਮੂੰਹ ਧੋਤਾ। ਅੰਗੀਠੀ ਵਿਚ ਕੋਇਲੇ ਭਖਾਏ। ਚਾਹ ਲਈ ਪਾਣੀ ਰਖਿਆ। ਗਲਾਸ ਵਿਚ ਦੁਧ ਦੇ ਪੌਡਰ ਤੋਂ ਦੁਧ ਤਿਆਰ ਕੀਤਾ। ਚਾਹ ਬਣਾਈ ਅਤੇ ਚਾਹ ਪੀ ਰਿਹਾ ਸਾਂ ਤਾਂ ਖ਼ਿਆਲ ਆਇਆ ਕਿ ਜਿਵੇਂ ਵੀ ਸੰਭਵ ਹੋਵੇ ਅਸਲੀ ਨੌਜਵਾਨ ਅਪਰਾਧੀ ਦਾ ਬਿਆਨ ਬਦਲਾਇਆ ਜਾਏ। ਨਿਰਦੋਸ਼ਾਂ ਨੂੰ ਫ਼ਾਂਸੀ ਦੀ ਰੱਸੀ ਤੋਂ ਬਚਾਉਣ ਦਾ ਕੇਵਲ ਇਹੀ ਤਰੀਕਾ ਹੈ ਕਿ ਅਸਲੀ ਅਪਰਾਧੀ ਆਪਣੇ ਬਿਆਨ ਬਦਲ ਦੇਵੇ।

ਜਦ ਦਿਨ ਚੜ੍ਹਿਆ। ਅਠ ਵਜੇ ਦਾ ਵੇਲਾ ਹੋਵੇਗਾ। ਮੈਂ ਸੈਰ ਦੇ ਪੱਜ ਟਹਿਲਦਾ ਟਹਿਲਦਾ ਨੌਜਵਾਨ ਅਪਰਾਧੀ ਕੋਲ ਪੁਜਾ। ਮੈਂ ਪੁਛਿਆ ਕਿ ਕੀ ਹਾਲ ਹੈ। ਉਹ ਬਹੁਤ ਪਰਸੰਨ ਸੀ ਕਿਉਂਕਿ ਪੁਲੀਸ ਦੇ ਆਖੇ ਅਨੁਸਾਰ ਉਸ ਨੂੰ ਇਹ ਭਰੋਸਾ ਸੀ ਕਿ ਕਤਲ ਕਰਨ ਵਾਲੇ ਨੂੰ ਡੰਡ ਨਹੀਂ ਮਿਲਦਾ ਕੇਵਲ ਵਰਗਲਾਉਣ ਵਾਲੇ ਨੂੰ ਹੀ ਮਿਲਦਾ ਹੈ। ਉਹ ਬਿਲਕੁਲ ਬਰੀ ਹੋ ਜਾਏਗਾ ਅਤੇ ਉਹਦੇ ਸਾਥੀ ਜੱਟ ਹੀ ਫਾਹੇ ਲਗਣਗੇ। ਉਹਨੇ ਉੱਤਰ ਦਿਤਾ ਕਿ ਮੌਜ ਵਿਚ ਹਾਂ। ਉਹ ਮੈਨੂੰ ਹਿਤੈਸ਼ੀ ਤੇ ਨਿਰਲੇਪ ਸਮਝਦਾ ਸੀ। ਮੈਂ ਉਹਨੂੰ ਕਿਹਾ ਪ੍ਰਮਾਤਮਾ ਕਰੇ ਤੂੰ ਛੁਟ ਜਾਵੇਂ, ਪਰ ਤੇਰੇ ਛੁਟਣ ਦਾ ਕੋਈ ਲਲ੍ਹ ਨਜ਼ਰ ਨਹੀਂ ਆਉਂਦਾ। ਤੂੰ ਜ਼ਰੂਰ ਫਾਹੇ ਲਗੇਂਗਾ। ਉਹ ਅਸਚਰਜ ਹੋ ਪੁਛਣ ਲੱਗਾ ਕਿ ਇਹ ਕਿਵੇਂ ਹੋ ਸਕਦਾ ਹੈ। ਮੈਂ ਕਿਹਾ ਕਿ ਤੈਨੂੰ ਕਾਨੂੰਨ ਦੀ ਵਾਕਫ਼ੀ ਨਹੀਂ, ਤੂੰ ਮੂਰਖ ਜੱਟ ਹੈਂ। ਪੁਲੀਸ ਦੇ ਚੱਕਰ ਵਿਚ ਆ ਗਿਆ ਏਂ। ਤੂੰ ਭਲਾ ਏਨਾ ਤਾਂ ਸੋਚ ਕਿ ਜਿਹੜਾ ਬੰਦਾ ਕਤਲ ਕਰਨ ਦਾ ਆਪ ਇਕਰਾਰ ਕਰਦਾ ਹੈ। ਕਦੀ ਬਰੀ ਹੋ ਸਕਦਾ ਹੈ ਅਤੇ ਅਦਾਲਤ ਉਹਨੂੰ ਕਦੀ ਛਡ ਸਕਦੀ ਹੈ। ਪੁਲੀਸ ਨੇ



Digitized by Panjab Digital Library | www.panjabdigilib.org

ਤਾਂ ਤੈਨੂੰ ਮੂਰਖ ਬਣਾਇਆ ਹੈ। ਮੇਰੀ ਗਲ ਸੁਣ ਕੇ ਉਹ ਸੋਚਣ ਲਗ ਗਿਆ। ਏਨੇ ਵਿਚ ਉਥੋਂ ਦਾ ਇਕ ਪੁਰਾਣਾ ਕੈਦੀ ਜਾ ਰਿਹਾ ਸੀ । ਮੈਂ ਉਹਨੂੰ ਕੋਲ ਸਦਿਆ ਅਤੇ ਉਹਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਜੱਟ ਕਿੰਨਾ ਖੋਤਾ ਹੈ। ਇਸ ਦਾ ਖ਼ਿਆਲ ਹੈ ਕਿ ਕਤਲ ਦਾ ਇਕਬਾਲੀ ਹੋ ਕੇ ਇਹ ਫ਼ਾਂਸੀ ਤੋਂ ਬਚ ਜਾਏਗਾ। ਪੁਰਾਣੇ ਕੈਦੀ ਵੀ ਮੁਕੱਦਮਿਆਂ ਦੀ ਰੂਪ ਰੇਖਾ ਤੋਂ ਜਾਣੂ ਹੁੰਦੇ ਹਨ। ਉਹਨੇ ਉੱਤਰ ਦਿਤਾ "ਸਰਦਾਰ ਜੀ ਅਜਿਹੇ ਖੋਤੇ ਹੀ ਤੇ ਫਾਹੇ ਲਗਦੇ ਹਨ। ਅਦਾਲਤਾਂ ਵਿਚ ਇਕਬਾਲ ਨਾ ਕਰਨ ਵਾਲੇ ਤਾਂ ਸਜ਼ਾ ਪਾ ਜਾਂਦੇ ਹਨ ਅਤੇ ਇਕਬਾਲ ਕਰਨ ਵਾਲਾ ਇਹ ਉਲੂ ਦਾ ਪੱਠਾ ਬਰੀ ਹੋ ਜਾਏਗਾ । ਇਹਨਾਂ ਲੋਕਾਂ ਦੀ ਅਜਿਹੀ ਹੀ ਹਾਲਤ ਹੈ। ਇਹ ਜੱਟ ਜੰਮਦੇ ਹੀ ਮੂਰਖ ਹੁੰਦੇ ਹਨ ।" ਇਸ ਪੁਰਾਣੇ ਕੈਦੀ ਦੀ ਰਾਏ ਸੁਣ ਕੇ ਨੌਜਵਾਨ ਜੱਟ ਦੀਆਂ ਅੱਖਾਂ ਵਿਚ ਅੱਥਰੂ ਡਲਕ ਆਏ ਅਤੇ ਉਹ ਮੇਰੇ ਪੈਰਾਂ ਤੇ ਡਿਗ ਪਿਆ ਤੇ ਕਿਹਾ "ਰੱਬ ਦੇ ਵਾਸਤੇ ਮੈਨੂੰ ਬਚਾਓ, ਮੈਂ ਮਰ ਜਾਂਵਾਂਗਾ।" ਮੈਂ ਉਹਨੂੰ ਕਿਹਾ ਤੇਰੇ ਬਚਣ ਦਾ ਕੋਈ ਹੱਲ ਹੈ ਤਾਂ ਕੇਵਲ ਇਕੋ ਹੀ ਕਿ ਤੂੰ ਜਦ ਸੈਸ਼ਨ ਕੋਰਟ ਵਿਚ ਜਾਵੇਂ ਤਾਂ ਭੁਬੀਂ ਭੁਬੀਂ ਰੋਣ ਲਗ ਪਵੀਂ ਅਤੇ ਸੈਸ਼ਨ ਜੱਜ ਨੂੰ ਆਖੀਂ ਕਿ ਤੂੰ ਬਿਲਕੁਲ ਨਿਰਦੋਸ਼ ਹੈਂ। ਪੁਲੀਸ ਦੇ ਆਖੇ ਤੇ ਤੂੰ ਝੂਠਾ ਬਿਆਨ ਦਿਤਾ ਹੈ । ਤੂੰ ਮੁੰਡੇ ਨੂੰ ਨਹੀਂ ਮਾਰਿਆ ਅਤੇ ਤੇਰਾ ਸਾਰਾ ਬਿਆਨ ਮਾਰ ਕੁਟ ਕੇ ਲਿਆ ਗਿਆ ਹੈ । ਮੇਰੀ ਇਸ ਰਾਏ ਨੂੰ ਸੁਣ ਕੇ ਪੁਰਾਣੇ ਕੈਦੀ ਨੇ ਕਿਹਾ ਕਿ ਹਾਂ ਇਹੋ ਹੀ ਤੇਰੇ ਬਚਾ ਦਾ ਢੰਗ ਚੰਗਾ ਹੈ। ਸੈਸ਼ਨ ਵਿਚ ਜਾ ਕੇ ਆਪਣੇ ਬਿਆਨਾਂ ਤੋਂ ਫਿਰ ਜਾਈਂ ਤਦੇ ਹੀ ਬਚ ਸਕੇਂਗਾ।

ਇਹ ਨੌਜਵਾਨ ਜਟ ਮੈਨੂੰ ਹਿਤੂ ਸਮਝਦਾ ਸੀ। ਮੇਰੀ ਗਲ ਉਹਦੇ ਦਿਲ ਲਗੀ ਅਤੇ ਉਹਨੇ ਵਾਹਦਾ ਕੀਤਾ ਕਿ ਮੈਂ ਜਿਵੇਂ ਕਿਹਾ ਹੈ ਉਦਾਂ ਹੀ ਉਹ ਕਰੇਗਾ। ਉਸ ਮੁੰਡੇ ਨੇ ਮੈਨੂੰ ਦਸਿਆ ਕਿ ਜਦ ਉਹ ਪੇਸ਼ੀ ਭੁਗਤਣ ਜਾਂਦਾ ਹੈ ਤਾਂ ਪੁਲੀਸ ਦੇ ਲੋਕ ਉਹਨੂੰ ਆਪਣੇ ਬਿਆਨ ਤੇ ਪਕਿਆਂ ਰਹਿਣ ਲਈ ਬੜੀ ਪਕੀ ਪਕਾਉਂਦੇ ਹਨ ਅਤੇ ਕਦੀ ਪਕੌੜੇ ਲੈ ਦਿੰਦੇ ਹਨ, ਕਦੀ ਮਿਠਾਈ ਅਤੇ ਉਹਨੂੰ ਕਹਿੰਦੇ ਹਨ ਕਿ ਫ਼ੈਸਲੇ ਦੇ ਦਿਨ ਤੂੰ ਸਾਫ਼ ਬਰੀ ਹੋ ਜਾਏਂਗਾ।

ਮੈਂ ਉਸ ਨੌਜਵਾਨ ਜੱਟ ਕੋਲ ਪ੍ਰਤੀ ਦਿਨ ਜਾਣਾ ਅਰੰਭ ਦਿਤਾ ਅਤੇ ਉਹਨੂੰ ਸਮਝਾ ਦਿਤਾ ਕਿ ਜਦ ਪੁਲੀਸ ਉਹਨੂੰ ਮਿਠਾਈ ਆਦਿ ਦੇਵੇ ਅਤੇ ਬਿਆਨਾਂ ਤੇ ਅੜਿਆਂ ਰਹਿਣ ਲਈ ਆਖੇ ਤਾਂ ਉਹ ਪੁਲੀਸ ਨੂੰ ਇਹੋ ਆਖਦਾ ਰਹੇ ਕਿ ਉਹ ਆਪਣੇ ਬਿਆਨਾਂ ਤੇ ਖਲੋਤਾ ਰਹੇਗਾ ਤਾਕਿ ਪੁਲੀਸ ਨੂੰ ਉਹਦੇ ਬਿਆਨ ਬਦਲਣ ਦੀ ਸੂਹ ਨਾ ਲਗੇ। ਇਸ ਪਰਕਾਰ ਉਹਨੇ ਇਵੇਂ ਹੀ ਕੀਤਾ । ਪੁਲੀਸ ਇਹੀ



Digitized by Panjab Digital Library | www.panjabdigilib.org

ਸਮਝਦੀ ਰਹੀ ਕਿ ਇਕਬਾਲੀ ਦੋਸ਼ੀ ਆਪਣੇ ਬਿਆਨਾਂ ਤੇ ਕਾਇਮ ਹੈ । ਉਹ ਮੈਨੂੰ ਹਰ ਪੇਸ਼ੀ ਦੇ ਹਾਲ ਦਸਦਾ ਰਿਹਾ ਅਤੇ ਮੈਂ ਵੀ ਉਹਨੂੰ ਚੰਗੀ ਤਰ੍ਹਾਂ ਪਕੀ ਕਰਦਾ ਰਿਹਾ ਅਤੇ ਤੋਤੇ ਵਾਂਗ ਪੜ੍ਹਾਉਂਦਾ ਰਿਹਾ।ਆਖਰ ਜਦ ਸੈਸ਼ਨ ਜੱਜ ਨੇ ਉਸਦਾ ਬਿਆਨ ਲੈਣਾ ਚਾਹਿਆ ਤਾਂ ਅਦਾਲਤ ਵਿਚ ਉਹ ਭੁਬੀਂ ਭੁਬੀਂ ਰੋਣ ਲਗ ਪਿਆ ਅਤੇ ਉਹਨੇ ਕਿਹਾ "ਹਜ਼ੂਰ ਮੈਂ ਖ਼ੂਨ ਨਹੀਂ ਕੀਤਾ ਅਤੇ ਨਾ ਹੀ ਮੈਨੂੰ ਖ਼ੂਨ ਦਾ ਪਤਾ ਹੈ ਕਿ ਕੀਹਨੇ ਕੀਤਾ ਹੈ । ਪੁਲੀਸ ਨੇ ਮਾਰ ਮਾਰ ਕੇ ਆਹੂ ਲਾਹ ਦਿਤੇ ਤੇ ਮੈਨੂੰ ਜੁਰਮ ਦਾ ਇਕਬਾਲੀ ਕਰਾਇਆ ਅਤੇ ਦੂਜੇ ਨਿਰਦੋਸ਼ ਲੋਕਾਂ ਬਾਰੇ ਬਿਆਨ ਲੈ ਲਿਆ । ਨਾ ਮੈਂ ਕਤਲ ਕੀਤਾ ਨਾ ਮੈਨੂੰ ਕਿਸੇ ਨੇ ਕਤਲ ਕਰਨ ਲਈ ਕਿਹਾ । ਅਸੀਂ ਤਿੰਨੇ ਹੀ ਬੇਗੁਨਾਹ ਹਾਂ । ਪਹਿਲਾ ਬਿਆਨ ਮੈਂ ਝੂਠਾ ਤੇ ਪੁਲੀਸ ਦੇ ਬਕਾਉਣ ਤੇ ਦਿਤਾ ਹੈ ।

ਸੈਸ਼ਨ ਜੱਜ ਨੇ ਇਹੀ ਬਿਆਨ ਲਿਖ ਲਿਆ । ਪੁਲੀਸ ਅਤੇ ਸਰਕਾਰੀ ਵਕੀਲ ਹੈਰਾਨ ਕਿ ਇਹ ਕੀ ਭਾਣਾ ਵਰਤ ਗਿਆ ।

ਇਕਬਾਲੀ ਬਿਆਨ ਦੀ ਕਾਨੂੰਨ ਅਨੁਸਾਰ ਪੁਜ਼ੀਸ਼ਨ ਇਹ ਹੈ ਕਿ ਜੇਕਰ ਇਕਬਾਲ ਪਿਛੋਂ ਮੁਲਜ਼ਮ ਆਪਣੇ ਬਿਆਨਾਂ ਤੋਂ ਫਿਰ ਜਾਏ ਤਾਂ ਕਈ ਹਾਲਤਾਂ ਵਿਚ ਇਸ ਦਾ ਬਿਆਨ ਇਸ ਦੇ ਵਿਰੁਧ ਵਰਤਿਆ ਜਾਂਦਾ ਹੈ, ਕਈ ਹਾਲਤਾਂ ਵਿਚ ਨਹੀਂ, ਪਰ ਸਾਥੀ ਮੁਲਜ਼ਮਾਂ ਦੇ ਵਿਰੁਧ ਤਾਂ ਇਹ ਬਿਲਕੁਲ ਹੀ ਵਰਤੋਂ ਵਿਚ ਨਹੀਂ ਆ ਸਕਦਾ । ਇਸ ਪਰਕਾਰ ਇਸ ਮੁਕੱਦਮੇ ਵਿਚ ਕਿਉਂਕਿ ਲੋਥ ਨੌਜਵਾਨ ਮੁਲਜ਼ਮ ਦੇ ਘਰੋਂ ਨਿਕਲੀ ਸੀ । ਸੈਸ਼ਨ ਜੱਜ ਨੇ ਇਸ ਨੂੰ ਤਾਂ ਉਮਰ ਕੈਦ ਦੀ ਸਜ਼ਾ ਦੇ ਦਿਤੀ, ਪਰ ਕਿਉਂਕਿ ਇਸ ਨੇ ਆਪਣੇ ਇਕਬਾਲੀ ਬਿਆਨਾਂ ਦਾ ਖੰਡਨ ਕੀਤਾ ਸੀ ਦੋਵੇਂ ਨਿਰਦੋਸ਼ ਮੁਲਜ਼ਮ ਬਰੀ ਕਰ ਦਿਤੇ ਗਏ ।

ਇਸ ਮੁਕੱਦਮੇ ਵਿਚ ਕਾਨੂੰਨ ਅਨੁਸਾਰ ਤਾਂ ਸ਼ਾਇਦ ਮੈਂ ਵੀ ਦੋਸ਼ੀ ਨੂੰ ਵਰਗਲਾਉਣ ਅਤੇ ਉਹਦਾ ਬਿਆਨ ਬਦਲਵਾਉਣ ਦਾ ਮੁਜਰਮ ਹਾਂ, ਪਰ ਜਿਥੋਂ ਤਕ ਸਦਾਚਾਰਕ ਕਰਤਵ ਪਾਲਣਾ ਦਾ ਪ੍ਰਸ਼ਨ ਹੈ ਮੈਂ ਕੋਈ ਜੁਰਮ ਨਹੀਂ ਕੀਤਾ ਸਗੋਂ ਮੈਂ ਖ਼ੁਸ਼ੀ ਅਤੇ ਫ਼ਖ਼ਰ ਅਨੁਭਵ ਕਰਦਾ ਹਾਂ ਕਿ ਮੈਂ ਦੋ ਨਿਰਦੋਸ਼ਾਂ ਨੂੰ ਫ਼ਾਂਸੀ ਦੇ ਤਖ਼ਤੇ ਤੋਂ ਬਚਾ ਕੇ ਆਪਣਾ ਕਰਤਬ ਪਾਲਣ ਕੀਤਾ ਅਤੇ ਭਵਿਖਤ ਜੀਵਨ ਵਿਚ ਵੀ ਜੇਕਰ ਕੋਈ ਅਜਿਹਾ ਸਮਾਂ ਆਇਆ, ਜਿਥੋਂ ਕਿ ਕਾਨੂੰਨ ਅਤੇ ਕਰਤਬ ਪਾਲਣ ਵਿਚੋਂ ਇਕ ਨੂੰ ਚੁਣਨਾ ਪਿਆ ਤਾਂ ਮੈਂ ਜ਼ਰੂਰ ਹੀ ਕਰਤਬ ਪਾਲਣ ਨੂੰ ਹੀ ਚੁਣਾਂਗਾ । ਕਾਨੂੰਨ ਦੀ ਕਦੀ ਪਰਵਾਹ ਨਹੀਂ ਕਰਾਂਗਾ । ਭਾਵੇਂ ਕਾਨੂੰਨ ਦੀ ਪਰਵਾਹ ਨਾ ਕਰਨ ਦੇ ਦੋਸ਼ ਵਿਚ ਕਾਨੂੰਨੀ ਪਕੜ ਵਿਚ ਹੀ ਕਿਉਂ ਨਾ ਆ ਜਾਵਾਂ ।



Digitized by Panjab Digital Library | www.panjabdigilib.org

# ਰਿਆਸਤਾਂ ਦੇ ਅਪਰਾਧ ਅਤੇ ਉਹਨਾਂ ਦੇ ਡੰਡ

ਰਿਆਸਤਾਂ ਵਿਚ ਹਰ ਅਫ਼ਸਰ ਅਤੇ ਅਹਿਲਕਾਰ ਦਾ ਘਰ ਝੋਲੀ ਚੁਕਾਂ ਦਾ ਕੇਂਦਰ ਹੁੰਦਾ ਸੀ ਅਤੇ ਸ਼ਾਇਦ ਇਕ ਵੀ ਅਫ਼ਸਰ ਜਾਂ ਅਹਿਲਕਾਰ ਅਜਿਹਾ ਨਾ ਹੋਵੇਗਾ ਜਿਸ ਦੇ ਘਰ ਹਰ ਰੋਜ਼ ਪੰਜ, ਸਤ, ਦਸ ਝੋਲੀ ਚੁਕ ਨਾ ਆਉਂਦੇ ਹੋਣ। ਇਹ ਝੋਲੀ ਚੁਕ ਨਾ ਕੋਈ ਇਸ ਅਫ਼ਸਰ ਤੋਂ ਤਨਖ਼ਾਹ ਲੈਂਦੇ ਹਨ, ਨਾ ਕੋਈ ਹੋਰ ਸਿਲਾ ਅਤੇ ਇਹ ਇਸ ਗਲ ਵਿਚ ਹੀ ਪਰਸੰਨ ਰਹਿੰਦੇ ਕਿ ਉਹਨਾਂ ਦਾ ਇਸ ਅਫ਼ਸਰ ਨਾਲ ਸੰਬੰਧ ਹੈ ਕਿਉਂਕਿ ਇਸ ਸੰਬੰਧ ਦੇ ਕਾਰਨ ਆਮ ਲੋਕਾਂ ਤੇ ਖ਼ੁਸ਼ਾਮਦੀ ਦਾ ਕੁਝ ਰੋਹਬ ਜਿਹਾ ਰਹਿੰਦਾ।

ਮੈਂ ਜਦ ਰਿਆਸਤ ਨਾਭੇ ਵਿਚ ਨੌਕਰ ਹੋਇਆ ਅਤੇ ਲੋਕਾਂ ਨੂੰ ਪਤਾ ਲਗਾ ਕਿ ਮਹਾਰਾਜਾ ਨੇ ਮੈਨੂੰ ਨਿਜੀ ਮਿਤ੍ਰਤਾ ਦੇ ਸੰਬੰਧਾਂ ਕਾਰਨ ਹੀ ਨੌਕਰੀ ਦਿਤੀ ਹੈ ਤਾਂ ਮੇਰੇ ਘਰ ਵੀ ਕੁਝ ਝੋਲੀ ਚੁਕਾਂ ਨੇ ਆਉਣਾ ਅਰੰਭਿਆ। ਇਹ ਲੋਕ ਦਿਨ ਵਿਚ ਇਕ ਅਧ ਵਾਰ ਜਾਂ ਦੂਜੇ ਤੀਜੇ ਦਿਨ ਆਉਂਦੇ। ਕੋਈ ਕੰਮ ਨਹੀਂ। ਕੋਈ ਗਲ ਨਹੀਂ। ਕੋਈ ਇੱਛਾ ਨਹੀਂ ਕੇਵਲ ਆਏ ਸਾਹਬ ਸਲਾਮ ਕੀਤੀ। ਬੈਠੇ, ਸ਼ਹਿਰ ਦੇ ਹਾਲ ਦਸੇ ਮੇਰੇ ਸਾਹਮਣੇ ਮੇਰੀ ਉਪਮਾ ਕੀਤੀ। ਆਪਣਾ ਤੇ ਮੇਰਾ ਸਮਾਂ ਨਸ਼ਟ ਕੀਤਾ ਅਤੇ ਤੁਰ ਗਏ। ਇਹਨਾਂ ਲੋਕਾਂ ਵਿਚ ਮਹਾਰਾਜਾ ਦੀ ਰਸੋਈ ਦਾ ਇਕ ਸਰਕਾਰੀ ਰਸੋਈਆ ਹਰੀ ਸਿੰਘ — ਮੇਰਾ ਖ਼ਿਆਲ ਹੈ ਕਿ ਇਹੀ ਨਾਂ ਸੀ, ਜੇਕਰ ਮੈਂ ਭੁਲ ਨਹੀਂ ਗਿਆ — ਵੀ ਸੀ ਜੋ ਦੂਜੇ ਤੀਜੇ ਦਿਨ ਮੇਰੇ ਕੋਲ ਆਉਂਦਾ। ਮਹਾਰਾਜਾ ਦੇ ਹਾਲ ਸੁਣਾਉਂਦਾ ਅਤੇ ਸ਼ਹਿਰ ਬਾਰੇ ਗੱਲਾਂ ਦਸਦਾ। ਇਹ ਖਾਣਾ ਬਣਾਉਣ ਵਿਚ ਬੜਾ ਤਾਕ ਸੀ। ਭਾਰਤੀ ਤੇ ਅੰਗਰੇਜ਼ੀ ਹਰ ਪਰਕਾਰ ਦਾ ਖਾਣਾ ਬਣਾ ਸਕਦਾ ਸੀ। ਉਹ ਕਦੀ ਕਦੀ ਮੇਰੇ ਘਰ ਆ ਕੇ ਮੇਰੇ ਲਈ ਖਾਣੇ ਦੀ ਇਕ ਅਧ ਚੰਗੀ ਡਿਸ਼ ਵੀ ਤਿਆਰ ਕਰਦਾ। ਇਸ ਪਰਕਾਰ ਮੈਂ ਉਸ ਤੋਂ ਫਰੈਂਚ ਟੋਸਟ ਅਤੇ ਦੋ ਚਾਰ ਦੂਜੇ ਅੰਗਰੇਜ਼ੀ ਖਾਣੇ ਬਣਾਉਣੇ ਵੀ ਸਿਖ ਲਏ। ਮੈਂ ਉਸਦਾ ਬੜਾ ਲਿਹਾਜ਼ ਕਰਦਾ ਅਤੇ ਉਹ ਮੇਰਾ। ਕਿਉਂਕਿ ਇਹ ਮਹਾਰਾਜਾ ਦਾ ਰਸੋਈਆ ਸੀ। ਮੈਨੂੰ ਖ਼ਿਆਲ ਸੀ ਕਿ ਅਜਿਹੇ ਲੋਕ ਜੇਕਰ ਵਿਰੁਧ ਹੋਣ ਤਾਂ ਮਹਾਰਾਜੇ ਕੋਲ ਬਦਖੋਈ ਕਰ ਕੇ ਮਹਾਰਾਜੇ ਨੂੰ ਵਿਰੁਧ ਕਰ ਸਕਦੇ ਹਨ। ਉਸ ਨੂੰ ਇਹ ਖ਼ਿਆਲ ਸੀ ਕਿ ਮਹਾਰਾਜਾ ਨਾਲ ਮੇਰਾ ਨਿਜੀ ਸੰਬੰਧ ਹੈ ਸ਼ਾਇਦ ਮੈਂ ਇਸ ਦੀ ਤਰੱਕੀ ਲਈ ਮਹਾਰਾਜਾ ਕੋਲ ਕਦੀ ਸਫ਼ਾਰਸ਼ ਕਰਾਂ ਅਤੇ ਉਹਦੇ ਲਈ ਲਾਭਦਾਇਕ ਸਿਧ ਹੋਵਾਂ।

ਇਹ ਮੇਰੇ ਕੋਲ ਕਈ ਮਹੀਨਿਆਂ ਤਕ ਆਉਂਦਾ ਰਿਹਾ। ਇਸ



Digitized by Panjab Digital Library | www.panjabdigilib.org

ਪਿਛੋਂ ਗਰਮੀਆਂ ਅਰੰਭ ਹੋਣ ਤੇ ਮਹਾਰਾਜਾ ਮਨਸੂਰੀ ਪਹਾੜ ਤੇ ਚਲੇ ਗਏ। ਤਾਂ ਇਹ ਵੀ ਸਟਾਫ਼ ਨਾਲ ਉਥੇ ਗਿਆ । ਮਹਾਰਾਜਾ ਮਨਸੂਰੀ ਵਿਚ ਆਮ ਤੌਰ ਤੇ ਅਠ ਨੌ ਮਹੀਨੇ ਰਹਿੰਦੇ ਸਨ। ਭਾਵ ਮਾਰਚ ਵਿਚ ਜਾਂਦੇ ਅਤੇ ਅਕਤੂਬਰ ਜਾਂ ਨਵੰਬਰ ਵਿਚ ਵਾਪਸ ਨਾਭੇ ਆਉਂਦੇ । ਜਿਸਦਾ ਸਿੱਟਾ ਇਹ ਹੁੰਦਾ ਕਿ ਸਰਕਾਰੀ ਸਟਾਫ਼ ਦੇ ਲੋਕ ਏਨਾ ਲੰਮਾ ਚਿਰ ਆਪਣੇ ਸ਼ਹਿਰ ਅਤੇ ਬਾਲ ਬੱਚਿਆਂ ਤੋਂ ਦੂਰ ਰਹਿ ਕੇ ਤੰਗ ਆ ਜਾਂਦੇ ਅਤੇ ਜੇਕਰ ਕਿਸੇ ਨੂੰ ਛੁਟੀ ਮਿਲਦੀ ਜਾਂ ਸਰਕਾਰੀ ਕੰਮ ਲਈ ਨਾਭੇ ਆਉਂਦਾ ਤਾਂ ਉਹ ਇਹ ਨਿਆਮਤ ਸਮਝਦਾ । ਮਨਸੂਰੀ ਵਿਚ ਮਹਾਰਾਜਾ ਦੇ ਰਸੋਈ ਘਰ ਵਿਚੋਂ ਇਕ ਚਮਚਾ ਅਤੇ ਖਾਣਾ ਖਾਣ ਦਾ ਇਕ ਕਾਂਟਾ ਗਵਾਚ ਗਿਆ। ਇਸ ਚਮਚੇ ਅਤੇ ਕਾਂਟੇ ਦੇ ਗਵਾਚਣ ਬਾਰੇ ਮਹਾਰਾਜਾ ਦੇ ਇਕ ਨਫ਼ਰ — ਪੰਜਾਬ ਦੀਆਂ ਸਿਖ ਰਿਆਸਤਾਂ ਵਿਚ ਨਿੱਜੀ ਸੇਵਾ ਕਰਨ ਵਾਲੇ ਬੈਰਾ, ਬੁਆਏ ਜਾਂ ਨੌਕਰ ਨੂੰ ਨਫ਼ਰ ਆਖਦੇ ਸਨ — ਨੇ ਮਹਾਰਾਜੇ ਕੋਲ ਸ਼ਕਾਇਤ ਕੀਤੀ ਕਿ ਇਕ ਚਮਚਾ ਅਤੇ ਇਕ ਕਾਂਟਾ ਗੁੰਮ ਹੈ ਅਤੇ ਉਹਨੂੰ ਸ਼ੱਕ ਹੈ ਕਿ ਇਸ ਚਮਚੇ ਅਤੇ ਕਾਂਟੇ ਦੀ ਚੋਰੀ ਹਰੀ ਸਿੰਘ ਰਸੋਈਏ ਨੇ ਕੀਤੀ ਹੈ। ਨਫ਼ਰ ਦਾ ਇਹ ਆਖਣਾ ਸੀ ਕਿ ਮਹਾਰਾਜਾ ਗੁੱਸੇ ਅਤੇ ਜੋਸ਼ ਵਿਚ ਆ ਗਏ। ਸਰਕਾਰੀ ਸਾਮਾਨ ਦੀ ਚੋਰੀ ਮਹਾਰਾਜੇ ਦੇ ਕੋਲ ਰਹਿਣ ਵਾਲਾ ਸਰਕਾਰੀ ਨੌਕਰ ਕਰੇ। ਮਨਸੂਰੀ ਅੰਗਰੇਜ਼ੀ ਇਲਾਕੇ ਵਿਚ ਸੀ । ਉਹ ਮਹਾਰਾਜੇ ਦੀ ਹਦੂਦ ਅੰਦਰ ਨਹੀਂ ਸੀ । ਮਹਾਰਾਜਾ ਵਧ ਤੋਂ ਵਧ ਇਹ ਕਰ ਸਕਦੇ ਸਨ ਕਿ ਅੰਗਰੇਜ਼ੀ ਪੁਲੀਸ ਨੂੰ ਰਿਪੋਰਟ ਕਰਦੇ ਅਤੇ ਪੁਲੀਸ ਇਸ ਚੋਰੀ ਬਾਰੇ ਪੜਤਾਲ ਕਰਦੀ, ਪਰ ਮਹਾਰਾਜੇ ਨੂੰ ਇਹ ਕਿਵੇਂ ਪਰਵਾਨ ਹੋ ਸਕਦਾ ਸੀ ਕਿ ਅੰਗਰੇਜ਼ੀ ਪੁਲੀਸ ਨਾਭੇ ਦੇ ਸ਼ਾਹੀ ਮਹੱਲ ਵਿਚ ਆ ਕੇ ਪੜਤਾਲ ਕਰੇ, ਇਹ ਤਾਂ ਬੜੀ ਹੱਤਕ ਸੀ। ਆਖ਼ਰ ਕੁਝ ਚਿਰ ਸੋਚਣ ਪਿਛੋਂ ਮਹਾਰਾਜਾ ਨੇ ਸਰਦਾਰ ਕਾਹਲਾ ਸਿੰਘ ਇਨਸਪੈਕਟਰ ਜਨਰਲ ਪੁਲੀਸ ਨਾਭਾ ਦੇ ਨਾਂ ਇਕ ਖ਼ਤ ਲਿਖਿਆ ਜਿਸ ਵਿਚ ਅੰਕਿਤ ਕਿ ਇਸ ਖ਼ਤ ਲਿਆਉਣ ਵਾਲੇ ਹਰੀ ਸਿੰਘ ਨੇ ਸਰਕਾਰੀ ਸਾਮਾਨ ਦੀ ਚੋਰੀ ਕੀਤੀ ਹੈ ਇਸ ਨੂੰ ਦੂਜੇ ਹੁਕਮ ਦੀ ਆਵੰਦ ਤਕ ਜੇਲ ਭੇਜ ਦਿਤਾ ਜਾਏ। ਮਹਾਰਾਜਾ ਨੇ ਇਹ ਖ਼ਤ ਲਿਖ ਕੇ ਲਫ਼ਾਫ਼ੇ ਵਿਚ ਬੰਦ ਕੀਤਾ ਅਤੇ ਲਫ਼ਾਫ਼ੇ ਤੇ ਲਾਲ ਲਾਖ਼ ਨਾਲ ਮੋਹਰਾਂ ਲਾਈਆਂ ਅਤੇ ਲਫ਼ਾਫ਼ਾ ਤਿਆਰ ਹੋਣ ਤੇ ਹਰੀ ਸਿੰਘ ਨੂੰ ਬੁਲਾਇਆ ਅਤੇ ਹੁਕਮ ਦਿਤਾ ਕਿ ਇਹ ਖ਼ਤ ਲੈ ਕੇ ਇਕ ਦਮ ਨਾਭੇ ਚਲੇ ਜਾਓ। ਜ਼ਰੂਰੀ ਕੰਮ ਹੈ ਅਤੇ ਇਹ ਖ਼ਤ ਸਰਦਾਰ ਕਾਹਲਾ ਸਿੰਘ ਇਨਸਪੈਕਟਰ ਜਨਰਲ ਪੁਲੀਸ ਨੂੰ ਪਹੁੰਚਾਓ । ਹਰੀ ਸਿੰਘ ਇਸ ਹੁਕਮ ਨੂੰ ਸੁਣ ਕੇ ਬੜਾ ਪਰਸੰਨ ਹੋਇਆ ਕਿਉਂਕਿ ਕਈ ਮਹੀਨਿਆਂ



Digitized by Panjab Digital Library | www.panjabdigilib.org

ਪਿਛੋਂ ਸਰਕਾਰੀ ਸਫ਼ਰ ਖ਼ਰਚ ਤੇ ਨਾਭੇ ਜਾ ਰਿਹਾ ਸੀ। ਇਕ ਦੋ ਦਿਨ ਉਥੇ ਆਪਣੇ ਘਰ ਰਹਿ ਕੇ ਵਹੁਟੀ, ਬੱਚਿਆਂ ਨੂੰ ਮਿਲੇਗਾ। ਉਸ ਨੇ ਲਫ਼ਾਫ਼ੇ ਨੂੰ ਬੜੇ ਧਿਆਨ ਨਾਲ ਪਹਿਲਾਂ ਇਕ ਕਾਗਜ਼ ਵਿਚ ਵਲ੍ਹੇਟਿਆ ਅਤੇ ਫੇਰ ਉਸ ਨੂੰ ਕਪੜੇ ਵਿਚ ਤਾਕਿ ਇਹ ਮੈਲਾ ਨਾ ਹੋ ਜਾਏ ਅਤੇ ਸੰਭਾਲ ਨਾਲ ਨਾਭੇ ਪਹੁੰਚ ਸਕੇ। ਇਸ ਪ੍ਰਕਾਰ ਇਹ ਮਨਸੂਰੀ ਤੋਂ ਆਪਣਾ ਟਰੰਕ ਬਿਸਤਰਾ ਲੈ ਕੇ ਤੁਰ ਪਿਆ। ਡੇਹਰਾਦੂਨ ਤਕ ਡਾਂਡੀ — ਉਨ੍ਹਾਂ ਦਿਨਾਂ ਵਿਚ ਮਨਸੂਰੀ ਤਕ ਮੋਟਰਾਂ ਨਹੀਂ ਸਨ ਜਾਂਦੀਆਂ। ਰਾਜਪੁਰੇ ਤੋਂ ਮਨਸੂਰੀ ਤਕ ਡਾਂਡੀ ਜਾਂਦੀ ਸੀ ਜਿਸ ਨੂੰ ਚਾਰ ਜਾਂ ਛੇ ਆਦਮੀ ਚੁਕਿਆ ਕਰਦੇ ਸਨ — ਵਿਚ ਗਿਆ। ਡੇਹਰਾਦੂਨ ਤੋਂ ਰੇਲ ਵਿਚ ਸਵਾਰ ਹੋ ਕੇ ਅਗਲੇ ਦਿਨ ਸਵੇਰੇ ਨਾਭੇ ਪਹੁੰਚ ਗਿਆ। ਨਾਭਾ ਰੇਲਵੇ ਸਟੇਸ਼ਨ ਤੇ ਉਤਰਿਆ ਤਾਂ ਪਹਿਲਾਂ ਸਿੱਧਾ ਇਨਸਪੈਕਟਰ ਜਨਰਲ ਪੁਲੀਸ ਸਰਦਾਰ ਕਾਹਲਾ ਸਿੰਘ ਦੇ ਮਕਾਨ ਤੇ ਗਿਆ ਤਾਕਿ ਸਰਕਾਰੀ ਲਫ਼ਾਫ਼ੇ ਨੂੰ ਪਹਿਲਾਂ ਉਥੇ ਪਹੁੰਚਾ ਦੇਵੇ ਅਤੇ ਫਿਰ ਆਪਣੇ ਘਰ ਜਾਵੇ ਤਾਕਿ ਸਰਕਾਰੀ ਕੰਮ ਵਿਚ ਹਰਜ ਨਾ ਹੋਵੇ ਕਿਉਂਕਿ ਮਹਾਰਾਜੇ ਨੇ ਕਿਹਾ ਸੀ ਕਿ ਇਹ ਲਫ਼ਾਫ਼ਾ ਬੜਾ ਜ਼ਰੂਰੀ ਹੈ। ਇਹ ਵਿਚਾਰਾ ਸਰਦਾਰ ਕਾਹਲਾ ਸਿੰਘ ਦੇ ਮਕਾਨ ਤੇ ਪਹੁੰਚਾ ਤਾਂ ਉਸ ਨੇ ਨੌਕਰ ਰਾਹੀਂ ਸਰਦਾਰ ਸਾਹਿਬ ਦੀ ਸੇਵਾ ਵਿਚ ਆਪਣੇ ਮਨਸੂਰੀ ਤੋਂ ਆਉਣ ਅਤੇ ਇਕ ਜ਼ਰੂਰੀ ਲਫਾਫ਼ਾ ਲਿਆਉਣ ਦੀ ਖ਼ਬਰ ਦਿਤੀ। ਮੁਲਾਜ਼ਮ ਨੇ ਸਰਦਾਰ ਸਾਹਿਬ ਨੂੰ ਸੂਚਿਤ ਕੀਤਾ ਤਾਂ ਸਰਦਾਰ ਸਾਹਿਬ ਨੇ ਹਰੀ ਸਿੰਘ ਨੂੰ ਮਕਾਨ ਦੇ ਅੰਦਰ ਬੁਲਾ ਲਿਆ। ਹਰੀ ਸਿੰਘ ਨੇ ਬੜੇ ਸਤਿਕਾਰ ਨਾਲ ਸਰਦਾਰ ਸਾਹਿਬ ਨੂੰ ਖ਼ਤ ਦਿਤਾ। ਸਰਦਾਰ ਸਾਹਿਬ ਨੇ ਖ਼ਤ ਖੋਹਲਿਆ ਅਤੇ ਪੜ੍ਹਿਆ ਤਾਂ ਉਹਨਾਂ ਨੇ ਆਪਣੇ ਨੌਕਰ ਨੂੰ ਕਿਹਾ ਕਿ ਬਾਹਰ ਪਹਿਰੇ ਤੇ ਪੁਲੀਸ ਦਾ ਸਿਪਾਹੀ ਹੈ — ਸਰਦਾਰ ਸਾਹਿਬ ਦੇ ਮਕਾਨ ਦੇ ਪੁਲੀਸ ਦਾ ਦਿਨ ਰਾਤ ਪਹਿਰਾ ਰਹਿੰਦਾ ਸੀ — ਉਸ ਨੂੰ ਬੁਲਾਓ। ਨੌਕਰ ਸਿਪਾਹੀ ਨੂੰ ਬੁਲਾ ਲਿਆਇਆ। ਜਦ ਸਿਪਾਹੀ ਆਇਆ ਤਾਂ ਸਰਦਾਰ ਸਾਹਿਬ ਨੇ ਸਿਪਾਹੀ ਨੂੰ ਹੁਕਮ ਦਿਤਾ ਕਿ ਹਰੀ ਸਿੰਘ ਨੂੰ ਹਥਕੜੀ ਲਾ ਲਓ। ਹਰੀ ਸਿੰਘ ਅਸਚਰਜ ਕਿ ਮਾਮਲਾ ਕੀ ਹੈ। ਉਹ ਭਰੋਸੇ ਦਾ ਪਾਤਰ ਸਮਝਿਆ ਜਾ ਕੇ ਮਨਸੂਰੀ ਤੋਂ ਕਾਨਫ਼ੀਡੈਂਸ਼ਲ ਖ਼ਤ ਲਿਆਇਆ ਹੈ ਅਤੇ ਏਥੇ ਗ੍ਰਿਫ਼ਤਾਰੀ ਹੋ ਗਈ। ਇਹ ਗ਼ਰੀਬ ਰੋਣ ਲਗਾ। ਇਨਸਪੈਕਟਰ ਜਨਰਲ ਪੁਲੀਸ ਨੇ ਦਰੋਗਾ ਜੇਲ੍ਹ ਦੇ ਨਾਂ ਰੋਬਕਾਰ ਲਿਖੀ ਕਿ ਮੁਲਜ਼ਮ ਹਰੀ ਸਿੰਘ ਆਗਿਆ ਅਨੁਸਾਰ ਸ੍ਰੀ ਹਜ਼ੂਰ ਮਹਾਰਾਜਾ ਸਾਹਿਬ ਮਾਲਵਿੰਦਰ ਬਹਾਦਰ ਜੇਲ ਵਿਚ ਭੇਜਿਆ ਜਾਂਦਾ ਹੈ ਇਸ ਨੂੰ ਅਗਲੇ ਹੁਕਮ ਦੀ ਆਵੰਦ ਤਕ ਕੈਦ ਰਖਿਆ ਜਾਏ। ਪੁਲੀਸ ਸਿਪਾਹੀ ਇਸ ਰੋਬਕਾਰ ਅਤੇ



Digitized by Panjab Digital Library | www.panjabdigilib.org

ਹਰੀ ਸਿੰਘ ਨੂੰ ਲੈ ਕੇ ਜੇਲ ਗਿਆ ਅਤੇ ਹਰੀ ਸਿੰਘ ਆਪਣੇ ਘਰ ਵਿਚ ਬਾਲ ਬੱਚਿਆਂ ਨੂੰ ਮਿਲਣ ਦੀ ਥਾਂ ਜੇਲ ਦੇ ਦਰੋਗੇ ਸਾਹਮਣੇ ਹਾਜ਼ਰ ਕਰ ਦਿਤਾ ਗਿਆ। ਜਿਸ ਨੇ ਕਾਂਟਾ ਅਤੇ ਚਮਚੇ ਦੀ ਚੋਰੀ ਦੇ ਸ਼ਾਹੀ ਮੁਲਜ਼ਮ ਨੂੰ ਬਿਨਾਂ ਮੁਕੱਦਮਾ, ਚਲਾਏ, ਬਗੈਰ ਸਜ਼ਾ, ਬਗ਼ੈਰ ਅਪੀਲ ਜਾਂ ਬਿਨਾਂ ਕਿਸੇ ਕਾਨੂੰਨੀ ਸਲਾਹ ਜਾਂ ਫ਼ੈਸਲੇ ਦੇ ਕੈਦੀਆਂ ਦੇ ਡਰਬੇ ਵਿਚ ਦਾਖ਼ਲ ਕਰ ਦਿਤਾ। ਜਿਥੇ ਕਿ ਇਹ ਵਿਚਾਰਾ ਉਸੇ ਹਾਲਤ ਵਿਚ ਉਸ ਦਿਨ ਤਕ ਕੈਦ ਰਿਹਾ ਜਦ ਤਕ ਕਿ ਮਹਾਰਾਜਾ ਦੇ ਹਟਾਏ ਜਾਣ ਪਿਛੋਂ ਅੰਗਰੇਜ਼ ਐਡਮਨਿਸਟ੍ਰੇਟਰ ਨਾਭੇ ਵਿਚ ਨਹੀਂ ਪਹੁੰਚ ਗਿਆ ਅਤੇ ਇਸੇ ਪ੍ਰਕਾਰ ਦੇ ਬਿਨਾਂ ਕਿਸੇ ਮੁਕੱਦਮੇ ਦੇ ਕੈਦ ਕੀਤੇ ਗਏ ਅੱਸੀਆਂ ਦੇ ਕਰੀਬ ਦੂਜੇ ਸ਼ਾਹੀ ਕੈਦੀ ਰਿਹਾ ਨਹੀਂ ਕੀਤੇ ਗਏ।

ਹਰੀ ਸਿੰਘ ਨੇ ਆਪਣੀ ਕੈਦ ਦੇ ਦਿਨਾਂ ਵਿਚ ਮੇਰੇ ਕੋਲ ਕਈ ਵਾਰ ਜੇਲ੍ਹ ਚੋਂ ਸੁਨੇਹੇ ਭੇਜੇ, ਜਿਸ ਵਿਚ ਉਹਨੇ ਗੁਰੂ ਗ੍ਰੰਥ ਸਾਹਿਬ ਦੀਆਂ ਸਹੁੰਆਂ ਖਾਧੀਆਂ ਕਿ ਉਹਨੂੰ ਚਮਚੇ ਤੇ ਕਾਂਟੇ ਦਾ ਕੋਈ ਪਤਾ ਨਹੀਂ। ਉਹ ਨਿਰਦੋਸ਼ ਹੈ ਅਤੇ ਉਸ ਦੀ ਰਿਹਾਈ ਲਈ ਮੈਂ ਮਹਾਰਾਜੇ ਕੋਲ ਸਫ਼ਾਰਸ਼ ਕਰਾਂ, ਪਰ ਮੈਂ ਲਾਚਾਰ ਸਾਂ, ਮਹਾਰਾਜੇ ਨੂੰ ਕੋਈ ਕੀ ਆਖ ਸਕਦਾ ਸੀ ਜਿਸ ਹਾਲਤ ਵਿਚ ਕਿ ਸਾਰੀ ਰਿਆਸਤ ਦਾ ਇਕ ਮੁਲਾਜ਼ਮ ਜਾਂ ਇਕ ਅਹਿਲਕਾਰ ਵੀ ਅਜਿਹਾ ਨਹੀਂ ਸੀ ਜੋ ਇਸ ਭਰੋਸੇ ਨਾਲ ਰਾਤ ਨੂੰ ਸੌਂਦਾ ਹੋਵੇ ਕਿ ਅਗਲੀ ਭਲਕ ਜਦ ਸੂਰਜ ਚੜ੍ਹੇਗਾ ਤਾਂ ਉਹ ਉਸ ਵੇਲੇ ਆਪਣੇ ਬਿਸਤਰੇ ਵਿਚ ਹੀ ਹੋਵੇਗਾ, ਜੇਲ੍ਹ ਵਿਚ ਨਹੀਂ ਹੋਵੇਗਾ। ਭਾਵ ਇਕ ਆਦਮੀ ਵੀ ਸਾਰੇ ਮੁਲਾਜ਼ਮਾਂ ਵਿਚ ਅਜਿਹਾ ਨਹੀਂ ਸੀ ਭਾਵੇਂ ਉਹ ਕਿੰਨਾ ਵੀ ਨਿਰਦੋਸ਼ ਅਤੇ ਮਾਸੂਮ ਕਿਉਂ ਨਾ ਹੋਵੇ ਜੋ ਆਪਣੇ ਆਪ ਨੂੰ ਖ਼ਤਰੇ ਵਿਚ ਨਾ ਸਮਝਦਾ ਹੋਵੇ।

ਇਹ ਤਾਂ ਰਿਆਸਤ ਨਾਭੇ ਦੀ ਇਕ ਘਟਨਾ ਹੈ ਜਿਸ ਦਾ ਮੈਨੂੰ ਨਿੱਜੀ ਗਿਆਨ ਹੈ, ਪਰ ਭਾਰਤ ਦੀਆਂ ਛੇ ਸੌ ਰਿਆਸਤਾਂ ਵਿਚ ਸ਼ਾਇਦ ਹੀ ਕੋਈ ਅਜਿਹੀ ਰਿਆਸਤ ਹੋਵੇਗੀ ਜਿਸ ਵਿਚ ਇਸ ਪ੍ਰਕਾਰ ਦੇ ਝੂਠੇ, ਨਿਰਆਧਾਰ ਅਤੇ ਨਿਰਮੂਲ ਮੁਕੱਦਮੇ ਨਾ ਬਣਾਏ ਜਾਂਦੇ ਹੋਣ ਅਤੇ ਸਰਕਾਰੀ ਮੁਲਾਜ਼ਮ ਜਾਂ ਪਰਜਾ ਦੇ ਲੋਕ ਰਿਆਸਤ ਦੇ ਰਾਜੇ ਦੀ ਨਾਰਾਜ਼ਗੀ ਅਤੇ ਕ੍ਰੋਧ ਦਾ ਸ਼ਿਕਾਰ ਹੁੰਦੇ ਹੋਏ "ਅਗਲੇ ਹੁਕਮ ਦੀ ਆਵੰਦ ਤਕ" ਜੇਲ੍ਹਾਂ ਵਿਚ ਨਾ ਭੇਜ ਦਿਤੇ ਜਾਂਦੇ ਹੋਣ। ਰਿਆਸਤਾਂ ਦੀ ਅਜਿਹੀ ਹਾਲਤ ਵਿਚ ਇਹ ਇੱਛਾ ਕਰਨੀ ਕਿ ਰਿਆਸਤਾਂ ਦੀ ਲਾਹਨਤ ਭਾਰਤ ਵਿਚ ਸਦਾ ਟਿਕੀ ਰਹੇ ਹਦੋਂ ਪਰੇ ਮੂਰਖਤਾ ਸੀ। ਜੇਕਰ ਮਨੁੱਖਾਂ ਦੀ ਸ਼ਹਿਰੀ ਸੁਤੰਤਰਤਾ ਦੀ ਸੰਸਾਰ ਭਰ ਵਿਚ ਕੋਈ ਹੋਂਦ ਹੈ ਤਾਂ ਰਿਆਸਤਾਂ ਨੂੰ ਸਦਾ ਲਈ ਖ਼ਤਮ ਕਰ ਦਿਤਾ ਜਾਣਾ ਹੀ ਚੰਗੇਰਾ ਸੀ।

# ਖ਼ਾਨਦਾਨੀ ਵਡੱਪਣ ਤੇ ਘੁਮੰਡ ਨਾ ਕਰੋ

ਮੇਰੇ ਪਤਰਕਾਰੀ ਧੰਦੇ ਨੂੰ ਅਪਨਾਉਣ ਤੋਂ ਪਹਿਲੇ ਸਮਿਆਂ ਦੀ ਗਲ ਹੈ। ਮੈਂ "ਖ਼ਾਲਸਾ ਅਖ਼ਬਾਰ" ਤੋਂ ਵਖ ਹੋ ਚੁਕਾ ਸਾਂ ਅਤੇ ਲਾਹੌਰ ਦੇ ਕਈ ਨਿਕੇ ਨਿਕੇ ਅਖ਼ਬਾਰਾਂ ਵਿਚ ਦੋ ਦੋ ਤਿੰਨ ਤਿੰਨ ਘੰਟੇ ਕੰਮ ਕਰਦਾ ਸਾਂ। ਸ਼ਾਮ ਨੂੰ ਸੁਰਗਵਾਸੀ ਲਾਲਾ ਬਾਂਕੇ ਦਿਆਲ ਐਡੀਟਰ "ਝੰਗ ਸਿਆਲ" ਦੇ ਮਕਾਨ ਤੇ ਕੁਝ ਅਖ਼ਬਾਰਾਂ ਦੇ ਸੰਪਾਦਕ ਇਕੱਠੇ ਹੋਇਆ ਕਰਦੇ। ਇਨ੍ਹਾਂ ਵਿਚ ਹਰ ਰੋਜ਼ ਭਾਗ ਲੈਣ ਵਾਲਿਆਂ ਵਿਚ ਸੁਰਗਵਾਸੀ ਲਾਲਾ ਰਾਮ ਰਛਪਾਲ ਸਿੰਘ ਸ਼ੈਦਾ, ਪੰਡਤ ਰਤਨ ਚੰਦ ਮੋਹਨ — ਜੋ ਮਗਰੋਂ ਪੰਜਾਬ ਸਰਕਾਰ ਦੇ ਸੂਚਨਾ ਵਿਭਾਗ ਵਿਚ ਕੰਮ ਕਰਦੇ ਸਨ—ਅਤੇ ਐਡੀਟਰ "ਰਿਆਸਤ" ਹੁੰਦੇ ਸਨ। ਦੋ ਤਿੰਨ ਹੋਰ ਸੱਜਨ ਵੀ ਆਉਂਦੇ ਜੋ ਪਤਰਕਾਰੀ ਧੰਦੇ ਨਾਲ ਸੰਬੰਧਤ ਨਹੀਂ ਸਨ ਜਿਨ੍ਹਾਂ ਦੇ ਕੇਵਲ ਲਾਲਾ ਬਾਂਕੇ ਦਿਆਲ ਨਾਲ ਨਿਜੀ ਮਿਤ੍ਰਾਨਾ ਸੰਬੰਧ ਸਨ।

ਉਹਨੀਂ ਦਿਨੀਂ ਸਰਕਾਰ ਦੀ ਪਾਲਿਸੀ ਵਿਚ ਕੁਝ ਤਬਦੀਲੀ ਹੋਈ ਸੀ ਅਤੇ ਸਰਕਾਰ ਨੇ ਅਨੁਭਵ ਕੀਤਾ ਸੀ ਕਿ ਪਤਰਕਾਰਾਂ ਅਤੇ ਜਨਤਕ ਵਰਕਰਾਂ ਨੂੰ ਜੁਰਾਇਮ ਪੇਸ਼ਾ ਸਮਝਣਾ ਗ਼ਲਤੀ ਹੈ। ਇਹਨਾਂ ਲੋਕਾਂ ਨਾਲ ਕੁਝ ਥੋੜਾ ਬਹੁਤ ਮੇਲ ਜੋਲ ਹੋਣਾ ਚਾਹੀਦਾ ਹੈ ਅਤੇ ਜੇਕਰ ਸੰਪਾਦਕਾਂ ਵਿਚੋਂ ਕੁਝ ਕੰਮ ਦੇ ਬੰਦੇ ਮਿਲ ਜਾਣ ਤਾਂ ਉਹਨਾਂ ਨੂੰ ਸਰਕਾਰੀ ਨੌਕਰੀ ਵਿਚ ਲੈ ਲਿਆ ਜਾਏ। ਇਸ ਪਰਕਾਰ ਇਸੇ ਪਾਲਿਸੀ ਹੇਠ ਹੀ ਸੁਰਗਵਾਸੀ ਮਿਸਟਰ ਅਬਦੁਲ ਅਜ਼ੀਜ਼ ਜਿਹੜੇ ਲਾਹੌਰ ਵਿਚ ਇਕ ਸਪਤਾਹਕ ਅੰਗਰੇਜ਼ੀ ਅਖ਼ਬਾਰ ਦੇ ਸੰਪਾਦਕ ਸਨ ਸਰਕਾਰੀ ਮੁਲਾਜ਼ਮਤ ਵਿਚ ਲੈ ਲਏ ਗਏ ਸਨ।

ਇਕ ਦਿਨ ਅਸੀਂ ਸ਼ਾਮ ਵੇਲੇ ਇਕੱਠੇ ਹੋਏ ਅਤੇ ਭਿੰਨ ਭਿੰਨ ਵਿਸ਼ਿਆਂ ਤੇ ਗਪ ਬਾਜ਼ੀ ਹੋ ਰਹੀ ਸੀ ਅਤੇ ਸਰਕਾਰ ਦੀ ਅਖ਼ਬਾਰਾਂ ਅਤੇ ਸੰਪਾਦਕਾਂ ਬਾਰੇ ਪਾਲਿਸੀ ਦਾ ਵਰਣਨ ਆਇਆ ਤਾਂ ਲਾਲਾ ਬਾਂਕੇ ਦਿਆਲ ਨੇ ਐਡੀਟਰ "ਰਿਆਸਤ" ਨੂੰ ਵਿਅੰਗ ਨਾਲ ਆਖਿਆ, "ਤੁਸੀਂ ਦੋ ਦੋ ਤਿੰਨ ਤਿੰਨ ਘੰਟੇ ਕਈ ਅਖ਼ਬਾਰਾਂ ਵਿਚ ਕੰਮ ਕਰਦੇ ਹੋ ਕਿਤੇ ਨਹੀਂ ਸਰਕਾਰੀ ਨੌਕਰੀ ਕਰ ਲੈਂਦੇ।" ਮੈਂ ਇਸ ਵਿਅੰਗ ਦਾ ਝਟ ਉੱਤਰ ਦਿਤਾ "ਬੜਾ ਚੰਗਾ ਵਿਚਾਰ ਹੈ। ਆਓ ਅਸੀਂ ਦੋਵੇਂ ਸਰਕਾਰੀ ਨੌਕਰ ਹੋ ਜਾਈਏ।" ਮੇਰੇ ਇਸ ਉਤਰ ਪਿਛੋਂ ਪੰਡਤ ਰਤਨ ਚੰਦ ਨੇ ਮਖੌਲ ਨਾਲ ਆਖਿਆ, "ਆਓ ਫਿਰ ਤੁਹਾਡੇ ਦੋਹਾਂ ਵਲੋਂ ਅਰਜ਼ੀ ਲਿਖ ਲਈ ਜਾਏ।" ਉਥੇ ਕਲਮ ਦਵਾਤ ਅਤੇ ਕਾਗਜ਼ ਮੌਜੂਦ ਸੀ। ਪਹਿਲਾਂ ਮੇਰੇ ਵਲੋਂ ਦਰਖ਼ਾਸਤ ਲਿਖੀ ਜਾਣ ਲਗੀ। ਪੰਡਤ ਰਤਨ ਚੰਦ ਨੇ



Digitized by Panjab Digital Library | www.panjabdigilib.org

ਕਿਹਾ ਸਭ ਤੋਂ ਪਹਿਲਾਂ ਆਪਣੇ ਖ਼ਾਨਦਾਨੀ ਹਾਲ ਦਸੋ ਕਿਉਂਕਿ ਹਰ ਦਰਖ਼ਾਸਤ ਵਿਚ ਜ਼ਰੂਰੀ ਹੈ ਕਿ ਖ਼ਾਨਦਾਨ ਦੇ ਹਾਲ ਹੋਣ । ਮੈਂ ਹਾਲ ਦਸਣੇ ਸ਼ੁਰੂ ਕੀਤੇ । ਮੇਰੇ ਪਿਤਾ ਜੀ ਸਰਕਾਰੀ ਮੁਲਾਜ਼ਮਤ ਵਿਚ ਡਾਕਟਰ ਸਨ । ਮੇਰੇ ਚਾਚਾ ਸਰਦਾਰ ਸੇਵਾ ਸਿੰਘ ਸਰਕਾਰ ਦੇ ਖ਼ਿਤਾਬ ਧਾਰੀ "ਸਰਦਾਰ ਸਾਹਿਬ" ਅਤੇ ਰਿਆਸਤ ਨਾਭਾ ਵਿਚ ਚੀਫ਼ ਮੈਡੀਕਲ ਅਫ਼ਸਰ ਹਨ । ਮੇਰੇ ਚਚੇਰੇ ਭਰਾ ਡਾਕਟਰ ਅਮਰੀਕ ਸਿੰਘ ਸਰਕਾਰ ਦੀ ਮੁਲਾਜ਼ਮਤ ਵਿਚ ਅਸਿਸਟੈਂਟ ਸਰਜਨ ਹਨ । ਮੇਰੇ ਇਕ ਚਚੇਰੇ-ਭਰਾ ਸਰਦਾਰ ਗੁਰਬਚਨ ਸਿੰਘ ਵਕੀਲ ਹਨ ਅਤੇ ਇਕ ਚਾਚਾ ਸ੍ਰ: ਸੋਹਣ ਸਿੰਘ ਆਨਰੇਰੀ ਮੈਜਿਸਟ੍ਰੇਟ ਹਨ । ਜਦ ਮੈਂ ਏਨਾ ਕੁ ਹੀ ਦਸਿਆ ਤਾਂ ਪੰਡਤ ਰਤਨ ਚੰਦ ਨੇ ਕਿਹਾ, "ਮਤਲਬ ਇਹ ਕਿ ਖ਼ਾਨਦਾਨ ਦੇ ਸਾਰੇ ਹੀ ਆਦਮੀ ਚੰਗੀਆਂ ਥਾਂਵਾਂ ਤੇ ਹਨ ਕੇਵਲ ਤੂੰ ਹੀ ਇਕ ਅਜਿਹਾ ਮੂਰਖ ਅਤੇ ਭੈੜਿਆਂ ਭਾਗਾਂ ਵਾਲਾ ਹੈਂ ਜੋ ਅਖਬਾਰਾਂ ਦੇ ਦਫ਼ਤਰਾਂ ਵਿਚ ਫ਼ਾਕੇ ਕਟਦਾ ਹੋਇਆ ਧੱਕੇ ਖਾ ਰਿਹਾ ਹੈਂ ।" ਪੰਡਤ ਰਤਨ ਚੰਦ ਦੇ ਇਹਨਾਂ ਸ਼ਬਦਾਂ ਤੇ ਸਾਰੇ ਆਦਮੀ ਹਸ ਪਏ ਅਤੇ ਉਹਨਾਂ ਦੇ ਹਾਸੇ ਨਾਲ ਹੀ ਮੈਂ ਵੀ ਭੈੜਾ ਜਿਹਾ ਪੈ ਕੇ ਹਸ ਪਿਆ ਕਿਉਂਕਿ ਭਾਵੇਂ ਦਿਲ ਵਿਚ ਤਾਂ ਮੈਂ ਆਪਣੀ ਬੇਬਸੀ ਅਤੇ ਨਿਤਾਣਤਾ ਤੇ ਹਾਸੋ ਹੀਣਾ ਤੇ ਸ਼ਰਮਿੰਦਾ ਸਾਂ, ਪਰ ਉਹਨਾਂ ਦੇ ਨਾਲ ਮਿਲ ਕੇ ਹਸਣ ਤੋਂ ਬਿਨਾਂ ਹੋਰ ਦੂਜੀ ਯੋਗ ਗਲ ਵੀ ਕਿਹੜੀ ਸੀ ।

ਸਾਧਾਰਨ ਤੌਰ ਤੇ ਲੋਕੀਂ ਨਿਕੀਆਂ ਨਿਕੀਆਂ ਗੱਲਾਂ ਤੋਂ ਪ੍ਰਭਾਵ ਗ੍ਰਹਿਣ ਨਹੀਂ ਕਰਦੇ, ਪਰ ਮੈਂ ਕਈ ਬਹੁਤ ਨਿਕੀਆਂ ਨਿਕੀਆਂ ਗੱਲਾਂ ਤੋਂ ਵੀ ਪ੍ਰਭਾਵਿਤ ਹੋ ਜਾਂਦਾ ਹਾਂ ਅਤੇ ਜੀਵਨ ਭਰ ਇਹ ਘਟਨਾ ਮੇਰੇ ਸੁਧਾਰ ਦਾ ਕਾਰਨ ਬਣੀ ਰਹਿੰਦੀ ਹੈ । ਇਸ ਤਰ੍ਹਾਂ ਇਸ ਘਟਨਾ ਪਿਛੋਂ ਅਜ ਤਕ ਮੈਂ ਆਪਣੇ ਖ਼ਾਨਦਾਨ ਦੇ ਕਿਸੇ ਵਡੇ ਆਦਮੀ ਤੇ ਕਦੇ ਵੀ ਘੁਮੰਡ ਨਹੀਂ ਕੀਤਾ ਅਤੇ ਮੈਂ ਅਨੁਭਵ ਕਰਦਾ ਹਾਂ ਕਿ ਮਨੁਖ ਉਹੀ ਵੱਡਾ ਹੈ ਜੋ ਆਪ ਆਪਣੇ ਬਾਹੂ ਬਲ ਨਾਲ ਵੱਡਾ ਹੋਇਆ ਹੋਵੇ ।

ਦਰਖਾਸਤਾਂ ਦੇ ਖ਼ਾਨਦਾਨੀ ਵਡੱਪਣ ਦੇ ਸਿਲਸਲੇ ਵਿਚ ਇਕ ਸਜਨ ਨੇ ਜੋ ਇਕ ਅਮਰੀਕਨ ਦਫ਼ਤਰ ਨਵੀਂ ਦਿੱਲੀ ਵਿਚ ਚੰਗੇ ਰੁਤਬੇ ਤੇ ਹਨ ਮੈਨੂੰ ਦਸਿਆ ਕਿ ਉਹਨਾਂ ਦੇ ਦਫ਼ਤਰ ਵਿਚ ਜਦ ਵੀ ਕਲਰਕੀ ਦੀ ਨੌਕਰੀ ਲਈ ਲੋਕੀਂ ਅਰਜ਼ੀਆਂ ਦਿੰਦੇ ਹਨ ਤਾਂ ਉਹਨਾਂ ਵਿਚ ਇਹੀ ਲਿਖਿਆ ਹੁੰਦਾ ਹੈ ਕਿ ਦਰਖਾਸਤ ਕਰਨ ਵਾਲੇ ਦਾ ਪਿਤਾ ਅਮਕੇ ਰੁਤਬੇ ਤੇ ਹੈ, ਚਾਚਾ ਅਮਕੀ ਪਦਵੀ ਤੇ, ਭਰਾ ਨੇ ਫ਼ੌਜ ਵਿਚ ਇਹ ਸੇਵਾਵਾਂ ਨਿਭਾਈਆਂ ਹਨ ਅਤੇ ਭਣਵਈਆ ਪੈਨਸ਼ਨ ਲੈ ਰਿਹਾ ਹੈ । ਇਹਨਾਂ ਅਜਿਹੀਆਂ ਅਰਜ਼ੀਆਂ ਨੂੰ ਵੇਖ ਕੇ ਅਮਰੀਕਨ ਬਹੁਤ ਘ੍ਰਿਣਾ ਕਰਦੇ ਹਨ ਅਤੇ ਅਸ਼ਚਰਜ ਹੁੰਦੇ ਹਨ ਕਿ ਇਹਨਾਂ ਵਰਣਨਾਂ ਦਾ ਨੌਕਰੀ ਨਾਲ



Digitized by Panjab Digital Library | www.panjabdigilib.org

ਕੀ ਸੰਬੰਧ। ਦਰਖ਼ਾਸਤ ਵਿਚ ਤਾਂ ਕੇਵਲ ਇਹ ਲਿਖਿਆ ਜਾਣਾ ਚਾਹੀਦਾ ਹੈ ਕਿ ਦਰਖ਼ਾਸਤ ਦੇਣ ਵਾਲੇ ਦੀ ਵਿਦਵਤਾ ਕੀ ਹੈ ਅਤੇ ਉਹ ਕੀ ਕੰਮ ਕਰ ਸਕਦਾ ਹੈ, ਪਰ ਦਰਖ਼ਾਸਤਾਂ ਵਿਚ ਖ਼ਾਨਦਾਨੀ ਵਡੱਪਣ ਨੂੰ ਇਸ ਤਰ੍ਹਾਂ ਲਿਖਿਆ ਜਾਂਦਾ ਹੈ ਜਿਵੇਂ ਕਿ ਅਮਰੀਕਨ ਵਿਆਹ ਲਈ ਕੁੜੀਆਂ ਵੰਡ ਰਹੇ ਹਨ ਅਤੇ ਜਿਹੜਾ ਮਨੁਖ ਖ਼ਾਨਦਾਨੀ ਵਡਿਆਈ ਦੇ ਲਿਹਾਜ਼ ਨਾਲ ਉਚਾ ਹੋਵੇਗਾ ਉਸੇ ਨੂੰ ਸੋਹਣੀ ਕੁੜੀ ਦਿਤੀ ਜਾਵੇਗੀ।

ਇਸ ਘਟਨਾ ਨੂੰ ਲਿਖਣ ਦਾ ਭਾਵ ਇਹ ਹੈ ਕਿ ਜਿਹੜੇ ਆਦਮੀ ਆਪਣੀ ਨਿਜੀ ਵਿਦਵਤਾ ਅਤੇ ਸਫਲਤਾ ਪ੍ਰਾਪਤ ਕਰਨ ਦੀ ਥਾਂ ਆਪਣੇ ਖ਼ਾਨਦਾਨ ਤੇ ਘੁਮੰਡ ਕਰਕੇ ਦਲਿਦਰਤਾ, ਸੁਸਤੀ ਅਤੇ ਬੇ-ਹਿੰਮਤੀ ਦਾ ਪ੍ਰਮਾਣ ਦਿੰਦੇ ਹਨ, ਉਹ ਆਪਣੇ ਦਿਮਾਗ਼ ਨੂੰ ਧੋਖਾ ਦੇਣ ਦਾ ਕਾਰਨ ਹਨ । ਉਹ ਵੇਲਾ ਲਦ ਗਿਆ ਅਤੇ ਉਹ ਵੇਲਾ ਹੁਣ ਕਦੀ ਵੀ ਵਾਪਸ ਨਹੀਂ ਆਏਗਾ ਜਦ ਕਿ ਖ਼ਾਨਦਾਨ ਨੂੰ ਵੇਖ ਕੇ ਸਰਕਾਰਾਂ ਪਿਨਸ਼ਨ ਨੀਯਤ ਕਰ ਦਿੰਦੀਆਂ ਸਨ । ਜਾਂ ਲੋਕੀਂ ਲੜਕੀਆਂ ਦਿੰਦੇ ਹੁੰਦੇ ਸਨ। ਹੁਣ ਤਾਂ ਉਹੀ ਵਡਾ ਆਦਮੀ ਹੈ ਜਿਹੜਾ ਆਪਣੀਆਂ ਬਾਹਾਂ ਦੇ ਜ਼ੋਰ ਉਚਾ ਹੋਵੇ।



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-3474

Digitized by Panjab Digital Library | www.panjabdigilib.org

ਨਵਯੁੱਗ
ਪਬਲਿਸ਼ਰਜ਼
ਦਿੱਲੀ

Digitized by Panjab Digital Library | www.panjabdigilib.org